੧ ੴ ਸਤਿਗੁਰ ਪ੍ਰਸਾਦਿ ॥

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚੋਂ

# ਭਗਤਾਂ ਦੀ ਬਾਣੀ

[illegible]

ਸਭ ਤੋਂ ਵਡੀ ਐਡੀਸ਼ਨ, ਭਗਤਾਂ ਦੇ ਜੀਵਨ, ਭੱਟਾਂ ਦੇ ਸਵੈਯੇ

ਟੀਕਾ ਕਾਰ

[illegible]


ਪ੍ਰਕਾਸ਼ਕ

ਭਾਈ ਪ੍ਰਤਾਪ ਸਿੰਘ ਸੁੰਦਰ ਸਿੰਘ

[illegible]

ਗੁਰਮਤ ਨੈਸ਼ਨਲ ਏਜੰਸੀ, ਬਜ਼ਾਰ ਮਾਈ ਸੇਵਾਂ ਅੰਮ੍ਰਿਤਸਰ

# ਜੇਬੀ ਨਿਤਨੇਮ ਸਟੀਕ

ਮੁਕਤੀ ਤਦ ਹੀ ਮਿਲ ਸਕਦੀ ਹੈ ਜੇਕਰ ਅਸੀ ਸਤਿਗੁਰੂ ਦੇ ਦੱਸੇ ਪੂਰਨਿਆਂ ਤੇ ਚਲੀਏ, ਸੋ ਇਹ ਪੂਰਨੇ ਸਤਿਗੁਰੂ ਜੀ ਨੇ ਬਾਣੀ ਦੁਵਾਰਾ ਹੀ ਦੱਸੇ ਹਨ ਪਰ ਇਨ੍ਹਾਂ ਦਾ ਸਮਝਨਾ ਕੁਝ ਮੁਸ਼ਕਲ ਹੈ ਇਸ ਲਈ ਅਸਾਂ ਸਤਿਗੁਰੂ ਜੀ ਦੀ ਅਕਾਲੀ ਬਾਣੀ ਜਪੁਜੀ ਸਾਹਿਬ, ਹਜ਼ਾਰੇ ਦੇ ਸ਼ਬਦ, ਜਾਪੁ ਸਾਹਿਬ, ਸ਼ਬਦ ਪਾ: ੧੦, ਸਵੈਈਏ, ਆਨੰਦ ਸਾਹਿਬ, ਸੰਪੂਰਨ ਰਹਿਰਾਸ, ਕੀਰਤਨ ਸੋਹਿਲਾ ਬਾਰਹ ਮਾਂਹ ਮਾਝ ਆਦਿ ਬਾਣੀਆਂ ਦਾ ਜੇਬੀ **ਨਿੱਤਨੇਮ ਸਟੀਕ** ਤਿਆਰ ਕਰਵਾਕੇ ਸਭਨਾਂ ਦੇ ਲਾਭ ਲਈ ਛਾਪ ਦਿਤਾ ਹੈ ਕਾਗਜ਼ ਛਪਾਈ ਬਹੁਤ ਸੁੰਦਰ ਹੈ, ਟੀਕਾ ਤੁਕ ੨ ਦਾ ਨਾਲ ੨ ਹੈ ਜਿਲਦ ਸਮੇਤ ਭੇਟਾ ॥=) ਦਸ ਆਨੇ ਹੈ ਜਲਦੀ ਮੰਗਾਓ ਤਾਂਕੇ ਅਗਲੀ ਐਡੀਸ਼ਨ ਦੀ ਉਡੀਕ ਨਾ ਕਰਨੀ ਪਵੇ ਏਹ ਅਗੇ ਕਈ ਐਡੀਸ਼ਨਾਂ ਵਿਚ ਛਪਕੇ ਹਥੋ ਹਥੀ ਵਿਕ ਚੁਕਾ ਹੈ ।

**ਦਸਮ ਪਾਤਸ਼ਾਹ ਜੀ ਦਾ ਮੁਰਾਸਲਾ,**

ਅਰਥਾਤ

# ਜ਼ਫਰ ਨਾਮਾ ਸਟੀਕ

ਸਾਹਿਬ ਦਸਮ ਪਾਤਸ਼ਾਹ ਨੇ ਜੋ ਚਿੱਠੀ ਫਾਰਸੀ ਜ਼ਬਾਨ ਵਿਚ ਔਰੰਗੇ ਨੂੰ ਹੁਕਮ ਸਤਿ ਦੀ ਲਿਖੀ ਸੀ, ਉਸਦੇ ਪੰਜਾਬੀ ਤਰਜਮੇ ਤਾਂ ਕਈ ਹੋ ਚੁੱਕੇ ਹਨ ਪਰ ਪਦ ਅਰਥ ਤੇ ਭਾਵ ਅਰਥ ਸਣੇ ਅੱਜ ਤੱਕ ਕੋਈ ਨਹੀਂ ਹੋਇਆ ਸੀ, ਅਸਾਂ ਬਹੁਤ ਮੇਹਨਤ ਕਰਕੇ ਫਾਰਸੀ ਜ਼ਬਾਨ ਦੇ ਪ੍ਰਸਿੱਧ ਵਿਦਵਾਨ ਮੁਨਸ਼ੀ ਮੰਗਲ ਸਿੰਘ ਜੀ ਦਾ ਪੁਰਾਤਨ ਟੀਕਾ ਢੂੰਡਕੇ ਉਨਾਂ ਤੋਂ ਸਦੀਵ ਦੀ ਆਗਿਆ ਲੇਕੇ ਛਪਵਾ ਦਿਤਾ ਹੈ । ਭੇਟਾ ੧)

ਮਿਲਨ ਦਾ ਪਤਾ:-

**ਭਾਈ ਪ੍ਰਤਾਪ ਸਿੰਘ ਸੁੰਦਰ ਸਿੰਘ ਪੁਸਤਕਾਂ ਵਾਲੇ**

ਮਾਲਕ ਗੁਰਮਤ ਨੈਸ਼ਨਲ ਏਜੰਸੀ, ਬਾਜ਼ਾਰ ਮਾਈ ਸੇਵਾਂ ਅਮ੍ਰਿਤਸਰ

੧ ਓ ਸਤਿਗੁਰਪ੍ਰਸਾਦਿ ॥

# ਸਮਰਪਨ

## ਕਬਿੱਤ

ਪਰਮ ਪ੍ਰਬੀਨ ਪਰਾਚੀਨ ਸੰਪ੍ਰਦਾਈ ਗਯਾਨੀ,
ਮੂਰਤੀ ਉਦਾਰਤਾ ਦੀ ਜੱਗ ਵਿਚ ਜਾਣੀ ਹੈ।
ਨੀਚ ਤੋਂ ਬਣਾਏ ਊਚ ਜਨਮ ਸੁਧਾਰ ਦੇਂਦੇ।
ਤਾਰ ਦੇਂਦੇ ਸਾਗਰ ਤੋਂ ਰੀਤ ਏ ਪਛਾਣੀ ਹੈ।
ਧੰਨਵਾਦ ਬਾਰਬਾਰ ਸੰਪ੍ਰਦਾ ਗਿਆਨੀਆਂ ਦਾ,
ਪਰਉਪਕਾਰੀਆਂ ਦੀ ਸੁੰਦਰ ਕਹਾਣੀ ਹੈ।
ਗੁਰੂ ਪੰਥ ਖਾਲਸਾ ਦੇ ਲਾਭ ਤੇ ਬਿਸ਼ਨ ਸਿੰਘ,
ਕੀਤਾ ਹੈ ਤਿਆਰ ਏਹੋ ਟੀਕਾ ਭਗਤ ਬਾਣੀ ਹੈ।

ਮਈ
੧੯੩੦
ਛੇਵੀਂ ਵਾਰ

ਦਾਸ-ਟੀਕਾਕਾਰ
ਬਿਸ਼ਨ ਸਿੰਘ ਗਯਾਨੀ
ਖਾਲਸਾ ਕਾਲਜ

# ਸੂਚਨਾ

ਪਿਆਰੇ ਪਾਠਕੋ !

ਆਪ ਦੀ ਸੇਵਾ ਵਿਖੇ ਬੇਨਤੀ ਹੈ ਕਿ ਬਾਣੀ ਭਗਤਾਂ ਸਟੀਕ ਦੇ ਆਦਿ ਵਿਚ ੳ, ਅ, ਦੇ ਕ੍ਰਮ ਅਨੁਸਾਰ ਤਤਕਰਾ ਬਣਾਇਆ ਹੈ ॥

ਸੋ ਜੇਹੜਾ ਕੋਈ ਸ਼ਬਦ ਆਪ ਨੇ ਇਸ ਪੋਥੀ ਵਿਚੋਂ ਲੱਭਣਾ ਹੋਵੇ ਪਹਿਲੇ ਓਸ ਸ਼ਬਦ ਦਾ ਪਹਿਲਾ ਅੱਖਰ ਤਤਕਰੇ ਵਿਚੋਂ ਲੱਭਕੇ ਓਸ ਦਾ ਅਗਲਾ ਅੰਕ ਪੜ੍ਹਕੇ ਛੇਤੀ ਨਾਲ ਓਹ ਸ਼ਬਦ ਕੱਢ ਲਵੇ, ਇਹ ਸਭ ਤੋਂ ਪਹਿਲਾ ਪੰਜਾਬੀ ਟੀਕਾ ਹੈ ਤੇ ਬੜੀ ਮੇਹਨਤ ਤੇ ਖੋਜ ਨਾਲ ਤਿਆਰ ਹੋਇਆ ੨ ਹੈ, ਹੁਣ ਕਈ ਧਨ ਦੇ ਲੋਭੀ ਇਸ ਦੀ ਨਕਲ ਕਰਕੇ ਛਾਪਦੇ ਹਨ, ਉਨ੍ਹਾਂ ਦੀ ਇਸ ਗੱਲ ਉਤੇ ਅਫਸੋਸ ਹੈ ਤੇ ਪ੍ਰਤਿਸ਼ਟਤ ਸੱਜਣਾਂ ਨੂੰ ਦਸਿਆ ਜਾਂਦਾ ਹੈ ਕਿ ਜਦੋਂ ਭਗਤ ਬਾਣੀ ਦਾ ਟੀਕਾ ਲੈਣ ਲਗੋ ਤਾਂ ਗਿਆਨੀ ਬਿਸ਼ਨ ਸਿੰਘ ਦਾ ਟੀਕਾ ਵੇਖ ਲਵੋ ।

ਦਾਸ—ਟੀਕਾਕਾਰ

ਬਿਸ਼ਨ ਸਿੰਘ ਗਿਆਨੀ

ਖਾਲਸਾ ਕਾਲਜ

# ਤਤਕਰਾ ਭਗਤ ਬਾਣੀ ਸਟੀਕ


| ਸਬਦ | ਪੰਨਾ | ਭਾਵ |
|---|---|---|
| **ੳ** | | |
| ਉਪਜੈ ਨਿਪਜੈ | ੨੩ | ਜੰਮਣਾ ਮਰਨਾ |
| ਉਲਟਤ ਪਵਨ | ੫੮ | ਮਨ ਨੂੰ ਰੋਕਣਾ, ਜਨਮ ਮਰਨ ਤੋਂ ਰਹਿਤ ਹੋਣਾ |
| ਉਦਕ ਸਮੁੰਦ | ੩੫੮ | ਵਾਹਿਗੁਰੂ ਨਾਲ ਮਿਲ ਜਾਵਾਂਗੇ |
| ਉਸਤਤਿ ਨਿੰਦਾ | ੩੭੪ | ਉਪਦੇਸ਼, ਭਗਤ ਬਣੋ, ਭਗਤ ਵਾਹਿਗੁਰੂ ਰੂਪ ਹਨ |
| ਉਲਟਿ ਜਾਤਿ | ੪੮੯ | ਪੰਡਤਾਂ ਮੁੱਲਾਂ ਵਾਲੇ ਕੰਮ ਛਡ ਦਿਤੇ |
| ਊਚੇ ਮੰਦਰ | ੨੭੪ | ਮਰਨ ਦੇ ਵੇਲੇ ਜੀਵ ਦਾ ਕੋਈ ਬੇਲੀ ਨਹੀਂ |
| ਉਇ ਜੁ ਦੀਸਹਿ | ੪੧ | ਨਾਸਤਕ ਨੂੰ ਉਪਦੇਸ਼ |
| **ਅ** | | |
| ਅਚਰਜ ਏਕ | ੮ | ਮਾਇਆ, ਚੰਗੀ ਸ਼ਰਾਬ |
| ਅਬ ਮੋਹਿ ਜਲਤ | ੧੪ | ਪਾਣੀ, ਵਾਹਿਗੁਰੂ, ਮਾਇਆ, ਅੱਗ |
| ਅਵਰ ਮੂਏ | ੨੪ | ਮਰਨੇ ਤੇ ਸੋਗ ਨਹੀਂ ਕਰਨਾ ਚਾਹੀਦਾ |
| ਅਸਥਾਵਰ | ੨੫ | ਕਈ ਜੂਨਾਂ ਭੋਗੀਆਂ (ਬੇਮੁਖਾਂ ਨੇ) |
| ਅਹਿਨਿਸਿ | ੪੭ | ਨਾਮ ਵਰਗਾ ਕੋਈ ਨਹੀਂ |
| ਅਬ ਮੋਕਉ | ੫੦ | ਵਾਹਿਗੁਰੂ ਸਹਾਈ ਹੋਯਾ |
| ਅਗਨਿ ਨ ਦਹੈ | ੭੭ | ਨਿਰੰਕਾਰ ਰੂਪ ਧਨ ਦੀ ਵਡਿਆਈ |
| ਅਣਮੜਿਆ | ੨੨੩ | ਨਿਰੰਕਾਰ ਦੇ ਮਿਲਨ ਨਾਲ ਹਾਲਤ ਬਦਲੀ |
| ਅਵਤਰਿ ਆਇ | ੨੬੫ | ਧੰਧੇ ਛੱਡਕੇ ਮਰਨ ਤੋਂ ਪਹਿਲਾਂ ਨਾਮ ਜਪੋ |
| ਅਮਲ ਸਿਰਾਨੋ | ੨੬੭ | ਜੀਵ ਆਤਮਾਂ ਤੇ ਧਰਮ ਰਾਜਾ ਦੇ ਦੂਤ |
| ਅਸਮੇਧ ਜਗਨੇ | ੩੧੦ | ਵਾਹਿਗੁਰੂ ਦੇ ਨਾਮ ਸਮਾਨ ਕੋਈ ਨਹੀਂ ਪੁਜਦਾ |
| ਅਨਭਉ ਕਿਨੈ | ੩੬੨ | ਤੂੰ ਵਾਹਿਗੁਰੂ ਨੂੰ ਨਹੀਂ ਦੇਖਿਆ |
| ਅਗਮ ਦ੍ਰੁਗਮ | ੪੦੬ | ਸਰੀਰ ਕਿਲੇ ਵਿਚ ਵਾਹਿਗੁਰੂ ਦਾ ਨਿਵਾਸ |
| ਅਲਹੁ ਏਕੋ | ੪੬੭ | ਕਾਜੀਆਂ ਨੂੰ ਪੁਛਿਆ ਹੈ |
| ਅਵਲਿ ਅਲਹ | ੪੬੮ | ਜਗਤ ਵਾਹਿਗੁਰੂ ਦਾ ਰੂਪ ਹੈ |
| ਅਕੁਲ ਪੁਰਖ | ੪੭੪ | ਵਾਹਿਗੁਰੂ ਅੰਦਰ ਹੀ ਹੈ |
| ਆਪੇ ਪਾਵਕ | ੪੪ | ਨਾਮ ਜਪਨ ਵਾਲੇ ਨੂੰ ਅੱਗ ਨਹੀਂ ਸਾੜਦੀ |
| ਆਸ ਪਾਸ | ੮੬ | ਬੁਧੀ ਵਾਹਿਗੁਰੂ ਤੇ ਮੋਹਤ ਹੋ ਗਈ |
| ਆਨੀ ਲੇ ਕੁੰਭ | ੧੭੭ | ਕੇਹੜੀ ਚੀਜ਼ ਨਾਲ ਵਾਹਿਗੁਰੂ ਨੂੰ ਪੂਜਾਂ |
| ਆਕਾਸਿ ਗਗਨਿ | ੨੯੫ | ਪੰਜਾਂ ਤਤਾਂ ਦੀ ਕਾਇਆਂ ਵਿਚੋਂ ਨਿਕਲਕੇ ਜੀਵ ਕਿਥੇ ਜਾਂਦਾ ਹੈ ? |


ਪਾਠਕ ਜੀ ! ਇਸ ਪੁਸਤਕ ਦੇ ੪੦ ਸਫੇ ਤਕ ਅੰਕ ਦੀ ਗਲਤੀ ਹੈ। ਦੋ ਦੋ ਅੰਕ ਵਾਧੂ ਲਗੇ ਹਨ ਤੁਸੀ ੪੦ ਸਫੇ ਨੂੰ ੩੮ ਸਮਝੋ।

| ਸਬਦ | ਪੰਨਾ | ਭਾਵ |
|---|---|---|
| ਆਜੁ ਨਾਮੇ | ੩੧੭ | ਗਾਇਤ੍ਰੀ ਤੇ ਪਾਂਡਿਆਂ ਦੇ ਅਵਤਾਰਾਂ ਦੀ ਹਾਲਤ |
| ਆਨੀਲੇਕਾਗਦ | ੩੪੦ | ਹਥ ਕਾਰ ਵੱਲ ਮਨ ਸਿਰਜਨਹਾਰ ਵੱਲ |
| ਆਉ ਕਲੰਦਰ | ੪੩੨ | ਵਾਹਿਗੁਰੂ ਦੇ ਦਰਸ਼ਨ ਕੀਤੇ |
| ਆਦਿ ਜੁਗਾਦਿ | ੪੭੩ | ਸਭ ਵਿਚ ਵਾਹਿਗੁਰੂ ਹੈ |
| ਐਸੋ ਅਚਰਜ | ੨੬ | ਮਾਇਆ ਨੇ ਜੀਵ ਨੂੰ ਵੱਸ ਕੀਤਾ ਹੋਯਾ ਹੈ |
| ਐਸਾ ਨਾਮ ਰਤ | ੨੩੩ | ਨਾਮ ਰਤਨ ਛਪਾਯਾ ਛਪਦਾ ਨਹੀਂ |
| ਐਸੋਇਹੁ ਸੰਸਾਰ | ੨੭੮ | ਸਭ ਨੇ ਮਰਨਾ ਹੈ |
| ਐਸੀ ਲਾਲ | ੩੭੧ | ਨਾਮ ਜਪਕੇ ਨੀਚ ਤੋਂ ਊਚ ਬਣ ਸਕਦਾ ਹੈ ਵੇਖੋ ਖਾਲਸਾ ਪਤਤ ਪਾਵਨ |
| ਐਸੋ ਰਾਮ ਰਾਇ | ੪੬੫ | ਵਾਹਿਗੁਰੂ ਨੇੜੇ ਹੈ |
| ਅੰਧਕਾਰ ਸੁਖ | ੨੧ | ਨਾਮ ਜਪੋ |
| ਅੰਤਰਿ ਮੈਲਿ | ੧੭੪ | ਮਨ ਦੀ ਮੈਲ ਨੂੰ ਧੋਵੋ |
| ਅੰਤਰੁ ਮਲਿ | ੨੦੦ | ਕਰਮ ਕਾਂਡੀ ਨੂੰ ਉਪਦੇਸ਼ |
| ਅੰਤਿ ਕਾਲਿ | ੨੦੧ | ਜੀਵ ਮਰਨ ਦੇ ਵੇਲੇ ਜੈਸੀ ਇੱਛਾ ਕਰਦਾ ਹੈ ਵੈਸੀ ਜੂਨ ਵਿਚ ਪੈਂਦਾ ਹੈ |
| | | **ੲ** |
| ਇਕਤੁ ਪਤਰਿ | ੧੩੪ | ਸਾਰਾ ਸੰਸਾਰ ਭਗਤਾਂ ਤੋਂ ਬਿਨਾਂ ਮਾਇਆ ਦੇ ਵੱਸ ਹੈ |
| ਇਨ ਮਾਇਆ | ੨੮੬ | ਬੇਨਤੀ, ਮਾਇਆ ਨੂੰ ਨਿੰਦਿਆ |
| ਇੜਾ ਪਿੰਗੁਲਾ | ੩੪੬ | ਯੋਗ ਮਾਰਗ ਦੇਖੋ ਏਸੇ ਪੁਸਤਕ ਦੇ ਹੋਰ ਇਹ ਸਫੇ ੩੩੦, ੩੩੬, ੩੪੧, ੩੬੯, ੩੭੭, ੩੯੩, |
| ਇਹ ਧਨ ਮੇਰੇ | ੩੮੩ | ਨਾਮ ਹੀ ਧਨ ਹੈ |
| ਇਸ ਤਨ ਮਨ | ੪੩੯ | ਕਾਮ ਆਦਿਕ ਚੋਰਾਂ ਨੇ ਗਿਆਨ ਰਤਨ ਖੋਹ ਲਿਆ |
| ਏਕ ਜੋਤ | ੭੩ | ਨਾਮ ਜਪੋ |
| ਏਕ ਅਨੇਕ | ੧੭੫ | ਸਾਰਾ ਜੱਗ ਵਾਹਿਗੁਰੂ ਦਾ ਰੂਪ ਹੈ |
| ਏਕੁ ਕੋਟ | ੨੭੦ | ਜੀਵ ਜਿਮੀਦਾਰ ਧਰਮ ਰਾਜਾ ਮਸੂਲੀਆ |
| ਇੰਦ੍ਰ ਲੋਕ | ੨੩੭ | ਕੀ ਮੰਗਾਂ, ਦੁਨੀਆਂ ਦੇ ਪਦਾਰਥ ਨਾਮ ਤੋਂ ਹੋਛੇ ਹਨ |
| | | **ਸ** |
| ਸਤਿਜੁਗਿ | ੧੨੬ | ਕਲਜੁਗ ਵਿਚ ਨਾਮ ਜਪੋ, ਕਰਮ ਕਾਂਡ ਛੱਡੋ |
| ਸਨਕਸਨੰਦ | ੧੪੩ | ਨਾਮ ਵਿਚਾਰੋ ਇਹ ਦੁਧ ਰਿੜਕੋ |
| ਸਰਪਨੀ | ੧੫੪ | ਮਾਇਆ ਸਰਪਨੀ ਦਾ ਹਾਲ |
| ਸਨਕਸਨੰਦ | ੨੩੪ | ਵਾਹਿਗੁਰੂ ਦਾ ਭੇਦ ਕਿਸੇ ਦੇਵਤੇ ਵੀ ਨਹੀਂ ਜਾਣਿਆ |

| ਸ਼ਬਦ | ਪੰਨਾ | ਭਾਵ |
|---|---|---|
| ਸਹ ਕੀ ਸਾਰ | ੨੭੨ | ਸੁਹਾਗਣਿ ਦੁਹਾਗਣਿ ਇਸਤ੍ਰੀ |
| ਸਰੀਰ ਸਰੋਵਰ | ੧੮੬ | ਵਾਹਿਗੁਰੂ ਰੂਪ ਕਵਲ ਸਰੀਰ ਵਿਚ ਹੈ |
| ਸਫਲੁ ਜਨਮੁ | ੨੮੯ | ਗੁਰਾਂ ਦੀ ਕਿਰਪਾ ਦਾ ਵਰਨਣ |
| ਸਭੈ ਘਟ | ੩੫੩ | ਨਿਰਗੁਨ ਵਾਹਿਗੁਰੂ ਦੇਖੋ ਸਫਾ ੩੫੦, ੩੫੨ |
| ਸਤਰਿ ਸੈਇ | ੪੦੨ | ਵਾਹਿਗੁਰੂ ਦੇ ਘਰ, ਨੌਕਰਾਂ ਦਾ ਬਿਆਨ |
| ਸਭ ਕੋਈ | ੪੦੩ | ਵੈਕੁੰਠ ਸਾਧ ਸੰਗਤ ਹੈ, ਹੋਰ ਕੋਈ ਨਹੀਂ |
| ਸਹਜ ਅਵਲਿ | ੪੪੫ | ਦੇਹ ਰੂਪ ਗੱਡੀ |
| ਸਲੋਕ ਕਬੀਰ | ੪੭੭ | |
| ਸਾਸੁ ਕੀ ਦੁਖੀ | ੧੬੨ | ਜਾਨ ਰੂਪੀ ਇਸਤ੍ਰੀ |
| ਸਾਪੁ ਕੁੰਚ | ੧੭੯ | ਬਗਲੇ ਭਗਤ ਨੂੰ ਉਪਦੇਸ਼ |
| ਸਾਹਿਬੁ ਸੰਕਟ | ੪੪੪ | ਵਾਹਿਗੁਰੂ ਦੇ ਸੱਚੇ ਭਗਤ ਬਣੋ |
| ਸਿਵ ਕੀ ਪੁਰੀ | ੩੯੩ | ਯੋਗ ਮਾਰਗ, ਦੇਖੋ ਯੋਗ ਦੇ ਸਾਰੇ ਸ਼ਬਦ ਏਸੇ ਪੁਸਤਕ ਦੇ ਸਫੇ ੩੩੦, ੩੩੬, ੩੪੧, ੩੪੬, ੩੭੭ |
| ਸੁਖੁ ਮਾਂਗਤਿ | ੪੬ | ਸੁਖ ਦੁਖ ਅਤੇ ਮਨ ਦੀ ਦਸ਼ਾ |
| ਸੁਰਤਿ ਸਿਮ੍ਰਿਤਿ | ੬੭ | ਜੋਗੀ ਨੂੰ ਉਪਦੇਸ਼ |
| ਸੁਰਗ ਬਾਸੁ | ੮੩ | ਸੁਰਗ ਦੀ ਆਸ ਛਡੋ ਨਰਕ ਤੋਂ ਡਰੋ ਨਾ |
| ਸੁਤ ਅਪਰਾਧ | ੧੪੫ | ਪੁਤਰ ਤੇ ਪਿਤਾ |
| ਸੁਖ ਸਾਗਰ | ੨੨੮ | ਵਾਹਿਗੁਰੂ ਦੇ ਨਾਮ ਸਮਾਨ ਕੋਈ ਨਹੀਂ |
| ਸੁਖ ਸਾਗਰ | ੩੭੩ | ਵਾਹਿਗੁਰੂ ਦੇ ਨਾਮ ਸਮਾਨ ਕੋਈ ਨਹੀਂ |
| ਸੁਲਤਾਨ ਪੂਛੈ | ੪੨੨ | ਨਾਮਦੇਵ ਨੇ ਗਊ ਜੀਵਾਈ |
| ਸੁਰਹ ਕੀ ਜੈਸੀ | ੪੪੮ | ਤ੍ਰਿਸ਼ਨਾ ਕੁੱਤੀ |
| ਸੂਰਾ ਸੋ ਪਹਿਚਾ | ੩੬੫ | ਸੂਰਮੇ ਨੂੰ ਉਪਦੇਸ਼ |
| ਸੋਵੀਲੇ ਗੋਪਾਲ | ੪੫੭ | ਵਾਹਿਗੁਰੂ ਦੇ ਵਡੇ ਘਰ ਦਾ ਪ੍ਰਤਾਪ ਐਸ੍ਵਰਜ |
| ਸੋ ਮੁਲਾਂ | ੩੯੫ | ਮੁਲਾਂ ਕਾਜੀ ਦੇ ਲੱਛਨ |
| ਸੰਧਿਆ ਪ੍ਰਾਤੁ | ੧੮ | ਕਰਮ ਕਾਂਡੀ ਨਾਮ ਤੋਂ ਬਿਨਾਂ ਨਹੀਂ ਛੁਟਦੇ |
| ਸੰਤੁ ਤੁਝੀ | ੧੮੨ | ਚੰਗੇ ਸੰਤਾਂ ਦੀ ਸੰਗਤ ਕਰਾ ਦਿਓ |
| ਸੰਤਹੁ ਮਨ | ੨੧੮ | ਗਿਆਨ, ਜੋਗ, ਗੁਰਾਂ ਦੀ ਕਿਰਪਾ, ਵਿਸ਼ੇ ਦੂਰ ਕੀਤੇ |
| ਸੰਤ ਮਿਲੈ | ੨੯੪ | ਸੰਤਾਂ ਨਾਲ ਬੋਲਣਾ ਚੰਗਾ ਹੈ |
| ਸੰਤਾ ਮਾਨਉ | ੩੨੭ | ਬੇਨਤੀ, ਅਸੀਂ ਤੇਰੇ ਸੇਵਕ ਹਾਂ |
| ਸੰਡਾ ਮਰਕਾ | ੪੨੦ | ਪ੍ਰਹਿਲਾਦ ਭਗਤ |
| ਸੁਨ ਸੰਧਿਆ | ੪੭੧ | ਆਰਤੀ |

| ਸਬਦ | ਪੰਨਾ | ਭਾਵ |
|---|---|---|
| ਹਰਿ ਜਸੁ | ੫੪ | ਮਨਮੁਖਾਂ ਦਾ ਹਾਲ |
| ਹਜ ਹਮਾਰੀ | ੧੩੬ | ਰਿਦੇ ਵਿਚ ਵਾਹਿਗੁਰੂ ਹੈ |
| ਹਮ ਮਸਕੀਨ | ੧੫੨ | ਕ਼ਾਜੀ ਨੂੰ ਸਮਝਾਇਆ ਹੈ |
| ਹਮ ਘਰਿ | ੧੬੩ | ਬ੍ਰਹਮਣ ਨਾਲ ਚਰਚਾ |
| ਹਰਿ ਹਰਿ | ੧੮੪ | ਨਾਮ ਸਿਮਰਕੇ ਕਈ ਤਰ ਗਏ |
| ਹਮ ਸਰਿ | ੨੪੭ | ਨਿੰਮ੍ਰਤਾ |
| ਹਲੇ ਯਾਰਾਂ | ੨੬੪ | ਇਕ ਮੁਗਲ ਤੇ ਨਾਮ ਦੇਵ ਜੀ |
| ਹਰਿ ਹਰਿ | ੩੧੪ | ਵਾਹਿਗੁਰੂ ਦੇ ਨਾਮ ਦੀ ਮਹਿਮਾਂ, ਬਹੁਤ ਤਰ ਗਏ |
| ਹਸਤਿ ਖੇਲਤ | ੪੧੬ | ਨਾਮਦੇਵ ਨੂੰ ਪੰਡਤਾਂ ਨੇ ਦੇਹਰੇ ਤੋਂ ਕਢਿਆ |
| ਹਰਿਕੇ ਸੰਗ | ੪੫੬ | ਭਗਤਾਂ ਦਾ ਵਾਹਿਗੁਰੂ ਤੋਂ ਬਿਨਾਂ ਕਿਸੇ ਨਾਲ ਕੁਝ ਕੰਮ ਨਹੀਂ |
| ਹਰਿਬਿਨੁਕਉਨ | ੪੫੬ | ਸਰੀਰ ਨਾਸ ਵੰਤ ਹੈ ਨਾਮ ਜਪੋ |
| ਹਰਿ ਜਪਤ | ੪੬੩ | ਵਾਹਿਗੁਰੂ ਜਪਕੇ ਵਡੇ ਬਣ ਗਏ |
| ਹਿਰਦੈ ਕਪਟ | ੨੧੯ | ਦਿਲ ਸਾਫ ਕਰੋ |
| ਹੀਰੈ ਹੀਰਾ | ੧੬੯ | ਹੀਰਾ ਵਾਹਿਗੁਰੂ |
| ਹਿੰਦੂ ਤੁਰਕ | ੧੪੧ | ਸੁੰਨਤਿ ਕਰਨ ਵਾਲੇ ਨੂੰ ਸਮਝਾਇਆ ਹੈ। |
| | | **ਕ** |
| ਕਤ ਨਹੀ ਠਉਰ | ੩੪ | ਵੈਦ ਹਕੀਮ ਦੇ ਪ੍ਰਥਾਇ |
| ਕਹਾ ਸੁਆਨ | ੧੫੫ | ਮਨਮੁਖ ਪ੍ਰਥਾਇ |
| ਕਰਵਤੁ ਭਲਾ | ੧੭੨ | ਲੋਈ ਤੇ ਕਬੀਰ ਜੀ |
| ਕਹਾ ਭਇਓ | ੧੮੪ | ਭਗਤ ਜੀ ਦੀਆਂ ਵਾਹਿਗੁਰੂ ਨਾਲ ਗਲਾਂ |
| ਕਵਨ ਕਾਜ | ੩੩੧ | ਮਨਮੁਖਾਂ ਦੀ ਹਾਲਤ ਵਲੋਂ ਬੇਨਤੀ ਕੀਤੀ ਹੈ |
| ਕਬਹੂ ਖੀਰਖਾਂਡ | ੪੧੬ | ਕਬਹੂ ਘਰ ਘਰ ਟੂਕ ਮਗਾਵੈ |
| ਕਤਿ ਜਾਈਐ | ੪੪੩ | ਵਾਹਿਗੁਰੂ ਅੰਦਰ ਹੈ, ਪੱਥਰ ਪੂਜਾ ਖੰਡਨ |
| ਕਹਾ ਨਰ ਗਰਬ | ੪੪੯ | ਸੰਪਤ ਨੂੰ ਪਾਕੇ ਹੰਕਾਰ ਨਾ ਕਰੋ |
| ਕਾਲਬੂਤ ਕੀ | ੭੫ | ਹਾਥੀ ਬਾਂਦਰ ਤੋਤਾ ਭਾਵ ਵਿਸ਼ਈ ਮਰ ਗਏ |
| ਕਾਹੂ ਦੀਨੇ | ੧੫੦ | ਕੋਈ ਗਰੀਬ ਕੋਈ ਅਮੀਰ ਹੈ |
| ਕਾਇਉ ਦੇਵਾ | ੨੫੪ | ਕਾਇਆਂ ਵਿਚ ਵਾਹਿਗੁਰੂ ਹੈ |
| ਕਾਇਆ ਕਲਾ | ੩੨੨ | ਜੋਗੀ ਨੂੰ ਚੰਗੀ ਨਾਮ ਰੂਪ ਮਸਤੀ ਸ਼ਰਾਬ ਦਾ ਉਪਦੇਸ਼ ਕੀਤਾ |

| ਸਬਦ | ਪੰਨਾ | ਭਾਵ |
|---|---|---|
| ਕਾਮ ਕ੍ਰੋਧ | ੩੭੮ | ਨਿੰਮ੍ਰਤਾ ਰੱਖੋ ਸਰੀਰ ਜਵਾਨੀ ਦਾ ਹੰਕਾਰ ਨ ਕਰੋ |
| ਕਾਏ ਰੇ ਮਨ | ੪੫੧ | ਹੇ ਮਨ ਭੁਲ ਨਾਂ |
| ਕਉਨੁ ਕੋ ਪੂਤੁ | ੪੯ | ਕੋਈ ਕਿਸੇ ਦਾ ਪੁਤ੍ਰ ਨਾ ਬਾਪ ਹੈ |
| ਕਉਨੁ ਕੋ ਕਲੰਕ | ੨੫੯ | ਨਾਮ ਜਪਣਾ ਚੰਗਾ ਹੈ |
| ਕੋਰੀ ਕੋ ਕਾਹੂ | ੧੭੩ | ਵਾਹਿਗੁਰੂ ਜੁਲਾਹਾ |
| ਕੋਈ ਬੋਲੈ ਨਿਰ | ੨੫੮ | ਵਾਹਿਗੁਰੂ ਦੂਰ ਨਹੀਂ |
| ਕੋਊ ਹਰਿ ਸਮਾਨ | ੨੮੩ | ਵਾਹਿਗੁਰੂ ਰਾਜੇ ਨੂੰ ਜਪਨ ਵਾਲਾ ਡੋਲਦਾ ਨਹੀਂ |
| ਕੋਟਿ ਸੂਰ ਜਾਂਕੈ | ੪੦੬ | ਸਭ ਵਾਹਿਗੁਰੂ ਦੇ ਚਾਕਰ ਹਨ |
| ਕੂਪ ਭਰਿਓ | ੧੨੫ | ਮਨ ਬੜਾ ਵਿਸ਼ਿਆਂ ਵਿੱਚ ਖੁਭਿਆ ਹੋਯਾ ਹੈ |
| ਕੂਟਨੁ ਸੋਇ | ੩੦੭ | ਕਬੀਰ ਜੀ ਨੂੰ ਲੋਕ ਬੁਰਾ ੨ ਆਖਣ ਲਗੇ ਕਬੀਰ ਜੀ ਓਹਨਾਂ ਹੀ ਲਫਜ਼ਾਂ ਨੂੰ ਚੰਗਿਆਂ ਅਰਥਾਂ ਵਿੱਚ ਵਰਤਿਆ। |
| ਕਿਆ ਜਪੁ | ੧੯ | ਜਪ ਤਪ ਛੱਡੋ ਭੋਲੇ ਭਾਉ ਵਾਹਿਗੁਰੂ ਮਿਲੇਗਾ |
| ਕਿਆ ਪੜੀਐ | ੨੧੫ | ਪੜ੍ਹਨਾਂ ਛੱਡੋ ਨਾਮ ਜਪੋ |
| ਕਿਨਹੀ ਬਨਜਿ | ੩੭੬ | ਕਿਸੇ ਕੁਝ, ਕਿਸੇ ਕੁਝ, ਸੰਤਾਂ ਨੇ ਵਾਹਿਗੁਰੂ ਦਾ ਨਾਮ ਵਣਜਿਆ ਹੈ |
| ਕਿਉ ਲੀਜੈ ਗਢ | ੪੦੪ | ਸਰੀਰ ਕਿਲਾ ਹੈ ਸੂਰਮੇ ਬਣੋ ਜਿਤੋ |
| ਕੀਓ ਸਿੰਗਾਰ | ੧੯੮ | ਇਸਤ੍ਰੀ ਪਤੀ |
| ਕੰਕਨ ਸਿਉ | ੩੩ | ਵਾਹਿਗੁਰੂ ਦਾ ਨਾਮ ਬੜਾ ਮੈਂਹਗਾ ਲਿਆ ਹੈ |
| | | ਖ |
| ਖਟ ਨੇਮ ਕਰ | ੯੩ | ਕਾਇਆ ਕੋਠੜੀ ਲੁਟੀ ਨਾ ਜਾਵੇ |
| ਖਸਮੁ ਮਰੈ | ੩੦੧ | ਸੂਮ ਮਰਦਾ ਹੈ ਤਾਂ ਮਾਇਆ ਨਹੀਂ ਰੋਂਦੀ |
| ਖਟੁ ਕਰਮ | ੩੮੧ | ਮਿਰਤਕ ਕਹੀਐ ਨਾਨਕਾ ਜਿਹ ਪ੍ਰੀਤ ਨਹੀਂ ਭਗਵੰਤ ਨਾਮ ਜਪਕੇ ਬੜੇ ਪਾਪੀ ਤਰ ਗਏ |
| | | ਗ |
| ਗਰਭ ਵਾਸ | ੨੦ | ਪੇਟ ਵਿੱਚ ਬ੍ਰਾਹਮਣ ਸੂਦ ਕੋਈ ਜਾਤੀ ਨਹੀਂ ਹੁੰਦੀ |
| ਗਗਨ ਰਸਾਲ | ੩੯ | ਨਾਮ ਦੀ ਮਸਤੀ ਰੂਪ ਸ਼ਰਾਬ |
| ਗਜ ਨਵ ਗਜ | ੬੯ | ਸਰੀਰ ਦਾ ਤਾਣੀ ਨਾਲ ਮੁਕਾਬਲਾ ਕੀਤਾ ਹੈ |
| ਗਜ ਸਾਢੇ ਤੈ ਤੈ | ੧੩੧ | ਕਾਂਸ਼ੀ ਦੇ ਠੱਗ |
| ਗਗਨ ਨਗਰ | ੧੫੩ | ਇਕ ਜੋਗੀ ਮਰ ਗਿਆ ਸੀ |
| ਗਹਰੀ ਕਰਕੈ | ੨੩੯ | ਮੇਰੀ ਮੇਰੀ ਤ੍ਰਿਸ਼ਨਾ ਛਡੋ |

| ਸਬਦ | ਪੰਨਾ | ਭਾਵ |
|---|---|---|
| ਗਗਨ ਦਮਾਮਾ | ੩੬੫ | ਸੂਰਮੇ ਨੂੰ ਉਪਦੇਸ਼ |
| ਗ੍ਰਿਹ ਤਜ | ੨੮੦ | ਜੰਗਲ ਵਿਚ ਜਾਕੇ ਵੀ ਵਿਸ਼ਿਆਂ ਤੋਂ ਨਹੀਂ ਬਚਿਆ ਜਾਂਦਾ |
| ਗ੍ਰਿਹ ਸੋਭਾ | ੩੦੩ | ਮਾਇਆ ਚੰਗੀ ਹੈ |
| ਗੁਰਚਰਨ ਲਾਗ | ੧੨੯ | ਗੁਰਾਂ ਪਾਸੋਂ ਜੀਵ ਦੀ ਹਾਲਤ ਪੁਛੀ |
| ਗੁੜ ਕਰ ਗਿਆ | ੩੨੪ | ਚੰਗੀ ਵਾਹਿਗੁਰੂ ਦੇ ਨਾਮ ਦੀ ਮਸਤੀ, ਸ਼ਰਾਬ ਦਾ ਹਾਲ ਦਸਿਆ |
| ਗੁਰ ਸੇਵਾ | ੩੯੧ | ਮਨੁਖਾ ਜਨਮ ਬੜਾ ਅਮੋਲਕ ਹੈ ਨਾਮ ਜਪੋ |
| ਗੋਬਿੰਦ ਗੋਬਿੰਦ | ੧੯੮ | ਨਾਮ ਜਪਕੇ ਕਈ ਭਗਤ ਤਰ ਗਏ |
| ਗੋਪਾਲ ਤੇਰਾ | ੧੫੫ | ਧੰਨ ਦਾ ਆਰਤਾ |
| ਗੰਗਾ ਕੇ ਸੰਗਿ | ੩੮੭ | ਭਗਤ ਵਾਹਿਗੁਰੂ ਦਾ ਰੂਪ ਬਣ ਗਏ |
| ਗੰਗ ਗੁਸਾਇਨ | ੪੦੬ | ਸਿਕੰਦਰ ਨੇ ਕਬੀਰ ਜੀ ਨੂੰ ਗੰਗਾ ਵਿੱਚ ਸੁੱਟਿਆ |
| | | **ਘ** |
| ਘਟ ਅਵਘਟ | ੧੨੪ | ਵਣਜਾਰਾ |
| ਘਰ ਕੀ ਨਾਰਿ | ੪੧੯ | ਭੇਖੀ ਪਾਪੀ ਭਰਮੀ |
| | | **ਚ** |
| ਚਰਮਟਾ ਗਾਂਠਿ | ੨੩੨ | ਜੁਤੀ ਗੰਢਣ ਨਹੀਂ ਜਾਣਦਾ |
| ਚਰਨ ਕਮਲ | ੨੮੮ | ਜਿਸ ਦੇ ਅੰਦਰ ਵਾਹਿਗੁਰੂ ਹੈ ਉਸਨੂੰ ਸਭ ਸੁਖ ਮਿਲਦੇ ਹਨ |
| ਚਾਰ ਪਾਵ | ੧੯੩ | ਪੂਜਾ ਖਾਣ ਵਾਲਾ ਬੈਲ ਬਣਿਆਂ |
| ਚਾਰਿ ਦਿਨ | ੩੮੦ | ਅੰਤ ਨੂੰ ਜੀਵ ਕੱਲਾ ਜਾਂਦਾ ਹੈ |
| ਚਾਰ ਮੁਕਤਿ | ੩੬੬ | ਸਾਧ ਸੰਗਤ ਨਾਮ ਜਪਣਾ, ਵਾਹਿਗੁਰੂ ਭਗਤਾਂ ਵੱਸ ਹੈ |
| ਚਿਤ ਸਿਮਰਨ | ੨੪੭ | ਵਾਹਿਗੁਰੂ ਨਾਲ ਬੜੀ ਪ੍ਰੀਤੀ |
| ਚੋਆ ਚੰਦਨ | ੨੮ | ਸੋਹਣੇ ਸਰੀਰ ਨੇ ਮਿੱਟੀ ਵਿਚ ਰੁਲ ਜਾਣਾ ਹੈ |
| ਚੰਦ ਸੂਰਜ | ੩੩੮ | |
| ਚੰਦ ਸਤ ਭੇਦਿ | ੩੬੯ | ਯੋਗ ਮਾਰਗ, ਹੋਰ ਯੋਗ ਦੇ ਬਹੁਤ ਸਾਰੇ ਸਬਦ ਦੇਖਣੇ ਹੋਣ ਤਾਂ ਦੇਖੋ ਸਫੇ ੩੩੦ ੩੩੬–੩੪੧– ੩੪੬–੩੭੭ |
| | | **ਛ** |
| ਛਾਡਿ ਮਨ | ੪੫੫ | ਬੇਮੁਖਾਂ ਦਾ ਸੰਗ ਛਡਦੇ |

| ਸਬਦ | ਪੰਨਾ | ਭਾਵ |
|---|---|---|
| | | **ਜ** |
| ਜਨਨੀ ਜਾਨਤ | ੪ | ਬਹੁਤੇ ਮੋਹ ਨੂੰ ਛਡਕੇ ਨਾਮ ਜਪੋ |
| ਜਬ ਹਮ ਏਕੋ | ੧੬ | ਇੱਜ਼ਤ ਵਾਹਿਗੁਰੂ ਰਖੇ ਤਾਂ ਰਹਿੰਦੀ ਹੈ |
| ਜਬਤੇ ਉਲਟ | ੩੦ | ਦੁਸ਼ਮਨ ਸੱਜਣ ਬਣ ਗਏ |
| ਜਲ ਹੈ ਸੂਤਕੁ | ੫੧ | ਸੂਤਕ ਵਾਲੇ ਨੂੰ ਉਪਦੇਸ਼ |
| ਜਹ ਕਛੁਅਹਾ | ੬੬ | ਜੋਗੀ ਮਰ ਗਿਆ ਸੀ |
| ਜਬ ਲਗ ਤੇਲ | ੧੪੨ | ਦੀਵਾ ਬੁਝਦਾ ਆਦਮੀ ਮਰਦਾ ਹੈ |
| ਜਗ ਜੀਵਨੁ | ੧੬੫ | ਵਿਸ਼ਿਆਂ ਵਿਚ ਲਗਕੇ ਵਾਹਿਗੁਰੂ ਭੁੱਲ ਗਿਆ |
| ਜਉਮੈ ਰੂਪ | ੧੬੬ | ਗਿਆਨ ਹੋ ਗਿਆ |
| ਜਬ ਜਰੀਐ | ੨੦੬ | ਸਰੀਰ ਦਾ ਮਾਨ ਨਾ ਕਰੋ ਨਾਮ ਜਪੋ |
| ਜਬ ਦੇਖਾ | ੨੨੦ | ਵਾਹਿਗੁਰੂ ਦੀ ਜੋਤਿ ਦਾ ਦਰਸ਼ਨ |
| ਜਬ ਹਮ ਹੋਤੇ | ੨੨੪ | ਭਰਮ ਦੂਰ ਹੋਗਿਆ |
| ਜਉ ਹਮ ਬਾਂਧੇ | ੨੨੬ | ਪ੍ਰੇਮ ਦੀ ਜੇਵੜੀ ਨਾਲ ਭਗਤ ਨੇ ਨਿਰੰਕਾਰ ਨੂੰ ਬੰਨ੍ਹ ਲਿਆ |
| ਜਉ ਤੁਮ ਗਿਰ | ੨੨੯ | ਵਾਹਿਗੁਰੂ ਨਾਲ ਬੜੀ ਪ੍ਰੀਤੀ |
| ਜਲ ਕੀ ਭੀਤਿ | ੨੩੦ | ਸਰੀਰ ਨਾਸਵੰਤ, ਦੁਨੀਆਂ ਤੇ ਕੁਝ ਤੇਰਾ ਨਹੀਂ |
| ਜਲ ਮਹਿ ਮੀਨ | ੩੯੯ | ਮਾਇਆ ਸਭ ਤੇ ਪ੍ਰਬਲ ਹੈ |
| ਜਨਮ ਮਰਨ | ੨੮੭ | ਪੰਡਤ ਨਾਲ ਚਰਚਾ, ਗਿਆਨਵਾਨ ਦੀ ਹਾਲਤ |
| ਜਬ ਲਗ | ੪੦੦ | ਨਿੰਮ੍ਰਤਾ ਰਖੋ |
| ਜਉ ਤੁਮ ਮੋਕਉ | ੩੫੯ | ਭਗਤ ਮੁਕਤੀ ਨਹੀਂ ਚਾਹੁੰਦੇ |
| ਜਉ ਗੁਰ ਦੇਉ | ੪੨੭ | ਗੁਰਾਂ ਦੀ ਕਿਰਪਾ |
| ਜਾਕੈ ਹਰਿਸਾ | ੩੫ | ਜਿਸਦੇ ਦਿਲ ਵਿਚ ਵਾਹਿਗੁਰੂ ਹੈ ਓਹ ਮੁਕਤੀ ਨੂੰ ਕੀ ਜਾਣਦਾ ਹੈ |
| ਜਾਕੇ ਨਿਗਮ | ੨੧੨ | ਬੁਧੀ ਰੂਪ ਇਸਤ੍ਰੀ ਨੂੰ ਉਪਦੇਸ਼ |
| ਜਿਉ ਜਲ ਛੋਡਿ | ੨੭ | ਸੰਤਾਂ ਦੇ ਵਾਸਤੇ ਕਾਂਸ਼ੀ ਮਗਹਰ ਇਕ ਹੈ |
| ਜਿਹ ਮਰਨੈ | ੩੪ | ਮਰਨ ਦਾ ਡਰ ਮੈਨੂੰ ਨਹੀਂ |
| ਜਿਹ ਕੁਲ ਪੂਤ | ੩੮ | ਜਿਸਨੇ ਭਗਤੀ ਨਹੀਂ ਕੀਤੀ ਓਹ ਕਿਉਂ ਨਹੀਂ ਮਰਾ |
| ਜਿਹ ਸਿਰਿ ਰਚਿ | ੪੫ | ਸਿਰ ਸੜ ਜਾਵੇਗਾ ਜਿਸ ਤੇ ਚੰਗੀ ਤਰਾਂ ਪੱਗ ਬੰਨਦਾ ਹੈ। |
| ਜਿਹ ਮੁਖ ਪਾਂਚਉ | ੪੩ | ਇਕ ਹੰਕਾਰੀ ਮੋਏ ਨੂੰ ਵੇਖਕੇ ਵਾਹਿਗੁਰੂ ਅਗੇ ਬੇਨਤੀ |
| ਜਿਉ ਕਪਿਕੇ ਕਰ | ੭੯ | ਲਾਲਚੀ ਦਾ ਹਾਲ ਤੇ ਜੰਗਲ ਦਾ ਫੁਲ ਬਿਅਰਥ |

| ਸਬਦ | ਪੰਨਾ | ਭਾਵ |
|---|---|---|
| ਜਿਹ ਬਾਝ | ੨੧੩ | ਗਿਆਨ ਹੋ ਗਿਆ ਵਾਹਿਗੁਰੂ ਮਿਲ ਪਿਆ |
| ਜਿਹ ਕੁਲ ਸਾਧੁ | ੨੯੧ | ਵਾਹਿਗੁਰੂ ਦੀ ਭਗਤੀ ਨਾਲ ਨੀਚੋਂ ਉਚ ਬਣ ਗਏ |
| ਜਿਹ ਮੁਖ ਬੇਦ | ੩੨੮ | ਪੰਡਤ ਨੂੰ ਉਪਦੇਸ਼ |
| ਜਿਨਿ ਗੜ ਕੋਟਿ | ੩੬੦ | |
| ਜਿਹ ਸਿਮਰਨ | ੩੩੩ | ਸਿਮਰਨ ਕਰਨ ਦੀ ਮਹਿਮਾਂ |
| ਜੀਵਤ ਪਿਤਰ | ੫੬ | ਸ਼ਰਾਧ ਨਹੀਂ ਕਰਨੇ ਚਾਹੀਦੇ |
| ਜੀਵਤ ਮਰੈ | ੫੭ | ਮਨ ਨੂੰ ਰੋਕਣਾ ਵਾਹਿਗੁਰੂ ਨਾਲ ਪ੍ਰੀਤੀ ਜੀਵਤ ਭਾਉ ਤੋਂ ਮਰਨਾ |
| ਜੇਤੇ ਜਤਨ | ੭੪ | ਕਰਮ ਕਾਂਡ ਛਡੋ, ਗੁਰੂ ਨੂੰ ਮਿਲੋ, ਜਨਮ ਸਵਾਰੋ |
| ਜੇ ਓਹ ਅਠਿ | ੩੨੦ | ਨਿੰਦਿਆ ਕਰਨ ਵਾਲੇ ਦਾ ਹਾਲ |
| ਜੈਸੇ ਮੰਦਰ | ੩੦੫ | ਗੁਰੂ ਦੇ ਉਪਦੇਸ਼ ਦਾ ਵਰਨਨ ਹੈ, ਨਾਮ ਦੀ ਮਹਿਮਾ |
| ਜੈਸੀ ਭੂਖੇ | ੪੧੭ | ਵਾਹਿਗੁਰੂ ਨਾਲ ਪ੍ਰੀਤ ਕਰੋ |
| ਜੋਤਿ ਕੀ ਜਾਤਿ | ੨੨ | ਦੁਨੀਆਂ ਵਾਹਿਗੁਰੂ ਦਾ ਰੂਪ |
| ਜੋ ਜਨ ਪਰਮਿਤ | ੨੩ | ਸਾਧ ਸੰਗਤ ਵੈਕੁੰਠ ਹੈ |
| ਜੋ ਜਨ ਲੇਹਿ | ੩੮ | ਨਾਮ ਜਪਨ ਵਾਲਿਆਂ ਦੇ ਬਲਿਹਾਰੇ |
| ਜੋਗੀ ਕਹਹਿ | ੬੪ | ਸਭ ਜੀਵ ਆਪਣੇ ਆਪ ਨੂੰ ਸਲਾਹੁੰਦੇ ਹਨ |
| ਜੋਨ ਛਾਡਿ | ੮੨ | ਜੀਵ ਜਗ ਵਿਚ ਆਕੇ ਵਾਹਿਗੁਰੂ ਨੂੰ ਭੁਲਾ ਬੈਠਾ |
| ਜੋਗੀ ਜਤੀ | ੧੩੬ | ਵਾਹਿਗੁਰੂ ਦੇ ਭਗਤਾਂ ਤੋਂ ਬਿਨਾਂ ਸਭ ਨੇ ਮਰਨਾ ਹੈ |
| ਜੋ ਜਨ ਭਾਉ | ੨੩੬ | ਭਗਤ ਵਾਹਿਗੁਰੂ ਨਾਲ ਮਿਲ ਗਿਆ |
| ਜੋ ਦਿਨ ਆਵੇ | ੨੭੩ | ਮਰਨਾ ਜ਼ਰੂਰ ਹੈ |
| ਜੋ ਪਾਥਰ | ੩੯੭ | ਪੱਥਰ ਪੂਜਾ ਖੰਡਨ |
| ਜੋਇ ਖਸਮ ਹੈ | ੪੩੫ | ਅਸਚਰਜ ਗਲਾਂ |
| ਜੋ ਰਾਜ ਦੇਹ | ੧੯੬ | ਰਾਜ ਦੀ ਕੀ ਵਡਾਈ, ਮੰਗਣ ਨਾਲ ਕੀ ਘਟਦਾ ਹੈ |
| **ਝ** | | |
| ਝਗੜਾ ਏਕ | ੫੨ | ਪ੍ਰਸ਼ਨੋਤਰ, ਪ੍ਰਸ਼ਨਾਂ ਦੀ ਅਗਲੀ ਅਧੀ ਤੁਕ ਉਤਰ ਹੈ, ਹੇ ਵਾਹਿਗੁਰੂ ਇਕ ਝਗੜਾ ਨਿਬੇੜੋ, ਕਿਉਂ ਜੋ ਆਪ ਨੂੰ ਆਪਣੇ ਦਾਸ ਨਾਲ ਕੰਮ ਹੈ। ਕੀ ਇਹ ਮਨ ਵਡਾ ਹੈ ? ਨਹੀਂ ! ਜਿਸ ਨਾਲ ਮਨ ਮੰਨਿਆਂ ਹੈ ਵਿਸਤਰਾਂ ਵੀ ਅਰਥ ਹੋ ਸਕਦਾ ਹੈ। |
| **ਟ** | | |
| ਟੇਢੀ ਪਾਗ | ੩੭੯ | ਮਨਮੁਖਾਂ ਦਾ ਹਾਲ |

| ਸਬਦ | ਪੰਨਾ | ਭਾਵ |
|---|---|---|
| | | **ਡ** |
| ਡੰਡਾ ਮੁੰਦ੍ਰਾ | ੨੮੫ | ਜੋਗੀ ਨੂੰ ਉਪਦੇਸ਼ |
| | | **ਤ** |
| ਤਨ ਰੈਨੀ ਮਨ | ੧੬੧ | ਅਨੰਦ ਵਿਆਹ |
| ਤਪਿ ਤਪਿ | ੨੭੫ | ਕੋਕਿਲ ਜੀਵ ਇਸਤ੍ਰੀ ਵਾਹਿਗੁਰੂ ਨੂੰ ਲੱਭਦੀ ਹੈ |
| ਤਰਵਰ ਏਕ | ੩੨੯ | ਸੰਸਾਰ ਵਾਹਿਗੁਰੂ ਦਾ ਲਾਇਆ ਬ੍ਰਿਛ ਹੈ ([illegible]) |
| ਤਨਿ ਚੰਦਨ | ੪੭੫ | ਬਗਲਾ ਭਗਤ |
| ਤਹ ਪਾਵਸ | ੬੦ | ਗੁਰੂ ਦੇ ਨਿਵਾਸ ਦੀ ਥਾਂ |
| ਤੀਨ ਛੰਦੇ ਖੇਲ | ੨੬੦ | ਸੰਤਾਂ ਦੇ ਘਰ ਨਾਮ ਸੋਭਦਾ ਹੈ |
| ਤੁਮ ਚੰਦਨ | ੧੮੩ | ਤੁਸੀ ਵਡੇ ਹੋ ਅਸੀਂ ਨਿਕੇ ਹਾਂ |
| ਤੁਝਹਿ ਸੁਝੰਤਾ | ੪੪੬ | ਦੇਹ ਨੂੰ ਸਮਝੌਤੀ |
| ਤੂਟੇ ਤਾਗੇ | ੩੦੦ | ਲੋਈ ਆਖਦੀ ਹੈ, ਕਬੀਰ ਜੀ ਸਾਰੇ ਕੰਮ ਛੱਡਕੇ ਨਾਮ ਜਪਦੇ ਜਪਾਉਂਦੇ ਤੇ ਕਬੀਰ [illegible] ਆਉਂਦੇ ਰਹਿੰਦੇ ਹਨ ਸਾਨੂੰ ਛੋਲੇ ਸੱਥਰ, [illegible] ਨੂੰ ਰੋਟੀਆਂ ਮੰਗੀਆਂ ਮਿਲਦੀਆਂ ਹਨ। |
| ਤੂ ਮੇਰੋ ਮੇਰੁ | ੩੨੫ | ਬੇਨਤੀ, ਭਗਤਾਂ ਨੂੰ ਕਾਂਸ਼ੀ ਮਗਹਰ ਇਕੋ ਜੇਹਾ ਹੈ |
| ਤੈ ਨਰ ਕਿਆ | ੪੫੪ | ਭਗਤੀ ਕਰੋ ਭੁਖੇ ਨੂੰ ਦਾਨ ਦਿਓ |
| ਤੋਹੀ ਮੋਹੀ | ੧੩ | ਵਾਹਿਗੁਰੂ ਨਾਲ ਆਪਣੀ ਅਭੇਦਤਾ |
| | | **ਥ** |
| ਥਰ ਹਰ ਕੰਪੈ | ੨੬੬ | ਪਾਪੀ ਦਾ ਦਿਲ ਕੰਬਦਾ ਹੈ |
| ਥਾਕੇ ਨੈਨ | ੨੬੯ | ਮਨੁਖਾ ਜਨਮ ਹੀਰਾ ਜੂਏ ਵਿੱਚ ਨਾ ਹਾਰੋ |
| | | **ਦ** |
| ਦਸ ਬੈਰਾਗਨਿ | ੨੪੦ | ਵਾਹਿਗੁਰੂ ਸਰੀਰ ਵਿਚ ਹੈ |
| ਦਰਮਾਦੇ ਠਾਢੇ | ੨੮੪ | ਵਾਹਿਗੁਰੂ ਅਗੇ ਬੇਨਤੀ |
| ਦਾਰਿਦ ਦੇਖ | ੨੯੦ | ਭਗਤਾਂ ਪਾਸ ਵਾਹਿਗੁਰੂ ਦਾ ਨਾਮ ਧਨ ਹੈ |
| ਦਾਸ ਅਨਿੰਨ | ੪੫੩ | ਵਾਹਿਗੁਰੂ ਭਗਤਾਂ ਨੂੰ ਆਪਣੇ ਨਾਲੋਂ ਵਡਾ ਜਾਣਦਾ ਹੈ |
| ਦਿਲਹੁ ਮੁਹਬਤ | ੧੯੦ | ਪ੍ਰੇਮੀ ਬਣੋ |
| ਦਿਨ ਤੇ ਪਹਰ | ੨੩੫ | ਉਮਰ ਘਟਦੀ ਹੈ |
| ਦੀਨ ਬਿਸਾਰਿਓ | ੩੬੭ | ਮਨਮੁਖ ਨੂੰ ਉਪਦੇਸ਼ |
| ਦੁਇ ਦੁਇ ਲੋਚਨ | ੨੧੦ | ਸਮ ਦ੍ਰਿਸ਼ਟੀ |

| ਸਬਦ | ਪੰਨਾ | ਭਾਵ |
|---|---|---|
| ਦੁਨੀਆਂ ਹੁਸੀ | ੩੩੮ | ਮਨਮੁਖਾਂ ਦਾ ਹਾਲ, ਤਕੜੇ ਹੋਵੋ ਚੰਗੇ ਬਣੋ |
| ਦੁਲਭ ਜਨਮ | ੨੨੭ | ਭਗਤ ਵਡਾ, ਰਾਜਾ ਛੋਟਾ |
| ਦੂਧੁ ਤ ਬਛਰੈ | ੧੯੮ | ਕਿਸਤਰਾਂ ਪੂਜਾਂ |
| ਦੂਧ ਕਟੋਰੈ | ੪੧੪ | ਨਾਮਦੇਵ ਨੇ ਠਾਕਰਾਂ ਨੂੰ ਦੁਧ ਪਿਆਯਾ |
| ਦੇਹਿ ਮੁਹਾਰ | ੪੨ | ਘੋੜਾ ਦੇਣ ਵਾਲੇ ਨੂੰ ਉਪਦੇਸ਼ |
| ਦੇਖਉ ਭਾਈ | ੫੩ | ਗਿਆਨ ਦੀ ਹਨੇਰੀ |
| ਦੇਵਾ ਪਾਹਨ | ੧੨੧ | ਕਈ ਭਗਤ ਨਾਮ ਜਪਕੇ ਤਰ ਗਏ |
| ਦੇਹੀ ਗਾਵਾ | ੩੬੦ | ਸਰੀਰ ਪਿੰਡ ਹੈ ਵਿੱਚ ਜਟ ਅਤੇ ਹੋਰ ਕਈ ਲੋਕ ਹਨ |
| | | ਧ |
| ਧਨਿ ਧੰਨਿਓ | ੩੫੦ | ਕ੍ਰਿਸ਼ਨ ਦੀ ਬਾਬਤ ਅਤੇ ਨਾਲ ਪਹਿਲੀ ਹਾਲਤ ਹੈ ਭਗਤਜੀਨੇ ਸਰਗੁਨ ਰੂਪ ਵਾਹਿਗੁਰੂ ਦੀ ਉਪਮਾ ਕੀਤੀ |
| ਧੂਪ ਦੀਪ | ੨੫੩ | ਸੱਚੀ ਆਰਤੀ |
| ਧਨੁ ਗੁਪਾਲ | ੩੦੮ | ਅੰਨ ਦੀ ਮਹਿਮਾ ਤੇ ਅੰਨ ਤਿਆਗੀਆਂ ਪਖਡੀਆਂ ਦੀ ਹਾਲਤ ਦੱਸੀ ਹੈ |
| | | ਨ |
| ਨਗਨ ਫਿਰਤ | ੧੭ | ਭੇਖਾਂ ਦੀ ਨਿਖੇਦੀ, ਨਾਮ ਜਪੋ |
| ਨਰੂ ਮਰੈ | ੨੯੫ | ਮਨਮੁਖ ਆਦਮੀ ਨਾਲੋਂ ਪਸ਼ੂ ਚੰਗਾ ਹੈ |
| ਨਾਮੇ ਜੋਗ ਧਿਆ | ੪੪ | ਵਾਹਿਗੁਰੂ ਦੇ ਨਾਮ ਦਾ ਆਸਰਾ ਲਓ |
| ਨਾਮ ਤੇਰੋ ਆਰਤੀ | ੨੪੮ | ਨਾਮ ਦੀ ਆਰਤੀ |
| ਨਾਰਾਇਣ ਨਿੰਦ | ੨੫੦ | ਕਰਮ, ਮਥੇ ਦੇ ਲੇਖ |
| ਨਾਥ ਕਛੂਅ ਨ | ੨੫੭ | ਮਨ ਮਾਇਆ ਦੇ ਹੱਥ ਵਿਕਿਆ ਹੈ |
| ਨਾ ਇਹੁ ਮਾਨਸ | ੨੯੮ | ਜੇਹੜਾ ਸਰੀਰ ਵਿਚ ਹੈ ਸੋ ਕੌਣ ਹੈ |
| ਨਾਦ ਭ੍ਰਮੇ | ੩੧੧ | ਮੇਰੀ ਵਾਹਿਗੁਰੂ ਨਾਲ ਬਹੁਤ ਪ੍ਰੀਤੀ ਹੈ |
| ਨਾਗਰ ਜਨਾ | ੪੬੧ | ਵਾਹਿਗੁਰੂ ਮਿਲਕੇ ਵਡੇ ਬਣ ਗਏ |
| ਨਾਇਕ ਏਕ | ੪੪੦ | ਵਣਜ |
| ਨਿੰਦਉ ਨਿੰਦਉ | ੯੧ | ਚੋਰ ਦੀ ਸਾਖੀ, ਲੋਕ ਕਬੀਰ ਨੂੰ ਨਿੰਦਨ ਲਗੇ |
| ਨਿਤ ਉਠ ਕੋਰੀ | ੨੯੧ | ਕਬੀਰ ਦੀ ਮਾਈ ਆਖਦੀ ਹੈ |
| ਨ੍ਰਿਪ ਕੰਨਿਆ | ੨੯੨ | ਸਧਨੇ ਭਗਤ ਦਾ ਹਾਲ |
| ਨਿਰਧਨੁ ਆਦ | ੩੯੦ | ਗਰੀਬ ਅਮੀਰ |
| ਨੈਨਹੁ ਨੀਰ | ੨੩੨ | ਬੁਢੇਪੇ ਦੀ ਹਾਲਤ ਦੱਸੀ ਹੈ |

| ਸਬਦ | ਪੰਨਾ | ਭਾਵ |
|---|---|---|
| ਨਾਂਗੇ ਆਵਨ | ੩੮੪ | ਸੰਸਾਰ ਤੋਂ ਕੋਈ ਕੁਝ ਨਹੀਂ ਲੈ ਗਿਆ। |
| | ਪ | |
| ਪਹਿਲਾ ਪੂਤੁ | ੧੫੮ | ਅਸਚਰਜ ਗਲਾਂ |
| ਪਹਿਲੀ ਕੁਰੂਪ | ੨੬੯ | ਪਹਿਲੀ ਖਰਾਬ ਬੁਧੀ ਰੂਪ ਇਸਤ੍ਰੀ |
| ਪਰਮਾਦਿ ਪੁਰਖ | ੨੦੨ | ਨਾਮ ਜਪੋ ਜਪ ਤਪ ਛੱਡੋ |
| ਪਹਿਲ ਪੁਰੀਏ | ੨੪੩ | ਸੰਸਾਰ ਦੀ ਉਤਪਤੀ |
| ਪਤਿਤ ਪਾਵਨ | ੨੪੬ | ਸਨਮੁਖ ਬੇਨਤੀ |
| ਪਰ ਧਨ ਪਰ | ੪੧੩ | ਵਾਹਿਗੁਰੂ ਦੇ ਦਾਸ ਚੰਗੇ ਹਨ |
| ਪ੍ਰਹਿਲਾਦ ਪਠਾ | ੪੩੭ | ਪ੍ਰਹਿਲਾਦ ਦਾ ਪ੍ਰਸੰਗ |
| ਪੜੀਐ ਗੁਨੀਐ | ੩੪੫ | ਨਿੰਮ੍ਰਤਾ ਰਖੋ |
| ਪੰਡੀਆ ਕਵਨ | ੩੫੪ | ਪੰਡਤ ਨੂੰ ਉਪਦੇਸ਼ |
| ਪਾਪ ਪੁੰਨ ਦੁਇ | ੬੧ | ਵਣਜਾਰਾ |
| ਪਾਨੀ ਮੈਲਾ | ੮੦ | ਮਿਟੀ ਦੀ ਪੁਤਲੀ ਕਾਇਆਂ ਨਾਸਵੰਤ |
| ਪਾਤੀ ਤੋਰੈ | ੧੪੭ | ਪੱਥਰ ਪੂਜਾ ਖੰਡਨ |
| ਪਾਰਬ੍ਰਹਮੁ | ੧੮੦ | ਵਾਹਿਗੁਰੂ ਨੂੰ ਜਪਨ ਵਾਲਾ ਸੰਸਾਰ ਵਿਚ ਨਹੀਂ ਭੌਂਦਾ |
| ਪਾੜ ਪੜੋਸਣਿ | ੨੨੧ | ਨਿਰੰਕਾਰ ਨੇ ਨਾਮ ਦੀ ਛੰਨ ਬਣਾਈ |
| ਪਿੰਡ ਮੂਐ ਜੀਉ | ੩੧ | ਗਿਆਨ ਵਾਨ ਦੀ ਹਾਲਤ ਦੱਸੀ ਹੈ, ਸੋ ਗੁਰੂ ਕਰੋ |
| ਪੇਵਕੜੈ ਦਿਨ | ੬੨ | ਮਰਨਾ ਸੱਚ, ਜੀਉਣਾ ਝੂਠ |
| ਪੰਥ ਨਿਹਾਰੈ | ੮੫ | ਜਾਨ ਵਾਹਿਗੁਰੂ ਨੂੰ ਚਾਹੁੰਦੀ ਹੈ |
| ਪੰਦ੍ਰਹ ਥਿਤੀ | ੧੧੧ | ਪੰਦਰਾਂ ਥਿਤਾਂ ਵਾਲੀ ਬਾਣੀ ਹੈ |
| ਪੰਡਿਤ ਜਨ | ੪੩੪ | ਮਨਮੁਖ ਸੁਤੇ ਹੋਏ ਗੁਰਮੁਖ ਜਾਗਦੇ |
| | ਫ | |
| ਫੁਰਮਾਨ ਤੇਰਾ | ੮੯ | ਵਾਹਿਗੁਰੂ ਅੱਗੇ ਬੇਨਤੀ, ਬੰਦਗੀ ਕਰੋ |
| ਫੀਲੁ ਰਬਾਬੀ | ੧੩੭ | ਜਿਸਤਰਾਂ ਇਹ ਝੂਠੀਆਂ ਹਨ ਓਵੇਂ ਸੰਸਾਰ ਝੂਠਾ ਹੈ |
| | ਬ | |
| ਬਟੂਆ ਏਕ | ੧੪੦ | ਜੋਗੀ ਪ੍ਰਬਾਇ |
| ਬਹੁ ਪਰਪੰਚ | ੨੧੭ | ਤੇਰੇ ਜੀਅ ਪਾਸੋਂ ਲੇਖਾ ਲੀਤਾ ਜਾਊ |
| ਬਨਹਿ ਬਸੇ | ੩੫੫ | ਪਾਖੰਡ ਖੰਡਨ |
| ਬਦਹੁ ਕੀਨ | ੪੫੩ | ਪਰਤੱਖ ਦਰਸ਼ਨ |
| ਬਾਵਨ ਅਛਰ | ੯੫ | ਏਸ ਬਾਣੀ ਵਿਚ ਬਹੁਤ ਉਪਦੇਸ਼ ਹੈ ਪੜ੍ਹਕੇ ਵੇਖੋ |

| ਸਬਦ | ਪੰਨਾ | ਭਾਵ |
|---|---|---|
| ਬਾਰ ਬਾਰ | ੧੧੭ | ਇਹ ਕਬੀਰ ਜੀ ਦੀ ਸਤਵਾਰ ਨਾਮ ਬਾਣੀ ਹੈ |
| ਬਾਪਦਿਲਾਸਾ | ੧੩੩ | ਪਿਤਾ ਦੀ ਕ੍ਰਿਪਾ ਦ੍ਰਿਸ਼ਟੀ ਦੱਸੀ ਹੈ |
| ਬਾਤੀ ਸੂਕੀ | ੧੪੪ | ਗਿਆਨ ਵਾਨ ਦੀ ਹਾਲਤ ਦੱਸੀ ਹੈ |
| ਬਾਰਹ ਬਰਸ | ੧੪੮ | ਸਾਰੀ ਉਮਰ ਨਾਮ ਤੋਂ ਬਿਨਾਂ ਐਵੇਂ ਗਈ |
| ਬਾਨਾਰਸੀ ਤਪ | ੩੪੩ | ਵਾਹਿਗੁਰੂ ਦੇ ਨਾਮ ਅਗੇ ਕਰਮ, ਕਾਂਡ, ਜਪ, ਤਪ, ਦਾਨ, ਇਸ਼ਨਾਨ ਤੁੱਛ ਹਨ |
| ਬਿਨੁ ਸਤ ਸਤੀ | ੩੬ | ਸਤੀ ਪ੍ਰਥਾਇ |
| ਬਿਖਿਆ ਬਿਆ | ੩੬ | ਵਿਸ਼ੇ ਦੁਖਦਾਈ ਹਨ |
| ਬਿਲਪ ਬਸਤ੍ਰ | ੮੭ | ਵਾਹਿਗੁਰੂ ਦੇ ਨਾਮ ਤੋਂ ਬਿਨਾਂ ਸਭ ਡੁੱਬੇ |
| ਬਿਦਿਆਨ ਪਰ | ੨੭੯ | ਕਬੀਰ ਜੀ ਤੇ ਸੰਸਾਰੀ ਲੋਕ |
| ਬਿਨੁ ਦੇਖੇ | ੪੩੧ | "ਗਿਆਨ ਭਇਆ ਤਹ ਕਰਮਹਿ ਨਾਸ" |
| ਬੁਤ ਪੂਜਿ ਪੂਜਿ | ੨੦੫ | ਨਿਰੰਕਾਰ ਦੇ ਨਾਮ ਤੋਂ ਬਿਨਾਂ ਕਿਨ ਗਤ ਪਾਈ |
| ਬੇਦ ਕੀ ਪੁਤ੍ਰੀ | ੪੧ | ਸਿਮ੍ਰਿਤੀਆਂ ਤੇ ਮਾਇਆ |
| ਬੇਗਮ ਪੁਰਾ | ੧੨੨ | ਆਪਣੇ ਅਸਲੀ ਸ਼ਹਿਰ ਦਾ ਪਤਾ ਹੈ |
| ਬੇਦ ਪੁਰਾਨ | ੨੦੮ | ਨਾਮ ਜਪੋ ਕਰਮ ਕਾਂਡ ਛੱਡੋ |
| ਬੇਦ ਕਤੇਬ | ੨੬੧ | ਵਾਹਿਗੁਰੂ ਪਾਸ ਹੈ, ਭਰਮ ਦੂਰ ਕਰੋ |
| ਬੇੜਾ ਬੰਧ ਨ | ੨੭੭ | ਜਵਾਨੀ ਵੇਲੇ ਸਰੀਰ ਨੂੰ ਸਾਂਭੋ ਵਿਸ਼ਿਆਂ ਤੋਂ ਬਚੋ ਇਹ ਅਮੋਲਕ ਹੀਰਾ ਜਨਮ ਮੁੜਕੇ ਨਹੀਂ ਮਿਲਨਾ |
| ਬੇਦ ਪੁਰਾਨ | ੩੪੧ | ਪਖੰਡ ਨੂੰ ਛੱਡਕੇ ਵਾਹਿਗੁਰੂ ਦਾ ਨਾਮ ਜਪਾਂਗਾ ਜੋਗ ਨੂੰ ਖੰਡਨ ਕੀਤਾ ਹੈ |
| ਬੇਦ ਕਤੇਬਕਹਹੁ | ੪੭੦ | ਮੁਲਾਂ ਨੂੰ ਉਪਦੇਸ਼ |
| ਬੋਲੈ ਸੇਖ ਫਰੀਦ | ੧੯੧ | ਵਾਹਿਗੁਰੂ ਨੂੰ ਮਿਲੋ |
| ਬਿੰਦੁ ਤੇ ਜਿਨ | ੧੬੦ | ਰਤਨ ਜਨਮ ਨੂੰ ਹਾਰਨਾਂ |
| ਬੰਧਚਿ ਬੰਧਨੁ | ੩੩੬ | ਜਗ ਮਾਰਗ ਬੜਾ ਭਾਰਾ ਮਾਰਗ ਹੈ |


ਭ


| ਸਬਦ | ਪੰਨਾ | ਭਾਵ |
|---|---|---|
| ਭ੍ਰਮਤ ਫਿਰਤ | ੧੮੬ | ਵਿਸ਼ੇ ਛੱਡੋ ਵਾਹਿਗੁਰੂ ਧਨ ਲੱਭੋ |
| ਭੁਜਾਬਾਂਧਿ | ੨੯੭ | ਕਬੀਰ ਜੀ ਨੂੰ ਸਕੰਦਰ ਲੋਦੀ ਨੇ ਹਾਥੀ ਮਗਰ ਬੱਧਾ |
| ਭੂਖੇ ਭਗਤ | ੨੧੮ | ਵਾਹਿਗੁਰੂ ਪਾਸੋਂ ਅੰਨ ਆਦਿਕ ਮੰਗਿਆ ਹੈ |
| ਭੈਰਉ ਭੂਤ | ੩੧੫ | ਮੈਂ ਭੂਤਾਂ ਦੇਵੀਆਂ ਨੂੰ ਛੱਡਕੇ ਵਾਹਿਗੁਰੂ ਦਾ ਆਸਰਾ ਲੈਂਦਾ ਹਾਂ। |

| ਸਬਦ | ਪੰਨਾ | ਭਾਵ |
|---|---|---|
| | | **ਮ** |
| ਮਨ ਕਾ ਸੁਭਾਉ | ੪੦ | ਮਨ ਨੂੰ ਜਿੱਤਣਾ |
| ਮਨ ਰੇ ਛਾਡਹੁ | ੮੮ | ਸਤੀ, ਸੂਰਮਾ, ਭਰਮ ਛੱਡੋ, ਮੈਂ ਵਾਹਿਗੁਰੂ ਨੂੰ ਨਾ ਭੁਲਾਵਾਂਗਾ |
| ਮਨੁ ਮੇਰੋ ਗਜੁ | ੧੭੮ | ਜਾਤੀ ਨੂੰ ਕੀ ਕਰਾਂ ਜਮਦੀ ਫਾਸੀ ਕੱਟਦਾ ਹਾਂ |
| ਮਲੈ ਨ ਲਾਛੈ | ੧੯੭ | ਨਿਰੰਕਾਰ ਪ੍ਰਗਟ ਹੋਯਾ |
| ਮਨ ਕਰਿ ਮੱਕਾ | ੩੮੬ | ਮੁਸਲਮਾਨ ਨੂੰ ਉਪਦੇਸ਼ |
| ਮਉਲੀ ਧਰਤੀ | ੩੩੪ | ਬਸੰਤ ਨੂੰ ਸਭ ਕੁਛ ਖਿੜਿਆ |
| ਮਰਨ ਜੀਵਨ | ੪੬੬ | ਵਾਹਿਗੁਰੂ ਦੀ ਪ੍ਰਾਪਤੀ ਨਾਲ ਦੁਖ ਦੂਰ ਹੋ ਗਏ |
| ਮਨਕੀ ਬਿਰਥਾ | ੪੭੨ | ਮਨ |
| ਮਾਇਆ ਮੋਹ | ੫ | ਮੋਹ, ਮਰਨਾ ਜਰੂਰ ਵਡੇ ੨ ਵੀ ਮਰ ਗਏ, ਉਪਦੇਸ਼ |
| ਮਾਧਉ ਜਲ | ੧੫ | ਵਾਹਿਗੁਰੂ ਸਮੁੰਦਰ ਦਾਸ ਮੀਨ |
| ਮਾਈ ਮੋਹਿ ਅਵ | ੯੪ | ਮੈਂ ਵਾਹਿਗੁਰੂ ਤੋਂ ਬਿਨਾਂ ਹੋਰ ਨੂੰ ਮਨ ਵਿਚ ਨਹੀਂ ਲਿਆਉਂਦਾ |
| ਮਾਟੀ ਕੋ ਪੁਤਰਾ | ੧੮੫ | ਮਿੱਟੀ ਦਾ ਪੁਤਲਾ ਆਦਮੀ |
| ਮਾਰਵਾੜਿ ਜੈਸੇ | ੨੪੨ | ਵਾਹਿਗੁਰੂ ਦਾ ਨਾਮ ਬੜਾ ਪਿਆਰਾ ਹੈ |
| ਮਾਥੇ ਤਿਲਕੁ | ੩੮੮ | ਕਮਲਿਆਂ ਲੋਕਾਂ ਨੂੰ ਉਪਦੇਸ਼ |
| ਮਾਤਾ ਜੂਠੀ | ੪੪੧ | ਸਭ ਕੁਝ ਜੂਠਾ |
| ਮਾਇ ਨ ਹੋਤੀ | ੩੪੨ | ਕਨਮ ਕਿਥੋਂ ਆਏ |
| ਮ੍ਰਿਗ ਮੀਨ | ੧੮੧ | ਪੰਜਾਂ ਵਿਸ਼ਿਆਂ ਵਾਲਾ ਕੀਕੂੰ ਬਚੇਗਾ |
| ਮਿਲਤ ਪਿਆਰੋ | ੪੬੪ | ਸਾਧ ਸੰਗਤ ਕਰੋ |
| ਮੁਸਿ ਮੁਸਿ ਰੋਵੈ | ੬੯੫ | ਕਬੀਰ ਦੀ ਮਾਈ ਆਖਦੀ ਹੈ |
| ਮੁਕੰਦ ਮੁਕੰਦ | ੩੧੯ | ਨਾਮ ਜਪੋ |
| ਮੁੰਦ੍ਰਾ ਮੋਨਿ | ੩੩੦ | ਜੋਗੀ ਨੂੰ ਉਪਦੇਸ਼ |
| ਮੇਰੀ ਸੰਗਤਿ | ੧੨੨ | ਭਗਤ ਜੀ ਆਪਣੀ ਨਿੰਮ੍ਰਤਾ ਦਸੀ ਹੈ |
| ਮੇਰੀ ਬਹੁਰੀਆ | ੧੭੦ | ਨੂੰਹ ਦਾ ਨਾਮ ਰਾਮਜਨੀਆਂ ਕਿਉਂ ਰਖਿਆ ਹੈ |
| ਮੇਰੋ ਬਾਪੁ ਮਾਧਉ | ੩੫੨ | ਸਰਗੁਨ ਰੂਪ ਹੋਕੇ ਭਗਤਾਂ ਦੀ ਸਹਾਇਤਾ ਕੀਤੀ |
| ਮੈ ਅੰਧੁਲੇ ਕੀ | ੨੬੩ | ਤੇਰੇ ਨਾਮ ਦਾ ਆਸਰਾ ਹੈ |
| ਮੈਲਾ ਬ੍ਰਹਮਾ | ੩੮੫ | ਸਭ ਕੁਝ ਮੈਲਾ ਹੈ |
| ਮੈ ਬਉਰੀ | ੪੧੫ | ਨਿੰਦਿਆ ਨਾ ਕਰੋ |

| ਸਬਦ | ਪੰਨਾ | ਭਾਵ |
|---|---|---|
| ਮੋਕਉ ਤਾਰਿਲੇ | ੩੧੨ | ਵਾਹਿਗੁਰੂ ਅਗੇ ਬੇਨਤੀ |
| ਮੋਹਿ ਲਾਗਤੀ | ੩੧੨ | ਵਾਹਿਗੁਰੂ ਦੇ ਨਾਮ ਤੋਂ ਬਿਨਾ ਤੜਫਦਾ ਹਾਂ |
| ਮੋਕਉ ਤੂੰ ਨ | ੪੬੦ | ਨਾਮਦੇਵ ਨੇ ਦੇਹੁਰਾ ਫੇਰ ਦਿਤਾ |
| | ਰ | |
| ਰਹੁ ਰਹੁ ਰੀ | ੧੭੧ | ਘੁੰਗ ਨ ਕੱਢ |
| ਰਾਮ ਜਪਹੁ | ੮੧ | ਧ੍ਰੂ ਵਾਂਙੂ ਰਾਮ ਨਾਮ ਜਪੋ |
| ਰਾਜਾ ਰਾਮ ਤੂੰ | ੯੨ | ਹੇ ਵਾਹਿਗੁਰੂ ਤੂੰ ਵੱਡਾ ਹੈਂ |
| ਰਾਮ ਸਿਮਰਿ | ੨੩੮ | ਨਾਮ ਸਿਮਰ ਕੇ ਨੀਚ ਤਰ ਗਏ |
| ਰਾਖ ਲੇਹੁ | ੨੮੩ | ਵਾਹਿਗੁਰੂ ਅਗੇ ਬੇਨਤੀ ਨਿੰਮ੍ਰਤਾ |
| ਰਾਜਨ ਕਉਨੁ | ੩੬੪ | ਕ੍ਰਿਸ਼ਨ ਨੇ ਦੁਰਜੋਧਨ ਨੂੰ ਛੱਡਕੇ ਬਿਦਰਦੇ ਘਰ ਜਾਣਾ |
| ਰਾਮੁ ਸਿਮਰਿ | ੩੭੦ | ਵਾਹਿਗੁਰੂ ਦਾ ਨਾਮ ਜਪ |
| ਰਾਜਾ ਸ੍ਰਮ ਮਿਤ | ੪੫੦ | ਹਸਤੋ ਜਾਇ ਸੁ ਰੋਵਤ ਆਵੈ |
| ਰਿਧਿ ਸਿਧਿ | ੩੫੭ | ਜੇ ਤੈਨੂੰ ਰਿਧੀਆਂ ਸਿਧੀਆਂ ਫੁਰੀਆਂ ਹਨ ਤਾਂ ਮੰਗਦਾ ਕਿਉਂ ਹੈਂ |
| ਰੀ ਕਲਵਾਰਿ | ੩੭੭ | ਯੋਗ ਮਾਰਗ |
| ਰੇ ਨਰ ਗਰਭ | ੯ | ਜੰਮਣ ਤੋਂ ਪਹਿਲਾਂ ਸਮਾ ਜਵਾਨੀ ਬੁਢੇਪਾ |
| ਰੇ ਜੀਅ ਨਿਲਜ | ੪੮ | ਵਾਹਿਗੁਰੂ ਨੂੰ ਛਡਕੇ ਹੋਰ ਕਿਸੇ ਨੂੰ ਨਾ ਮੰਨੋ |
| ਰੇ ਮਨ ਤੇਰੋ | ੮੪ | ਮਨ ਨੂੰ ਉਪਦੇਸ਼ |
| ਰੇ ਚਿਤ ਚੇਤਸਿ | ੧੮੯ | ਨਾਮ ਜਪੋ ਵਾਹਿਗੁਰੂ ਰਖਿਆ ਕਰੇਗਾ |
| ਰੇ ਜਿਹਬਾ | ੪੧੩ | ਹੇ ਰਸਨਾ ਨਾਮ ਜਪ |
| ਰੋਜਾ ਧਰੈ | ੧੬੭ | ਕਾਜੀ ਨੂੰ ਸਮਝਾਇਆ ਹੈ |
| | ਲ | |
| ਲਖ ਚਉਰਾਸੀਹ | ੯੦ | ਕ੍ਰਿਸ਼ਨ ਨੂੰ ਛੱਡੋ ਵਾਹਿਗੁਰੂ ਯਾਦ ਕਰੋ |
| ਲੋਭ ਲਹਰ | ੪੪੪ | ਹੇ ਵਾਹਿਗੁਰੂ ਸੰਸਾਰ ਸਮੁੰਦਰ ਤੋਂ ਤਾਰ |
| ਲੰਕਾ ਸਾ ਕੋਟੁ | ੧੫੭ | ਨਾਮ ਤੋਂ ਬਿਨਾਂ ਕੀ ਮੰਗਾਂ |

ਸਲੋਕ ਕਬੀਰ ਜੀ ਤੇ ਫਰੀਦ ਜੀ ੪੭੭ ਤੋਂ ੫੫੬ ਤਕ

ਸਲੋਕ ਸਹਸ ਕ੍ਰਿਤੀ ਤੇ ਗਾਥਾ ੫੫੭ ਤੋਂ ੫੯੬ ਤਕ

ਫੁਨਹੇ ਅਰ ਚਉਬੋਲੇ ੫੯੭ ਤੋਂ ੬੧੪ ਤਕ

ਸਵੱਯੇ ਮਹੱਲਾ ੫ ਤੇ ਮ: ੧, ਮ: ੨ ਮ: ੩ ਮ: ੪ ਮ: ੫, ੬੧੫ ਤੋਂ ੭੨੦ ਤਕ

# ਭਗਤ ਜੀਵਨ

## ਭਗਤ ਜੈ ਦੇਵ ਜੀ

ਭਗਤ ਜੈ ਦੇਵ ਜੀ ਬ੍ਰਾਹਮਣ ਹੁੰਦੇ ਸੀ, ਆਪਦਾ ਪਿਤਾ ਕਨੌਜ ਦੇ ਰਹਿਣ ਵਾਲਾ ਸੀ ਪਰ ਆਪ ਦਾ ਜਨਮ ਦੱਖਣੀ ਬੰਗਾਲ ਜ਼ਿਲਾ ਬੀਰ ਭੂਮ ਦੇ ਕੈਨਡੋਲੀ ਪਿੰਡ ਵਿਚ ਸੰ: ੧੨੬੫ ਬਿ: ਨੂੰ ਹੋਇਆ, ਆਪਦੇ ਪਿਤਾ ਦਾ ਨਾਮ ਭੋਜਦੇਵ ਤੇ ਮਾਤਾ ਦਾ ਨਾਮ ਬਾਮਦੇਵੀ ਸੀ। ਆਪ ਲਛਮਣ ਸੈਨ ਬਾਦਸ਼ਾਹ ਦੇ ਦਰਬਾਰ ਦੇ ਪ੍ਰਸਿੱਧ ਕਵੀ ਸਨ, ਆਪ ਦੀ ਧਰਮ ਪਤਨੀ ਪਦਮਾ ਵਤੀ ਸੀ, ਆਪ ਨੇ ਸ੍ਰੀ ਕ੍ਰਿਸ਼ਨ ਤੇ ਰਾਧਕਾਂ ਦੀ ਉਸਤਤੀ ਦਾ'ਗੀਤ ਗੋਬਿੰਦ'ਪੁਸਤਕ ਬਣਾਇਆ,ਆਪ ਦੇ ਦੋ ਸ਼ਬਦ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਰਾਗ ਗੂਜਰੀ ਤੇ ਮਾਰੂ ਵਿਚ ਹਨ।

## ਭਗਤ ਨਾਮਦੇਵ ਜੀ

ਆਪ ਦਾ ਜਨਮ ਬੰਬਈ ਸੂਬਾ ਜ਼ਿਲਾ ਸਤਾਰਾ ਨਰਸੀ ਬਾਮਨੀ ਨਾਮੇ ਪਿੰਡ ਵਿਚ ਸੰ: ੧੩੨੭ ਬਿ: ਕੱਤਕ ਸੁਦੀ ੧੧ ਐਤਵਾਰ ਨੂੰ ਹੋਇਆ। ਆਪਦੇ ਪਿਤਾ ਦਾ ਨਾਮ ਦਮਸ਼ੇਤੀ ਤੇ ਮਾਤਾ ਦਾ ਨਾਮ ਗੁਨਾ ਬਾਈ ਸੀ। ਆਪ ਕਪੜੇ ਧੋਣੇ ਤੇ ਰੰਗਣ ਦਾ ਕੰਮ ਕਰਦੇ ਸੀ ਭਾਵ ਛੀਂਬੇ ਸਨ, ਆਪ ਦੀ ਇਸਤ੍ਰੀ ਦਾ ਨਾਮ ਰਾਜਾਬਾਈ ਸੀ। ਆਪ ਇਕ ਵਾਰ ਤੀਰਥ ਯਾਤਰਾ ਕਰਦੇ ਹੋਏ ਦਿਲੀ ਆਏ ਤਾਂ ਆਪਨੂੰ ਮੁਹੰਮਦ ਬਿਨ ਤੁਗਲਗ ਬਾਦਸ਼ਾਹ ਨੇ ਫੜ ਲਿਆ ਤਾਂ ਉਸ ਵੇਲੇ ਆਪਨੇ ਇਕ ਸ਼ਬਦ ਉਚਾਰਿਆ ਜੋ ਭੈਰੋਂ ਰਾਗ ਵਿਚ ਹੈ,ਜਿਸ ਵਿਚ ਆਪਨੇ ਸਾਰਾ ਹੱਡ ਬੀਤਿਆ ਹਾਲ ਲਿਖਿਆ। ਬਾਦਸ਼ਾਹ ਨੇ ਬੜਾ ਹਠ ਕੀਤਾ ਕਿ ਮੋਈ ਹੋਈ ਗਊ ਜਿਵਾ ਦੇਹ, ਨਹੀਂ ਤਾਂ ਮੈਂ ਤੈਨੂੰ ਮਾਰ ਦਿਆਂਗਾ। ਸੋ ਪਰਮੇਸ਼ਰ ਨੇ ਆਪ ਦੀ ਓਥੇ ਵੀ ਸਹੈਤਾ ਕੀਤੀ, ਫੇਰ ਦੇਹਰੇ ਦਾ ਮੂੰਹ ਆਪ ਵਲ ਫੇਰਿਆ, ਛਪਰੀ ਛਾਈ, ਕਈ ਵਾਰੀ ਦਰਸ਼ਨ ਦਿਤੇ ਆਪ ਨੇ ੮੦ ਸਾਲ ਦੀ ਉਮਰ ਭੋਗਕੇ ਸੰ: ੧੪੦੭ ਵਿਚ ਚੜ੍ਹਾਈ ਕੀਤੀ। ਆਪ ਦੀ ਸਮਾਧ ਪੰਧਾਰ ਪੁਰ ਵਿਚ ਹੈ, ਆਪਦਾ ਇਕ ਪ੍ਰਸਿਧ ਅਸਥਾਨ ਪੰਜਾਬ ਜ਼ਿਲਾ ਗੁਰਦਾਸ ਪੁਰ ਘੁਮਾਣਾ ਪਿੰਡ ਵਿਚ ਵੀ ਹੈ ਜਿਥੇ ਮਾਘ ਨੂੰ ਇਕ ਮੇਲਾ ਲੱਗਦਾ ਹੈ।

## ਭਗਤ ਤ੍ਰਿਲੋਚਨ ਜੀ ਤੇ ਜੈ ਚੰਦ

ਭਗਤ ਤ੍ਰਿਲੋਚਨ ਜੀ ਦਾ ਜਨਮ ਸੰ: ੧੨੬੭ ਈਸਵੀ ਵਿਚ ਸੂਬਾ ਬੰਬਈ ਜ਼ਿਲਾ ਸ਼ੋਲਾਪੁਰ ਪਿੰਡ ਪੰਧਾਰ ਪੁਰ ਜਾਂ ਇਸਦੇ ਕਿਧਰੇ ਲਾਗੇ ਹੋਇਆ, ਆਪ ਸੰਤਾਂ ਦੀ ਬੜੀ ਸੇਵਾ ਕਰਦੇ ਸਨ,ਆਪਦੇ ਪਾੜ ਪੜੋਸਣ ਵਾਲੇ ਸ਼ਬਦ ਤੋਂ ਸਿਧ ਹੁੰਦਾ ਹੈ ਕਿ ਆਇਆਂ ਗਿਆਂ ਅਭਯਾਗਤਾਂ ਦੀ ਬੜੀ ਸੇਵਾ ਕਰਦੇ ਸਨ, ਆਪਦ ਅੰਤਰਜਾਮੀ ਵਾਲੀ ਸਾਖੀ ਪ੍ਰਸਿਧ ਹੈ ਜੋ ਪ੍ਰਮੇਸ਼ਰ ਆਪ ਆਕੇ ਆਪ ਦੇ ਘਰ ਨੌਕਰ ਰਿਹਾ ਸੀ, ਆਪਨੇ ਜੈ ਚੰਦ ਪੰਡਤ ਨੂੰ ਭਰਮ ਵਿਚੋਂ ਕਢਿਆ, ਆਪਦੇ ਚਾਰ ਸ਼ਬਦ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਵਿਚ ਹਨ।

## ਭਗਤ ਪਰਮਾਨੰਦ ਜੀ

ਭਗਤ ਪਰਮਾ ਨੰਦ ਜੀ ਸੂਬਾ ਬੰਬਈ ਜ਼ਿਲਾ ਸ਼ੋਲਾਪੁਰ ਦੇ ਬਾਰਸੀ ਪਿੰਡ ਵਿਚ ਸੰਨ ੧੩੮੯ ਈਸਵੀ ਵਿਚ ਪ੍ਰਗਟੇ ਆਪ ਬੜੇ ਗਵੱਯੇ ਤੇ ਕਵੀ ਸਨ, ਆਪ ਦਾ ਇਕ ਸ਼ਬਦ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਰਾਗ ਬਸੰਤ ਵਿਚ ਹੈ।

## ਭਗਤ ਸਧਨਾ ਜੀ

ਭਗਤ ਸਧਨਾ ਜੀ ਨੇ ਮੁਲਕ ਸਿੰਧ ਪਿੰਡ ਸਹਿਵਾਨ ਵਿਚ ੧੧੮੦ ਈਸਵੀ ਨੂੰ ਜਨਮ ਲਿਆ, ਆਪ ਮੁਸਲਮਾਨ ਸਨ ਆਪਦਾ ਪਿਤਾ ਕਸਾਈ ਦਾ ਕੰਮ ਕਰਦਾ ਸੀ, ਆਪ ਸਾਲਗਰਾਮ ਦੀ ਪੂਜਾ ਕਰਦੇ ਸਨ, ਏਸੇ ਨਾਲ ਮਾਸ ਤੋਲਕੇ ਵੇਚਿਆ ਕਰਦੇ ਸਨ। ਇਕ ਦਿਨ ਇਕ ਸਾਧ ਨੇ ਆਪਦੇ ਪਾਸੋਂ ਇਹ ਵੱਟਾ ਖੋਹ ਲਿਆ ਤੇ ਦਰਿਆ ਉਤੇ ਜਾਕੇ ਇਸ਼ਨਾਨ ਕਰਾਇਆ ਪਰ ਓਹ ਸਾਲਗਰਾਮ ਸਗੋਂ ਬਹੁਤ ਗੁੱਸੇ ਹੋ ਗਿਆ, ਓੜਕ ਸਾਧ ਨੇ ਆਕੇ ਮੋੜ ਦਿਤਾ ਤੇ ਸਾਰੀ ਕਥਾ ਸੁਣਾਈ, ਭਈ ਭਗਤਾ ਇਹ ਸਾਲਗਰਾਮ ਸਾਂਭ ਲੈ, ਇਸ ਦਾ ਮੇਰੇ ਪਾਸ ਜੀਅ ਨਹੀਂ ਲਗਦਾ ਇਹ ਰਾਹ ਵਿਚ ਵਿੱਟਰ ਬੈਠਾ ਸੀ ਤੇ ਮੇਰੇ ਕੁਛੜੋਂ ਡਿਗ ੨ ਪੈਂਦਾ ਸੀ।

ਇਕ ਦਿਨ ਸਮੇਂ ਦੇ ਹਾਕਮ ਨੇ ਪੰਡਤਾਂ ਦੇ ਆਖਣ ਨਾਲ ਆਪਨੂੰ ਫੜ ਲਿਆ ਕਿ ਆਪ ਮੁਸਲਮਾਨ ਹੋਕੇ ਠਾਕਰਾਂ ਦੀ ਪੂਜਾ ਕਿਉਂ ਕਰਦੇ ਹਨ ? ਇਸ ਕਰਕੇ ਬੜਾ ਦੁਖ ਦਿਤਾ ਪਰ ਸਧਨਾ ਜੀ ਦੇ ਠਾਕਰ ਦਰਿਆ ਵਿਚ ਤਰਦੇ ਰਹੇ ਤੇ ਪੰਡਤਾਂ ਦੇ ਡੁਬ ਗਏ, ਇਸ ਕਰਾਮਾਤ ਨੂੰ ਵੇਖਕੇ ਪੰਡਤਾਂ ਦੀ ਬੜੀ ਹਤਕ ਹੋਈ ਤੇ ਸਧਨੇ ਨੂੰ ਨੀਂਹ ਵਿਚ ਚਿਣਾਇਆ ਗਿਆ। ਉਸ ਵੇਲੇ ਦਾ ਇਕ ਸ਼ਬਦ ਆਪਦਾ ਰਾਗ ਬਿਲਾਵਲ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਵਿਚ ਹੈ ਓਥੇ ਪ੍ਰਮੇਸ਼ਰ ਨੇ ਆਪਦੀ ਸਹੈਤਾ ਕੀਤੀ।

## ਭਗਤ ਬੇਣੀ ਜੀ

ਭਗਤ ਬੇਣੀ ਜੀ ਸਾਰਿਆਂ ਭਗਤਾਂ ਤੋਂ ਪੈਹਲਾਂ ਹੋਏ ਹਨ, ਆਪਦੇ ਤਿੰਨ ਸ਼ਬਦ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਵਿਚ ਇਕ ਸਿਰੀ ਰਾਗ, ਦੂਸਰਾ ਰਾਮਕਲੀ, ਤੀਸਰਾ ਪ੍ਰਭਾਤੀ ਹਠ ਯੋਗ ਭਾਵ ਦੇ ਉਤੇ ਹੈ।

## ਭਗਤ ਰਾਮਾਨੰਦ ਜੀ

ਭਗਤ ਰਾਮਾ ਨੰਦ ਜੀ ਭਗਤ ਰਾਮਾ ਨੁਜ ਦੀ ਗੱਦੀ ਉਤੇ ਚੌਥੇ ਥਾਂ ਬੈਠੇ, ਆਪ ਗੌੜ ਬਾਹਮਣ ਸਨ, ਆਪਦਾ ਜਨਮ ਸੰਮਤ ੧੩੯੯ ਬਿ: ਤੇ ੧੩੪੨ ਈਸਵੀ ਨੂੰ ਮੇਲ ਕੋਟ ਪਿੰਡ ਵਿਚ ਹੋਇਆ, ਬੈਰਾਗੀ ਮਤ ਆਪਨੇ ਹੀ ਚਲਾਇਆ ਹੈ, ਆਪਦੇ ਪ੍ਰਸਿਧ ਚੇਲੇ ਪੀਪਾ, ਸੈਨ, ਧੰਨਾ, ਰਵਿਦਾਸ, ਕਬੀਰ ਭਗਤ ਆਦਿਕ ਹਨ। ਰਾਗ ਬਸੰਤ ਵਿਚ ਇਕ ਸ਼ਬਦ ਆਪ ਜੀ ਦਾ ਹੈ ਜਿਸਦਾ ਭਾਵ ਹੈ ਕਿ ਪ੍ਰਮੇਸ਼ਰ ਆਦਮੀ ਦੇ ਅੰਦਰ ਹੀ ਹੈ।

## ਭਗਤ ਧੰਨਾ ਜੀ

ਭਗਤ ਧੰਨਾ ਜੀ ਦਾ ਜਨਮ ੧੪੧੫ ਈਸਵੀ ਨੂੰ ਧੌਣ ਪਿੰਡ ਰਾਜਪੂਤਾਨੇ ਵਿਚ ਹੋਇਆ, ਆਪ ਛੋਟੀ ਉਮਰ ਤੋਂ ਹੀ ਇਕ ਬ੍ਰਾਹਮਣ ਦੀ ਸਿਖਿਆ ਨਾਲ ਬੁਤ ਪੂਜਾ ਕਰਦੇ ਰਹੇ ਤੇ ਉਸਦੇ ਨ ਅੰਨ ਖਾਣ ਤੋਂ ਆਪ ਅੰਨ ਛੱਡ ਬੈਠੇ, ਓੜਕ ਨੂੰ ਆਪ ਰਾਮਾਨੰਦ ਨੂੰ ਕਾਂਸ਼ੀ ਵਿਚ ਜਾਕੇ ਮਿਲੇ ਤੇ ਪੂਰਨ ਭਗਤ ਹੋਏ, ਵਾਹੀ ਕਰਕੇ ਭਲਿਆਂ ਪੁਰਸ਼ਾਂ ਦੀ ਸੇਵਾ ਕਰਦੇ ਰਹੇ। ਆਪਦੇ ਚਾਰ ਸ਼ਬਦ ਰਾਗ ਆਸਾ ਤੇ ਧਨਾਸਰੀ ਵਿਚ ਹਨ।

## ਭਗਤ ਪੀਪਾ ਜੀ

ਭਗਤ ਪੀਪਾ ਜੀ ਗਰੂ ਨਗੜ ਦੇ ਰਾਜਾ ਸਨ ਆਪਦਾ ਜਨਮ ਸੰਨ੧੪੨੫ ਈਸਵੀ ਨੂੰ ਹੋਇਆ, ਆਪ ਸੰਤਾਂ ਦੇ ਬੜੇ ਮੇਲੀ ਸਨ ਤੇ ਗਰੀਬਾਂ ਦੀ ਬੜੀ ਸੇਵਾ ਕਰਦੇ ਸਨ। ਆਪ ਪਹਿਲੇ ਦੁਰਗਾ ਦੇ ਉਪਾਸ਼ਕ ਸਨ ਫੇਰ ਰਾਮਾਨੰਦ ਦੇ ਚੇਲੇ ਬਣ ਗਏ ਸਨ, ਪਹਿਲੋਂ ਜਦੋਂ ਰਾਮਾਨੰਦ ਪਾਸ ਆਏ ਤਾਂ ਰਾਮਾਨੰਦ ਨੇ ਦਰਸ਼ਨ ਨਾ ਦਿਤੇ ਭਈ ਸਾਡਾ ਰਾਜਿਆਂ ਨਾਲ ਕੀ ਕੰਮ ਹੈ ਅਸੀਂ ਤਾਂ ਸਾਧੂ ਹਾਂ। ਤਾਂ ਪੀਪਾ ਜੀ ਨੇ ਏਸੇ ਵੈਰਾਗ ਵਿਚ ਰਾਜ ਤਿਆਗ ਦਿਤਾ ਤੇ ਸੰਤ ਬਣ ਗਏ। ਫੇਰ ਜਦੋਂ ਰਾਮਾਨੰਦ ਦੇ ਪਾਸ ਆਏ ਤਾਂ ਉਸ ਨੇ ਦਰਸ਼ਨ ਦਿਤਾ ਤੇ ਉਪਦੇਸ਼ ਦੇਕੇ ਨਿਹਾਲ ਕੀਤਾ। ਰਾਮਾਨੰਦ ਦੇ ਆਖਣ ਉਤੇ ਫੇਰ ਰਾਜ ਕੀਤਾ, ਜਦੋਂ ਰਾਮਾਨੰਦ ਨੇ ਆਪਦੀ ਰਿਆਸਤ ਵਿਚ ਆਕੇ ਆਪ ਦਾ ਸਾਦਾ ਜੀਵਣ ਸਾਧਾਂ ਸੰਤਾਂ ਦੀ ਸੇਵਾ, ਗਰੀਬਾਂ ਦੀ ਪਾਲਣਾ, ਇੱਕੁਰ ਦਾ ਚੰਗਾ ਕੰਮ ਵੇਖਿਆ ਤਾਂ ਬੜੇ ਖੁਸ਼ ਹੋਏ ਓੜਕ ਨੂੰ ਆਪਨੇ ਰਾਜ ਤਿਆਗਕੇ ਸਾਰਾ ਸਮਾਂ ਸੰਤਾਂ ਦੇ ਸਤਸੰਗ ਤੇ ਗਰੀਬਾਂ ਦੀ ਪਾਲਣਾ ਵਿਚ ਬਤੀਤ ਕੀਤਾ, ਆਪਦੀ ਰਾਣੀ ਸੀਤਾ ਸੀ, ਇਹ ਵੀ ਸਾਰੀ ਉਮਰ ਆਪਦੇ ਨਾਲ ਹੀ ਰਹੀ। ਆਪ ਜੀ ਦਾ ਇਕ ਸ਼ਬਦ ਰਾਗ ਧਨਾਸਰੀ ਦਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਵਿਚ ਹੈ। ਆਪ ਦੇ ਜੀਵਨ ਤੋਂ ਬਹੁਤ ਸਿਖਿਆ ਮਿਲਦੀ ਹੈ।

## ਭਗਤ ਸੈਣ ਜੀ

ਭਗਤ ਸੈਣ ਜੀ ਨਾਈ ਸਨ, ਆਪਦਾ ਜਨਮ ਸੰਨ ੧੪੫੭ ਈਸਵੀ ਨੂੰ ਸਾਧੂ ਗੜ ਪਿੰਡ ਵਿਚ ਹੋਇਆ ਆਪ ਰੀਵਾ ਰਿਆਸਤ ਦੇ ਰਾਜਾ (ਰਾਜਾ ਰਾਮ) ਦੇ ਨਾਈ ਸਨ, ਰਾਤ ਦਿਨੇ ਰਾਜਾ ਦੀ ਸੇਵਾ ਕਰਦੇ ਸਨ, ਇਕ ਦਿਨ ਆਪਨੂੰ ਸੰਤਾਂ ਸਾਧਾਂ ਦੇ ਲਭਦਿਆਂ ੨ ਰਾਮਾ ਨੰਦ ਜੀ ਮਿਲ ਗਏ ਤੇ ਆਪਦਾ ਜੀਵਨ ਸੌਰ ਗਿਆ, ਆਪ ਸੰਤਾਂ ਦੇ ਐਡੇ ਸਤਸੰਗੀ ਸਨ ਕਿ ਇਕ ਦਿਨ ਸਤਸੰਗ ਕਰਦਿਆਂ ਸਾਰੀ ਰਾਤ ਬੀਤ ਗਈ ਤੇ ਰਾਜਾ ਦੀ ਸੇਵਾ ਕਰਨੀ ਚੇਤੇ ਨ ਰਹੀ ਤੇ ਓਥੇ ਆਪਦੀ ਥਾਂ ਪਰਮੇਸ਼ਰ ਸੇਵਾ ਕਰਨ ਗਿਆ। ਰਾਜਾ ਦੀਆਂ ਲੱਤਾਂ ਨੂੰ ਪੀੜ ਸੀ ਓਸੇ ਵੇਲੇ ਉਹ ਪੀੜ ਹਟ ਗਈ,ਜਦੋਂ ਆਪ ਸਵੇਰੇ ਆਏ ਤਾਂ ਰਾਜਾ ਬੜਾ ਖੁਸ਼ ਹੋਇਆ ਤੇ ਆਪਨੂੰ ਗੁਰੂ ਧਾਰਨ ਕਰ ਲਿਆ ਤੇ ਇਹ ਰਿਆਸਤ ਬੜੇ ਸੁਖ ਨਾਲ ਵਸੀ। ਆਪਦਾ ਇਕ ਸ਼ਬਦ ਰਾਗ ਧਨਾਸਰੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਵਿਚ ਹੈ।

## ਭਗਤ ਕਬੀਰ ਜੀ

ਭਗਤ ਕਬੀਰ ਜੀ ਦਾ ਜਨਮ ੧੪੫੫ ਜੇਠ ਸੁਦੀ ਪੂਰਨਮਾਸ਼ੀ ਬਨਾਰਸ ਤੋਂ ਥੋੜੀ ਦੂਰ ਜਿਥੇ ਅਜ ਕਲ ਲੇਹਿਰਾ ਤਾਲ ਹੈ ਨੀਰੂ ਤੇ ਨੀਮਾਂਦੇ ਘਰ ਹੋਇਆ, ਕਈਆਂ ਦਾ ਖਿਆਲ ਹੈ ਕਿ ਇਕ ਬ੍ਰਾਹਮਣ ਦੀ ਲੜਕੀ ਰਾਮਾ ਨੰਦ ਦੀ ਸੇਵਾ ਕਰਦੀ ਹੁੰਦੀ ਸੀ ਰਾਮਾਨੰਦ ਦੇ ਵਰ ਨਾਲ ਉਸ ਕੁਆਰੀ ਕੰਨਯਾਂ ਨੂੰ ਇਹ ਬਾਲ ਜੰਮਿਆ ਜੋ ਰੂੜੀ ਉਤੇ ਸੁਟ ਆਈ ਤੇ ਜੁਲਾਹੇ ਨੀਰੂ ਨੇ ਤੇ ਉਸ ਦੀ ਇਸਤ੍ਰੀ ਨੀਮਾਂ ਨੇ ਜਦੋਂ ਸਵੇਰੇ ਤਾਣੀ ਸਾਫ ਕਰਨ ਬਾਹਰ ਗਏ ਬਾਲ ਨੂੰ ਪਿਆ ਵੇਖਕੇ ਚੁਕ ਲਿਆ ਤੇ ਪੁਤ੍ਰ ਜਾਣਕੇ ਪਾਲਿਆ।

ਆਪ ਦੀ ਇਸਤ੍ਰੀ ਲੋਈ ਸੀ ਜਿਸਨੂੰ ਪ੍ਰੇਮ ਭਾਵਨਾ ਨਾਲ ਧਨੀਆਂ ਤੇ ਰਾਮਜਨੀਆਂ ਵੀ ਸਾਧ ਸੰਤ ਆਖਦੇ ਸਨ, ਮੁਸਲਮਾਨਾਂ ਦੇ ਘਰ ਵਿਚ ਰਹਿਣ ਕਰਕੇ ਵੀ ਆਪਦੇ ਖਿਆਲ ਪਵਿਤਰਤਾ ਤੇ ਹਿੰਦੂਆਂ ਵਾਲੇ ਸਨ, ਪਰ ਪਰਚਾਰ ਆਪਨੇ ਅੱਡਰੇ ਹੀ ਖੁਲਾਸੇ ਮੱਤ ਦਾ ਕੀਤਾ ਹੈ, ਸੰਤਾਂ ਦੀ ਸੇਵਾ ਇਤਨੀ ਕਰਦੇ ਸਨ ਕਿ ਆਪ ਤੋਂ ਟੱਬਰ ਤੰਗ ਆ ਜਾਂਦਾ ਸੀ।

ਪੰਡਤ ਤੇ ਮੁਸਲਮਾਨ ਈਰਖਾ ਕਰਦੇ ਸਨ ਇਸ ਕਰਕੇ ਸਕੰਦਰ ਲੋਦੀ ਨੇ ਆਪਨੂੰ ਫੜ ਲਿਆ ਤੇ ਉਸ ਵੇਲੇ ਪਰਮੇਸ਼ਰ ਨੇ ਆਪਦੀ ਰਖਿਆ ਕੀਤੀ ਤੇ ਆਪਨੇ ਬਾਦਸ਼ਾਹ ਨੂੰ ਉਪਦੇਸ਼ ਦਿਤਾ।

ਸਾਰੀ ਉਮਰ ਕਾਂਸ਼ੀ ਵਿਚ ਰਹਿਕੇ ਸਰੀਰ ਤਿਆਗਣ ਵੇਲੇ ਮਗਹਰ ਵਿਚ ਆਏ ਤੇ ਦਸਿਆ, ਮੁਕਤੀ ਕਾਂਸ਼ੀ ਵਿਚ ਨਹੀਂ ਹੈ ਇਹ ਖਿਆਲ ਹਿੰਦੂਆਂ ਦਾ ਰੱਦ ਕੀਤਾ।

ਇਕ ਬ੍ਰਾਹਮਣ ਨੂੰ ਸਚਾ ਜਨੇਊ ਦਸਿਆ ਜੋ ਆਸਾ ਰਾਗ ਵਿਚ ਹੈ ਕਿ ਮੇਰੇ ਘਰ ਤਾਂ ਸਾਰਾ ਤਾਣਾਂ ਹੀ ਜਨੇਊ ਹੈ।

ਆਪਦੇ ਸਾਰੇ ਸ਼ਬਦ ਪੜ੍ਹੀਏ ਤਾਂ ਆਪਦਾ ਜੀਵਨ ਬੜਾ ਸੁਆਦਲਾ ਦੀਹਦਾ ਹੈ ਆਪਦੇ ਸ਼ਬਦਾਂ ਤੋਂ ਆਪਦਾ ਜੀਵਨ ਬਹੁਤਾ ਹੱਡ ਬੀਤਿਆ ਪ੍ਰਗਟ ਹੁੰਦਾ ਹੈ।

੧੧੯ ਸਾਲ ਪੰਜ ਮਹੀਨੇ ੨੭ ਦਿਨ ਦੀ ਉਮਰ ਭੋਗਕੇ ਆਪਨੇ ਚੜ੍ਹਾਈ ਕੀਤੀ। ਆਪਦਾ ਰਵਿਦਾਸ ਭਗਤ ਨਾਲ ਬੜਾ ਪ੍ਰੇਮ ਸੀ, ਆਪਦੇ ਅੰਤ ਸਮੇਂ ਵਿਚ ਹਿੰਦੂਆਂ ਮੁਸਲਮਾਨਾਂ ਵਿਚ ਝਗੜਾ ਪੈ ਗਿਆ, ਕਾਂਸ਼ੀ ਦਾ ਮੀਰ ਸਿੰਘ ਰਾਜਾ ਸਸਕਾਰ ਕਰਨਾ ਚਾਹੁੰਦਾ ਸੀ ਤੇ ਗੋਰਖ ਪੁਰ ਦਾ ਨਵਾਬ ਬਿਜਲੀ ਖਾਨ ਦੱਬਣਾ ਚਾਹੁੰਦਾ ਸੀ ਸੋ ਦੋਹਾਂ ਨੇ ਸਮਾਧ ਤੇ ਕਬਰ ਬਣਾਈ।

## ਭਗਤ ਰਵਿਦਾਸ ਜੀ

ਭਗਤ ਰਵਿਦਾਸ ਜੀ ਦਾ ਜਨਮ ਸੰ: ੧੪੫੬ ਮੱਘਰ ਮਹੀਨੇ ਹੋਇਆ, ਆਪਦੇ ਪਿਤਾ ਦਾ ਨਾਮ ਸੰਤਖਾ ਤੇ ਮਾਤਾ ਦਾ ਨਾਮ ਇਿਜਾਰੀ ਸੀ,ਆਪ ਨੇ ਵੀ

ਰਾਮਾਨੰਦ ਤੋਂ ਹੀ ਉਪਦੇਸ਼ ਲਿਆ ਤੇ ਕਬੀਰ ਜੀ ਦੇ ਬੜੇ ਸਤਸੰਗੀ ਸਨ, ਆਪਦੇ ਮਾਤਾਪਿਤਾ ਚੰਗੇ ਗੁਜ਼ਾਰੇ ਵਾਲੇ ਸਨ, ਆਪਨੂੰ ਜੋ ਕੁਛ ਘਰ ਤੋਂ ਮਿਲਦਾ ਸੰਤਾਂ ਨੂੰ ਦੇ ਛੱਡਦੇ ਸਨ ਇਸ ਲਈ ਵਿਆਹ ਹੋਣ ਦੇ ਮਗਰੋਂ ਮਾਪਿਆਂ ਨੇ ਵੱਖ ਕਰ ਦਿਤਾ ਫਿਰ ਆਪ ਜੁੱਤੀਆਂ ਗੰਢਕੇ ਗੁਜ਼ਾਰਾ ਕਰਦੇ ਰਹੇ, ਪੰਡਤ ਲੋਕ ਆਪਦੀ ਸੋਭਾ ਸੁਣਕੇ ਬੜੀ ਈਰਖਾ ਕਰਦੇ ਸਨ, ਜਦੋਂ ਚਤੌੜ ਦੀ ਰਾਣੀ ਝਾਲਾਂ ਆਪਦੀ ਸੇਵਕਨ ਬਣ ਗਈ ਤਾਂ ਆਪ ਦਾ ਹੋਰ ਵੀ ਮਾਣ ਪ੍ਰਤਾਪ ਵਧ ਗਿਆ, ਆਪ ਦੇ ਰਚਿਤ ੪੧ ਸ਼ਬਦ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਹਨ।

## ਭਗਤ ਫਰੀਦ ਜੀ

ਭਗਤ ਫ਼ਰੀਦ ਜੀ ਰਮਜ਼ਾਨ ਦੇ ਮਹੀਨੇ ੫੬੯ ਹਿਜਰੀ ਤੇ ੧੧੭੩ ਈਸਵੀ ਨੂੰ ਮੁਲਤਾਨ ਦੇ ਕੋਲ ਕੋਠੀਆ ਵਾਲ ਪਿੰਡ ਵਿਚ ਪ੍ਰਗਟ ਹੋਏ, ਆਪਦੇ ਪਿਤਾ ਦਾ ਨਾਮ ਸ਼ੇਖ ਜਮਾਉਲ ਦੀਨ ਤੇ ਮਾਤਾ ਦਾ ਨਾਮ ਮੇਰੀਅਮ ਜਾਂ ਕੁਰੇਸ਼ਮ ਸੀ। ਇਹ ਹਜ਼ਰਤ ਅਲੀ ਦੇ ਖ਼ਾਨਦਾਨ ਵਿਚੋਂ ਸੀ; ਇਹੋ ਹੀ ਫਰੀਦ ਜੀ ਦਾ ਗੁਰੂ ਬਣ ਗਈ। ਛੋਟੀ ਉਮਰ ਤੋਂ ਹੀ ਪੁਤ੍ਰ ਨੂੰ ਬੰਦਗੀ ਵਿਚ ਲਾਈ ਰਖਿਆ, ਜਦ ਫਰੀਦ ਜੀ ਨੇ ਪੁਛਣਾ ਅੰਮਾਂ ਜਾਨ ਹਰ ਵੇਲੇ ਜ਼ਿੱਕਰ ਕਰਨ ਨਾਲ ਕੀ ਮਿਲਦਾ ਹੈ ਤਾਂ ਮਾਂ ਨੇ ਆਖਣਾ ਸ਼ੱਕਰ ਤੇ ਜ਼ਿੱਕਰ ਆਖਕੇ ਓਸੇ ਵੇਲੇ ਸ਼ੱਕਰ ਤਲੀ ਉਤੇ ਰਖ ਦੇਣੀ, ਇਸ ਲਈ ਆਪਦਾ ਸ਼ੱਕਰ ਨਾਲ ਬੜਾ ਪਿਆਰ ਹੋਣ ਨਾਲ ਲੋਕ ਆਪਨੂੰ ਸ਼ੱਕਰ ਗੰਜ ਆਖਣ ਲਗ ਪਏ।

ਮਾਤਾ ਦੀ ਮੇਹਨਤ ਨਾਲ ਕੁਰਾਨ ਪੰਜ ਸਾਲ ਦੇ ਨੇ ਕੰਠ ਕਰ ਲਿਆ, ਆਪਨੂੰ ਵਿਦਿਆ ਵੀ ਬੜੀ ਪੜ੍ਹਾਈ ਗਈ ਸੀ। ਜਦੋਂ ਆਪ ਮੱਕੇ ਦਾ ਹੱਜ ਕਰਨ ਗਏ ਤਾਂ ਹਜ਼ਰਤ ਗਿਆਸ ਅਬਦੁਲਾ ਕਾਦਰ ਜਲਾਨੀ ਨਾਲ ਆਪਦਾ ਮੇਲ ਹੋਇਆ ਓਹ ਆਪਦੇ ਨੇਕ ਚਾਲ ਚਲਨ ਤੇ ਬੜਾ ਪਰਸੰਨ ਹੋਇਆ, ਤੇ ਉਹ ਲੋਹੇ ਦਾ ਸੰਦੂਕ ਆਪ ਨੂੰ ਸਿਰੋ ਪਾ ਦਿਤਾ ਜਿਸ ਵਿਚ ਮੁਹੰਮਦ ਸਾਹਿਬ ਦੇ ਦੋ ਡੰਡੇ, ਇਕ ਲਕੜੀ ਦਾ ਪਿਆਲਾ ਤੇ ਕੇਸਰੀ ਪਗੜੀ ਦੁਪੱਟਾ ਆਦਕ ਵਸਤੂਆਂ ਸਨ। ਆਪ ਨੇ ਮੱਕੇ ਮਦੀਨੇ ਤੋਂ ਆਕੇ ਆਪਣੇ ਉਸਤਾਦ ਕੁਤਬਦੀਨ ਪਾਸ ਕੁਛ ਸਮਾਂ ਗੁਜ਼ਾਰਿਆ। ਜਦ ਆਪ ਦਿਲੀ ਆਏ ਤਾਂ ਕਾਜ਼ੀਆਂ ਨੇ ਬੜੀ ਈਰਖਾ ਕੀਤੀ, ਇਸ ਲਈ ਆਪ ਪਾਕ ਪਟਨ ਆ ਰਹੇ।

ਮਾਤਾ ਦੀ ਪ੍ਰੇਰਨਾ ਨਾਲ ਬਾਰਾਂ ਬਾਰਾਂ ਸਾਲ ਦੇ ਆਪ ਨੇ ਤਿੰਨ ਤਪ ਕੀਤੇ, ਪਹਿਲਾਂ ਦਰਖਤਾਂ ਦੇ ਪੱਤੇ ਖਾਕੇ, ਦੂਜਾ ਕਾਠ ਦੀ ਰੋਟੀ ਪੇਟ ਨਾਲ ਬੰਨਕੇ, ਤੀਜਾ ਪੁੱਠਿਆ ਲਟਕ ਕੇ।

ਆਪ ਦੀਆਂ ਚਾਰ ਸ਼ਾਦੀਆਂ ਸਨ, ਇਕ ਸ਼ਾਦੀ ਆਪ ਦੀ ਦਿਲੀ ਦੇ ਬਾਦਸ਼ਾਹ ਨਸੀਰਉਦੀਨ ਦੀ ਲੜਕੀ ਹਜ਼ਾਬਰਾ ਨਾਲ ਹੋਈ। ਇਸ ਨੇ ਵੀ ਆਪਣੇ ਪਤੀ ਦੀ ਆਗਿਆ ਨਾਲ ਸਾਦਾ ਜੀਵਨ ਕਰ ਲਿਆ ਤੇ ਜੇਹੜੀ ਦੌਲਤ ਪਿਤਾ ਪਾਸੋਂ ਮਿਲੀ ਓਹ ਫਰੀਦ ਦੀ ਆਗਿਆ ਨਾਲ ਗਰੀਬਾਂ ਨੂੰ ਵੰਡ ਦਿਤੀ,

ਇਸ ਵਿਚੋਂ ਪੰਜ ਪੁਤਰ ੩ ਧੀਆਂ ਹੋਈਆਂ। ਆਪ ਨੇ ੧੨੬੬ ਈਸਵੀ ਨੂੰ ਪਾਕ ਪਟਨ ਹੀ ਚੜ੍ਹਾਈ ਕੀਤੀ ਰਹਿਣ ਵਾਲੀ ਥਾਂ ਹੀ ਆਪ ਨੂੰ ਦਫਨ ਕੀਤਾ ਗਿਆ, ਆਪ ਦਾ ਉਪਦੇਸ਼ ਥੋੜਾ ਖਾਣਾ ਥੋੜਾ ਸੌਣਾ ਥੋੜਾ ਬੋਲਣਾ ਤੇ ਸੰਸਾਰ ਨਾਲ ਵੀ ਥੋੜਾ ਸੰਬੰਧ ਰੱਖਣਾ ਸੀ, ਰਮਜ਼ਾਨ ਦੇ ਮਹੀਨੇ ਏਥੇ ਮੇਲਾ ਲਗਦਾ ਹੈ।

ਆਪ ਦੀ ਗੱਦੀ ਉਤੇ ਪਿਛੋਂ ਚੰਗੇ ੨ ਜੀਵਨ ਵਾਲੇ ਬੈਠਦੇ ਰਹੇ ਹਨ, ਉਹ ਵੀ ਫਰੀਦ ਸ਼ੱਕਰ ਗੰਜ ਹੀ ਅਖਵਾਂਦੇ ਰਹੇ ਹਨ, ਜਿਸ ਫਰੀਦ ਦੀ ਰਚਨਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਹੈ ਓਹ ਸ਼ੇਖ ਬਰਾਹਮ ਜੀ ਜਾਂ ਇਬਰਾਹੀਮ ਜੀ ਆਖਦੇ ਹਨ। ਇਹਨਾਂ ਦੇ ਪਾਸ ਫਰੀਦ ਜੀ ਦੀ ਬਾਣੀ ਦੀ ਸੈਂਚੀ ਸੀ ਓਹ ਇਹਨਾਂ ਨੇ ਗੁਰੂ ਜੀ ਨੂੰ ਦਿਤੀ ਸੀ, ਇਹ ਬਾਣੀ ਗੱਦੀ ਨਾਲ ਅਮਾਨਤ ਦਿਤੀ ਜਾਂਦੀ ਸੀ। ਸ਼ੇਖ ਬਰਾਹਮ ਜੀ ਨਾਲ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਮੇਲ ਹੋਇਆ ਸੀ। ਸ਼ੇਖ ਬਰਾਹਮ ਜੀ ਖੁਆਜਾ ਸ਼ੇਖ ਮਹਿਮੂਦ ਦੇ ਪੁਤਰ ਸਨ, ਆਪ ੪੨ ਸਾਲ ਫਰੀਦ ਜੀ ਦੀ ਗੱਦੀ ਉਤੇ ਬੈਠੇ ਸਨ, ੧੫੫੨ ਈਸਵੀ ਵਿਚ ਆਪ ਨੇ ਚੜ੍ਹਾਈ ਕੀਤੀ ਸੀ, ਆਪ ਦੇ ਦਿਤੇ ਹੋਏ ੪ ਸ਼ਬਦ ੧੩੦ ਸਲੋਕ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਹਨ।

## ਭਗਤ ਭੀਖਨ ਜੀ

ਸ਼ੇਖ ਭੀਖਨ ਜੀ ਅਕਬਰ ਬਾਦਸ਼ਾਹ ਦੇ ਵੇਲੇ ਹੋਏ ਹਨ ਆਪ ਦਾ ਜਨਮ ਪਿੰਡ ਪਕੋਣੀ ਜ਼ਿਲਾ ਲਖਨਊ ਵਿਚ ਹੋਇਆ ਸੀ, ਆਪ ਆਪਣੇ ਸਮੇਂ ਦੇ ਬੜੇ ਵਿਦਵਾਨ ਸਨ, ਸਾਰਾ ਕੁਰਾਨ ਆਪਨੂੰ ਜ਼ਬਾਨੀ ਕੰਠ ਸੀ, ਆਪ ਨੇ ੧੫੭੩-੪ ਈਸਵੀ ਵਿਚ ਚੜ੍ਹਾਈ ਕੀਤੀ। ਆਪ ਦੇ ਦੋ ਸ਼ਬਦ ਸੋਰਠ ਰਾਗ ਦੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਹਨ।

## ਭਗਤ ਸੂਰਦਾਸ ਜੀ

ਭਗਤ ਸੂਰਦਾਸ ਜੀ ਬ੍ਰਾਹਮਣ ਸਨ, ਆਪਦਾ ਜਨਮ ੧੫੨੮ ਈਸਵੀ ਵਿਚ ਗੁਆਲੀਆਰ ਦੇ ਪਾਸ ਹੋਇਆ ਸੀ, ਆਪ ਬੜੇ ਸੁੰਦਰ ਸਨ ਕਵਿਤਾ ਤੇ ਰਾਗ ਦੇ ਬੜੇ ਵਿਦਵਾਨ ਸਨ। ਅਕਬਰ ਬਾਦਸ਼ਾਹ ਨੇ ਆਪ ਨੂੰ ਬਹੁਤ ਵਿਦਵਾਨ ਜਾਣਕੇ ਸਨਦਿਆਲਾ (ਅਵਧ) ਦੇ ਇਲਾਕੇ ਦਾ ਹਾਕਮ ਬਣਾ ਦਿਤਾ ਸੀ, ਜਿਥੇ ੧੩ ਲਖ ਦੇ ਲਗ ਭਗ ਆਮਦਨ ਸੀ। ਇਹ ਸਾਰੀ ਆਮਦਨ ਸਾਧਾਂ ਸੰਤਾਂ ਨੂੰ ਖੁਆ ਛਡਦੇ ਸਨ, ਜਦੋਂ ਖਜ਼ਾਨੇਦੀ ਪੜਤਾਲ ਦਾ ਸਮਾਂ ਆਇਆ ਤਾਂ ਥੈਲੀਆਂ ਵਿਚ ਠੀਕਰੀਆ ਭਰਕੇ ਆਪ ਨਸ ਗਏ ਤਾਂ ਅਕਬਰ ਨੇ ਫੜ ਲਿਆ ਤੇ ਕੈਦ ਕਰ ਦਿਤਾ। ਕੈਦ ਵਿਚੋਂ ਬਾਦਸ਼ਾਹ ਨੂੰ ਕਵਿਤਾ ਲਿਖ ਘੱਲੀ, ਤਾਂ ਬਾਦਸ਼ਾਹ ਨੇ ਪ੍ਰਸੰਨ ਹੋਕੇ ਛਡ ਦਿਤਾ। ਫੇਰ ਆਪ ਨੇ ਕੋਈ ਨੌਕਰੀ ਕਰਨੀ ਚੰਗੀ ਨ ਸਮਝੀ, ਬਾਕੀ ਸਾਰੀ ਉਮਰ ਜੰਗਲਾਂ ਵਿਚ ਫਕੀਰ ਬਣਕੇ ਗੁਜ਼ਾਰੀ। ਆਪਦਾ ਇਕ ਸ਼ਬਦ ਤੇ ਇਕ ਤੁਕ ਰਾਗ ਬਸੰਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਵਿਚ ਹੈ।

ਟੀਕਾਕਾਰ—ਬਿਸ਼ਨ ਸਿੰਘ ਗਿਆਨੀ ਖਾਲਸਾ ਕਾਲਜ
ਸ੍ਰੀ ਅੰਮ੍ਰਿਤਸਰ ਜੀ

# ਭੂਮਿਕਾ

ਪਾਠਕ ਜੀ !

ਮੈਂ ਜਦੋਂ ੧੯੫੯ ਬਿ: ਵਿਚ ਕਪੂਰਥਲੀਆਂ ਦੇ ਬੁੰਗੇ ਸ੍ਰੀ ਯੁਤ ਭਾਈ ਸੰਤ ਸਿੰਘ ਜੀ ਗਯਾਨੀ ਪਾਸੋਂ ਪੜ੍ਹਦਾ ਹੁੰਦਾ ਸੀ ਤਦੋਂ ਮੇਰੇ ਮਨ ਵਿਚ ਚਾਹ ਹੋਈ ਕਿ ਇਕ ਸੌਖਾ ਟੀਕਾ ਬਣਾਯਾ ਜਾਵੇ, ਸੋ ਸ੍ਰੀ ਯੁਤ ਭਾਈ ਆਤਮਾ ਸਿੰਘ ਜੀ ਗਯਾਨੀ ਗੁਰਪੁਰ ਨਿਵਾਸੀ ਦੀ ਮੱਦਤ ਨਾਲ ਦਾਸ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸਾਰਾ ਟੀਕਾ ੧੯੬੫ ਬਿ: ਨੂੰ ਅੰਤ ਪ੍ਰਯੰਤ ਤਕ ਤਯਾਰ ਕਰ ਲਿਆ, ਜਿਸ ਵਿਚੋਂ ਏਹ ਟੀਕਾ ਬਾਣੀ ਭਗਤਾਂ ਪੈਹਲੀ ਵਾਰੀ ਜਨਵਰੀ ੧੯੧੨ ਨੂੰ ਦੂਜੀ ਵਾਰੀ ਅਪ੍ਰੈਲ ੧੯੧੭ ਨੂੰ, ਤੀਜੀ ਵਾਰੀ ਜਨਵਰੀ ੧੯੨੦ ਨੂੰ ਚੌਥੀ ਵਾਰੀ ੧੯੨੫ਨੂੰ ਪੰਜਵਾਂ ਵਾਰ ੧੯੨੭ ਤੇ ਹੁਣ ਛੇਵੀਂ ਵਾਰ ੧੯੩੦ ਨੂੰ ਛਪਿਆ ਹੈ। (ਅਤੇ ਭਰੋਸਾ ਹੈ, ਸਹਿਜੇ ੨ ਸਾਰਾ ਹੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਪ੍ਰਕਾਸ਼ਤ ਕਰਾਣ ਦਾ ਯਤਨ ਕਰਾਂਗਾ)

## ਟੀਕੇ ਦੇ ਵਧੇਰੇ ਲਾਭ !

(੧) ਸਮੁੱਚੇ ਸ਼ਬਦਾਂ ਦੀ ਥਾਂ ਇਕ ਯਾ ਦੋ ਤੁਕਾਂ ਦੇ ਅਰਥ ਨਖੇੜਕੇ ਕੀਤੇ ਹਨ।

(੨) ਤੁਕਾਂ ਦੇ ਅਰਥ ਕਰਨ ਤੋਂ ਪੈਹਲੇ ਔਖੇ ਪਦਾਂ ਦੇ ਅਰਥ ਵੀ ਦਿਤੇ ਹਨ।

(੩) ਲੋੜ ਅਨੁਸਾਰ ਸੰਛੇਪ ਤੌਰ ਪੁਰ ਭਾਵਾਰਥ ਵੀ ਦਰਜ ਕੀਤੇ ਹਨ।

(੪) ਕਈ ਥਾਵਾਂ ਪੁਰ ਯਥਾ ਯੋਗ ਫੁਟ ਨੋਟਾਂ ਵਿਚ ਵੀ ਬਾਣੀ ਦੇ ਆਸ਼ੇ ਨੂੰ ਸਪਸ਼ਟ ਕੀਤਾ ਹੈ।

(੫) ਭਗਤਾਂ ਦਾ ਜੀਵਣ ਵੀ ਲਿਖਿਆ ਹੈ।

(੬) ਟੀਕੇ ਦੀ ਬੋਲੀ ਪ੍ਰਚਲਤ ਪੰਜਾਬੀ ਰੱਖੀ ਹੈ ਤੇ ਉਹ ਵੀ ਐਸੀ ਸਰਲ ਕਿ ਅਵਾਣੇ ਸਿਆਣੇ ਸਭ ਸੌਖੇ ਹੀ ਸਮਝ ਸਕਣ॥

ਸੋ ਆਸ਼ਾ ਹੈ ਕਿ ਪ੍ਰਤਿਸ਼ਟਤ ਪਾਠਕ ਮੇਰੀ ਇਸ ਮੇਹਨਤ ਤੋਂ ਲਾਭ ਉਠਾਕੇ ਮੇਰਾ ਉਤਸ਼ਾਹ ਵਧਾਉਣਗੇ ਅਰ ਜੋ ਨਯੁਨਤਾ ਵੇਖਣ ਉਸਦੀ ਕ੍ਰਿਪਾ ਕਰਕੇ ਖਬਰ ਦੇਣ ਤਾਂ ਕਿ ਅਗਲੀ ਐਡੀਸ਼ਨ ਵਿਚ ਪੂਰਨ ਕੀਤੀ ਜਾਵੇ॥

ਗੁਰੂ ਪੰਥ ਦਾ ਦਾਸ—

**ਬਿਸ਼ਨ ਸਿੰਘ ਗਯਾਨੀ, ਖਾਲਸਾ ਕਾਲਜ**

ੴ ਸਤਿਗੁਰਪ੍ਰਸਾਦਿ ॥

# ਸਟੀਕ ਭਗਤ ਬਾਨੀ

## ੴ ਸਤਿਗੁਰਪ੍ਰਸਾਦਿ ॥ ਸਿਰੀ ਰਾਗੁ ॥ ਕਬੀਰ ਜੀਉਕਾ ॥

ਵਾਹਿਗੁਰੂ ਇੱਕ ਹੈ ਸੱਚਾ ਹੈ ਅਤੇ ਗੁਰਾਂ ਦੀ ਕਿਰਪਾ ਨਾਲ ਪਾਪਤ ਹੁੰਦਾ ਹੈ, ਸਿਰੀ ਰਾਗ ਵਿੱਚ ਕਬੀਰ ਜੀ ਉਚਾਰਨ ਕਰਦੇ ਹਨ ॥

**ਏਕੁ ਸੁਆਨ ਕੈ ਘਰਿ ਗਾਵਣਾ ॥**

"ਏਕ ਸੁਆਨ ਦੁਇ ਸੁਆਨੀ ਨਾਲ" ਵਾਲੇ ਸਬਦ ਦੀ ਤਾਰ ਵਿਚ ਗਾਵਣਾ ।

ਇਕ ਮਾਈ ਦਾ ਪੁਤ੍ਰ ਕੋਠੇ ਤੋਂ ਡਿਗਕੇ ਮਰ ਗਿਆ ਸੀ ਤਿਸ ਪ੍ਰਥਾਇ ਕਬੀਰ ਜੀ ਕਹਿੰਦੇ ਹਨ ॥

**ਜਨਨੀ ਜਾਨਤ ਸੁਤੁ ਬਡਾ ਹੋਤੁ ਹੈ**
**ਇਤਨਾ ਕੁ ਨ ਜਾਨੈ ਜਿ ਦਿਨ ਦਿਨ ਅਵਧ ਘਟਤੁ ਹੈ ॥**

ਜਨਨੀ = ਮਤਾ । ਅਵਧ = ਉਮਰ ।

ਮਾਂ ਜਾਣਦੀ ਹੈ ਕਿ ਮੇਰਾ ਪੁਤ੍ਰ ਵਡਾ ਹੁੰਦਾ ਹੈ ਪਰ ਇਹੁ ਨਹੀਂ ਜਾਣਦੀ ਕਿ ਦਿਨ ਦਿਨ ਉਮਰ ਘਟਦੀ ਹੈ ॥

**ਮੋਰ ਮੋਰ ਕਰਿ ਅਧਿਕ ਲਾਡੁ ਧਰਿ**
**ਪੇਖਤਹੀ ਜਮਰਾਉ ਹਸੈ ॥ ੧ ॥**

ਮੋਰ ਮੋਰ = ਮੋੜ ਮੋੜਕੇ ਭਾਵ ਵਾਰੰਵਾਰ ਵਾ ਮੇਰਾ ਮੇਰਾ
ਵਾ ਮੇਰਾ ਮੋਰ ਮੇਰਾ ਹੰਸ । ਪੇਖਤ = ਵੇਖਕੇ ।

ਮੇਰਾ ਮੇਰਾ ਕਰਕੇ ਬਹੁਤ ਲਾਡ ਕਰ ਧਾਰਨ ਕਰਦੀ ਹੈ (ਪਰ) ਵੇਖਕੇ ਜਮ ਰਾਜਾ ਹਸਦਾ ਹੈ ॥

**ਐਸਾ ਤੈਂ ਜਗੁ ਭਰਮਿ ਲਾਇਆ ॥**
**ਕੈਸੇ ਬੂਝੈ ਜਬ ਮੋਹਿਆ ਹੈ ਮਾਇਆ ॥ ੧ ॥ ਰਹਾਉ ॥**

(ਸਨਮੁਖ ਬੇਨਤੀ) "ਹੇ ਵਾਹਿਗੁਰੂ" ਇਕੁਰ ਦਾ ਤੈਂ ਇਹੁ ਜਗਤ ਭਰਮ ਵਿੱਚ ਲਾਇਆ ਹੈ ਕਿ ਜਦ ਇਹੁ ਤੇਰੀ ਮਾਇਆ ਵਿੱਚਮੋਹਿਆ ਹੋਇਆ ਹੈ ਤਦ ਇਹੁ ਤੈਨੂੰ ਕਿੱਕੁਰ ਜਾਣੇ ।

**ਕਹਤ ਕਬੀਰ ਛੋਡਿ ਬਿਖਿਆ ਰਸੁ**
**ਇਤੁ ਸੰਗਤਿ ਨਿਹਚਉ ਮਰਣਾ ॥**

ਕਬੀਰ ਜੀ ਕਹਿੰਦੇ ਹਨ ਕਿ ਹੇ ਭਾਈ ਵਿਸ਼ਿਆਂ ਦਾ ਸੁਆਦ ਛਡ ਦਿਓ, ਕਿ ਏਹਨਾਂ ਦੀ ਸੰਗਤ ਕਰਕੇ ਨਿਸਚੇ ਮਰਣਾ ਹੁੰਦਾ ਹੈ ॥

**ਰਮਈਆ ਜਪਹੁ ਪ੍ਰਾਣੀ *ਅਨਤ ਜੀਵਣ ਬਾਣੀ**
**ਇਨ ਬਿਧਿ ਭਵ ਸਾਗਰੁ ਤਰਣਾ ॥ ੨ ॥**

ਭਵ ਸਾਗਰ = ਸੰਸਾਰ ਸਮੁੰਦਰ ।

ਹੇ ਪ੍ਰਾਣੀ ਸਾਰੇ ਰਮੇ ਹੋਏ (ਵਾਹਿਗੁਰੂ) ਨੂੰ ਜਪੋ ਕਿਉਂਕਿ (ਅਨਤ) ਬਹੁਤ ਜੀਵਣ ਦੀ ਏਹੋ ਹੀ ਬਾਣੀ ਹੈ ਤਾਂਤੇ ਇਸ ਕਰਕੇ ਸੰਸਾਰ ਸਮੁੰਦਰ ਤੋਂ ਤਰਣਾ ਹੁੰਦਾ ਹੈ ।

**ਜਾਂ ਤਿਸੁ ਭਾਵੈ ਤਾ ਲਾਗੈ ਭਾਉ ॥**
**ਭਰਮੁ ਭੁਲਾਵਾ ਵਿਚਹੁ ਜਾਇ ॥**

(ਹੇ ਭਾਈ) ਜੇ ਤਿਸ ਵਾਹਿਗੁਰੂ ਨੂੰ ਭਾਉਂਦਾ ਹੈ ਤਾਂ ਇਸ ਜੀਵ ਨੂੰ (ਭਾਉ) ਪ੍ਰੇਮ ਲਗਦਾ ਹੈ, ਤਦ ਭਰਮ ਭੁਲਾਉਣ ਵਾਲਾ ਵਿਚੋਂ ਚਲਿਆ ਜਾਂਦਾ ਹੈ।

**ਉਪਜੈ ਸਹਜੁ ਗਿਆਨ ਮਤਿ ਜਾਗੈ ॥**
**ਗੁਰਪ੍ਰਸਾਦਿ ਅੰਤਰਿ ਲਿਵ ਲਾਗੈ ॥ ੩ ॥**

ਤਾਂ ਫਿਰ) ਸਹਿਜੇ ਹੀ ਗਿਆਨੁ ਪ੍ਰਗਟ ਹੁੰਦਾ ਹੈ ਅਤੇ ਅਕਲ ਜਾਗਦੀ ਹੈ। ਅਤੇ ਗੁਰਾਂ ਦੀ ਕ੍ਰਿਪਾ ਕਰਕੇ ਅੰਦਰ ਹੀ (ਵਾਹਿਗੁਰੂ ਵੱਲ) ਬ੍ਰਿਤੀ ਲਗਦੀ ਹੈ।

**ਇਤੁ ਸੰਗਤਿ ਨਾਹੀ ਮਰਣਾ ॥ ਹੁਕਮੁ ਪਛਾਣਿ ਤਾ ਖਸਮੈ**
**ਮਿਲਣਾ ॥ ੧ ॥ ਰਹਾਉ ਦੂਜਾ ॥**

ਇਸ ਸੰਗਤ ਕਰਕੇ ਮਰਣਾ ਨਹੀਂ ਹੁੰਦਾ ਜਦ (ਵਾਹਿਗੁਰੂ ਦੇ) ਹੁਕਮ ਨੂੰ ਪਛਾਣੇ ਤਾਂ ਪਤੀ ਪ੍ਰਮਾਤਮਾਂ ਦਾ ਮਿਲਾਪ ਹੁੰਦਾ ਹੈ ।

"ਮਨ ਨੂੰ ਉਪਦੇਸ਼"

**ਸਿਰੀ ਰਾਗੁ ਤ੍ਰਿਲੋਚਨ ਕਾ ॥ ਮਾਇਆ ਮੋਹੁ ਮਨਿ ਆਗਲੜਾ**
**ਪ੍ਰਾਣੀ ਜਰਾ ਮਰਣੁ ਭਉ ਵਿਸਰਿ ਗਇਆ ॥**

---

*ਅਨ = ਹੋਰ, ਤਜੀਵਣ = ਤਿਆਗਣੇ ਯੋਗ ਬਾਣੀ ਹੈ। ਇੱਨ੍ਹ ਰ ਵੀ ਪਾਠ ਅਰਥ ਗਿਆਨੀ ਕਰਦੇ ਹਨ ।

ਆਗਲੜਾ = ਬਹੁਤ ਚਿਰ ਦਾ ਵਾ ਅੱਗ ਵਾਂਗੂੰ ਲੜ ਗਿਆ ਵਾ ਅੱਗ ਦਾ (ਲੜਾ) ਗੱਡਾ।

"ਸਨਮੁਖ ਬੇਨਤੀ" ਮਾਇਆ ਦੇ ਮੋਹ ਕਰਕੇ ਮਨ ਬੰਨ੍ਹਿਆ ਹੋਇਆ ਹੈ ਇਸ ਲਈ ਇਸ ਪ੍ਰਾਣੀ ਨੂੰ (ਜਰਾ) ਬੁਢੇਪੇ ਅਤੇ ਮਰਨ ਦਾ ਡਰ ਭੁਲ ਗਿਆ ਹੈ।

**ਕੁਟੰਬੁ ਦੇਖਿ ਬਿਗਸਹਿ*ਕਮਲਾ ਜਿਉ**

**ਪਰ ਘਰਿ ਜੋਹਹਿ ਕਪਟ ਨਰਾ ॥ ੧ ॥**

ਬਿਗਸਹਿ = ਖੁਸ਼ੀ ਹੋਣਾ। ਕਮਲਾ = ਲਛਮੀ ਵਾ ਸੁਦਾਈ। ਜੋਹਹਿ = ਵੇਖੇ।

ਜਿਕੁਰ ਕਮਲ ਸੂਰਜ ਨੂੰ ਵੇਖਕੇ ਖਿੜਦੇ ਹਨ ਉਕਰ ਹੀ ਜੀਵ ਕੁਟੰਬ ਨੂੰ ਵੇਖਕੇ ਪ੍ਰਫੁਲਤ ਹੁੰਦਾ ਹੈ ਹੇ ਖੋਟੇ ਆਦਮੀ ਪਰਾਏ ਘਰਾਂ ਨੂੰ ਭਾਵ ਪਰਾਈਆਂ ਇਸਤ੍ਰੀਆਂ ਨੂੰ ਕੀ ਵੇਖਦਾ ਹੈਂ ॥

**ਦੂੜਾ ਆਇਓਹਿ †ਜਮਹਿ ਤਣਾ ॥**

ਦੂੜਾ = ਦੌੜਕੇ ਵਾ ਜਮ ਦਾ ਧਾੜਾ ਵਾ ਸੁਨੇਹਾ। ਤਣਾ = ਜੋਰ ਵਾਲਾ ਵਾ ਪੁਤ੍ਰ॥

ਜੋਰ ਵਾਲੇ ਜਮ ਦਾ ਦੂਤ (ਬੁਢੇਪਾ) ਆਇਆ ਹੈ।

**ਤਿਨ ਆਗਲੜੈ ਮੈ ਰਹਣੁ ਨ ਜਾਇ ॥**

**ਕੋਈ ਕੋਈ ਸਾਜਣੁ ਆਇ ਕਹੈ ॥**

ਇਸ ਲਈ ਤਿਸਦੇ (ਆਗਲੜੈ) ਅੱਗੇ ਮੈਥੋਂ ਖੜੋਤਾ ਨਹੀਂ ਜਾਂਦਾ ਵਾ ਕੋਈ ਕੋਈ ਸੱਜਣ (ਸੰਸਾਰ ਵਿੱਚ) ਆਕੇ ਇਕੁਰ ਕਹਿੰਦਾ ਹੈ:-

**ਮਿਲੁ ਮੇਰੇ ਬੀਠੁਲਾ ਲੈ ਬਾਹੜੀ ਵਲਾਇ ॥**

ਬਾਹੜੀ = ਬਾਹਾਂ ॥ ਵਲਾਇ = ਵਲਕੇ ॥

ਹੇ ਮੇਰੇ (‡ਬੀਠੁਲਾ) ਪਜਾਰੇ ਮੈਨੂੰ ਮਿਲ ਅਤੇ ਆਪਣੇ ਗਲ ਨਾਲ ਆਪਣੀਆਂ ਬਾਹਾਂ ਨਾਲ ਪਕੜ ਕੇ ਲਾ ਲੈ ॥

**ਮਿਲੁ ਮੇਰੇ ਰਮਈਆ ਮੈ ਲੇਹਿ ਛਡਾਇ ॥ ੧ ॥ ਰਹਾਉ ॥**

ਹੇ ਮੇਰੇ ਵਾਹਿਗੁਰੂ ਤੂੰ ਮੈਨੂੰ ਮਿਲਕੇ ਛੁਡਾ ਲੈ ॥

**ਅਨਿਕ ਅਨਿਕ ਭੋਗ ਰਾਜ ਬਿਸਰੇ ਪ੍ਰਾਣੀ**

*ਵਾ ਲਛਮੀ ਵਿਸ਼ਨੂੰ ਨੂੰ ਵੇਖਕੇ ਜਿੱਕੁਰ ਖੁਸ਼ੀ ਹੁੰਦੀ ਹੈ ਵਾ ਸੁਦਾਈਆਂ ਵਾਕੁਰ ਅਨੰਦ ਹੁੰਦਾ ਹੈ।

†ਜਮਹਿਤਣਾ = ਜਮ ਦਾਪ੍ਰੇਮੀਦੂਤਵੀ ਹੈ‡ਕਿਸ਼ਨਜੀਦੀਮੂਰਤੀਦਾਨਾਮਹੈ

## ਸੰਸਾਰ ਸਾਗਰ ਪੈ ਅਮਰੁ ਭਇਆ ॥

ਸਾਗਰ = ਸਮੁੰਦ੍ਰ ॥

ਅਨੇਕ ਤਰਾਂ ਦੇ ਰਾਜ ਭਾਗ ਆਦਿਕ ਭੋਗਾਂ ਨੂੰ ਪਾਕੇ ਅਨੇਕ ਆਦਮੀ ਵਾਹਿਗੁਰੂ ਤੋਂ ਭੁੱਲ ਰਹੇ ਹਨ ਅਤੇ ਸੰਸਾਰ ਸਮੁੰਦਰ ਵਿਚ (ਪੈ) ਪੈ ਕੇ (ਲੱਗਕੇ) 'ਵਾ ਪੁਨਾ' ਆਪਣੇ ਆਪ ਨੂੰ ਅਮਰ ਮੰਨ ਰਹੇ ਹਨ।

## ਮਾਇਆ ਮੂਠਾ ਚੇਤਸਿ ਨਾਹੀ
## ਜਨਮੁ ਗਵਾਇਓ ਆਲਸੀਆ ॥ ੨ ॥

ਮੂਠਾ = ਠੱਗਿਆ ਹੋਇਆ ॥

ਮਾਇਆ ਕਰਕੇ ਭੁਲਿਆ ਹੋਇਆ ਆਦਮੀ ਵਾਹਿਗੁਰੂ ਨੂੰ ਯਾਦ ਨਹੀਂ ਕਰਦਾ ਹੇ ਆਲਸੀਆ ਤੈਨੇ ਮਨੁੱਖਾ ਜਨਮ ਉਤਮ ਗਵਾ ਲਿਆ ਹੈ।

## ਬਿਖਮਘੋਰ ਪੰਥਿ ਚਾਲਣਾ ਪ੍ਰਾਣੀ ਰਵਿ ਸਸਿ ਤਹ ਨ ਪ੍ਰਵੇਸੰ।

ਬਿਖਮ = ਔਖਾ ॥ ਘੋਰ = ਭਿਆਨਕ ॥ ਪੰਥ = ਰਸਤਾ ॥

ਰਵਿ = ਸੂਰਜ ॥ ਸਸਿ = ਚੰਦ੍ਰਮਾਂ ॥

ਇਸ ਆਦਮੀ ਨੇ ਔਖੇ ਅਤੇ ਭਿਆਨਕ ਰਸਤੇ ਚਲਣਾ ਹੈ ਓਥੇ ਸੂਰਜ ਚੰਦ੍ਰਮਾਂ ਵੀ (ਪ੍ਰਵੇਸੰ) ਆਕੇ ਚਾਨਣ ਨਹੀਂ ਕਰਦੇ।

## ਮਾਇਆ ਮੋਹੁ ਤਬ ਬਿਸਰਿ ਗਇਆ
## ਜਾਂ ਤਜੀਅਲੇ ਸੰਸਾਰੇ ॥ ੩ ॥

ਜਦੋਂ ਸੰਸਾਰ ਨੂੰ ਇਹ ਜੀਵ ਤਿਆਗਣਾਂ ਕਰਦਾ ਹੈ ਓਦੋਂ ਹੀ ਇਸਨੂੰ ਮਾਇਆ ਦਾ ਮੋਹ ਭੁੱਲ ਜਾਂਦਾ ਹੈ । ਅਥਵਾ ਮਾਇਆ ਦਾ ਪਿਆਰ ਤਦੋਂ ਤੈਨੂੰ ਭੁਲ ਜਾਵੇਗਾ ਜਦੋਂ ਤੂੰ ਮਰੇਂਗਾ।

## ਆਜੁ ਮੇਰੇ ਮਨਿ ਪ੍ਰਗਟੁ ਭਇਆ ਹੈ ਪੇਖੀਅਲੇ ਧਰਮਰਾਓ ॥

ਤਦੋਂ ਜੀਵ ਆਖਦਾ ਹੈ ਕਿ ਅੱਜ ਮੇਰੇ ਮਨ ਵਿਚ ਇਹ ਪ੍ਰਗਟ ਹੋਇਆ ਕਿ ਮੈਂ ਧਰਮ ਰਾਜਾ ਨੂੰ (ਪੇਖੀਅਲੇ) ਗਜਾਨ ਨਾਲ ਵੇਖਿਆ ਹੈ।

## ਤਹ ਕਰ ਦਲ ਕਰਨਿ ਮਹਾਬਲੀ
## ਤਿਨ ਆਗਲੜੈ ਮੈ ਰਹਣੁ ਨ ਜਾਇ ॥ ੪ ॥

ਕਰ = ਹਥ ॥ ਦਲ = ਮਲ ਸੁਟਣਾ ॥ ਕਰਨਿ = ਰਾਜਾ ॥

ਓਥੇ ਜਮਾਂ ਦੇ ਹਥਾਂ ਕਰਕੇ ਕਰਨ ਵਰਗੇ ਮਹਾਂ ਬਲੀਆਂ ਦੇ (ਦਲਾਂ ਦੇ) ਟੁਕੜੇ ਹੋ ਗਏ ਹਨ ਇੱਕੁਰ ਦੇ ਯਮ ਰਾਜੇ (ਆਗਲੜੈ) ਅਗੇ ਮੇਰੇ ਪਾਸੋਂ ਕਦ ਖਲੋਤਾ ਜਾਏਗਾ ॥

**ਜੇਕੋ ਮੂੰ ਉਪਦੇਸੁ ਕਰਤੁ ਹੈ ਤਾ ਵਣਿ ਤ੍ਰਿਣਿ ਰਤੜਾ ਨਾਰਾਇਣਾ ॥ ਐਜੀ ਤੂੰ ਆਪੇ ਸਭ ਕਿਛੁ ਜਾਣਦਾ ਬਦਤਿ ਤ੍ਰਿਲੋਚਨੁ ਰਾਮਈਆ ॥ ੫ ॥ ੨ ॥**

ਜੇ ਕੋਈ (ਮੂੰ) ਮੈਨੂੰ ਉਪਦੇਸ਼ ਵੀ ਕਰਦਾ ਹੈ ਤਾਂ ਇਹ ਕਰੇ ਕਿ ਵਣਾਂ ਤ੍ਰਿਣਾਂ ਵਿਚ ਵਾਹਿਗੁਰੂ ਰੱਤਾ ਹੋਇਆ ਹੈ। ਹੇ ਵਾਹਿਗੁਰੂ ਤੂੰ ਸਭ ਕੁਝ ਜਾਣਦਾ ਹੈਂ ਸ੍ਰੀ ਤ੍ਰਿਲੋਚਨ ਭਗਤ ਜੀ (ਬਦਤ) ਕਹਿੰਦੇ ਹਨ ॥

"ਪੰਡਤ ਅਤੇ ਯੋਗੀ ਪ੍ਰਤਿ"

## ਸ੍ਰੀ ਰਾਗੁ ਭਗਤ ਕਬੀਰ ਜੀਉ ਕਾ ॥

**ਅਚਰਜ ਏਕੁ ਸੁਨਹੁ ਰੇ ਪੰਡੀਆ ਅਬ ਕਿਛੁ ਕਹਨੁ ਨ ਜਾਈ॥**

ਹੇ ਪੰਡਿਤ ਇਕ ਅਸਚਰਜ ਰੂਪ ਮਾਯਾ ਦਾ ਸਰੂਪ ਸੁਣੋਂ ਜੋ ਕਿ ਕਾਰਜ ਕਰਕੇ ਜਾਣੀ ਜਾਂਦੀ ਹੈ ਪਰ ਵਾਸਤਵ ਵਿਚ ਕੁਝ ਨਹੀਂ।

**ਸੁਰਿ ਨਰ ਗਣ ਗੰਧ੍ਰਬ ਜਿਨਿ ਮੋਹੇ ਤ੍ਰਿਭਵਣ ਮੇਖੁਲੀ ਲਾਈ॥੧॥**

ਸੁਰ = ਦੇਵਤੇ ॥ ਮੇਖਲੀ = ਤੜਾਗੀ ਵ ਗੋਦੜੀ ਮੋਹ ਰੂਪ ਵਾ ਕਿੱਲੀ, ਮੇਖ। ਗਣ = ਸ਼ਿਵ ਜੀ ਦੇ, ਗੰਧ੍ਰਬ = ਰਾਗੀ

ਦੇਵਤੇ ਆਦਮੀ ਗਣ ਅਤੇ ਗੰਧਰਬ ਜਿਸਨੇ ਮੋਹ ਲਏ ਹਨ ਅਤੇ ਤਿੰਨਾਂ ਭਵਣਾਂ ਵਿਚ ਮੇਖੁਲੀ ਲਾਈ ਹੋਈ ਹੈ।

**ਰਾਜਾ ਰਾਮ ਅਨਹਦ ਕਿੰਗੁਰੀ ਬਾਜੈ ॥ ਜਾਕੀ ਦਿਸਟਿ ਨਾਦ ਲਿਵ ਲਾਗੈ ॥ ੧ ॥ ਰਹਾਉ ॥**

ਹੇ ਯੋਗੀ ! ਪ੍ਰਕਾਸ਼ ਸਰੂਪ ਰਮੇ ਹੋਏ ਵਾਹਿਗੁਰੂ ਦੀ ਇਕ ਰਸ ਜੋ ਕਿੰਗਰੀ ਵੱਜ ਰਹੀ ਹੈ। ਅਤੇ ਜਿਸ ਵਾਹਿਗੁਰੂ ਦੀ ਕਿਰਪਾ ਦ੍ਰਿਸ਼ਟੀ ਕਰਕੇ (ਨਾਦ) ਗੁਰ ਸਬਦ ਵਿਚ (ਲਿਵ) ਬ੍ਰਿਤੀ ਲਗਦੀ ਹੈ ॥

**ਭਾਠੀ ਗਗਨੁ ਸਿੰਙਿਆ ਅਰੁ ਚੁੰਙਿਆ ਕਨਕ ਕਲਸ ਇਕੁ ਪਾਇਆ ॥ ਤਿਸੁ ਮਹਿ ਧਾਰ ਚੁਐ ਅਤਿ ਨਿਰਮਲ ਰਸ ਮਹਿ ਰਸਨ ਚੁਆਇਆ ॥ ੨ ॥**

**ਗਗਨ = ਅਕਾਸ ॥ ਸਿੰਙਿਆ-ਚੁੰਙਿਆ** = ਦੋ ਨਾਲਾਂ ਅਰਕ ਜਾਂ ਸ਼ਰਾਬ ਖਿੱਚਣ ਵਾਲੀਆਂ। ੧ ਨਾਲ ਚੰਗਾ ਪਾਣੀ ਦੂਜੀ ਨਾਲ ਵਾਧੂ ਪਾਣੀ ਭਾਵ ਮਾੜੇ ਕੰਮਾਂ ਤੋਂ ਸੰਗਣਾ ਤੇ ਚੰਗੇ ਕੰਮਾਂ ਨੂੰ ਚੁਘਣਾ = ਧਾਰਨਾ। ਕਨਕ ਕਲਸ = ਸੋਨੇ ਦਾ ਘੜਾ।

ਜਿੱਕੁਰ ਭੱਠਾ ਬਣਾਕੇ ਦੋ ਨਾਲੀਆਂ ਨਾਲ ਸ਼ਰਾਬ ਕੱਢਕੇ ਇਕ ਚੰਗੇ ਘੜੇ ਵਿਚ ਪਾਈਦੀ ਹੈ, ਇਕੁਰ ਹੀ ਦਸਵਾਂ ਦੁਆਰ ਭੱਠੀ ਹੈ ਅਤੇ ਇੜਾ ਪਿੰਗਲਾ

ਦੋ ਸੁਰਾਂ ਨਾਲ ਸੁਾਸਾਂ ਨੂੰ ਰੋਕਕੇ ਵਾਹਿਗੁਰੂ ਦੇ ਰਸ ਦਾ ਘੜਾ ਇਕ ਪਾਇਆ ਹੈ। ਭਾਵ ਅੰਤਸ਼ ਕਰਨ ਵਿੱਚ ਅਨੰਦ ਹੁੰਦਾ ਹੈ। ਤਿਸ ਵਿੱਚ ਬੜੀ ਨਿਰਮਲ ਧਾਰ ਚੋਂਦੀ ਹੈ ਅਤੇ ਰਸ ਵਿੱਚ ਰਸ ਚੋ ਆਉਂਦਾ ਹੈ ॥

**ਏਕ ਜੁ ਬਾਤ ਅਨੂਪ ਬਨੀ ਹੈ ਪਵਨ ਪਿਆਲਾ ਸਾਜਿਆ ॥ ਤੀਨਿ ਭਵਨ ਮਹਿ ਏਕੋ ਜੋਗੀ ਕਹਹੁ ਕਵਨੁ ਹੈ ਰਾਜਾ ॥ ੩ ॥**

ਬਨੀ = ਬਣੀ ਵਾ ਸੁਰਾਹੀ ਹੇ ਜੋਗੀ।

ਇਕ ਜੋ ਬਾਤ ਬੜੀ ਅਸਚਰਜ ਬਣੀ ਹੈ ਸੋ ਇਹੁ ਹੈ ਜੋ ਪੌਣ ਦਾ ਪਿਆਲਾ ਬਣਾਇਆ ਹੈ ਭਾਵ ਸੁਾਸਾਂ ਨੂੰ ਰੋਕ ਕੇ ਅਨੰਦ ਲੈਣਾ ਕੀਤਾ ਹੈ। ਇਕੁਰ ਦਾ ਤਿੰਨਾਂ ਭਵਣਾਂ ਵਿੱਚ ਇਕੋ ਯੋਗੀ ਹੀ ਹੈ ਹੋਰ ਉਸਦੇ ਸਮਾਨ ਕਹੋ ਖਾਂ ਕੋਈ ਰਾਜਾ ਹੈ ਵਾ ਇਸ ਕੰਮ ਤੋਂ ਬਿਨਾਂ ਕੌਣ ਰੱਜਿਆ ਹੈ।

**ਐਸੇ ਗਿਆਨ ਪ੍ਰਗਟਿਆ ਪੁਰਖੋਤਮ ਕਹੁ ਕਬੀਰ ਰੰਗਿ ਰਾਤਾ ॥ ਅਉਰ ਦੁਨੀ ਸਭ ਭਰਮਿ ਭੁਲਾਨੀ ਮਨੁ ਰਾਮ ਰਸਾਇਨ ਮਾਤਾ ॥ ੪ ॥ ੩ ॥**

ਇੱਕੁਰ ਦਾ ਪੁਰਸ਼ਾਂ ਵਿਚੋਂ ਉਤਮ ਗਜਾਨ ਪ੍ਰਗਟ ਹੋਇਆ ਹੈ ਕਬੀਰ ਜੀ ਵਾਹਿਗੁਰੂ ਦੇ ਰੰਗ ਵਿੱਚ ਰੱਤੇ ਹੋਏ ਕਹਿੰਦੇ ਹਨ। ਅਤੇ ਹੋਰ ਸਾਰੀ ਦੁਨੀਆਂ ਭਰਮ ਵਿੱਚ ਭੁੱਲੀ ਹੋਈ ਹੈ ਮੇਰਾ ਮਨ (ਵਾ ਯੋਗੀ ਦਾ) ਵਾਹਿਗੁਰੂ ਜੋ ਰਸਾਂ ਦਾ ਘਰ ਹੈ ਤਿਸ ਵਿੱਚ ਮਸਤ ਹੋਇਆ ਹੈ।

## ਸਿਰੀ ਰਾਗ ਬਾਣੀ ਭਗਤ ਬੇਣੀ ਜੀਉ ਕੀ

## ਪਹਰਿਆ ਕੈ ਘਰਿ ਗਾਵਣਾ

**੧ ਓ ਸਤਿਗੁਰਪ੍ਰਸਾਦਿ ॥**

ਜਿਸ ਤਾਰ ਵਿੱਚ ਪਹਿਰੇ ਬਾਣੀ ਦੇ ਸ਼ਬਦ ਗਾਏ ਜਾਂਦੇ ਹਨ ਓਸੇ ਤਾਰ ਵਿੱਚ ਏਹ ਸ਼ਬਦ ਪੜ੍ਹਨਾ ਹੈ।

"ਹੇ ਅੰਨੇ ਦੁਨੀਆਂ ਦੇ ਪੁੰਨਾਂ ਨਾਲ ਮੁਕਤੀ ਨਹੀਂ ਮਿਲੇਗੀ।"

**ਰੇ ਨਰ ਗਰਭ ਕੁੰਡਲ ਜਬ ਆਛਤ ਉਰਧ ਧਿਆਨ ਲਿਵ ਲਾਗਾ ॥**

ਕੁੰਡਲ = ਕੁੰਡ ਭਾਵ ਪੇਟ ਜੋ ਕੁੰਡਲਾਕਾਰ ਹੁੰਦਾ ਹੈ।

ਆਛਤ = ਹੋ ਰਿਹਾ ॥ ਉਰਧ = ਉਚਾ ॥

ਹੇ ਜੀਵ ਜਦ ਤੂੰ ਮਾਂ ਦੇ ਪੇਟ ਵਿੱਚ ਟਿਕ ਰਹਿਆ ਮੈਂ ਤੇ ਤਦ ਤੇਰਾ

ਸਿਰ ਨੀਵੇਂ ਸੀ ਅਤੇ ਲੱਤਾਂ ਉਤਾਹਾਂ ਸੀ ਪਰ ਫਿਰ ਵੀ ਤੂੰ ਵਾਹਿਗੁਰੂ ਦੇ ਧਿਆਨ ਵਿੱਚ ਬ੍ਰਿਤੀ ਲਗਾ ਰਹਿਆ ਸੈਂ।

**ਮਿਰਤਕ ਪਿੰਡਿ ਪਦ ਮਦਨਾ ਅਹਿਨਿਸਿ ਏਕੁ ਅਗਿਆਨ ਸੁਨਾਗਾ ॥**

ਮਿਰਤਕ = ਮਿੱਟੀ ॥ ਪਿੰਡ = ਸਰੀਰ ॥ ਪਦ = ਚਰਨ ॥ ਵ ਪਦਵੀ,ਮਦਨ = ਹੰਕਾਰ ਨਹੀਂ ਸੀ॥ ਸੁਨਾਗਾ = ਸੁਣਾਉਦਾ ਸੈਂ ਵ ਨਾਗਾ = ਅਭਾਵ ਅਥਵਾ ਨੰਗਾ ॥ ਅਹਿਨਿਸਿ = ਦਿਨ ਰਾਤ ॥

ਮਿਟੀ ਦਾ ਤੇਰਾ ਸਰੀਰ ਸੀ ਇਸ ਪਦਵੀ ਨੂੰ ਪਹੁੰਚਕੇ ਫਿਰ ਵੀ ਤੇਰੇ ਵਿਚ ਹੰਕਾਰ ਨਹੀਂ ਸੀ ਵਾ ਵਾਹਿਗੁਰੂ ਦੇ ਚਰਨਾਂ ਵਿੱਚ ਤੇਰਾ ਮਨ ਲੱਗਾ ਹੋਇਆ ਸੀ ਅਤੇ ਤੈਨੂੰ ਹੰਕਾਰ ਨਹੀਂ ਸੀ ਅਤੇ ਰਾਤ ਦਿਨੇ ਇਕ ਅਗਿਆਨ ਵਿੱਚ ਨੰਗਾ ਹੀ ਪਿਆ ਹੋਇਆ ਸੈਂ। ਵਾ ਅਗਿਆਨ ਅਭਾਵ ਸੀ॥

**ਤੇ ਦਿਨ ਸੰਮਲੁ ਕਸਟ ਮਹਾ ਦੁਖ ਅਬ ਚਿਤੁ ਅਧਿਕ ਪਸਾਰਿਆ ॥ ਗਰਭ ਛੋਡਿ ਮ੍ਰਿਤ ਮੰਡਲ ਆਇਆ ਤਉ ਨਰ ਹਰਿ ਮਨਹੁ ਬਿਸਾਰਿਆ ॥ ੧ ॥**

ਹੇ ਭਾਈ ਓਹ ਦਿਨ ਯਾਦ ਕਰ ਜਦੋਂ ਕਿ ਤੈਨੂੰ ਮਹਾਂ ਦੁਖ ਦਾ ਕਸ਼ਟ ਹੋ ਰਿਹਾ ਸੀ, ਹੁਣ ਤੂੰ ਬਹੁਤ ਤਰਾਂ ਕਰਕੇ ਵਿਹਾਰਾਂ ਵਿਚ ਚਿੱਤ ਪਸਾਰਿਆ ਹੋਇਆ ਹੈ।

ਮਾਤਾ ਦਾ ਗਰਭ ਛੱਡਕੇ ਜਾਂ (ਮ੍ਰਿਤ ਮੰਡਲ) ਸੰਸਾਰ ਉਤੇ ਆਇਆ ਹੈਂ,ਤੇ ਤੇ ਤਦੋਂ ਹੀ (ਨਰਹਰਿ)ਵਾਹਿਗੁਰੂ ਵਾ ਹੇ ਭਾਈ ਤੈਂ ਹਰੀ ਨੂੰ ਮਨੋਂ ਬਿਸਾਰ ਦਿੱਤਾ।

**ਫਿਰਿ ਪਛੁਤਾਵਹਿਗਾ ਮੂੜਿਆ ਤੂੰ ਕਵਨ ਕੁਮਤਿ ਭ੍ਰਮਿ ਲਾਗਾ ॥ ਚੇਤਿ ਰਾਮੁ ਨਾਹੀ ਜਮਪੁਰਿ ਜਾਹਿਗਾ ਜਨੁ ਬਿਚਰੈ †ਅਨਰਾਧਾ ॥ ੧ ॥ ਰਹਾਉ ॥**

ਹੇ ਮੂਰਖ ਤੂੰ ਭਰਮ ਕਰਕੇ ਕੇਹੜੀ ਕੁਮਤਿ ਵਿਚ ਲਗ ਰਿਹਾ ਹੈਂ ਫਿਰ ਪਿਛੋਂ ਅਫਸੋਸ ਕਰੇਂਗਾ। ਵਾਹਿਗੁਰੂ ਨੂੰ ਯਾਦ ਕਰ ਨਹੀਂ ਤਾਂ ਜਮ ਪੁਰ ਜਾਵੇਂਗਾ ਅਤੇ (ਜਨ) ਮਤ (ਅਨੁਰਾਧਾ) ਅਰਾਧਣ ਤੋਂ ਬਿਨਾਂ ਹੋਕੇ

†ਅਨ = ਹੋਰ। ਰਾਧਾ = ਬੀਜਣਾ ਭਾਵ ਬੁਰੇ ਕੰਮ ਕਰਨੇ। ਵਾ 'ਦਾਸ ਨਤੀ ਕਰਦਾ ਫਿਰਦਾ ਹੈ'

ਫਿਰ ਵਾ ਹੇ ਜਨ ਭਜਨ ਤੋਂ ਬਿਨਾਂ ਫਿਰਨਾ ਹੈਂ ॥

**ਬਾਲ ਬਿਨੋਦ ਚਿੰਦ ਰਸ ਲਾਗਾ ਖਿਨੁ ਖਿਨੁ ਮੋਹਿ ਬਿਆਪੈ ॥ ਰਸੁ ਮਿਸੁ ਮੇਧੁ ਅੰਮ੍ਰਿਤੁ ਬਿਖੁ ਚਾਖੀ ਤਉ ਪੰਚ ਪ੍ਰਗਟ ਸੰਤਾਪੈ॥**

ਬਿਨੋਦ = ਕੌਤਕ ॥ ਚਿੰਦ = ਯਾਦ ॥ ਮਿਸ = ਬਹਾਨੇ । ਮੇਧ = ਪਵਿੱਤ੍ਰ ॥

ਫਿਰ ਜਦ ਬਾਲ ਅਵਸਥਾ ਹੋਈ ਤਾਂ ਖੇਲਾਂ ਵਿੱਚ ਲੱਗਾ ਅਤੇ ਜਦ ਜਵਾਨ ਹੋਇਆ ਤਾਂ ਰਸਾਂ ਨੂੰ ਯਾਦ ਕਰਨ ਲੱਗਾ, ਛਿਨ ਛਿਨ ਵਿਚ ਮੋਹ ਵਿਆਪਨ ਲੱਗਾ । ਰਸਾਂ ਦੇ ਬਹਾਨੇ ਪਵਿੱਤ੍ਰ ਰੂਪ ਵਾ ਅੰਮ੍ਰਿਤ ਸਮਝਕੇ ਵਿਹੁ ਨੂੰ ਤੈਂ ਚੱਖਿਆ ਤਾਂ ਫਿਰ ਪੰਜਾਂ ਕਾਮਾਦਿਕਾਂ ਨੇ ਤੈਨੂੰ ਬਹੁਤ ਸਤਾਯਾ ਭਾਵ ਵਿਸ਼ਿਆਂ ਨੂੰ ਚੰਗਾ ਜਾਣਕੇ ਭੋਗਣ ਲੱਗੋਂ ਤੇ ਤਾਂ ਤੈਨੂੰ ਵਿਸ਼ਿਆਂ ਦੁਖ ਦਿਤਾ ॥

**ਜਪੁ ਤਪੁ ਸੰਜਮੁ ਛੋਡਿ ਸੁਕ੍ਰਿਤ ਮਤਿ ਰਾਮ ਨਾਮੁ ਨ ਅਰਾਧਿਆ ॥ ਉਛਲਿਆ ਕਾਮੁ ਕਾਲ ਮਤਿ ਲਾਗੀ ਤਉ ਆਨਿ ਸਕਤਿ ਗਲਿ ਬਾਂਧਿਆ ॥ ੨ ॥**

ਸੰਜਮ = ਇੰਦ੍ਰੀਆਂ ਨੂੰ ਰੋਕਣਾਂ ॥ ਸੁਕ੍ਰਿਤ = ਪੁੰਨ ॥ ਸਕਤਿ = ਇਸਤ੍ਰੀ॥

ਜਪ ਤਪ ਸੰਜਮ ਕਰਨਾ ਪੁੰਨ ਵਾਲੀ ਅਕਲ ਇਹ ਕੰਮ ਸਭ ਛੱਡ ਦਿਤੇ ਅਤੇ ਵਾਹਿਗੁਰੂ ਦੇ ਨਾਮ ਨੂੰ ਨ ਯਾਦ ਕੀਤਾ ॥

ਫਿਰ ਜਿਸ ਵੇਲੇ ਕਾਮ ਨੇ ਜ਼ੋਰ ਪਾਇਆ ਤਾਂ (ਮਤਿ) ਬੁੱਧੀ ਨੂੰ ਕਾਲਖ ਲੱਗੀ ਭਾਵ ਪਰਾਈਆਂ ਇਸਤ੍ਰੀਆਂ ਨੂੰ ਬੁਰੀ ਭਾਵਨਾਂ ਨਾਲ ਵੇਖਣ ਲੱਗਾ ਅਤੇ ਮਾਤਾ ਪਿਤਾ ਨੂੰ ਉਲਾਂਭੇ ਮਿਲਣ ਲਗੇ ਤਾਂ ਫਿਰ ਮਾਤਾ ਪਿਤਾ ਨੇ ਇਸਤ੍ਰੀ ਨੂੰ ਲਿਆਕੇ ਜੀਵ ਦੇ ਗਲ ਨਾਲ ਬੰਨ੍ਹ ਦਿੱਤਾ ਭਾਵ ਪੁਤ੍ਰ ਦਾ ਵਿਆਹ ਕਰ ਦਿਤਾ ॥

**ਤਰੁਣ ਤੇਜੁ ਪਰਤ੍ਰਿਅ ਮੁਖੁ ਜੋਹਹਿ ਸਰੁ ਅਪਸਰੁ ਨ ਪਛਾਨਿਆ ॥ ਉਨਮਤ ਕਾਮਿ ਮਹਾ ਬਿਖੁ ਭੂਲੈ ਪਾਪੁ ਪੁੰਨੁ ਨ ਪਛਾਨਿਆ ॥**

ਤਰੁਣ = ਜਵਾਨ ਇਸਤ੍ਰੀ ॥ ਜੋਹਹਿ = ਵੇਖੇ ॥

ਆਪਣੀ ਇਸਤ੍ਰੀ ਦੇ ਹੁੰਦਿਆਂ ਅਪਣੇ ਤੇਜ ਕਰਕੇ ਜਵਾਨ ਇਸਤ੍ਰੀਆਂ ਨੂੰ ਵੇਖਨ ਲੱਗੋਂ । ਅਤੇ (ਸਰ ਅਪਸਰ) ਚੰਗਾ ਮਾੜਾ ਸਮਾਂ ਨਾ ਪਛਾਣਿਆਂ ਤੇ (ਉਨਮਤ) ਮਸਤ ਹੋਇਆ ਹੋਇਆ ਬਹੁਤ ਵਿਸ਼ਿਆਂ ਵਿਚ ਭੁਲ ਰਿਹਾ ਹੈਂ ਤੈਂ ਪਾਪ ਪੁੰਨ ਨ ਪਛਾਣਿਆਂ ॥

**ਸੁਤ ਸੰਪਤਿ ਦੇਖਿ ਇਹੁ ਮਨੁ ਗਰਬਿਆ ਰਾਮੁ ਰਿਦੈ ਤੇ**

**ਖੋਇਆ ॥ ਅਵਰ ਮਰਤ ਮਾਇਆ ਮਨੁ ਤੋਲੇ ਤਉ ਭਗਮੁਖਿ ਜਨਮੁ ਵਿਗੋਇਆ ॥ ੩ ॥**

ਸੰਪਤਿ = ਰਾਜ ਭਾਗ ॥

ਪੁਤ੍ਰ ਤੇ ਰਾਜ ਭਾਗ ਦੀ ਸਮੱਗ੍ਰੀ ਦੇਖਕੇ ਮਨ ਵਿਚ ਵਡਾ ਹੰਕਾਰ ਕਰਦਾ ਹੋਇਆ ਅਤੇ ਵਾਹਿਗੁਰੂ ਨੂੰ ਰਿਦੇ ਵਿਚੋਂ ਭੁਲਾ ਦਿਤਾ ਅਤੇ ਜਦ ਹੋਰ ਕੋਈ ਮਰਦਾ ਹੈ ਤਾਂ ਉਸਦੀ ਦੌਲਤ ਨੂੰ ਮਨ ਵਿਚ ( ਤੋਲੇ ) ਜਾਚਦਾ ਹੈ ਭਾਵ ਕਿ ਇਸ ਦਾ ਧਨ ਕਿਨਾਕੁ ਹੈ ਸੋ ਸਾਰਾ ਮੈਂ ਹੀ ਸਾਂਭਾਂਗਾ ਇੱਕਰ ਫਿਰ (ਭਗ ਮੁਖ) ਚੁਰਾਸੀ ਜੂਨੀਆਂ ਦੁਆਰੇ ਹੀ ਜਨਮ ਨੂੰ ਨਾਸ ਕਰਦਾ ਰਹਿਓਂ ॥

**ਪੁੰਡਰ ਕੇਸ ਕੁਸਮਤੇ ਧਉਲੇ ਸਪਤ ਪਾਤਾਲ ਕੀ ਬਾਣੀ ॥ ਲੋਚਨ ਸ੍ਰਮਹਿ ਬੁਧਿਬਲ ਨਾਠੀ ਤਾ ਕਾਮੁ ਪਵਸਿ ਮਾਧਾਣੀ ॥**

ਪੁੰਡਰ = ਚਿੱਟੇ ॥ ਲੋਚਨ = ਨੇਤ੍ਰ ॥ ਸ੍ਰਮਹਿ = ਵਗਦੇ॥ ਕੁਸਮ = ਚਿੱਟੇ ਫੁਲ ॥

ਚਿੱਟੇ ਫੁਲਾਂ ਨਾਲੋਂ ਵੀ ਕੇਸ ਵਧੇਰੇ ਚਿੱਟੇ ਹੋ ਗਏ ਹਨ ਅਤੇ ਬਾਣੀ ਇੱਕਰ ਦੀ ਬਰੀਕ ਹੋ ਗਈ ਹੈ ਕਿ ਮਾਨੋਂ ਸੱਤਵੇਂ ਪਤਾਲ ਗੱਲ ਕਰਦਾ ਹੈ ਅਤੇ ਨੇਤ੍ਰ ਵਗਦੇ ਹਨ, ਅਕਲ ਮਾਰੀ ਗਈ ਹੈ, ਸਰੀਰ ਦਾ ਬਲ ਵੀ ਨਹੀਂ ਰਿਹਾ ਤਾਂ ਕਾਮਨਾ ਰੂਪ ਮਧਾਣੀ ਅੰਤਸ਼ ਕਰਨ ਵਿਚ ਪੈਕੇ ਰਿੜਕਣ ਲੱਗੀ ਭਾਵ ਬੁਢੇਪੇ ਵਿਚ ਵਾਸ਼ਨਾਂ ਵਧ ਜਾਂਦੀਆਂ ਹਨ ॥

**ਤਾਤੇ ਬਿਖੈ ਭਈ ਮਤਿ ਪਾਵਸਿ ਕਾਇਆ ਕਮਲੁ ਕੁਮਲਾਣਾ ॥ ਅਵਗਤਿ ਬਾਣਿ ਛੋਡਿ ਮ੍ਰਿਤ ਮੰਡਲਿ ਤਉ ਪਾਛੈ ਪਛੁਤਾਣਾ ॥ ੪ ॥**

ਪਾਵਸਿ = ਮੀਂਹ ਦੇ ਦਿਨ ਵ ਕਾਲੀ। ਮ੍ਰਿਤ ਮੰਡਲ = ਸੰਸਾਰ ॥

ਅਵਗਤਿ = ਵਾਹਿਗੁਰੁ ॥ ਬਾਣਿ = ਬਾਣੀ ॥

ਤਿਨ੍ਹਾਂ ਵਾਸ਼ਨਾਂ ਕਰਕੇ ਅਕਲ ਵਿਸ਼ਿਆਂ ਵਿਚ ਫਸ ਰਹੀ ਹੈ ਸੋ ਮੀਂਹ ਦੇ ਦਿਨਾਂ ਸਮਾਨ ਕਾਲੀ ਹੋ ਰਹੀ ਹੈ ਅਤੇ ਸਰੀਰ ਰੂਪ ਕਵਲ ਫੁਲ ਕੁਮਲਾਂਦਾ ਜਾਂਦਾ ਹੈ।

ਇਸ ਸੰਸਾਰ ਵਿਚ ਆਕੇ ਜੀਵ ਨੇ ਵਾਹਿਗੁਰੂ ਦੇ ਨਾਮ ਦੀ ਬਾਣੀ ਛਡ ਦਿਤੀ ਹੈ ਤੇ ਫਿਰ ਮਰਨ ਦੇ ਵੇਲੇ ਪਸਚਾਤਾਪ ਕਰੇਗਾ ॥

**ਨਿਕੁਟੀ ਦੇਹ ਦੇਖਿ ਧੁਨਿ ਉਪਜੈ ਮਾਨ ਕਰਤ ਨਹੀ ਬੂਝੈ।**

ਨਿੱਕੀਆਂ ੨ ਦੇਹਾਂ ਭਾਵ ਪੁਤ੍ਰ ਪੋਤ੍ਰਿਆਂ ਨੂੰ ਵੇਖਕੇ ਸਬਦ ਉਪਜਦਾ ਗਿਆ ਬੁਲਾਉਂਦਾ ਹੈ ਅਤੇ ਉਨ੍ਹਾਂ ਨੂੰ ਦੇਖਕੇ ਹੰਕਾਰ ਕਰਦਾ ਹੈ ਅਤੇ ਓਹ ਇਸਨੂੰ ਪੁਛਦੇ ਵੀ ਨਹੀਂ ਵਾ ਨਿਖੁਟ ਗਈ ਹੋਈ ਦੇਹ ਨੂੰ ਦੇਖਕੇ ਧੁਨ ਉਪਜਦੀ

ਹੈ ਪਰ ਜਾਤੀ ਹੰਕਾਰ ਕਰਕੇ ਹਰੀ ਨੂੰ ਨਹੀਂ ਪੁਛਦਾ ॥

**ਲਾਲਚੁ ਕਰੈ ਜੀਵਨ ਪਦ ਕਾਰਨ ਲੋਚਨ ਕਛੂ ਨ ਸੂਝੈ ॥**

ਲੋਚਨ = ਨੇਤ੍ਰ।

ਜੀਵਨ (ਪਦਕਾਰਨ) ਵਾਸਤੇ ਲਾਲਚ ਹੈ, ਅਤੇ ਨੇਤ੍ਰਾਂ ਕੁਝ ਦਿਸਦਾ ਨਹੀਂ ॥

**ਥਾਕਾ ਤੇਜੁ ਉਡਿਆ ਮਨੁ ਪੰਖੀ ਘਰਿ ਆਂਗਨਿ ਨ ਸੁਖਾਈ ॥**

ਪ੍ਰਾਣਾਂ ਦਾ ਤੇਜ ਥਕ ਗਿਆ ਭਾਵ ਮਰ ਗਿਆ ਅਤੇ (ਮਨੁ) ਜੀਵ ਰੂਪ ਪੰਛੀ ਉਡ ਗਿਆ ਅਤੇ ਮੋਇਆਂ ਹੋਇਆਂ ਸਤਬੰਧੀਆਂ ਨੂੰ ਘਰ ਦੇ (ਆਂਗਨਿ = ਵੇਹੜੇ) ਵੇਹੜੇ ਵਿਚ ਹਛਾ ਨਹੀਂ ਲਗਦਾ ਵਾ ਜਦ ਬੁਢਾ ਆਦਮੀ ਹੋ ਜਾਂਦਾ ਹੈ ਤਾਂ ਘਰ ਬਾਰ ਚੰਗਾ ਨਹੀਂ ਲਗਦਾ ॥

**ਬੇਣੀ ਕਹੈ ਸੁਨਹੁ ਰੇ ਭਗਤਹੁ ਮਰਨ ਮੁਕਤਿ ਕਿਨਿ ਪਾਈ ॥੫॥**

ਬੇਣੀ ਜੀ ਕਹਿੰਦੇ ਹਨ ਸੁਣੋਂ ਹੇ ਭਗਤੋ ਮਰਨੇ ਕਰਕੇ ਮੁਕਤੀ ਕਿਸਨੂੰ ਮਿਲੀ ਹੈ ਭਾਵ ਮਰਨ ਤੋਂ ਪਹਿਲੇ ਨਾਮ ਜਪੋ ॥

(ਸਨਮੁਖ ਬੇਨਤੀ)

**ਸਿਰੀ ਰਾਗੁ ॥ ਤੋਹੀ ਮੋਹੀ ਮੋਹੀ ਤੋਹੀ ਅੰਤਰੁ ਕੈਸਾ ॥**

ਰਵਿਦਾਸ ਜੀ ਕਹਿੰਦੇ ਹਨ) ਹੇ ਵਾਹਿਗੁਰੂ ਤੇਰੇ ਮੇਰੇ ਨਾਲੋਂ ਅਤੇ ਮੇਰਾ ਤੇਰੇ ਨਾਲੋਂ (ਅੰਤਰ) ਭੇਦ (ਫਰਕ) ਕਿਕੁਰ ਹੈ ਭਾਵ ਤੂੰ ਮੈਂ ਮੈਂ ਤੂੰ ਦੋ ਕਿੱਕੁਰ ਹਾਂ ਵਾ ਤੇਰੇ ਵਿੱਚ ਜਦ ਮੇਰੀ ਬੁਧੀ ਮੋਹੀ ਤਾਂ ਤੇਰਾ ਮੇਰਾ ਫਰਕ ਕੀ ਰਿਹਾ ?

**ਕਨਕ ਕਟਿਕ ਜਲ ਤਰੰਗ ਜੈਸਾ ॥੧॥**

ਕਣਕ = ਸੋਨਾ। ਕਟਿਕ = ਕੜਾ।

(ਤੂੰ ਮੈਂ ਮੈਂ ਤੂੰ ਇੱਕਰ ਹਾਂ) ਜਿੱਕਰ ਸੋਨਾ ਤੇ ਸੋਨੇ ਦਾ ਕੜਾ ਇਕ ਹੁੰਦਾ ਹੈ ਅਤੇ ਜਿਕੁਰ ਪਾਣੀ ਤੇ ਪਾਣੀ ਦਾ ਤਰੰਗ ਇਕ ਪਾਣੀ ਰੂਪ ਹੀ ਹੁੰਦਾ ਹੈ।

**ਜਉਪੈ ਹਮ ਨ ਪਾਪ ਕਰੰਤਾ ਅਹੇ ਅਨੰਤਾ ॥**
**ਪਤਿਤ ਪਾਵਨ ਨਾਮ ਕੈਸੇ ਹੁੰਤਾ ॥ ੧ ॥ ਰਹਾਉ ॥**

ਪਤਿਤ = ਪਾਪੀ। ਪਾਵਨ = ਪਵਿਤ੍ਰ। ਹੁੰਤਾ = ਹੁੰਦਾ।

ਜੇ ਮੈਂ ਪਾਪ ਨਾਂ ਕਰਦਾ ਤੇ ਤਾਂ ਹੇ (ਅਨੰਤਾ) ਵਾਹਿਗੁਰੂ ਤੇਰਾ ਪਾਪੀਆਂ ਨੂੰ ਪਵਿੱਤ੍ਰ ਕਰਨ ਵਾਲਾ ਨਾਮ ਕਿੱਕੁਰ ਹੁੰਦਾ ?

**ਤੁਮ ਜੁ ਨਾਇਕ ਆਛਹੁ ਅੰਤਰਜਾਮੀ ॥**
**ਪ੍ਰਭ ਤੇ ਜਨੁ ਜਾਨੀਜੈ ਜਨ ਤੇ ਸੁਆਮੀ ॥ ੨ ॥**

ਤੁਸੀਂ ਜੋ ਹੱਛੇ (ਨਾਇਕ) ਪ੍ਰੇਰਕ ਪਤੀ ਅੰਤਰਜਾਮੀ ਹੋ ਪਰ ਸੁਆਮੀ ਤੇ ਜਨ ਜਾਨਿਆਂ ਜਾਂਦਾ ਹੈ ਅਤੇ ਜਨ ਤੇ ਸੁਆਮੀ। ਭਾਵ ਦਾਸ ਨਾਂ ਹੁੰਦੇ ਤਾਂ ਤੁਹਾਨੂੰ ਸੁਆਮੀ ਕੌਣ ਕਹਿੰਦਾ॥

**ਸਰੀਰੁ ਅਰਾਧੈ ਮੋਕਉ ਬੀਚਾਰੁ ਦੇਹੂ॥**
**ਰਵਿਦਾਸ ਸਮ ਦਲ ਸਮਝਾਵੈ ਕੋਊ॥ ੩॥**

ਹੇ ਵਾਹਿਗੁਰੂ ਮੈਨੂੰ ਇਹ ਦੇਹ ਕਿ ਜਦ ਤਕ ਮੈਂ ਸਰੀਰ ਕਰਕੇ ਜੀਉਂਦਾ ਰਹਾਂ ਤਦ ਤਕ ਤੇਰਾ ਅਰਾਧਣਾ ਕਰਦਾ ਰਹਾਂ ਭਾਵ ਤੇਰਾ ਨਾਮ ਜਪਦਾ ਰਹਾਂ ਅਤੇ ਇਕਰ ਦੇ ਭਗਤਾਂ ਦੀ ਸੰਗਤ ਦੇਹ ਕਿ ਜੇਹੜੇ (ਸਮ) ਬਰਾਬਰ ਤੈਨੂੰ (ਦਲ) ਸਾਰੇ ਲੋਕਾਂ ਵਿਚ ਸਮਝਾਉਣ ਭਾਵ ਉਨਾਂ ਸੰਤਾਂ ਦਾ ਸੰਗ ਜੇਹੜੇ ਕੋਈ ਸਾਰੇ ਵਾਹਿਗੁਰੂ ਨੂੰ ਦੱਸਣ॥

## ਰਾਗੁ ਗਉੜੀ ਭਗਤਾਂ ਕੀ ਬਾਣੀ

## ੧ ਓ ਸਤਿਨਾਮੁ ਕਰਤਾ ਪੁਰਖੁ ਗੁਰਪ੍ਰਸਾਦਿ॥

## ਗਉੜੀ ਗੁਆਰੇਰੀ ਸ੍ਰੀ ਕਬੀਰ ਜੀਉ ਕੇ ਚਉਪਦੇ ੧੪

**ਅਬ ਮੋਹਿ ਜਲਤ ਰਾਮ ਜਲੁ ਪਾਇਆ॥**

(ਕਬੀਰ ਜੀ ਕਹਿੰਦੇ ਹਨ) ਹੁਣ ਮੈਂ (ਕਾਮ ਕ੍ਰੋਧਾਦਿਕ ਤ੍ਰਿਸ਼ਨਾ ਅਗਨੀ ਕਰਕੇ) ਸੜਦੇ ਨੇ ਵਾਹਿਗੁਰੂ ਰੂਪ ਪਾਣੀ ਪਾਇਆ ਹੈ॥

**ਰਾਮ ਉਦਕਿ ਤਨੁ ਜਲਤ ਬੁਝਾਇਆ॥ ੧॥ ਰਹਾਉ॥**

ਉਦਕਿ = ਜਲ।

ਵਾਹਿਗੁਰੂ ਰੂਪ ਜਲ ਨੇ ਸਰੀਰ ਸੜਦੇ ਨੂੰ ਬੁਝਾ ਦਿਤਾ ਹੈ।

**ਮਨੁ ਮਾਰਣ ਕਾਰਣਿ ਬਨ ਜਾਈਐ॥**
**ਸੋ ਜਲੁ ਬਿਨੁ ਭਗਵੰਤ ਨ ਪਾਈਐ॥ ੧॥**

ਮਨ ਦੇ ਮਾਰਨ ਵਾਸਤੇ ਜੰਗਲਾਂ ਨੂੰ ਜਾਈਦਾ ਹੈ। ਪਰ ਸੋ ਵਾਹਿਗੁਰੂ ਰੂਪ ਜਲ, ਵਾਹਿਗੁਰੂ ਦੀ ਕਿਰਪਾ ਬਿਨਾ ਨਹੀ ਪਾਇਆ ਜਾਂਦਾ॥

**ਜਿਹ ਪਾਵਕ ਸੁਰਿ ਨਰ ਹੈ ਜਾਰੇ॥**
**ਰਾਮ ਉਦਕਿ ਜਨ ਜਲਤ ਉਬਾਰੇ॥ ੨॥**

ਪਾਵਕ – ਅਗਨੀ। ਸੁਰਿ = ਦੇਵਤੇ। ਉਦਕ = ਜਲ।

ਜਿਸ ਮਾਇਆ ਰੂਪ ਅਗਨੀ ਨੇ ਦੇਵਤੇ ਆਦਮੀ ਸਾੜੇ ਹਨ। ਉਸ ਅਗਨੀ

ਤੋਂ ਵਾਹਿਗੁਰੂ ਰੂਪ ਪਾਣੀ ਨੇ ਦਾਸ ਸੜਦੇ (ਉਬਾਰੇ) ਬਚਾ ਲਏ ॥

**ਭਵ ਸਾਗਰ ਸੁਖ ਸਾਗਰ ਮਾਹੀ ॥**

**ਪੀਵਿ ਰਹੇ ਜਲ ਨਿਖੁਟਤ ਨਾਹੀ ॥ ੩ ॥**

ਭਵ ਸਾਗਰ = ਸੰਸਾਰ ਸਮੁੰਦਰ

ਸੰਸਾਰ ਸਮੁੰਦਰ ਵਿੱਚ ਸੁਖਾਂ ਦਾ ਸਮੁੰਦਰ ਵਾਹਿਗੁਰੂ ਰੂਪ ਪਾਣੀ ਪੀ ਰਹੇ ਹਾਂ ਅਤੇ ਮੁਕਦਾ ਨਹੀਂ ॥

**ਕਹਿ ਕਬੀਰ ਭਜੁ ਸਾਰਿੰਗ ਪਾਨੀ ॥**

**ਰਾਮ ਉਦਕਿ ਮੇਰੀ ਤਿਖਾ ਬੁਝਾਨੀ ॥ ੪ ॥ ੧ ॥**

ਸਾਰਿੰਗ ਪਾਨੀ = ਪਪੀਹਾ ਤੇ ਪਾਣੀ । ਉਦਕਿ = ਜਲ ।

ਕਬੀਰ ਜੀ ਕਹਿੰਦੇ ਹਨ ਜਿਕੁਰ ਪਪੀਹਾ ਪਾਣੀ ਪਾਣੀ ਉਚਾਰਦਾ ਹੈ ਇਕੁਰ ਤੂੰ ਵਾਹਿਗੁਰੂ ਨੂੰ ਭਜ । ਵਾਹਿਗੁਰੂ ਰੂਪ ਜਲ ਨੇ ਮੇਰੀ ਤਿਖਾ ਬੁਝਾ ਦਿਤੀ ਹੈ ॥

## ਗਉੜੀ ਕਬੀਰ ਜੀ ॥

**ਮਾਧਉ ਜਲ ਕੀ ਪਿਆਸ ਨ ਜਾਇ ॥**

**ਜਲ ਮਹਿ ਅਗਨਿ ਉਠੀ ਅਧਿਕਾਇ ॥ ੧ ॥ ਰਹਾਉ॥**

ਵਾਹਿਗੁਰੂ ਜਲ ਦੀ ਪਿਆਸ ਨਹੀਂ ਜਾਂਦੀ । ਜਿੱਕੁਰ ਜਲ ਵਿਚ ਬਹੁਤੀ ਅਗਨੀ ਮਚਦੀ ਹੈ ਇਕੁਰ ਹੀ ਉਸ ਵਾਹਿਗੁਰੂ ਜਲ ਦੇ ਵਿਚ ਹੋਣ ਕਰਕੇ ਨਾਮ ਜਪਣੇ ਦੀ ਬਾਹਲੀ ਇੱਛਾ ਲਗਦੀ ਹੈ ਵਾ ਹੇ ਵਾਹਿਗੁਰੂ ਤੇਰੇ ਨਾਮ ਰੂਪ ਜਲ ਦੀ ਪਿਆਸ ਨਹੀਂ ਹਟਦੀ ਕਿਉਂਕਿ.ਉਸ ਤੇਰੇ ਨਾਮ ਰੂਪ ਜਲ ਵਿਚੋਂ ਪ੍ਰੇਮ ਰੂਪ ਅਗਨੀ ਬਾਹਲੀ ਪੈਦਾ ਹੋਈ ਹੈ ਅਥਵਾ ਉਸ ਜਲ ਵਿਚ ਜੋ ਅਗਨ ਬਾਹਲੀ ਸਾਰੀ ਸੀ ਸੋ ਸਭ ਉਠ ਖੜੀ ਹੋਈ ਕਿਆ ਦੂਰ ਹੋ ਗਈ ਵਾ ਜਦ ਤੇਰਾ ਨਾਮ ਰਿਦੇ ਵਿਚ ਆਯਾ ਤਾਂ ਜੋ ਅਧਕ ਅਗਨੀ ਸੀ ਸੋ ਦੂਰ ਹੋ ਗਈ ਵਾ ਨਾਮ ਜਪਣ ਦੀ ਬਹੁਤ ਇੱਛਾ ਹੋਈ ਵਾ ਵਾਹਿਗੁਰੂ ਜਲ ਦੀ ਪਿਆਸ ਨਹੀਂ ਹਟਦੀ ਵਾਹਿਗੁਰੂ ਜਲ ਰਿਦੇ ਵਿਚ ਹੋਣ ਕਰਕੇ ਜੋ ਬਾਹਲੀ ਸਾਰੀ ਅੱਗ ਸੀ ਸੋ ਸਭ ਦੂਰ ਹੋ ਗਈ ਹੈ ॥

**ਤੂੰ ਜਲ ਨਿਧਿ ਹਉ ਜਲ ਕਾ ਮੀਨੁ ॥**

**ਜਲ ਮਹਿ ਰਹਉ ਜਲਹਿ ਬਿਨੁ ਖੀਨੁ ॥ ੧ ॥**

ਜਲ ਨਿਧਿ = ਸਮੁੰਦਰ । ਮੀਨ = ਮੱਛ ।

ਤੂੰ ਸਮੁੰਦਰ ਹੈਂ ਮੈਂ ਤੇਰੇ ਵਿਚ ਰਹਿਣ ਵਾਲਾ ਮੱਛ ਹਾਂ । ਜਲ ਵਿਚ ਰਹਾਂ ਤਾਂ ਜੀਉਂਦਾ ਹਾਂ ਅਤੇ ਜੇ ਜਲ ਤੋਂ ਬਿਨਾਂ ਹੋਵਾਂ ਤਾਂ (ਖੀਨ) ਨਾਸ

(ਮਾੜਾ) ਹੋ ਜਾਂਦਾ ਹਾਂ।

**ਤੂੰ ਪਿੰਜਰੁ ਹਉ ਸੂਅਟਾ ਤੋਰ ॥**
**ਜਮੁ ਮੰਜਾਰੁ ਕਹਾ ਕਰੈ ਮੋਰ ॥ ੨ ॥**

ਸੂਅਟਾ = ਤੋਤਾ ॥ ਮੰਜਾਰ = ਬਿੱਲਾ।

ਤੂੰ ਮੇਰਾ (ਪਿੰਜਰੁ) ਆਸਰਾ ਹੈਂ ਜਦ ਮੈਂ ਤੇਰੇ ਆਸਰੇ ਰਹਿਣ ਵਾਲਾ ਤੋਤਾ ਹਾਂ ਤਾਂ ਜਮ ਰੂਪ ਬਿੱਲਾ ਮੇਰਾ ਕੀ ਕਰ ਸਕਦਾ ਹੈ।

**ਤੂੰ ਤਰਵਰੁ ਹਉ ਪੰਖੀ ਆਹਿ ॥**
**ਮੰਦ*ਭਾਗੀ ਤੇਰੋ ਦਰਸਨੁ ਨਾਹਿ ॥ ੩ ॥**

ਤਰਵਰ = ਬ੍ਰਿਛ

ਤੂੰ ਬ੍ਰਿਛ ਹੈਂ ਮੈਂ ਤੇਰੇ ਆਸਰੇ ਰਹਿਣ ਵਾਲਾ ਪੰਛੀ ਹਾਂ ਮੰਦ ਭਾਗੀਆਂ ਨੂੰ ਤੇਰਾ ਦਰਸ਼ਨ ਨਹੀਂ ਹੁੰਦਾ।

**ਤੂੰ ਸਤਿਗੁਰੁ ਹਉ ਨਉਤਨੁ ਚੇਲਾ ॥**
**ਕਹਿ ਕਬੀਰ ਮਿਲੁ ਅੰਤ ਕੀ ਬੇਲਾ ॥ ੪ ॥ ੨ ॥**

ਨਉਤਨੁ = ਨਵਾਂ।

ਤੂੰ ਸਤਿਗੁਰੂ ਹੈਂ ਮੈਂ ਤੇਰਾ ਨਵਾਂ ਹੀ ਚੇਲਾ ਹਾਂ, ਕਬੀਰ ਜੀ ਕਹਿੰਦੇ ਹਨ ਹੇ ਵਾਹਿਗੁਰੂ ਮਿਲ ਹੁਣ ਅੰਤ ਦੇ ਵੇਲੇ ਭਾਵ ਮਨੁੱਖਾ ਜਨਮ ਵਿਚ ਉਧਾਰ ਕਰ।

"ਚੋਰ ਦੀ ਸਾਖੀ" (ਲੋਕਾਂ ਨੂੰ ਉਪਦੇਸ਼)

**ਗਉੜੀ ਕਬੀਰ ਜੀ ॥ ਜਬ ਹਮ ਏਕੋ ਏਕੁ ਕਰਿ ਜਾਨਿਆ ॥**
**ਤਬ ਲੋਗਹ ਕਾਹੇ ਦੁਖੁ ਮਾਨਿਆ ॥ ੧ ॥**

ਜਦ ਮੈਂ ਸਭ ਵਿਚ ਇਕੋ ਵਾਹਿਗੁਰੂ ਨੂੰ ਇਕ ਕਰਕੇ ਜਾਣਿਆਂ ਹੈ ਤਾਂ ਲੋਕਾਂ ਨੇ ਕਿਉਂ ਦੁਖ ਮੰਨਿਆਂ ਹੈ।

**ਹਮ ਅਪਤਹ ਅਪੁਨੀ ਪਤਿ ਖੋਈ ॥**
**ਹਮਰੈ ਖੋਜਿ ਪਰਹੁ ਮਤਿ ਕੋਈ ॥ ੧ ॥ ਰਹਾਉ ॥**

ਜੇ ਮੈਂ ਅਪੱਤਾ ਹਾਂ ਤਾਂ ਆਪਣੀ ਹੀ (ਪਤਿ) ਇੱਜ਼ਤ ਖੋਈ ਹੈ ਨਾ। ਸਾਡੇ (ਭਗਤਾਂ ਦੇ) (ਖੋਜ, ਪਿਛੇ ਤੁਸੀ ਮਤ ਕੋਈ ਪਵੋ ॥

**ਹਮ ਮੰਦੇ ਮੰਦੇ ਮਨ ਮਾਹੀ ॥**

---

*ਹੇ (ਨਾਹਿ) ਸੁਆਮੀ ਤੇਰੇ ਦਰਸ਼ਨ ਕਰਕੇ ਮੇਰੀ ਮੰਦਤਾ ਭੱਜ ਗਈ ਹੈ। ਦੇਖੋ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਸਟੀਕ ਜਿ: ਦੂਸਰੀ ਦਾ ਸਫਾ ੭੧੫, ੭੨੬

**ਸਾਝ ਪਾਤਿ ਕਾਹੂ ਸਿਉ ਨਾਹੀ ॥ ੨ ॥**

ਅਸੀਂ ਬੁਰੇ ਹਾਂ ਤਾਂ ਆਪਣੇ ਮਨ ਵਿਚ ਹੀ ਬੁਰੇ ਹਾਂ ਸਾਡੀ ਵਰਤਣ ਵਿਹਾਰ ਕਿਸੇ ਨਾਲ ਵੀ ਨਹੀਂ।

**ਪਤਿ ਅਪਤਿ ਤਾਕੀ ਨਹੀ ਲਾਜ ॥**
**ਤਬ ਜਾਨਹੁਗੇ ਜਬ ਉਘਰੈਗੋ ਪਾਜ ॥ ੩ ॥**

ਜਿੱਕਰ ਇੱਜ਼ਤ ਰਹਿ ਆਉਂਦੀ ਹੈ ਅਤੇ ਜਿੱਕਰ (ਅਪਤਿ) ਬੇਇੱਜ਼ਤੀ ਹੁੰਦੀ ਹੈ ਤਿਸਦੀ ਤੁਹਾਨੂੰ ਲੱਜਿਆ ਨਹੀਂ।

ਤਦੋਂ ਤੁਸੀ ਜਾਣੋਗੇ ਜਦੋਂ ਤੁਹਾਡਾ (ਵਾ ਮੇਰਾ) ਵਾਹਿਗੁਰੂ ਦੇ ਪਿੰਡ ਪਾਜ ਉਘਾ ਹੋਵੇਗਾ।

**ਕਹੁ ਕਬੀਰ ਪਤਿ ਹਰਿ ਪਰਵਾਨੁ ॥**
**ਸਰਬ ਤਿਆਗਿ ਭਜੁ ਕੇਵਲ ਰਾਮੁ ॥ ੪ ॥ ੩ ॥**

ਕਬੀਰ ਜੀ ਕਹਿੰਦੇ ਹਨ ਇੱਜ਼ਤ ਓਹੋ ਹੀ ਹੈ ਜਿਸਨੂੰ ਵਾਹਿਗੁਰੂ ਪਰਵਾਣ ਕਰ ਲਵੇ। ਸਾਰੇ ਕੰਮਾਂ ਨੂੰ ਛੱਡਕੇ ਇਕ ਵਾਹਿਗੁਰੂ ਦਾ ਨਾਮ ਜਪੋ।

(ਨਾਂਗੇ ਸਾਧੂ ਸੰਨਿਆਸੀ ਅਤੇ ਬ੍ਰਹਮਚਾਰੀ ਨੂੰ ਸਿੱਖਿਆ)

**ਗਉੜੀ ਕਬੀਰ ਜੀ ॥ ਨਗਨ ਫਿਰਤ ਜੌ ਪਾਈਐ ਜੋਗੁ ॥**
**ਬਨ ਕਾ ਮਿਰਗੁ ਮੁਕਤਿ ਸਭੁ ਹੋਗੁ ॥ ੧ ॥**

ਹੇ ਜੋਗੀ ! ਜੇ ਨੰਗੇ ਫਿਰਨ ਕਰਕੇ ਜੋਗ ਪਾਇਆ ਜਾਂਦਾ ਹੈ ਤਾਂ ਜੰਗਲ ਦੇ ਰਹਿਣ ਵਾਲੇ ਜਿਨੇਕੁ ਹਰਨ ਆਦਿਕ ਜਾਨਵਰ ਹਨ ਉਹ ਸਾਰੇ ਮੁਕਤਿ ਹੋਣੇ ਚਾਹੀਏ।

**ਕਿਆ ਨਾਗੇ ਕਿਆ ਬਾਧੇ ਚਾਮ ॥**
**ਜਬ ਨਹੀ ਚੀਨਸਿ ਆਤਮ ਰਾਮ ॥ ੧ ॥ ਰਹਾਉ ॥**

ਕੀ ਨੰਗੇ ਰਹਿਣ ਕਰਕੇ ਹੁੰਦਾ ਹੈ ਅਤੇ ਕੀ ਮ੍ਰਿਗਸ਼ਾਲਾ ਆਦਿਕ ਚੰਮ ਸਰੀਰ ਤੇ ਬੰਨ੍ਹਣੇ ਕਰਕੇ (ਪਾਲਾ ਰੋਕਣ ਕਰਕੇ) ਹੁੰਦਾ ਹੈ। ਜਿੰਨਾਂ ਚਿਰ ਕਿ ਇਕ ਵਾਹਿਗੁਰੂ (ਆਤਮ) ਮਨ ਕਰਕੇ ਵਾ ਮਨ ਵਿੱਚ ਨਹੀਂ (ਚੀਨਸਿ) ਜਾਣਿਆ ਵਾ ਜਾਣਦਾ।

**ਮੂਡ ਮੁੰਡਾਏ ਜੋ ਸਿਧਿ ਪਾਈ ॥**
**ਮੁਕਤੀ ਭੇਡ ਨ ਗਈਆ ਕਾਈ॥ ੨ ॥**

ਸਿਰ ਮੁਨੌਣ ਕਰਕੇ ਜੇ (ਸਿੱਧਿ) ਮੁਕਤੀ ਪਾਈਦੀ ਹੋਵੇ ਤਾਂ ਕੋਈ ਮੁੰਨੀਆਂ ਹੋਈਆਂ ਭੇਡਾਂ ਤੇ ਮੁਕਤਿ ਨਾ ਹੋ ਗਈਆਂ ? ਭਾਵ ੬ ਮਹੀਨੀਂ ਭੇਡਾਂ ਮੁੰਨੀਆਂ ਜਾਂਦੀਆਂ ਹਨ ਉਹ ਕਿਉਂ ਨਹੀਂ ਮੁਕਤਿ ਹੋ ਜਾਂਦੀਆਂ ?

**ਬਿੰਦੁ ਰਾਖਿ ਜੌ ਤਰੀਐ ਭਾਈ ॥**

**ਖੁਸਰੈ ਕਿਉ ਨਾ ਪਰਮ ਗਤਿ ਪਾਈ ॥ ੩ ॥**

ਜੇ ਬੀਰਜ ਨੂੰ ਰੋਕਕੇ ਤਰੀਦਾ ਹੈ ਹੇ ਭਾਈ ਤਾਂ ਖੁਸਰੇ ਨੇ ਕਿਉਂ ਨਾ ਪਰਮ ਪਦਵੀ ਪਾਈ ।

**ਕਹੁ ਕਬੀਰ ਸੁਨਹੁ ਨਰ ਭਾਈ ॥**

**ਰਾਮ ਨਾਮ ਬਿਨੁ ਕਿਨਿ ਗਤਿ ਪਾਈ ॥ ੪ ॥ ੪ ॥**

(ਕਬੀਰ ਜੀ ਕਹਿੰਦੇ ਹਨ) ਸੁਣੋ ਹੇ ਭਾਈ ਪੁਰਸ਼ੋ ਵਾਹਿਗੁਰੂ ਦੇ ਨਾਮ ਤੋਂ ਬਿਨਾ ਕਿਸਨੇ ਮੁਕਤੀ ਪਾਈ ਹੈ ।

(ਬ੍ਰਹਮਣ ਨੂੰ ਸਿੱਖਿਆ)

**ਗਉੜੀ ਕਬੀਰ ਜੀ ॥ ਸੰਧਿਆ ਪ੍ਰਾਤ ਇਸ੍ਨਾਨੁ ਕਰਾਹੀ ॥**

**ਜਿਉ ਭਏ ਦਾਦੁਰ ਪਾਨੀ ਮਾਹੀ ॥ ੧ ॥**

ਸੰਧਿਆ ਅਤੇ ਸਵੇਰੇ ਇਸ਼ਨਾਨ ਕਰਦੇ ਹੋ ਵਾਹਿਗੁਰੂ ਦੇ ਨਾਮ ਤੋਂ ਬਿਨਾਂ ਇੱਕਰ ਦੇ ਹੋ ਜਿੱਕਰ ਪਾਣੀ ਵਿਚ (ਦਾਦਰ) = ਡੱਡੂ ਹੁੰਦੇ ਹਨ ॥

**ਜਉ ਪੈ ਰਾਮ ਰਾਮ ਰਤਿ ਨਾਹੀ ॥**

**ਤੇ ਸਭਿ ਧਰਮਰਾਇ ਕੈ ਜਾਹੀ ॥ ੧ ॥ ਰਹਾਉ ॥**

ਰਤਿ = ਪ੍ਰੀਤੀ ॥

ਜੇ ਵਾਹਿਗੁਰੂ ਦੇ ਨਾਮ ਵਿੱਚ ਪ੍ਰੀਤੀ ਨਹੀਂ ਤਾਂ ਸਾਰੇ ਜਮ ਦੇ ਪਿੰਡ ਨੂੰ ਜਾਣਗੇ ।

**ਕਾਇਆ ਰਤਿ ਬਹੁ ਰੂਪ ਰਚਾਹੀ ॥**

**ਤਿਨ ਕਉ ਦਇਆ ਸੁਪਨੈ ਭੀ ਨਾਹੀ ॥ ੨ ॥**

ਰਤਿ = ਪ੍ਰੀਤੀ ।

ਕਾਇਆਂ ਨਾਲ ਪ੍ਰੀਤੀ ਕਰਕੇ ਜੋ ਬਹੁਤ ਤਰਾਂ ਦੇ ਰੂਪ ਰਚਦੇ ਹਨ। ਭਾਵ ਸੁੰਦਰ ਸਿੰਗਾਰ ਕਰਦੇ ਹਨ ਤਿਨ੍ਹਾਂ ਨੂੰ ਦਇਆ ਸੁਪਨੇ ਵਿੱਚ ਵੀ ਨਹੀਂ ॥

**ਚਾਰਿ ਚਰਨ ਕਹਹਿ ਬਹੁ ਆਗਰ ॥**

**ਸਾਧੂ ਸੁਖੁ ਪਾਵਹਿ ਕਲਿ ਸਾਗਰ ॥ ੩ ॥**

ਆਗਰ = ਚਤਰ ॥ ਚਾਰ ਚਰਨ = ਵੇਦ ਵਾ ਪਸ਼ੂ ॥
ਕਲਿ = ਕਲਜੁਗ ( ਕਲਪਣਾਂ ਵਾਲਾ ) ਸਾਗਰ = ਸਮੁੰਦਰ ॥

ਚਵ੍ਹਾਂ ਵੇਦਾਂ ਨੂੰ ਆਪ ਬੜੇ ਚਤਰ ਬਣਕੇ ਕਹਿੰਦੇ ਹਨ ਵਾ ਚਾਰੇ ਵੇਦ ਤੋਂ ਸਿਆਣੇ ਆਦਮੀ ਏਹ ਕਹਿੰਦੇ ਹਨ ਕਿ ਸੰਤ ਸੰਸਾਰ ਸਮੁੰਦ੍ਰ ਵਿਚ ਸੁਖ ਪਾਉਂਦੇ ਹਨ ।

**ਕਹੁ ਕਬੀਰ ਬਹੁ ਕਾਇ ਕਰੀਜੈ ॥**
***ਸਰਬਰਸੁ ਛੋਡਿ ਮਹਾ ਰਸੁ ਪੀਜੈ ॥ ੪ ॥ ੫ ॥**

ਕਬੀਰ ਜੀ ਕਹਿੰਦੇ ਹਨ ਬਹੁਤੀਆਂ ਬਾਤਾਂ ਵਾ ਇਸਤਰਾਂ ਦੀਆਂ ਕੀ ਕਿਰਿਆ ਕਰਣੀਆਂ ਚਾਹੀਦੀਆਂ ਹਨ । ਸਾਰੇ ਰਸਾਂ ਨੂੰ ਛਡ ਕੇ ਮਹਾਂ ਰਸ (ਵਾਹਿਗੁਰੂ ਦੇ ਅਨੰਦ ਦਾ ਆਨੰਦ) ਪੀਣਾਂ (ਲੈਣਾ ਚਾਹੀਦਾ ਹੈ) ।

( ਬ੍ਰਾਹਮਣ ਨੂੰ )

**ਕਬੀਰ ਜੀ ਗਉੜੀ ॥ ਕਿਆ ਜਪੁ ਕਿਆ ਤਪੁ ਕਿਆ ਬ੍ਰਤ ਪੂਜਾ ॥ ਜਾਕੈ ਰਿਦੈ ਭਾਉ ਹੈ ਦੂਜਾ ॥ ੧ ॥ ਰਹਾਉ ॥**

ਜਿਸ ਦੇ ਰਿਦੇ ਵਿਚ ਦ੍ਵੈਤ ਭਾਉ ਹੈ ਉਸ ਨੂੰ ਜਪ ਤਪ ਬ੍ਰਤ ਪੂਜਾ ਕਰਨੀ ਕੀ ਹੈ ? ਭਾਵ ਕੁਛ ਨਹੀਂ ।

**ਰੇ ਜਨ ਮਨੁ ਮਾਧਉ ਸਿਉ ਲਾਈਐ ॥**
**ਚਤੁਰਾਈ ਨ ਚਤੁਰ ਭੁਜੁ ਪਾਈਐ ॥ ੧ ॥ ਰਹਾਉ ॥**

ਹੇ ਭਾਈ ਮਨ ( ਮਾਧਉ ) ਮਾਇਆ ਦੇ ਪਤੀ (ਵਾਹਿਗੁਰੂ) ਨਾਲ ਲਾਉਣਾ ਚਾਹੀਦਾ ਹੈ ਚਤੁਰਾਈ ਕਰਕੇ ਚਹੁੰ ਬਾਹਾਂ ਵਾਲਾ ਨਹੀਂ ਪਾਇਆ ਜਾਂਦਾ ।

**ਪਰਹਰੁਲੋਭੁਅਰੁਲੋਕਾਚਾਰੁ ॥ ਪਰਹਰੁਕਾਮੁਕ੍ਰੋਧ ਅਹੰਕਾਰੁ ॥ ੨ ॥**

ਪਰਹਰੁ = ਛਡ ਦੇ ॥

ਲੋਭ ਅਤੇ ਲੋਕਾਂ ਵਾਲੇ ਕਰਤੱਬ ਛੱਡਦੇ । ਕਾਮ ਕ੍ਰੋਧ ਹੰਕਾਰ ਵੀ ਛਡਦੇ ।

**ਕਰਮਕਰਤ ਬਧੇਅਹੰਮੇਵ ॥ ਮਿਲਿਪਾਥਰ ਕੀ ਕਰਹੀ ਸੇਵ ॥੩॥**

ਅਹੰਮੇਵ = ਹੰਕਾਰ ॥

ਹੋਛੇ ਹੋਛੇ ਕਰਮ ਨੇਤੀ ਧੋਤੀ ਆਦਿਕ ਕਰਦੇ ਹੋਏ ਹੰਕਾਰ ਵਿਚ ਬੰਨ੍ਹੇ ਗਏ । ਮਿਲ ਕਰਕੇ ਪੱਥਰਾਂ ਦੀ ਸੇਵਾ (ਜੇਹੜੇ) ਕਰਦੇ ਸੀ ।

(ਸ਼ੰਕਾ) ਧੰਨੇ ਭਗਤ ਪੱਥਰ ਪੂਜਾ ਕੀਤੀ ਸੀ (ਉਤਰ)

*ਸਰਬਸੁ = ਪਾਠ ਵੀ ਹੁੰਦਾ ਹੈ ਉਸਦਾ ਅਰਥ ਸਰਬੰਸ ਛਡਕੇ ।

**ਕਹੁ ਕਬੀਰ ਭਗਤਿ ਕਰਿ ਪਾਇਆ ॥**
**ਭੋਲੇ ਭਾਇ ਮਿਲੇ ਰਘੁਰਾਇਆ ॥ ੪ ॥ ੬ ॥**

ਕਬੀਰ ਜੀ ਕਹਿੰਦੇ ਹਨ ਧੰਨੇ ਨੇ ਭਗਤੀ ਕਰਕੇ ਪਾਇਆ ਸੀ ਭੋਲੇ ਭਾਇ ਵਾਹਿਗੁਰੂ(ਵਾ ਹੇ ਭੋਲੇ!ਵਾਹਿਗੁਰੂ ਭਾਇ ਪਰੇਮ ਕਰਨ ਨਾਲ) ਮਿਲਦਾ ਹੈ।

'ਫੇਰ'

**ਗਉੜੀ ਕਬੀਰ ਜੀ ॥ ਗਰਭ ਵਾਸ ਮਹਿ ਕੁਲੁ ਨਹੀ ਜਾਤੀ ॥**
**ਬ੍ਰਹਮ ਬਿੰਦੁ ਤੇ ਸਭ ਉਤਪਾਤੀ ॥ ੧ ॥**

ਜਦ ਮਾਂ ਦੇ ਪੇਟ ਵਿਚ ਜੀਵ ਹੁੰਦਾ ਹੈ ਤਾਂ ਕੁਲ ਜਾਤੀ ਕੁਝ ਨਹੀਂ ਹੁੰਦੀ। ਹੇ ਬ੍ਰਾਹਮਣ ਰਕਤ ਬੀਰਜ ਤੋਂ ਸਭ ਦੀ ਉਤਪਤੀ ਹੈ ਵਾ ਵਾਹਿਗੁਰੂ ਤੋਂ ਸਭ ਦੀ ਉਤਪਤ (ਬਿੰਦੀ) ਜਾਂਣ।

**ਕਹੁ ਰੇ ਪੰਡਿਤ ਬਾਮਨ ਕਬ ਕੇ ਹੋਏ ॥**
**ਬਾਮਨ ਕਹਿ ਕਹਿ ਜਨਮੁ ਮਤ ਖੋਏ ॥ ੧ ॥ ਰਹਾਉ ॥**

ਕਹੋ ਓਏ ਪੰਡਤਾ ਬ੍ਰਾਹਮਣ ਕਦੋਂ ਦਾ ਹੋਇਓਂ। ਬਾਮਣ ਕਹਿ ਕਹਿਕੇ ਜਨਮ ਮਤ ਨਾਸ ਕਰ

**ਜੌ ਤੂੰ ਬ੍ਰਾਹਮਣੁ ਬ੍ਰਹਮਣੀ ਜਾਇਆ ॥**
**ਤਉ ਆਨ ਬਾਟ ਕਾਹੇ ਨਹੀ ਆਇਆ ॥ ੨ ॥**

ਆਨ = ਹੋਰ

ਹੇ ਬ੍ਰਾਹਮਣ ਜੇ ਤੈਨੂੰ ਬ੍ਰਾਹਮਣੀ ਨੇ ਜਾਇਆ ਹੈ ਤਾਂ (ਆਨ) ਹੋਰ ਰਸਤੇ ਕਿਉਂ ਨਹੀਂ ਆਇਆ ?

**ਤੁਮ ਕਤ ਬ੍ਰਾਹਮਣ ਹਮ ਕਤ ਸੂਦ ॥**
**ਹਮ ਕਤ ਲੋਹੂ ਤੁਮ ਕਤ ਦੂਧ ॥ ੩ ॥**

ਤੁਸੀਂ ਕਿੱਕਰ ਬ੍ਰਾਹਮਣ ਹੋ ਅਤੇ ਅਸੀਂ ਕਿੱਕਰ ਸੂਦਰ ਹਾਂ ? ਲਿਆ ਖਾਂ ਭਲਾ ਤੇਰਾ ਮੇਰਾ ਸਰੀਰ ਚੀਰੀਏ। ਸਾਡੇ ਵਿਚ ਕੀ ਲਹੂ ਹੈ ਅਤੇ ਤੁਹਾਡੇ ਵਿਚ ਕੀ ਦੁੱਧ ਹੈ ?

(ਬ੍ਰਾਹਮਣ) ਤੁਸੀ ਕਿਸ ਨੂੰ ਬ੍ਰਾਹਮਣ ਕਹਿੰਦੇ ਹੋ ?

**ਕਹੁ ਕਬੀਰ ਜੋ ਬ੍ਰਹਮੁ ਬੀਚਾਰੈ ॥**
**ਸੋ ਬ੍ਰਾਹਮਣ ਕਹੀਅਤੁ ਹੈ ਹਮਾਰੈ ॥ ੪ ॥ ੭ ॥**

ਕਬੀਰ ਜੀ ਕਹਿੰਦੇ ਹਨ ਜੋ ਵਾਹਿਗੁਰੂ ਨੂੰ ਵੀਚਾਰੇ ਓਹ ਸਾਡੇ ਮਤ ਵਿਚ ਬ੍ਰਾਹਮਣ ਕਹੀਦਾ ਹੈ ।

(ਫੇਰ)

**ਗਉੜੀ ਕਬੀਰ ਜੀ ॥**

**ਅੰਧਕਾਰ ਸੁਖਿ ਕਬਹਿ ਨ ਸੋਈ ਹੈ ॥**

**ਰਾਜਾ ਰੰਕੁ ਦੋਊ ਮਿਲਿ ਰੋਈ ਹੈ ॥ ੧ ॥**

ਅਗਿਆਨ ਅਨ੍ਹੇਰੇ ਵਿਚ ਕਦੀ ਵੀ ਸੁਖੀ ਨਹੀਂ ਸਵੀਂਦਾ । ਰਾਜਾ ਰੰਕ = ਕੰਗਾਲ ਦੋਵੇਂ ਮਿਲਕੇ ਰੋਂਦੇ ਹਨ ।

**ਜਉ ਪੈ ਰਸਨਾ ਰਾਮੁ ਨ ਕਹਿਬੋ ॥**

**ਉਪਜਤ ਬਿਨਸਤ ਰੋਵਤ ਰਹਿਬੋ ॥ ੧ ॥ ਰਹਾਉ ॥**

ਜੇ ਜੀਭ ਕਰਕੇ ਵਾਹਿਗੁਰੂ ਨਾ ਕਹੇਂਗਾ ਤਾਂ ਫਿਰ ਜਨਮਦਾ ਮਰਦਾ ਰੋਂਦਾ ਹੀ ਰਹੇਂਗਾ ।

**ਜਸ ਦੇਖੀਐ ਤਰਵਰ ਕੀ ਛਾਇਆ ॥**

**ਪ੍ਰਾਨ ਗਏ ਕਹੁ ਕਾਂਕੀ ਮਾਇਆ ॥ ੨ ॥**

ਤਰਵਰ = ਬ੍ਰਿਛ ।

ਜਿੱਕਰ ਬ੍ਰਿੱਛ ਦੀ ਛਾਂ ਵੇਖੀਦੀ ਹੈ । ਪ੍ਰਾਣ ਨਿਕਲ ਗਏ ਤਾਂ ਦੱਸ ਖਾਂ ਕਿਸ ਦੀ ਮਾਇਆ ਹੈ ?

**ਜਸ ਜੰਤੀ ਮਹਿ ਜੀਉ ਸਮਾਨਾ ॥**

**ਮੂਏ ਮਰਮੁ ਕੋ ਕਾ ਕਰ ਜਾਨਾ ॥ ੩ ॥**

ਜੰਤੀ = ਵਾਜਾ । ਮਰਮ = ਭੇਦ ॥

ਜਿੱਕਰ ਵਾਜਾ ਟੁੱਟ ਜਾਵੇ ਤਾਂ ਅਵਾਜ ਨਾਸ ਹੋ ਜਾਂਦੀ ਹੈ ਇੱਕਰ ਹੀ ਜਦ ਜੀਉ(ਸਮਾਨਾ) ਮਰ ਜਾਂਦਾ ਹੈ ਤਾਂ ਮੋਏ ਹੋਏ ਦਾ ਭੇਦ ਕੀ ਕੋਈ ਕਰਕੇ ਜਾਣਦਾ ਹੈ, ਭਾਵ ਨਹੀਂ ਪਤਾ ਲਗਦਾ ਕਿ ਕਿਥੇ ਗਿਆ ਹੈ ॥

**ਹੰਸਾ ਸਰਵਰੁ ਕਾਲੁ ਸਰੀਰ ॥**

**ਰਾਮ ਰਸਾਇਨ ਪੀਉ ਰੇ ਕਬੀਰ ॥ ੪ ॥ ੮ ॥**

ਜੀਵ-ਹੰਸ ਤਾਂ ਵਾਹਿਗੁਰੂ ਸਰੋਵਰ ਨੂੰ ਮਿਲ ਜਾਂਦੇ ਹਨ ਅਤੇ ਕਾਲ ਸਰੀਰਾਂ ਨੂੰ ਨਾਸ ਕਰਦਾ ਹੈ ਅਥਵਾ ਜਿਸਤਰਾਂ ਸਰੋਵਰ ਉਤੇ ਹੰਸ ਰਹਿੰਦੇ ਹਨ

ਏਸੇ ਤਰਾਂ ਸਰੀਰ ਦੇ ਪਾਸ ਜ਼ਰੂਰ ਮੌਤ ਰਹਿੰਦੀ ਹੈ ਤਾਂਤੇ ਵਾਹਿਗੁਰੂ ਨਾਮ ਜੋ ਰਸਾਂ ਦਾ ਘਰ ਹੈ ਹੇ ਕਬੀਰ ਪੀਓ।

( ਬ੍ਰਹਮਣ ਸੁੱਧ ਹੋਕੇ ਪੁਛਣ ਲਗਾ )

**ਗਉੜੀ ਕਬੀਰ ਜੀ॥ ਜੋਤਿ ਕੀ ਜਾਤਿ ਜਾਤਿ ਕੀ ਜੋਤੀ ॥**
**ਤਿਤੁ ਲਾਗੇ ਕੰਚੂਆ ਫਲ ਮੋਤੀ ॥੧॥**

ਜੋਤਿ ਸਰੂਪ ਵਾਹਿਗੁਰੂ ਦੀ (ਜਾਤਿ) ਉਤਪਤ ਕੀਤੀ ਹੋਈ ਸ੍ਰਿਸ਼ਟੀ ਤਿਸ ਦੀ (ਜੋਤੀ) ਬੁੱਧੀ ਨੂੰ ਕੱਚ ਤੇ ਮੋਤੀ ਫਲ ਲਗੇ ਹਨ ਭਾਵ ਚੰਗੀ ਮਾੜੀ ਬੁੱਧੀ ਹੈ।

**ਕਵਨੁ ਸੁ ਘਰੁ ਜੋ ਨਿਰਭਉ ਕਹੀਐ ॥**
**ਭਉ ਭਜਿ ਜਾਇ ਅਭੈ ਹੋਇ ਰਹੀਐ ॥ ੧॥ ਰਹਾਉ ॥**

ਜੇਹੜਾ ਨਿਰਭੈ ਕਹੀਦਾ ਹੈ ਅਤੇ ਜਿਥੇ ਜਾਣ ਨਾਲ ਡਰ ਦੂਰ ਹੋ ਜਾਂਦਾ ਹੈ ਅਤੇ ਨਿਡੱਰ ਹੋਕੇ ਰਹੀਦਾ ਹੈ ਓਹ ਕੇਹੜਾ ਘਰ ਹੈ।

**ਤਟਿ ਤੀਰਥਿ ਨਹੀ ਮਨੁ ਪਤੀਆਇ ॥**
**ਚਾਰ ਅਚਾਰ ਰਹੇ ਉਰਝਾਇ ॥ ੨ ॥**

ਤਟਿ = ਪਾਸ। ਚਾਰ ਅਚਾਰ = ਮਾੜੇ ਚੰਗੇ ਕੰਮ।

ਤੀਰਥਾਂ ਉਤੇ ਵੀ ਮਨ ਨਹੀਂ ਲਗਦਾ (ਕਿਉਂਕਿ ਓਥੋਂ ਦੇ ਪਾਂਡੇ) ਮਾੜੇ ਚੰਗੇ ਕੰਮਾਂ ਵਿਚ ਫਸ ਰਹੇ ਹਨ।

**ਪਾਪ ਪੁੰਨ ਦੋਇ ਏਕ ਸਮਾਨ ॥**
**ਨਿਜ ਘਰਿ ਪਾਰਸੁ ਤਜਹੁ ਗੁਨ ਆਨ ॥ ੩ ॥**

ਆਨ = ਹੋਰ। ਨਿਜ = ਆਪ।

ਪਾਪ ਪੁੰਨ ਦੋਵੇਂ ਇਕੋ ਜਿਹੇ ਹਨ ਆਪਣੇ ਘਰ ਵਿਚ ਪਾਰਸ ਰੂਪ ਵਾਹਿ-ਗੁਰੂ ਨੂੰ ਵਿਚਾਰ ਅਤੇ ਹੋਰ ਸਾਰੇ ਗੁਣ ਛਡ ਦੇਹ ਵਾ ਵਿਚਾਰ ਵਾਲਾ ਹੋਕੇ (ਆਨ) ਦ੍ਵੈਤ ਨੂੰ ਛਡ।

**ਕਬੀਰ ਨਿਰਗੁਣ ਨਾਮ ਨ ਰੋਸੁ ॥**
**ਇਸੁ ਪਰਚਾਇ ਪਰਚਿ ਰਹੁ ਏਸੁ ॥ ੪ ॥ ੯ ॥**

ਕਬੀਰ ਜੀ ਕਹਿੰਦੇ ਹਨ ਹੇ ਨਿਰਗੁਣਿਆਰੇ ਜੀਵ ਨਾਮ ਨਾਲ ਗੁੱਸਾ ਨਾ ਕਰ, ਇਸ ਨਾਮ ਦੇ ਪਰਚੇ ਵਿਚ ਪਰਚ ਰਹੁ ਵਾ ਹੋਰਨਾਂ ਨੂੰ ਵੀ ਇਸ ਵਿਚ ਲਾਓ ਤੇ ਆਪ ਵੀ ਲਗ ਰਹੁ ਵਾ ਮਨ ਨੂੰ ਵਾਹਿਗੁਰੂ ਵਿਚ ਪਰਚਾ ਕੇ ਆਪ ਵੀ ਪਰਚ ਰਹੁ।

"ਜੇਹੜੇ ਵਾਹਿਗੁਰੂ ਨੂੰ ਛੱਡਕੇ ਬੈਕੁੰਠ ਦੀ
ਆਸਾ ਕਰਦੇ ਹਨ ਤਿਨ੍ਹਾਂ ਪਰਥਾਇ।"

**ਗਉੜੀ ਕਬੀਰ ਜੀ ॥ ਜੋ ਜਨੁ ਪਰਮਿਤਿ ਪਰਮਨੁ ਜਾਨਾ ॥**
***ਬਾਤਨ ਹੀ ਬੈਕੁੰਠ ਸਮਾਨਾ ॥ ੧ ॥**

ਜਿਨ੍ਹਾਂ ਜਨਾਂ ਨੇ ਹੱਛੀ ਮਰਯਾਦਾ ਵਾਲੇ ਵਡੇ ਵਾਹਿਗੁਰੂ ਨੂੰ ਨਹੀਂ ਜਾਣਿਆਂ ਹੈ ਅਰ ਉਹ ਆਦਮੀ ਗੱਲਾਂ ਨਾਲ ਹੀ ਬੈਕੁੰਠ ਜਾਇਆ ਚਾਹੁੰਦੇ ਹਨ।

**ਨਾ ਜਾਨਾ ਬੈਕੁੰਠ ਕਹਾਹੀ ॥**
**ਜਾਨੁ ਜਾਨੁ ਸਭਿ ਕਹਹਿ ਤਹਾਹੀ ॥ ੧ ॥ ਰਹਾਉ ॥**

ਮੈਂ ਨਹੀਂ ਜਾਣਦਾ ਕਿ ਬੈਕੁੰਠ ਕਿੱਥੇ ਹੈ, ਸਾਰੇ ਓਥੇ ਜਾਣਾ ਜਾਣਾ ਆਖਦੇ ਹਨ॥

**ਕਹਨ ਕਹਾਵਨ ਨਹ ਪਤੀਅਈ ਹੈ ॥**
**ਤਉ ਮਨੁ ਮਾਨੈ ਜਾਤੇ ਹਉਮੈ ਜਈ ਹੈ ॥ ੨ ॥**

ਕਹਿਣੇ ਕਹਾਉਣੇ ਕਰਕੇ ਨਹੀਂ ਪਤੀਆਈਦਾ, ਤਾਂ ਮਨ ਮੰਨਦਾ ਹੈ ਜੇ ਹੰਗਤਾ ਚਲੀ ਜਾਵੇ।

**ਜਬ ਲਗੁ ਮਨਿ ਬੈਕੁੰਠ ਕੀ ਆਸ ॥**
**ਤਬ ਲਗੁ ਹੋਇ ਨਹੀ ਚਰਨ ਨਿਵਾਸੁ ॥ ੩ ॥**

ਜਿੰਨਾਂ ਚਿਰ ਮਨ ਵਿੱਚ ਬੈਕੁੰਠ ਦੀ ਆਸਾ ਲਗ ਰਹੀ ਹੈ ਉਨਾ ਚਿਰ ਵਾਹਿਗੁਰੂ ਦੇ ਚਰਨਾਂ ਵਿੱਚ ਨਿਵਾਸ ਨਹੀਂ ਹੁੰਦਾ।

**ਕਹੁ ਕਬੀਰ ਇਹ ਕਹੀਐ ਕਾਹਿ ॥**
**ਸਾਧ ਸੰਗਤਿ ਬੈਕੁੰਠੈ ਆਹਿ ॥ ੪ ॥ ੧੦ ॥**

ਕਬੀਰ ਜੀ ਕਹਿੰਦੇ ਹਨ ਇਹ ਗੱਲ ਕੀ ਕਹੀਏ ਅਥਵਾ ਕਿਸ ਨੂੰ ਕਿ ਸਾਧ ਸੰਗਤ ਹੀ ਬੈਕੁੰਠ ਹੈ॥

(ਉਪਦੇਸ਼)

**ਗਉੜੀ ਕਬੀਰ ਜੀ ॥ ਉਪਜੈ ਨਿਪਜੈ ਨਿਪਜਿ ਸਮਾਈ ॥**
**ਨੈਨਹ ਦੇਖਤ ਇਹੁ ਜਗੁ ਜਾਈ ॥ ੧ ॥**

---

*ਜਿਨ੍ਹਾਂ ਨੇ ਵੱਡੇ ਵਾਹਿਗੁਰੂ ਨੂੰ ਜਾਣਿਆ ਹੈ ਉਹ ਸਰੀਰ ਦੇ ਨਾਲ ਹੀ ਬੈਕੁੰਠ ਨੂੰ ਚਲੇ ਗਏ ਹਨ।

ਪਹਿਲਾਂ ਚੰਦ੍ਰਮਾਂ ਦੀਆਂ ਕਿਰਨਾਂ ਕਰਕੇ ਖੇਤੀ ਵਿੱਚ ਰਸ ਉਪਜਦਾ ਹੈ, ਉਸ ਰਸ ਦੇ ਜ਼ੋਰ ਕਰਕੇ ਰਕਤ ਬੀਰਜ ਮਾਤਾ ਪਿਤਾ ਦਾ (ਨਿਪਜੈ) ਬਣਦਾ ਹੈ, ਅਤੇ ਤਦ ਫਿਰ ਜੀਵ (ਨਿਪਜ) ਜੰਮਦਾ ਹੈ ਤੇ ਜੰਮਕੇ (ਸਮਾਈ) ਮਰ ਜਾਂਦਾ ਹੈ, ਇੱਕਰ ਅੱਖੀਂ ਦੇਖਦਿਆਂ ਹੀ ਸਾਰਾ ਜਗਤ ਚਲਿਆ ਜਾਂਦਾ ਹੈ।

**ਲਾਜ ਨ ਮਰਹੁ ਕਹਹੁ ਘਰੁ ਮੇਰਾ ॥**

**ਅੰਤ ਕੀ ਬਾਰ ਨਹੀ ਕਛੁ ਤੇਰਾ ॥ ੧ ॥ ਰਹਾਉ ॥**

ਹੇ ਭਾਈ (ਤੂੰ) ਲਜਿਆ ਕਰਕੇ ਨਹੀਂ ਮਰਦਾ ਕਿ ਕਹਿੰਦਾ ਹੈਂ ਘਰ ਮੇਰਾ ਹੈ ਅੰਤ ਦੇ ਵੇਲੇ ਕੁਝ ਵੀ ਤੇਰਾ ਨਹੀਂ ਹੋਣਾ।

**ਅਨਿਕ ਜਤਨ ਕਰਿ ਕਾਇਆ ਪਾਲੀ ॥**

**ਮਰਤੀ ਬਾਰ ਅਗਨਿ ਸੰਗਿ ਜਾਲੀ ॥ ੨ ॥**

ਅਨੇਕਾਂ ਉਪਾਵਾਂ ਕਰਕੇ ਦੇਹ ਪਾਲੀਦੀ ਹੈ। ਪਰ ਮਰਨ ਦੇ ਵੇਲੇ ਅਗਨੀ ਦੇ ਨਾਲ ਸਾੜ ਦੇਈਦੀ ਹੈ ॥

**ਚੋਆ ਚੰਦਨੁ ਮਰਦਨ ਅੰਗਾ ॥ ਸੋ ਤਨੁ ਜਲੈ ਕਾਠ ਕੈ ਸੰਗਾ ॥੩॥**

ਮਰਦਨ = ਮਲਣਾਂ

(ਜਿਸ ਸਰੀਰ ਦੇ) ਅਤਰ ਫੁਲੇਲ ਆਦਿਕ ਅੰਗਾਂ ਨੂੰ ਮਲੀਦਾ ਹੈ ਓਹ ਸਰੀਰ ਲਕੜੀਆਂ ਨਾਲ ਸੜ ਜਾਂਦਾ ਹੈ ॥

**ਕਹੁ ਕਬੀਰ ਸੁਨਹੁ ਰੇ ਗੁਨੀਆ ॥**

**ਬਿਨਸੈਗੋ ਰੂਪੁ ਦੇਖੈ ਸਭ ਦੁਨੀਆ ॥ ੪ ॥ ੧੧ ॥**

ਕਬੀਰ ਜੀ ਕਹਿੰਦੇ ਹਨ ਸੁਣੋਂ ਹੇ ਗੁਣੀ ਪੁਰਸ਼ੋ ਏਹ ਸਾਰਾ ਰੂਪ ਜੇਹੜਾ ਤੁਸੀ ਸਾਰੀ ਸ੍ਰਿਸ਼ਟੀ ਵਿੱਚ ਵੇਖ ਰਹੇ ਹੋ ਨਾਸ ਹੋ ਜਾਵੇਗਾ ਵਾ ਦੁਨੀਆਂ ਸਾਰੀ ਦੇ ਵੇਖਦਿਆਂ ਨਾਸ ਹੋਵੇਗਾ।

(ਉਪਦੇਸ਼)

**ਗਉੜੀ ਕਬੀਰ ਜੀ ॥**

**ਅਵਰ ਮੂਏ ਕਿਆ ਸੋਗੁ ਕਰੀਜੈ ॥**

**ਤਉ ਕੀਜੈ ਜਉ ਆਪਨ ਜੀਜੈ ॥ ੧ ॥**

ਹੋਰ ਦੇ ਮੋਇਆਂ ਕੀ ਸ਼ੋਕ ਕਰੀਏ। ਤੇ ਕਰੀਏ ਜੇ ਆਪ ਜੀਉਂਦੇ ਰਹਿਣਾ ਹੋਵੇ ਤਾਂ।

(ਕੀ ਤੂੰ ਨਹੀਂ ਮਰਨਾ)

**ਮੈ ਨ ਮਰਉ ਮਰਿਬੋ ਸੰਸਾਰਾ ॥**

**ਅਬ ਮੋਹਿ ਮਿਲਿਓ ਹੈ ਜੀਆਵਨਹਾਰਾ ॥ ੧ ॥ ਰਹਾਉ ॥**

ਮੈਂ ਨਹੀਂ ਮਰਨਾ, ਸੰਸਾਰ ਮਰੇਗਾ, ਕਿਉਂਕਿ ਮੈਨੂੰ ਹੁਣ ਜੀਵਾਉਂਣ ਵਾਲਾ ਵਾਹਿਗੁਰੂ ਮਿਲਿਆ ਹੈ।

**ਇਆ ਦੇਹੀ ਪਰਮਲ ਮਹਕੰਦਾ ॥**
**ਤਾ ਸੁਖ ਬਿਸਰੇ ਪਰਮਾਨੰਦਾ ॥ ੨ ॥**

ਇਸ ਦੇਹੀ ਉਪਰ ਜੀਵ ਸੁਗੰਧੀਆਂ ਨੂੰ ਸੁਗੰਧਤ ਕਰਦਾ ਹੈ । ਤਿਸ ਸੁਖ ਕਰਕੇ ਵਾਹਿਗੁਰੂ ਵਿਸਰਦਾ ਹੈ।

**ਕੂਅਟਾ ਏਕੁ ਪੰਚ ਪਨਿਹਾਰੀ ॥**
**ਟੂਟੀ ਲਾਜੁ ਭਰੈ ਮਤਿਹਾਰੀ ॥ ੩ ॥**

ਕੂਅਟਾ = ਖੂਹ ॥ ਪਨਿਹਾਰੀ = ਪਾਣੀ ਭਰਨ ਵਾਲੀਆਂ ।

ਇਕ ਸਰੀਰ ਖੂਹਾ ਹੈ ਪੰਜ ਪਾਣੀ ਭਰਨ ਵਾਲੀਆਂ ਕਾਮਾਦਿਕ ਇੰਦ੍ਰੀਆਂ ਹਨ, ਜਦ ਅਵਿੱਦਯਾ ਲੱਜ ਟੁੱਟ ਗਈ ਤਾਂ ਭਰਨ ਵੱਲੋਂ ਅਕਲ ਥੱਕ ਗਈ।

**ਕਹੁ ਕਬੀਰ ਇਕ ਬੁਧਿ ਬੀਚਾਰੀ ॥**
**ਨਾ ਓਹੁ ਕੂਅਟਾ ਨਾ ਪਨਿਹਾਰੀ ॥ ੪ ॥ ੧੨ ॥**

ਕਬੀਰ ਜੀ ਕਹਿੰਦੇ ਹਨ ਜਦ ਅਕਲ ਵਿੱਚ ਇਕ ਵਿਚਾਰ ਕੀਤੀ। ਤਾਂ ਨਾਂ ਉਹ ਖੂਹਾ ਸੱਚਾ ਹੈ ਅਤੇ ਨਾ ਉਹ ਪਾਣੀ ਭਰਨ ਵਾਲੀਆਂ।

"ਸਨਮੁਖ ਬੇਨਤੀ"

**ਗਉੜੀ ਕਬੀਰ ਜੀ ॥**

**ਅਸਥਾਵਰ ਜੰਗਮ ਕੀਟ ਪਤੰਗਾ ॥**
**ਅਨਿਕ ਜਨਮ ਕੀਏ ਬਹੁ ਰੰਗਾ ॥ ੧ ॥**

ਅਸਥਾਵਰ = ਟਿਕੇ ਰਹਿਣ ਵਾਲੇ ਪਰਬਤ, ਬ੍ਰਿਛ ਆਦਿਕ।

ਜੰਗਮ = ਤੁਰਨ ਵਾਲੇ।

(ਹੇ ਵਾਹਿਗੁਰੂ ਅਸਾਂ) ਅਸਥਾਵਰ ਜੰਗਮ ਕੀੜੇ ਪਤੰਗੇ ਹੋਕੇ ਬਹੁਤ ਰੰਗਾਂ ਦੇ ਅਨੇਕਾਂ ਹੀ ਜਨਮ ਧਾਰੇ ਹਨ।

**ਐਸੇ ਘਰ ਹਮ* ਬਹੁਤੁ ਬਸਾਏ ॥**
**ਜਬ ਹਮ ਰਾਮ ਗਰਭ ਹੋਇ ਆਏ ॥ ੧ ॥ ਰਹਾਉ ॥**

ਹੇ (ਰਾਮ) ਵਾਹਿਗੁਰੂ ਜਦ ਅਸੀਂ ਹਮ) ਹੰਕਾਰ ਵਾਲੇ ਹੋਏ ਤਾਂ

*ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਸਟੀਕ ਜਿ: ਗੌੜੀ ਦਾ ਪੰਨਾ ੭੪੩ ਦੇਖੋ ।

*ਇੱਕੁਰ ਦੇ ਘਰ ਅਸਾਂ ਬਹੁਤ ਵਸਾਏ ਅਥਵਾ ਇੱਕੁਰ ਦੇ ਉਪ੍ਰੋਕਤ ਘਰ ਅਸੀਂ* ਬਹੁਤ ਵਸਾਏ ਹਨ ਪਰ ਹੇ ਪ੍ਰਮਾਤਮਾ ਜਦੋਂ ਮਾਤਾ ਦੇ ਪੇਟ ਵਿੱਚ ਆਏ ਤਾਂ ਅਸੀਂ

**ਜੋਗੀ ਜਤੀ ਤਪੀ ਬ੍ਰਹਮਚਾਰੀ ॥**

**ਕਬਹੂ ਰਾਜਾ ਛਤ੍ਰ ਪਤਿ ਕਬਹੂ ਭੇਖਾਰੀ ॥ ੨ ॥**

ਕਦੇ ਜੋਗੀ ਕਦੇ ਜਤੀ ਤੇ ਕਦੇ ਤਪੀ ਬ੍ਰਹਮਚਾਰੀ ਹੋਏ ਤੇ ਕਦੀ ਰਾਜਾ ਚੱਕਰ ਵਰਤੀ ਕਦੀ ਭੇਖਾਰੀ ਹੋਏ ।

**ਸਾਕਤ ਮਰਹਿ ਸੰਤ ਸਭਿ ਜੀਵਹਿ ॥**

**ਰਾਮ ਰਸਾਇਨੁ ਰਸਨਾ ਪੀਵਹਿ ॥ ੩ ॥**

ਸ਼ਕਤੀ ਉਪਾਸ਼ਕ ਮਨਮੁਖ ਮਰਦੇ ਹਨ ਅਤੇ ਸੰਤ ਸਭ ਜੀਉਂਦੇ ਹਨ, ਕਿਉਂਕਿ ਸੰਤ ਵਾਹਿਗੁਰੂ ਜੋ ਰਸਾਂ ਦਾ ਘਰ ਹੈ ਓਸਦੇ ਨਾਮ ਰਸ ਨੂੰ ਰਸਨਾ ਕਰਕੇ ਪੀਂਦੇ ਹਨ । ਅਰਥਾਤ ਉਸ ਵਿਚ ਮਗਨ ਰਹਿੰਦੇ ਹਨ ।

**ਕਹੁ ਕਬੀਰ ਪ੍ਰਭ ਕਿਰਪਾ ਕੀਜੈ ॥**

**ਹਾਰਿ ਪਰੇ ਅਬ ਪੂਰਾ ਦੀਜੈ ॥ ੪ ॥ ੧੩ ॥**

ਕਬੀਰ ਜੀ ਕਹਿੰਦੇ ਹਨ ਹੇ ਵਾਹਿਗੁਰੂ ਅਸਾਡੇ ਤੇ ਕਿਰਪਾ ਕਰ, ਕਿਉਂਕਿ ਅਸੀਂ ਹੁਣ ਹਾਰਕੇ ਤੇਰੇ ਬੂਹੇ ਤੇ ਡਿੱਗ ਪਏ ਹਾਂ ਹੁਣ ਸਾਨੂੰ ਪੂਰਾ ਗਿਆਨ ਵਾ ਨਾਮ ਵਾ ਮੋਖ ਪਦ ਦੇਹ ।

***ਗਉੜੀ ਕਬੀਰ ਜੀ ਕੀ ਨਾਲਿ ਰਲਾਇ ਲਿਖਿਆ ਮਹਲਾ੫॥**

**ਐਸੋ ਅਚਰਜੁ ਦੇਖਿਓ ਕਬੀਰ ॥**

**ਦਧਿ ਕੈ ਭੋਲੈ ਬਿਰੋਲੈ ਨੀਰੁ ॥ ੧ ॥ ਰਹਾਉ ॥**

ਕਬੀਰ ਜੀ ਕਹਿੰਦੇ ਹਨ ਕਿ ਮੈਂ ਇੱਕੁਰ ਦਾ ਅਸਚਰਜ ਤਮਾਸ਼ਾ ਸੰਸਾਰ ਵਿੱਚ ਦੇਖਿਆ ਹੈ ਕਿ ਦਹੀਂ ਦੇ ਭੁਲੇਖੇ ਜੀਵ (ਨੀਰ) ਪਾਣੀ ਨੂੰ ( ਵਿਰੋਲੈ) ਰਿੜਕ ਰਹੇ ਹਨ, ਭਾਵ ਚੰਗੇ ਕਰਮਾਂ ਦੇ ਭੁਲੇਖੇ ਮਾੜੇ ਕੰਮ ਕਰਦੇ ਹਨ ।

**ਹਰੀ ਅੰਗੂਰੀ ਗਦਹਾ ਚਰੈ ॥ ਨਿਤ ਉਠਿ ਹਾਸੈ ਹੀਗੈ ਮਰੈ॥੧॥**

ਵਿਸ਼ਿਆਂ ਰੂਪ ਹਰੀ ਅੰਗੂਰੀ ਮਨ ਰੂਪ ਗਧਾ (ਗਦ ਗਦ ਪ੍ਰਸੰਨ ਹੋਕਰ) ਚਰਦਾ ਹੈ ਅਤੇ ਰੋਜ ਹੀ ਉਠਕੇ ਹੱਸਦਾ ਤੇ ਹੀਂਗਦਾ ਤੇ (ਜੰਮਦਾ) ਮਰਦਾ ਹੈ ।

---

*ਗੁਰੂ ਜੀ ਆਪਣੇ ਨਾਲ ਭਗਤਾਂ ਦੀ ਅਭੇਦਤਾ ਕਰਦੇ ਹਨ ।

**ਮਾਤਾ ਭੈਸਾ ਅੰਮੁਹਾ ਜਾਇ ॥**
**ਕੂਦਿ ਕੂਦਿ ਚਰੈ ਰਸਾਤਲਿ ਪਾਇ ॥ ੨ ॥**

ਅੰਮੁਹਾ = ਅਮੋੜ। ਰਸਾਤਲ – ਪਤਾਲ, ਨਰਕ।

ਫਿੱਟਿਆ ਹੋਇਆ ਝੋਟਾ ਮਨ) ਅਮੋੜ ਜਾਂਦਾ ਹੈ। ਛਾਲਾਂ ਮਾਰ ਮਾਰ ਕੇ ਵਿਸ਼ੇ ਰੂਪੀ ਖੇਤੀ ਨੂੰ ਚਰਦਾ ਹੈ, ਅਤੇ ਨਰਕ ਵਿਚ ਪੈਂਦਾ ਹੈ।

**ਕਹੁ ਕਬੀਰ ਪਰਗਟੁ ਭਈ ਖੇਡ ॥ ਲੇਲੇ ਕਉ ਚੂਘੈ ਨਿਤ ਭੇਡ ॥੩॥**

ਕਬੀਰ ਜੀ ਕਹਿੰਦੇ ਹਨ ਇਹ ਖੇਡ ਸੰਤ ਜਨਾਂ ਨੂੰ ਪ੍ਰਗਟ ਹੋਈ ਹੈ। ਕਿ ਲੇਲੇ ਜੀਵ ਨੂੰ ਭੇਡ ਮਾਇਆ ਰੋਜ ਹੀ ਚੁੰਘ ਰਹੀ ਹੈ।

**ਰਾਮ ਰਮਤ ਮਤਿ ਪਰਗਟੀ ਆਈ ॥**
**ਕਹੁ ਕਬੀਰ ਗੁਰਿ ਸੋਝੀ ਪਾਈ ॥ ੪ ॥ ੧ ॥ ੧੪ ॥**

ਰਮਤ = ਜਪਣਾ ॥ ਮਤ = ਅਕਲ ॥

ਕਬੀਰ ਜੀ ਕਹਿੰਦੇ ਹਨ ਕਿ ਵਾਹਿਗੁਰੂ ਜਪਣ ਨਾਲ ਅਕਲ ਪ੍ਰਗਟ ਹੋ ਆਈ ਹੈ, ਅਤੇ ਵਾਹਿਗੁਰੂ ਜਪਣ ਦੀ ਗੁਰਾਂ ਕੋਲੋਂ ਸੋਝੀ ਪਾਦੀ ਹੈ।

**ਗਉੜੀ ਕਬੀਰ ਜੀ ॥ *ਪੰਚਪਦੇ ੨ ॥**

**ਜਿਉ ਜਲ ਛੋਡਿ ਬਾਹਰਿ ਭਇਓ ਮੀਨਾ ॥**
**ਪੂਰਬ ਜਨਮ ਹਉ ਤਪ ਕਾ ਹੀਨਾ ॥ ੧ ॥**

ਮੀਨ = ਮੱਛ ॥ ਪੂਰਬ = ਪੈਹਲਾ

ਜਿੱਕਰ ਜਲ ਨੂੰ ਛੱਡਕੇ ਬਾਹਿਰ ਹੋਇਆ ੨ ਮੱਛ ਦੁਖ ਪਾਉਂਦਾ ਹੈ ਮੈਂ ਜਾਣਿਆਂ ਹੈ ਕਿ ਪੂਰਬਲੇ ਜਨਮ ਤੂੰ (ਸਨਮੁਖ ਹੋਕੇ ਵਾਹਿਗੁਰੂ ਕਹਿੰਦਾ ਹੈ) ਤਪ ਦਾ ਹੀਣਾਂ ਹੈਂ। ਵਾ ਕਬੀਰ ਜੀ ਕਹਿੰਦੇ ਹਨ ਮੈਂ ਪੈਹਲੇ ਦਾ ਤਪ ਦਾ ਹੀਣਾਂ ਹਾਂ। ਆਪਣੀ ਨਿੰਦਾ ਤੋਂ ਉਸਤਤ ਅਤੇ ਕਾਂਸ਼ੀ ਦੀ ਉਸਤਤਿ ਕਰਕੇ ਨਿੰਦਾ ਨਿਕਲੀ।

**ਅਬ ਕਹੁ ਰਾਮ ਕਵਨ ਗਤਿ ਮੋਰੀ ॥**
**ਤਜੀਲੇ ਬਨਾਰਸ ਮਤਿ ਭਈ ਥੋਰੀ ॥ ੧ ॥ ਰਹਾਉ ॥**

ਹੁਣ ਕਹੁ ਖਾਂ ਹੇ ਵਾਹਿਗੁਰੂ ਕੀ ਗਤੀ ਮੇਰੀ ਹੋਵੇਗੀ ਕਿਉਂਕਿ ਕਾਂਸ਼ੀ ਨੂੰ ਛਡ ਦਿਤਾ ਹੈ ਅਕਲ ਥੋੜ੍ਹੀ ਹੋ ਗਈ ਹੈ ਵਾ ਹੇ (ਰਾਮ) ਭਾਈ ਮੇਰੀ

---

*ਮਗਹਰ ਦੇਸ ਜੋ ਗਣੇਸ਼ ਜੀ ਦਾ ਵਸਾਇਆ ਹੋਯਾ ਹੈ ਏਥੇ ਮਰਨ ਨਾਲ ਜੀਵ ਨਰਕ ਨੂੰ ਜਾਂਦਾ ਹੈ ਤੇ ਕਾਸ਼ੀ ਵਿਚ ਸੁਰਗ ਨੂੰ, ਇਹ ਲੋਕਾਂ ਦਾ ਖਿਆਲ ਹੈ।

ਕੀ ਗਤੀ ਹੋਵੇਗੀ(ਉੱਤਰ) ਤੂੰ ਕਾਂਸ਼ੀ ਛਡੀ ਹੈ ਤੇਰੀ ਅਕਲ ਤੁੱਛ ਹੋ ਗਈ ਹੈ।

**ਸਗਲ ਜਨਮੁ ਸਿਵ ਪੁਰੀ ਗਵਾਇਆ ॥**
**ਮਰਤੀ ਬਾਰ ਮਗਹਰਿ ਉਠਿ ਆਇਆ ॥ ੨॥**

ਸਾਰਾ ਜਨਮ ਤੂੰ ਸ਼ਿਵਪੁਰੀ ਵਿਚ ਗਵਾਇਆ ਹੈ ਅਤੇ ਮਰਨ ਦੇ ਵੇਲੇ ਮਗਹਰ ਦੇਸ ਉਠ ਆਇਆ ਹੈਂ।

**ਬਹੁਤੁ ਬਰਸ ਤਪੁ ਕੀਆ ਕਾਸੀ ॥**
**ਮਰਨੁ ਭਇਆ ਮਗਹਰ ਕੀ ਬਾਸੀ ॥ ੩ ॥**

ਬਾਹਲੇ ਵਰ੍ਹੇ ਤੂੰ ਕਾਂਸ਼ੀ ਤਪ ਕੀਤਾ ਹੈ। ਅਤੇ ਮਰਨਾ ਤੇਰਾ ਮਗਹਰ ਦੀ ਬਾਸੀ ਵਿਚ ਹੋਇਆ ਹੈ ॥

(ਉੱਤਰ

**ਕਾਸੀ ਮਗਹਰ ਸਮ ਬੀਚਾਰੀ ॥**
**ਓਛੀ ਭਗਤਿ ਕੈਸੇ ਉਤਰਸਿ ਪਾਰੀ ॥ ੪ ॥**

ਮੈਂ ਤਾਂ ਕਾਂਸੀ ਮਗਹਰ ਬਰਾਬਰ ਵੀਚਾਰੀ ਹੈ, ਤੁੱਛ ਭਗਤੀ ਕਰਕੇ ਕਿੱਕੁਰ ਪਾਰ ਉਤਰੀ ਦਾ ਹੈ ਭਾਵ ਮੈਂ ਇੱਕਰ ਦੀ ਭਗਤੀ ਕੀਤੀ ਹੈ ਕਿ ਜਿਥੇ ਮਰਾਂਗਾ ਓਥੇ ਹੀ ਮੁਕਤਿ ਹੋਵਾਂਗਾ ॥

**ਕਹੁ *ਗੁਰ ਗਜਿ ਸਿਵ ਸਭੁ ਕੋ ਜਾਨੈ ॥**
**ਮੂਆ ਕਬੀਰੁ ਰਮਤ ਸ੍ਰੀ ਰਾਮੈ ॥ ੫ ॥ ੧੫ ॥**

ਗੁਰ = ਰਾਮਾਨੰਦ। ਗਜਿ = ਗਣੇਸ਼

ਕਬੀਰ ਜੀ ਕੈਂਹਦੇ ਹਨ ਕਿ ਹੇ ਰਾਮਾਨੰਦ ਜੀ ਗਣੇਸ਼ ਸ਼ਿਵ ਸਭ ਜਾਨਦੇ ਹਨ ਕਿ ਰਾਮ ਰਾਮ ਕਹਿੰਦਾ ਕਬੀਰ ਮੋਇਆ ਹੈ॥

(ਉਪਦੇਸ਼)

**ਗਉੜੀ ਕਬੀਰ ਜੀ ॥**
**ਚੋਆ ਚੰਦਨ ਮਰਦਨ ਅੰਗਾ ॥**
**ਸੋ ਤਨੁ ਜਲੈ ਕਾਠ ਕੈ ਸੰਗਾ ॥ ੧ ॥**

ਮਰਦਨ = ਵਟਣਾਂ ਮਲਣਾਂ ॥

ਅਤਰ ਫਲੇਲ ਜਿਨ੍ਹਾਂ ਅੰਗਾਂ ਨੂੰ ਮਲਦਾ ਸੀ ਸੋ ਸਰੀਰ ਲਕੜੀਆਂ

*ਵਾ ਯਾਰਾਂ ਸੌ ਇਕਤਾਲੀ ਸੰਮਤ ਵਿਚ ਕਬੀਰ ਜੀ ਸਮਾਏ

ਨਾਲ ਜਲਦਾ ਹੈ।

**ਇਸੁ ਤਨ ਧਨ ਕੀ ਕਵਨ ਬਡਾਈ ॥**

**ਧਰਨਿ ਪਰੈ ਉਰਵਾਰਿ ਨ ਜਾਈ ॥ ੧ ॥ ਰਹਾਉ ॥**

ਇਸ ਤਨ ਧਨ ਦੀ ਕੀ ਵਡਿਆਈ ਹੈ ਸਰੀਰ ਤਾਂ ਧਰਤੀ ਵਿਚ ਗੱਡਿਆ ਵਾ ਮਿਲ ਜਾਂਦਾ ਹੈ ਅਤੇ ਧਨ (ਉਰਵਾਰਿ) ਏਥੇ ਹੀ ਰਹਿੰਦਾ ਹੈ ਅਗੇ ਨਹੀਂ ਜਾਂਦਾ।

"ਜਿੱਕੁਰ ਤਨ ਧਨ ਵਿਚ ਲਗਕੇ ਜੀਵ ਵਾਹਿਗੁਰੂ ਤੋਂ
ਬੇਮੁਖ ਹੋ ਰਹੇ ਹਨ ਸੋ ਕੇਂਹਦੇ ਹਨਃ-"

**ਰਾਤਿ ਜਿ ਸੋਵਹਿ ਦਿਨ ਕਰਹਿ ਕਾਮ ॥**

**ਇਕੁ ਖਿਨੁ ਲੇਹਿ ਨ ਹਰਿ ਕੋ ਨਾਮ ॥ ੨ ॥**

ਜੇਹੜੇ ਰਾਤ ਨੂੰ ਸੌਂਦੇ ਹਨ ਅਤੇ ਦਿਨ ਨੂੰ ਕੰਮ ਕਰਦੇ ਹਨ। ਇਕ ਪਲ ਵੀ ਵਾਹਿਗੁਰੂ ਦਾ ਨਾਮ ਨਹੀਂ ਲੈਂਦੇ।

**ਹਾਥਿ ਤ *ਡੋਰ ਮੁਖਿ ਖਾਇਓ ਤੰਬੋਰ ॥**

**ਮਰਤੀ ਬਾਰ ਕਸਿ ਬਾਧਿਓ ਚੋਰ ॥ ੩ ॥**

ਹੱਥਾਂ ਵਿਚ ਬਾਜਾਂ ਦੀਆਂ ਡੋਰਾਂ ਹਨ ਅਤੇ ਮੁਖ ਨਾਲ ਪਾਨ ਖਾਂਦਾ ਹੈ (ਜਿੱਕਰ ਚੋਰ ਨੂੰ ਸਪਾਹੀ ਬੰਨ੍ਹ ਲੈਂਦੇ ਹਨ) ਉੱਕਰ ਮਰਨ ਦੇ ਵੇਲੇ ਜਮਾਂ ਨੇ ਕੱਸਕੇ ਬੰਨ੍ਹ ਲਿਆ।

(ਸੰਸਾਰ ਵਿਚ ਸੁਖੀ ਕੌਣ ਹੈ ?)

**ਗੁਰਮਤਿ ਰਸਿ ਰਸਿ ਹਰਿ ਗੁਨ ਗਾਵੈ ॥**

**ਰਾਮੈ ਰਾਮ ਰਮਤ ਸੁਖੁ ਪਾਵੈ ॥ ੪ ॥**

ਜੇਹੜੇ ਗੁਰ (ਮਤਿ) ਸਿੱਖਿਆ ਨੂੰ ਰਸਿ ਰਸਿ ਕੇ (ਪ੍ਰੇਮ ਨਾਲ) ਵਾਹਿਗੁਰੂ ਦੇ ਗੁਣ ਗਾਉਂਦੇ ਹਨ ਸੋ ਪੁਰਸ਼ ਵਾਹਿਗੁਰੂ ੨ ( ਰਮਤ ) ਜਪਦੇ ਹੋਏ ਸੁਖ ਪਾਉਂਦੇ ਹਨ।

**ਕਿਰਪਾ ਕਰਿ ਕੈ ਨਾਮੁ ਦ੍ਰਿੜਾਈ ॥**

**ਹਰਿ ਹਰਿ ਬਾਸੁ ਸੁਗੰਧ ਬਸਾਈ ॥ ੫ ॥**

ਜਿਨਾਂ ਤੇ ਗੁਰਾਂ ਨੇ ਕ੍ਰਿਪਾ ਦ੍ਰਿਸ਼ਟ ਕਰਕੇ ਨਾਮ ਦੀ ਪ੍ਰੀਤੀ ਦ੍ਰਿੜ੍ਹ ਕਰ-ਵਾਈ ਹੈ ਤਿਨ੍ਹਾਂ ਨੇ ਰਿਦੇ ਵਿਚੋਂ ਹੋਰ ( ਆਸ ) ਵਾਸ਼ਨਾ ( ਹਰਿ ) ਨਾਸ ਕਰਕੇ

---

*ਤਡੋਰ ( ਪਸਾਰੇ ) ਟਡੇ ਹੋਏ ਹਥ ਵੀ ਅਰਥ ਹੈ।

(ਹਰਿ) ਵਾਹਿਗੁਰੂ ਦੇ ਨਾਮ ਦੀ ਵਾਸ਼ਨਾ ਵਸਾਈ ਹੈ ਵਾ ਵਾਂਸ ਵਿਚ ਸੁਗੰਧ ਵਸਾਈ ਹੈ॥

**ਕਹਤ ਕਬੀਰ ਚੇਤਿ ਰੇ ਅੰਧਾ ॥**

**ਸਤਿ ਰਾਮੁ ਝੂਠਾ ਸਭੁ ਧੰਧਾ ॥ ੬ ॥ ੧੬ ॥**

ਕਬੀਰ ਜੀ ਕਹਿੰਦੇ ਹਨ ਹੇ ਅੰਨੇ ਜੀਵ ਵਾਹਿਗੁਰੂ ਨੂੰ ਜਪ ਕਿਉਂਕਿ ਵਾਹਿਗੁਰੂ ਸੱਚਾ ਹੈ ਅਤੇ ਹੋਰ ਸਭ ਧੰਧਾ ਝੂਠਾ ਹੈ ।

"ਕਬੀਰ ਜੀ ਆਪਣੀ ਗਜਾਨ ਅਵਸਥਾ ਦਾ ਹਾਲ ਦਸਦੇ ਹਨ"

**ਗਉੜੀ ਕਬੀਰ ਜੀ †ਤਿਪਦੇ ਚਾਰ ਤੁਕੇ ॥ ੨ ॥**

**ਜਮ ਤੇ ਉਲਟਿ ਭਏ ਹੈ ਰਾਮ ॥**

**ਦੁਖ ਬਿਨਸੇ ਸੁਖ ਕੀਓ ਬਿਸਰਾਮ ॥**

ਜਮਾਂ ਤੋਂ ਉਲਟਕੇ ਸਾਨੂੰ ਹੁਣ ਵਾਹਿਗੁਰੂ ਦੇ ਦਾਸ ਲੈਣ ਵਾਸਤੇ ਆਏ ਹਨ ਭਾਵ ਜੋ ਜਮ ਲੋਕਾਂ ਨੂੰ ਦੁਖ ਦੇਂਦੇ ਹਨ ਓਹ ਭਗਤਾਂ ਪਾਸ ਨਹੀਂ ਆਉਂਦੇ ਅਤੇ ਦੁਖ ਦੂਰ ਹੋ ਗਏ ਤੇ ਸੁਖ ਵਿਚ ਬਿਸਾਮ ਕੀਤਾ ਭਾਵ ਸੁਖ ਹੋਇਆ ॥

**ਬੈਰੀ ਉਲਟਿ ਭਏ ਹੈ ਮੀਤਾ ॥**

**ਸਾਕਤ ਉਲਟਿ ਸੁਜਨ ਭਏ ਚੀਤਾ ॥ ੧ ॥**

ਵੈਰੀ ( ਕਾਮ ਆਦਿਕ ) ਉਲਟਕੇ ਮਿਤ੍ਰ ਹੋ ਗਏ ਹਨ ਅਤੇ ਸਾਕਤ ਆਦਮੀ ਉਲਟਕੇ ਚਿਤ ਵਿੱਚ ਸ੍ਰੇਸ਼ਟ ਜਨ ਹੋ ਗਏ ਹਨ ॥

**ਅਬ ਮੋਹਿ ਸਰਬ ਕੁਸਲ ਕਰਿ ਮਾਨਿਆ ॥**

**ਸਾਂਤਿ ਭਈ ਜਬ ਗੋਬਿੰਦੁ ਜਾਨਿਆ ॥ ੧ ॥ ਰਹਾਉ ॥**

ਹੁਣ ਮੈਂ ਸਭ ਵਲੋਂ (ਕੁਸਲ) ਸੁਖ ਕਰਕੇ ਮੰਨਿਆਂ ਹੈ ਅਤੇ ਸ਼ਾਂਤੀ ਹੋਈ ਹੈ ਜਦ ਵਾਹਿਗੁਰੂ ਨੂੰ ਜਾਣ ਲਿਆ ।

**ਤਨ ਮਹਿ ਹੋਤੀ ਕੋਟਿ ਉਪਾਧਿ ॥**

**ਉਲਟਿ ਭਈ ਸੁਖ ਸਹਜਿ ਸਮਾਧਿ ॥**

ਜੇਹੜੀ ਪਹਿਲੋਂ ਸ਼ਰੀਰ ਵਿਚ ਕਰੋੜਾਂ ਤਰਾਂ ਦੀ ਉਪਾਧੀ ਹੁੰਦੀ ਸੀ ਉਸ ਤੋਂ ਬ੍ਰਿਤੀ ਉਲਟ ਕੇ ਸਹਜ ਸੁਖਿ (ਵਾਹਿਗੁਰੂ) ਵਿਚ ਸਮਾਧੀ ਲੱਗੀ ਹੈ ।

---

† ੪–੪ ਤੁਕਾਂ ਦੀ ਪੌੜੀ ਹੋਵੇਗੀ ਅਤੇ ੩–੩ (ਪਦੇ) ਪੌੜੀ ਦੇ ਸ਼ਬਦ ਆਵਣਗੇ ॥

**ਆਪੁ ਪਛਾਨੈ ਆਪੈ ਆਪ ॥**

**ਰੋਗੁ ਨ ਬਿਆਪੈ ਤੀਨੋ ਤਾਪ ॥ ੨ ॥**

ਜਦ ਆਪਣੇ ਆਪ ਨੂੰ ਵਾਹਿਗੁਰੂ ਰੂਪ ਜਾਣਿਆਂ ਤਾਂ ਸਾਰਾ ਜੱਗ ਆਪਣਾ ਹੀ ਰੂਪ ਦਿੱਸਿਆ ਵਾ ਆਪਣੇ ਆਪ ਵਿੱਚ ਆਪ ਹੀ ਵਾਹਿਗੁਰੂ ਨੂੰ ਪਛਾਣ ਲਿਆ ਤਦ ਰੋਗ ਵੀ ਨਾ ਵਿਆਪਦੇ ਹੋਏ ਅਤੇ ਤਿੰਨੇ ਤਾਪ ਵੀ (ਦੂਰ ਹੋਏ)

**ਅਬ *ਮਨੁ ਉਲਟਿ ਸਨਾਤਨੁ ਹੂਆ ॥**

**ਤਬ ਜਾਨਿਆ ਜਬ ਜੀਵਤ ਮੂਆ ॥**

ਹੁਣ ਮਨ ਸੰਸਾਰ ਵੱਲੋਂ ਉਲਟਕੇ ਪੁਰਾਣਾਂ (ਵਾਹਿਗੁਰੂ ੨ ਜਪਣ ਵਾਲਾ) ਹੋਇਆ ਹੈ। ਪਰ ਤਦੋਂ ਜਾਣਿਆ ਜਦ ਜੀਵਤਭਾਉ ਤੋਂ ਮੋਯਾ।

**ਕਹੁ ਕਬੀਰ ਸੁਖਿ ਸਹਜਿ ਸਮਾਵਉ ॥**

**ਆਪਿ ਨ ਡਰਉ ਨ ਅਵਰ ਡਰਾਵਉ ॥ ੩ ॥ ੧੭ ॥**

ਕਬੀਰ ਜੀ ਕਹਿੰਦੇ ਹਨ ਹੁਣ ਅਸੀਂ ਸਹਿਜ ਸੁਖ ਵਿੱਚ ਸਮਾ ਰਹੇ ਹਾਂ ਨਾ ਆਪ ਡਰਦੇ ਹਾਂ ਅਤੇ ਨਾ ਹੋਰਨਾਂ ਨੂੰ ਡਰਾਉਂਦੇ ਹਾਂ।

**ਗਉੜੀ ਕਬੀਰ ਜੀ ॥**

**ਪਿੰਡਿ ਮੂਐ ਜੀਉ ਕਿਹ ਘਰਿ ਜਾਤਾ ॥**

**ਸਬਦਿ ਅਤੀਤਿ ਅਨਾਹਦਿ ਰਾਤਾ ॥**

ਪਿੰਡ = ਸਰੀਰ

(ਪ੍ਰਸ਼ਨ) ਗਜਾਨੀ ਦੇ ਸਰੀਰ ਗੁਜਰਨ ਪਿੱਛੇ ਜੀਉ ਕਿਸ (ਘਰ) ਥਾਂ ਜਾਂਦਾ ਹੈ

(ਉੱਤਰ) ਇਕ ਰਸ ਜੋ ਅਸੰਖ ਵਾਹਿਗੁਰੂ ਹੈ ਉਸ ਵਿੱਚ ਜੀਉ ਜੀਉਂਦਾ ਵੀ ਰੱਤਾ ਰਹਿੰਦਾ ਹੈ ਅਤੇ ਮੋਇਆ ਹੋਇਆ ਵੀ ਓਥੇ ਜਾਂਦਾ ਹੈ।

(ਸ਼ੰਕਾ) ਓਹ ਅਨੰਦ ਕਹੋ ?

**ਜਿਨਿ ਰਾਮੁ ਜਾਨਿਆ ਤਿਨਹਿ ਪਛਾਨਿਆ ॥**

**ਜਿਉ ਗੂੰਗੇ ਸਾਕਰ ਮਨੁ ਮਾਨਿਆ ॥ ੧ ॥**

ਜਿਸਨੇ ਵਾਹਿਗੁਰੂ ਨੂੰ ਜਾਣਿਆਂ ਹੈ ਵਾਹਿਗੁਰੂ ਦੀ ਪ੍ਰਾਪਤੀ ਦਾ ਆਨੰਦ ਉਸਨੇ ਹੀ ਪਛਾਣਿਆਂ ਹੈ। (ਕੋਈ ਦ੍ਰਿਸ਼ਟਾਂਤ) ਜਿੱਕਰ ਗੂੰਗੇ ਦਾ (ਮਠਿਆਈ) ਸੱਕਰ ਨਾਲ ਮਨ ਮੰਨਿਆਂ ਹੈ।

**ਐਸਾ ਗਿਆਨੁ ਕਥੈ ਬਨਵਾਰੀ ॥**

*ਹੇ ਭਾਈ ! ਮਨ ਨੂੰ ਸੰਬੋਧਨ ਕਰਕੇ ਜੀਵ ਵੱਲ ਇਸ਼ਾਰਾ ਹੈ।

## ਮਨ ਰੇ ਪਵਨ ਦ੍ਰਿੜ ਸੁਖਮਨ ਨਾਰੀ ॥ ੧ ॥ ਰਹਾਉ ॥

ਇੱਕਰ ਦਾ ਰਜਾਨ (ਬਨਵਾਰੀ) ਵਾਹਿਗੁਰੂ ਦਾ ਕੋਈ ਹੀ ਭਗਤ ਦਸਦਾ ਹੈ ਵਾ ਕ੍ਰਿਸ਼ਨ ਜੀ ਨੇ ਅਰਜਨ ਨੂੰ ਗੀਤਾ ਵਿਚ ਦਸਿਆ ਹੈ) (ਸ਼ੰਕਾ) ਤੁਸੀਂ ਦਸੋ (ਉੱਤਰ) ਹੇ (ਮਨ) ਪਜਾਰੇ (ਪਵਨ) ਪ੍ਰਾਣਾਂ ਨੂੰ ਸੁਖਮਨਾਂ ਨਾੜੀ ਵੱਲ ਲਾਦੇ ਭਾਵ ਸ੍ਵਾਸ ਸ੍ਵਾਸ ਭਗਤੀ ਕਰੋ ।

## ਸੋ ਗੁਰੁ ਕਰਹੁ ਜਿ ਬਹੁਰਿ ਨ ਕਰਨਾ ॥
## ਸੋ ਪਦੁ ਰਵਹੁ ਜਿ ਬਹੁਰਿ ਨ ਰਵਨਾ॥

ਰਵਹੁ = ਪ੍ਰਾਪਤ ਵਾ ਉਚਾਰਨਾ॥

ਸੋ ਗੁਰੂ ਕਰੋ ਜੋ ਫੇਰ ਨ ਕਰਨਾ ਪਵੇ । ਸੋ ਤਿਸ ਪਦ ਨੂੰ ਪ੍ਰਾਪਤ ਹੋਵੋ ਜੋ ਚੁਰਾਸੀ ਦਾ ਫਿਰਨਾ ਮਿਟ ਜਾਵੇ ਵਾ ਉਹ ਨਾਮ ਜਪੋ ਜਿਸਦੇ ਪ੍ਰਤਾਪ ਹੋਰ ਨਾਮ ਨਾ ਜਪਣਾਂ ਪਵੇ ॥

## ਸੋ ਧਿਆਨੁ ਧਰਹੁ ਜਿ ਬਹੁਰਿ ਨ ਧਰਨਾ ॥
## ਐਸੇ ਮਰਹੁ ਜਿ ਬਹੁਰਿ ਨ ਮਰਨਾ ॥ ੨ ॥

(ਓਸ) ਵਾਹਿਗੁਰੂ ਦਾ ਉਹ ਧਿਆਨ ਧਰੋ ਜੋ ਫਿਰ ਹੋਰ (ਦੇਵੀ ਦੇਵਤਿਆਂ ਦਾ) ਨਾ ਧਰਨਾ ਪਵੇ । ਇੱਕਰ ਦਾ ਮਰੋ ਜੇ ਫਿਰ ਨਾ ਮੁੜਕੇ ਮਰਨਾ ਪਵੇ ।

## ਉਲਟੀ ਗੰਗਾ ਜਮੁਨ ਮਿਲਾਵਉ ॥
## ਬਿਨੁ ਜਲ ਸੰਗਮ ਮਨ ਮਹਿ ਨ੍ਹਾਵਉ ॥

ਮੋੜਕੇ ਗੰਗਾ ਨੂੰ ਜਮਨਾ ਨਾਲ ਮਿਲਾਵੋ ਅਤੇ ਬਿਨਾਂ ਹੀ ਜਲ ਦੇ ਸੰਗਮ ਤੇ ਮਨ ਵਿੱਚ ਇਸਨਾਨ ਕਰੋ ਭਾਵ ਇੜਾ ਪਿੰਗਲਾ ਕਰਕੇ ਸ੍ਵਾਸ ਰੋਕਕੇ ਸੁਖਮਨਾ ਨਾੜੀ ਦੁਆਰਾ ਦਸਵੇਂ ਦ੍ਵਾਰ ਵਾਹਿਗੁਰੂ ਪਾਸ ਪਹੁੰਚੋ ਅਥਵਾ ਸੰਸਾਰ ਵੱਲੋਂ ਬ੍ਰਿਤੀ ਉਲਟਾਵੋ ਤੇ ਜਮ ਨੂੰ ਨਾ ਮਿਲਾਵੋ ਫਿਰ ਨਿਡਰ ਹੋਕੇ ਨਾਮ ਜਪੋ ॥

## ਲੋਚਾ ਸਮਸਰਿ ਇਹੁ ਬਿਉਹਾਰਾ ॥
## ਤਤੁ ਬੀਚਾਰਿ ਕਿਆ ਅਵਰਿ ਬੀਚਾਰਾ ॥ ੩ ॥

**ਲੋਚਾ** = ਨੇਤ੍ਰਾਂ ਦੀ ਦ੍ਰਿਸ਼ਟੀ ॥

ਉਨ੍ਹਾਂ ਦੇ ਨੇਤ੍ਰਾਂ ਦੀ ਦ੍ਰਿਸਟੀ ਵਿੱਚ ਇਕੋ ਜਿਹਾ ਵਿਉਹਾਰ ਹੈ ਭਾਵ ਸਭ ਨੂੰ ਬਰਾਬਰ ਜਾਣਦੇ ਹਨ ਜਿਨਾਂ ਨੇ ਤੱਤ ਮਿਥਿਆ (ਵਾ ਵਾਹਿਗੁਰੂ ਨੂੰ) ਵਿਚਾ-ਰਿਆ ਹੈ ਓਨ੍ਹਾਂ ਨੇ ਹੋਰ ਕੁਝ ਕਿਆ ਵਿਚੌਰਨਾ ਹੈ ॥

**ਅਪੁ ਤੇਜੁ ਬਾਇ ਪ੍ਰਿਥਮੀ ਅਕਾਸਾ ॥**
**ਐਸੀ ਰਹਤ ਰਹਉ ਹਰਿ ਪਾਸਾ ॥**

ਅਪ = ਪਾਣੀ। ਤੇਜ = ਅਗਨੀ। ਬਾਇ = ਪਵਣ॥

੧ ਪਾਣੀ ੨ ਅਗਨੀ ੩ ਪੌਣ ੪ ਧਰਤੀ ੫ ਅਕਾਸ, ਇੱਕਰ ਦੀ ਰਹਤ ਰਹੋ ਤਾਂ ਵਾਹਿਗੁਰੂ ਤੁਹਾਡੇ ਪਾਸ ਹੀ ਹੈ ਭਾਵ ਜਿੱਕਰ ਪਾਣੀ ਆਦਿਕ ਸੀਤਲ ਹਨ ਇੱਕਰ ਦੇ ਤੁਸੀ ਹੋਵੋ ਤਾਂ ਵਾਹਿਗੁਰੂ ਤੁਹਾਨੂੰ ਮਿਲ ਪਵੇਗਾ॥

**ਕਹੈ ਕਬੀਰ ਨਿਰੰਜਨ ਧਿਆਵਉ ॥**
**ਤਿਤੁ ਘਰਿ ਜਾਉ ਜਿ ਬਹੁਰਿ ਨ ਆਵਉ ॥ ੪ ॥੧੮॥**

ਕਬੀਰ ਜੀ ਕਹਿੰਦੇ ਹਨ ਮਾਇਆ ਰਹਿਤ (ਵਾਹਿਗੁਰੂ) ਨੂੰ ਯਾਦ ਕਰੋ ਉਸ ਘਰ ਵਿਚ ਜਾਓ ਜਿਥੋਂ ਫਿਰ ਨਾ ਆਓ॥

(ਰਾਜੇ ਨੂੰ ਉਪਦੇਸ਼)

**ਗਉੜੀ ਕਬੀਰ ਜੀ*ਤਿਪਦੇ ੧੫ ॥**
**ਕੰਚਨ ਸਿਉ ਪਾਈਐ ਨਹੀ ਤੋਲਿ ॥**
**ਮਨੁ ਦੇ ਰਾਮੁ ਲੀਆ ਹੈ ਮੋਲਿ ॥ ੧ ॥**

ਕੰਚਨ = ਸੋਨਾ।

ਸੋਨੇ ਦੇ ਤੋਲ ਨਾਲ ਵਾਹਿਗੁਰੂ ਨੂੰ ਨਹੀਂ ਪਾਈਦਾ ਭਾਵ ਸੋਨੇ ਦੇ ਵਟੇ ਸੱਟੇ ਵਾਹਿਗੁਰੂ ਨਹੀਂ ਮਿਲਦਾ ਕਿਉਂਕਿ ਅਸਾਂ ਮਨ ਦੇਕੇ ਵਾਹਿਗੁਰੂ ਮੂਲ ਲਿਆ ਹੈ (ਵਾ ਤੂੰ ਲੈ)।

**ਅਬ ਮੋਹਿ ਰਾਮੁ ਅਪੁਨਾ ਕਰਿ ਜਾਨਿਆ ॥**
**ਸਹਜ ਸੁਭਾਇ ਮੇਰਾ ਮਨੁ ਮਾਨਿਆ ॥ ੧ ॥ ਰਹਾਉ ॥**

ਹੁਣ ਮੈਂ ਵਾਹਿਗੁਰੂ ਨੂੰ ਆਪਣਾ ਕਰਕੇ ਜਾਣਿਆ ਹੈ (ਸੋ ਆਪਣੀ ਚੀਜ ਦਿਤੀ ਨਹੀਂ ਜਾਂਦੀ) ਜਦ ਮੇਰਾ ਮਨ ਮੰਨਿਆਂ ਤਾਂ ਸ਼ਾਂਤੀ ਸੁਭਾਉ ਹੋਯਾ॥

(ਉਸ ਵਾਹਿਗੁਰੂ ਦਾ)

**ਬ੍ਰਹਮੈ ਕਥਿ ਕਥਿ ਅੰਤੁ ਨ ਪਾਇਆ ॥**
**ਰਾਮ ਭਗਤਿ ਬੈਠੇ ਘਰਿ ਆਇਆ ॥ ੨ ॥**

ਬ੍ਰਹਮਾ ਨੇ ਵੀ ਕਥਾ ਨੂੰ ਕਥ ਕੇ ਅੰਤ ਨਹੀਂ ਪਾਇਆ ॥ ਵਾਹਿਗੁਰੂ

---

*੧੫ ਸਬਦ ੩, ੩ ਪੌੜੀਆਂ ਦੇ ਆਉਂਣਗ।

ਦੇ ਭਗਤਾਂ ਨੂੰ ਘਰ ਬੈਠਿਆਂ ਹੀ ਆ ਮਿਲਿਆ ਹੈ ਭਾਵ ਭਗਤਾਂ ਨੂੰ ਓਹ ਇੱਕਰ ਦਾ ਵਾਹਿਗੁਰੂ ਗ੍ਰਹਸਤ ਵਿੱਚ ਹੀ ਮਿਲ ਪਿਆ ਹੈ ॥

(ਭਗਤੀ ਕਿੱਕਰ ਦੀ ਕੀਤੀ)

**ਕਹੁ ਕਬੀਰ ਚੰਚਲ ਮਤਿ ਤਿਆਗੀ ॥**

**ਕੇਵਲ ਰਾਮ ਭਗਤ ਨਿਜ ਭਾਗੀ ॥ ੩ ॥ ੧੯ ॥**

ਕਬੀਰ ਜੀ ਕਹਿੰਦੇ ਹਨ ਚੰਚਲ ਅਕਲ ਛੱਡੀ ਅਤੇ ਕੇਵਲ ਵਾਹਿਗੁਰੂ ਦੀ ਭਗਤੀ ਦੇ (ਨਿਜ) ਆਪ (ਅਸੀਂ) ਭਾਗੀ ਹਿੱਸੇਦਾਰ ਹੋਏ ॥

(ਉਪਦੇਸ਼)

**ਗਉੜੀ ਕਬੀਰ ਜੀ ॥ ਜਿਹ ਮਰਨੈ ਸਭੁ ਜਗਤੁ ਤਰਾਸਿਆ ॥**

**ਸੋ ਮਰਨਾ ਗੁਰ ਸਬਦਿ ਪ੍ਰਗਾਸਿਆ ॥ ੧ ॥**

ਜਿਸ ਮਰਨੇ ਨੇ ਸਾਰਾ ਜਗਤ ਡਰਾਇਆ ਹੈ ਉਹ ਮਰਨਾਂ ਗੁਰਾਂ ਦੇ ਸ਼ਬਦ ਨੇ ਪ੍ਰਕਾਸ਼ਤ ਕਰ ਦਿਤਾ ਹੈ ਭਾਵ ਮਰਨ ਦਾ ਡਰ ਦੂਰ ਕਰ ਦਿਤਾ ਹੈ ॥

(ਤੂੰ ਵੀ ਕਿਸੇ ਦਿਨ ਮਰੇਂਗਾ)

**ਅਬ ਕੈਸੇ ਮਰਉ ਮਰਨਿ ਮਨੁ ਮਾਨਿਆ ॥**

**ਮਰਿ ਮਰਿ ਜਾਤੇ ਜਿਨ ਰਾਮੁ ਨ ਜਾਨਿਆ ॥ ੧ ॥ ਰਹਾਉ ॥**

ਹੁਣ ਮੈਂ ਕਿੱਕਰ ਮਰਾਂ ਮੇਰਾ ਮਨ ਜੀਵਤ ਭਾਉ ਤੋਂ ਮਰਕੇ ਮੰਨ ਗਿਆ ਹੈ ਉਹ ਮਰ ਮਰ ਕੇ ਜਾਂਦੇ ਹਨ ਜਿਨ੍ਹਾਂ ਨੇ ਵਾਹਿਗੁਰੂ ਨੂੰ ਨਹੀਂ ਜਾਣਿਆਂ ॥

**ਮਰਨੋ ਮਰਨੁ ਕਹੈ ਸਭੁ ਕੋਈ ॥**

**ਸਹਜੇ ਮਰੈ ਅਮਰੁ ਹੋਇ ਸੋਈ ॥ ੨ ॥**

ਮਰਨਾਂ ਮਰਨਾਂ ਸਭ ਕੋਈ ਆਖਦਾ ਹੈ ਪਰ ਜੇਹੜਾ ਸਹਜੇ ਹੀ ਜੀਵਤ ਭਾਉ ਤੋਂ ਮੋਇਆ ਹੈ ਸੋਈ ਅਮਰ ਹੋਇਆ ਹੈ ॥

**ਕਹੁ ਕਬੀਰ ਮਨਿ ਭਇਆ ਅਨੰਦਾ ॥**

**ਗਇਆ ਭਰਮੁ ਰਹਿਆ ਪਰਮਾਨੰਦਾ ॥ ੩ ॥ ੨੦ ॥**

ਕਬੀਰ ਜੀ ਕਹਿੰਦੇ ਹਨ ਹੁਣ ਮਨ ਵਿਚ ਬੜਾ ਅਨੰਦ ਹੋਇਆ ਹੈ ਕਿਉਂਕਿ ਭਰਮ ਦੂਰ ਹੋ ਗਿਆ ਹੈ ਅਤੇ ਬਾਕੀ ਵਾਹਿਗੁਰੂ ੨ ਹੀ ਰਹਿ ਗਿਆ ਹੈ ਭਾਵ ਆਪਣੇ ਵਿਚ ਵਾਹਿਗੁਰ ਨੂੰ ਜਾਣਿਆਂ ॥

(ਵੈਦ ਪ੍ਰਤਿ)

**ਗਉੜੀ ਕਬੀਰ ਜੀ ॥ ਕਤ ਨਹੀ ਠਉਰ ਮੂਲੁ ਕਤ ਲਾਵਉ ॥**

## ਖੋਜਤ ਤਨ ਮਹਿ ਠਉਰ ਨ ਪਾਵਉ ॥ ੧ ॥

(ਵੈਦ) ਕਿਸੇ ਜਗਾ ਵੀ ਪੀੜਾ ਨਹੀਂ ਹੈ ਮੈਂ (ਮੂਲ) ਬੂਟੀ (ਦਵਾਈ) ਕਿਥੇ ਲਾਵਾਂ ਸਾਰੇ ਸਰੀਰ ਵਿਚ ਮੈਂ ਲੱਭਦਾ ਹੋਯਾ ਓਹ ਜਗਾ ਨਹੀਂ ਲੱਭ ਸਕਦਾ ਜਿਥੇ ਏਹਨੂੰ ਦਰਦ ਹੋਵੇ (ਵਾ ਕਬੀਰ) ਕਹਿੰਦੇ ਹਨ ਕਿ ਮੈਨੂੰ ਕਿਸੇ ਥਾਂ ਪੀੜਾ ਨਹੀਂ ਹੈ ਭਾਵ ਮੇਰਾ ਵਾਲ ਵਾਲ ਪ੍ਰੇਮ ਦੀ ਪੀੜਾ ਨਾਲ ਵਿੰਨ੍ਹਿਆ ਹੋਇਆ ਹੈ ਅਤੇ ਤੂੰ ਬੂਟੀ ਕੇਹੜੀ ਜਗਾ ਲਾਵੇਂਗਾ। ਇੱਕਰ ਦੀ ਜਗਾ ਤਨ ਵਿਚ ਕੋਈ ਨਹੀਂ ਜਿਥੇ ਪੀੜਾ ਨਾ ਹੋਵੇ (ਵੈਦ) ਏਹ ਪੀੜਾ ਮੈਂ ਤਾਂ ਨਹੀਂ ਜਾਣ ਸਕਦਾ ॥

## ਲਾਗੀ ਹੋਇ ਸੁ ਜਾਨੈ ਪੀਰ ॥
## ਰਾਮ ਭਗਤਿ ਅਨੀਆਲੇ ਤੀਰ ॥ ੧ ॥ ਰਹਾਉ ॥

(ਕਬੀਰ ਜੀ ਕਹਿੰਦੇ ਹਨ ਜੇ ਇੱਕੁਰ ਦੀ ਪੀੜਾ ਤੈਨੂੰ ਲੱਗੀ ਹੋਵੇ ਤੇ ਤਾਂ ਤੂੰ ਜਾਣੇ ਨਾਂ, ਵਾ ਜਿਸਨੂੰ ਪੀੜਾ ਲੱਗੀ ਹੁੰਦੀ ਹੈ ਸੋਈ ਹੀ ਜਾਣਦਾ ਹੈ, ਹੇ ਵੈਦ ਏਹ ਵਾਹਿਗੁਰੂ ਦੀ ਭਗਤੀ ਦੇ (ਅਨੀਆਲੇ) ਕੁੰਡੀਆਂ ਵਾਲੇ ਤੀਰ ਹਨ ਏਹ ਖੁਭ ਜਾਂਦੇ ਨੇ ਪਰ ਨਿਕਲਦੇ ਨਹੀਂ।

## ਏਕ ਭਾਇ ਦੇਖਉ ਸਭ ਨਾਰੀ ॥
## ਕਿਆ ਜਾਨਉ ਸਹ ਕਉਨ ਪਿਆਰੀ ॥ ੨ ॥

(ਸ਼ੰਕਾ) ਤੂੰ ਆਪਣੇ ਆਪ ਨੂੰ ਵਾਹਿਗੁਰੂ ਦਾ ਪਜਾਰਾ ਸਮਝਦਾ ਹੈਂ ? (ਉੱਤਰ) ਜਿੱਕੁਰ ਰਾਜੇ ਦੀਆਂ ਸਾਰੀਆਂ ਰਾਣੀਆਂ ਇਕ ਤਰਾਂ ਦੀਆਂ ਦੇਖੀਦੀਆਂ ਹਨ ਪਰ ਕਿਆ ਜਾਣੀਏਂ (ਸਹ) ਵਾਹਿਗੁਰੂ ਰੂਪ ਪਤੀ ਨੂੰ ਕੌਣ ਪਿਆਰੀ ਹੈ।

## ਕਹੁ ਕਬੀਰ ਜਾਕੈ ਮਸਤਕਿ ਭਾਗੁ ॥
## ਸਭ ਪਰਹਰਿ ਤਾਕਉ ਮਿਲੈ ਸੁਹਾਗੁ ॥ ੩ ॥ ੨੧ ॥

ਕਬੀਰ ਜੀ ਕਹਿੰਦੇ ਹਨ ਜਿਸਦੇ ਮੱਥੇ ਤੇ ਭਾਗ ਹੁੰਦਾ ਹੈ ਰਾਜਾ ਸਾਰੀਆਂ ਰਾਣੀਆਂ ਨੂੰ (ਪਰਹਰਿ) ਛੱਡ ਦੇਂਦਾ ਹੈ ਅਤੇ ਤਿਸਨੂੰ ਸੁਹਾਗ ਮਿਲਦਾ ਹੈ, ਭਾਵ ਤਿਸਦਾ ਪੁਤਰ ਰਾਜ ਭਾਗ ਦਾ ਅਧਿਕਾਰੀ ਹੁੰਦਾ ਹੈ, ਭਾਵ ਜਿਸ ਜਗਜਾਸੂ ਦੇ ਪਿਛਲੇ ਕੰਮ ਚੰਗੇ ਹੋਣ ਤਿਸਨੂੰ ਅਨੰਦ ਹੁੰਦਾ ਹੈ।

(ਉਪਦੇਸ਼)

## ਗਉੜੀ ਕਬੀਰ ਜੀ ॥
## ਜਾਕੈ ਹਰਿ ਸਾ ਠਾਕੁਰੁ ਭਾਈ ॥

## ਮੁਕਤਿ ਅਨੰਤ ਪੁਕਾਰਣਿ ਜਾਈ ॥ ੧ ॥

ਜਿਸਦੇ ਪਾਸ ਵਾਹਿਗੁਰੂ ਵਰਗਾ ਸੁਆਮੀ ਹੈ ਹੇ ਭਾਈ ਉਸਦੇ ਬੂਹੇ ਤੇ ਅਨੇਕਾਂ ਤਰਾਂ ਦੀਆਂ ਮੁਕਤੀਆਂ ਪੁਕਾਰਣ ਜਾਂਦੀਆਂ ਹਨ।

(ਸਨਮੁਖ ਬੇਨਤੀ)

## ਅਬ ਕਹੁ ਰਾਮ ਭਰੋਸਾ ਤੋਰਾ ॥
## ਤਬ ਕਾਹੂ ਕਾ ਕਵਨੁ ਨਿਹੋਰਾ ॥ ੧ ॥ਰਹਾਉ ॥

ਹੁਣ ਮੈਂ ਕਹਿੰਦਾ ਹਾਂ ਕਿ ਹੇ ਵਾਹਿਗੁਰੂ ਮੈਨੂੰ ਤੇਰਾ ਹੀ ਭਰੋਸਾ ਹੈ । ਤਾਂ ਫਿਰ ਮੈਨੂੰ ਕਿਸੇ ਦਾ ਕੀ (ਨਿਹੋਰਾ)ਤਰਲਾ ਹੈ ਵਾ ਜੀਵ ਤੂੰ ਕਹੋ ਕਿ ਹੇ ਵਾਹਿਗੁਰੂ ਮੈਨੂੰ ਤੇਰਾ ਹੀ ਆਸਰਾ ਹੈ ਇੱਕੁਰ ਕਹੇ ਤੇ ਫਿਰ ਕਿਸੇ ਦੀ ਕਿਆ ਕੁਸ਼ਾਮਤ ਕਰਨੀ ਰਹੇਗੀ।

## ਤੀਨਿ ਲੋਕ ਜਾਕੈ ਹਹਿ ਭਾਰ ॥ ਸੋ ਕਾਹੇ ਨ ਕਰੈ ਪ੍ਰਤਿਪਾਰ॥੨॥

ਤਿੰਨ ਲੋਕ ਜਿਸਦੇ (ਭਾਰ) ਆਸਰੇ ਹਨ ਓਹ ਤੇਰੀ (ਪ੍ਰਤਿਪਾਰ) ਪਾਲਨ ਕਿਉਂ ਨ ਕਰੇਗਾ।

## ਕਹੁ ਕਬੀਰ ਇਕ ਬੁਧਿ ਬੀਚਾਰੀ ॥
## ਕਿਆ ਬਸੁ ਜਉ ਬਿਖੁ ਦੇ ਮਹਤਾਰੀ ॥ ੩ ॥ ੨੨ ॥

ਕਬੀਰ ਜੀ ਕਹਿੰਦੇ ਹਨ ਇਕ ਅਕਲ ਵਿੱਚ ਗੱਲ ਵਿਚਾਰੀ ਹੈ ਕਿਆ ਵਸ ਚਲਦਾ ਹੈ ਜੇ (ਮਹਤਾਰੀ) ਮਾਂ ਹੀ ਵਿਹੁ ਦੇ ਦੇਵੇ ਭਾਵ ਵਾਹਿਗੁਰੂ ਹੀ ਜੀਵਾਂ ਨੂੰ ਅਵਿਦਜਾ ਪਾ ਦੇਵੇ।

(ਸਤੀ ਪ੍ਰਥਾਇ)

## ਗਉੜੀ ਕਬੀਰ ਜੀ ॥ ਬਿਨੁ ਸਤ ਸਤੀ ਹੋਇ ਕੈਸੇ ਨਾਰਿ ॥
## ਪੰਡਿਤ ਦੇਖਹੁ ਰਿਦੈ ਬੀਚਾਰਿ ॥ ੧ ॥

ਸਤ ਤੋਂ ਬਿਨਾਂ ਇਸਤ੍ਰੀ ਕਿੱਕੁਰ ਸਤੀ ਹੋਵੇ ॥ ਹੇ ਪੰਡਤ ਤੂੰ ਆਪ ਹੀ ਰਿਦੇ ਵਿਚ ਵਿਚਾਰਕੇ ਦੇਖ ਖਾਂ।

## ਪ੍ਰੀਤਿ ਬਿਨਾ ਕੈਸੇ ਬਧੈ ਸਨੇਹੁ ॥
## ਜਬ ਲਗ ਰਸੁ ਤਬ ਲਗ ਨਹੀ ਨੇਹੁ ॥ ੧ ॥ ਰਹਾਉ ॥

ਸਨੇਹੁ = ਪ੍ਰੇਮ ॥

ਪ੍ਰੀਤਿ ਤੋਂ ਬਿਨਾ ਕਿੱਕੁਰ ਪ੍ਰੇਮ ਵਧਦਾ ਹੈ ਜਿੰਨਾਂ ਚਿਰ ਜੀਵ ਰੂਪ ਇਸਤ੍ਰੀ ਨੂੰ ਰਸਾਂ ਦਾ ਅਨੰਦ ਹੈ ਓਨਾਂ ਚਿਰ (ਨੇਹੁ) ਪ੍ਰੇਮ ਦਾ ਨਾਮ ਨਿਸ਼ਾਨ ਨਹੀਂ।

**ਸਾਹਨਿ ਸਤੁ ਕਰੈ ਜੀਅ ਅਪਨੈ ॥**
**ਸੋ ਰਮਯੇ ਕਉ ਮਿਲੈ ਨ ਸੁਪਨੈ ॥ ੨ ॥**

ਸਾਹਨਿ = ਸਾਹੂਕਾਰ ਦੀ ਇਸਤ੍ਰੀ ਵਾ ਮਾਇਆ ।

ਜੋ ਇਸਤ੍ਰੀ ਸਤ ਕਰਦੀ ਹੈ ਆਪਣੇ ਜੀਉ ਵਿੱਚ ਓਹ ਵਾਹਿਗੁਰੂ ਨੂੰ ਸੁਪਣੇ ਵਿੱਚ ਭੀ ਨਹੀਂ ਮਿਲਦੀ ਭਾਵ ਜੋ ਮਾਇਆ ਨੂੰ ਜੀਵ ਚੰਗਾ ਜਾਣਦਾ ਹੈ ਓਹ ਵਾਹਿਗੁਰੂ ਨੂੰ ਨਹੀਂ ਮਿਲਦਾ ॥

**ਤਨੁ ਮਨੁ ਧਨੁ ਗ੍ਰਿਹੁ ਸਉਪਿ ਸਰੀਰੁ ॥**
**ਸੋਈ ਸੁਹਾਗਨਿ ਕਹੈ ਕਬੀਰੁ ॥ ੩ ॥ ੨੩ ॥**

ਤਨ ( ਪੁਤ੍ਰ )ਮਨ ਧਨ (ਗ੍ਰਿਹ)ਘਰ ਸਭ ਕੁਝ ਸਰੀਰ ਪ੍ਰਯੰਤ ਸੌਂਪ ਦੇਵੇ ਓਹ ਸੁਹਾਗਣਿ ਹੈ ਕਬੀਰ ਜੀ ਕਹਿੰਦੇ ਹਨ ।

(ਉਪਦੇਸ਼)

## ਗਉੜੀ ਕਬੀਰ ਜੀ ॥

**ਬਿਖਿਆ ਬਿਆਪਿਆ ਸਗਲ ਸੰਸਾਰੁ ॥**
**ਬਿਖਿਆ ਲੈ ਡੂਬੀ ਪਰਵਾਰੁ ॥ ੧ ॥**

ਸਾਰਾ ਸੰਸਾਰ ਹੀ ਵਿਸ਼ਿਆਂ ਵਿਚ ਮਿਲ ਰਿਹਾ ਹੈ । ਵਿਸ਼ਿਆਂ ਦੀ ਵਾਸ਼ਨਾਂ ਸਭਨਾਂ ਨੂੰ ਪਰਵਾਰ ਦੇ ਸਹਿਤ ਲੈ ਡੁੱਬੀ ਹੈ ॥

**ਰੇ ਨਰ ਨਾਵ ਚਉੜਿ ਕਤ ਬੋੜੀ ॥**
**ਹਰਿ ਸਿਉ ਤੋੜਿ ਬਿਖਿਆ ਸੰਗਿ ਜੋੜੀ ॥ ੧ ॥ ਰਹਾਉ ॥**

ਨਾਵ = ਬੇੜੀ । ਚਉੜ = ਰੜੇ ਮੈਦਾਨ ॥

ਹੇ ਭਾਈ ਬੇੜੀ ਤੂੰ ਕਿਆ ਸੁਕੇ ਥਾਂ ਹੀ ਡੋਬ ਲਈ ਹੈ ਭਾਵ ਅਕਲ ਨੂੰ ਕਿਆ ਤੂੰ ਵਿਸ਼ਿਆਂ ਵਲ ਲਾ ਛਡਿਆ ਹੈ । ਓਹ ਅਜਿਹੀ ਅਕਲ ਵਾਹਿਗੁਰੂ ਨਾਲੋਂ ਤੋੜਕੇ ਵਿਸ਼ਿਆਂ ਨਾਲ ਜੋੜ ਲਈਉ ?

**ਸੁਰਿ ਨਰ ਦਾਧੇ ਲਾਗੀ ਆਗਿ ॥**
**ਨਿਕਟਿ ਨੀਰੁ ਪਸੁ ਪੀਵਸਿ ਨ ਝਾਗਿ ॥ ੨ ॥**

ਸੁਰ = ਦੇਵਤੇ । ਦਾਧੇ = ਸੜੇ । ਨੀਰ = ਪਾਣੀ ।

(ਓਸ ਵਿਸ਼ਿਆਂ ਰੂਪ ਅੱਗ ਨੇ) ਦੇਵਤੇ ਆਦਮੀ ਸਾੜੇ ਹਨ ਸਾਰਿਆਂ ਨੂੰ ਅੱਗ ਲਗੀ ਹੋਈ ਹੈ ਜੀਵ ਪਸ਼ੂ ਦੇ ਪਾਸ ਹੀ ਪਾਣੀ ਹੈ ਓਤੋਂ ਬੂਰ ਨੂੰ ਹਟਾਕੇ

ਨਹੀਂ ਪੀਂਦਾ ॥

**ਚੇਤਤ ਚੇਤਤ ਨਿਕਸਿਓ ਨੀਰੁ ॥**

**ਸੋ ਜਲੁ ਨਿਰਮਲੁ ਕਥਤ ਕਬੀਰੁ ॥ ੩ ॥ ੨੪ ॥**

ਯਾਦ ਕਰਦਿਆਂ ਕਰਦਿਆਂ ਓਹ (ਨੀਰੁ) ਪਾਣੀ ਨਿਕਲਿਆ ਹੈ। ਸੋ ਓਹ ਪਾਣੀ ਬਹੁਤ ਹੀ ਨਿਰਮਲ ਹੈ ਕਬੀਰ ਜੀ ਕਹਿੰਦੇ ਹਨ ॥

"ਵਾਹਿਗੁਰੂ ਤੋਂ ਬੇਮੁਖ ਕੁੱਲ ਦਾ ਨਿਸ਼ੇਧ ਕਰਦੇ ਹਨ"

**ਗਉੜੀ ਕਬੀਰ ਜੀ ॥ ਜਿਹ ਕੁਲਿ ਪੂਤੁ ਨ ਗਿਆਨ ਬੀਚਾਰੀ॥**

**ਬਿਧਵਾ ਕਸ ਨ ਭਈ ਮਹਤਾਰੀ ॥ ੧ ॥**

ਮਹਤਾਰੀ = ਮਾਤਾ।

ਜਿਸ ਕੁਲ ਵਿਚ ਆਤਮ ਗਿਆਨ ਦੇ ਵਿਚਾਰਨ ਵਾਲਾ ਪੁਤਰ ਨਹੀਂ ਹੋਇਆ ਤਿਸਦੀ ਮਾਤਾ ਵਿਧਵਾ ਕਿਉਂ ਨ ਹੋ ਗਈ ॥

**ਜਿਹ ਨਰ ਰਾਮ ਭਗਤਿ ਨਹਿ ਸਾਧੀ ॥**

**ਜਨਮਤ ਕਸ ਨ ਮੁਓ ਅਪਰਾਧੀ ॥ ੧ ॥ ਰਹਾਉ ॥**

ਜਿਸ ਆਦਮੀ ਨੇ ਵਾਹਿਗੁਰੂ ਦੀ ਭਗਤੀ ਨਹੀਂ ਸਿੱਧ ਕੀਤੀ। ਉਹ ਜੰਮਦਾ ਹੀ ਅਪਰਾਧੀ ਕਿਉਂ ਨ ਮਰ ਗਿਆ ॥

**ਮੁਚੁ ਮੁਚੁ ਗਰਭ ਗਏ ਕੀਨ ਬਚਿਆ ॥**

**ਬੁਡਭੁਜ ਰੂਪ ਜੀਵੇ ਜਗ ਮਝਿਆ ॥ ੨ ॥**

ਮੁਚੁ = ਬਹੁਤ। ਮੁਚੁ = ਛਣ। (ਕੱਚੇ ਨਿਕਲ ਗਏ)

ਬੁਡ ਭੁਜ ਰੂਪ = ਕੁਸ਼ਟੀਰੂਪ ਵਾ ਬਾਹਾਂ ਪਰਯੰਤ ਡੁੱਬਾ ਹੋਯਾ।

ਬਹੁਤ ਗਰਭ ਛਣ ਗਏ ਪਰ ਏਹ ਕਿਉਂ ਬਚਿਆ ਵਾ ਹੋਰਨਾਂ ਬੱਚਿਆਂ ਛਣ ਗਿਆਂ ਦੇ ਬਰਾਬਰ ਹੈ। ਕਿਉਂਕਿ ਕੁਸ਼ਟੀ ਰੂਪ ਡਰੌਣਾ ਜੀਉਂਦਾ ਹੈ ਵਾ ਬਾਹਾਂ ਪਰਯੰਤ ਵਿਸ਼ਿਆਂ ਵਿੱਚ ਡੁੱਬਾ ਹੋਇਆ ਹੈ ਅਤੇ ਆਪਣੇ ਆਪ ਨੂੰ ਜੀਉਂਦਾ ਜਗ ਵਿੱਚ ਮੰਨਦਾ ਹੈ।

**ਕਹੁ ਕਬੀਰ ਜੈਸੇ ਸੁੰਦਰ ਸਰੂਪ ॥**

**ਨਾਮ ਬਿਨਾ ਜੈਸੇ ਕੁਬਜ ਕੁਰੂਪ ॥ ੩ ॥ ੨੫ ॥**

ਕਬੀਰ ਜੀ ਕਹਿੰਦੇ ਹਨ ਜਿੱਕੁਰ ਸੁੰਦਰ ਸਰੂਪ ਵਾਲਾ ਆਦਮੀ ਹੁੰਦਾ ਹੈ ਅਤੇ ਨਾਮ ਤੋਂ ਬਿਨਾ ਉਂਕਰਦਾ ਹੈ ਜਿੱਕੁਰ ਕੋਈ ਕੁੱਬਾ ਖੋਟੇ ਰੂਪ ਵਾਲਾ ਹੁੰਦਾ ਹੈ।

**ਗਉੜੀ ਕਬੀਰ ਜੀ ॥ ਜੋ ਜਨ ਲੇਹਿ ਖਸਮ ਕਾ ਨਾਉ ॥**

**ਤਿਨਕੈ ਸਦ ਬਲਿਹਾਰੈ ਜਾਉ ॥ ੧ ॥**

ਜੇਹੜੇ ਆਦਮੀ ਵਾਹਿਗੁਰੂ ਦਾ ਨਾਮ ਲੈਂਦੇ ਹਨ। ਉਨ੍ਹਾਂ ਦੇ ਮੈਂ ਸਦ ਬਲਿਹਾਰੇ ਜਾਂਦਾ ਹਾਂ।

**ਸੋ ਨਿਰਮਲੁ ਨਿਰਮਲ ਹਰਿ ਗੁਨ ਗਾਵੈ ॥**

**ਸੋ ਭਾਈ ਮੇਰੈ ਮਨਿ ਭਾਵੈ ॥ ੧ ॥ ਰਹਾਉ ॥**

ਓਹ ਆਪ ਵੀ ਨਿਰਮਲ ਹੈ ਕਿਉਂਕਿ ਵਾਹਿਗੁਰੂ ਨਿਰਮਲ ਦੇ ਗੁਣ ਗਾਉਂਦਾ ਹੈ। ਸੋ ਓਹ (ਭਾਈ) ਪ੍ਰੇਮੀ ਮੇਰੇ ਮਨ ਨੂੰ ਭਾਉਂਦਾ ਹੈ।

**ਜਿਹ ਘਟ ਰਾਮੁ ਰਹਿਆ ਭਰਪੂਰਿ ॥**

**ਤਿਨ ਕੀ ਪਗ ਪੰਕਜ ਹਮ ਧੂਰਿ ॥ ੨ ॥**

ਘਟ = ਰਿਦਾ। ਪੰਕਜ = ਕੌਲ ਫੁਲ।

ਜਿਸਦੇ ਹਿਰਦੇ ਵਿੱਚ ਵਾਹਿਗੁਰੂ ਪੂਰਨ ਹੋ ਰਿਹਾ ਹੈ। ਤਿਨ੍ਹਾਂ ਦੇ ਚਰਨਾਂ ਕਮਲਾਂ ਦੀ ਧੂੜੀ ਹੋ ਰਿਹਾ ਹਾਂ।

**ਜਾਤਿ ਜੁਲਾਹਾ ਮਤਿ ਕਾ ਧੀਰੁ ॥**

**ਸਹਜਿ ਸਹਜਿ ਗੁਣ ਰਮੈ ਕਬੀਰੁ ॥ ੩ ॥ ੨੬ ॥**

ਭਾਵੇਂ ਜਾਤੀ ਦਾ ਜੁਲਾਹਾ ਹੀ ਹਾਂ ਪਰ ਫਿਰ ਭੀ ਅਕਲ ਦਾ ਬਾਹਲਾ ਧੀਰਜ ਵਾਲਾ ਹਾਂ। ਸਹਿਜੇ ੨ ਵਾਹਿਗੁਰੂ ਦੇ ਗੁਣ (ਰਮੈ) ਉਚਾਰਦਾ ਹਾਂ।

(ਸ਼ਰਾਬੀ ਨੂੰ ਉਪਦੇਸ਼)

**ਗਉੜੀ ਕਬੀਰ ਜੀ ॥ ਗਗਨਿ ਰਸਾਲ ਚੁਐ ਮੇਰੀ ਭਾਠੀ ॥**

**ਸੰਚਿ ਮਹਾ ਰਸੁ ਤਨੁ ਭਇਆ ਕਾਠੀ ॥ ੧ ॥**

ਗਗਨ = ਅਕਾਸ ॥

ਵਾਹਿਗੁਰੂ ਜੋ ਸਾਰੇ ਰਸਾਂ ਦਾ ਘਰ ਹੈ ਇਹੋ ਮੇਰੀ ਭੱਠੀ ਚੌਂਦੀ ਹੈ। ਅਤੇ ਵਾਹਿਗੁਰੂ ਦੀ ਪਰਾਪਤੀ ਕਰਕੇ ਜੋ ਅਨੰਦ ਰਿਦੇ ਵਿੱਚ ਇਕੱਠਾ ਕੀਤਾ ਹੈ ਇਹ ਸ਼ਰਾਬ ਹੈ ਅਤੇ ਸਰੀਰ ਦੇ ਹੰਕਾਰ ਨੂੰ ਜੋ ਸਾੜਿਆ ਹੈ ਏਹ ਤਲੇ ਲੱਕੜੀਆਂ ਬਾਲੀਆਂ ਹਨ।

**ਉਆ ਕਉ ਕਹੀਐ ਸਹਿਜ ਮਤਵਾਰਾ ॥**

**ਪੀਵਤ ਰਾਮ ਰਸ ਗਿਆਨ ਬੀਚਾਰਾ ॥ ੧ ॥ ਰਹਾਉ ॥**

ਹੇ ਯੋਗੀ ਉਸ ਇੱਕਰ ਦੇ ਪੀਣ ਵਾਲੇ ਨੂੰ ਸ਼ਰਾਬ ਤੋਂ ਬਿਨਾਂ ਸੁਤੇ ਹੀ

*ਏਹ ਸਫਾ ਨੰਬਰ ਠੀਕ ਹੈ ਪਿਛਲੇ ਸਫਿਆਂ ਦੇ ਅੰਕ ਗਲਤੀ ਨਾਲ ਦੋ ਦੋ ਵਧ ਲਗ ਗਏ ਹਨ ਸਜਨ ਜਨ ਨੋਟ ਕਰ ਲੈਣ।

ਮਸਤ ਕਹੀਦਾ ਹੈ ਜੇੜ੍ਹਾ ਆਦਮੀ ਵਾਹਿਗੁਰੂ ਦੇ ਅਨੰਦ ਰੂਪ ਸ਼ਰਾਬ ਨੂੰ ਵਿਚਾਰ ਕਰਕੇ ਰਜਾਨ ਦੁਆਰਾ ਪੀਂਦਾ ਹੈ (ਓਹ ਉਸ ਸ਼ਰਾਬ ਨੂੰ ਹਛਾ ਨਹੀਂ ਜਾਣਦਾ)

**ਸਹਜ ਕਲਾਲਨਿ ਜਉ ਮਿਲਿ ਆਈ ॥**

**ਆਨੰਦਿ ਮਾਤੇ ਅਨ ਦਿਨੁ ਜਾਈ ॥ ੨ ॥**

(ਅਨ = ਰਾਤ)

ਸ਼ਾਂਤੀ ਕਲਾਲਨਿ ਜੋ ਮਿਲਕੇ ਆਈ ਹੈ। ਭਾਵ ਸਾਂਤਿ ਰੂਪ ਮੱਟੀ ਮਿਲੀ ਹੈ ਇਸ ਲਈ ਮਸਤ ਹੋਯਾਂ ੨ ਰਾਤ ਦਿਨ ਅਨੰਦ ਵਿੱਚ ਬੀਤਦਾ ਹੈ ॥

**ਚੀਨਤ ਚੀਤੁ ਨਿਰੰਜਨ ਲਾਇਆ ॥**

**ਕਹੁ ਕਬੀਰ ਤੌ ਅਨਭਉ ਪਾਇਆ ॥ ੩ ॥ ੨੭ ॥**

ਚੀਨਤ = ਜਾਣਿਆਂ।

ਆਪਣੇ ਆਪ ਜਾਣਦੇ ਹੀ ਜਦ ਵਾਹਿਗੁਰੂ ਵਿਚ ਚਿਤ ਲਾਇਆ। ਤਾਂ (ਕਬੀਰ ਜੀ ਕਹਿੰਦੇ ਹਨ) ਮੈਂ ਅਨਭਉ ਨੂੰ ਪਾ ਲਿਆ ॥

(ਉਪਦੇਸ਼)

**ਗਉੜੀ ਕਬੀਰ ਜੀ ॥ ਮਨ ਕਾ ਸੁਭਾਉ ਮਨਹਿ ਬਿਆਪੀ ॥**

**ਮਨਹਿ ਮਾਰਿ ਕਵਨ ਸਿਧਿ ਥਾਪੀ ॥ ੧ ॥**

ਮਨ ਦਾ ਸੁਭਾਉ ਮਨ ਨੂੰ ਬਿਆਪ ਰਿਹਾ ਹੈ ਭਾਵ ਸੰਕਲਪਾਂ ਕਰਕੇ ਮਨ ਨੂੰ ਦੁਖ ਹੋ ਰਿਹਾ ਹੈ। ਅਤੇ ਮਨ ਨੂੰ ਮਾਰਕੇ ਕੇਹੜੀ ਸਿੱਧੀ ਥਾਪੀ ਹੈ ਭਾਵ ਜਿਨ੍ਹਾਂ ਨੇ ਮਨ ਨੂੰ ਮਾਰਿਆ ਹੈ ਉਨ੍ਹਾਂ ਨੂੰ ਸਭ ਕੁਝ ਪ੍ਰਾਪਤ ਹੋਇਆ ਹੈ।

**ਕਵਨੁ ਸੁ ਮੁਨਿ ਜੋ ਮਨੁ ਮਾਰੈ ॥**

**ਮਨ ਕਉ ਮਾਰਿ ਕਹਹੁ ਕਿਸੁ ਤਾਰੈ ॥ ੧ ॥ ਰਹਾਉ ॥**

ਜੇਹੜਾ ਮਨ ਨੂੰ ਮਾਰੇ ਤਿਸਦੇ ਬਰਾਬਰ ਕੌਣ ਮੁਨਿ (ਸੰਤ ਹੈ। ਮਨ ਨੂੰ ਮਾਰਕੇ ਕਹੋ ਕਿਸਨੂੰ (ਤਾਰੇ) ਤਾੜੇਗਾ ਵਾ ਤਾਰੇਗਾ ਭਾਵ ਤਿਸਦਾ ਤਰਨਾ ਡੁੱਬਣਾ ਦੂਰ ਹੋ ਗਿਆ।

**ਮਨ ਅੰਤਰਿ ਬੋਲੈ ਸਭੁ ਕੋਈ ॥**

**ਮਨ ਮਾਰੇ ਬਿਨੁ ਭਗਤਿ ਨ ਹੋਈ ॥ ੨ ॥**

ਮਨ ਦੇ ਅੰਦਰ ਹੀ ਸਭ ਕੋਈ ਬੋਲਦਾ ਹੈ। ਭਾਵ ਮਨਮਤ ਕਰਕੇ ਜੀਵ ਕਰਮਾਂ ਨੂੰ ਕਰਦਾ ਹੈ ਤੇ ਮਨ ਮਾਰੇ ਬਿਨਾਂ ਭਗਤੀ ਨਹੀਂ ਹੁੰਦੀ।

**ਕਹੁ ਕਬੀਰ ਜੋ ਜਾਨੈ ਭੇਉ ॥**

**ਮਨੁ ਮਧੁਸੂਦਨੁ ਤ੍ਰਿਭਵਣ ਦੇਉ ॥ ੩ ॥੨੮ ॥**

ਮਧੁ ਸੂਦਨ = ਹੰਕਾਰ ਦੈਂਤ ਨੂੰ ਨਸ਼ਟ ਕਰੇ ਜੇਹੜਾ ॥

ਜੇਹੜਾ ਇਸ ਗੱਲ ਦਾ ਭੇਦ ਜਾਣੇ ਅਤੇ ਮਨ ਦੈਂਤ ਬਲੀ ਨੂੰ ਮਾਰੇ ਓਹ ਤਿੰਨਾਂ ਭਵਨਾ ਦਾ (ਦੇਉ) ਪ੍ਰਕਾਸ਼ਕ ਭਾਵ ਜਾਣੀ ਜਾਣ ਵਾਹਿਗੁਰੂ ਦਾ ਰੂਪ ਬਣ ਜਾਂਦਾ ਹੈ ।

"ਨਾਸਤਕ ਨੂੰ ਉਪਦੇਸ਼"

**ਗਉੜੀ ਕਬੀਰ ਜੀ ॥ ਓਇ ਜੁ ਦੀਸਹਿ ਅੰਬਰਿ ਤਾਰੇ ॥**

**ਕਿਨਿ ਓਇ ਚੀਤੇ ਚੀਤਨ ਹਾਰੇ ॥ ੧ ॥**

ਅੰਬਰਿ = ਅਕਾਸ

ਓਹ ਜੋ ਅਕਾਸ ਵਿਚ ਤਾਰੇ ਦਿਸਦੇ ਹਨ । ਸੋ ਓਹ ਕਿਸ ਚਿਤੇਰੇ ਨੇ ਚਿਤ੍ਰੇ ਹਨ ਭਾਵ ਵਾਹਿਗੁਰੂ ਨੇ ਬਨਾਏ ਹਨ ।

**ਕਹੁ ਰੇ ਪੰਡਿਤ ਅੰਬਰੁ ਕਾ ਸਿਉ ਲਾਗਾ ॥**

**ਬੂਝੈ ਬੂਝਨਹਾਰੁ ਸਭਾਗਾ ॥ ੧ ॥ ਰਹਾਉ ॥**

ਅੰਬਰੁ = ਅਕਾਸ ।

ਕਹੋ ਰੇ ਪਾਂਡੇ ਅਕਾਸ ਕਿਸ ਨਾਲ ਲੱਗਾ ਹੋਇਆ ਹੈ । (ਸ਼ੰਕਾ) ਤੁਸੀਂ ਦਸੋ (ਉੱਤਰ) ਚੰਗੇ ਭਾਗਾਂ ਵਾਲਾ ਕੋਈ ਪੁਛਣ ਵਾਲਾ ਪੁਛੇਗਾ ॥

**ਸੂਰਜ ਚੰਦੁ ਕਰਹਿ ਉਜੀਆਰਾ ॥**

**ਸਭ ਮਹਿ ਪਸਰਿਆ ਬ੍ਰਹਮ ਪਸਾਰਾ ॥ ੨ ॥**

ਸੂਰਜ ਚੰਦ੍ਰਮਾਂ ਜੋ ਪ੍ਰਕਾਸ਼ ਕਰ ਰਹੇ ਹਨ । ਓਹ ਵਾਹਿਗੁਰੂ ਸਾਰਿਆਂ ਵਿੱਚ ਪਸਾਰੇ ਕਰਕੇ ਪਸਰ ਰਿਹਾ ਹੈ ਭਾਵ ਸਭ ਪਸਾਰਿਆਂ ਵਿੱਚ ਵਾਹਿਗੁਰੂ ਹੈ ॥

**ਕਹੁ ਕਬੀਰ ਜਾਨੈਗਾ ਸੋਇ ॥**

**ਹਿਰਦੈ ਰਾਮੁ ਮੁਖਿ ਰਾਮੈ ਹੋਇ ॥ ੩ ॥ ੨੯ ॥**

ਇਸ ਗੱਲ ਨੂੰ ਉਹ ਜਾਣੇਗਾ । ਜਿਸਦੇ ਹਿਰਦੇ ਵਿਚ ਵੀ ਵਾਹਿਗੁਰੂ ਹੈ ਅਤੇ ਮੁਖੋਂ ਵੀ ਵਾਹਿਗੁਰੂ ਕਹਿੰਦਾ ਹੋਵੇਗਾ ॥

(ਕਰਮ ਕਾਂਡ ਵੇਦ ਸਿੰਮ੍ਰਿਤੀਆਂ ਮੰਨਣ ਵਾਲੇ ਨੂੰ ਉਪਦੇਸ਼)

**ਗਉੜੀ ਕਬੀਰ ਜੀ ॥ ਬੇਦ ਕੀ ਪੁਤ੍ਰੀ ਸਿੰਮ੍ਰਿਤਿ ਭਾਈ ॥**

**ਸਾਂਕਲ ਜੇਵਰੀ ਲੈ ਹੈ ਆਈ ॥ ੧ ॥**

ਹੇ ਭਾਈ ਵੇਦ ਦੀਆਂ ਪੁਤਰੀਆਂ ਜੋ ਸਿੰਮ੍ਰਿਤੀਆਂ ਹਨ ਭਾਵ ਜੋ ਵੇਦ ਦਾ ਆਸ਼ਾ ਲੈਕੇ ਰਿਖੀਆਂ ਨੇ ਬਣਾਈਆਂ ਹਨ ਏਹ ਯੱਗ ਆਦਿਕ ਸੰਗਲ ਅਤੇ ਕਿਰਿਆ ਆਦਿਕ ਜੇਉੜੀਆਂ ਸੰਸਾਰ ਵਿਚ ਲੈਕੇ ਆਈਆਂ ਹਨ ॥

**ਆਪਨ ਨਗਰੁ ਆਪ ਤੇ ਬਾਧਿਆ ॥**

**ਮੋਹ ਕੈ ਫਾਧਿ ਕਾਲ ਸਰੁ ਸਾਂਧਿਆ ॥ ੧ ॥ ਰਹਾਉ ॥**

ਸਰ = ਬਾਣ ।

ਆਪ ਨਗਰ ਬਣਾਕੇ ਜੀਵ ਆਪ ਹੀ ਵਿੱਚ ਬੰਨ੍ਹਿਆਂ ਗਿਆ ਹੈ। ਅਤੇ ਮੋਹ ਵਿੱਚ ਫਸਿਆ ਹੋਇਆ ਹੈ ਇਸ ਲਈ ਕਾਲ ਨੇ ਇਸਦੇ ਸਿਰ ਉਪਰ ਬਾਣ (ਸਾਧਿਆ) ਖਿਚਿਆ ਹੋਇਆ ਹੈ ॥

**ਕਟੀ ਨ ਕਟੈ ਤੂਟਿ ਨਹ ਜਾਈ ॥**

**ਸਾ ਸਾਪਨਿ ਹੋਇ ਜਗ ਕਉ ਖਾਈ ॥ ੨ ॥**

ਏਹ ਕਰਮ ਰੂਪ ਜੇਉੜੀ ਕੱਟੀ ਹੋਈ ਵੀ ਕੱਟੀ ਨਹੀਂ ਜਾਂਦੀ ਅਤੇ ਟੁਟਦੀ ਵੀ ਨਹੀਂ। ਸੋ ਉਹ ਸਿਮ੍ਰਿਤੀਆਂ ਸਰਪਣੀਆਂ ਹੋਕੇ ਜਗਤ ਨੂੰ ਖਾ ਰਹੀਆਂ ਹਨ ॥

**ਹਮ ਦੇਖਤ ਜਿਨਿ ਸਭੁ ਜਗੁ*ਲੂਟਿਆ ॥**

**ਕਹੁ ਕਬੀਰ ਮੈ ਰਾਮ ਕਹਿ ਛੂਟਿਆ ॥ ੩ ॥ ੩੦ ॥**

ਮੇਰੇ ਦੇਖਦਿਆਂ ਹੀ ਇਸ ਨੇ ਸਭ ਜਗ ਲੁਟ ਲਿਆ ਹੈ। ਮੈਂ ਇਕ ਵਾਹਿ-ਗੁਰੂ ਕਹਿਕੇ ਛੁਟਿਆਂ ਹਾਂ।

(ਘੋੜਾ ਦੇਣ ਵਾਲੇ ਨੂੰ ਉਪਦੇਸ਼)

**ਗਉੜੀ ਕਬੀਰ ਜੀ ॥**

**ਦੇਇ ਮੁਹਾਰ ਲਗਾਮੁ ਪਹਿਰਾਵਉ ॥**

**ਸਗਲ ਤਜੀਨੁ ਗਗਨ ਦਉਰਾਵਉ ॥ ੧ ॥**

ਗਗਨ = ਅਕਾਸ ॥

ਜੇਹੜਾ ਮੇਰ ਨੂੰ ਹਟੌਣਾ ਹੈ ਇਹ ਮੁਹਾਰ ਦਿਤੀ ਹੈ ਅਤੇ ਜੋ ਵਾਹਿਗੁਰੂ ਵਿੱਚ ਬਹੁਤ ਲਗਣਾਂ ਹੈ ਇਹੁ ਲਗਾਮ ਪਹਿਰਾਉਂਦਾ ਹਾਂ ਅਤੇ ਜੋ ਸਭ ਨੂੰ(ਤਜੀਨ) ਛਡਦਾ ਹਾਂ ਇਹ ਜੀਨ ਪੌਂਦਾ ਹਾਂ ਅਤੇ ਵਾਹਿਗੁਰੂ ਵੱਲ ਦੌੜਾਂਵਦਾ ਹਾਂ ॥

**ਅਪਨੈ ਬੀਚਾਰਿ ਅਸਵਾਰੀ ਕੀਜੈ ॥**

---

*ਇਹ ਸਬਦ ਮਾਇਆ ਪ੍ਰਥਾਇ ਵੀ ਲਗਦਾ ਹੈ ॥

**ਸਹਜ ਕੈ ਪਾਵੜੈ ਪਗੁ ਧਰਿ ਲੀਜੈ ॥ ੧ ॥ ਰਹਾਉ ॥**

ਅਪਣੇ ਬਿਚਾਰ ਅਨੁਸਾਰ ਮੈਂ ਅਸਵਾਰੀ ਕਰਦਾ ਹਾਂ। ਵਾ ਕੀਤੀ ਹੈ। ਗਿਆਨ ਦੇ ਪਾਵੜੇ (ਰਕਾਬਾਂ) ਬੁਧੀ ਰੂਪ ਪੈਰ ਵਿਚ ਧਰ ਲਏ ਹਨ।

**ਚਲੁ ਰੇ ਬੈਕੁੰਠ ਤੁਝਹਿ ਲੇ ਤਾਰਉ ॥**
**ਹਿਚਹਿ ਤ ਪ੍ਰੇਮ ਕੈ ਚਾਬੁਕ ਮਾਰਉ ॥ ੨ ॥**

ਚਲ ਰੇ ਮਨ ਘੋੜੇ ਤੈਨੂੰ ਵਾਹਿਗੁਰੂ ਦੇ ਪਿੰਡ ਵਲ ਲਜਾਕੇ ਤਾਰਾਂ। ਜੇ (ਹਿਚਹਿ) ਪਿਛਾਹਾਂ ਮੁੜੇਂਗਾ ਤਾਂ ਮੈਂ ਪ੍ਰੇਮ ਦੇ ਚਾਬਕ ਤੈਨੂੰ ਮਾਰਾਂਗਾ ॥

**ਕਹਤ ਕਬੀਰ ਭਲੇ ਅਸਵਾਰਾ ॥**
**ਬੇਦ ਕਤੇਬ ਤੇ ਰਹਹਿ ਨਿਰਾਰਾ ॥ ੩ ॥ ੩੧ ॥**

ਕਬੀਰ ਜੀ ਕਹਿੰਦੇ ਹਨ ਇੱਕੁਰ ਦੇ ਭਲੇ ਅਸਵਾਰ ਹਨ। ਜੇਹੜੇ ਬੇਦ ਕਤੇਬ ਤੇ ਨਿਆਰੇ ਰਹਿੰਦੇ ਹਨ ॥

"ਇਕ ਹੰਕਾਰੀ ਮੋਏ ਨੂੰ ਵੇਖਕੇ ਸਨਮੁਖ ਬੇਨਤੀ ਕਰਦੇ ਹਨ"

**ਗਉੜੀ ਕਬੀਰ ਜੀ ॥ ਜਿਹ ਮੁਖਿ ਪਾਂਚਉ ਅੰਮ੍ਰਿਤ ਖਾਏ ॥**
**ਤਿਹ ਮੁਖ ਦੇਖਤ ਲੂਕਟ ਲਾਏ ॥ ੧ ॥**

ਲੂਕਟ = ਮੁਆਤੇ ਵਾ ਲੰਬੂ।

ਜਿਸ ਮੂੰਹ ਨਾਲ ਸਾਰੇ ਦੁਧ ਦਹੀਂ ਆਦਿਕ ਪਦਾਰਥ ਖਾਂਦਾ ਸੀ। ਤਿਸ ਮੂੰਹ ਨਾਲ ਸਾਰਿਆਂ ਦੇ ਦੇਖਦਿਆਂ ਹੀ ਸਰਬੰਧੀਆਂ ਨੇ ਮੁਆਤੇ ਲਾਏ ॥

**ਇਕੁ ਦੁਖੁ ਰਾਮਰਾਇ ਕਾਟਹੁ ਮੇਰਾ ॥**
**ਅਗਨਿ ਦਹੈ ਅਰੁ ਗਰਭ ਬਸੇਰਾ ॥ ੧ ॥ ਰਹਾਉ ॥**

ਹੇ ਵਾਹਿਗੁਰੂ ਇਕ ਦੁਖ ਮੇਰਾ ਕੱਟੋ। ਇੱਕ ਤਾਂ ਅਗਨੀ (ਦਹੈ) ਸਾੜਦੀ ਹੈ ਅਤੇ ਇੱਕ ਬਾਰ ਬਾਰ ਗਰਭ ਵਿਚ ਵਸਣਾ ਹੁੰਦਾ ਹੈ ॥

**ਕਾਇਆ ਬਿਗੂਤੀ ਬਹੁ ਬਿਧਿ ਭਾਤੀ ॥**
**ਕੋ ਜਾਰੇ ਕੋ ਗਡਿ ਲੇ ਮਾਟੀ ॥ ੨ ॥**

ਕਾਇਆਂ ਬਹੁਤ ਤਰ੍ਹਾਂ ਦੀਆਂ ਹਨ ਅਤੇ ਬਹੁਤ ਹੀ ਤਰਾਂ ਕਰਕੇ (ਬਿਗੂਤੀ) ਖਰਾਬ ਹੁੰਦੀਆਂ ਹਨ। ਕੋਈ ਸਾੜਦਾ ਹੈ ਕੋਈ ਮਿੱਟੀ ਵਿੱਚ ਗੱਡ ਦੇਂਦਾ ਹੈ ॥

**ਕਹੁ ਕਬੀਰ ਹਰਿ ਚਰਣ ਦਿਖਾਵਹੁ ॥**

## ਪਾਛੈ ਤੇ ਜਮੁ ਕਿਉ ਨ ਪਠਾਵਹੁ ॥ ੩ ॥ ੩੨ ॥

ਕਬੀਰ ਜੀ ਕਹਿੰਦੇ ਹਨ ਹੇ ਵਾਹਿਗੁਰੂ ਮੈਨੂੰ ਆਪਣੇ ਚਰਨ ਦਿਖਾ, ਅਤੇ ਫਿਰ ਭਾਵੇਂ ਪਿੱਛੋਂ ਜਮ ਨੂੰ ਕਿਉਂ ਨਾ ਭੇਜ ਦਿਓ ਭਾਵ ਫਿਰ ਜਮ ਮੇਰਾ ਕੁਝ ਨਹੀਂ ਕਰੇਗਾ ਵਾ ਪਿੱਛੋਂ ਜਮ ਨੂੰ ਕਿਉਂ ਨਹੀਂ ਮੋੜਦੇ।

"ਕਿਸੇ ਦੁਸ਼ਟ ਨੇ ਕਬੀਰ ਦੇ ਘਰ ਨੂੰ ਅੱਗ ਲਾ ਦਿਤੀ"

## ਗਉੜੀ ਕਬੀਰ ਜੀ ॥ ਆਪੇ ਪਾਵਕੁ ਆਪੇ ਪਵਨਾ ॥

## ਜਾਰੈ ਖਸਮੁ ਤ ਰਾਖੈ ਕਵਨਾ ॥ ੧ ॥

ਪਾਵਕੁ = ਅਗਨੀ।

ਹੇ ਭਾਈ ਆਪੇ ਹੀ ਵਾਹਿਗੁਰੂ ਅਗਨੀ ਹੈ ਅਤੇ ਆਪੇ ਹੀ ਪੌਣ ਹੈ। ਜੇ ਵਾਹਿਗੁਰੂ ਸਾੜੇਗਾ ਤਾਂ ਕੌਣ ਰਖ ਸਕਦਾ ਹੈ।

## ਰਾਮ ਜਪਤ ਤਨੁ ਜਰਿ ਕੀ ਨ ਜਾਇ ॥

## ਰਾਮ ਨਾਮ ਚਿਤੁ ਰਹਿਆ ਸਮਾਇ ॥ ੧ ॥ ਰਹਾਉ ॥

ਵਾਹਿਗੁਰੂ ਕਹਿੰਦਿਆਂ ਸਰੀਰ ਸੜ ਕਿਉਂ ਨਾ ਜਾਵੇ। ਭਾਵ ਬੇਸ਼ੱਕ ਸੜ ਜਾਵੇ ਮੇਰਾ ਮਨ ਤਾਂ ਵਾਹਿਗੁਰੂ ਵਿੱਚ ਸਮਾ ਰਿਹਾ ਹੈ ਵਾ ਵਾਹਿਗੁਰੂ ਮਨ ਵਿਚ ਸਮਾ ਰਿਹਾ ਹੈ ॥

## ਕਾਕੋ ਜਰੈ ਕਾਹਿ ਹੋਇ ਹਾਨਿ ॥

## ਨਟਵਟ ਖੇਲੈ ਸਾਰਿਗ ਪਾਨਿ ॥ ੨ ॥

ਕਿਸੇ ਦੇ ਕਿਹਾਂ ਕੁਝ ਸੜਦਾ ਹੈ ਅਤੇ ਕੀ ਨੁਕਸਾਨ ਹੁੰਦਾ ਹੈ, ਮਦਾਰੀ ਦੇ ਵੱਟੇ ਵਾਂਗੂ (ਸਾਰਿਗਪਾਨਿ) ਵਾਹਿਗੁਰੂ ਹੀ ਖੇਲ ਰਿਹਾ ਹੈ।

## ਕਹੁ ਕਬੀਰ ਅਖਰ ਦੁਇ ਭਾਖਿ ॥

## ਹੋਇਗਾ ਖਸਮੁ ਤ ਲੇਇਗਾ ਰਾਖਿ ॥ ੩ ॥ ੩੩ ॥

ਕਬੀਰ ਜੀ ਕਹਿੰਦੇ ਹਨ ਦੋ ਅਖਰ ਰਾਮ ਨਾਮ ਕਹੋ। ਜੇ ਸਾਡਾ ਵਾਹਿਗੁਰੂ ਹੋਵੇਗਾ ਤਾਂ ਰੱਖ ਲਵੇਗਾ

## ਗਉੜੀ ਕਬੀਰ ਜੀ ਦੁਪਦੇ ॥ ੨ ॥

## ਨਾ ਮੈ ਜੋਗ ਧਿਆਨ ਚਿਤੁ ਲਾਇਆ ॥

## ਬਿਨੁ ਬੈਰਾਗ ਨ ਛੂਟਸਿ ਮਾਇਆ ॥ ੧ ॥

ਨਾ ਮੈਂ ਜੋਗ ਦੇ ਧਿਆਨ ਕਰਕੇ ਵਾਹਿਗੁਰੂ ਵਿਚ ਚਿੱਤ ਲਾਇਆ ਹੈ । ਸੋ

ਵੈਰਾਗ ਤੋਂ ਬਿਨਾਂ ਮਾਇਆ ਨਹੀਂ ਛੁਟਦੀ॥

**ਕੈਸੇ ਜੀਵਨੁ ਹੋਇ ਹਮਾਰਾ॥**

**ਜਬ ਨ ਹੋਇ ਰਾਮ ਨਾਮ ਅਧਾਰਾ ॥ ੧ ॥ ਰਹਾਉ ॥**

ਕਿੱਕੁਰ ਸਾਡਾ ਜੀਵਣਾ ਹੋਵੇਗਾ। ਜਦ ਤਕ ਕਿ ਸਾਨੂੰ ਵਾਹਿਗੁਰੂ ਨਾਮ ਦਾ (ਅਧਾਰਾ) ਆਸਰਾ ਨਾਂ ਹੋਵੇ॥

**ਕਹੁ ਕਬੀਰ ਖੋਜਉ ਅਸਮਾਨ॥**

**ਰਾਮ ਸਮਾਨ ਨ ਦੇਖਉ ਆਨ॥ ੨ ॥ ੩੪ ॥**

ਆਨ – ਹੋਰ

ਕਬੀਰ ਜੀ ਕਹਿੰਦੇ ਹਨ ਮੈਂ ਰਾਮ ਨਾਮ ਤਾਂਈਂ ਲਭਦਾ ਹਾਂ, ਪਰ ਵਾਹਿਗੁਰੂ ਦੇ ਸਮਾਨ ਕਿਸੇ ਨੂੰ ਨਹੀਂ ਦੇਖਦਾ।

"ਕੰਮ ਕਾਰ ਛਡਕੇ ਪੱਗਾਂ ਬੰਨਣ ਵਾਲਿਆਂ ਨੂੰ ਸਿੱਖਯਾ"

**ਗਉੜੀ ਕਬੀਰ ਜੀ॥**

**ਜਿਹਿ ਸਿਰਿ ਰਚਿ ਰਚਿ ਬਾਧਤ ਪਾਗ॥**

**ਸੋ ਸਿਰੁ ਚੁੰਚ ਸਵਾਰਹਿ ਕਾਗ॥ ੧ ॥**

ਜਿਸ ਸਿਰ ਤੇ ਬਣਾ ਬਣਾਕੇ ਪੱਗ ਬੰਨ੍ਹਦਾ ਸੀ। ਤਿਸ ਸਿਰ ਤੇ ਕਾਂ ਬੈਠਾ ਹੋਇਆ ਚੁੰਝ ਨੂੰ ਸਵਾਰ ਰਿਹਾ ਹੈ ਭਾਵ ਕਾਂ ਮਾਸ ਖਾ ਰਿਹਾ ਹੈ ਅਤੇ ਚੁੰਝ ਘਸਾ ਰਿਹਾ ਹੈ॥

**ਇਸੁ ਤਨ ਧਨ ਕੋ ਕਿਆ ਗਰਬਈਆ॥**

**ਰਾਮ ਨਾਮੁ ਕਾਹੇ ਨ ਦ੍ਰਿੜੀਆ ॥ ੧ ॥ ਰਹਾਉ ॥**

ਇਸ ਤਨ ਧਨ ਦਾ ਕੀ ਹੰਕਾਰ ਕਰਦਾ ਹੈਂ। (ਹੇ ਮਨ) ਵਾਹਿਗੁਰੂ ਦਾ ਨਾਮ ਕਿਉਂ ਨਹੀਂ ਪੱਕਾ ਕਰਦਾ ?

**ਕਹਤ ਕਬੀਰ ਸੁਨਹੁ ਮਨ ਮੇਰੇ॥**

**ਇਹੀ ਹਵਾਲ ਹੋਹਿਗੇ ਤੇਰੇ॥ ੨ ॥ ੩੫ ॥**

ਕਬੀਰ ਜੀ ਕਹਿੰਦੇ ਹਨ ਹੇ ਮਨ ਮੇਰੇ ਸੁਣ। ਏਹ ਪਿਛੇ ਕਥਨ ਕੀਤੇ ਹਾਲ ਤੇਰੇ ਭੀ ਹੋਣਗੇ।

**ਗਉੜੀ ਗੁਆਰੇਰੀ ਕੇ ਪਦੇ ਪੈਤੀਸ॥**

**ਰਾਗ ਗਉੜੀ ਗੁਆਰੇਰੀ ਅਸਟਪਦੀ ਕਬੀਰ ਜੀ ਕੀ॥**

ੴ ਸਤਿਗੁਰਪ੍ਰਸਾਦਿ ॥

ਸੁਖੁ ਮਾਂਗਤ ਦੁਖੁ ਆਗੈ ਆਵੈ ॥
ਸੋ ਸੁਖੁ ਹਮਹੁ ਨ ਮਾਂਗਿਆ ਭਾਵੈ ॥ ੧ ॥

ਸੁਖ ਮੰਗਦਿਆਂ ਹੋਇਆਂ ਦੁਖ ਅੱਗੇ ਆ ਜਾਂਦਾ ਹੈ ਭਾਵ ਜੇ ਏਥੇ ਸੁਖ ਭੋਗੀਏ ਤਾਂ ਵਾਹਿਗੁਰੂ ਦੇ ਪਿੰਡ ਦਖ ਮਿਲਦਾ ਹੈ ਵਾ ਸੁਖ ਵਿਚ ਕੋਈ ਨਾਂ ਕੋਈ ਅਜੇਹੀ ਬਿਪਤਾ ਆ ਪੈਂਦੀ ਹੈ ਜਿਸਤੋਂ ਛੁਟਣਾ ਔਖਾ ਹੁੰਦਾ ਹੈ, ਸੋ ਸੁਖ ਸਾਨੂੰ ਮੰਗਿਆ ਨਹੀਂ ਭੌਂਦਾ ॥

ਬਿਖਿਆ ਅਜਹੁ ਸੁਰਤਿ ਸੁਖ ਆਸਾ ॥
ਕੈਸੇ ਹੋਈ ਹੈ ਰਾਜਾ ਰਾਮ ਨਿਵਾਸਾ ॥ ੧ ॥ ਰਹਾਉ ॥

ਵਿਸ਼ਿਆਂ ਵਿਚ ਅਜੇ ਤਕ ਸੁਰਤੀ ਹੈ ਅਤੇ ਆਸ਼ਾ ਸੁਖ ਦੀ ਹੈ । ਪਰ ਕਿੱਕੁਰ ਪ੍ਰਕਾਸ਼ਕ ਵਾਹਿਗੁਰੂ ਵਿਚ ਨਿਵਾਸ ਹੋਵੇ ॥

ਇਸੁ ਸੁਖ ਤੇ ਸਿਵ ਬ੍ਰਹਮ ਡਰਾਨਾ ॥
ਸੋ ਸੁਖੁ ਹਮਹੁ ਸਾਚੁ ਕਰਿ ਜਾਨਾ ॥ ੨ ॥

ਜਿਸ ਸੁਖ ਤੋਂ ਸ਼ਿਵਜੀ ਬ੍ਰਹਮਾ ਵੀ ਡਰਿਆ ਹੈ । ਸੋ ਸੁਖ ਸਾਰਿਆਂ ਲੋਕਾਂ ਨੇ (ਵਾ ਮੈਂ) ਸੱਚਾ ਕਰਕੇ ਜਾਨਿਆ ਹੈ ? ਭਾਵ ਝੂਠਾ ਜਾਣਿਆਂ ਹੈ ॥

ਸਨਕਾਦਿਕ ਨਾਰਦ ਮੁਨਿ ਸੇਖਾ ॥
ਤਿਨ ਭੀ ਤਨ ਮਹਿ ਮਨੁ ਨਹੀ ਪੇਖਾ ॥ ੩ ॥

ਸਨਕ ਆਦਿਕ ਬ੍ਰਹਮਾਂ ਦੇ ਚਾਰ ਪੁਤਰ ਅਤੇ ਨਾਰਦ ਮੁਨੀ ਸ਼ੇਸ਼ਨਾਗ, ਏਹਨਾਂ ਭੀ ਸਰੀਰ ਵਿਚ ਮਨ ਨੂੰ ਨਹੀਂ ਦੇਖਿਆ । ਭਾਵ ਵਿਸ਼ਿਆਂ ਦੇ ਹੁੰਦਿਆਂ ਮਨ ਨੂੰ ਵਾਹਿਗੁਰੂ ਵੱਲ ਲਗਾ ਨਹੀਂ ਵੇਖਿਆ ॥

ਇਸੁ ਮਨ ਕਉ ਕੋਈ ਖੋਜਹੁ ਭਾਈ ॥
ਤਨ ਛੂਟੈ ਮਨੁ ਕਹਾ ਸਮਾਈ ॥ ੪ ॥

ਹੇ ਭਾਈ ਇਸ ਮਨ ਨੂੰ ਕੋਈ ਖੋਜੋ । ਕਿ ਸਰੀਰ ਤੇ ਛੁੱਟਣ ਬਾਦ ਮਨ (ਆਤਮਾ) ਕਿਥੇ ਜਾਕੇ ਰਹਿੰਦਾ ਹੈ ॥

ਗੁਰ ਪਰਸਾਦੀ ਜੈ ਦੇਉ ਨਾਮਾਂ ॥
ਭਗਤਿ ਕੈ ਪ੍ਰੇਮਿ ਇਨਹੀ ਹੈ ਜਾਨਾ ॥ ੫ ॥

ਗੁਰਾਂ ਕੀ ਕਿਰਪਾ ਕਰਕੇ ਜੈ ਦੇਉ ਅਤੇ ਨਾਮ ਦੇਤੁ ਜੀ ਨੇ। ਭਗਤੀ ਵਿੱਚ ਪ੍ਰੇਮ ਕਰਕੇ ਜਾਣਿਆਂ ਹੈ।

**ਇਸੁ ਮਨ ਕਉ ਨਹੀ ਆਵਨ ਜਾਨਾ ॥**
**ਜਿਸਕਾ ਭਰਮੁ ਗਇਆ ਤਿਨਿ ਸਾਚੁ ਪਛਾਨਾ ॥ ੬ ॥**

ਇਸ ਮਨ ਨੂੰ ਔਣਾ ਜਾਣਾ ਨਹੀਂ। ਪਰ ਜਿਸਦਾ ਭਰਮ ਗਿਆ ਹੈ ਤਿਸ ਨੇ ਨਿਸਚੇ ਕਰਕੇ ਜਾਣਿਆਂ ਹੈ।

**ਇਸੁ ਮਨ ਕਉ ਰੂਪੁ ਨ ਰੇਖਿਆ ਕਾਈ ॥**
**ਹੁਕਮੇ ਹੋਇਆ ਹੁਕਮੁ ਬੂਝਿ ਸਮਾਈ ॥ ੭ ॥**

ਇਸ ਮਨ ਦਾ ਕੋਈ ਰੂਪ ਚਿਹਨ ਨਹੀਂ ਹੈ। ਵਾਹਿਗੁਰੂ ਦੇ ਹੁਕਮ ਕਰਕੇ ਹੋਇਆ ਹੈ ਅਤੇ ਵਾਹਿਗੁਰੂ ਦਾ ਹੁਕਮ ਬੁੱਝਕੇ ਹੀ ਵਾਹਿਗੁਰੂ ਵਿੱਚ ਸਮਾ ਜਾਂਦਾ ਹੈ।

**ਇਸੁ ਮਨ ਕਾ ਕੋਈ ਜਾਨੈ ਭੇਉ ॥**
**ਇਹ ਮਨਿ ਲੀਣ ਭਏ ਸੁਖ ਦੇਉ ॥ ੮ ॥**

ਇਸ ਮਨ ਦਾ ਕੋਈ ਭੇਦ ਜਾਣਦਾ ਹੈ। ਕਿ ਏਹ ਮਨ ਵਾਹਿਗੁਰੂ ਵਿੱਚ ਲੀਨ ਹੋਇਆ ਹੋਇਆ ਆਪਣੇ ਆਪਨੂੰ ਸੁਖ ਰੂਪ ਅਤੇ ਪ੍ਰਕਾਸ਼ਕ ਮੰਨਦਾ ਹੈ।

**ਜੀਉ ਏਕੁ ਅਰੁ ਸਗਲ ਸਰੀਰਾ ॥**
**ਇਸੁ ਮਨ ਕਉ ਰਵਿ ਰਹੇ ਕਬੀਰਾ ॥ ੯ ॥ ੧ ॥ ੩੬ ॥**

ਜੀਵ ਇਕ ਹੈ ਅਤੇ ਸਾਰੇ ਸਰੀਰਾਂ ਵਿੱਚ ਹੈ। ਇਸ ਮਨ ਨੂੰ ਕਬੀਰ ਜੀ (ਰਵਿ) ਉਚਾਰ ਰਹੇ ਹਨ।

**ਗਉੜੀ ਗੁਆਰੇਰੀ ॥ ਅਹਿਨਿਸਿ ਏਕ ਨਾਮ ਜੋ ਜਾਗੇ ॥**
**ਕੇਤਕ ਸਿਧ ਭਏ ਲਿਵਲਾਗੇ ॥ ੧ ॥ ਰਹਾਉ ॥**

ਅਹਿਨਿਸਿ = ਦਿਨ ਰਾਤ।

ਰਾਤ ਦਿਨੇ ਜੋ ਇਕ ਨਾਮ ਵਿੱਚ ਜਾਗਦੇ ਹਨ। ਓਹ ਕਿੰਨੇ ਸਾਰੇ ਸਿੱਧ ਬ੍ਰਿਤੀ ਲੌਣੇ ਕਰਕੇ ਹੋ ਗਏ ਹਨ।

**ਸਾਧਕ ਸਿਧ ਸਗਲ ਮੁਨਿ ਹਾਰੇ ॥**
**ਏਕ ਨਾਮ ਕਲਿਪਤਰ ਤਾਰੇ ॥ ੧ ॥**

ਕਲਿਪਤਰ = ਸੰਸਾਰ ਸਮੁੰਦਰ। ਕਲਪ ਬ੍ਰਿਛ ॥

ਸਿਧੀਆਂ ਵਾਲੇ ਸਿਧ ਅਤੇ ਸਾਰੇ ਮੁਨੀ ਹਾਰ ਗਏ ਹਨ। ਇਕ ਵਾਹਿਗੁਰੂ ਦਾ ਨਾਮ ਹੀ ਸੰਸਾਰ ਸਮੁੰਦ੍ਰ ਤੋਂ ਤਾਰਦਾ ਹੈ ਵਾ ਕਲਪ ਬ੍ਰਿਛ ਵਤ ਵਾਹਿਗੁਰੂ ਦਾ ਨਾਮ ਤਾਰਨ ਨੂੰ ਸਮਰਥ ਹੈ।

**ਜੋ ਹਰਿ ਹਰੇ ਸੁ ਹੋਹਿ ਨ ਆਨਾ ॥**
**ਕਹਿ ਕਬੀਰ ਰਾਮ ਨਾਮ ਪਛਾਨਾ ॥ ੨ ॥ ੩੭ ॥**

ਆਨਾ = ਹੋਰ ॥

ਜੇਹੜੇ ਵਾਹਿਗੁਰੂ ਨੇ ਆਪਣੇ ਵੱਲ (ਹਰੇ) ਲਾ ਲਏ ਹਨ ਓਹ ਵਖਰੇ ਨਹੀਂ ਹੋ ਸਕਦੇ ਵਾ ਜੋ ਵਾਹਿਗੁਰੂ ਨੂੰ ਜਪਦੇ ਹਨ ਤਿਨ੍ਹਾਂ ਦੇ ਬਰਾਬਰ ਕੋਈ ਨਹੀਂ ਹੋ ਸਕਦਾ। ਕਬੀਰ ਜੀ ਕਹਿੰਦੇ ਹਨ ਮੈਂ ਵਾਹਿਗੁਰੂ ਦਾ ਨਾਮ ਹੀ ਪਛਾਣਿਆਂ ਹੈ।

**ਗਉੜੀ ਭੀ ਸੋਰਠਿ ਭੀ ॥**

**ਰੇ ਜੀਅ ਨਿਲਜ ਲਾਜ ਤੁੋਹਿ ਨਾਹੀ ॥**
**ਹਰਿ ਤਜਿ ਕਤ ਕਾਹੂ ਕੇ ਜਾਂਹੀ ॥ ੧ ॥ ਰਹਾਉ ॥**

ਰੇ ਜੀਅ ਨਿਲੱਜ ਤੈਨੂੰ ਲੱਜਿਆ ਨਹੀਂ ਆਉਂਦੀ। ਵਾਹਿਗੁਰੂ ਨੂੰ ਛੱਡਕੇ ਕਿਸ ਵਾਸਤੇ ਕਿਸੇ ਪਾਸ ਜਾਂਦਾ ਹੈਂ ਭਾਵ ਦੇਵੀ ਦੇਵਤਿਆਂ ਦੇ ਪਾਸ ਕਿਉਂ ਜਾਂਦਾਹੈ।

**ਜਾਕੋ ਠਾਕੁਰੁ ਊਚਾ ਹੋਈ ॥**
**ਸੋ ਜਨੁ ਪਰ ਘਰ ਜਾਤ ਨ ਸੋਹੀ ॥ ੧ ॥**

ਜਿਸਦਾ ਠਾਕਰ ਉੱਚਾ ਅਰਥਾਤ ਵਡਾ ਹੁੰਦਾ ਹੈ। ਸੋ ਪਰਾਏ ਘਰ ਜਾਂਦਾ ਹੱਛਾ ਨਹੀ ਲੱਗਦਾ।

**ਸੋ ਸਾਹਿਬੁ ਰਹਿਆ ਭਰਪੂਰਿ ॥**
**ਸਦਾ ਸੰਗਿ ਨਾਹੀ ਹਰਿ ਦੂਰਿ ॥ ੨ ॥**

ਜੋ ਵਾਹਿਗੁਰੂ ਸਾਰੇ ਪੂਰਨ ਹੋ ਰਿਹਾ ਹੈ। ਅਤੇ ਸਦਾ ਹੀ ਤੇਰੇ ਨਾਲ ਹੈ ਅਰਥਾਤ ਦੂਰ ਨਹੀਂ।

**ਕਵਲਾ ਚਰਨ ਸਰਨ ਹੈ ਜਾਕੇ ॥**
**ਕਹੁ ਜਨ ਕਾ ਨਾਹੀ ਘਰ ਤਾਕੇ ॥ ੩ ॥**

ਕਵਲਾ = ਲੱਖਮੀ ॥

ਜਿਸਦੇ ਚਰਨਾਂ ਦੀ ਸਰਨ ਲਖਮੀ ਰਹਿੰਦੀ ਹੈ। ਕਹੋ ਹੇ ਭਾਈ ਕੀ ਨਹੀਂ ਹੈ ਤਿਸ (ਸਰਬ ਸ਼ਕਤੀ ਵਾਲੇ, ਦੇ ਘਰ ?

**ਸਭੁ ਕੋਊ ਕਹੈ ਜਾਸੁ ਕੀ ਬਾਤਾ ॥**
**ਸੋ ਸੰਮ੍ਰਥੁ ਨਿਜ ਪਤਿ ਹੈ ਦਾਤਾ ॥ ੪ ॥**

ਸਭ ਕੋਈ ਜਿਸਦੀਆਂ ਬਾਤਾਂ ਅਰਥਾਤ ਸਿਫਤਾਂ ਕਹਿੰਦਾ ਹੈ । ਸੋ ਨਿਜ ਅਪਨੇ ਪਤੀ ਸਾਮਰੱਥ ਸਭਨਾਂ ਦਾ ਦਾਤਾ ਹੈ।

**ਕਹੈ ਕਬੀਰੁ ਪੂਰਨ ਜਗ ਸੋਈ ॥**
**ਜਾਕੈ ਹਿਰਦੈ ਅਵਰੁ ਨ ਹੋਈ ॥ ੫ ॥ ੩੯ ॥**

ਕਬੀਰ ਜੀ ਕਹਿੰਦੇ ਹਨ ਜਗਤ ਵਿਚ ਪੂਰਨ ਕਾਮਨਾਂ ਵਾਲਾ ਸੋਈ ਆਦਮੀ ਹੈ। ਜਿਸਦੇ ਹਿਰਦੇ ਵਿਚ ਹੋਰ ਕੋਈ (ਵਾਹਿਗੁਰੂ ਤੋਂ ਬਿਨਾਂ) ਨਹੀਂ ।

"ਕਬੀਰ ਜੀ ਨੇ ਪੁਤ੍ਰ ਦੇ ਵਿਯੋਗ ਵਿਚ ਇਕ ਆਦਮੀ
ਰੋਂਦਾ ਵੇਖਿਆ ਤਿਸਨੂੰ ਉਪਦੇਸ਼ ਦੇਂਦੇ ਹਨ"

**ਕਉਨੁ ਕੋ ਪੂਤੁ ਪਿਤਾ ਕੋ ਕਾਕੋ ॥**
**ਕਉਨੁ ਮਰੈ ਕੋ ਦੇਇ ਸੰਤਾਪੋ ॥ ੧ ॥**

ਕੌਣ ਕਿਸੇ ਦਾ ਪੁਤ੍ਰ ਹੈ ਅਤੇ ਕੌਣ ਕਿਸੇ ਦਾ ਪਿਤਾ ਹੈ ਅਤੇ ਕੌਣ ਮਰਦਾ ਹੈ ਅਤੇ ਕੌਣ ਦੁਖ ਦੇਂਦਾ ਹੈ ?

**ਹਰਿ ਠਗ ਜਗ ਕਉ ਠਗਉਰੀ ਲਾਈ ॥**
**ਹਰਿ ਕੇ ਬਿਓਗ ਕੈਸੇ ਜੀਅਉ ਮੇਰੀ *ਮਾਈ ॥ ੧ ॥ਰਹਾਉ॥**

ਵਾਹਿਗੁਰੂ ਠੱਗ ਨੇ ਜਗਤ ਨੂੰ ਮਾਇਆ ਰੂਪ ਠੱਗਬੂਟੀ ਲਾਈ ਹੋਈ ਹੈ। ਵਾਹਿਗੁਰੂ ਦੇ ਵਿਛੋੜੇ ਕਰਕੇ ਕਿੱਕੁਰ ਜੀਵੇਂਗੇ ਹੇ ਮੇਰੀ ਮਾਈ ॥

**ਕਉਨ ਕੋ ਪੁਰਖੁ ਕਉਨ ਕੀ ਨਾਰੀ ॥**
**ਇਆ ਤਤ ਲੇਹੁ ਸਰੀਰ ਬਿਚਾਰੀ ॥ ੨ ॥**

ਕੌਣ ਕਿਸੇ ਦਾ ਆਦਮੀ ਹੈ ਅਤੇ ਕੌਣ ਕਿਸੇ ਦੀ ਇਸਤ੍ਰੀ ਹੈ, ਇਹ (ਤਤ) ਝੂਠ ਸੱਚ ਦਾ ਸਰੀਰ ਵਿਚ ਵਿਚਾਰ ਕਰ ਲਵੋ ਭਾਵ ਮਨੁਖਾ ਜਨਮ ਦਾ ਏਹ ਲਾਭ ਹੈ ਕਿ ਵਾਹਿਗੁਰੂ ਦਾ ਵਿਚਾਰ ਕਰ ਲਵੋ ॥

**ਕਹਿ ਕਬੀਰ ਠਗ ਸਿਉ ਮਨੁ ਮਾਨਿਆ ॥**

---

*ਮਾਈ ਨਾਮ ਸਖੀ ਦਾ ਵੀ ਹੁੰਦਾ ਹੈ ਅਤੇ ਭਾਈ ਇੱਕੁਰ ਵੀ ਸੰਬੋਧਨ ਹੁੰਦਾ ਹੈ ਵਾ ਮੇਰੀ ਬੁੱਧੀ ਵਿਚ ਨਿਸਚਾ ਹੋਇਆ ਹੈ ਕਿ ਮਾਇਆ ਦੇ ਪਤੀ ਵਾਹਿਗੁਰੂ ਦੇ ਵਿਛੋੜੇ ਕਿੱਕੁਰ ਏਹ ਜੀਉਣਗੇ।

**ਗਈ ਠਗਉਰੀ ਠਗੁ ਪਹਿਚਾਨਿਆ ॥ ੩ ॥ ੩੯ ॥**

ਜਿੱਕੁਰ ਕੋਈ ਕਿਸੇ ਠੱਗ ਨਾਲ ਮਿਲ ਜਾਂਦਾ ਹੈ ਤਾਂ ਉਸਨੂੰ ਠੱਗ ਕੁਝ ਨਹੀਂ ਆਖਦਾ, ਇੱਕੁਰ ਹੀ ਕਬੀਰ ਜੀ ਆਖਦੇ ਹਨ ਕਿ ਜਿਸਦਾ ਮਨ ਵਾਹਿ-ਗੁਰੂ ਠੱਗ ਨਾਲ ਮੰਨਿਆਂ ਹੈ ਅਤੇ ਜਦ ਠੱਗ ਨੂੰ ਜਾਣ ਲਿਆ ਤਾਂ ਠਗੌਰੀ ਜਾਂਦੀ ਰਹੀ ਵਾ ਵਾਹਿਗੁਰੂ ਨੂੰ ਜਾਣਿਆਂ ਤਾਂ ਮਾਯਾ ਦੂਰ ਹੋ ਗਈ।

**ਅਬ ਮੋਕਉ ਭਏ ਰਾਜਾ ਰਾਮ ਸਹਾਈ ॥**
**ਜਨਮ ਮਰਨ ਕਟਿ ਪਰਮ ਗਤਿ ਪਾਈ ॥ ੧ ॥ ਰਹਾਉ ॥**

ਹੁਣ ਮੇਰੇ ਪ੍ਰਕਾਸ਼ਕ ਵਾਹਿਗੁਰੂ ਸਹਾਇਕ ਹੋਏ ਹਨ, ਜੰਮਣਾਂ ਮਰਨਾ ਦੂਰ ਹੋ ਗਿਆ ਹੈ ਅਤੇ ਪਰਮਗਤੀ (ਮੁਕਤਿ) ਪਾ ਲਈ ਹੈ ॥

**ਸਾਧੂ ਸੰਗਤਿ ਦੀਓ ਰਲਾਇ ॥**
**ਪੰਚ ਦੂਤ ਤੇ ਲੀਓ ਛਡਾਇ ॥**

ਸੰਤਾਂ ਦੀ ਸਤ ਸੰਗਤ ਵਿਚ ਰਲਾ ਦਿਤਾ ਹੈ ਅਤੇ ਪੰਜਾਂ ਦੂਤਾਂ(ਕਾਮਾਦਿਕਾਂ) ਤੋਂ ਛੁਡਾ ਲਿਆ ਹੈ ॥

**ਅੰਮ੍ਰਿਤ ਨਾਮੁ ਜਪਉ ਜਪੁ ਰਸਨਾ ॥**
**ਅਮੋਲ ਦਾਸੁ ਕਰਿ ਲੀਨੋ ਅਪਨਾ ॥ ੧ ॥**

ਅੰਮ੍ਰਿਤ ਨਾਮ ਦਾ ਜਾਪ ਰਸਨਾ ਕਰਕੇ ਜਪਣ ਲਗਾ ਹਾਂ। (ਵਾਹਿਗੁਰੂ ਨੇ) ਅਮੋਲਕ ਦਾਸ ਅਪਣਾ (ਮੈਨੂੰ) ਕਰ ਲਿਆ ਹੈ।

**ਸਤਿਗੁਰ ਕੀਨੋ ਪਰਉਪਕਾਰੁ ॥**
**ਕਾਢਿ ਲੀਨ ਸਾਗਰ ਸੰਸਾਰ ॥**

ਸਤਿਗੁਰਾਂ ਨੇ ਪਰਉਪਕਾਰ ਕਰਕੇ । ਸੰਸਾਰ (ਸਾਗਰ) ਸਮੁੰਦਰ ਵਿਚੋਂ (ਦਯਾ ਕਰਕੇ ਮੈਨੂੰ) ਕੱਢ ਲਿਆ ਹੈ ॥

**ਚਰਨ ਕਮਲ ਸਿਉ ਲਾਗੀ ਪ੍ਰੀਤਿ ॥**
**ਗੋਬਿੰਦੁ ਬਸੈ ਨਿਤਾ ਨਿਤ ਚੀਤਿ ॥ ੨ ॥**

ਵਾਹਿਗੁਰੂ ਦੇ ਚਰਨਾਂ ਕਮਲਾਂ ਨਾਲ ਪ੍ਰੀਤੀ ਲੱਗੀ ਹੈ ਅਤੇ ਵਾਹਿਗੁਰੂ ਨਿਤ ਹੀ ਨਿਤ ਮੇਰੇ ਚਿੱਤ ਵਿਚ ਵਸਦਾ ਹੈ।

**ਮਾਇਆ ਤਪਤ ਬੁਝਿਆ ਅੰਗਿਆਰੁ ॥**
**ਮਨਿ ਸੰਤੋਖੁ ਨਾਮੁ ਆਧਾਰੁ ॥**

ਮਾਇਆ ਰੂਪ ਤਪ ਦਾ ਅੰਗਿਆਰ ਬੁਝ ਗਿਆ ਹੇ। ਮਨ ਨੂੰ ਨਾਮ ਦੇ ਆਸਰੇ ਕਰਕੇ ਸੰਤੋਖ ਆਇਆ ਹੈ ॥

**ਜਲਿ ਥਲਿ ਪੂਰਿ ਰਹੇ ਪ੍ਰਭ ਸੁਆਮੀ ॥**

**ਜਤ ਪੇਖਉ ਤਤ ਅੰਤਰਜਾਮੀ ॥ ੩ ॥**

ਜੇਹੜਾ ਜਲਾਂ ਥਲਾਂ ਵਿਚ ਪ੍ਰਭੂ ਸੁਆਮੀ ਪੂਰਨ ਹੋ ਰਿਹਾ ਹੈ। ਤਿਸ ਅੰਤਰਜਾਮੀ ਨੂੰ ਜਿਧਰ ਦੇਖਦਾ ਹਾਂ ਓਧਰ ਹੀ ਦਿਖਾਈ ਦੇਂਦਾ ਹੈ ॥

**ਅਪਨੀ ਭਗਤਿ ਆਪ ਹੀ ਦ੍ਰਿੜਾਈ ॥**

**ਪੂਰਬ ਲਿਖਤੁ ਮਿਲਿਆ ਮੇਰੇ ਭਾਈ ॥**

ਵਾਹਿਗੁਰੂ ਨੇ ਆਪਣੀ ਭਗਤੀ ਆਪ ਹੀ ਪੱਕੀ ਕਰਾਈ ਹੈ। ਪਿਛੇ ਮੇਰੇ ਕਰਮਾਂ ਵਿਚ ਲਿਖਿਆ ਹੋਇਆ ਇਸ ਲਈ ਹੇ ਮੇਰੇ ਭਾਈ (ਮੈਨੂੰ ਵਾਹਿਗੁਰੂ) ਆ ਮਿਲਿਆ ॥

**ਜਿਸੁ ਕ੍ਰਿਪਾ ਕਰੇ ਤਿਸੁ ਪੂਰਨ ਸਾਜ ॥**

**ਕਬੀਰ ਕੋ ਸੁਆਮੀ ਗਰੀਬ ਨਿਵਾਜ ॥ ੪ ॥ ੪੦ ॥**

ਜਿਸ ਤੇ ਕਿਰਪਾ ਕਰਦਾ ਹੈ ਤਿਸਦੇ ਪੂਰੇ ਕੰਮ ਹੁੰਦੇ ਹਨ। ਕਬੀਰ ਜੀ ਕਹਿੰਦੇ ਹਨ ਸਾਡਾ ਸੁਆਮੀ ਗਰੀਬ ਨਿਵਾਜ ਹੈ ॥

"ਸੂਤਕ ਮੰਨਣ ਵਾਲੇ ਪ੍ਰਤਿ"

**ਜਲਿ ਹੈ ਸੂਤਕੁ ਥਲ ਹੈ ਸੂਤਕੁ ਸੂਤਕ ਓਪਤਿ ਹੋਈ ॥**

ਓਪਤਿ = ਉਤਪਤੀ ॥

ਜਲਾਂ ਵਿਚ ਵੀ ਸੂਤਕ ਹੈ ਥਲਾਂ ਵਿਚ ਭੀ ਸੂਤਕ ਹੈ ਸੂਤਕ ਕਰਕੇ ਹੀ ਸਾਰੀ ਉਤਪਤੀ ਹੁੰਦੀ ਹੈ ॥

**ਜਨਮੇ ਸੂਤਕੁ ਮੂਏ ਫੁਨਿ ਸੂਤਕੁ ਸੂਤਕ ਪਰਜ ਬਿਗੋਈ ॥ ੧ ॥**

ਜੀਵ ਜੰਮਦੇ ਵੀ ਸੂਤਕ ਵਿਚ ਹਨ, ਮਰਦੇ ਵੀ ਸੂਤਕ ਵਿਚ ਹਨ। ਸੂਤਕ ਨੇ ਸਾਰੀ ਹੀ ਪਰਜਾ (ਬਿਗੋਈ) ਖਰਾਬ ਕੀਤੀ ਹੈ ॥

**ਕਹੁ ਰੇ ਪੰਡੀਆ ਕਉਨ ਪਵੀਤਾ ॥**

**ਐਸਾ ਗਿਆਨੁ ਜਪਹੁ ਮੇਰੇ ਮੀਤਾ ॥ ੧ ॥ ਰਹਾਉ ॥**

ਕਹੋ ਰੇ ਪਾਂਡੇ ਕੌਣ ਪਵਿਤ੍ਰ ਹੈ ? ਇੱਕੁਰ ਦਾ ਗਿਆਨ ਵਿਚਾਰਕੇ ਹੇ ਮੇਰੇ ਮਿੱਤ੍ਰ ਵਾਹਿਗੁਰੂ ਦਾ ਨਾਮ ਜਪ ॥

**ਨੈਨਹੁ ਸੂਤਕੁ ਬੈਨਹੁ ਸੂਤਕੁ ਸੂਤਕੁ ਸ੍ਰਵਨੀ ਹੋਈ ॥**

ਨੇਤ੍ਰਾਂ ਵਿਚ ਸੂਤਕ ਹੈ, ਬਚਨਾਂ ਵਿਚ ਵੀ ਸੂਤਕ ਹੈ, ਅਤੇ ਸੂਤਕ ਹੀ ਕੰਨਾਂ ਵਿਚ ਹੁੰਦਾ ਹੈ, ਭਾਵ ਨਿੰਦਿਆ ਉਸਤਤੀ ਸੁਣਨ ਕਰਕੇ ।

**ਊਠਤ ਬੈਠਤ ਸੂਤਕੁ ਲਾਗੈ ਸੂਤਕੁ ਪਰੈ ਰਸੋਈ ॥ ੨ ॥**

ਉਠਦਿਆਂ ਬੈਠਦਿਆਂ ਸੂਤਕ ਲਗਦਾ ਹੈ ਭਾਵ ਜੀਵ ਮਰਦੇ ਹਨ ਅਤੇ ਸੂਤਕ ਹੀ ਰਸੋਈ ਵਿਚ ਪੈਂਦਾ ਹੈ ਭਾਵ ਅੱਗ ਵਿਚ ਕਈ ਜੀਵ ਮਰਦੇ ਹਨ ॥

**ਫਾਸਨ ਕੀ ਬਿਧਿ ਸਭੁ ਕੋਊ ਜਾਨੈ ਛੂਟਨ ਕੀ ਇਕੁ ਕੋਈ ॥**

ਕਰਮ ਕਾਂਡਾਂ ਵਿਚ ਫਸਣ ਦੀ ਰੀਤੀ ਸਭ ਕੋਈ ਜਾਣਦਾ ਹੈ ਅਤੇ ਛੁੱਟਣ ਦੀ ਇਕ ਕੋਈ ਸੰਤ ਹੀ ।

**ਕਹਿ ਕਬੀਰ ਰਾਮੁ ਰਿਦੈ ਬਿਚਾਰੈ**
**ਸੂਤਕੁ ਤਿਨੈ ਨ ਹੋਈ ॥ ੩ ॥ ੪੧ ॥**

ਕਬੀਰ ਜੀ ਕਹਿੰਦੇ ਹਨ ਜੋ ਇਕ ਵਾਹਿਗੁਰੂ ਨੂੰ ਰਿਦੇ ਵਿਚ ਵਿਚਾਰੇ ਉਸਨੂੰ ਸੂਤਕ ਨਹੀ ਹੁੰਦਾ ॥

"ਸਨਮੁਖ ਬੇਨਤੀ"

**ਗਉੜੀ ॥ ਝਗਰਾ ਏਕੁ ਨਿਬੇਰਹੁ ਰਾਮ ॥**
**ਜਉ ਤੁਮ ਅਪਨੇ ਜਨ ਸੌ ਕਾਮੁ ॥ ੧ ॥ ਰਹਾਉ ॥**

ਹੇ ਵਾਹਿਗੁਰੂ ਇਕ ਝਗੜਾ ਨਿਬੇੜੋ । ਜੇ ਤੁਹਾਨੂੰ ਆਪਣੇ ਦਾਸਾਂ ਨਾਲ ਕੰਮ ਹੈ ਤਾਂ (ਕੀ ਝਗੜਾ ?)

**ਇਹੁ ਮਨੁ ਬਡਾ ਕਿ ਜਾਸਉ ਮਨੁ ਮਾਨਿਆ ॥**
**ਰਾਮੁ ਬਡਾ ਕੈ ਰਾਮਹਿ ਜਾਨਿਆ ॥ ੧॥**

(ਸ਼ੰਕਾ)

ਇਹੁ ਮਨ ਵੱਡਾ ਹੈ ਕਿ ਜਿਸ ਨਾਲ ਮਨ ਮੰਨਿਆ ਹੈ ਓਹ ਵੱਡਾ ਹੈ ? (ਉੱਤਰ) ਵਾਹਿਗੁਰੂ ਵੱਡਾ ਹੈ (ਪ੍ਰਸ਼ਨ) ਵਾਹਿਗੁਰੂ ਵੱਡਾ ਹੈ ਕਿ ਵਾਹਿਗੁਰੂ ਨੂੰ ਜਾਨਣ ਵਾਲਾ ? (ਉੱਤਰ) ਜਾਨਣ ਵਾਲਾ ॥

**ਬ੍ਰਹਮਾ ਬਡਾ ਕਿ ਜਾਸੁ ਉਪਾਇਆ ॥**
**ਬੇਦੁ ਬਡਾ ਕਿ ਜਹਾਂ ਤੇ ਆਇਆ ॥ ੨ ॥**

( ਪ੍ਰਸ਼ਨ )

ਬ੍ਰਹਮਾਂ ਵੱਡਾ ਹੈ ਕਿ ਜਿਸ ਵਾਹਿਗੁਰੂ ਨੇ ਬ੍ਰਹਮਾ ਨੂੰ ਪ੍ਰਗਟ ਕੀਤਾ ਹੈ ਉਹ ਵੱਡਾ ਹੈ ? (ਉੱਤਰ) "ਪ੍ਰਗਟ ਕਰਨ ਵਾਲਾ" (ਪਸ਼ਨ) ਵੇਦ ਵਡਾ

ਹੈ ਕਿ ਜਿਥੋਂ ਵੇਦ ਆਇਆ ਹੈ ਓਹ ਵੱਡਾ ਹੈ (ਉੱਤਰ) ਜਿਥੋਂ ਆਯਾ ਹੈ।

**ਕਹਿ ਕਬੀਰ ਹਉ ਭਇਆ ਉਦਾਸੁ ॥**

**ਤੀਰਥੁ ਬਡਾ ਕਿ*ਹਰਿ ਕਾ ਦਾਸੁ ॥ ੨ ॥ ੪੨ ॥**

ਕਬੀਰ ਜੀ ਕਹਿੰਦੇ ਹਨ ਕਿ ਮੈਂ ਉਦਾਸ ਹੋਇਆ ਹੋਇਆ ਹਾਂ। ਤੀਰਥ ਵੱਡਾ ਹੈ ਕਿ ਵਾਹਿਗੁਰੂ ਦਾ ਦਾਸ ? (ਉੱਤਰ) ਦਾਸ ॥

(ਉਪਦੇਸ਼)

**ਰਾਗੁ ਗਉੜੀ ਚੇਤੀ ॥ ਦੇਖੌ ਭਾਈ ਗ੍ਯਾਨ ਕੀ ਆਈ ਆਂਧੀ ॥**

**ਸਭੈ ਉਡਾਨੀ ਭ੍ਰਮ ਕੀ ਟਾਟੀ**

**ਰਹੈ ਨ ਮਾਇਆ ਬਾਂਧੀ ॥ ੧ ॥ ਰਹਾਉ ॥**

ਦੇਖੋ ਭਾਈ ਗਜਾਨ ਦੀ ਅੰਧੇਰੀ ਆ ਗਈ ਹੈ। ਅਤੇ ਭਰਮ ਰੂਪ ਟੱਟੀ ਸਭ ਉਡ ਗਈ ਹੈ ਅਤੇ ਮਾਇਆ ਦੇ ਬੰਨ੍ਹਣ ਵੀ ਨਹੀਂ ਰਹੇ ਵਾ ਗਿਆਨ ਵਿੱਚ ਮਾਇਆ ਬੰਨ੍ਹੀ ਹੋਈ ਵੀ ਨਹੀਂ ਰਹਿੰਦੀ ॥

**ਦੁਚਿਤੇ ਕੀ ਦੁਇ ਥੂਨਿ ਗਿਰਾਨੀ ਮੋਹ ਬਲੇਂਡਾ ਟੂਟਾ॥**

*ਇਸ ਸ਼ਬਦ ਦੇ ਵਿੱਚ ਜੇਹੜੇ ਪ੍ਰਸ਼ਨ ਹਨ ਓਹੋ ਹੀ ਉੱਤਰ ਹਨ ਦੇਖੋ ਕਵਿਰਾਇ ਅੰਮ੍ਰਿਤ ਰਾਇ ਲਾਹੌਰ ਨਿਵਾਸੀ ਜੀ ਦੇ ਚਿੱਤ੍ਰ ਬਿਲਾਸ ਗ੍ਰੰਥ ਦਾ ੮੫-੮੬ ਦੋਹਾ:-

ਕੋ ਸਭ ਜਗ ਮੈਂ ਅਮਲ ਜਲ ਕੋ ਸੁੰਦਰ ਸੁਭ ਕਾਮ।
ਕੋ ਸੁਬਾਸ ਸ੍ਰੀ ਕਰ ਕਮਲ ਕੋ ਸਭ ਸੰਜਤ ਨਾਂਮ ॥ ਹੋਰ ਦੇਖੋ—
ਧਰਮਰਾਜ ਬੋਲੈ ਕਹਾਂ ਕਾਲ ਕਰੈ ਕੋ ਕਰਮ ॥
ਜਨਮ ਦੁਖੀ ਕੋ ਜਗਤ ਮੈਂ ਪ੍ਰਭ ਕੋ ਜਾਨੈ ਮਰਮ ॥ ੯੨ ॥
ਏਹ ਵੀ ਦੋਹਾ ਏਸੇ ਕਿਸਮ ਦਾ ਹੈ।

ਏਸੇ ਤਰਾਂ ਦੇ ਦਸ ਦੋਹਰੇ ਅਕਾਲ ਉਸਤਤਿ ਵਿੱਚ ੨੦੧ ਅੰਕ ਤੋਂ ਲੈਕੇ ੨੧੦ ਤਕ ਹਨ, ਸੋ ਓਹਨਾਂ ਦੋਹਰਿਆਂ ਦੇ ਵਿੱਚ ਜੇਹੜੇ ਪ੍ਰਸ਼ਨ ਹਨ ਓਹਨਾਂ ਪ੍ਰਸ਼ਨਾਂ ਦੇ ਹੀ ਉਤਰ ਬਣ ਜਾਂਦੇ ਹਨ, ਪਰ ਸਰਦਾਰ ਕਾਹਨ ਸਿੰਘ ਜੀ ਕਰਤਾ ਗੁਰਮਤ ਸੁਧਾਕਰ ਆਖਦੇ ਹਨ, ਏਹਨਾਂ ਦੋਹਰਿਆਂ ਦੇ ਉਤਰ ਦੇ ਦੋਹਰੇ ਲੱਭਣੇ ਚਾਹੀਦੇ ਹਨ ਦੇਖੋ ਗੁਰਮਤ ਸੁਧਾਕਰ ਵਾਰ ੧ ਸਫਾ ੧੪੧ ਤੇ ਦੇਖੋ ਗੁਰਮਤ ਸੁਧਾਕਰ ਵਾਰ ੨ ਸਫਾ ੨੩।

**ਤਿਸਨਾ ਛਾਨਿ ਪਰੀ ਧਰ ਊਪਰਿ ਦੁਰਮਤਿ ਭਾਂਡਾ ਫੂਟਾ ॥ ੧॥**

ਬਲੇਂਡਾ = ਵਲਾ।

ਦੁਚਿਤੇ ਮਨ ਦੀਆਂ ਜੋ ਦੋ ਬ੍ਰਿਤੀਆਂ ਥੂਨੀਆਂ ਵਤ ਸਨ ਸੋ ਗਿਆਨ ਹਨੇਰੀ ਨੇ ਡੇਗ ਦਿੱਤੀਆਂ ਅਤੇ ਮੋਹ ਰੂਪ ਵਲਾ ਭੀ ਟੁਟ ਗਿਆ । ਅਤੇ ਤਿਸ਼ਨਾਂ ਰੂਪ ਛੰਨ ਵੀ ਧਰਤੀ ਉੱਪਰ ਡਿੱਗ ਪਈ ਅਤੇ ਖੋਟੀ ਮੱਤ ਰੂਪ ਭਾਂਡਾ ਫੁਟ ਗਿਆ।

ਉਦੈ = ਪ੍ਰਗਟ। ਭਾਨੁ = ਸੂਰਜ॥ ਚੀਨਾ = ਜਾਣਿਆ॥

**ਆਂਧੀ ਪਾਛੈ ਜੋ ਜਲੁ ਬਰਖੈ ਤਿਹਿ ਤੇਰਾ ਜਨੁ ਭੀਨਾ॥**
**ਕਹਿ ਕਬੀਰ ਮਨਿ ਭਇਆ ਪ੍ਰਗਾਸਾ**
**ਉਦੈ ਭਾਨੁ ਜਬ ਚੀਨਾ ॥ ੨ ॥ ੪੩ ॥**

ਗਿਆਨ ਰੂਪ ਅੰਨ੍ਹੇਰੀ ਪਿੱਛੇ ਜੇਹੜਾ ਸ਼ਾਂਤੀ ਰੂਪ ਪਾਣੀ ਵਰ੍ਹਦਾ ਹੈ, ਉਸ ਨਾਲ ਤੇਰਾ ਦਾਸ ਭਿਜ ਗਿਆ ਹੈ।ਕਬੀਰ ਜੀ ਕਹਿੰਦੇ ਹਨ। ਮੇਰੇ ਮਨ ਵਿੱਚ ਇੱਕੁਰ ਦਾ ਪ੍ਰਕਾਸ਼ ਹੋਇਆ ਹੈ। ਜਿੱਕੁਰ ਸੂਰਜ ਦੇ ਚੜ੍ਹਨ ਨਾਲ ਅੰਧੇਰਾ ਦੂਰ ਹੋ ਜਾਂਦਾ ਹੈ ਤਿੱਕੁਰ ਹੀ ਜਦ ਵਾਹਿਗੁਰੂ ਨੂੰ ਜਾਣਿਆ ਤਾਂ ਅਗਿਆਨ ਨਾਸ ਹੋਇਆ।

"ਮਨਮੁਖਾਂ ਦਾ ਹਾਲ ਦੱਸਦੇ ਹਨ"

**ਗਉੜੀ ਚੇਤੀ**

**ੴ ਸਤਿਗੁਰਪ੍ਰਸਾਦਿ ॥**

**ਹਰਿ ਜਸੁ ਸੁਨਹਿ ਨ ਹਰਿ ਗੁਨ ਗਾਵਹਿ ॥**
**ਬਾਤਨ ਹੀ ਅਸਮਾਨੁ ਗਿਰਾਵਹਿ ॥ ੧ ॥**

ਨਾਂ ਵਾਹਿਗੁਰੂ ਦਾ ਜਸ ਸੁਣਦੇ ਹਨ ਅਤੇ ਨਾ ਵਾਹਿਗੁਰੂ ਦੇ ਗੁਣ ਗਾਉਂਦੇ ਹਨ, ਗੱਲਾਂ ਨਾਲ ਹੀ ਅਸਮਾਨ ਨੂੰ ਡੇਗਦੇ ਹਨ। ਭਾਵ ਝੂਠ ਬੋਲਦੇ ਹਨ।

**ਐਸੇ ਲੋਗਨ ਸਿਉ ਕਿਆ ਕਹੀਐ ॥**
**ਜੋ ਪ੍ਰਭ ਕੀਏ ਭਗਤਿ ਤੇ ਬਾਹਜ**
**ਤਿਨ ਤੇ ਸਦਾ ਡਰਾਨੇ ਰਹੀਐ ॥ ੧ ॥ ਰਹਾਉ ॥**

ਇੱਕਰ ਦੇ ਲੋਕਾਂ ਨੂੰ ਕੀ ਕਹੀਏ॥ ਜੇਹੜੇ ਵਾਹਿਗੁਰੂ ਨੇ ਭਗਤੀ ਤੋਂ (ਬਾਹਜ) ਬਿਨਾਂ ਕੀਤੇ ਹਨ ਤਿਨਾਂ ਤੋਂ ਸਦਾ ਹੀ ਡਰਦੇ ਰਹੀਏ।

**ਆਪਿ ਨ ਦੇਹਿ ਚੁਰੂ ਭਰਿ ਪਾਨੀ ॥**
**ਤਿਹ ਨਿੰਦਹਿ ਜਿਹ ਗੰਗਾ ਆਨੀ ॥ ੨ ॥**

ਚੁਰੂ = ਚੁਲੀ ॥

ਆਪ ਤਾਂ ਕਿਸੇ (ਤਿਹਾਏ) ਨੂੰ ਚੁਲੀ ਭਰਕੇ ਪਾਣੀ ਵੀ ਨਹੀਂ ਦੇਂਦੇ। ਅਤੇ ਤਿਸ (ਭਾਗੀਰਥ) ਨੂੰ ਨਿੰਦਦੇ ਹਨ ਜਿਸਨੇ ਗੰਗਾ ਆਂਦੀ ਹੈ।

**ਬੈਠਤ ਉਠਤ ਕੁਟਿਲਤਾ ਚਾਲਹਿ ॥**
**ਆਪੁ ਗਏ ਅਉਰਨ ਹੂ ਘਾਲਹਿ ॥ ੩ ॥**

ਕੁਟਿਲਤਾ = ਟੇਢੇ

ਬੈਠਦੇ ਉਠਦੇ ਟੇਢੇ ਚਲਦੇ ਸਨ। ਆਪ ਤਾਂ ਗਏ ਗਵਾਤੇ ਅਤੇ ਹੋਰਨਾਂ ਨੂੰ ਵੀ ਉਸ ਪਾਸੇ (ਘਾਲਹਿ) ਪਾਉਂਦੇ ਹਨ ਭਾਵ ਵਿਸ਼ਿਆਂ ਵਲ ਨਰਕ ਵਲ ਖੜਦੇ ਹਨ।

**ਛਾਡਿ ਕੁਚਰਚਾ ਆਨ ਨ ਜਾਨਹਿ ॥**
**ਬ੍ਰਹਮਾ ਹੂ ਕੋ ਕਹਿਓ ਨ ਮਾਨਹਿ ॥ ੪ ॥**

ਆਨ = ਹੋਰ

ਖੋਟੀ ਚਰਚਾ ਨੂੰ ਛੱਡਕੇ ਹੋਰ ਕੁਝ ਜਾਣਦੇ ਹੀ ਨਹੀਂ। ਭਾਵ ਖੋਟੀਆਂ ਗੱਲਾਂ ਤੋਂ ਬਿਨਾਂ ਹੋਰ ਕੁਝ ਨਹੀਂ ਜਾਣਦੇ ਅਤੇ ਹਠੀ ਇੱਕੁਰ ਦੇ ਹਨ ਕਿ ਬ੍ਰਹਮਾ ਦਾ ਕਿਹਾ ਭੀ ਨਹੀਂ ਮੰਨਦੇ।

**ਆਪੁ ਗਏ ਅਉਰਨ ਹੂ ਖੋਵਹਿ ॥**
**ਆਗਿ ਲਗਾਇ ਮੰਦਰ ਮਹਿ ਸੋਵਹਿ ॥ ੫ ॥**

ਆਪ ਤਾਂ ਗਏ ਗਵਾਤੇ ਹਨ ਅਤੇ ਹੋਰਨਾਂ ਨੂੰ ਵੀ ਖੋਂਵਦੇ ਹਨ। ਭਾਵ ਆਪ ਤਾਂ ਵਾਹਿਗੁਰੂ ਦਾ ਨਾਮ ਨਹੀਂ ਜਪਦੇ ਪਰ ਹੋਰਨਾਂ ਨੂੰ ਵੀ ਨਹੀਂ ਜਪਣ ਦੇਂਦੇ ਅਤੇ ਸਗੋਂ ਉਨ੍ਹਾਂ ਦੀ ਉਮਰ ਖਰਾਬ ਕਰਦੇ ਹਨ ਅਤੇ ਸਰੀਰ ਰੂਪ ਮੰਦਰ ਵਿੱਚ ਕਾਮ ਕਰੋਧ ਰੂਪ ਅੱਗ ਲਗਾਕੇ ਸੌਂਦੇ ਹਨ।

**ਅਵਰਨ ਹਸਤ ਆਪ ਹਹਿ ਕਾਨੇ ॥**
**ਤਿਨ ਕਉ ਦੇਖਿ ਕਬੀਰ ਲਜਾਨੇ ॥ ੬ ॥ ੧ ॥ ੪੪ ॥**

ਹੋਰਨਾਂ ਨੂੰ ਹਸਦੇ ਹਨ ਅਤੇ ਆਪ ਕਾਣੇ ਹਨ ਭਾਵ ਆਪ ਔਗੁਣਾਂ ਵਾਲੇ ਹਨ ਅਤੇ ਹੋਰਨਾਂ ਨੂੰ ਭੀ ਔਗਣਾਂ ਵਾਲੇ ਦੇਖਦੇ ਹਨ ਤਿਨ੍ਹਾਂ ਨੂੰ ਵੇਖਕੇ ਕਬੀਰ ਜੀ ਲੱਜਿਆ ਵਾਲੇ ਹੋਏ ਹਨ।

"ਗੁਰਮਤ ਵਿਚ ਸਰਾਧ ਦਾ ਕਰਨਾ ਮਨੇ ਹੈ"

## ਰਾਗੁ ਗਉੜੀ ਬੈਰਾਗਣਿ ਕਬੀਰ ਜੀ

**੧ ਓ ਸਤਿਗੁਰਪ੍ਰਸਾਦਿ ॥**

**ਜੀਵਤ ਪਿਤਰ ਨ ਮਾਨੈ ਕੋਊ ਮੂਏਂ ਸਿਰਾਧ ਕਰਾਹੀ ॥**

ਜੀਉਂਦਿਆਂ ਪਿਤਰਾਂ ਨੂੰ ਕੋਈ ਮੰਨਦਾ ਨਹੀਂ ਹੈ ਅਤੇ ਮੋਇਆਂ ਦੇ ਸਰਾਧ ਕਰਾਉਂਦੇ ਹਨ ਵਾ ਸੰਤਾਂ ਜੀਉਂਦਿਆਂ ਨੂੰ ਕੋਈ ਨਹੀਂ ਮੰਨਦਾ ਅਤੇ ਮੋਇਆਂ ਹੋਇਆਂ ਦੇਵੀ ਦੇਵਤੇ ਪੱਥਰਾਂ ਦੀ ਪੂਜਾ ਲੋਕ ਕਰਦੇ ਹਨ।

**ਪਿਤਰ ਭੀ ਬਪੁਰੇ ਕਹੁ ਕਿਉ ਪਾਵਹਿ ਕਊਆ ਕੂਕਰ ਖਾਹੀ॥੧॥**

ਬਪੁਰੇ = ਵਿਚਾਰੇ।

ਪਿਤਰ ਵੀ ਵਿਚਾਰੇ ਕਹੋ ਖਾਂ ਕਿੱਕੁਰ ਕੁਝ ਪਾਉਣ (ਓਹ ਤਾਂ ਸਗੋਂ) ਕਾਂ ਕੁੱਤੇ ਹੀ ਖਾਂਦੇ ਹਨ।

**ਮੋਕਉ ਕੁਸਲੁ ਬਤਾਵਹੁ ਕੋਈ ॥**
**ਕੁਸਲ ਕੁਸਲੁ ਕਰਤੇ ਜਗੁ ਬਿਨਸੈ**
**ਕੁਸਲੁ ਭੀ ਕੈਸੇ ਹੋਈ ॥ ੧ ॥ ਰਹਾਉ ॥**

ਕੁਸਲ = ਸੁਖ

ਮੈਨੂੰ ਕੋਈ ਸੁਖ ਦਸੋ। ਸੁਖ ਸੁਖ ਕਰਦਿਆਂ ਜਗਤ ਮਰਦਾ ਜਾਂਦਾ ਹੈ ਪਰ ਸੁਖ ਕਿੱਕੁਰ ਹੋਵੇ ?

**ਮਾਟੀ ਕੇ ਕਰਿ ਦੇਵੀ ਦੇਵਾ ਤਿਸੁ ਆਗੈ ਜੀਉ ਦੇਹੀ॥**
**ਐਸੇ ਪਿਤਰ ਤੁਮਾਰੇ ਕਹੀਅਹਿ ਆਪਨ ਕਹਿਆ ਨ ਲੇਹੀ॥੨॥**

ਮਿੱਟੀ ਦੇ ਦੇਵੀ ਦੇਵਤੇ ਬਣਾਕੇ ਤਿਸ ਅਗੇ ਜੀਉਂਦੇ ਬੱਕਰੇ ਮਾਰ ਦੇਂਦੇ ਹਨ, ਇੱਕੁਰ ਦੇ ਪਿਤਰ ਤੁਹਾਡੇ ਕਹੀਦੇ ਹਨ। ਭਾਵ ਮਿੱਟੀ ਦੇ ਖਡੌਣਿਆਂ ਵਾਕੁਰ, ਅਤੇ ਆਪਣੀ ਪੂਜਾ ਉਨ੍ਹਾਂ ਸ਼ਾਸਤ੍ਰਾਂ ਵਿੱਚ ਕਹੀ ਹੈ ਪਰ ਤਿਸਨੂੰ ਪ੍ਰਗਟ ਹੋਕੇ ਕਹਿ ਕਰ ਕਿਉਂ ਨਹੀਂ ਲੈਂਦੇ॥

**ਸਰਜੀਉ ਕਾਟਹਿ ਨਿਰ ਜੀਉ ਪੂਜਹਿ ਅੰਤਕਾਲ ਕਉ ਭਾਰੀ ॥**
**ਰਾਮ ਨਾਮ ਕੀ ਗਤਿ ਨਹੀ ਜਾਨੀ ਭੈ ਡੂਬੇ ਸੰਸਾਰੀ ॥ ੩ ॥**

ਸੁਰਜੀਤ ਜੀਵਾਂ ਨੂੰ ਤੁਸੀ ਕਟਦੇ ਹੋ ਅਤੇ (ਨਿਰਜੀਉ) ਮੋਇਆਂ ਹੋਇਆਂ ਨੂੰ ਪੂਜਦੇ ਹੋ, ਇਸ ਲਈ ਤੁਹਾਨੂੰ ਓੜਕ ਦੇ ਵਲੇ ਬਾਹਲੀ ਪੀੜਾ ਹੋਵੇਗੀ। ਵਾਹਿਗੁਰੂ ਦੇ ਨਾਮ ਦੀ (ਗਤਿ) ਪਰਾਪਤੀ ਜਾਣੀ ਨਹੀਂ ਇਸ ਲਈ ਜੀਵ

ਸੰਸਾਰ ਡਰਾਉਣੇ ਵਿਚ ਡੁੱਬੇ ਹਨ ॥

**ਦੇਵੀ ਦੇਵਾ ਪੂਜਹਿ ਡੋਲਹਿ ਪਾਰਬ੍ਰਹਮੁ ਨਹੀ ਜਾਨਾ ॥**
**ਕਹਤ ਕਬੀਰ ਅਕੁਲੁ ਨਹੀ ਚੇਤਿਆ**
**ਬਿਖਿਆ ਸਿਉ ਲਪਟਾਨਾ ॥ ੪ ॥ ੧ ॥ ੪੫ ॥**

ਦੇਵੀ ਦੇਵਤਿਆਂ ਨੂੰ ਪੂਜਦੇ ਫਿਰਦੇ ਹਨ ਅਤੇ ਵਾਹਿਗੁਰੂ ਨੂੰ ਜਾਣਿਆਂ ਨਹੀਂ। ਕਬੀਰ ਜੀ ਕਹਿੰਦੇ ਹਨ ਜਾਤ ਪਾਤ ਤੋਂ ਰਹਿਤ ਵਾਹਿਗੁਰੂ ਨੂੰ ਨਹੀਂ ਯਾਦ ਕੀਤਾ ਅਤੇ ਵਿਸ਼ਿਆਂ ਨਾਲ ਜਗਤ ਚੰਬੜ ਰਿਹਾ ਹੈ।

(ਉਪਦੇਸ਼)

**ਗਉੜੀ॥ਜੀਵਤ ਮਰੈ ਮਰੈ ਫੁਨਿ ਜੀਵੈ ਐਸੇ ਸੁੰਨਿ ਸਮਾਇਆ॥**
**ਅੰਜਨ ਮਾਹਿ ਨਿਰੰਜਨਿ ਰਹੀਐ**
**ਬਹੁੜਿ ਨ ਭਵਜਲਿ ਪਾਇਆ ॥ ੧ ॥**

ਅੰਜਨ = ਮਾਇਆ ॥

ਜੀਵਤ ਭਾਉ ਤੋਂ ਮਰੇ ਤੇ ਮਰਕੇ ਫਿਰ ਵਾਹਿਗੁਰੂ ਵੱਲ ਜੀਵੇ ਇੱਕੁਰ ਅਫੁਰ ਵਾਹਿਗੁਰੂ ਵਿਚ ਸਮਾਇਆ ਜਾਂਦਾ ਹੈ ਅਤੇ ਮਾਇਆ ਵਿਚ ਹੀ ਰਹਿਕੇ ਮਾਇਆ ਤੋਂ ਰਹਿਤ ਰਹੇ ਓਹ ਫਿਰ ਡਰਾਉਂਣੇ ਸੰਸਾਰ ਵਿਚ ਨਹੀਂ ਪਾਇਆ ਜਾਂਦਾ ॥

**ਮੇਰੇ ਰਾਮ ਐਸਾ ਖੀਰੁ ਬਿਲੋਈਐ ॥**
**ਗੁਰਮਤਿ ਮਨੂਆ ਅਸਥਿਰੁ ਰਾਖਹੁ**
**ਇਨ ਬਿਧਿ ਅੰਮ੍ਰਿਤੁ ਪੀਓਈਐ ॥ ੧ ॥ ਰਹਾਉ ॥**

ਖੀਰ = ਦੁਧ ॥ ਬਿਲੋਈਐ = ਰਿੜਕੀਏ ॥

ਹੇ ਮੇਰੇ ਭਾਈ ਇੱਕੁਰ ਦਾ ਦੁਧ ਰਿੜਕੀਕੇ(ਪ੍ਰਸ਼ਨ)ਕਿੱਕੁਰ ਦਾ ? (ਉੱਤਰ) ਗੁਰਾਂ ਦੀ ਸਿਖਿਆ ਲੈਕੇ ਮਨ ਨੂੰ ਟਿਕਾ ਰੱਖੋ ਇੱਕੁਰ ਦੀ ਰੀਤੀ ਨਾਲ ਨਾਮ ਅੰਮ੍ਰਿਤ ਪੀਵੋ ॥

**ਗੁਰ ਕੈ ਬਾਨਿ ਬਜਰ ਕਲ ਛੇਦੀ ਪ੍ਰਗਟਿਆ ਪਦੁ ਪਰਗਾਸਾ ॥**
**ਸਕਤਿ ਅਧੇਰ ਜੇਵੜੀ ਭ੍ਰਮੁ ਚੂਕਾ**
**ਨਿਹਚਲੁ ਸਿਵ ਘਰਿ ਬਾਸਾ ॥ ੨ ॥**

ਬੱਜਰ = ਕਠੋਰ।

ਗੁਰਾਂ ਦੇ ਬਚਨ ਬਾਣ ਨੇ ( ਵਾ ਬਾਣੀ ਨੇ ) ਪੱਥਰ ਵਤ ਕਲੇਸ਼

ਕਲਾ ਅਵਿਦਿਆ ਵਿੰਨੀ ਅਤੇ ਪ੍ਰਕਾਸ਼ ਵਾਲਾ ਪਦ ਪ੍ਰਗਟ ਹੋਇਆ ਅਤੇ ਅਵਿ-ਦਿਆ ਸ਼ਕਤੀ ਦਾ ਭਰਮ ਦੂਰ ਹੋ ਗਿਆ, ਜਿੱਕਰ ਅੰਧੇਰੇ ਵਿਚ ਜੇਉੜੀ ਸੱਪ ਵਤ ਦਿਸਦੀ ਹੈ, ਪਰ ਚਾਨਣ ਹੋਣ ਨਾਲ ਭਰਮ ਦੂਰ ਹੋ ਜਾਂਦਾ ਹੈ ਅਤੇ ਫਿਰ ਅਟੱਲ ਕਲਿਆਨ ਰੂਪ ਵਾਹਿਗੁਰੂ ਦੇ ਘਰ ਵਿਚ ਨਿਵਾਸ ਹੋਇਆ।

**ਤਿਨਿ ਬਿਨੁ ਬਾਣੈ ਧਨਖੁ ਚਢਾਈਐ**

**ਇਹੁ ਜਗੁ ਬੇਧਿਆ ਭਾਈ ॥**

**ਦਹਦਿਸ ਬੂਡੀ ਪਵਨੁ ਝੁਲਾਵੈ**

**ਡੋਰਿ ਰਹੀ ਲਿਵ ਲਾਈ ॥ ੩ ॥**

ਤਿਨ੍ਹਾਂ ਨੇ ਬਿਨਾਂ ਹੀ ਬਾਨ੍ਹਾਂ ਧਨੁਖ ਨੂੰ ਚੜ੍ਹਾਇਆ ਹੈ ਅਤੇ ਇਸ ਜਗਤ ਨੂੰ (ਹੇ ਭਾਈ) ਵਿੰਨ੍ਹਿਆਂ ਹੈ ਭਾਵ ਜਗਤ ਨੂੰ ਝੂਠਾ ਜਾਣਿਆਂ ਹੈ। ਤਿਨ੍ਹਾਂ ਦੀ ਦੇਹ ਰੂਪ ਗੁੱਡੀ ਦਸਾਂ ਹੀ ਦਿਸਾਂ ਵੱਲ ਪ੍ਰਾਰਬਧ (ਪੌਣ) ਫਿਰਾ ਰਹੀ ਹੈ ਅਤੇ (ਡੋਰ) ਚਿਤ ਬ੍ਰਿਤੀ ਵਾਹਿਗੁਰੂ ਵਿਚ ਲਗ ਰਹੀ ਹੈ ॥

**ਉਨਮਨਿ ਮਨੂਆ ਸੁੰਨਿ ਸਮਾਨਾ**

**ਦੁਬਿਧਾ ਦੁਰਮਤਿ ਭਾਗੀ ॥**

**ਕਹੁ ਕਬੀਰ ਅਨਭਉ ਇਕੁ ਦੇਖਿਆ**

**ਰਾਮ ਨਾਮਿ ਲਿਵਲਾਗੀ ॥ ੪ ॥ ੨ ॥ ੪੬ ॥**

ਮਸਤ ਮਨ ਅਫੁਰ ਵਾਹਿਗੁਰੂ ਵਿਚ ਸਮਾਇਆ ਹੈ ਅਤੇ ਦ੍ਵੈਤ ਖੋਟੀ ਮਤ ਦੂਰ ਹੋ ਗਈ ਹੈ ॥ ਕਬੀਰ ਜੀ ਕਹਿੰਦੇ ਹਨ ਜਦ ਵਾਹਿਗੁਰੂ ਦੇ ਨਾਮ ਵਿਚ ਬ੍ਰਿਤੀ ਲਗੀ ਤਾਂ ਅਨਭਉ ਇਕ ਜੋ ਵਾਹਿਗੁਰੂ ਹੈ ਤਿਸਨੂੰ ਦੇਖ ਲਿਆ ॥

## ਗਉੜੀ ਬੈਰਾਗਣਿ ਤਿਪਦੇ ੩ ॥

***ਉਲਟਤ ਪਵਨ †ਚਕ੍ਰ ਖਟੁ ਭੇਦੇ ਸੁਰਤਿ ਸੁੰਨ ਅਨਰਾਗੀ ॥**

**ਆਵੈ ਨ ਜਾਇ ਮਰੈ ਨ ਜੀਵੈ ਤਾਸੁ ਖੋਜੁ ਬੈਰਾਗੀ ॥ ੧ ॥**

ਅਨਰਾਗੀ = ਪ੍ਰੇਮੀ ॥

---

*ਵਾ ਸੰਸਾਰ ਵਲੋਂ ਜਦ ਬ੍ਰਿਤੀ ਉਲਟੀ ਤਾਂ ਪੰਜ ਕਾਮ ਆਦਿਕ ਅਤੇ ਛੇਵਾਂ ਮਨ ਵੱਸ ਕੀਤਾ ਅਤੇ ਓਹ ਬ੍ਰਿਤੀ ਵਾਹਿਗੁਰੂ ਵਿਚ ਪ੍ਰੀਤ ਕਰਨ ਵਾਲੀ ਹੋਈ ॥

†ਛੀਆਂ ਚੱਕਰਾਂ ਦੇ ਨਾਮ—੧ ਅਧਾਰ ਚੱਕਰ, ੨ ਲਿੰਗ ਚੱਕਰ, ੩ ਨਾਭਿ ਚੱਕਰ, ੪ ਹ੍ਰਿਦੈ ਚੱਕਰ, ੫ ਕੰਠ ਚੱਕਰ, ੬ ਮੂਰਧ ਚੱਕਰ ॥

ਯੋਗ ਦੇ ਰਸਤੇ ਜਦ ਪ੍ਰਾਣ ਕਲਾ ਉਲਟੀ ਭਾਵ ਦਸਵੇਂ ਦਵਾਰੇ ਨੂੰ ਆਈ ਤਾਂ (ਖਟ) ਛਿਆਂ ਚੱਕ੍ਰਾਂ ਨੂੰ (ਭੇਦੇ) ਵਿੰਨ੍ਹ ਦਿੱਤਾ ਭਾਵ ਚੱਕਰਾਂ ਦੇ ਰਸਤੇ ਆਈ ਫਿਰ ਓਹ ਦਸਵੇਂ ਦੁਆਰ ਵਿੱਚ ਜਾਕੇ ਅਫੁਰ ਵਾਹਿਗੁਰੂ ਵਿੱਚ ਹੱਛੀ ਪ੍ਰੀਤੀ ਕਰ ਰਹੀ ਹੈ ਫਿਰ ਓਥੋਂ ਆਉਂਦੀ ਜਾਂਦੀ ਨਹੀਂ, ਹੇ ਬੈਰਾਗੀ ਉਸਨੂੰ ਖੋਜ ਵਾ ਸ੍ਵਾਸਾਂ ਨੂੰ ਰੋਕਿਆ ਤਾਂ ਪੰਜ ਗਿਆਨ ਇੰਦ੍ਰੇ ਤੇ ੧ ਮਨ ਜੋ ਭੌਂਦਾ ਸੀ ਉਸਨੂੰ ਵੱਸ ਕੀਤਾ ਤਾਂ ਫਿਰ ਜਨਮ ਮਰਨ ਦਾ ਡਰ ਦੂਰ ਹੋ ਗਿਆ ਤੇ ਤਿਸ ਵਾਹਿਗੁਰੂ ਦੀ ਖੋਜ ਹੋਈ ॥

**ਮੇਰੇ ਮਨ ਮਨ ਹੀ ਉਲਟਿ ਸਮਾਨਾ ॥**
**ਗੁਰ ਪਰਸਾਦਿ ਅਕਲਿ ਭਈ ਅਵਰੈ**
**ਨ ਤਰੁ ਥਾ ਬੇਗਾਨਾ ॥੧॥ ਰਹਾਉ ॥**

ਹੇ ਮੇਰੇ (ਮਨ) ਪਿਆਰੇ ਜਦ ਮਨ ਹੀ ਸੰਸਾਰ ਵੱਲੋਂ ਉਲਟਕੇ ਵਾਹਿਗੁਰੂ ਵਿੱਚ ਸਮਾਇਆ। ਤਦ ਗੁਰਾਂ ਦੀ ਕਿਰਪਾ ਕਰਕੇ ਹੋਰ ਹੀ ਤਰਾਂ ਦੀ ਅਕਲ ਹੋ ਗਈ (ਨਾ ਤਰ) ਨਹੀਂ ਤਾਂ (ਬੇਗਾਨਾ) ਜਮਾਂ ਦਾ ਸੀ ॥

**ਨਿਵਰੈ ਦੂਰਿ ਦੂਰਿ ਫੁਨਿ ਨਿਵਰੈ**
**ਜਿਨਿ ਜੈਸਾ ਕਰਿ ਮਾਨਿਆ ॥**
**ਅਲਉਤੀ ਕਾ ਜੈਸੇ ਭਇਆ ਬਰੇਡਾ**
**ਜਿਨਿ ਪੀਆ ਤਿਨਿ ਜਾਨਿਆ ॥੨॥**

ਫੁਨਿ = ਫੇਰ। ਨਿਵਰੈ = ਨੇੜੇ। ਅਲਉਤੀ = ਮਿਸਰੀ। ਬਰੇਡਾ = ਸ਼ਰਬਤ।

ਜੇਹੜੇ ਕਾਮ ਆਦਿਕ ਵਿਸ਼ੇ ਨੇੜੇ ਸਨ ਓਹ ਦੂਰ ਹੋ ਗਏ ਅਤੇ ਜੇਹੜੇ ਸਤ ਸੰਤੋਖਾਦੀ ਦੂਰ ਸਨ ਓਹ ਪਾਸ ਹੋ ਗਏ। ਓਹ ਅਨੰਦ ਜਿਸ ਕਿਸੇ ਨੇ ਜਿੱਕੁਰ ਦਾ ਮੰਨਣਾ ਕੀਤਾ ਹੈ ਉੱਪਰ ਦਾ ਹੀ ਓਸਨੂੰ ਅਨੰਦ ਆਇਆ ਹੈ, ਓਹ ਅਨੰਦ ਇੱਕੁਰ ਦਾ ਹੈ ਕਿ ਜਿੱਕੁਰ ਮਿਸਰੀ ਦਾ ਸ਼ਰਬਤ ਜੋ ਹੋਇਆ ਹੈ ਓਹ ਜਿਸਨੇ ਪੀਤਾ ਹੈ ਓਹ ਅਨੰਦ ਓਸਨੂੰ ਹੀ ਆਯਾ ਹੈ ਦੂਜਾ ਕੋਈ ਨਹੀਂ ਜਾਣਦਾ।

**ਤੇਰੀ ਨਿਰਗੁਣ ਕਥਾ ਕਾਇ ਸਿਉ ਕਹੀਐ**
**ਐਸਾ ਕੋਇ ਬਿਬੇਕੀ ॥**
**ਕਹੁ ਕਬੀਰ ਜਿਨਿ ਦੀਆ ਪਲੀਤਾ**
**ਤਿਨਿ ਤੈਸੀ ਝਲ ਦੇਖੀ ॥ ੩ ॥ ੩ ॥ ੪੭ ॥**

ਹੇ ਵਾਹਿਗੁਰੂ ਤੇਰੀ ਇਹ ਕਥਾ ਕਿਸ ਅਗੇ ਕਹੀਏ ਇੱਕੁਰ ਦਾ ਸੁਣਨ ਵਾਲਾ ਕੋਈ ਹੀ ਇਕ ਵਿਚਾਰਵਾਨ ਹੈ। ਕਬੀਰ ਜੀ ਕਹਿੰਦੇ ਹਨ ਜਿਸ ਤੋਪ ਚਲਾਉਣ ਵਾਲੇ ਨੇ ਜਿੱਕੁਰ ਦਾ ਪਲੀਤਾ ਦਿੱਤਾ ਹੈ ਉਸਨੇ ਉੱਕਰ ਦੀ ਹੀ ਝਲਕ ਦੇਖੀ ਹੈ।

(ਗੁਰਾਂ ਦੇ ਰਹਿਣ ਦਾ ਅਸਥਾਨ)

**ਗਉੜੀ ॥ ਤਹ ਪਾਵਸ ਸਿੰਧੁ ਧੂਪ ਨਹੀ ਛਹੀਆ**
**ਤਹ ਉਤਪਤਿ ਪਰਲਉ ਨਾਹੀ ॥**

ਸਿੰਧ = ਸਮੁੰਦਰ ॥ ਪਾਵਸ = ਸੌਣ ਭਾਦਰੋਂ ਦੀ ਰੁੱਤ ॥

ਓਥੇ ਪਾਵਸ, ਸਮੁੰਦਰ, ਧੁੱਪ, ਛਾਂ ਵੀ ਨਹੀਂ ਅਤੇ ਫਿਰ ਓੱਥੇ ਉਤਪਤੀ ਪਰਲੋ ਭੀ ਨਹੀਂ ॥

**ਜੀਵਨ ਮਿਰਤੁ ਨ ਦੁਖੁ ਸੁਖੁ ਬਿਆਪੈ**
**ਸੁੰਨ ਸਮਾਧਿ ਦੋਊ ਤਹ ਨਾਹੀ ॥ ੧ ॥**

ਜੀਵਣ, ਮਰਣ, ਦੁਖ ਸੁਖ ਕੁਝ ਨਹੀਂ ਵਿਆਪਦਾ ਅਤੇ ਅਫੁਰ ਵਾਹਿਗੁਰੂ ਵਿਚ ਸਮਾਧੀ ਹੈ ਅਤੇ ਦ੍ਵੈਤ ਨਹੀਂ ਵਾ ਨਿਰਵਿਕਲਪ ਅਤੇ ਸਵਿਕਲਪ ਦੋਵੇਂ ਸਮਾਧੀਆਂ ਓਥੇ ਨਹੀਂ ॥

**ਸਹਜ ਕੀ ਅਕਥ ਕਥਾ ਹੈ ਨਿਰਾਰੀ ॥**
**ਤੁਲਿ ਨਹੀ ਚਢੈ ਜਾਇ ਨ ਮੁਕਾਤੀ**
**ਹਲੁਕੀ ਲਗੈ ਨ ਭਾਰੀ ॥ ੧ ॥ ਰਹਾਉ ॥**

ਤੁਲਿ = ਤੱਕੜ ॥

ਹੇ ਭਾਈ ਉਸ ਸਹਜ ਦੀ ਅਕਥ ਕਥਾ ਵੱਖਰੀ ਹੀ ਹੈ। ਨਾ ਤੱਕੜੀ ਤੇ ਚੜ੍ਹਦੀ ਹੈ ਭਾਵ ਅਕਲ ਵਿਚਾਰ ਨਹੀਂ ਸਕਦੀ ਅਤੇ ਮੁਕਦੀ ਵੀ ਨਹੀਂ ਹੈ ਅਤੇ ਹਲਕੀ ਭਾਰੀ ਭੀ ਨਹੀਂ ਲੱਗਦੀ ॥

**ਅਰਧ ਉਰਧ ਦੋਊ ਤਹ ਨਾਹੀ ਰਾਤਿ ਦਿਨਸੁ ਤਹ ਨਾਹੀ ॥**

ਅਰਧ = ਨੀਵਾਂ ॥ ਉਰਧ = ਉੱਚਾ ॥

ਨੀਵਾਂ ਉੱਚਾ ਓਥੇ ਦੋਵੇਂ ਹੀ ਨਹੀਂ ਅਤੇ ਦਿਨ ਰਾਤ ਵੀ ਓਥੇ ਨਹੀਂ।

**ਜਲੁ ਨਹੀ ਪਵਨੁ ਪਾਵਕੁ ਫੁਨਿ ਨਾਹੀ**
**ਸਤਿਗੁਰ ਤਹਾ ਸਮਾਹੀ ॥ ੨ ॥**

ਪਾਵਕ = ਅੱਗ ॥

ਜਲ ਵੀ ਨਹੀਂ, ਪੌਣ ਅਗਨੀ ਵੀ ਫਿਰ ਨਹੀਂ ਓਥੇ ਸਤਿਗੁਰੂ ਸਮਾਈ ਕਰ ਰਹੇ ਹਨ ਭਾਵ ਦੁਖ ਸੁਖ ਆਦਿਕ ਜਿਥੇ ਨਹੀਂ ਓਥੇ ਸਤਿਗੁਰੂ ਹਨ॥

**ਅਗਮ ਅਗੋਚਰੁ ਰਹੈ ਨਿਰੰਤਰਿ ਗੁਰ ਕਿਰਪਾ ਤੇ ਲਹੀਐ ॥**

ਅਗਮ = ਸ਼ਾਸਤ੍ਰਾਂ ਦਾ ਪਰਾ। ਅਗੋਚਰ = ਇੰਦ੍ਰਿਆਂ ਦਾ ਪਰਾ॥
ਨਿਰੰਤਰ = ਇਕ ਰਸ।

ਅਗਮ ਅਗੋਚਰ ਨਿਰੰਤਰ ਹੋਕੇ ਰਹਿੰਦੇ ਹਨ ਸੋ ਗੁਰਾਂ ਦੀ ਹੀ ਕਿਰਪਾ ਕਰਕੇ ਵੇਖੀਦੇ ਹਨ॥

**ਕਹੁ ਕਬੀਰ ਬਲਿ ਜਾਉ ਗੁਰ ਅਪੁਨੇ**
**ਸਤਸੰਗਤਿ ਮਿਲਿ ਰਹੀਐ ॥ ੩ ॥ ੪ ॥ ੪੮ ॥**

ਇਸ ਲਈ ਕਬੀਰ ਜੀ ਆਖਦੇ ਹਨ ਕਿ ਮੈਂ ਆਪਣੇ ਗੁਰਾਂ ਤੋਂ ਬਲਿ-ਹਾਰਣੇ ਜਾਂਦਾ ਹਾਂ ਅਤੇ ਇੱਕੁਰ ਦੇ ਗੁਰਾਂ ਦੀ ਸਤਿਸੰਗਤ ਵਿਚ ਮਿਲ ਰਹਿਣਾ ਚਾਹੀਦਾ ਹੈ ॥

'ਜੀਵਾਂ ਨੂੰ ਵਣਜਾਰਿਆਂ ਵਤ ਕਲਪ ਕੇ ਵਰਨਨ ਕਰਦੇ ਹਨ'।

**ਗਉੜੀ ੨ ॥ ਪਾਪੁ ਪੁੰਨੁ ਦੁਇ ਬੈਲ ਬਿਸਾਹੇ**
**ਪਵਨੁ ਪੂਜੀ ਪਰਗਾਸਿਓ ॥**
**ਤ੍ਰਿਸਨਾ ਗੂਣਿ ਭਰੀ ਘਟ ਭੀਤਰਿ**
**ਇਨ ਬਿਧਿ ਟਾਂਡ ਬਿਸਾਹਿਓ ॥ ੧ ॥**

ਬਿਸਾਹੇ = ਖਰੀਦੇ। ਭੀਤਰਿ = ਵਿੱਚ। ਟਾਂਡਾ - ਬਲਦਾਂ ਦਾ ਅਕੱਠ।
ਬਿਸਾਹਿਓ = ਖਰੀਦਿਆ।

ਜੇਹੜੇ ਦੋ ਪਾਪ ਪੁੰਨ ਕਰਨੇ ਹਨ, ਏਹ ਦੋ ਬੈਲ ਖਰੀਦੇ ਹਨ (ਜੀਵਾਂ ਨੇ ਵਾ ਅਸਾਂ) ਜੋ ਸਰੀਰ ਵਿਚੋਂ ਸ੍ਵਾਸ ਨਿਕਲ ਰਹੇ ਹਨ ਏਹ ਪੂੰਜੀ (ਰਾਸ) ਅਸਾਂ ਪਾਸ ਰਖੀ ਹੋਈ ਸੀ ਸੋ ਦਿਨ ਦਿਨ ਘਟ ਰਹੀ ਹੈ ॥

ਰਿਦੇ ਰੂਪ ਗੂਣ ਵਿਚ ਤ੍ਰਿਸ਼ਨਾ ਰੂਪ ਵਸਤੂ ਭਰੀ ਹੋਈ ਹੈ, ਇੱਕੁਰ ਦੀ ਰੀਤੀ ਵਾਲਾ ਬੈਲਾਂ ਦਾ ਅਕੱਠ (ਭਾਵ ਜਿਨ੍ਹਾਂ ਬੈਲਾਂ ਤੇ ਸੌਦਾ ਲੱਦਿਆ ਹੋਵੇ) ਖਰੀਦਿਆ ਹੈ ॥

**ਐਸਾ ਨਾਇਕੁ ਰਾਮੁ ਹਮਾਰਾ ॥**
**ਸਗਲ ਸੰਸਾਰੁ ਕੀਓ ਬਨਜਾਰਾ ॥ ੧ ॥ ਰਹਾਉ ॥**

ਨਾਇਕ = ਪਤੀ, ਮਾਲਕ।

ਇੱਕੁਰ ਦਾ ਵਾਹਿਗੁਰੂ ਸਾਡਾ ਮਾਲਕ ਹੈ,ਜਿਸਨੇ ਸਾਤਾ ਸੰਸਾਰ ਵਣਜਾਰਾ ਕੀਤਾ ਹੋਇਆ ਹੈ ॥

**ਕਾਮੁ ਕ੍ਰੋਧੁ ਦੁਇ ਭਏ ਜਗਾਤੀ ਮਨ ਤਰੰਗ ਬਟਵਾਰਾ ॥**

ਜਗਾਤੀ = ਮਸੂਲੀਏ । ਬਟਵਾਰਾ – ਰਾਹਮਾਰ ॥

ਕਾਮ ਕ੍ਰੋਧ ਦੋਵੇਂ ਮਸੂਲੀਏ ਹੋਏ ਹਨ ਅਤੇ ਮਨ ਦਾ ਤਰੰਗ ਰਾਹਮਾਰ ਹੈ ਭਾਵ ਕਾਮ ਕ੍ਰੋਧ ਤੇ ਮਨ ਦਾ ਤਰੰਗ ਦੁਖਦਾਈ ਹੈ ਸੋ ਤਿਸਨੂੰ ਅਸਾਂ ਜਿੱਤਿਆ ਹੈ ॥

**ਪੰਚ ਤਤੁ ਮਿਲਿ ਦਾਨੁ ਨਿਬੇਰਹਿ**
**ਟਾਂਡਾ ਉਤਰਿਓ ਪਾਰਾ ॥ ੨ ॥**

ਪੰਜਾਂ ਤੱਤਾਂ ਦੇ ਸਰੀਰ ਨਾਲ ਮਿਲਕੇ ਵਾ ਸਰੇਸ਼ਟ ਸੰਤਾਂ ਨਾਲ ਮਿਲਕੇ ਤੱਤ ਸਰੂਪ ਵਾਹਿਗੁਰੂ ਨੂੰ ਜਾਣਿਆ, ਸੋ ਤਿਸੇ ਕਰਕੇ ਜਮ ਪਿਤਰ ਦੇਵਤਿਆਂ ਦਾ (ਦਾਨ) ਡੰਡ (ਮਸੂਲ) ਨਿੱਬੜ ਗਿਆ ਅਤੇ ਟਾਂਡਾ ਸੰਸਾਰ ਸਮੁੰਦਰ ਤੋਂ ਪਾਰ ਹੋ ਗਿਆ ।

**ਕਹਤ ਕਬੀਰੁ ਸੁਨਹੁ ਰੇ ਸੰਤਹੁ ਅਬ ਐਸੀ ਬਨਿ ਆਈ ॥**
**ਘਾਟੀ ਚਢਤ ਬੈਲੁ ਇਕੁ ਥਾਕਾ**
**ਚਲੋ ਗੋਨਿ ਛਿਟਕਾਈ ॥ ੩ ॥ ੫ ॥ ੪੯ ॥**

ਕਬੀਰ ਜੀ ਕਹਿੰਦੇ ਹਨ ਹੇ ਸੰਤੋ ਸੁਣੋ ਹੁਣ ਇੱਕੁਰ ਦੀ ਬਾਤ ਬਣ ਆਈ ਹੈ । ਗਿਆਨ ਰੂਪ ਘਾਟੀ ਪਹਾੜ ਦੀ ਚੜ੍ਹਦਿਆਂ ਹੋਇਆਂ ਪਾਪਾਂ ਪੁੰਨਾਂ ਦੇ ਕਰਨ ਵਾਲਾ ਸਰੀਰ ਰੂਪ ਬੈਲ ਥੱਕ ਗਿਆ ਹੇ ਅਤੇ ਲਿੰਗ ਸਰੀਰ ਰੂਪ ਗੂਣ ਨੂੰ ਛਡਕੇ ਵਾਹਿਗੁਰੂ ਵੱਲ ਚਲਿਆ ਹੈ (ਪ੍ਰੇਮ ਵਿਚ ਜੀਵ ਦੀ ਇਸ ਤਰਾਂ ਦਸ਼ਾ ਕਹਿੰਦੇ ਹਨ) ॥

**ਗਉੜੀ ੩ ਪੰਚਪਦਾ ॥**

**ਪੇਵਕੜੈ ਦਿਨ ਚਾਰਿ ਹੈ ਸਾਹੁਰੜੈ ਜਾਣਾ ॥**

ਇਸ ਜੀਵ ਇਸਤ੍ਰੀ ਨੇ ਪੇਕੇ ਸੰਸਾਰ ਵਿੱਚ ਚਾਰ ਦਿਨ ਹੀ ਰਹਿਣਾ ਹੈ ਅੰਤ ਨੂੰ ਜ਼ਰੂਰ ਹੀ ਸਾਹੁਰੇ ਪ੍ਰਲੋਕ ਜਾਣਾ ਹੈ ।

**ਅੰਧਾ ਲੋਕੁ ਨ ਜਾਣਈ ਮੂਰਖੁ ਏਆਣਾ ॥ ੧ ॥**

ਅਗਿਆਨੀ ਲੋਕ ਮੂਰਖ ਇਆਣਾਂ ਮਰਨ ਨੂੰ ਨਹੀਂ ਜਾਣਦਾ ।

**ਕਹੁ ਡਡੀਆ ਬਾਧੈ ਧਨ ਖੜੀ ॥**
**ਪਾਹੂ ਘਰਿ ਆਏ ਮੁਕਲਾਊ ਆਏ ॥ ੧ ॥ ਰਹਾਉ ॥**

ਖੜੀ = ਲੈ ਜਾਣਗੇ । ਧਨ = ਇਸਤ੍ਰੀ । ਪਾਹੂ = ਪਰਾਹੁਣੇ ।

ਡੰਡਿਆਂ ਵਾਲੇ ਜਮਦੂਤ ਇਸਤ੍ਰੀ ਨੂੰ ਬੰਨ੍ਹਕੇ ਲੈ ਜਾਣਗੇ । (ਵਾ ਕਿਸੇ ਨੇ ਪੁਛਿਆ ਕਿਸ ਨੂੰ ?) ਤੇ ਕਿਹਾ ਜੋ ਖਲੋਤੀ ਧੌਤੀ ਨੂੰ ਬੰਨ੍ਹ ਰਹੀ ਹੈ ਤਿਸ ਨੂੰ ਮੁਕਲੌਣ ਵਾਲੇ ਜਮ ਪਰਾਹੁਣੇ ਘਰ ਆਏ ਹਨ ਭਾਵ ਜੋ ਜੀਵ ਸੰਸਾਰ ਤੇ ਅਨੰਦ ਕਰ ਰਿਹਾ ਹੈ ਤਿਸਨੂੰ ਜਮ ਮਾਰ ਲੈ ਜਾਣਗੇ ਵਾ ਦੱਸੋ ਖਾਂ ਧੋਤੀ ਨੂੰ ਬੰਨ੍ਹਕੇ ਇਸਤ੍ਰੀ ਕਿਆ ਖੜੋਤੀ ਹੈ ? ਉਸਦੇ ਘਰ ਮੁਕਲੌਣ ਵਾਲੇ ਪਰਾਹੁਣੇ ਆਏ ਹਨ ।

**ਓਹ ਜਿ ਦਿਸੈ ਖੂਹੜੀ ਕਉਨ ਲਾਜੁ ਵਹਾਰੀ ॥**
**ਲਾਜੁ ਘੜੀ ਸਿਉ ਤੂਟਿ ਪੜੀ ਉਠਿ ਚਲੀ ਪਨਿਹਾਰੀ ॥ ੨ ॥**

ਓਹ ਜੇਹੜੀ ਜੀਵ ਰੂਪ ਇਸਤ੍ਰੀ ਸੰਸਾਰ ਰੂਪ ਖੂਹੇ ਤੇ ਸ੍ਵਾਸਾਂ ਰੂਪ ਲੱਜ ਨੂੰ ਵਹਾ ਰਹੀ ਹੈ ਭਾਵ ਬਿਅਰਥ ਸ੍ਵਾਸਾਂ ਨੂੰ ਖੋਹ ਰਹੀ ਹੈ । ਉਹ ਜਦ ਸ੍ਵਾਸਾਂ ਰੂਪ ਲੱਜ ਘੜੀ ਨਾਲੋਂ ਟੁਟ ਪਈ ਤਾਂ ਪਾਣੀ ਭਰਨ ਵਾਲੀ ਭਾਵ ਪਦਾਰਥ ਕੱਠੇ ਕਰਨ ਵਾਲੀ ਜੀਵ ਰੂਪ ਇਸਤ੍ਰੀ ਨਿਰਾਸੀ ਹੋਕਰ ਉਠ ਚਲੀ ਭਾਵ ਮਰ ਗਈ ॥

**ਸਾਹਿਬੁ ਹੋਇ ਦਇਆਲੁ ਕ੍ਰਿਪਾ ਕਰੇ**
**ਅਪੁਨਾ ਕਾਰਜੁ ਸਵਾਰੇ ॥**

ਜੇ ਸਾਹਿਬ ਦਿਆਲੂ ਹੋਕੇ ਕਿਰਪਾ ਕਰਨ ਤਾਂ ਜੀਵ ਆਪਣਾ ਕੰਮ ਸਵਾਰ ਲੈਂਦਾ ਹੈ ॥

**ਤਾ ਸੋਹਾਗਣਿ ਜਾਣੀਐ ਗੁਰ ਸਬਦੁ ਬੀਚਾਰੇ ॥ ੩ ॥**

ਤਾਂ ਸੁਹਾਗਣਿ ਇਸਤ੍ਰੀ ਜਾਣੀਦੀ ਹੈ ਜੇ ਗੁਰੂ ਪ੍ਰਮਾਤਮਾਂ ਪਤੀ ਦੇ (ਸਬਦ) ਉਪਦੇਸ ਨੂੰ ਵਿਚਾਰੇ ।

**ਕਿਰਤ ਕੀ ਬਾਂਧੀ ਸਭ ਫਿਰੈ ਦੇਖਹੁ ਬੀਚਾਰੀ ॥**
**ਏਸਨੋ ਕਿਆ ਆਖੀਐ ਕਿਆ ਕਰੈ ਵਿਚਾਰੀ ॥ ੪ ॥**

ਪਿਛਲੇ ਕੰਮ ਕੀਤੇ ਹੋਇਆਂ ਦੇ ਅਨੁਸਾਰ ਜੀਵ ਰੂਪ ਇਸਤ੍ਰੀ ਬੰਨ੍ਹੀ ਹੋਈ ਫਿਰਦੀ ਹੈ ਤੁਸੀ ਵਿਚਾਰਕੇ ਦੇਖੋ । ਇਸਨੂੰ ਅਸੀ ਕੀ ਆਖੀਏ ਏਹ ਵਿਚਾਰੀ ਕੀ ਕਰ ਸਕਦੀ ਹੈ ॥

**ਭਈ ਨਿਰਾਸੀ ਉਠਿ ਚਲੀ ਚਿਤ ਬੰਧਿ ਨ ਧੀਰਾ ॥**
**ਹਰਿਕੀ ਚਰਣੀ ਲਾਗਿ ਰਹੁ ਭਜੁਸਰਣਿ ਕਬੀਰਾ ॥੫॥੬॥੫੦॥**

ਜਦੋਂ ਅੰਤ ਨੂੰ ਜਮਾਂ ਨੇ ਮਾਰਕੇ ਅੱਗੇ ਲਾ ਲਈ ਤਾਂ ਨਿਰਾਸੀ ਹੋਕੇ ਉੱਠ ਤੁਰੀ ਅਤੇ ਚਿੱਤ ਵਿੱਚ ਧੀਰਜ ਵੀ ਨਹੀਂ ਬੰਨ੍ਹਦੀ। ਜੇ ਤੂੰ ਸੁਖ ਲੈਣਾ ਹੈ ਤਾਂ ਵਾਹਿਗੁਰੂ ਦੀ ਚਰਨੀ ਲਗ ਰਹੋ ਅਤੇ ਉਸ ਵਡੇ ਦੀ ਸਰਣ ਨੂੰ ਯਾਦ ਕਰ ਵਾ ਹੇ ਕਬੀਰ ਤੂੰ ਲੋਕਾਂ ਨੂੰ ਕੀ ਉਪਦੇਸ਼ ਦੇਂਦਾ ਹੈਂ ਤੂੰ ਆਪ ਹੀ ਵਾਹਿਗੁਰੂ ਦੀ ਚਰਣੀ ਲਗਕੇ ਸਰਨ ਨੂੰ ਯਾਦ ਕਰ।

"ਹਰ ਇਕ ਆਪਣੇ ਮੱਤ ਨੂੰ ਹੀ ਸਲਾਹੁੰਦਾ ਹੈ"

**ਗਉੜੀ ੨ ॥ ਜੋਗੀ ਕਹਹਿ ਜੋਗੁ ਭਲ ਮੀਠਾ**
**ਅਵਰੁ ਨ ਦੂਜਾ ਭਾਈ ॥**
**ਰੁੰਡਿਤ ਮੁੰਡਿਤ ਏਕੈ ਸਬਦੀ**
**ਏਇ ਕਹਹਿ ਸਿਧਿ ਪਾਈ ॥ ੧ ॥**

ਰੁੰਡਿਤ = ਸਿਰ ਗਲ ਵਿਚ ਪਾਉਣ ਵਾਲੇ ਭੈਰੋਂ ਮਤ ਦੇ।
ਮੁੰਡਿਤ = ਮੋਨੇ ਸਾਧ ॥ ਏਕੈ ਸਬਦੀ = ਅੱਲਖ ੨ ਕਰਨ ਵਾਲੇ ਔਧੂਤ ॥

ਯੋਗੀ ਤਾਂ ਕਹਿੰਦੇ ਹਨ ਯੋਗ ਹੀ ਬੜਾ ਹੱਛਾ ਮਿੱਠਾ ਹੈ, ਹੇ ਭਾਈ ਹੋਰ ਕੋਈ ਦੂਜਾ ਹੱਛਾ (ਭਾਉਂਦਾ ਹੀ) ਨਹੀਂ ਤੇ ਰੁੰਡਿਤ ਮੁੰਡਿਤ ਅਤੇ ਏਕੈ ਸਬਦੀ ਏਹ ਸਾਰੇ ਆਪੋ ਆਪਣੇ ਮਤਾਂ ਨੂੰ ਸਲਾਹੁੰਦੇ ਹਨ ਅਤੇ ਆਖਦੇ ਹਨ ਅਸਾਂ ਨੇ ਹੀ ਸਿੱਧੀ ਪਾਈ ਹੈ ॥

**ਹਰਿ ਬਿਨੁ ਭਰਮਿ ਭੁਲਾਨੇ ਅੰਧਾ ॥**
**ਜਾਪਹਿ ਜਾਉ ਆਪੁ ਛੁਟਕਾਵਨਿ**
**ਤੇ ਬਾਧੇ ਬਹੁ ਫੰਧਾ ॥ ੧ ॥ ਰਹਾਉ ॥**

ਵਾਹਿਗੁਰੂ ਤੋਂ ਬਿਨਾਂ ਸਾਰੇ ਹੀ ਅੰਨੇ ਭਰਮ ਵਿੱਚ ਭੁੱਲੇ ਹੋਏ ਹਨ। ਜਿਸ ਦੇ ਪਾਸ ਮੈਂ ਆਪਣਾ ਆਪ ਛੁਡੌਣ ਜਾਂਦਾ ਹਾਂ ਉਹ ਆਪ ਬਹੁਤ ਬੰਧਣਾਂ ਵਿਚ ਬੰਨ੍ਹੇ ਹੋਏ ਹਨ ॥

**ਜਹ ਤੇ ਉਪਜੀ ਤਹੀ ਸਮਾਨੀ ਇਹਿ ਬਿਧਿ ਬਿਸਰੀ ਤਬਹੀ ॥**

(ਇਹ ਬਿਧਿ ਬਿਸਰੀ ਜਬਹੀ, ਜਹ ਤੇ ਉਪਜੀ ਤਹੀ ਸਮਾਨੀ ਤਬਹੀ)

ਭਾਵ ਜੀਵ ਕਲਾ ਚੇਤਨ ਨਾਲ ਸਮਾ ਗਈ। ਇੱਕਰ ਅਨਵੈ ਕਰਕੇ ਜਦ ਹੀ ਪਦ ਉੱਪਰੋਂ ਅਧਿਆਹਾਰ ਕਰ ਲੈਣਾ ਅਥਵਾ ਜਦ ਮੈਂ ਅਪਣੀ ਮੁਕਤੀ

ਵਾਸਤੇ ਗੁਰਾਂ ਨੂੰ ਲੱਭਦਾ ੨ ਏਨ੍ਹਾਂ ਪਾਸ ਗਿਆ ਤਾਂ ਇਹ ਸਾਰੇ ਹੀ ਆਖਣ ਲੱਗੇ

**ਪੰਡਿਤ ਗੁਣੀ ਸੂਰ ਹਮ ਦਾਤੇ ਏਹਿ ਕਹਹਿ ਬਡ ਹਮਹੀ ॥ ੨॥**

ਅਸੀਂ ਪੰਡਤ ਹਾਂ ਅਸੀਂ ਗੁਣੀ ਹਾਂ, ਅਸੀ ਸੂਰਮੇਂ ਹਾਂ, ਅਤੇ ਹਮ ਦਾਤੇ ਹਾਂ, ਇੱਕੁਰ ਏਹ ਕਹਿੰਦੇ ਹਨ ਕਿ ਅਸੀਂ ਹੀ ਵੱਡੇ ਹਾਂ ।

**ਜਿਸਹਿ ਬੁਝਾਏ ਸੋਈ ਬੂਝੈ ਬਿਨੁ ਬੂਝੇ ਕਿਉ ਰਹੀਐ ॥**

ਜਿਸਨੂੰ ਵਾਹਿਗੁਰੂ ਜਣਾਉਂਦਾ ਹੈ ਉਹ ਬੁੱਝਦਾ ਹੈ, ਬਿਨਾਂ ਬੁੱਝਣ ਤੋਂ ਕਿੱਕੁਰ ਰਹੀਏ ਭਾਵ ਨਹੀਂ ਰਹਿਣਾਂ ਚਾਹੀਦਾ ਵਾ ਵਾਹਿਗੁਰੂ ਵਿਚ ਕਿਸਤਰਾਂ ਇਸਥਿਤ ਹੋਈਏ ?

**ਸਤਿਗੁਰੁ ਮਿਲੈ ਅੰਧੇਰਾ ਚੂਕੈ**
**ਇਨ ਬਿਧਿ ਮਾਣਕੁ ਲਹੀਐ ॥ ੩ ॥**

ਸਤਿਗੁਰਾਂ ਦੇ ਮਿਲਣ ਕਰਕੇ ਅਗਯਾਨ ਰੂਪ ਅੰਧੇਰਾ ਦੂਰ ਹੁੰਦਾ ਹੈ ਇੱਕੁਰ ਦੀ ਰੀਤੀ ਨਾਲ ਰਤਨ ਰੂਪ ਵਾਹਿਗੁਰੂ ਨੂੰ ਵੇਖ ਲਈਦਾ ਹੈ ॥

**ਤਜਿ ਬਾਵੇ ਦਾਹਨੇ ਬਿਕਾਰਾ**
**ਹਰਿ ਪਦ ਦ੍ਰਿੜੁ ਕਰਿ ਰਹੀਐ ॥**

ਬਾਵੇ = ਖੱਬੇ ॥ ਦਾਹਨੇ = ਸੱਜੇ ॥

ਸੱਜੇ ਖੱਬੇ ਵਿਕਾਰਾਂ ਨੂੰ ਛੱਡਕੇ ਵਾਹਿਗੁਰੂ ਦਾ (ਪਦ) ਜੋ ਸਰੂਪ ਹੈ ਤਿਸਨੂੰ ਪੱਕਾ ਕਰ ਰੱਖੀਏ ॥

**ਕਹੁ ਕਬੀਰ ਗੂੰਗੈ ਗੁੜੁ ਖਾਇਆ**
**ਪੂਛੇ ਤੇ ਕਿਆ ਕਹੀਐ ॥ ੪ ॥ ੭ ॥ ੫੧ ॥**

ਕਬੀਰ ਜੀ ਕਹਿੰਦੇ ਹਨ ਓਹ ਜੇਹੜਾ ਸ੍ਵਾਦ ਹੈ ਓਹ ਇੱਕੁਰ ਦਾ ਹੈ ਜਿੱਕੁਰ ਗੂੰਗਾ ਗੁੜ ਖਾਂਦਾ ਹੈ ਜਾਂ ਉਸਨੂੰ ਪੁੱਛੀਏ ਤਾਂ ਓਹ ਸ੍ਵਾਦ ਨਹੀਂ ਕੈਹ ਸਕਦਾ ॥

"ਕਬੀਰ ਦਾ ਮਿੱਤ੍ਰ ਇਕ ਯੋਗੀ ਸੀ ਉਹ ਮਰ ਗਿਆ ਤਿਸ ਪ੍ਰਥਾਇ"

## ਰਾਗੁ ਗਉੜੀ ਪੂਰਬੀ ਕਬੀਰ ਜੀ

**੧ੴ ਸਤਿਗੁਰਪ੍ਰਸਾਦਿ ॥**

**ਜਹ ਕਛੁ ਅਹਾ ਤਹਾ ਕਿਛੁ ਨਾਹੀ ਪੰਚ ਤਤੁ ਤਹ ਨਾਹੀ ॥**

ਜਿੱਥੇ ਕੁਝ ਹੈ ਸੀ ਉਥੇ ਕੁਝ ਨਹੀਂ ਅਤੇ ਪੰਜਾਂ ਤੱਤਾਂ ਦਾ ਬਣਾਇਆ ਹੋਇਆ ਸਰੀਰ ਵੀ ਤਿਸ ਜਗਾ ਨਹੀਂ ਹੈ ।

**ਇੜਾ ਪਿੰਗਲਾ ਸੁਖਮਨ ਬੰਦੇ ਏ ਅਵਗਨ ਕਤ ਜਾਹੀ ॥ ੧ ॥**

ਇੜਾ = ਸੱਜੀ ਸੁਰ । ਪਿੰਗਲਾ = ਖੱਬੀ ਸੁਰ । ਸੁਖਮਨ = ਜਿੱਥੇ ਪ੍ਰਾਣ ਠੇਹਰਦੇ ਹਨ । ਬੰਦੇ = ਬੰਧਾਨ ।

ਇੜਾ ਪਿੰਗਲਾਂ ਅਤੇ ਸੁਖਮਨਾਂ ਦਾ ਬੰਧਾਨ ਕਿੱਥੇ ਗਿਆ ਏਹ ਸਾਰੇ ਕੰਮ (ਅਵ) ਹੁਣ ਕਿੱਕੁਰ (ਗਨ) ਗਿਣੇ ਜਾਣ ਵਾ ਏਹ ਔਗੁਣ ਮਾੜੇ ਕੰਮ ਕਿੱਧਰ ਗਏ ?

**ਤਾਗਾ ਤੂਟਾ ਗਗਨੁ ਬਿਨਸਿ ਗਇਆ**
**ਤੇਰਾ ਬੋਲਤੁ ਕਹਾ ਸਮਾਈ ॥**

ਗਗਨ = ਅਕਾਸ ॥

ਪ੍ਰਾਣਾਂ ਰੂਪ ਤਾਗਾ ਵੀ ਟੁੱਟ ਗਿਆ ਅਤੇ ਦਸਵਾਂ ਦੁਆਰ ਭੀ ਨਾਸ ਹੋ ਗਿਆ ਹੇ ਯੋਗੀ ਤੇਰਾ ਬੋਲਣਾਂ ਕਿੱਥੇ ਸਮਾ ਗਿਆ ।

**ਏਹ ਸੰਸਾ ਮੋਕਉ ਅਨਦਿਨੁ ਬਿਆਪੈ**
**ਮੋਕਉ ਕੋ ਨ ਕਹੈ ਸਮਝਾਈ ॥ ੧ ॥ ਰਹਾਉ ॥**

ਅਨਦਿਨੁ = ਰਾਤ ਦਿਨ ॥

ਏਹ ਸੰਸਾ ਮੈਨੂੰ ਰਾਤ ਦਿਨ ਵਿਆਪਦਾ ਹੈ, ਪਰ ਮੈਨੂੰ ਕੋਈ ਸਮਝਾਕੇ ਨਹੀਂ ਕਹਿੰਦਾ ॥

**ਜਹ ਬਰਭੰਡੁ ਪਿੰਡੁ ਤਹ ਨਾਹੀ ਰਚਨ ਹਾਰੁ ਤਹ ਨਾਹੀ ॥**

ਬਰਭੰਡ = ਵੱਡਾ ਭਾਂਡਾ । ਬ੍ਰਹਮੰਡ = ਦਸਵਾਂ ਦੁਆਰ । ਪਿੰਡ = ਸਰੀਰ ॥

ਜਿਸ ਦਸਵੇਂ ਦੁਆਰ ਵਿਚ ਸਾਰੇ ਬ੍ਰਹਮੰਡ ਨੂੰ ਵੇਖਦਾ ਸੀ ਅੱਜ ਓਥੇ ਸਰੀਰ ਹੀ ਨਹੀਂ ਹੈ ਅਤੇ ਜੋਗੀ ਦਾ ਮਨ ਰਚਣ ਵਾਲਾ ਵੀ ਓਥੇ ਨਹੀਂ ਹੈ ।

**ਜੋੜਣ ਹਾਰੋ ਸਦਾ ਅਤੀਤਾ ਇਹ ਕਹੀਐ ਕਿਸੁ ਮਾਹੀ ॥ ੨ ॥**

ਜੋੜਣ ਵਾਲਾ ਸਾਖੀ ਆਤਮਾਂ ਏਹ ਸਦਾ ਹੀ ਵੱਖਰਾ ਹੈ ਇਹ ਕਿਸ ਵਿਚ ਕਹੀਏ ਭਾਵ ਚੇਤਨ ਵਿਚ ਕਲਪਤ ਹੈ ॥

**ਜੋੜੀ ਜੁੜੈ ਨ ਤੋੜੀ ਤੂਟੈ ਜਬ ਲਗੁ ਹੋਇ ਬਿਨਾਸੀ ॥**

ਸਾਖੀ ਚੇਤਨ ਨਾਲ ਦੇਹ ਜੋੜੀ ਹੋਈ ਜੁੜਦੀ ਨਹੀਂ ਅਤੇ ਤੋੜੀ ਹੋਈ ਟੁਟਦੀ ਨਹੀਂ ਜਦੋਂ ਤੱਕ ਪਰਤੀਤ ਹੁੰਦੀ ਹੈ, ਕੀ ਇਸਨੂੰ ਨਾਸ ਰੂਪ ਸਮਝਣਾਂ ਚਾਹੀਦੇ ?

**ਕਾ ਕੋ ਠਾਕੁਰੁ ਕਾ ਕੋ ਸੇਵਕੁ ਕੋ ਕਾਹੂ ਕੈ ਜਾਸੀ ॥ ੩ ॥**

ਹੁਣ ਕੌਣ ਕਿਸੇ ਦਾ ਠਾਕਰ ਅਤੇ ਕੌਣ ਕਿਸੇ ਦਾ ਸੇਵਕ ਅਤੇ ਕੌਣ ਕਿਸੇ ਦੇ ਜਾਵੇਗਾ।

**ਕਹੁ ਕਬੀਰ ਲਿਵ ਲਾਗਿ ਰਹੀ ਹੈ ਜਹਾ ਬਸੇ ਦਿਨ ਰਾਤੀ॥**

ਜਿਥੇ ਦਿਨ ਰਾਤ ਯੋਗੀ ਯੋਗਾ ਭਿਆਸ ਕਰਕੇ ਵੱਸ ਰਿਹਾ ਸੀ ਓਥੇ ਹੀ ਹਨ ਲਿਵ ਲਗ ਰਹੀ ਹੈ। (ਕਬੀਰ ਜੀ ਕਹਿੰਦੇ ਹਨ)

***ਉਆ ਕਾ ਮਰਮੁ ਓਹੀ ਪਰੁ ਜਾਨੈ**
**ਓਹੁ ਤਉ ਸਦਾ ਅਬਿਨਾਸੀ ॥ ੪ ॥ ੧ ॥ ੫੨ ॥**

ਮਰਮ = ਭੇਦ

ਉਸ ਯੋਗੀ ਦਾ ਭੇਦ ਓਹੋ ਹੀ ਹੱਛੀ ਤਰਾਂ ਜਾਣਦਾ ਹੈ, ਓਹ ਤਾਂ ਸਦਾ ਹੀ ਅਵਿਨਾਸ਼ੀ ਹੈ।

(ਯੋਗੀ ਨੂੰ ਉਪਦੇਸ਼)

**ਗਉੜੀ ॥ ਸੁਰਤਿ ਸਿਮ੍ਰਿਤਿ ਦੁਇ ਕੰਨੀ ਮੁੰਦਾ**
**ਪਰਮਿਤਿ ਬਾਹਰਿ ਖਿੰਥਾ ॥**

ਸੁਰਤਿ = ਪ੍ਰੀਤੀ ॥ ਸਿਮ੍ਰਿਤਿ = ਯਾਦਗੀਰੀ ॥

ਵਾਹਿਗੁਰੂ ਵਿਚ ਪ੍ਰੀਤੀ ਕਰਨੀ ਅਤੇ ਵਾਹਿਗੁਰੂ ਨੂੰ ਯਾਦ ਰਖਣਾਂ ਏਹ ਦੋ ਕੰਨੀ ਮੁੰਦ੍ਰਾਂ ਹਨ ਵਾ ਵੇਦਾਂ ਸਿਮ੍ਰਿਤੀਆਂ ਵਲੋਂ ਜੋ ਮਨ ਨੂੰ ਮੁੰਦਣਾਂ ਹੈ ਏਹ ਮੁੰਦ੍ਰਾਂ ਹਨ, ਅਤੇ ਹਛੀ ਮਰਯਾਦਾ ਵਾਲੇ ਹੋਣਾ ਏਹ ਬਾਹਰਲੀ ਖਿੰਥਾ ਹੈ॥

**ਸੁੰਨ ਗੁਫਾ ਮਹਿ ਆਸਣੁ ਬੈਸਣੁ**
**ਕਲਪ ਬਿਬਰਜਿਤ ਪੰਥਾ ॥ ੧ ॥**

ਸੁੰਨ = ਅਫੁਰ ॥ ਪੰਥਾ = ਰਸਤਾ ਵਾ ਫਿਰਕਾ ॥

ਜੇਹੜੀ ਅਫੁਰ ਵਾਹਿਗੁਰੂ ਵਿਚ ਪ੍ਰੀਤੀ ਕਰਨੀ ਹੈ ਏਹੋ ਹੀ ਸਾਡਾ ਸੁੰਨ ਗੁਫਾ ਵਿਚ ਆਸਣ ਕਰਕੇ ਬੈਠਣਾ ਹੈ ਅਤੇ ਕਲਪਣਾਂ ਤੋਂ ਮਨ ਨੂੰ ਵਰਜਦ ਹਾਂ ਇਹੋ ਹੀ ਸਾਡਾ ਪੰਥ ਹੈ।

**ਮੇਰੇ ਰਾਜਨ ਮੈ ਬੈਰਾਗੀ ਜੋਗੀ ॥**
**ਮਰਤ ਨ ਸੋਗ ਬਿਓਗੀ ॥ ੧ ॥ ਰਹਾਉ ॥**

---

*ਦੂਜਾ ਅਰਥ ਗਯਾਨਵਾਨ ਦੀ ਦਸ਼ਾ ਤੇ ਵੀ ਕਰਦੇ ਹਨ।

ਹੇ ਮੇਰੇ ਰਾਜੇ ਜੋਗੀ ਮੈਂ ਇੱਕਰ ਦਾ ਵੈਰਾਗਵਾਨ ਯੋਗੀ ਹਾਂ ਨਾ ਮਰਦਾ ਹਾਂ ਨਾ ਸੋਗੀ ਹੁੰਦਾ ਹਾਂ ਅਤੇ ਨਾ ਵਾਹਿਗੁਰੂ ਤੋਂ ਵਿਛੁੜਦਾ ਹਾਂ।

**ਖੰਡ ਬ੍ਰਹਮੰਡ ਮਹਿ ਸਿੰਙੀ ਮੇਰਾ ਬਟੂਆ**
**ਸਭੁ ਜਗੁ ਭਸਮਾ ਧਾਰੀ ॥**

ਬਟੂਆ = ਸੁਆਹ ਦਾ ਗੋਲਾ। ਭਸਮਾ ਧਾਰੀ = ਝੋਲੀ ॥

ਸਾਰਿਆਂ ਖੰਡਾਂ ਬ੍ਰਹਮੰਡਾਂ ਵਿਚ ਵਾਹਿਗੁਰੂ ਨੂੰ ਜਾਣਿਆਂ ਹੈ ਏਹ ਮੇਰੀ ਸਿੰਙੀ ਵਜ ਰਹੀ ਹੈ ਅਤੇ ਬਟੂਆ ਏਹੋ ਹੀ ਹੈ ਜੋ ਸਾਰੇ ਸੰਸਾਰ ਨੂੰ ਸੁਆਹ (ਨਾਸਵੰਤ) ਜਾਣਿਆਂ ਹੈ ਅਤੇ ਸੰਤੋਖ ਰੂਪ ਝੋਲੀ ਹੈ ॥

**ਤਾੜੀ ਲਾਗੀ ਤ੍ਰਿਪਲੁ ਪਲਟੀਐ ਛੂਟੈ ਹੋਇ ਪਸਾਰੀ ॥ ੨ ॥**

ਤ੍ਰਿਪਲ = ਤਿੰਨ ਗੁਣ ॥

ਜੇਹੜੀ ਤਿੰਨਾਂ ਗੁਣਾਂ ਤੋਂ ਬ੍ਰਿਤੀ ਪਲਟ ਗਈ ਹੈ ਏਹ ਸਾਡੀ ਤਾੜੀ ਲਗੀ ਹੋਈ ਹੈ ਅਤੇ ਪਸਾਰਾ ਕਰਨ ਵਾਲੇ ਵਾਹਿਗੁਰੂ ਦੇ ਜਾਣੀ ਜਾਣ ਹੋਏ ਹਾਂ ਅਤੇ ਜਮਾਂ ਤੋਂ ਛੁੱਟ ਗਏ ਹਾਂ, ਇਸ ਲਈ ਪਸਾਰੀ ਹੋਏ ਹਾਂ ਭਾਵ ਸਾਡੀ ਅਕਲ ਵਿੱਚ ਸਭ ਅੰਤ੍ਰਜਾਮਤਾ ਹੋ ਗਈ ਹੈ ਅਥਵਾ ਜੇਹੜੀ ਅਕਲ ਪਦਾਰਥਾਂ ਵਿਚ ਪਸਾਰੀ ਸੀ ਇਸ ਤੋਂ ਛੁੱਟੇ ਹਾਂ ॥

**ਮਨੁ ਪਵਨੁ ਦੁਇ ਤੂੰਬਾ ਕਰੀ ਹੈ**
**ਜੁਗ ਜੁਗ ਸਾਰਦ ਸਾਜੀ ॥**
**ਥਿਰੁ ਭਈ ਤੰਤੀ ਤੂਟਸਿ ਨਾਹੀ**
**ਅਨਹਦ ਕਿੰਗੁਰੀ ਬਾਜੀ ॥ ੩ ॥**

ਜੁਗ = ਦੋ। ਸਾਰਦ = ਡੰਡੀ।

ਮਨ ਨੂੰ ਰੋਕਕੇ ਸ੍ਵਾਸ ਸ੍ਵਾਸ ਵਾਹਿਗੁਰੂ ਜਪਣਾਂ ਕਰਦੇ ਹਾਂ ਏਹ ਦੋ ਤੂੰਬੇ ਕੀਤੇ ਹਨ ਅਤੇ ਜੋ ਜੁਗਾਂ ਜੁਗਾਂ ਵਿਚ ਦੋਵੇਂ ਜੀਵ ਈਸ਼ਰ ਇਕ ਮੰਨੇ ਹਨ ਏਹ ਅਸੀਂ ਡੰਡੀ ਬਨਾਈ ਹੈ ਉਸ ਇਕੁਰ ਦੀ ਕਿੰਗੁਰੀ ਦੀ ਤਾਰ ਇਕ ਰਸ ਇਸਥਿਤ ਹੋ ਗਈ ਹੈ ਅਤੇ ਟੁਟਦੀ ਨਹੀਂ ਏਹ ਸਾਡੀ ਕਿੰਗੁਰੀ ਵਜ ਰਹੀ ਹੈ।

**ਸੁਨਿ ਮਨ ਮਗਨ ਭਏ ਹੈ ਪੂਰੇ ਮਾਇਆ ਡੋਲਨ ਲਾਗੀ ॥**
**ਕਹੁ ਕਬੀਰ ਤਾਕਉ ਪੁਨਰਪਿ ਜਨਮੁ ਨਹੀ**
**ਖੇਲਿ ਗਇਓ ਬੈਰਾਗੀ ॥ ੪ ॥ ੨ ॥ ੫੩ ॥**

ਮਗਨ = ਮਸਤ ॥

ਅਸੀਂ ਵਾ ਜਿਨ੍ਹਾਂ ਦੇ ਪੂਤਬਲੇ ਪੂਰਨ ਭਾਗ ਹਨ ਓਹ ਇਸ ਕਿੰਗੁਰੀ ਨੂੰ ਸੁਣਕੇ ਮਨ ਵਿਚ ਹੀ ਮਸਤ ਹੋ ਗਏ ਹਨ ਅਤੇ ਮਾਇਆ ਦੀ ਭੁਲਾਵਨੀ ਭਾਵ ਤ੍ਰਿਸ਼ਨਾ ਸਾਨੂੰ ਨਹੀਂ ਲਗਦੀ। ਕਬੀਰ ਜੀ ਕਹਿੰਦੇ ਹਨ ਤਿਸ ਨੂੰ (ਪੁਨਰਪਿ) ਫੇਰ ਜਨਮ ਮਰਨ ਨਹੀਂ ਹੁੰਦਾ ਜੇਹੜਾ ਇੱਕੁਰ ਦਾ ਵੈਰਾਗ ਵਾਨ ਯੋਗੀ ਸੰਸਾਰ ਤੇ ਆਕੇ ਯੋਗ ਦੇ ਰਸਤੇ ਵਿਚ ਖੇਲ ਗਿਆ ॥

'ਜੀਵ ਜੁਲਾਹੇ ਪਾਸ ਬੁਧੀ ਆਈ ਕਿ ਮੁੜਕੇ ਜਨਮ ਧਾਰਕੇ ਦੁਨੀਆ ਵਿਚ ਆਵੇ'

## ਗਉੜੀ॥*ਗਜ ਨਵ †ਗਜਦਸ ‡ਗਜ ਇਕੀਸ ਪੁਰੀਆ ਏਕ ਤਨਾਈ॥

ਨਵ = ਨੌ। ਪੁਰੀਆ = ਪੂਰੀ। ਤਨਾਈ = ਤਾਣੀ॥

ਨੌ ਗਜ ਦਸ ਗਜ, ਅਤੇ ਇੱਕੀਹ ਗਜ ਦਾ ਪੂਰਾ ਟੁਕੜਾ ਉਣਿਆ ਜਾਵੇ।

## °ਸਾਠ ਸੂਤ ਨਵਖੰਡ ਬਹਤਰਿ ਪਾਟੁ ਲਗੋ ਅਧਿਕਾਈ॥ ੧॥

ਨਵ = ਨੌ। ਪਾਟ = ਪਾਟ ਬਸਤ੍ਰ। ਖੰਡ = ਟੁਕੜੇ॥

ਜੋ ਸੱਠ ਨਾੜੀਆਂ ਹਨ ਇਹ ਸਰੀਰ ਤਾਣੇ ਦਾ ਸੂਤ ਹੈ ਅਤੇ ਨੌ ਜੋੜ

*ਕਪੜੇ ਦਾ ਪੂਰਾ ਟੁਕੜਾ ਚਾਲੀ ਗਜ ਦਾ ਹੁੰਦਾ ਹੈ।

†ਨੌ ਗਜ ਤੋ ਮਤਲਬ ਸਰੀਰ ਦੇ ਨੌਂ ਇੰਦ੍ਰੇ ਅਤੇ ਦਸ ਗਜ ਤੋ ਮਤਲਬ ਗਿਆਨ ਅਤੇ ਕੰਮ ਦੇ ਹਥਿਆਰ ਹਨ।

‡ਇੱਕੀਹ ਗਜ ਤੋ ਮਤਲਬ ਪੰਜ ਸੂਛਮ ਮਾਦੇ ਅਤੇ ਪੰਜ ਅਸਥੂਲ ਅਤੇ ਦਸ ਜਿਸਮ ਦੇ ਸਾਹ ਅਤੇ ਇਕ ਮਨ ਵਾ ਇਕੀਸ ਗਜ। ਬਾਜੇ ਹਿੰਦੁਸਤਾਨੀ ਅੰਗ ਵਿਦਜਾ ਜਾਨਣ ਵਾਲਿਆਂ ਦੇ ਇਕੀਹ ਪਿੱਠ ਦੇ ਮਣਕੇ ਵੀ ਆਖਦੇ ਹਨ। ਏਹ ਚਾਲੀ ਹੀ ਜਿਸਮ ਨੂੰ ਬਣੌਂਦੇ ਹਨ ਜੇਹੜਾ ਕਿ ਜੁਲਾਹਿਆਂ ਦੇ ਮੁਹਾਵਰੇ ਵਿਚ ਕਪੜੇ ਦੇ ਪੂਰੇ ਟੁਕੜੇ ਨਾਲ ਮੁਕਾਬਲਾ ਕੀਤਾ ਗਿਆ ਹੈ।

°ਸੱਠ ਧਾਗੇ ਤੋਂ ਮਤਲਬ ਖੂਨ ਦੇ ਸੱਠ (ਬਰਤਨ) ਪੈਣ ਵਾਲੇ ਥਾਂ ਹਨ, ਪਰ ਹਿੰਦੁਸਤਾਨੀ ਅੰਗ ਵਿਦਜਾ ਜਾਣਨ ਵਾਲਿਆਂ ਨੇ ਕੁਲ ੧੭੫ ਖੂਨ ਦੇ ਪੈਣ ਵਾਲੀਆਂ ਜਗਾਂ ਗਿਣੀਆਂ ਹਨ, ਅਤੇ ਨੌ ਹਿੱਸੇ ਲੱਤਾਂ ਦੇ, ਚਾਰ ਟੁਕੜੇ ਬਾਂਹਾਂ ਦੇ, ਚਾਰ ਟੁਕੜੇ ਅਤੇ ਸਿਰ ਹੈ ਅਤੇ ਬਹੱਤਰ ਤਾਣੇ ਬਾਣੇ ਦੇ ਧਾਗੇ ਤੋ ਮਤਲਬ ਜੋਗੀਆਂ ਦੇ ਕਹਿਣੇ ਅਨੁਸਾਰ ਸਰੀਰ ਦੀਆਂ ਬਹੱਤਰ ਕੋਠੜੀਆਂ ਹਨ।

ਜੇਹੜੇ ਗੋਡਿਆਂ ਮੋਢਿਆਂ ਆਦਿਕ ਦੇ ਹਨ ਇਹ ਕਾਨੇ ਹਨ ਅਤੇ ਬਰੀਕ ਬਹੱਤਰ ਨਾੜਾਂ ਜੋ ਹਨ ਸੋ ਇਹ ਸਰੀਰ ਤਾਣੀ ਵਿਚ ਤਾਣੇ ਨਾਲੋਂ ਬਹੁਤ ਪੇਟਾ ਲੱਗਾ ਹੈ। ਭਾਵ ਓਹਦੇ ਵਿਚ ਮੱਠ ਧਾਗੇ ਹੋਣ, ਨੌ ਜੋੜੇ ਹੋਣ ਅਤੇ ਬਹੱਤਰ ਧਾਗੇ ਇਕ ਦੂਜੇ ਦੇ ਉਤੋਂ ਦੀ ਹੋਣ ॥

## *ਗਈ ਬੁਨਾਵਨ ਮਾਹੋ ॥
## ਘਰ ਛੋਡਿਐ ਜਾਇ ਜੁਲਾਹੋ ॥ ੧ ॥ਰਹਾਉ ॥

ਮਾਹੋ = ਮਾਯਾ, ਜੱਟੀ, ਬੁੱਧੀ ॥

ਬੁੱਧ ਰੂਪ ਜੱਟੀ ਮਨ ਰੂਪ ਜੁਲਾਹੇ ਪਾਸ ਕੱਪੜਾ ਉਨੌਣ ਗਈ ਹੈ ਅਤੇ ਅਗੋ ਮਨ ਜੁਲਾਹਾ ਘਰ ਛੱਡਕੇ ਬਾਹਰ ਪਿਆ ਫਿਰਦਾ ਹੈ । ਭਾਵ ਜੁਲਾਹਾ ਆਪਣੀ ਪਹਿਲੀ ਰਹਿਣ ਵਾਲੀ ਜਗਾ ਨੂੰ ਛੱਡਕੇ ਆਉਂਦਾ ਹੈ ॥

## ਗਜੀ ਨ ਮਿਨੀਐ ਤੋਲਿ ਨ ਤੁਲੀਐ
## ਪਾਚਨੁ ਸੇਰ ਅਢਾਈ ॥

ਪਾਚਨ = ਪਾਣ, ਖੁਰਾਕ ॥

ਗਜਾਂ ਕਰਕੇ ਮਿਣੀ ਨਹੀਂ ਜਾਂਦੀ ਤੋਲ ਕਰਕੇ ਤੋਲੀ ਨਹੀਂ ਜਾਂਦੀ। (ਵਾ ਮਿਣੀ ਤੋਲੀ ਜਾਂਦੀ ਹੈ) ਓਹ ਪਾਣ ਯਾ ਖੁਰਾਕ ਢਾਈ ਸੇਰ ਹੈ ਭਾਵ (ਪ੍ਰਸ਼ਨ) ਕੀ ਸਰੀਰ ਗਜਾਂ ਕਰਕੇ ਨਹੀਂ ਮਿਣਿਆ ਗਿਆ ਹੈ, ਅਤੇ ਵਜ਼ਨ ਨਾਲ ਨਹੀਂ ਤੋਲਿਆ ਗਿਆ ਹੈ, ਕੀ ਇਸਨੂੰ ਢਾਈ ਸੇਰ ਆਟਾ ਅਹਾਰ ਲਈ ਨਹੀਂ ਦਿੱਤਾ ਗਿਆ ਹੈ ? (ਤੀਨ ਸੇਰ ਦਿਹਾੜੀ ਦਾ ਮਿਹਮਾਨ) ॥

## ਜੌ ਕਰਿ ਪਾਚਨੁ ਬੇਗਿ ਨ ਪਾਵੈ
## ਝਗਰੁ ਕਰੈ ਘਰਹਾਈ ॥ ੨ ॥

ਪਾਚਨੁ = ਪਾਣ । ਬੇਗਿ = ਛੇਤੀ । ਘਰਹਾਈ = ਘਰ ਦੀ
ਮਾਲਕਣ ਵਾ ਘਰ ਦਾ ਨਾਯਕ

ਜੇਕਰ ਪਾਣ ਛੇਤੀ ਨਾਲ ਨਾ ਪਵੇ ਤਾਂ ਘਰ ਦਾ ਮਾਲਕ ਝਗੜਾ ਕਰਦਾ ਹੈ ਭਾਵ ਜੇਕਰ ਇਸ ਸਰੀਰ ਨੂੰ ਅਹਾਰ ਛੇਤੀ ਨਾਲ ਨਾਂ ਮਿਲੇ ਤਾਂ ਝਗੜਾ ਕਰੇਗਾ ਅਤੇ ਆਪਣੀ ਰਹਿਣ ਵਾਲੀ ਜਗਾ ਨੂੰ ਨਾਸ ਕਰੇਗਾ ॥

## ਦਿਨਕੀ ਬੈਠ ਖਸਮ ਕੀ ਬਰਕਸ ਇਹ ਬੇਲਾ ਕਤ ਆਈ ॥

ਬਰਕਸ = ਬਰਖਾਸਤ, ਵਾ ਖਿੱਚ

---

*ਰੂਹ ਆਪਣੀ ਪਿਛਲੀ ਜਗਾ ਰਹਿਣ ਵਾਲੀ ਛੱਡ ਦੇਂਦੀ ਹੈ ਅਤੇ ਇਕ ਨਵੇਂ ਸਰੀਰ ਵਿੱਚ ਆਕੇ ਕਬਜਾ ਕਰ ਲੈਂਦੀ ਹੈ ॥

ਤੂੰ ਦਿਨੇ ਹੀ ਕੀ ਬੈਠ ਰਿਹਾ ਹੈਂ ਜਦੋਂ ਵਾਹਿਗੁਰੂ ਨੇ ਕਚਹਿਰੀ ਉਠਾਵਣੀ ਕੀਤੀ ਤਾਂ ਫਿਰ ਤੈਨੂੰ ਇਹ ਵੇਲਾ ਕਿਥੇ ਆਉਣਾ ਹੈ। ਭਾਵ (ਪ੍ਰਸ਼ਨ) ਹੇ ਆਦਮੀ ਕਿੰਨੇ ਕੁ ਦਿਨ ਤੇਰੇ ਲਈ ਸੁਸਤ ਬੈਠਣ ਦੇ ਹਨ ਤੂੰ ਜੇਹੜਾ ਕਿ ਵਾਹਿਗੁਰੂ ਦ ਬਰ ਖਿਲਾਫ ਹੈਂ ਫੇਰ ਕਦ ਇੱਕੁਰ ਦਾ ਵੇਲਾ ਪਾਵੇਂਗਾ ?

## *ਛੂਟੇ ਕੂੰਡੇ ਭੀਗੈ ਪੁਰੀਆ
## ਚਲਿਓ ਜੁਲਾਹੋ ਰੀਸਾਈ ॥ ੩ ॥

ਰੀਸਾਈ = ਗੁਸੇ ਹੋਕੇ ॥

ਕੂੰਡੇ ਛੁਟ ਗਏ, ਪੁਰੀਆਂ ਭਿੱਜ ਗਈਆਂ ਅਤੇ ਜੁਲਾਹਾ ਗੁੱਸੇ ਹੋਕੇ ਤੁਰ ਪਿਆ ਭਾਵ ਜਿਸ ਜੀਵ ਤੋਂ ਪਦਾਰਥ ਛੁਟ ਜਾਣਗੇ ਅਤੇ ਵਾਸ਼ਨਾਂ ਦੂਰ ਹੋ ਜਾਣ ਗੀਆਂ ਜਦ ਮਰ ਜਾਵੇਗਾ। ਬਰਤਨ ਅਤੇ ਭਿੱਜੀਆਂ ਹੋਈਆਂ ਨਲੀਆਂ (ਜਾਲੀ ਬੁਣਨ ਦੀ ਸਲਾਈ) ਟੁਕੜੇ ਟੁਕੜੇ ਹੋ ਜਾਨਗੀਆਂ ਅਤੇ ਜੁਲਾਹਾ ਗੁੱਸੇ ਵਿੱਚ ਚਲਿਆ ਜਾਵੇਗਾ।

(ਮਰਨ ਦੇ ਪਿੱਛੋਂ ਗਲੇ ਥਾਣੀ ਕੋਈ ਸਾਹ ਨਹੀਂ ਆਉਂਦਾ ਹੈ)

## ਛੋਛੀ ਨਲੀ ਤੰਤੁ ਨਹੀ ਨਿਕਸੈ ਨਤਰ ਰਹੀ ਉਰਝਾਈ ॥

ਤੰਤ = ਤਾਰ। ਨਤਰ = ਤੁਰ। ਛੋਛੀ = ਖਾਲੀ ॥

ਜੀਭ ਰੂਪ ਨਲੀ ਖਾਲੀ ਹੋ ਜਾਵੇਗੀ ਬਚਨ ਰੂਪ ਤਾਰ ਨਹੀਂ ਨਿਕਲੇਗੀ ਅਤੇ ਨਾਭੀ ਰੂਪ ਤੁਰ ਫਸੀ ਨਹੀਂ ਰਹੇਗੀ ਭਾਵ ਧਾਗਾ ਇਕ ਖਾਲੀ ਨਲੀ ਵਿਚੋਂ ਨਹੀਂ ਨਿਕਲਦਾ ਹੈ ਅਤੇ ਕੱਪੜਾ ਸਰੀਰ ਦੇ ਉਦਾਲੇ ਵਲ੍ਹੇਟਿਆ ਹੋਯਾ ਨਹੀਂ ਰਹੇਗਾ।

## ਛੋਡਿ ਪਸਾਰੁ ਈਹਾ ਰਹੁ ਬਪੁਰੀ
## ਕਹੁ ਕਬੀਰ ਸਮਝਾਈ† ॥ ੪ ॥ ੩ ॥ ੫੪ ॥

ਬਪੁਰੀ = ਵਿਚਾਰੀ ॥

ਛਡਕੇ ਪਸਾਰਾ (ਹੇ ਬੁਧੀ ਰੂਪ ਜੱਟੀ) ਏਥੇ ਹੀ ਰਹੋ ਹੇ ਵਿਚਾਰੀ ਤੈਨੂੰ

---

*ਕੂੰਡਾ ਇੱਕ ਮਿੱਟੀ ਦਾ ਬੱਠਲ ਹੁੰਦਾ ਹੈ ਜੀਹਦੇ ਵਿਚ ਧਾਗਾ ਭਿਓਣ ਲਈ ਪਾਯਾ ਜਾਂਦਾ ਹੇ, ਧਾਗਾ ਜਦ ਭਿੱਜ ਜਾਂਦਾ ਹੈ ਤਾਂ ਨਲੀਆਂ (ਡੋਰੀਆਂ) ਲਾਈਆਂ ਜਾਂਦੀਆਂ ਹਨ, ਏਥੇ ਦਾ ਮਤਲਬ ਦੁਨੀਆਂ ਦੇ ਪਦਾਰਥਾਂ ਦਾ ਹੈ ॥

†ਇਸ ਬਾਹਲੇ ਔਖੇ ਸ਼ਬਦ ਦਾ ਭਾਵ ਏਹ ਹੈ ਕਿ ਕੁਝ ਪੰਡਤਾਂ ਨੇ ਕਬੀਰ ਜੀ ਦਾ ਹਾਲ ਵੇਖਕੇ ਘ੍ਰਿਣਾ ਕਰਕੇ ਆਖਿਆ ਅਤੇ

(ਬਾਕੀ ਦੇਖੋ ਪੰਨਾ ੭੨)

ਕਬੀਰ ਜੀ ਸਮਝਾਕੇ ਆਖਦੇ ਹਨ। ਭਾਵ:-

ਓ ਕੰਬਖਤ ਆਦਮੀ ਕਬੀਰ ਤੈਨੂੰ ਏਹ ਸਲਾਹ ਦੇਂਦਾ ਹੇ ਕਿ ਦੁਨੀਆਂ ਵਿੱਚ ਰਹੋ ਪ੍ਰੰਤੂ ਦੁਨੀਆਂ ਦਾ ਪਸਾਰਾ ਛਡ ਦੇਹ।

(੭੧ ਪੰਨੇ ਦੇ ਫੁਟਨੋਟ ਦੀ ਬਾਕੀ)

ਕਿਹਾ ਕਿ ਏਹੁ ਜੁਲਾਹੇ ਲਈ ਇਕ ਬੜੀ ਭਾਰੀ ਸ਼ਰਮ ਦੀ ਗਲ ਹੈ ਕਿ ਵਾਹਿਗੁਰੂ ਦਾ ਨਾਮ ਲੈਂਣ ਲਈ ਦਲੇਰੀ ਕਰਦਾ ਹੈ, ਕਬੀਰ ਨੇ ਜਬਾਬ ਦਿਤਾ ਕਿ ਹਰ ਇਕ ਆਦਮੀ ਨੂੰ ਗੁੱਝੇ ਅਰਥਾਂ ਵਿਚ ਜੁਲਾਹਾ ਬਣਨਾਂ ਚਾਹੀਏ ਤਾਂ ਕਿ ਮੁਕਤੀ ਮਿਲੇ। ਪੰਡਤਾਂ ਨੇ ਪੁਛਿਆ ਕਿਸਤਰਾਂ ਸਾਰੇ ਆਦਮੀ ਜੁਲਾਹੇ ਹੋ ਸਕਦੇ ਹਨ ? ਕਬੀਰ ਜੀ ਨੇ ਆਖਿਆ ਕਿ ਜੁਲਾਹੇ ਦੀ ਇਸਤ੍ਰੀ (ਬੁਧੀ) ਆਪਣੇ ਪਤੀ (ਮਨ) ਕੋਲ ਗਈ ਤਾਂਕਿ ਕਪੜਾ ਬੁਣਾਵੇ ਪਰ ਮਨ ਹਮੇਸ਼ਾਂ ਹੀ ਆਪਣਾ ਘਰ ਛਡਦਾ ਰਹਿੰਦਾ ਸੀ। ਕਬੀਰ ਨੂੰ ਤਦ ਪੁਛਿਆ ਕਿ ਉਸਨੇ ਕਪੜੇ ਨਾਲ ਸਰੀਰ ਨੂੰ ਮੁਕਾਬਲਾ ਕਿੱਕੁਰ ਕਰ ਦਿਤਾ ਹੈ, ਤਾਂ ਉਸਨੇ ਜਵਾਬ ਦਿਤਾ ਕਿ ਏਹ ਨੌ ਗਜ ਅਤੇ ਦਸ ਗਜ ਅਤੇ ਇਕੀਹ ਗਜ ਦਾ ਹੁੰਦਾ ਹੈ ਅਤੇ ਤਾਣੇ ਦੇ ਸੱਠ ਧਾਗੇ ਤੇ ਨੌ ਜੋੜ ਅਤੇ ਬਹੱਤਰ ਧਾਗੇ ਇਕ ਦੂਜੇ ਦੇ ਉੱਪਰ ਹੁੰਦੇ ਹਨ, ਕੀ ਜਿਸਮ ਗਜਾਂ ਨਾਲ ਨਹੀਂ ਮਿਣਿਆਂ ਜਾਂਦਾ ਅਤੇ ਤੋਲ ਨਾਲ ਨਹੀਂ ਤੋਲਿਆ ਜਾਂਦਾ ਅਤੇ ਢਾਈ ਸੇਰ ਆਟੇ ਨਾਲ ਅਹਾਰ ਦਿਤਾ ਨਹੀਂ ਜਾਂਦਾ ਹੈ ?

ਜੇਕਰ ਸਰੀਰ ਨੂੰ ਛੇਤੀ ਆਹਾਰ ਨਾ ਮਿਲੇ ਤਾਂ ਇਸ ਦਾ ਪਤੀ (ਮਨ) ਝਗੜਾ ਕਰੇਗਾ ਕਦ ਤਾਂਈ ਫੇਰ ਇਸ ਕਿਸਮ ਦੇ ਮੌਕੇ ਔਣਗੇ। ਜਿੰਦਗੀ ਦੇ ਦਿਨ ਛੇਤੀ ਖਤਮ ਹੋ ਜਾਣਗੇ ਅਤੇ ਆਤਮਾ ਜੁਦਾ ਹੋ ਜਾਵੇਗਾ ਤਦ ਤੂੰ ਫੇਰ ਆਪਣੇ ਕੂੰਡੇ ਅਤੇ ਭਿੱਜੀਆਂ ਹੋਈਆਂ ਨਲੀਆਂ ਛੱਡ ਦੇਵੇਂਗਾ ਅਤੇ ਆਤਮਾ ਗੁੱਸੇ ਵਿੱਚ ਛੱਡਕੇ ਚਲਿਆ ਜਾਵੇਗਾ, ਧਾਗਾ ਖਾਲੀ ਨਲੀ ਤੋਂ ਨਹੀਂ ਨਿਕਲੇਗਾ ਅਤੇ ਕਪੜਾ ਤੁਰ ਦੇ ਦੁਆਲੇ ਵਲੇਟਿਆ ਰੈਹ ਜਾਵੇਗਾ, ਮਨ ਬੁਧੀ ਨੂੰ ਕਹਿੰਦਾ ਹੈ ਓ ਕੰਬਖਤ ਏਹ ਝਗੜਾ ਛਡ ਦੇਹ ਅਤੇ ਮੇਰੇ ਪਾਸ ਰਹੋ, ਕਬੀਰ ਨੇ ਏਹ ਕਥਨ ਕੀਤਾ ਹੈ।

ਇਸ ਉੱਚੇ ਭਾਵ ਵਾਲੇ ਸ਼ਬਦ ਤੋਂ ਪਤਾ ਲੱਗਦਾ ਹੈ ਕਿ ਕਬੀਰ ਜੀ ਘਰ ਵਿੱਚ ਰਹਿੰਦੇ, ਕਾਰ ਵਿਹਾਰ ਕਰਦੇ, ਕਿੱਡੇ ਵੱਡੇ ਗਜਾਨ ਵਾਨ ਸੀ, ਧੰਨ ਕਮਾਈ। (ਬਿਸ਼ਨ ਸਿੰਘ ਗਿਆਨੀ)

ਜੀਵ ਦੀ ਜੋਤ ਇਕ ਪ੍ਰਮਾਤਮਾਂ ਦੀ ਜੋਤ ਨਾਲ ਮੇਲ ਰਖਦੀ ਹੈ

**ਗਉੜੀ ॥ ਏਕ ਜੋਤਿ ਏਕਾ ਮਿਲੀ ਕਿੰਬਾ ਹੋਇ ਮਹੋਇ ॥**
**ਜਿਤੁ ਘਟਿ ਨਾਮੁ ਨ ਊਪਜੈ ਫੂਟਿ ਮਰੈ ਜਨੁ ਸੋਇ ॥ ੧ ॥**

ਮਹੋਇ = ਮਤ ਹੋਵੇ ਭਾਵ ਨਹੀਂ ਹੁੰਦੀ ॥ ਕਿੰਬਾ = ਫੇਰ ॥

(ਜਿਨ੍ਹਾਂ ਇੱਕ ਭਗਤਾਂ ਦੀ ਇੱਕ ਜੋਤ) ਇੱਕ ਵਾਹਿਗੁਰੂ ਨਾਲ ਇੱਕ ਰੂਪ ਹੋਕੇ ਮਿਲ ਗਈ ਹੈ (ਸ਼ੰਕਾ) ਵੱਖਰੀ ਹੋ ਸਕਦੀ ਹੈ ? (ਉੱਤਰ) ਨਹੀਂ ਹੁੰਦੀ ਅਤੇ ਜਿਸਦੇ (ਘਟ) ਰਿਦੇ ਵਿਚ ਵਾਹਿਗੁਰੂ ਦਾ ਨਾਮ ਨਹੀਂ ਪਗਟ ਹੁੰਦਾ ਓਹ ਆਦਮੀ ਫੁਟ ਮਰੇ।

**ਸਾਵਲ ਸੁੰਦਰ ਰਾਮਈਆ**
**ਮੇਰਾ ਮਨੁ ਲਾਗਾ ਤੋਹਿ ॥ ੧ ॥ ਰਹਾਉ ॥**

ਹੇ ਸੁੰਦਰ ਸਰੂਪ ਮੇਰੇ ਵਾਹਿਗੁਰੂ ਮੇਰਾ ਮਨ ਤਾਂ ੇਰੇ ਨਾਲ ਹੀ ਲੱਗਾ ਹੋਇਆ ਹੈ ॥

**ਸਾਧੁ ਮਿਲੈ ਸਿਧਿ ਪਾਈਐ ਕਿ ਏਹੁ ਜੋਗੁ ਕਿ ਭੋਗੁ ॥**
**ਦੁਹੁ ਮਿਲਿ ਕਾਰਜੁ ਊਪਜੈ ਰਾਮ ਨਾਮ ਸੰਜੋਗੁ ॥ ੨ ॥**

ਸੰਤ ਦੇ ਮਿਲਣ ਨਾਲ ਮੁਕਤੀ ਪਾਈਦੀ ਹੈ ਭਾਵੇਂ ਏਹ ਆਦਮੀ ਜੋਗ ਕਰੇ ਭਾਵੇਂ ਭੋਗ ਭੋਗੇ, ਅਥਵਾ ਜੇ ਸੰਤ ਕੋਈ ਨਹੀਂ ਮਿਲਿਆ ਤਾਂ ਜੋਗ ਕੀਤਾ ਕੀ ਹੈ ਅਤੇ ਭੋਗ ਭੋਗੇ ਕੀ ਹਨ ਭਾਵ ਬਿਅਰਥ ਹਨ ਗੁਰ ਸਿੱਖ ਦੋਵੇਂ ਮਿਲਨ ਤਾਂ ਕੰਮ ਸੌਰਦਾ ਹੈ (ਕੀ ਕੰਮ ਸੌਰਦਾ ਹੈ ?) ਵਾਹਿਗੁਰੂ ਨਾਮ ਨਾਲ ਮਿਲਾਪ ਹੁੰਦਾ ਹੈ ॥

**ਲੋਗੁ ਜਾਨੈ ਇਹੁ ਗੀਤੁ ਹੈ ਇਹੁ ਤਉ ਬ੍ਰਹਮ ਬੀਚਾਰ ॥**
**ਜਿਉ ਕਾਸੀ ਉਪਦੇਸੁ ਹੋਇ ਮਾਨਸ ਮਰਤੀ ਬਾਰ ॥ ੩ ॥**

ਲੋਕ ਜਾਣਦੇ ਹਨ ਇਹ ਗੀਤ ਹੈ ਪਰ ਇਹ ਤਾਂ ਵਾਹਿਗੁਰੂ ਦਾ ਪੂਰਾ ਵਿਚਾਰ ਹੈ ਜਿੱਕੁਰ ਕਾਂਸ਼ੀ ਵਿੱਚ ਉਪਦੇਸ਼ ਹੁੰਦਾ ਹੈ ਆਦਮੀ ਨੂੰ ਮਰਨ ਦੇ ਵੇਲੇ ।

**ਕੋਈ ਗਾਵੈ ਕੋ ਸੁਣੈ ਹਰਿ ਨਾਮਾ ਚਿਤੁ ਲਾਇ ॥**
**ਕਹੁ ਕਬੀਰ ਸੰਸਾ ਨਹੀ ਅੰਤਿ ਪਰਮਗਤਿ ਪਾਇ ॥**
**॥ ੪ ॥ ੧ ॥ ੪ ॥ ੫੫ ॥**

ਕੋਈ ਗਾਵੇ ਕੋਈ ਸੁਣੇ ਵਾਹਿਗੁਰੂ ਦੇ ਨਾਮ ਨੂੰ ਚਿੱਤ ਲਾਕੇ ਕਬੀਰ

ਜੀ ਕਹਿੰਦੇ ਹਨ ਇਸ ਵਿੱਚ ਕੋਈ ਸੰਸਾ ਨਹੀਂ ਅੰਤ ਨੂੰ ਓਹ ਪਰਮਗਤੀ ਨੂੰ ਪਾ ਲੈਂਦਾ ਹੈ ॥

**ਗਉੜੀ ॥ ਜੇਤੇ ਜਤਨ ਕਰਤ ਤੇ ਡੂਬੇ**
**ਭਵ ਸਾਗਰੁ ਨਹੀ ਤਾਰਿਓ ਰੇ ॥**

ਭਵ ਸਾਗਰ = ਸੰਸਾਰ ਸਮੁੰਦਰ ॥

ਨਾਮ ਤੋਂ ਬਿਨਾਂ ਜਿਤਨੇਕੁ ਪੁਰਸ਼ ਹੋਰ ਜਤਨ ਕਰ ਰਹੇ ਹਨ ਸੋ ਸਭ ਸੰਸਾਰ ਸਮੁੰਦਰ ਵਿੱਚ ਡੁੱਬ ਗਏ ਹਨ ਉਨਾਂ ਵਿਚੋਂ ਕੋਈ ਵੀ ਹੇ ਭਾਈ ਨਹੀਂ ਤਰਿਆ ॥

**ਕਰਮ ਧਰਮ ਕਰਤੇ ਬਹੁ ਸੰਜਮ**
**ਅਹੰਬੁਧਿ ਮਨੁ ਜਾਰਿਓ ਰੇ ॥ ੧ ॥**

ਕਰਮ ਧਰਮ ਬਹੁਤ ਤਰਾਂ ਦੇ ਇੰਦ੍ਰੀਆਂ ਨੂੰ ਰੋਕਨ ਵਾਲੇ ਸੰਜਮ ਕਰਦੇ ਸਨ ਪਰ ਹੰਕਾਰ ਵਾਲੀ ਅਕਲ ਨੇ ਉਨ੍ਹਾਂ ਦਾ ਮਨ ਸਾੜ ਦਿਤਾ ॥

**ਸਾਸ ਗ੍ਰਾਸ ਕੋ ਦਾਤੋ ਠਾਕੁਰੁ**
**ਸੋ ਕਿਉ ਮਨਹੁ ਬਿਸਾਰਿਓ ਰੇ ॥**

ਜੋ ਸਾਸ ਗ੍ਰਾਸ ਦਾ ਦਾਤਾ ਵਾਹਿਗੁਰੂ ਹੈ ਸੋ ਤੂੰ ਮਨੋਂ ਕਿਉਂ ਭੁਲਾਯਾ ਹੈ ?

**ਹੀਰਾ ਲਾਲੁ ਅਮੋਲੁ ਜਨਮੁ ਹੈ**
**ਕਉਡੀ ਬਦਲੈ ਹਾਰਿਓ ਰੇ ॥ ੧ ॥ ਰਹਾਉ ॥**

ਹੀਰੇ ਲਾਲ ਵਾਂਕੂ ਅਮੋਲਕ ਜਨਮ ਹੈ ਸੋ ਤੂੰ ਕੌਡੀ ਬਦਲੇ ਹਾਰ ਦਿੱਤਾ ਹੈ ॥

**ਤ੍ਰਿਸਨਾ ਤ੍ਰਿਖਾ ਭੂਖ ਭ੍ਰਮਿ ਲਾਗੀ ॥**
**ਹਿਰਦੈ ਨਾਹਿ ਬੀਚਾਰਿਓ ਰੇ ॥**

ਤ੍ਰਿਸ਼ਨਾ ਰੂਪ ਤ੍ਰਿਖਾ ਅਤੇ ਭਰਮ ਰੂਪ ਭੁੱਖ ਲੱਗੀ ਹੋਈ ਹੈ ਇਸ ਲਈ ਇਸ ਜੀਵ ਨੇ ਹਿਰਦੇ ਵਿੱਚ ਵਾਹਿਗੁਰੂ ਪਤੀ ਦਾ ਬਿਚਾਰ ਨਹੀਂ ਵਿਚਾਰਿਆ ਹੈ ॥

**ਉਨਮਤ ਮਾਨ ਹਿਰਿਓ ਮਨ ਮਾਹੀ**
**ਗੁਰ ਕਾ ਸਬਦੁ ਨ ਧਾਰਿਓ ਰੇ ॥ ੨ ॥**

ਹਿਰਿਓ = ਹਰਾ ਲਿਆ।

ਮਾਨ ਆਦਿਕ ਵਿਕਾਰਾਂ ਕਰਕੇ (ਉਨਮਤ) ਪਾਗਲ ਹੋਇਆ ੨ ਹੈ ਇਸ ਲਈ ਲੁਟਿਆ ਗਿਆ ਹੈ ਕਿਉਂਕਿ ਮਨ ਵਿਚ ਗੁਰਾਂ ਦਾ ਸਬਦ ਨਹੀਂ ਧਾਰਿਆ ਹੈ॥

**ਸੁਆਦ ਲੁਭਤ ਇੰਦ੍ਰੀ ਰਸ ਪ੍ਰੇਰਿਓ**
**ਮਦ ਰਸ ਲੈਤ ਬਿਕਾਰਿਓ ਰੇ ॥**

ਮਦ = ਹੰਕਾਰ ਵ ਸ਼ਰਾਬ।

ਜਦ ਇੰਦ੍ਰੀਆਂ ਦੇ ਸੁਆਦਾਂ ਨੇ ਪ੍ਰੇਰਿਆ ਤਦ ਸੁਆਦ ਵਿਚ ਲੁਭਾਇਮਾਨ ਹੋਇਆ ੨ ਸ਼ਰਾਬ ਆਦਿ ਵਿਕਾਰਾਂ ਰਸਾਂ ਦਾ ਅਨੰਦ ਲੈਂਦਾ ਹੈ॥

**ਕਰਮ ਭਾਗ ਸੰਤਨ ਸੰਗਾਨੇ**
**ਕਾਸਟ ਲੋਹ ਉਧਾਰਿਓ ਰੇ ॥੩॥**

ਜਿਨ੍ਹਾਂ ਦੇ ਪਿਛਲੇ ਕਰਮ ਹਛੇ ਸਨ ਓਹ ਦੌੜਕੇ ਸੰਤਾਂ ਦੇ ਸੰਗ ਆ ਰਲੇ ਅਤੇ ਸੰਤਾਂ ਨੇ ਓਨ੍ਹਾਂ ਨੂੰ ਇੱਕੁਰ ਤਾਰ ਲਿਆ ਜਿੱਕੁਰ ਲੱਕੜ ਦੇ ਨਾਲ ਲਗਕੇ ਲੋਹਾ ਤਰ ਜਾਂਦਾ ਹੈ।

**ਧਾਵਤ ਜੋਨਿ ਜਨਮ ਭ੍ਰਮਿ ਥਾਕੇ**
**ਅਬ ਦੁਖ ਕਰਿ ਹਮ ਹਾਰਿਓ ਰੇ ॥**

(ਹੇ ਗੁਰੂ ਜੀ) ਜੂਨੀਆਂ ਵਿਚ ਦੌੜਦੇ ਅਤੇ ਜਨਮਾਂ ਵਿਚ (ਭ੍ਰਮ) ਫਿਰਦੇ ਹੁਣ ਅਸੀਂ ਦੁਖ ਕਰਕੇ ਹਾਰ ਗਏ ਹਾਂ।

**ਕਹਿ ਕਬੀਰ ਗੁਰ ਮਿਲਤ ਮਹਾਰਸੁ**
**ਪ੍ਰੇਮ ਭਗਤਿ ਨਿਸਤਾਰਿਓ ਰੇ ॥੪॥੧॥੫॥੫੬॥**

ਕਬੀਰ ਜੀ ਕਹਿੰਦੇ ਹਨ ਗੁਰਾਂ ਨੂੰ ਮਿਲਦਿਆਂ ਹੀ ਬਾਹਲਾ ਅਨੰਦ ਹੋਇਆ ਅਤੇ ਪ੍ਰੇਮਾ ਭਗਤੀ ਨੇ ਤਾਰ ਦਿਤਾ।

(ਮਨ ਪ੍ਰਥਾਇ ਅਨਯੋਕਤੀ ਉਪਦੇਸ਼)

**ਗਉੜੀ॥ ਕਾਲਬੂਤ ਕੀ ਹਸਤਨੀ ਮਨ ਬਉਰਾ ਰੇ**
**ਚਲਤੁ ਰਚਿਓ ਜਗਦੀਸ ॥**

ਕਾਲਬੂਤ = ਕਾਗਜ਼ਾਂ ਦੀ ਬਨਾਵਟ।

ਹੇ ਮਨ ਬੌਰੇ ਜਿੱਕੁਰ ਕਾਗਜ਼ਾਂ ਦੀ ਹਸਤਨੀ ਬਨ ਵਿਚ ਖੜੀ ਕਰਕੇ

ਹਾਥੀ ਫੜ ਲੈਂਦੇ ਹਨ, ਤਿੱਕੁਰ ਹੀ ਵਾਹਿਗੁਰੂ ਨੇ ਏਹ ਤਮਾਸ਼ਾ ਰਚਿਆ।

**ਕਾਮ ਸੁਆਇ ਗਜ ਬਸਿ ਪਰੇ ਮਨ ਬਉਰਾਰੇ**
**ਅੰਕਸੁ ਸਹਿਓ ਸੀਸ ॥ ੧ ॥**

ਸੁਆਇ = ਮਤਲਬ। ਗਜ = ਹਾਥੀ। ਅੰਕਸੁ = ਕੁੰਡਾ।

ਹੇ ਮਨ ਬੌਰੇ ਜਿੱਕੁਰ ਕਾਮ ਦੇ ਵਾਸਤੇ ਹਾਥੀ ਲੋਕਾਂ ਦੇ ਵਸ ਪੈਂਦਾ ਹੈ ਅਤੇ ਸਿਰ ਤੇ ਕੁੰਡੇ ਸਹਾਰਦਾ ਹੈ (ਤਿੱਕੁਰ ਹੀ ਤੂੰ)ਃ–

**ਬਿਖੈ ਬਾਚੁ ਹਰਿ ਰਾਚੁ ਸਮਝੁ ਮਨ ਬਉਰਾਰੇ॥**

ਹੇ ਮਨ ਬੌਰੇ ਵਿਸ਼ਿਆਂ ਤੋਂ ਬਚ ਅਤੇ ਵਾਹਿਗੁਰੂ ਵਿਚ ਪ੍ਰੇਮ ਕਰ ॥

**ਨਿਰਭੈ ਹੋਇ ਨ ਹਰਿ ਭਜੇ ਮਨ ਬਉਰਾ ਰੇ**
**ਗਹਿਓ ਨ ਰਾਮ ਜਹਾਜ ॥ ੧ ॥ ਰਹਾਉ ॥**

ਹੇ ਮਨ ਬੌਰੇ ਨਿਡੱਰ ਹੋਕੇ ਤੂੰ ਵਾਹਿਗੁਰੂ ਨੂੰ ਨਾ ਭਜਿਆ ਅਤੇ ਨਾਂ ਹੀ ਵਾਹਿਗੁਰੂ ਰੂਪ ਜਹਾਜ ਨੂੰ (ਗਹਿਓ) ਫੜਿਆ ॥

**ਮਰਕਟ ਮੁਸਟੀ ਅਨਾਜ ਕੀ ਮਨ ਬਉਰਾ ਰੇ**
**ਲੀਨੀ ਹਾਥੁ ਪਸਾਰਿ ॥**

ਮਰਕਟ = ਬਾਂਦਰ।

ਹੇ ਮਨ ਬੌਰੇ ਜਿੱਕੁਰ ਅੰਨਦੀ ਮੁੱਠ ਹੱਥ ਪਸਾਰਕੇ ਬਾਂਦਰ ਲੈ ਤਾਂ ਲੈਂਦਾ ਹੈ।

**ਛੂਟਨ ਕੋ ਸਹਸਾ ਪਰਿਆ ਮਨ ਬਉਰਾ ਰੇ**
**ਨਾਚਿਓ ਘਰ ਘਰ ਬਾਰਿ ॥ ੨ ॥**

ਹੇ ਮਨ ਬੌਰੇ ਪਰ ਛੁਟਣੇ ਦਾ ਸੰਸਾ ਪੈ ਜਾਂਦਾ ਹੈ, ਇਸ ਲਈ ਘਰ ਬੂਹੇ ਬੂਹੇ ਫੜਿਆ ਹੋਇਆ ਨੱਚਦਾ ਹੈ।

**ਜਿਉ ਨਲਨੀ ਸੂਅਟਾ ਗਹਿਓ ਮਨ ਬਉਰਾ ਰੇ**
**ਮਾਯਾ ਇਹੁ ਬਿਉਹਾਰੁ ॥**

ਨਲਨੀ = ਕੁੜੱਕੀ। ਸੂਅਟਾ = ਤੋਤਾ।

ਹੇ ਮਨ ਬੌਰੇ ਜਿੱਕੁਰ ਨਲਨੀ ਕਰਕੇ ਤੋਤਾ ਫੜਿਆ ਜਾਂਦਾ ਹੈ ਤਿੱਕੁਰ ਹੀ ਤੇਰੇ ਫਸੌਂਣ ਵਾਸਤੇ ਏਹ ਮਾਇਆ ਦਾ ਵਿਵਹਾਰ ਹੈ।

**ਜੈਸਾ ਰੰਗੁ ਕਸੁੰਭ ਕਾ ਮਨ ਬਉਰਾ ਰੇ**

ਤਿਉ ਪਸਰਿਓ ਪਾਸਾਰੁ ॥ ੩ ॥

ਹੇ ਮਨ ਬੌਰੇ ਜਿੱਕੁਰ ਕੁਸੰਭੇ ਦਾ ਰੰਗ ਹੁੰਦਾ ਹੈ ਤਿੱਕੁਰ ਹੀ ਪਸਾਰਾ ਪਸਰਿਆ ਹੋਇਆ ਹੈ ॥

ਨਾਵਨ ਕਉ ਤੀਰਥ ਘਨੇ ਮਨ ਬਉਰਾ ਰੇ
ਪੂਜਨ ਕਉ ਬਹੁ ਦੇਵ ॥

ਘਨੇ = ਬਹੁਤ ॥

ਹੇ ਮਨ ਬੌਰੇ ਭਾਵੇਂ ਨ੍ਹੌਣ ਨੂੰ ਤੀਰਥ ਬਾਹਲੇ ਹਨ ਅਤੇ ਪੂਜਣ ਨੂੰ ਬਹੁਤੇ ਦੇਵਤੇ ॥

ਕਹੁ ਕਬੀਰ ਛੂਟਨੁ ਨਹੀ ਮਨ ਬਉਰਾ ਰੇ
ਛੂਟਨੁ ਹਰਿ ਕੀ ਸੇਵ ॥ ੪ ॥ ੧ ॥ ੬ ॥੫੭ ॥

ਪਰ ਕਬੀਰ ਜੀ ਕਹਿੰਦੇ ਹਨ ਹੇ ਮਨ ਬੌਰੇ ਜਮ ਆਦਿਕਾਂ ਤੋਂ ਛੁਟਣ ਨਹੀਂ ਹੁੰਦਾ ਛੁਟਣਾਂ ਤੇ ਵਾਹਿਗੁਰੂ ਦੀ ਸੇਵਾ ਕਰਕੇ ਹੁੰਦਾ ਹੈ।

(ਸਾਡੇ ਪਾਸ ਇੱਕੁਰ ਦਾ ਧਨ ਹੈ)

ਗਉੜੀ ॥ ਅਗਨਿ ਨ ਦਹੈ ਪਵਨੁ ਨਹੀ ਮਗਨੈ
ਤਸਕਰੁ ਨੇਰਿ ਨ ਆਵੈ ॥
ਰਾਮ ਨਾਮ ਧਨੁ ਕਰਿ ਸੰਚਉਨੀ
ਸੋ ਧਨੁ ਕਤਹੀ ਨ ਜਾਵੈ ॥ ੧ ॥

ਦਹੈ = ਸਾੜੇ ॥ ਮਗਨੈ = ਸੁੱਕਾ ਵਾ ਉਡਾ ॥ ਤਸਕਰ = ਚੋਰ ॥
ਨੇਰਿ = ਨੇੜੇ ॥ ਸੰਚਉਨੀ = ਇਕੱਤ੍ਰਤਾ, ਕੱਠਾ ਕਰਨਾ ॥

ਅੱਗ ਸਾੜਦੀ ਨਹੀਂ, ਪੌਣ ਉਡੋਂਦੀ ਨਹੀਂ ਅਤੇ ਚੋਰ ਨੇੜੇ ਨਹੀਂ ਆਉਂਦਾ, ਇਸ ਲਈ ਤੂੰ ਵੀ ਵਾਹਿਗੁਰੂ ਦਾ ਨਾਮ ਰੂਪ ਧਨ ਦੀ ਇਕੱਤ੍ਰਤਾ ਕਰ ਕਿਉਂਕਿ ਓਹ ਧਨ ਕਿਧਰੇ ਨਹੀਂ ਜਾਂਦਾ ॥

ਹਮਰਾ ਧਨੁ ਮਾਧਉ ਗੋਬਿੰਦੁ ਧਰਣੀ ਧਰੁ
ਇਹੈ ਸਾਰ ਧਨੁ ਕਹੀਐ ॥
ਜੋ ਸੁਖੁ ਪ੍ਰਭ ਗੋਬਿੰਦ ਕੀ ਸੇਵਾ
ਸੋ ਸੁਖੁ ਰਾਜਿ ਨ ਲਹੀਐ ॥ ੧ ॥ ਰਹਾਉ ॥

ਮਾਧਉ = ਲੱਖਮੀ ਦਾ ਪਤੀ। ਧਰਣੀਧਰ = ਧਰਤੀ ਨੂੰ ਚੁੱਕਣ ਵਾਲਾ ॥

ਸਾਰ = ਸ੍ਰੇਸ਼ਟ, ਹੱਛਾ ॥ ਲਹੀਐ = ਲਖੀਏ ॥

(ਹੇ ਭਾਈ) ਸਾਡਾ ਤਾਂ ਧਨ ਮਾਧੋ ਗੋਬਿੰਦ ਧਰਣੀਧਰ ਇਹੋ ਹੀ ਹੱਛਾ ਧਨ ਕਹੀਦਾ ਹੈ ਜੇਹੜਾ ਪ੍ਰਭੂ ਵਾਹਿਗੁਰੂ ਦੀ ਸੇਵਾ ਵਿਚ ਹੈ, ਸੋ ਉੱਕਰ ਦਾ ਸੁਖ ਰਾਜ ਵਿਚ ਨਹੀਂ ਲਿਆ ਜਾਂਦਾ ॥

**ਇਸੁ ਧਨ ਕਾਰਣਿ ਸਿਵ ਸਨਕਾਦਿਕ**
**ਖੋਜਤ ਭਏ ਉਦਾਸੀ ॥**
**ਮਨਿ ਮੁਕੰਦੁ ਜਿਹਬਾ ਨਾਰਾਇਨੁ**
**ਪਰੈ ਨ ਜਮ ਕੀ ਫਾਸੀ ॥ ੨ ॥**

ਇਸ ਧਨ ਵਾਸਤੇ ਸ਼ਿਵਜੀ ਸਨਕ ਆਦਿਕ ਵੀ ਖੋਜਦੇ ਉਦਾਸੀ ਹੋਏ ਹਨ। ਮੈਂ ਮਨ ਕਰਕੇ ਮੁਕਤੀ ਦਾ ਦਾਤਾ ਅਤੇ ਜੀਭ ਕਰਕੇ ਨਾਰੈਣ ੨ ਕਰਦਾ ਹਾਂ ਇਸ ਲਈ ਜਮ ਦੀ ਫਾਹੀ ਨਹੀਂ ਪਵੇਗੀ ਵਾ ਜੇਹੜਾ ਮਨ ਕਰਕੇ ਵਾਹਿਗੁਰੂ ਨੂੰ ਅਤੇ ਰਸਨਾ ਕਰਕੇ ਵਾਹਿਗੁਰੂ ਨੂੰ ਉਚਾਰੇ ਉਸ ਨੂੰ ਜਮ ਦੀ ਫਾਸੀ ਨਹੀਂ ਪੈਂਦੀ ॥

**ਨਿਜ ਧਨੁ ਗਿਆਨੁ ਭਗਤਿ ਗੁਰ ਦੀਨੀ**
**ਤਾਸੁ ਸੁਮਤਿ ਮਨੁ ਲਾਗਾ ॥**
**ਜਲਤ ਅੰਭ ਥੰਭਿ ਮਨੁ ਧਾਵਤ**
**ਭਰਮ ਬੰਧਨ ਭਉ ਭਾਗਾ ॥ ੩ ॥**

ਤਾਸ = ਤਿਸ ॥ ਅੰਭ = ਪਾਣੀ ॥ ਥੰਭਿ = ਥੰਮਾ ॥ ਨਿਜ = ਆਪਣਾ ॥

ਸਾਡਾ ਅਪਣਾ ਧਨ ਏਹੋ ਹੀ ਹੈ ਜੋ ਗੁਰਾਂ ਨੇ ਗਜਾਨ ਅਤੇ ਭਗਤੀ ਦਿੱਤੀ ਹੈ, ਪਰ ਤਿਸ ਨਾਮ ਧਨ ਵਿਚ ਕਿਸੇ ਹਛੀ ਅਕਲ ਵਾਲੇ ਦਾ ਮਨ ਲੱਗਦਾ ਹੈ ਜੇਹੜਾ ਮਨ ਤ੍ਰਿਸ਼ਨਾ ਅੱਗ ਕਰਕੇ ਸੜਦਾ ਸੀ ਤਿਸ ਨੂੰ ਨਾਮ ਧਨ ਨੇ ਜਲ ਰੂਪ ਹੋਕੇ ਠੰਢਾ ਕਰ ਦਿੱਤਾ ਅਤੇ ਦੌੜਦੇ ਮਨ ਨੂੰ ਥੰਮੇ ਵਤ ਆਸਰਾ ਦਿੱਤਾ ਫਿਰ ਜੇਹੜਾ ਭਰਮ ਰੂਪ ਬੰਧਣ ਸੀ ਅਤੇ ਜਨਮ ਮਰਨ ਦਾ ਡਰ ਸੀ ਸੋ ਸਭ ਦੂਰ ਹੋ ਗਿਆ ॥

**ਕਹੈ ਕਬੀਰੁ ਮਦਨ ਕੇ ਮਾਤੇ ਹਿਰਦੈ ਦੇਖੁ ਬੀਚਾਰੀ ॥**
**ਤੁਮ ਘਰਿ ਲਾਖ ਕੋਟਿ ਅਸ੍ਵ ਹਸਤੀ**
**ਹਮ ਘਰਿ ਏਕੁ ਮੁਰਾਰੀ ॥ ੪ ॥ ੧ ॥ ੭ ॥ ੫੮ ॥**

ਮਦਨ = ਕਾਮ ਵ ਹੰਕਾਰ ।

ਕਬੀਰ ਜੀ ਕਹਿੰਦੇ ਹਨ ਹੇ ਕ੍ਰਾਮ ਦੇ ਮੱਤੇ ਹੋਏ ਰਿਦੇ ਵਿੱਚ ਵਿਚਾਰਕੇ ਦੇਖ ਕਿ ਤੇਰੇ ਘਰ ਤਾਂ ਲੱਖਾਂ ਕਰੋੜਾਂ (ਅਸ੍ਵ) ਘੋੜੇ ਹਾਥੀ ਹਨ ਅਤੇ ਸਾਡੇ ਘਰ ਇਕ (ਮੁਰਾਰੀ) ਵਾਹਿਗੁਰੂ ਹੈ।

"ਭਗਤੀ ਤੋਂ ਬਿਨਾਂ ਹੋਕੇ ਲਾਲਚ ਨਾਲ ਕਰਮ ਕਰਨੇ ਖੰਡਨ"

(ਉਪਦੇਸ਼)

**ਗਉੜੀ ॥ ਜਿਉ ਕਪਿ ਕੇ ਕਰ ਮੁਸਟਿ ਚਨਨ ਕੀ**
**ਲੁਬਧਿ ਨ ਤਿਆਗੁ ਦਇਓ ॥**
**ਜੋ ਜੋ ਕਰਮ ਕੀਏ ਲਾਲਚ ਸਿਉ**
**ਤੇ ਫਿਰਿ ਗਰਹਿ ਪਰਿਓ ॥ ੧ ॥**

ਕਰ = ਹੱਥ। ਕਪਿ = ਬਾਂਦਰ। ਮੁਸਟਿ = ਮੁੱਠ। ਗਰਹਿ = ਗਲ।

ਜਿੱਕੁਰ ਬਾਂਦਰ ਦੇ ਹੱਥ ਵਿਚ ਛੋਲਿਆਂ ਦੀ ਮੁੱਠ ਆ ਜਾਂਦੀ ਹੈ ਉਸਨੂੰ ਲਾਲਚ ਵਾਲਾ ਹੋਕੇ ਛੱਡਦਾ ਨਹੀਂ ਤਿੱਕੁਰ ਹੀ ਜੀਵ ਨੇ ਜੇਹੜੇ ੨ ਕਰਮ ਲਾਲਚ ਸੰਜੁਗਤ ਹੋਕੇ ਕੀਤੇ ਹਨ, ਫਿਰ ਇਸਦੇ ਗਲ ਹੀ ਪੈ ਗਏ। ਭਾਵ ਸਵਾ ਮਣ ਸੋਨਾਂ ਅਤੇ ਸਵਾ ਲੱਖ ਗਊ ਦਾਨ ਕਰਨ ਵਾਲਿਆਂ ਨੂੰ ਜਨਮ ਭੋਗਣਾਂ ਪਿਆ।

**ਭਗਤਿ ਬਿਨੁ ਬਿਰਥੇ ਜਨਮੁ ਗਇਓ ॥**
**ਸਾਧ ਸੰਗਤਿ ਭਗਵਾਨ ਭਜਨ ਬਿਨੁ**
**ਕਹੀ ਨ ਸਚੁ ਰਹਿਓ ॥ ੧ ॥ ਰਹਾਉ**

ਵਾਹਿਗੁਰੂ ਦੀ ਭਗਤੀ ਤੋਂ ਬਿਨਾਂ ਐਵੇਂ ਹੀ ਜਨਮ ਚਲਿਆ ਗਿਆ। ਸਾਧ ਸੰਗਤ ਵਿਚ ਵਾਹਿਗੁਰੂ ਦੇ ਭਜਨ ਤੋਂ ਬਿਨਾਂ ਕਿਤੇ ਵੀ ਸਚ (ਸੁਖੀ) ਨਾਂ ਰਿਹਾ।

**ਜਿਉ ਉਦਿਆਨ ਕੁਸਮ ਪਰਫੁਲਿਤ**
**ਕਿਨਹਿ ਨ ਘ੍ਰਾਉ ਲਇਓ ॥**
**ਤੈਸੇ ਭ੍ਰਮਤ ਅਨੇਕ ਜੋਨਿ ਮਹਿ**
**ਫਿਰਿ ਫਿਰਿ ਕਾਲ ਹਇਓ ॥ ੨ ॥**

ਉਦਿਆਨ = ਜੰਗਲ। ਕੁਸਮ = ਫੁਲ। ਘ੍ਰਾਉ = ਸੁਗੰਧੀ ॥
ਹਇਓ = ਨਾਸ ਕੀਤਾ ॥

ਜਿੱਕੁਰ ਜੰਗਲ ਵਿਚ ਜੇਹੜੇ ਫੁੱਲ ਫੁੱਲੇ ਹੋਏ ਹੁੰਦੇ ਹਨ ਉਨਹਾਂ ਦੀ ਕਿਸੇ

ਭੀ ਸੁਗੰਧੀ ਨਹੀਂ ਲਈ। ਤਿੱਕੁਰ ਹੀ ਅਨੇਕਾਂ ਜੂਨੀਆਂ ਵਿੱਚ ਫਿਰਦੇ ਨੂੰ ਬਾਰ ਬਾਰ ਕਾਲ ਨੇ ਮਾਰਿਆ ॥

**ਇਆ ਧਨ ਜੋਬਨ ਅਰੁ ਸੁਤ ਦਾਰਾ ਪੇਖਨ ਕਉ ਜੁ ਦਇਓ ॥**
**ਤਿਨਹੀ ਮਾਹਿ ਅਟਕਿ ਜੋ ਉਰਝੇ ਇੰਦ੍ਰੀ ਪ੍ਰੇਰਿ ਲਇਓ ॥ ੩ ॥**

ਸੁਤ = ਪੁੱਤ੍ਰ। ਦਾਰਾ = ਇਸਤ੍ਰੀ। ਪੇਖਣ = ਵੇਖਨ ਵ ਖਡੌਣਾਂ ॥

ਏਹ ਧਨ, ਜੋਬਨ ਅਤੇ ਪੁੱਤ੍ਰ ਇਸਤ੍ਰੀ ਵਾਹਿਗੁਰੂ ਨੇ ਇਸ ਨੂੰ ਵੇਖਣ (ਪਰਖਣ) ਨੂੰ ਜੋ ਦਿਤੇ ਸਨ। (ਸੋ ਏਹ ਵਾਹਿਗੁਰੂ ਨੂੰ ਭੁਲਾਕੇ) ਤਿਨਾਂ ਵਿੱਚ ਹੀ ਅਟਕ ਗਏ, ਕਿਉਂ ਜੋ ਇੰਦ੍ਰੀਆਂ ਨੇ ਮਨ ਨੂੰ ਆਪਣੇ ਵਲ (ਪ੍ਰੇਰ) ਮੋੜ ਲਿਆ। ਅਤੇ ਏਹ ਜੀਵ ਉਨ੍ਹਾਂ ਇਸਤ੍ਰੀ ਪੁੱਤ੍ਰ ਆਦਿਕਾਂ ਵਿੱਚ ਹੀ ਫਸ ਰਹੇ ਹਨ।

**ਅਉਧ ਅਨਲ ਤਨੁ ਤਿਨ ਕੋ ਮੰਦਰੁ**
**ਚਹੁ ਦਿਸ ਠਾਟੁ ਠਇਓ ॥**
**ਕਹਿ ਕਬੀਰ ਭੈ ਸਾਗਰ ਤਰਨ ਕਉ**
**ਮੈ ਸਤਿਗੁਰ ਓਟ ਲਇਓ ॥ ੪ ॥ ੧ ॥੮ ॥੫੯ ॥**

ਅਉਧ = ਉਮਰ। ਅਨਲ = ਅਗ। ਤਿਨ = ਘਾਹ ਦੀਆਂ ਤ੍ਰਿੜਾਂ।
ਠਾਟੁ = ਬਨਾਉ। ਸਾਗਰ = ਸਮੁੰਦਰ।

ਉਮਰ ਵਾਲਾ ਜੇਹੜਾ ਸਰੀਰ ਹੈ ਇਹੁ ਤ੍ਰਿੜਾਂ ਦਾ ਘਰ ਚਵ੍ਹਾਂ ਦਿਸ਼ਾਂ ਵਲੋਂ ਕਿੱਕੁਰ ਦਾ ਬਣਾਉ ਬਣਿਆਂ ਹੋਇਆ ਹੈ ਅਤੇ ਜੇਹੜੀ ਉਮਰ ਘਟ ਰਹੀ ਹੈ ਏਹ ਅਗਨੀ ਲੱਗੀ ਹੋਈ ਹੈ, ਕਬੀਰ ਜੀ ਕਹਿੰਦੇ ਹਨ ਮੈਂ ਡਰ ਵਾਲਾ ਸੰਸਾਰ ਸਮੁੰਦਰ ਤਰਨ ਨੂੰ ਸਤਿਗੁਰਾਂ ਦੀ ਓਟ ਲਈ ਹੈ।

**ਗਉੜੀ ॥ ਪਾਨੀ ਮੈਲਾ ਮਾਟੀ ਗੋਰੀ ॥**
**ਇਸ ਮਾਟੀ ਕੀ ਪੁਤਰੀ ਜੋਰੀ ॥ ੧ ॥**

ਬੀਰਜ ਰੂਪ ਪਾਣੀ ਮੈਲਾ ਹੈ, ਅਤੇ ਰਕਤ ਰੂਪ ਮਿੱਟੀ ਲਾਲ ਹੈ ਇਸ ਮਿੱਟੀ ਦੀ ਪੁਤਲੀ (ਦੇਹ) ਜੋੜ ਦਿੱਤੀ ਹੈ।

**ਮੈ ਨਾਹੀ ਕਛੁ ਆਹਿ ਨ ਮੋਰਾ ॥**
**ਤਨੁ ਧਨੁ ਸਭੁ*ਰਸੁ ਗੋਬਿੰਦ ਤੋਰਾ ॥ ੧ ॥ ਰਹਾਉ ॥**

ਮੋਰਾ = ਮੇਰਾ ॥ ਤੋਰਾ = ਤੇਰਾ ॥

ਮੈਂ ਵੀ ਕੁਝ ਨਹੀਂ ਅਤੇ ਮੇਰਾ ਹੈ ਵੀ ਕੁਝ ਨਹੀਂ ਤਨ ਧਨ ਸਭ

---

*ਸਰਬੰਸ ਵੀ ਅਰਥ ਕਰਦੇ ਹਨ ॥

ਰਸ ਹੇ ਵਾਹਿਗੁਰੂ ਤੇਰਾ ਹੀ ਹੈ।

**ਇਸ ਮਾਟੀ ਮਹਿ ਪਵਨੁ ਸਮਾਇਆ ॥**
**ਝੂਠਾ ਪਰਪੰਚੁ ਜੋਰਿ ਚਲਾਇਆ ॥ ੨ ॥**

ਪਰਪੰਚ = ਛਲ ਵਾ ਸੰਸਾਰ

ਇਸ ਮਿੱਟੀ ਦੀ ਦੇਹ ਵਿਚ ਪ੍ਰਾਣ ਸਮਾਏ ਹਨ, ਝੂਠਾ ਪਰਪੰਚ ਜੋੜਕੇ ਚਲਾ ਦਿਤਾ ਹੈ।

**ਕਿਨਹੂ ਲਾਖ ਪਾਂਚ ਕੀ ਜੋਰੀ ॥**
**ਅੰਤ ਕੀ ਬਾਰ ਗਗਰੀਆ ਫੋਰੀ ॥ ੩ ॥**

ਕਿਸੇ ਨੇ ਪੰਜ ਲੱਖ ਦੀ ਜੋੜੀ ਪਰ ਅੰਤ ਦੇ ਵੇਲੇ ਗਾਗਰ ਹੀ ਤੋੜ ਦਿਤੀ। ਵਾ ਕਿਸੇ ਯੋਗੀ ਨੇ ਪ੍ਰਾਣਾਂਯਾਮ ਰੂਪ ਲਾਖ ਦਾ ਪਾਜ ਦੇਕੇ ਏਹ ਦੇਹ ਜੋੜੀ ਭਾਵ ਬਹੁਤ ਚਿਰ ਦੇਹ ਰਖੀ ਪਰ ਫਿਰ ਵੀ ਕਾਲ ਨੇ ਫੋੜ ਦਿਤੀ ॥

**ਕਹਿ ਕਬੀਰ ਇਕ ਨੀਵ ਉਸਾਰੀ ॥**
**ਖਿਨ ਮਹਿ ਬਿਨਸਿ ਜਾਇ ਅਹੰਕਾਰੀ ॥ ੪ ॥ ੧ ॥ ੯ ॥ ੬੦ ॥**

ਕਬੀਰ ਜੀ ਕਹਿੰਦੇ ਹਨ ਜੇਹੜੀ ਇਕ ਨੀਉ ਉਸਾਰੀ ਹੈ ਹੇ ਹੰਕਾਰੀ ਛਿਨ ਵਿਚ ਨਾਸ ਹੋ ਜਾਵੇਗੀ॥

(ਬੇਨਤੀ)

**ਗਉੜੀ ॥ ਰਾਮ ਜਪਉ ਜੀਅ ਐਸੇ ਐਸੇ ॥**
**ਧ੍ਰੂ ਪ੍ਰਹਿਲਾਦ ਜਪਿਓ ਹਰਿ ਜੈਸੇ ॥ ੧ ॥**

ਹੇ ਭਾਈ = ਵਾਹਿਗੁਰੂ ਨੂੰ ਜੀ ਵਿਚ ਇੱਕੁਰ ਇੱਕੁਰ ਜਪੋ। ਜਿੱਕੁਰ ਜਿੱਕੁਰ ਧ੍ਰੂ ਪ੍ਰਹਿਲਾਦ ਨੇ ਜਪਿਆ ਹੈ।

(ਅਤੇ ਇੱਕੁਰ ਬੇਨਤੀ ਕਰੋ)

**ਦੀਨ ਦਇਆਲ ਭਰੋਸੇ ਤੇਰੇ ॥**
**ਸਭੁ ਪਰਵਾਰੁ ਚੜਾਇਆ ਬੇੜੇ ॥ ੧ ॥ ਰਹਾਉ ॥**

ਹੇ ਗਰੀਬਾਂ ਤੇ ਦਿਆਲੂ ਤੇਰੇ ਭਰੋਸੇ, ਮੈਂ ਸਾਰਾ ਪਰਵਾਰ ਬੇੜੇ ਤੇ ਚੜ੍ਹਾਇਆ ਹੈ॥

**ਜਾ ਤਿਸੁ ਭਾਵੈ ਤਾ ਹੁਕਮੁ ਮਨਾਵੈ ॥**
**ਇਸ ਬੇੜੇ ਕਉ ਪਾਰਿ ਲਘਾਵੈ ॥ ੨ ॥**

ਜਦ ਵਾਹਿਗੁਰੂ ਨੂੰ ਭਾਉਂਦਾ ਹੈ ਤਾਂ ਜੀਵ ਨੂੰ ਹੁਕਮ ਮਨਾਉਂਦਾ ਹੈ ਅਤੇ ਜੀਵ ਦੇ (ਭਗਤੀ ਰੂਪ) ਇਸ ਬੇੜੇ ਨੂੰ ਪਾਰ ਲੰਘੌਂਦਾ ਹੈ ॥

**ਗੁਰਪਰਸਾਦਿ ਐਸੀ ਬੁਧਿ ਸਮਾਨੀ ॥**

**ਚੂਕਿ ਗਈ ਫਿਰਿ ਆਵਨਿ ਜਾਨੀ ॥ ੩ ॥**

ਗੁਰਾਂ ਦੀ ਕ੍ਰਿਪਾ ਕਰਕੇ ਜਿਨ੍ਹਾਂ ਦੇ ਅੰਦਰ ਇੱਕੁਰ ਦੀ ਅਕਲ ਸਮਾਈ ਹੈ ਫਿਰ ਉਨ੍ਹਾਂ ਦੀ ਔਣ ਜਾਣ ਦੀ ਖੇਚਲ ਦੂਰ ਹੋ ਗਈ ਹੈ ॥

**ਕਹੁ ਕਬੀਰ ਭਜੁ *ਸਾਰਿਗ ਪਾਨੀ ॥**

**ਉਰਵਾਰਿ ਪਾਰਿ ਸਭ ਏਕੋ ਦਾਨੀ ॥ ੪ ॥ ੨ ॥ ੧੦ ॥ ੬੧ ॥**

ਦਾਨੀ = ਦਾਨ ਦੇਣ ਵਾਲਾ ਵਾ ਜਾਨਣ ਵਾਲਾ ॥

ਸਾਰਿਗ ਪਾਨੀ = ਪਪੀਹਾ, ਪਾਣੀ ॥

ਕਬੀਰ ਜੀ ਕੈਂਹਦੇ ਹਨ ਤੂੰ ਵਾਹਿਗੁਰੂ ਨੂੰ ਯਾਦ ਕਰ ਕਿਉਂਕਿ ਐਥੇ ਓਥੇ ਸਭਨਾਂ ਵਿਚ ਇਕੋ ਹੀ ਦਾਨੀ ਹੈ ॥

(ਉਪਦੇਸ਼)

**ਗਉੜੀ ੯॥ ਜੋਨਿ ਛਾਡਿ ਜਉ ਜਗ ਮਹਿ ਆਇਓ ॥**

**ਲਾਗਤ ਪਵਨ ਖਸਮੁ ਬਿਸਰਾਇਓ ॥ ੧ ॥**

ਜੂਨਿ ਨੂੰ ਛਡਕੇ ਜਦ ਜੀਵ ਜੱਗ ਵਿਚ ਆਯਾ ਤਾਂ ਪੌਣ ਲਗਦਿਆਂ ਹੀ ਵਾਹਿਗੁਰੂ ਨੂੰ ਭੁਲਾ ਦਿਤਾ।

**ਜੀਅਰਾ ਹਰਿ ਕੇ ਗੁਨ ਗਾਉ ॥ ੧ ॥ ਰਹਾਉ ॥**

ਹੇ ਜੀਵ ਵਾਹਿਗੁਰੂ ਦੇ ਗੁਣ ਗਾ।

**ਗਰਭ ਜੋਨਿ ਮਹਿ ਉਰਧ ਤਪੁ ਕਰਤਾ ॥**

**ਤਉ ਜਠਰ ਅਗਨਿ ਮਹਿ ਰਹਤਾ ॥ ੨ ॥**

ਉਰਧ = ਉਚਾ ॥ ਜਠਰ = ਪੇਟ

ਮਾਂ ਦੇ ਪੇਟ ਵਿਚ ਤੂੰ ਉਤਾਹਾਂ ਨੂੰ ਪੈਰ ਕਰਕੇ ਤਪ ਕਰਦਾ ਸੀ ਤਾਂ ਤੂੰ ਪੇਟ ਦੀ ਅੱਗ ਵਿਚ ਰਹਿੰਦਾ ਭਾਵ ਬਚਿਆ ਸੀ।

**ਲਖ ਚਉਰਾਸੀਹ ਜੋਨਿ ਭ੍ਰਮਿ ਆਇਓ ॥**

---

*ਸਾਰਿਗ ਦੇ ੧੬ ਅਰਥ ਹਨ ਦੇਖੋ ਸੂਰਜ ਪ੍ਰਕਾਸ਼ ਅੰਤਮ ਮੰਗਲ ਗੁਰੂ ਛੇਵੇਂ ਦੀ ਉਪਮਾ।

**ਅਬ ਕੇ ਛੁਟਕੇ ਠਉਰ ਨ ਠਾਇਓ ॥ ੩ ॥**

ਚਉਰਾਸੀ ਲੱਖ ਜੂਨ ਵਿਚੋਂ ਫਿਰਦਾ ਮਨੁਖ ਜਨਮ ਵਿਚ ਤੂੰ ਆਯਾ ਹੈਂ ਅਤੇ ਜੇ ਹੁਨ ਤੂੰ ਛੁਟ ਗਿਓਂ ਭਾਵ ਚੁਰਾਸੀ ਵਿਚ ਡਿਗ ਪਇਓਂ ਵਾ ਜੇ ਵਾਹਿਗੁਰੂ ਦੇ ਚਰਨਾਂ ਤੋਂ ਛੁਟ ਗਿਓਂ ਤਾਂ ਫਿਰ ਕਿਧਰੇ ਖੜੌਣ ਨੂੰ ਜਗਾ ਤੈਨੂੰ ਨਹੀਂ ਹੋਵੇਗੀ।

**ਕਹੁ ਕਬੀਰ ਭਜੁ ਸਾਰਿਗ ਪਾਨੀ ॥**

**ਆਵਤ ਦੀਸੈ ਜਾਤ ਨ ਜਾਨੀ ॥ ੪ ॥ ੧ ॥ ੧੧ ॥ ੬੨ ॥**

ਕਬੀਰ ਜੀ ਕਹਿੰਦੇ ਹਨ ਕਿ ਜਿੱਕੁਰ ਪਪੀਹਾ ਪਾਣੀ ਨੂੰ ਟੀਂ ਟੀਂ ਕਰਦਾ ਹੈ ਤਿੱਕੁਰ ਤੂੰ ਵਾਹਿਗੁਰੂ ਨੂੰ ਯਾਦ ਕਰ ਕਿਉਂਕਿ ਉਮਰ ਔਂਦੀ ਤਾਂ ਦਿਸਦੀ ਹੈ, ਪਰ ਜਾਂਦੀ ਹੋਈ ਨਹੀਂ ਜਾਣੀ ਜਾਂਦੀ।

## ਗਉੜੀ ਪੂਰਬੀ ॥

**ਸੁਰਗ ਬਾਸੁ ਨ ਬਾਛੀਐ ਡਰੀਐ ਨ ਨਰਕਿ ਨਿਵਾਸੁ ॥**

**ਹੋਨਾ ਹੈ ਸੋ ਹੋਈ ਹੈ ਮਨਹਿ ਨ ਕੀਜੈ ਆਸ ॥ ੧ ॥**

"ਸੁਰਗ ਦਾ ਵਸਣਾ ਲੋੜੀਏ ਨਾ ਅਤੇ ਨਰਕ ਦੇ ਨਿਵਾਸ ਤੋਂ ਡਰੀਏ ਨਾ" ਜੋ ਕੁਝ ਹੋਣਾ ਹੈ ਸੋ ਹੋਣਾ ਹੀ ਹੈ ਮਨ ਵਿਚ ਕਾਸੇ ਦੀ ਆਸਾ ਨਹੀਂ ਕਰਨੀ ਚਾਹੀਦੀ ॥

**ਰਮਈਆ ਗੁਨ ਗਾਈਐ ॥**

**ਜਾਤੇ ਪਾਈਐ ਪਰਮ ਨਿਧਾਨੁ ॥ ੧ ॥ ਰਹਾਉ॥**

ਨਿਧਾਨੁ = ਖਜਾਨਾ ॥

ਵਾਹਿਗੁਰੂ ਦੇ ਗੁਨ ਗਾਈਏ, ਜਿਸ ਕਰਕੇ ਵੱਡਾ ਹਛਾ ਨਾਮ ਖਜਾਨਾ ਪਾਈਏ।

**ਕਿਆ ਜਪੁ ਕਿਆ ਤਪੁ ਸੰਜਮੋ ਕਿਆ ਬਰਤੁ ਕਿਆਇਸਨਾਨੁ ॥**

**ਜਬ ਲਗੁ ਜੁਗਤਿ ਨ ਜਾਨੀਐ ਭਾਉਭਗਤਿ ਭਗਵਾਨ ॥ ੨ ॥**

ਜਦੋਂ ਤਕ ਵਾਹਿਗੁਰੂ ਦੀ ਪ੍ਰੇਮਾ ਭਗਤੀ ਦੀ ਯੁਕਤੀ ਨਹੀਂ ਜਾਣੀਏਂ ਤਦੋਂ ਤਕ ਕੀ ਜਕ ਹੈ ਕੀ ਤਪ ਹੈ ਅਤੇ ਕੀ ਇੰਦਰਿਆਂ ਦਾ ਰੋਕਣਾ ਅਤੇ ਕੀ ਅਠਾਹਠ ਤੀਰਥਾਂ ਦਾ ਇਸਨਾਨ ਹੈ ॥

**ਸੰਪੈ ਦੇਖਿ ਨ ਹਰਖੀਐ ਬਿਪਤਿ ਦੇਖਿ ਨ ਰੋਇ ॥**

**ਜਿਉ ਸੰਪੈ ਤਿਉ ਬਿਪਤਿ ਹੈ ਬਿਧਨੇ ਰਚਿਆ ਸੋ ਹੋਇ ॥ ੩ ॥**

ਸੰਪੈ = ਸਾਮਿਗ੍ਰੀ ॥ ਹਰਖੀਐ = ਖੁਸ਼ੀ ਹੋਈਏ । ਬਿਪਤ = ਬਿਪਤਾ

ਰਾਜ ਭਾਗ ਨੂੰ ਦੇਖਕੇ ਖੁਸ਼ੀ ਨ ਹੋਈਏ ਅਤੇ ਬਿਪਤਾ ਨੂੰ ਦੇਖਕੇ ਰੋਈਏ ਨਾ ਜਿੱਕੁਰ ਸੰਪੈ ਹੈ ਤਿਕੁਰ ਬਿਪਤਾ ਹੈ ਵਾ ਜਿਕੁਰ ਵਾਹਿਗੁਰੂ ਨੇ ਬਨਾਇਆ ਹੈ ਤਿਕੁਰ ਜ਼ਰੂਰ ਹੀ ਹੋਵੇਗਾ।

**ਕਹਿ ਕਬੀਰ ਅਬ ਜਾਨਿਆ ਸੰਤਨ ਰਿਦੈ ਮਝਾਰਿ ॥ ਸੇਵਕ ਸੋ ਸੇਵਾ ਭਲੇ ਜਿਹ ਘਟ ਬਸੈ ਮੁਰਾਰਿ ॥ ੪ ॥ ੧ ॥ ੧੨ ॥ ੬੩ ॥**

ਕਬੀਰ ਜੀ ਕਹਿੰਦੇ ਹਨ ਇਹੁ ਹੁਣ ਸੰਤਾਂ ਨੇ ਰਿਦੇ (ਮਝਾਰਿ) ਵਿਚ ਜਾਣਿਆਂ ਹੈ ਸੋ ਸੇਵਕ ਸੇਵਾ ਕਰਨ ਵਿੱਚ ਭਲੇ ਹਨ ਜਿਨ੍ਹਾਂ ਦੇ ਰਿਦੇ ਵਿਚ ਵਾਹਿਗੁਰੂ ਵਸਦਾ ਹੈ ॥

"ਅਨਜੋਕਤੀ" (ਉਪਦੇਸ਼)

**ਗਉੜੀ ॥ ਰੇ ਮਨ ਤੇਰੋ ਕੋਇਨਹੀ ਖਿੰਚਿ ਲੇਇ ਜਿਨਿ ਭਾਰੁ ॥**
**ਬਿਰਖ ਬਸੇਰੋ ਪੰਖਿ ਕੋ ਤੈਸੋ ਇਹੁ ਸੰਸਾਰੁ॥੧॥**

ਜਿਨਿ = ਮਤ, ਨਾ ॥

ਹੇ ਮਨ ਤੇਰਾ ਕੋਈ ਨਹੀਂ ਇਸ ਲਈ ਤੂੰ ਆਪਣੇ ਸਿਰ ਤੇ ਮਤ ਪਾਪਾਂ ਰੂਪ ਭਾਰ ਖਿੱਚ ਲੈ, ਜਿੱਕਰ ਬ੍ਰਿਛ ਤੇ ਪੰਛੀਆਂ ਦਾ (ਰਾਤ ਨੂੰ) ਵਸੇਰਾ ਹੁੰਦਾ ਹੈ ਤਿੱਕੁਰ ਹੀ ਏਹ ਸੰਸਾਰ ਹੈ। (ਕਿਸੇ ਦਿਨ ਤੂੰ ਵੀ ਇਸ ਬ੍ਰਿਛ ਤੇ ਕਾਲ ਰੂਪ ਦਿਨ ਚੜ੍ਹਨ ਨਾਲ ਉੜ ਜਾਵੇਂਗਾ)

**ਰਾਮ ਰਸੁ ਪੀਆ ਰੇ ॥**

**ਜਿਹ ਰਸ ਬਿਸਰਿ ਗਏ ਰਸ ਅਉਰ ॥ ੧ ॥ ਰਹਾਉ ॥**

ਹੇ ਭਾਈ ਮੈਂ ਵਾਹਿਗੁਰੂ ਰੂਪ ਸੁਆਦੀ ਅੰਮ੍ਰਿਤ ਪੀਤਾ ਹੈ (ਵਾ ਤੂੰ ਪੀ) ਜਿਸ ਕਰਕੇ ਹੋਰ ਰਸ ਸਾਰੇ ਪੀਣੇ ਭੁਲ ਗਏ ਹਨ ॥

**ਅਉਰ ਮੂਏ ਕਿਆ ਰੋਈਐ ਜਉ ਆਪਾ ਥਿਰੁ ਨ ਰਹਾਇ ॥**
**ਜੋ ਉਪਜੈ ਸੋ ਬਿਨਸਿ ਹੈ ਦੁਖੁ ਕਰਿ ਰੋਵੈ ਬਲਾਇ ॥ ੨ ॥**

ਜਦ ਕਿ ਆਪ ਹੀ ਇਸਥਿਤਿ ਨਹੀਂ ਰਹਿਣਾ ਤਾਂ ਹੋਰਨਾ ਦੇ ਮਰਨੇ ਪਰ ਕੀ ਰੋਈਏ ਜੋ ਉਪਜਿਆ ਹੈ ਨਾਸ ਹੋਣਾ ਹੀ ਹੈ ਇਸ ਲਈ ਦੁਖ ਮੰਨਕੇ ਮੇਰੀ ਬਲਾ ਰੋਂਦੀ ਹੈ ॥

**ਜਹ ਕੀ ਉਪਜੀ ਤਹ ਰਚੀ ਪੀਵਤ ਮਰਦਨ ਲਾਗ ॥**
**ਕਹਿ ਕਬੀਰ ਚਿਤਿ ਚੇਤਿਆ ਰਾਮ ਸਿਮਰਿ ਬੈਰਾਗ ॥ ੩ ॥ ੨॥ ੧੩ ॥ ੬੪ ॥**

ਮਰਦਨ = ਮਲਣਾ ।

ਜਿਥੋਂ ਇਸਦੀ ਦੇਹ ਉਪਜੀ ਸੀ ਉਸਨੂੰ ਹੀ ਭੋਗਣ ਵਿੱਚ ਇਸਦੀ ਬ੍ਰਿਤੀ ਰਚੀ ਹੈ ਅਤੇ ਜਿਨ੍ਹਾਂ ਵਿੱਚੋਂ ਦੁਧ ਪੀਂਦਾ ਸੀ ਓਨ੍ਹਾਂ ਨੂੰ ਮਲਣ ਲੱਗਾ ਹੈ। ਵਾ ਜਿਸ ਵਾਹਿਗੁਰੂ ਤੋਂ ਜੀਵ ਕਲਾ ਵੱਖਰੀ ਹੋਈ ਸੀ ਉਸ ਨਾਲ ਹੀ ਮਿਲ ਗਈ ਸੋ ਮਰਦਨ = ਮਰਦਾਂ ਸੰਤਾਂ ਨਾਲ ਮਿਲਕੇ ਨਾਮ ਅੰਮ੍ਰਿਤ ਪੀ, ਕਬੀਰ ਜੀ ਕਹਿੰਦੇ ਹਨ ਮੈਂ ਤਾਂ ਵਾਹਿਗੁਰੂ ਨੂੰ ਯਾਦ ਕੀਤਾ ਅਤੇ ਤੂੰ ਵੀ ਵਾਹਿਗੁਰੂ ਨੂੰ ਵੈਰਾਗ ਕਰਕੇ ਯਾਦ ਕਰ ॥

## ਰਾਗੁ ਗਉੜੀ ॥

**†ਪੰਥੁ ਨਿਹਾਰੈ ਕਾਮਨੀ ਲੋਚਨ ਭਰੀ ਲੇ ਉਸਾਸਾ ॥**
**ਉਰ ਨ ਭੀਜੈ ਪਗੁ ਨ ਖਿਸੈ ਹਰਿ ਦਰਸਨ ਕੀ ਆਸਾ ॥ ੧ ॥**

ਪੰਥ = ਰਸਤਾ । ਨਿਹਾਰੈ = ਵੇਖੈ । ਕਾਮਨੀ = ਇਸਤ੍ਰੀ ।
ਲੋਚਨ = ਨੇਤ੍ਰ । ਉਰ = ਰਿਦਾ । ਖਿਸੈ = ਖਿਸਕੇ ।

ਜਿੱਕੁਰ ਇਸਤ੍ਰੀ ਨੇਤਰ ਭਰਕੇ ਉੱਭੇ ਸਾਹ ਲੈਂਦੀ ਹੈ, ਪਤੀ ਦਾ ਰਸਤਾ ਵੇਖਦੀ ਹੈ ਅਤੇ ਰਿਦਾ ਪ੍ਰੇਮ ਨਾਲ ਭਿਜਦਾ ਨਹੀ ਅਤੇ ਪੈਰ ਖਿਸਕਦਾ ਨਹੀਂ ਹੈ ਕਿਉਂਕਿ ਵਾਹਿਗੁਰੂ ਰੂਪ ਪਤੀ ਦੀ ਜਗਿਆਸੂ ਨੂੰ ਆਸਾ ਹੈ । ਭਾਵ ਜਿੱਕੁਰ ਪਤਿਬ੍ਰਤਾ ਇਸਤ੍ਰੀ ਦਾ ਮਨ ਹੋਰ ਪਤੀ ਦੇ ਨਾਲ ਨਹੀਂ ਲੱਗਦਾ ਇੱਕੁਰ ਹੀ ਜਗਿਆਸੂ ਦਾ ਦੇਵੀ ਦੇਵਤਿਆਂ ਵੱਲ ਮਨ ਨਹੀਂ ਲਗਦਾ ॥

**ਉਡਹੁ ਨ ਕਾਗਾ ਕਾਰੇ ॥**
**ਬੇਗਿ ਮਿਲੀਜੈ ਅਪੁਨੇ ਰਾਮ ਪਿਆਰੇ ॥ ੧ ॥ ਰਹਾਉ ॥**

ਕਾਰੇ = ਕਾਲੇ । ਬੇਗਿ = ਛੇਤੀ ।

ਜਿੱਕੁਰ ਇਸਤ੍ਰੀ ਆਖਦੀ ਹੈ ਕਿ ਹੇ ਕਾਲਿਓ ਕਾਂਓ ਤੁਸੀ ਉਡਦੇ ਨਹੀਂ ਭਾਵ ਉੱਡੋ ਕਿਉਂਕਿ ਮੈਂ ਆਪਣੇ ਵਾਹਿਗੁਰੂ ਪਿਆਰੇ ਨੂੰ ਛੇਤੀ ਮਿਲਾਂ ਤਿੱਕੁਰ ਹੀ ਜਗਿਆਸੂ ਆਖਦਾ ਹੈ ਹੇ ਕਾਲਿਓ ਪਾਪੋ ਦੂਰ ਹੋ ਜਾਵੋ ।

**ਕਹਿ ਕਬੀਰ ਜੀਵਨ ਪਦ ਕਾਰਨਿ ਹਰਿ ਕੀ ਭਗਤਿ ਕਰੀਜੈ ॥**

†ਪ੍ਰੋਖਤ ਪਤਿਕਾ ਨਾਇਕਾ ਵਾਂਗੂ ਆਪਣਾ ਪ੍ਰੇਮ ਪ੍ਰਗਟ ਕਰਦੇ ਹਨ ।

## ਏਕੁ ਆਧਾਰੁ ਨਾਮ ਨਾਰਾਇਨ ਰਸਨਾ ਰਾਮੁ ਰਵੀਜੈ ॥ ੨ ॥ ੧ ॥ ੧੪ ॥ ੬੫ ॥

ਰਵੀਜੈ = ਉਚਾਰੀਏ।

ਕਬੀਰ ਜੀ ਕਹਿੰਦੇ ਹਨ ਜੀਵਣ (ਪਦ) ਮੁਕਤੀ ਵਾਸਤੇ ਵਾਹਿਗੁਰੂ ਦੀ ਭਗਤੀ ਕਰੀਏ, ਮਨ ਨੂੰ ਇਕ ਨਾਮ ਦਾ ਆਸਰਾ ਦੇਈਏ ਅਤੇ ਰਸਨਾ ਕਰਕੇ ਵੀ ਵਾਹਿਗੁਰੂ ਨੂੰ ਉਚਾਰੀਏ॥

## ਰਾਗੁ ਗਉੜੀ ੧੧ ॥

## †ਆਸ ਪਾਸ ਘਨ ਤੁਰਸੀ ਕਾ ਬਿਰਵਾ ਮਾਝ ਬਨਾਰਸਿਗਾਊਰੇ॥

ਘਨ = ਬਹੁਤਾ। ਤੁਰਸੀ = ਤੁਲਸੀ। ਬਿਰਵਾ = ਬੂਟਾ। ਬਨਾਰਸਿ = ਕਾਂਸ਼ੀ ਵ ਬਣਿਆ ਹੋਇਆ ਰਸ। ਵ ਬਰਸਾਨਾ ਪਿੰਡ। (ਦੂਜਾ) ਤੁਰਸੀ = ਤੁਲਤਾ ਏਕਤਾ। ਬਰਸਾਨਾ = ਰਿਦਾ।

ਲਾਂਭੇ ਚਾਂਭੇ ਏਕਤਾ ਦਾ ਸੰਘਣਾ ਬੂਟਾ ਹੈ ਅਤੇ ਵਿਚ ਬਨਾਰਸਿ ਗ੍ਰਾਉਂ ਹੈ।

## ਉਆ ਕਾ ਸਰੂਪੁ ਦੇਖਿ ਮੋਹੀ ਗੁਆਰਨਿ ਮੋਕਉ ਛੋਡਿ ਨ ਆਉ ਨ ਜਾਹੂ ਰੇ ॥ ੧ ॥

ਗੁਆਰਨਿ = ਗ੍ਵਾਲਨੀ, ਰਾਧਕਾਂ, ਬੁੱਧੀ।

ਉਸ ਸਤਿਸੰਗ ਵਿੱਚ ਜੋ ਵਾਹਿਗੁਰੂ ਹੈ ਉਸਦਾ ਰੂਪ ਵੇਖਕੇ ਬੁੱਧੀ ਮੋਹਤ ਹੋ ਗਈ ਹੈ ਅਤੇ ਆਖਦੀ ਹੈ ਹੇ ਵਾਹਿਗੁਰੂ ਮੈਨੂੰ ਛੱਡ ਨਾਂ ਅਤੇ ਨਾਂ ਕਿਧਰੋਂ ਆ ਜਾਹ, ਮੈਂ ਚੁਰਾਸੀ ਵਿਚ ਨਾਂ ਆ ਜ਼ਾਵਾਂਗੀ।

## ਤੋਹਿ ਚਰਨ ਮਨੁ ਲਾਗੋ ਸਾਰਿੰਗਧਰ ਸੋ ਮਿਲੈ ਜੋ ਬਡ ਭਾਗੋ ॥ ੧ ॥ ਰਹਾਉ ॥

ਸਾਰਿੰਗਧਰ = ਧਨੁਖ ਧਾਰਨ ਵਾਲਾ ਵਾਹਿਗੁਰੂ।

ਹੇ ਵਾਹਿਗੁਰੂ ਮੇਰਾ ਮਨ ਤੇਰੇ ਚਰਨਾਂ ਵਿੱਚ ਲਗਾ ਹੈ ਤੈਨੂੰ ਸੋ ਮਿਲਦਾ ਹੈ ਜਿਸਦੇ ਵੱਡੇ ਭਾਗ ਹੁੰਦੇ ਹਨ॥

## ਬਿੰਦ੍ਰਾਬਨ ਮਨ ਹਰਨ ਮਨੋਹਰ ਕ੍ਰਿਸ਼ਨ ਚਰਾਵਤ ਗਾਊਰੇ॥

†ਬਿੰਦਰਾਬਨ ਅਤੇ ਮਥਰਾ ਦੇ ਪਾਸ ਓਹ ਬਰਸਾਨਾ ਹੈ ਅਸਲ ਵਿਚ ਬਨਾਰਸ ਹੈ, ਪਰ ਏਹ ਲਫਜ਼ ਇਸ ਮੌਕੇ ਦੇ ਮੁਤਾਬਕ ਨਹੀਂ ਹੈ ਬਨਾਰਸ ਗਾਉਂ ਇੱਕੁਰ ਵੀ ਪੜ੍ਹਿਆ ਜਾਂਦਾ ਹੈ ਜਿਸਦੇ ਅਰਥ ਹਨ ਕਿ ਝਾੜੀਆਂ ਵਿਚ ਇਕ ਚੰਗਾ ਪਿੰਡ ਬਣਾਇਆ ਹੈ। ਇਸਦਾ ਭਾਵ ਸਤਸੰਗ ਹੈ ਇਹ ਸਾਰਾ ਸ਼ਬਦ ਸਤਸੰਗ ਉਤੇ ਲਗਦਾ ਹੈ।

ਬਿੰਦ੍ਰਾਬਨ = ਬਾਗ, ਸਤਸੰਗ ਵ ਰਿਦਾ ॥ ਮਨੋਹਰ = ਸੁੰਦਰ।
ਕ੍ਰਿਸਨ = ਚੇਤਨ ਸਾਖੀ, ਵਾਹਿਗੁਰੂ। ਗਾਊਂ = ਗਾਈਆਂ, ਇੰਦ੍ਰੀਆਂ।

ਸਤਸੰਗ ਸੁੰਦਰ ਮਨ ਦੇ ਹਰਨ ਵਾਲਾ ਹੈ ਅਤੇ ਵਿੱਚ ਵਾਹਿਗੁਰੂ ਸੰਤਾਂ ਦੀਆਂ ਇੰਦ੍ਰੀਆਂ ਕੰਨਾਂ ਆਦਿਕਾਂ ਨੂੰ ਚਰਾਉਂਦਾ ਕਿਆ ਭਲੇ ਬੰਨੇ ਵੱਲ ਲਾਉਂਦਾ ਹੈ।

***ਜਾਕਾ ਠਾਕੁਰੁ ਤੁਹੀ ਸਾਰਿੰਗਧਰ ਮੋਹਿ ਕਬੀਰਾ ਨਾਊ ਰੇ ॥ ੨ ॥ ੨ ॥ ੧੫ ॥ ੬੬ ॥**

ਸਾਰਿੰਗਧਰ = ਧਨੁਖਧਾਰੀ ॥

ਹੇ ਵਾਹਿਗੁਰੂ ਜਿਸ ਮੈਂ ਦਾਸ ਦਾ ਤੂੰ ਠਾਕਰ ਹੈਂ ਅਤੇ ਮੇਰਾ ਨਾਉਂ ਕਬੀਰ ਹੈ।

(ਪਾਖੰਡ ਖੰਡਨ)

**ਗਉੜੀ ਪੂਰਬੀ ੧੨ ॥ ਬਿਪਲ ਬਸਤ੍ਰ ਕੇਤੇ ਹੈ ਪਹਿਰੇ ਕਿਆ ਬਨ ਮਧੇ ਬਾਸਾ ॥ ਕਹਾ ਭਇਆ ਨਰ ਦੇਵਾ ਧੋਖੇ ਕਿਆ ਜਲਿ ਬੋਰਿਓ ਗਿਆਤਾ ॥ ੧ ॥**

ਬਿਪਲ = ਦਰਖਤਾਂ ਦੇ ਪੱਤਰਾਂ ਦੇ ਕੱਪੜੇ । ਧੋਖੇ = ਪੂਜਿਆ ਵ ਦੇਵਤਿਆਂ ਨੂੰ ਧੋਖੇ ਦਿੱਤੇ ॥ ਗਿਆਤਾ = ਸਰੀਰ ਵ ਗਿਆਤ ॥

ਕਿੰਨੇ ਸਾਰੇ ਬਿਪਲਾਂ ਦੇ ਕੱਪੜੇ ਪਾਉਂਦੇ ਹਨ ਅਤੇ ਜੰਗਲਾਂ ਵਿੱਚ ਵਸਣਾਂ ਕਰਦੇ ਹਨ ਤਾਂ ਕਿਆ ਹੋਇਆ ? ਭਾਵ ਨਿਸਫਲ। ਕਿਆ ਹੋਇਆ ਜੋ ਆਦਮੀ ਦੇਵਤਿਆਂ ਨੂੰ ਪੂਜਦਾ ਰਿਹਾ ਅਤੇ ਕਿਆ ਹੈ ਜੋ ਸਮਝ ਕਰਕੇ ਪਾਣੀ ਵਿੱਚ ਸਰੀਰ ਨੂੰ ਡੋਬਦਾ ਰਿਹਾ ਭਾਵ ਤੀਰਥਾਂ ਤੇ ਨ੍ਹਾਉਂਦਾ ਫਿਰਿਆ।

---

*ਸ੍ਰੀ ਯੁਤ ਮਕਾਲਿਫ ਸਾਹਿਬ ਜੀ ਨੇ ਇਸ ਸਬਦ ਦਾ ਅਰਥ ਇੱਕੁਰ ਕੀਤਾ ਹੈ:—"ਮਿੱਠੀ ਸੁਗੰਧ ਵਾਲੀ ਨਾਜ਼ ਬੋ ਦੀਆਂ ਬਹੁਤ ਸਾਰੀਆਂ ਝਾੜੀਆਂ ਹਨ ਉਨ੍ਹਾਂ ਦੇ ਵਿੱਚ ਨੇੜੇ ਬਰਸਾਨੇ ਦਾ ਪਿੰਡ ਹੈ, ਗ੍ਵਾਲਨਿ ਰਾਧਾ ਕ੍ਰਿਸ਼ਨ ਦੀ ਖ਼ੂਬਸੂਰਤੀ ਨੂੰ ਦੇਖਕੇ ਉਸ ਤੇ ਮੋਹਿਤ ਹੋ ਗਈ, ਕਹਿੰਦੀ ਹੈ ਮੈਨੂੰ ਨਾ ਛੱਡ ਅਤੇ ਏਧਰ ਓਧਰ ਨਾ ਜਾਹ ਤੇ ਮੇਰਾ ਚਿੱਤ ਤੇਰੇ ਚਰਨਾਂ ਨਾਲ ਲੱਗਾ ਹੋਇਆ ਹੈ, ਓ ਕਮਾਨ ਵਾਲੇ ! ਓਹ ਬੜੀ ਖੁਸ਼ਕਿਸਮਤ ਵਾਲੀ ਹੈ ਜੇਹੜੀ ਤੈਨੂੰ ਮਿਲਦੀ ਹੈ, ਬਿੰਦ੍ਰਾਬਨ ਮਨ ਨੂੰ ਹਰ ਲੈਣ ਵਾਲਾ ਹੈ ਜਿੱਥੇ ਮਨ ਮੋਹ ਲੈਣ ਵਾਲਾ ਕ੍ਰਿਸ਼ਨ ਗਊਆਂ ਚਰਾਉਂਦਾ ਹੈ, ਕਿਉਂਕਿ ਤੂੰ ਮੇਰਾ ਮਾਲਕ ਹੈਂ ਓ ਕਮਾਨ ਵਾਲੇ ਮੇਰਾ ਨਾਮ ਵੱਡਾ ਹੈ" "ਸਿੱਟਾ" ਮੂਰਤੀ ਪੂਜਣ ਵਾਲੇ ਅਤੇ ਸੰਨਜਾਸੀਆਂ ਦੀ ਭਗਤੀ ਬਿਅਰਥ ਹੈ।।

**ਜੀਅਰੇ ਜਾਹਿਗਾ ਮੈ ਜਾਨਾਂ ॥ ਅਬਿਗਤੁ ਸਮਝੁ ਇਆਨਾ ॥ ਜਤ ਜਤ ਦੇਖਉ ਬਹੁਰਿ ਨ ਪੇਖਉ ਸੰਗਿ ਮਾਇਆ ਲਪਟਾਨਾ ॥ ੧ ॥ ਰਹਾਉ ॥**

ਅਬਗਤ = ਜਿੱਥੇ ਨਾ ਪਰਾਪਤੀ ਹੋਵੇ ॥

ਹੇ ਜੀਅ ਤੂੰ ਮਰ ਜਾਵੇਂਗਾ ਮੈਂ ਜਾਣਿਆ ਹੈ। ਨਹੀਂ ਤਾਂ ਹੇ ਇਆਣੇ ਵਾਹਿਗੁਰੂ ਨੂੰ (ਸਮਝ) ਯਾਦ ਕਰ, ਹੇ ਜੀਵ ਜਿਧਰ ਜਿਧਰ ਤੂੰ ਵੇਖ ਰਿਹਾ ਹੈਂ ਫਿਰ ਕੁਝ ਦਿਨਾਂ ਤੱਕ ਨਾ ਵੇਖੇਂਗਾ, ਹਾਇ ਅਫਸੋਸ ! ਨਾਸ ਰੂਪ ਮਾਇਆ ਨਾਲ ਚੰਬੜ ਗਿਆ ਹੈਂ।

**ਗਿਆਨੀ ਧਿਆਨੀ ਬਹੁ ਉਪਦੇਸੀ ਇਹੁ ਜਗੁ ਸਗਲੋ ਧੰਧਾ ॥ ਕਹਿ ਕਬੀਰ ਇਕ ਰਾਮ ਨਾਮ ਬਿਨੁ ਇਆ ਜਗੁ ਮਾਇਆ ਅੰਧਾ। ੨ ॥ ੧ ॥ ੧੬ ॥ ੬੭ ॥**

ਗਿਆਨੀ ਧਿਆਨੀ ਅਤੇ ਬਹੁਤ ਉਪਦੇਸ਼ ਦੇਣ ਵਾਲੇ ਇਹ ਸਾਰੇ ਹੀ ਜਗਤ ਵਿੱਚ ਧੰਧਾ ਪਿੱਟ ਰਹੇ ਹਨ। ਕਬੀਰ ਜੀ ਕਹਿੰਦੇ ਹਨ ਇਕ ਵਾਹਿਗੁਰੂ ਦੇ ਨਾਮ ਤੋਂ ਬਿਨਾਂ ਇਸ ਜਗਤ ਨੂੰ ਮਾਇਆ ਨੇ ਅੰਨ੍ਹਾ ਕਰ ਛੱਡਿਆ ਹੈ ॥

(ਉਪਦੇਸ਼)

**ਗਉੜੀ ੧੨ ॥ ਮਨ ਰੇ ਛਾਡਹੁ ਭਰਮੁ ਪ੍ਰਗਟੁ ਹੋਇ ਨਾਚਹੁ ਇਆ ਮਾਇਆ ਕੇ ਡਾਂਡੇ ॥**

ਡਾਂਡੇ = ਜਿਨ੍ਹੂੰ ਜਰਮਾਨਾ ਹੋਇਆ ਹੋਵੇ ॥

ਹੇ ਮਨ ਇਸ ਮਾਇਆ ਦੇ ਵੱਸ ਹੋਏ ਹੋਏ ਭਰਮ ਛੱਡਕੇ ਪ੍ਰਗਟ ਹੋਕੇ ਨੱਚ ਭਾਵ ਨਾਮ ਜਪ।

**ਸੂਰੁ ਕਿ ਸਨਮੁਖ ਰਨ ਤੇ ਡਰਪੈ ਸਤੀ ਕਿ ਸਾਂਚੈ ਭਾਂਡੇ ॥ ੧ ॥**

ਸੂਰ = ਸੂਰਮਾ ॥ ਸਾਂਚੈ = ਇਕੱਠੇ ॥

ਸੋ ਸੂਰਮਾ ਕਿਆ ਹੈ ਜੇਹੜਾ ਰਣ ਦੇ ਸਾਹਮਣੇ ਹੋਕੇ ਡਰ ਪਏ ਅਤੇ ਸੋ ਸਤੀ ਕਿਆ ਹੈ ਜੇਹੜੀ ਪਤੀ ਦੇ ਨਾਲ ਸੜਨ ਸਮੇਂ ਭਾਂਡੇ ਸੰਭਾਲਨ ਲੱਗ ਪਏ।

**ਡਗਮਗ ਛਾਡਿ ਰੇ ਮਨ ਬਉਰਾ ॥ ਅਬ ਤਉ ਜਰੇ ਮਰੇ ਸਿਧਿ ਪਾਈਐ ਲੀਨੋ ਹਾਥਿ ਸੰਧਉਰਾ ॥ ੧ ॥ ਰਹਾਉ ॥**

ਡਗ = ਕਦਮ ਵਾ ਵਿੰਗੇ। ਮਗ = ਰਸਤਾ। ਸੰਧਉਰਾ = ਨਾਰੀਏਲ ਵਾ ਖੰਡਾ।

ਹੇ ਮਨ ਬੌਰੇ ਡਾਵਾਂ ਡੋਲ ਹੋਣਾ ਛੱਡ ਦੇਹ ਹੁਣ ਤਾਂ ਸਤੀ ਵਾਕੁਰ ਸੜਿਆਂ ਹੋਇਆਂ ਅਤੇ ਸੂਰਮੇ ਵਾਕੁਰ ਮਰਿਆਂ ਹੋਇਆਂ ਹੀ ਮੁਕਤੀ ਪਾਈ ਜਾਵੇਗੀ, ਕਿਉਂਕਿ ਹਥ ਵਿਚ ਵੈਰਾਗ ਰੂਪ ਨਰੀਏਲ ਅਤੇ ਗਯਾਨ ਰੂਪ ਖੰਡਾ ਜੋ ਫੜ ਲਿਆ ਹੈ।

**ਕਾਮ ਕ੍ਰੋਧ ਮਾਇਆ ਕੇ ਲੀਨੇ ਇਆ ਬਿਧਿ ਜਗਤੁ ਬਿਗੂਤਾ ॥**

ਲੀਨੇ = ਲੀਨ ਵ ਲੈਣ ਵਾਸਤੇ। ਬਿਗੂਤਾ = ਖਰਾਬ ਹੋਣਾ ॥

ਕਾਮ ਕਰੋਧ ਮਾਇਆ ਵਿਚ ਫਸਿਆ ਹੋਇਆ ਇੱਕੁਰ ਦੀ ਰੀਤੀ ਕਰਕੇ ਜਗਤ ਖਰਾਬ ਹੋ ਰਿਹਾ ਹੈ।

**ਕਹਿ ਕਬੀਰ ਰਾਜਾ ਰਾਮ ਨ ਛੋਡਉ**
**ਸਗਲ ਊਚ ਤੇ ਊਚਾ ॥ ੨ ॥ ੨ ॥ ੧੨ ॥ ੬੮ ॥**

ਕਬੀਰ ਜੀ ਕਹਿੰਦੇ ਹਨ ਮੈਂ ਵਾਹਿਗੁਰੂ ਦਾ ਨਾਮ ਨਾ ਛਡੂੰਗਾ ਕਿਉਂਕਿ ਸਭ ਉੱਚਿਆਂ ਤੇ ਉੱਚਾ ਹੈ।

**ਗਉੜੀ ੧੩ ॥ ਫੁਰਮਾਨੁ ਤੇਰਾ ਸਿਰੈ ਊਪਰਿ**
**ਫਿਰਿ ਨ ਕਰਤ ਬੀਚਾਰ ॥**

(ਸਨਮੁਖ ਬੇਨਤੀ)

ਹੇ ਵਾਹਿਗੁਰੂ! ਤੇਰਾ ਹੁਕਮ ਮੈਂ ਸਿਰ ਤੇ ਮੰਨਦਾ ਹਾਂ ਅਤੇ ਫੇਰ ਮੈਂ ਵਿਚ ਵਿਚਾਰ ਨਹੀਂ ਕਰਦਾ ਕਿ ਏਹ ਠੀਕ ਨਹੀਂ।

**ਤੁਹੀ ਦਰੀਆ ਤੁਹੀ ਕਰੀਆ ਤੁਝੈ ਤੇ ਨਿਸਤਾਰ ॥ ੧ ॥**

ਕਰੀਆ = ਮਲਾਹ ॥

ਤੂੰਹੇਂ ਹੀ ਦਰਿਆ ਹੈਂ ਅਤੇ ਤੂੰਹੇਂ ਹੀ ਮਲਾਹ ਹੈਂ ਅਤੇ ਤੇਰੇ ਪਾਸੋਂ ਹੀ ਮੇਰਾ ਨਿਸਤਾਰਾ ਹੈ ॥

**ਬੰਦੇ ਬੰਦਗੀ ਇਕਤੀਆਰ ॥**
**ਸਾਹਿਬੁ ਰੋਸੁ ਧਰਉ ਕਿ ਪਿਆਰੁ ॥ ੧ ॥ ਰਹਾਉ ॥**

ਹੇ ਬੰਦੇ ਬੰਦਗੀ ਨੂੰ ਇਖਤ੍ਰਿਆਰ ਕਰ ਵਾਹਿਗੁਰੂ ਚਾਹੇ ਗੁੱਸਾ ਧਰੇ ਚਾਹੇ ਪਿਆਰ ॥

**ਨਾਮੁ ਤੇਰਾ ਆਧਾਰੁ ਮੇਰਾ ਜਿਉ ਫੂਲੁ ਜਈ ਹੈ ਨਾਰਿ ॥**

ਜਈ = ਪੁਤ੍ਰ, ਜੰਮਿਆ ਹੋਇਆ ॥

ਤੇਰਾ ਨਾਮ ਮੇਰਾ ਇੱਕੁਰ ਆਸਰਾ ਹੈ ਜਿੱਕੁਰ ਪੁਤ੍ਰ ਨੂੰ ਵੇਖਕੇ

ਇਸਤ੍ਰੀ ਫੁਲ ਜਾਂਦੀ ਹੈ ਵਾ ਪਾਣੀ ਨੂੰ ਵੇਖਕੇ ਜਿੱਕੁਰ ਬੂਟੀ ਫੁਲ ਜਾਂਦੀ ਹੈ।

**ਕਹਿ ਕਬੀਰ ਗੁਲਾਮੁ ਘਰ ਕਾ**

**ਜੀਆਇ ਭਾਵੈ ਮਾਰਿ ॥ ੨ ॥ ੧੮ ॥ ੬੯ ॥**

ਕਬੀਰ ਜੀ ਕਹਿੰਦੇ ਹਨ ਮੈਂ ਆਪ ਦੇ ਘਰ ਦਾ ਗੁਲਾਮ ਹਾਂ ਚਾਹੇ ਜੀਵਾਵੋ ਚਾਹੇ ਮਾਰੋ।

**ਗਉੜੀ ੫ ॥ ਲਖ ਚਉਰਾਸੀਹ ਜੀਅ ਜੋਨਿ ਮਹਿ**

**ਭ੍ਰਮਤ ਨੰਦੁ ਬਹੁ ਥਾਕੋ ਰੇ ॥**

ਨੰਦ = ਕ੍ਰਿਸ਼ਨ ਦਾ ਪਿਓ।

ਚੁਰਾਸੀ ਲੱਖ ਜੀਅ ਜੂਨ ਵਿਚ ਫਿਰਦਾ ਹੋਇਆ ਨੰਦ ਬਹੁਤ ਥੱਕ ਗਿਆ ਹ (ਰੇ)।

**ਭਗਤਿ ਹੇਤਿ ਅਵਤਾਰੁ ਲੀਓ ਹੈ ਭਾਗੁ ਬਡੋ ਬਪੁਰਾ ਕੋ ਰੇ ॥੧॥**

ਹੇਤਿ = ਪ੍ਰੇਮ, ਵਾਸਤੇ

ਭਗਤੀ ਵਾਸਤੇ ਅਵਤਾਰ ਲਿਆ ਹੈ ਉਸ ਬਪੜੇ ਦਾ ਭਾਗ ਵਡਾ ਹੈ।

**ਤੁਮ ਜੁ ਕਹਤ ਹਉ ਨੰਦਕੋ ਨੰਦਨੁ**

**ਨੰਦੁ ਸੁ ਨੰਦਨੁ ਕਾਕੋ ਰੇ ॥**

ਨੰਦ = ਕ੍ਰਿਸ਼ਨ ਦਾ ਪਿਓ। ਨੰਦਨ = ਪੁਤ੍ਰ

ਤੁਸੀ ਜੋ ਕਹਿੰਦੇ ਹੋ ਕ੍ਰਿਸ਼ਨ ਨੰਦ ਦਾ ਪੁਤ੍ਰ ਹੈ ਅਤੇ ਨੰਦ ਕਿਸ ਦਾ ਪੁਤ੍ਰ ਸੀ ?

**ਧਰਨਿ ਅਕਾਸੁ ਦਸੋ ਦਿਸ ਨਾਹੀ**

**ਤਬ ਇਹੁ ਨੰਦੁ ਕਹਾ ਥੋ ਰੇ ॥ ੧ ॥ ਰਹਾਉ ॥**

ਧਰਤੀ ਅਕਾਸ਼ ਦਸੇ ਹੀ ਦਿਸ਼ਾਂ ਜਦ ਨਹੀਂ ਸਨ ਤਦ ਇਹ ਨੰਦ ਕਿੱਥੇ ਸੀ ?

**ਸੰਕਟਿ ਨਹੀ ਪਰੈ ਜੋਨਿ ਨਹੀ ਆਵੈ ਨਾਮੁ**

**ਨਿਰੰਜਨ ਜਾਕੋ ਰੇ ॥**

ਸੰਕਟਿ = ਦੁਖ। ਨਿਰੰਜਨ = ਮਾਇਆ ਰਹਤ

ਦੁਖ ਪੈਂਦਾ ਨਹੀਂ ਜੂਨੀਆਂ ਵਿਚ ਆਉਂਦਾ ਨਹੀਂ ਜਿਸ ਵਾਹਿਗੁਰੂ ਦਾ ਨਾਮ ਨਿਰੰਜਨ ਹੈ॥

**ਕਬੀਰ ਕੋ ਸੁਆਮੀ ਐਸੋ ਠਾਕੁਰੁ**

**ਜਾਕੈ ਮਾਈ ਨ ਬਾਪੋ ਰੇ ॥ ੨ ॥ ੧੯ ॥ ੭੦ ॥**

ਹੇ ਕਬੀਰ ਦਾ ਸੁਆਮੀ ਠਾਕੁਰ ਇੱਕਰ ਦਾ ਹੈ ਕਿ ਜਿਸਦਾ ਮਾਈ ਨ ਬਾਪ ਹੈ।

"ਨਿੰਦਕ ਨੂੰ ਸਿੱਖਿਆ"

**ਗਉੜੀ ॥ ਨਿੰਦਉ ਨਿੰਦਉ ਮੋਕਉ ਲੋਗੁ ਨਿੰਦਉ ॥**

ਹੇ ਲੋਕੋ ਮੈਨੂੰ ਨਿੰਦੋ ਨਿੰਦੋ ਨਿੰਦੋ।

**ਨਿੰਦਾ ਜਨ ਕਉ ਖਰੀ ਪਿਆਰੀ ॥**
**ਨਿੰਦਾ ਬਾਪੁ ਨਿੰਦਾ ਮਹਤਾਰੀ ॥ ੧ ॥ਰਹਾਉ ॥**

ਖਰੀ = ਹੱਛੀ ॥ ਮਹਤਾਰੀ = ਮਾਂ ॥

ਨਿੰਦਾ ਦਾਸ ਨੂੰ ਬਾਹਲੀ ਪਿਆਰੀ ਹੈ, ਨਿੰਦਾ ਹੀ ਬਾਪ ਹੈ ਨਿੰਦਾ ਹੀ ਮਾਂ ਹੈ।

**ਨਿੰਦਾ ਹੋਇ ਤ ਬੈਕੁੰਠਿ ਜਾਈਐ ॥**
**ਨਾਮੁ ਪਦਾਰਥੁ ਮਨਹਿ ਬਸਾਈਐ ॥**

ਨਿੰਦਾ ਹੋਵੇ ਤਾਂ ਵੈਕੁੰਠ ਜਾਈਦਾ ਹੈ ਅਤੇ ਨਾਮ ਪਦਾਰਥ ਨੂੰ ਮਨ ਵਿਚ ਵਸਾਈਦਾ ਹੈ।

**ਰਿਦੈ ਸੁਧ ਜਉ ਨਿੰਦਾ ਹੋਇ ॥**
**ਹਮਰੇ ਕਪਰੇ ਨਿੰਦਕੁ ਧੋਇ ॥ ੧ ॥**

ਰਿਦੇ ਸੁਧ ਵਾਲੇ ਦੀ ਜੇ ਨਿੰਦਾ ਹੋਵੇ ਤਾਂ ਸਾਡੇ ਕਪੜੇ ਨਿੰਦਕ ਧੋਂਦਾ ਹੈ ਭਾਵ ਓਹਨੂੰ ਪਾਪ ਲੱਗਦੇ ਹਨ।

**ਨਿੰਦਾ ਕਰੈ ਸੁ ਹਮਰਾ ਮੀਤੁ॥**
**ਨਿੰਦਕ ਮਾਹਿ ਹਮਾਰਾ ਚੀਤੁ ॥॥**

ਜੇਹੜਾ ਨਿੰਦਾ ਕਰੇ ਸੋ ਸਾਡਾ ਮਿੱਤ੍ਰ ਹੈ, ਨਿੰਦਕ ਵਿੱਚ ਸਾਡਾ ਚਿੱਤ ਹੈ।

**ਨਿੰਦਕੁ ਸੋ ਜੋ ਨਿੰਦਾ ਹੋਰੈ ॥**
**ਹਮਰਾ ਜੀਵਨੁ ਨਿੰਦਕ ਲੋਰੈ ॥ ੨ ॥**

ਹੋਰੈ = ਹਟਾਵੈ।

ਨਿੰਦਕ ਸੋ ਹੈ ਜੇਹੜਾ ਨਿੰਦਾ ਨੂੰ ਮੋੜੇ ਭਾਵ ਨਿੰਦਿਆ ਨਾ ਕਹਨ ਦੇਵੇ, ਨਿੰਦਕ ਸਾਡਾ ਜੀਉਣਾ ਲੋੜਦਾ ਹੈ।

**ਨਿੰਦਾ ਹਮਰੀ ਪ੍ਰੇਮ ਪਿਆਰੁ ॥**
**ਨਿੰਦਾ ਹਮਰਾ ਕਰੈ ਉਧਾਰੁ ॥**

ਜੇਹੜਾ ਸਾਡੀ ਨਿੰਦਾ ਵਿੱਚ ਪ੍ਰੇਮ ਕਰਦਾ ਹੈ ਅਸੀਂ ਉਸ ਨਾਲ ਪਿਆਰ

ਕਰਦੇ ਹਾਂ ਕਿਉਂਕਿ ਨਿੰਦਾ ਸਾਡਾ ਉਧਾਰ ਕਰਦੀ ਹੈ।

**ਜਨ ਕਬੀਰ ਕਉ ਨਿੰਦਾ ਸਾਰੁ ॥**

**ਨਿੰਦਕੁ ਡੂਬਾ ਹਮ ਉਤਰੇ ਪਾਰਿ ॥ ੩ ॥ ੨੦ ॥ ੭੧ ॥**

ਸਾਰ = ਸ੍ਰੇਸ਼ਟ।

ਦਾਸ ਕਬੀਰ ਨੂੰ ਨਿੰਦਾ ਹੱਛੀ ਹੈ ਕਿਉਂਕਿ ਨਿੰਦਕ ਡੁੱਬ ਗਿਆ ਅਤੇ ਅਸੀਂ ਪਾਰ ਉਤਰ ਗਏ ॥

(ਬੇਨਤੀ)

**ਰਾਜਾ ਰਾਮ ਤੂੰ ਐਸਾ ਨਿਰਭਉ**

**ਤਰਨ ਤਾਰਨ ਰਾਮ ਰਾਇਆ ॥੧ ॥ ਰਹਾਉ ॥**

ਤਰਨ = ਜਹਾਜ ॥

ਹੇ ਪ੍ਰਕਾਸ਼ਕ ਵਾਹਿਗੁਰੂ ਤੂੰ ਇੱਕੁਰ ਦਾ ਨਿਰਭੈ ਹੈਂ ਅਤੇ ਤਾਰਨ ਨੂੰ ਜਹਾਜ ਹੈਂ।

**ਜਬ ਹਮ ਹੋਤੇ ਤਬ ਤੁਮ ਨਾਹੀ ਅਬ ਤੁਮ ਹਹੁ ਹਮ ਨਾਹੀ ॥**

ਜਦ ਸਾਡੇ ਵਿੱਚ ਹੰਗਤਾ ਹੁੰਦੀ ਸੀ ਤਦੋਂ ਤੁਸੀਂ ਸਾਡੇ ਪਾਸ ਨਹੀਂ ਆਉਂਦੇ ਸੀ ਅਤੇ ਹੁਣ ਤੁਸੀਂ ਅਸੀਂ ਇਕ ਹੋ ਗਏ ਹਾਂ ਕਿਉਂਕਿ ਸਾਡੇ ਵਿੱਚ ਹੰਕਾਰ ਨਹੀਂ ਹੈ।

**ਅਬ ਹਮ ਤੁਮ ਏਕ ਭਏ ਹਹਿ ਏਕੈ**

**ਦੇਖਤ ਮਨੁ ਪਤੀਆਹੀ ॥ ੧ ॥**

ਹੁਣ ਅਸੀਂ ਤੁਸੀ ਇੱਕ ਹੋ ਗਏ ਹਾਂ ਅਤੇ ਸੰਸਾਰ ਨੂੰ ਵਾ ਤੈਨੂੰ ਇੱਕ ਦੇਖਦਿਆਂ ਮਨ ਪਤੀਆਇਆ ਹੈ।

**ਜਬ ਬੁਧਿ ਹੋਤੀ ਤਬ ਬਲੁ ਕੈਸਾ ਅਬ ਬੁਧਿ ਬਲੁ ਨ ਖਟਾਈ॥**

ਖਟਾਈ = ਸਮਾਈ ॥

ਜਦੋਂ ਬੜੀ ਅਕਲ ਸੀ ਤਦੋਂ ਤੇਰੇ ਮਿਲਾਪ ਦਾ ਬਲ ਕਿੱਕੁਰ ਦਾ ਸੀ ਭਾਵ ਨਹੀਂ ਸੀ ਹੁਣ ਬੁਧੀ ਦੇ ਬਲ ਦੀ ਸੰਸਾਰ ਵੱਲ ਸਮਾਈ ਨਹੀਂ ਹੁੰਦੀ।

**ਕਹਿ ਕਬੀਰ ਬੁਧਿ ਹਰਿ ਲਈ ਮੇਰੀ**

**ਬੁਧਿ ਬਦਲੀ ਸਿਧਿ ਪਾਈ ॥੨॥ ੨੧ ॥ ੭੨ ॥**

ਕਬੀਰ ਜੀ ਕਹਿੰਦੇ ਹਨ ਮੇਰੀ ਅਕਲ ਵਾਹਿਗੁਰੂ ਨੇ ਖੋ ਲਈ ਭਾਵ ਆਪਣੇ ਪਾਸ ਲਾ ਲਈ ਜਦ ਅਕਲ ਬਦਲ ਗਈ ਤਾਂ ਸਿੱਧੀ ਪਾ ਲਈ ॥

**ਗਉੜੀ ॥ ਖਟ ਨੇਮ ਕਰਿ ਕੋਠੜੀ ਬਾਂਧੀ ਬਸਤੁ ਅਨੂਪੁ ਬੀਚ ਪਾਈ ॥**

ਖਟ = ਛੇ।

ਛਿਆਂ ਨੇਮਾਂ ਕਰਕੇ ਦੇਹ ਰੂਪ ਕੋਠੜੀ ਬਣੀ ਹੈ ਅਤੇ ਸੁੰਦਰ ਆਤਮ ਵਸਤੂ ਵਿਚ ਪਾਈ ਪੈ ॥

**ਕੁੰਜੀ ਕੁਲਫੁ ਪ੍ਰਾਨ ਕਰਿ ਰਾਖੇ ਕਰਤੇ ਬਾਰ ਨ ਲਾਈ ॥ ੧ ॥**

ਕੁਲਫ = ਜੰਦਾ।

ਚੱਕਰਾਂ ਰੂਪ ਜੰਦਰਿਆਂ ਦੇ ਖੋਲਣ ਨੂੰ ਪ੍ਰਾਣ ਰੂਪ ਕੁੰਜੀਆਂ ਕਰ ਰਖੀਆਂ ਹਨ, ਕਰਤੇ ਵਾਹਿਗੁਰੂ ਨੇ ਦੇਰ ਨਹੀਂ ਕੀਤੀ।

**ਅਬ ਮਨ ਜਾਗਤ ਰਹੁ ਰੇ ਭਾਈ ॥ ਗਾਫਲੁ ਹੋਇਕੈ ਜਨਮੁ ਗਵਾਇਓ ਚੋਰੁ ਮੁਸੈ ਘਰੁ ਜਾਈ ॥ ੧ ॥ ਰਹਾਉ ॥**

ਮੁਸੈ = ਲੁੱਟੈ।

ਹੇ ਭਾਈ ਮਨ ਹੁਣ ਤੂੰ ਜਾਗਦਾ ਰਹੋ ਕਿਉਂ ਗਾਫਲ ਹੋਕੇ ਜਨਮ ਗਵੌਂਦਾ ਹੈਂ ਕਾਮਾਦੀ ਚੋਰ ਘਰ ਨੂੰ ਲੁਟਦੇ ਜਾਂਦੇ ਹਨ।

**ਪੰਚ ਪਹਰੂਆ ਦਰ ਮਹਿ ਰਹਤੇ ਤਿਨਕਾ ਨਹੀ ਪਤੀਆਰਾ ॥**

ਪੰਜ ਪਹਿਰੇ ਵਾਲੇ ਜੇਹੜੇ ਗਜ਼ਾਨ ਇੰਦ੍ਰੇ ਬੂਹੇ ਤੇ ਰਹਿੰਦੇ ਹਨ ਤਿਨਾਂ ਦਾ ਭਰੋਸਾ ਨਹੀਂ ਕਰਨਾ।

**ਚੇਤਿ ਸੁਚੇਤ ਚਿਤ ਹੋਇ ਰਹੁ ਤਉ ਲੈ ਪਰਗਾਸੁ ਉਜਾਰਾ ॥੨॥**

ਚਿਤ ਵਿਚ ਯਾਦ ਕਰਕੇ ਅਤੇ ਸੁਚੇਤ ਹੋਕੇ ਰਹੁ ਤਾਂ ਵਾਹਿਗੁਰੂ ਦੇ ਗਿਆਨ ਦਾ ਪ੍ਰਗਟ ਹੀ ਚਾਨਣ ਲੈ।

**ਨਉ ਘਰ ਦੇਖਿ ਜੁ ਕਾਮਨਿ ਭੂਲੀ ਬਸਤੁ ਅਨੂਪ ਨ ਪਾਈ ॥**

ਕਾਮਨ = ਇਸਤ੍ਰੀ ॥

ਜਿਨਹਾਂ ਦੀ ਬੁੱਧੀ ਰੂਪ ਇਸਤ੍ਰੀ ਨਵਾਂ ਘਰਾਂ ਵਾਲੇ ਸਰੀਰ ਨੂੰ ਵੇਖਕੇ ਭੁਲ ਗਈ ਹੈ ਤਿਸਨੇ ਸੁੰਦਰ ਆਤਮ ਵਸਤੂ ਨਹੀਂ ਪਾਈ।

**ਕਹਤੁ ਕਬੀਰ ਨਵੈ ਘਰ ਮੂਸੇ ਦਸਵੈਂ ਤਤ ਸਮਾਈ ॥ ੩ ॥ ੨੨ ॥ ੭੩ ॥**

ਮੂਸ = ਲੁੱਟੈ ॥

ਕਬੀਰ ਜੀ ਕਹਿੰਦੇ ਹਨ ਜੇਹੜੇ ਆਦਮੀ ਨਵਾਂ ਦਰਵਾਜਿਆਂ ਵਾਲੇ

ਘਰ ਨੂੰ ਲੱਗੇ ਹਨ ਓਹ ਲੁੱਟੇ ਗਏ ਹਨ ਅਤੇ ਜੇਹੜੇ ਦਸਵੇਂ ਦੁਆਰ ਵੱਲ ਲਗੇ ਹਨ ਓਹਨਾਂ ਦੀ (ਤੱਤ) ਵਾਹਿਗੁਰੂ ਵਿਚ ਸਮਾਈ ਹੋਈ ਹੈ ਵਾ ਜਿਨਾਂ ਨੇ ਨੌਂ ਘਰ ਰੋਕੇ ਹਨ ਓਨਾਂ ਦੀ ਦਸਵੇਂ ਤੱਤ ਸਰੂਪ ਵਿਚ ਸਮਾਈ ਹੋਂਦੀ ਹੈ॥

## ਗਉੜੀ ॥

## ਮਾਈ ਮੋਹਿ ਅਵਰੁ ਨ ਜਾਨਿਓ ਆਨਾਨਾਂ ॥

ਆਨਾ = ਹੋਰ ।

ਹੇ ਮਾਈ ਮੈਂ ਵਾਹਿਗੁਰੂ ਤੋਂ ਬਿਨਾਂ ਹੋਰ ਕੋਈ ਨਹੀਂ ਜਾਣਿਆ ।

## ਸਿਵ ਸਨਕਾਦਿ ਜਾਸੁ ਗੁਨ ਗਾਵਹਿ
## ਤਾਸੁ ਬਸਹਿ ਮੋਰੇ ਪ੍ਰਾਨਾਨਾਂ ॥ ਰਹਾਉ ॥

ਜਾਸੁ = ਜਿਸੁ । ਤਾਸੁ = ਤਿਸੁ ।

ਜਿਸਦੇ ਸ਼ਿਵ ਸਨਕਾਦਿਕ _ਣ ਗਾਉਂਦ ਹਨ। ਤਿਸ ਵਿਚ ਮੇਰੇ ਪ੍ਰਾਣ ਵਸਦੇ ਹਨ ।

## ਹਿਰਦੈ ਪ੍ਰਗਾਸੁ ਗਿਆਨ ਗੁਰ ਗਮਿਤ
## ਗਗਨ ਮੰਡਲ ਮਹਿ ਧਿਆਨਾਨਾਂ॥

ਗੰਮਿਤ = ਪ੍ਰਾਪਤ ਹੋਣਾ । ਗਗਨ = ਅਕਾਸ ।

ਗਿਆਨ = ਉਪਦੇਸ ਵਾ ਦਸਿਆ ।

ਜਦ ਗੁਰਾਂ ਨੇ ਗਿਆਨ ਦਿਤਾ ਤਾਂ ਹਿਰਦੇ ਵਿਚ ਪ੍ਰਕਾਸ਼ (ਪ੍ਰਾਪਤ) ਹੋਯਾ ਅਤੇ ਫਿਰ ਜੋ ਅਕਾਸ ਮੰਡਲ ਵਾਂਗੂੰ ਵਿਆਪਕ ਵਾਹਿਗੁਰੂ ਹੈ ਤਿਸ ਵਿੱਚ ਧਿਆਨ ਹੋਯਾ।

## ਬਿਖੈ ਰੋਗ ਭੈ ਬੰਧਨ ਭਾਗੇ
## ਮਨ ਨਿਜ ਘਰਿ ਸੁਖੁ ਜਾਨਾਨਾ ॥ ੧ ॥

ਨਿਜ = ਆਪਣਾ ।

ਰੋਗ ਰੂਪ ਵਿਸ਼ੇ, ਡਰ ਅਤੇ ਬੰਧਣ ਦੂਰ ਹੋ ਗਏ ਅਤੇ ਮਨ ਨੇ ਆਪਣੇ ਘਰ ਵਿੱਚ ਹੀ ਸੁਖ ਜਾਣਿਆ ।

## ਏਕ ਸੁਮਤਿ ਰਤਿ ਜਾਨਿ ਮਾਨਿ ਪ੍ਰਭ
## ਦੂਸਰ ਮਨਹਿ ਨ ਆਨਾਨਾ॥

ਆਨਾ = ਹੋਰਿ । ਰਤਿ = ਪ੍ਰੀਤੀ।

ਇਕ ਹੱਛੀ ਅਕਲ ਕਰਕੇ ਵਾਹਿਗੁਰੂ ਵਿੱਚ ਪ੍ਰੀਤੀ ਕੀਤੀ ਅਤੇ ਜਾਣਕੇ

ਮੰਨ ਕੇ ਪ੍ਰਭੂ ਨੂੰ ਹੋਰ ਦੂਸਰਾ ਮਨ ਵਿੱਚ ਨਾਂ ਮੰਨਿਆਂ ॥

**ਚੰਦਨ ਬਾਸੁ ਭਏ ਮਨ ਬਾਸਨ**

**ਤਿਆਗਿ ਘਟਿਓ ਅਭਿਮਾਨਾਨਾ ॥ ੨ ॥**

ਜਿੱਕੁਰ ਵਾਂਸ ਚੰਦਨ ਨਾਲ ਮਿਲਕੇ ਵਾਸ਼ਨਾਂ ਵਾਲਾ ਹੋ ਜਾਂਦਾ ਹੈ ਤਿੱਕੁਰ ਹੀ ਗੁਰਾਂ ਨਾਲ ਮਿਲਕੇ ਮਨ ਭਗਤੀ ਵਾਲਾ ਹੋ ਗਿਆ ਅਤੇ ਹੰਕਾਰ ਘਟ ਗਿਆ।

**ਜੋ ਜਨ ਗਾਇ ਧਿਆਇ ਜਸੁ ਠਾਕੁਰ ਤਾਸੁ ਪ੍ਰਭੂ ਹੈ ਥਾਨਾਨਾਂ॥**

ਤਾਸੁ = ਤਿਸ।

ਜੇਹੜਾ ਆਦਮੀ ਵਾਹਿਗੁਰੂ ਦਾ ਜੱਸ ਗਾਉਂਦਾ ਅਤੇ ਧਿਆਉਂਦਾ ਹੈ ਤਿਸਦਾ ਪ੍ਰਭੂ (ਥਨਾਨਾਂ) ਆਸਰਾ ਹੈ ॥

**ਤਿਹ ਬਡਭਾਗ ਬਸਿਓ ਮਨਿ ਜਾਕੈ**

**ਕਰਮ ਪ੍ਰਧਾਨ ਮਥਾਨਾਨਾ ॥ ੩ ॥**

ਜਿਸਦੇ ਮਨ ਵਿੱਚ ਵਾਹਿਗੁਰੂ ਵੱਸਿਆ ਹੈ ਤਿਸਦੇ ਵੱਡੇ ਭਾਗ ਹਨ। ਮੱਥੇ ਦੇ ਕਰਮ ਹੀ ਵਾਹਿਗੁਰੂ ਦੇ ਮਿਲਾਉਣ ਨੂੰ ਪ੍ਰਧਾਨ ਹਨ।

**ਕਾਟਿ ਸਕਤਿ ਸਿਵ ਸਹਜੁ ਪ੍ਰਗਾਸਿਓ**

**ਏਕੈ ਏਕ ਸਮਾਨਾਨਾ ॥**

ਸਕਤਿ = ਸਕਤੀ, ਮਾਯਾ। ਸਿਵ = ਕਲਯਾਨ ॥

(ਉਸਦੀ ਵਾਹਿਗੁਰੂ ਨੇ) ਅਵਿਦਿਆ ਕੱਟ ਦਿੱਤੀ ਅਤੇ ਸੁਖ ਦੇਣ ਵਾਲਾ ਗਯਾਨ ਪ੍ਰਕਾਸ਼ ਕਰਾਇਆ, ਫਿਰ ਉਸ ਜੀਵ ਨੇ ਇੱਕ ਹੀ ਇੱਕ ਸਾਰਿਆਂ ਵਿੱਚ ਸਮਾਇਆ ਹੋਯਾ ਜਾਣਿਆਂ।

**ਕਹਿ ਕਬੀਰ ਗੁਰ ਭੇਟਿ ਮਹਾਂ ਸੁਖ**

**ਭ੍ਰਮਤ ਰਹੇ ਮਨੁ ਮਾਨਾਨਾਂ ॥ ੪ ॥ ੨੩ ॥ ੭੪ ॥**

ਕਬੀਰ ਜੀ ਕਹਿੰਦੇ ਹਨ ਗੁਰਾਂ ਦੇ ਮਿਲਨ ਨਾਲ ਬਹੁਤ ਸੁਖ ਹੋਯਾ ਅਤੇ ਚੁਰਾਸੀ ਦੇ ਫਿਰਨ ਤੋਂ ਰੈਹ ਗਏ ਅਤੇ ਵਾਹਿਗੁਰੂ ਵਿੱਚ ਮਨ ਮੰਨਿਆਂ ॥

## ਰਾਗੁ ਗਉੜੀ ਪੂਰਬੀ ਬਾਵਨ ਅਖਰੀ

## ਕਬੀਰ ਜੀਉ ਕੀ

**ੴ ਸਤਿਨਾਮੁ ਕਰਤਾ ਪੁਰਖੁ ਗੁਰਪ੍ਰਸਾਦਿ ॥**

**ਬਾਵਨ ਅਛਰ ਲੋਕ ਤ੍ਰੈ ਸਭੁ ਕਛੁ ਇਨਹੀ ਮਾਹਿ ॥**

**ਏ ਅਖਰ ਖਿਰਿ ਜਾਹਿਗੇ ਓਇ ਅਖਰ ਇਨ ਮਹਿ ਨਾਹਿ ॥ ੧ ॥**

ਖਿਰ = ਨਾਸ ।

ਬਵਿੰਜਾ ਅੱਖਰ ਤੇ ਤਿੰਨ ਲੋਕ ਸਭ ਕੁਛ ਏਨ੍ਹਾਂ ਵਿੱਚ ਹੀ ਹੈ, ਏਹ ਅੱਖਰ ਤੇ ਤਿੰਨ ਲੋਕ ਨਾਸ ਹੋ ਜਾਣਗੇ ਅਤੇ ਉਹ ਅੱਖਰ (ਅਖੈ) ਵਾਹਿਗੁਰੂ ਏਨ੍ਹਾਂ ਵਿੱਚ ਨਹੀਂ ਹੈ ਭਾਵ ਨਾਸ ਹੋਣ ਵਿੱਚ ਨਹੀਂ ਹੈ ॥

**ਜਹਾ ਬੋਲ ਤਹ ਅਛਰ ਆਵਾ ॥**
**ਜਹ ਅਬੋਲ ਤਹ ਮਨੁ ਨ ਰਹਾਵਾ ॥**

ਜਿੱਥੇ ਕੋਈ ੇਲ ਬੋਲੇਗਾ ਓਥੇ ਜ਼ਰੂਰ ਹੀ ਅੱਖਰ ਆਵੇਗਾ ਅਤੇ ਜਿੱਥੇ ਅਬੋਲ ਹੈ ਓਥੇ ਮਨ ਨਹੀਂ ਠਹਿਰ ਸਕਦਾ ਭਾਵ ਵਾਹਿਗੁਰੂ ਬਾਣੀ ਤੋਂ ਪਰੇ ਹੈ।

**ਬੋਲ ਅਬੋਲ ਮਧਿ ਹੈ ਸੋਈ ॥**
**ਜਸ ਓਹੁ ਹੈ ਤਸ ਲਖੈ ਨ ਕੋਈ ॥ ੨ ॥**

ਬੋਲ ਤੇ ਅਬੋਲ ਦੇ ਵਿੱਚ ਹੈ ਸੋ ਜਿੱਕੁਰ ਦਾ ਓਹ ਹੈ ਤਿੱਕੁਰ ਦਾ ਉਸ ਨੂੰ ਕੋਈ ਵੇਖ ਨਹੀਂ ਸਕਦਾ।

**ਅਲਹ ਲਹਉ ਤਉ ਕਿਆ ਕਹਉ ਕਹਉ ਤ ਕੋ ਉਪਕਾਰ ॥**

ਜੇ ਵਾਹਿਗੁਰੂ ਨੂੰ ਵੇਖਾਂ ਤਾਂ ਕੀ ਕਹਾਂ ? ਜੇ ਕਹਾਂ ਤਾਂ ਕੀ ਉਪਕਾਰ ਹੈ ?
(ਲੈ ਵੇਖ)

**ਬਟਕ ਬੀਜ ਮਹਿ ਰਵਿ ਰਹਿਓ**
**ਜਾਕੋ ਤੀਨਿ ਲੋਕ ਬਿਸਥਾਰ ॥ ੩ ॥**

ਬਟਕ = ਬੋੜ੍ਹ । ਰਵਿ = ਫੈਲ । ਬਿਸਥਾਰ = ਫੈਲਾਉ ॥

ਜਿੱਕੁਰ ਬੋੜ੍ਹ ਬੀਅ ਵਿੱਚ ਤੇ ਬੀਅ ਬੋੜ੍ਹ ਵਿੱਚ ਰਵਿ ਰਹਿੰਦਾ ਹੈ ਇੱਕੁਰ ਹੀ ਓਹ ਸਾਰੇ ਸੰਸਾਰ ਵਿੱਚ ਫੈਲ ਰਿਹਾ ਹੈ ਜਿਸਦਾ ਤਿੰਨਾਂ ਲੋਕਾਂ ਵਿੱਚ ਫੈਲਾਉ ਹੈ ॥

**ਅਲਹ ਲਹੰਤਾ ਭੇਦ ਛੈ ਕਛੁ ਕਛੁ ਪਾਇਓ ਭੇਦ ॥**
**ਉਲਟਿ ਭੇਦ ਮਨੁ ਬੇਧਿਓ ਪਾਇਓ ਅਭੰਗ ਅਛੇਦ ॥ ੪ ॥**

ਲਹੰਤਾ = ਵੇਖਣਾ । ਛੈ = ਨਾਸ । ਬੇਧਿਓ = ਮਿਲਿਆ ।

ਵਾਹਿਗੁਰੂ ਨੂੰ ਵੇਖਿਆ ਤਾਂ (ਭੇਦ) ਫਰਕ (ਭਿੰਨ ਭੇਦ) ਦੂਰ ਹੋਇਆ ਤਾਂ ਫਿਰ ਕੁਝ ਵਾਹਿਗੁਰੂ ਦਾ (ਉਸ ਭਗਤ ਨੇ) ਭੇਦ ਪਾਇਆ ਤਾਂ ਫਿਰ ਸੰਸਾਰ ਵਲੋਂ ਉਲਟ ਕੇ ਉਸ ਭੇਦ ਵਾਲੇ ਨਾਲ ਵਿੰਨ੍ਹਿਆ ਗਿਆ ਅਤੇ ਅਭੰਗ

ਅਛੇਦ ਵਾਹਿਗੁਰੂ ਨੂੰ ਪਾ ਲਿਆ ॥

**ਤੁਰਕ ਤਰੀਕਤਿ ਜਾਨੀਐ ਹਿੰਦੂ ਬੇਦ ਪੁਰਾਨ ॥**

**ਮਨ ਸਮਝਾਵਨ ਕਾਰਨੇ ਕਛੂਅਕ ਪੜੀਐ ਗਿਆਨ ॥ ੫ ॥**

ਤਰੀਕਤਿ = ਤਰੀਕਾ ॥

ਮੁਸਲਮਾਨਾਂ ਵਿੱਚ ਫਕੀਰੀ ਦੇ ਦਰਜੇ ਦਾ ਨਾਮ ਹੈ ਮੁਸਲਮਾਨ ਤਰੀਕਤ ਜਾਣਦੇ ਹਨ ਅਤੇ ਹਿੰਦੂ ਵੇਦ ਪੁਰਾਨ। ਪਰ ਮਨ ਦੇ ਸਮਝੌਣ ਵਾਸਤੇ ਥੋੜਾ ਜਿਹਾ ਗਜਾਨ ਪੜ੍ਹਨਾ ਚਾਹੀਦਾ ਹੈ।

**ਓਅੰਕਾਰਿ ਆਦਿ ਮੈ ਜਾਨਾ ॥**

**ਲਿਖਿਅਰੁ ਮੇਟੈ ਤਾਹਿ ਨ ਮਾਨਾ ॥**

ਵਾਹਿਗੁਰੂ ਨੂੰ ਮੈਂ ਪਹਿਲੇ ਜਾਣਿਆਂ ਹੈ ਅਤੇ ਲਿਖਣ ਮੇਟਣ ਵਾਲੇ ਬ੍ਰਹਮਾਂ ਸ਼ਿਵ ਜੀ ਜੋ ਹਨ ਤਿਨ੍ਹਾਂ ਨੂੰ ਮੈਂ ਨਹੀਂ ਮੰਨਦਾ।

**ਓਅੰਕਾਰ ਲਖੈ ਜਉ ਕੋਈ ॥**

**ਸੋਈ ਲਖਿ ਮੇਟਣਾ ਨ ਹੋਈ ॥ ੬ ॥**

ਲਖੈ = ਵੇਖੇ ਵਾ ਲਿਖੇ।

੧ ਓਅੰਕਾਰ ਨੂੰ ਜੇ ਕੋਈ ਲਿਖੇ ਤਾਂ ਉਸਨੂੰ ਲਿਖਕੇ ਮੇਟਣਾ ਨਹੀਂ ਹੁੰਦਾ ਭਾਵ ਮੇਟਣਾ ਨਹੀਂ ਚਾਹੀਦਾ।

**ਕਕਾ ਕਿਰਣਿ ਕਮਲ ਮਹਿ ਪਾਵਾ ॥**

**ਸਸਿ ਬਿਗਾਸ ਸੰਪਟ ਨਹੀ ਆਵਾ ॥**

ਕਿਰਣਿ = ਕਿਰਨਾਂ। ਸਸਿ = ਚੰਦ੍ਰਮਾ। ਬਿਗਾਸ = ਖਿੜਨਾਂ। ਸੰਪਟ = ਡੱਬਾ।

ਜਿਨ੍ਹਾਂ ਨੇ ਗੁਰੂ ਰੂਪ ਸੂਰਜ ਦੇ ਬਚਨ ਰੂਪ ਕਿਰਨਾਂ ਨੂੰ ਰਿਦੇ ਕਮਲ ਵਿਚ ਪਾਇਆ ਹੈ ਤਿਨ੍ਹਾਂ ਦਾ ਰਿਦਾ ਕਮਲ ਖਿੜ ਆਉਂਦਾ ਹੈ ਫਿਰ ਕਿਸੇ ਵੇਲੇ ਵੀ ਮਾਇਆ ਰੂਪ ਚੰਦ੍ਰਮਾਂ ਦੇ ਪ੍ਰਕਾਸ਼ ਨਾਲ ਮੇਟਿਆ ਨਹੀਂ ਜਾਂਦਾ ॥

**ਅਰੁ ਜੇ ਤਹਾ ਕੁਸਮ ਰਸੁ ਪਾਵਾ ॥**

**ਅਕਹ ਕਹਾ ਕਹਿ ਕਾ ਸਮਝਾਵਾ ॥ ੭ ॥**

ਕੁਸਮ = ਫੁਲ।

ਅਤੇ ਜੋ ਉਸ ਰਿਦੇ ਕਮਲ ਵਿਚ (ਰਸ) ਅਨੰਦ ਪਾਇਆ ਹੈ ਓਹ ਕਹਿਣ ਤੋਂ ਅਕਹਿ ਹੈ ਕਿੱਕੁਰ ਕਹਿਕੇ ਸਮਝਾਵੇ ॥

**ਖਖਾ ਇਹੈ ਖੋੜਿ ਮਨ ਆਵਾ ॥**

**ਖੋੜੇ ਛਾਡਿ ਨ ਦਹਦਿਸ ਧਾਵਾ ॥**

ਵਾਹਿਗੁਰੂ ਰੂਪ ਖੋੜ (ਗੁਫਾ) ਵਿੱਚ ਜਦ ਇਹ ਮਨ ਰੂਪ ਪੰਛੀ ਆਯਾ ਤਾਂ ਖੋੜ ਨੂੰ ਛੱਡਕੇ ਦਸਾਂ ਹੀ ਦਿਸਾਂ ਵਲ ਨਾ ਦੌੜਿਆ ॥

**ਖਸਮਹਿ ਜਾਣਿ ਖਿਮਾ ਕਰਿ ਰਹੈ ॥**

**ਤਉ ਹੋਇ ਨਿਖਿਅਉ ਅਖੈ ਪਦੁ ਲਹੈ ॥ ੮ ॥**

ਨਿਖਿਅਉ = ਜੋ ਨਾਸ ਨ ਹੋਵੇ। ਲਹੈ = ਵੇਖੇ। ਅਖੈ = ਜੋ ਨਾਸ ਨ ਹੋਵੇ।

ਵਾਹਿਗੁਰੂ ਨੂੰ ਜਾਣਕੇ ਖਿਮਾ ਕਰ ਰਹੇ ਤਾਂ ਨਾਸ ਹੋਣ ਤੋਂ ਰਹਿਤ ਹੋ ਜਾਂਦਾ ਹੈ ਅਤੇ ਨਾ ਨਾਸ ਹੋਣ ਵਾਲੇ ਪਦ (ਵਾਹਿਗੁਰੂ) ਨੂੰ ਵੇਖ ਲੈਂਦਾ ਹੈ।

**ਗਗਾ ਗੁਰ ਕੇ ਬਚਨ ਪਛਾਨਾ ॥**

**ਦੂਜੀ ਬਾਤ ਨ ਧਰਈ ਕਾਨਾ ॥**

ਜਿਨ੍ਹਾਂ ਨੇ ਗੁਰਾਂ ਦੇ ਬਚਨਾਂ ਨੂੰ ਪਛਾਣਿਆ ਹੇ ਓਹ ਆਦਮੀ ਦੂਜੀ ਗੱਲ ਨੂੰ ਕੰਨਾਂ ਵਿੱਚ ਨਹੀਂ ਧਰਦੇ।

**ਰਹੈ ਬਿਹੰਗਮ ਕਤਹਿ ਨ ਜਾਈ ॥**

**ਅਗਹ ਗਹੈ ਗਹਿ ਗਗਨ ਰਹਾਈ ॥ ੯ ।**

ਬਿਹੰਗਮ = ਪੰਛੀ। ਅਗਹ = ਜੋ ਫੜਿਆ ਨ ਜਾਵੇ। ਗਹੈ ਗਹਿ = ਫੜੇ।
ਗਗਨ = ਅਕਾਸ।

ਤਿਨ੍ਹਾਂ ਦਾ ਮਨ ਪੰਛੀ ਵਾਹਿਗੁਰੂ ਵਿੱਚ ਰਹਿੰਦਾ ਹੈ ਅਤੇ ਕਿਧਰੇ ਵੀ ਨਹੀਂ ਜਾਂਦਾ ਜੇਹੜਾ ਅਫੜ ਮਨ ਫੜਿਆ ਨਹੀਂ ਸੀ ਜਾਂਦਾ ਉਸਨੂੰ ਫੜਕੇ ਅਕਾਸ ਰੂਪ ਵਿਆਪਕ ਵਾਹਿਗੁਰੂ ਵਿੱਚ ਰੱਖਿਆ।

**ਘਘਾ ਘਟਿ ਘਟਿ ਨਿਮਸੈ ਸੋਈ ॥**

**ਘਟ ਫੂਟੇ ਘਟਿ ਕਬਹਿ ਨ ਹੋਈ ॥**

ਨਿਮਸੈ = ਵੱਸ ਰਿਹਾ ਹੈ। ਘਟ = ਰਿਦਾ, ਘੜਾ, ਥੋੜਾ।

ਓਹ ਵਾਹਿਗੁਰੂ ਘਟਿ ਘਟਿ ਵਿੱਚ ਵੱਸ ਰਿਹਾ ਹੈ ਜਿੱਕੁਰ ਘੜਾ ਟੁੱਟ ਜਾਂਦਾ ਹੈ ਤਾਂ ਅਕਾਸ ਦਾ ਤੇ ਕੁਝ ਨਹੀਂ ਵਿਗੜਦਾ, ਇੱਕਰ ਹੀ ਜਦ ਸਰੀਰ ਨਾਸ ਹੋ ਜਾਂਦਾ ਹੈ ਤਾਂ ਵਾਹਿਗੁਰੂ ਦਾ ਕੁਝ ਘਟ ਨਹੀਂ ਜਾਂਦਾ।

**ਤਾ ਘਟ ਮਾਹਿ ਘਾਟ ਜਉ ਪਾਵਾ ॥**

**ਸੋ ਘਟੁ ਛਾਡਿ ਅਵਘਟ ਕਤ ਧਾਵਾ ॥ ੧੦ ॥**

ਅਵਘਟ = ਔਖਾ ਥਾਂ।

ਤਿਸ ਘਟ ਵਿਚ ਜਦ (ਘਟ) ਵਾਹਿਗੁਰੂ ਨੂੰ ਪਾਇਆ ਤਾਂ ਫਿਰ ਸੋ ਘਟ ਛੱਡਕੇ ਔਖੇ ਥਾਂ ਕਿਆ (ਵਾ ਕਿੱਥੇ) ਦੌੜੇ ਹਨ॥

**ਙੰਙਾ ਨਿਗ੍ਰਹਿ ਸਨੇਹੁ ਕਰਿ ਨਿਰਵਾਰੋ ਸੰਦੇਹ॥**
**ਨਾਹੀ ਦੇਖਿ ਨ ਭਾਜੀਐ ਪਰਮ ਸਿਆਨਪ ਏਹ॥ ੧੧॥**

ਨਿਗ੍ਰਹਿ = ਰੋਕਣਾ, ਵੱਸ ਕਰਨਾਂ। ਸਨੇਹ = ਪ੍ਰੇਮ ।

ਮਨ ਆਦਿਕ ਇੰਦ੍ਰੀਆਂ ਨੂੰ ਵੱਸ ਕਰਨ ਵਿਚ ਪ੍ਰੇਮ ਕਰੋ ਅਤੇ ਸ਼ੱਕ ਨੂੰ ਦੂਰ ਕਰ ਦਿਓ ਅਤੇ ਨਹੀਂ ਤਾਂ ਦੇਖਕੇ ਦੌੜ ਨਾਂ ਜਾਈਏ ਭਾਵ ਜੇ ਮਨ ਵੱਸ ਨਹੀਂ ਹੁੰਦਾ ਤਾਂ ਪਿਛਾਹਾਂ ਨਾ ਹਟੋ, ਹੱਛੀ ਸਿਆਣਪ ਏਹ ਹੈ॥

**ਚਚਾ ਰਚਿਤ ਚਿਤ੍ਰ ਹੈ ਭਾਰੀ॥**
**ਤਜਿ ਚਿਤ੍ਰੈ ਚੇਤਹੁ ਚਿਤਕਾਰੀ॥**

ਚਿਤ੍ਰ = ਸੁੰਦਰ।

(ਸੰਸਾਰ) ਬਾਹਲਾ ਸੁੰਦਰ ਰਚਿਆ ਹੋਇਆ ਹੈ, ਛੱਡਕੇ (ਚਿਤ੍ਰੈ) ਸੰਸਾਰ ਨੂੰ ਯਾਦ ਕਰੋ ਚਿੱਤ੍ਰਕਾਰੀ ਕਰਨ ਵਾਲੇ ਵਾਹਿਗੁਰੂ ਨੂੰ॥

**ਚਿਤ੍ਰ ਬਚਿਤ੍ਰ ਇਹੈ ਅਵਝੇਰਾ॥**
**ਤਜ ਚਿਤ੍ਰੈ ਚਿਤੁ ਰਾਖਿ ਚਿਤੇਰਾ॥ ੧੨॥**

ਅਵਝੇਰਾ = ਝਗੜਾ ਵਾ ਉਲਝਿਆ ਹੋਇਆ ਵਾ ਖਾਤਾ।

ਸੁੰਦਰ ਨਾਨਾ ਤਰਾਂ ਦਾ ਏਹ ਜੋ ਸੰਸਾਰ ਹੈ ਸੋ ਝਗੜਾ ਹੈ ਇਸ ਲਈ ਛੱਡਕੇ ਸੰਸਾਰ ਨੂੰ ਚਿੱਤ (ਚਤੇਰੇ) ਵਾਹਿਗੁਰੂ ਵਿਚ ਰੱਖ॥

**ਛਛਾ ਇਹੈ ਛਤ੍ਰਪਤਿ ਪਾਸਾ॥**
**ਛਕਿ ਕਿ ਨ ਰਹਹੁ ਛਾਡਿ ਕਿ ਨ ਆਸਾ॥**

ਛੱਤ੍ਰਪਤਿ = ਚੱਕ੍ਰ ਵਰਤੀ ਰਾਜਾ। ਛਕਿ ਪ੍ਰਸੰਨ।

ਏਹੁ ਚੱਕ੍ਰਵਰਤੀ ਰਾਜਾ ਵਾਹਿਗੁਰੂ ਤੁਹਾਡੇ ਪਾਸ ਹੀ ਹੈ ਇਸ ਲਈ ਤੁਸੀਂ ਇਸ ਵਿਚ ਪ੍ਰਸੰਨ ਕਿਉਂ ਨਹੀਂ ਹੋ ਰਹਿੰਦੇ ਅਤੇ ਹੋਰ ਦੀ ਆਸਾ ਕਿਉਂ ਨਹੀਂ ਛੱਡਦੇ॥

**ਰੇ ਮਨ ਮੈ ਤਉ ਛਿਨ ਛਿਨ ਸਮਝਾਵਾ॥**
**ਤਾਹਿ ਛਾਡਿ ਕਤ ਆਪੁ ਬਧਾਵਾ॥ ੧੩॥**

ਹੇ ਮਨ ਮੈਂ ਤੈਨੂੰ ਛਿਨ ਛਿਨ ਸਮਝਾਉਂਦਾ ਹਾਂ ਤਿਸ ਵਾਹਿਗੁਰੂ ਨੂੰ ਛੱਡਕੇ ਕਿਆ (ਵਾ ਕਿੱਥੇ) ਸੰਸਾਰ ਵਿੱਚ ਆਪਣਾ ਆਪ ਬੰਨ੍ਹਾਉਣਾ ਹੈ।

**ਜਜਾ ਜਉ ਤਨ ਜੀਵਤ ਜਰਾਵੈ ॥**
**ਜੋਬਨ ਜਾਰਿ ਜੁਗਤਿ ਸੋ ਪਾਵੈ ॥**

ਜੇ ਸਰੀਰ ਨੂੰ ਜੀਵਤ ਭਾਉ ਤੋਂ ਸਾੜੇ ਤਾਂ ਜਵਾਨੀ ਨੂੰ ਸਾੜਕੇ ਸੋ ਓਹ ਯੁਕਤੀ ਪਾ ਲੈਂਦਾ ਹੈ ॥

**ਅਸਜਰਿ ਪਰਜਰਿ ਜਰਿ ਜਬ ਰਹੈ ॥**
**ਤਬ ਜਾਇ ਜੋਤਿ ਉਜਾਰਉ ਲਹੈ ॥ ੧੪ ॥**

ਅਸਜਰਿ = ਇਹੁ ਜੋ ਜਰ ਇਸ ਲੋਕ ਦੀ ਦੌਲਤ ਹੈ ਅਤੇ ਪਰਜਰਿ = ਜੋ ਪਰਲੋਕ ਦੀ ਵਾ ਪਰਾਈ ਜਰ ਹੈ।

ਆਪਣੀ ਪਰਾਈ ਬਿਭੂਤੀ ਜਦ ਸੜ ਜਾਵੇ ਤਦ ਵਾਹਿਗੁਰੂ ਦੀ ਜੋਤਿ ਦਾ ਚਾਨਣ ਵੇਖਦਾ ਹੈ।

**ਝਝਾ ਉਰਝਿ ਸੁਰਝਿ ਨਹੀ ਜਾਨਾ ॥**
**ਰਹਿਓ ਝਝਕਿ ਨਾਹੀ ਪਰਵਾਨਾ ॥**

ਉਰਝਿ = ਫਸਣਾਂ। ਸੁਰਝਿ = ਛੁਟਣਾਂ। ਝਝਕਿ = ਅਟਕ।

ਸਭ ਲੋਕ ਫਸਣਾਂ ਜਾਣਦੇ ਹਨ ਅਤੇ ਛੁਟਣਾਂ ਨਹੀਂ, ਸਭ ਸੰਸਾਰ ਜਾਲ ਵਿਚ ਫਸ ਰਿਹਾ ਹੈ ਇਸ ਲਈ ਪ੍ਰਵਾਣਨੀਕ ਨਹੀਂ ਹੋਯਾ ॥

**ਕਤ ਝਖਿ ਝਖਿ ਅਉਰਨ ਸਮਝਾਵਾ ॥**
**ਝਗਰੁ ਕੀਏ ਝਗਰਉ ਹੀ ਪਾਵਾ ॥ ੧੫ ॥**

ਝਖਿ = ਝਖਾਂ ਮਾਰਕੇ ਵਾ ਖਪ ਖਪ ਕੇ।

ਕਿਆ ਖਪ ਖਪ ਕੇ ਹੋਰਨਾਂ ਨੂੰ ਸਮਝਾਉਂਦਾ ਹੈਂ ਕਿਉਂਕਿ ਝਗੜਾ ਕਰਨ ਨਾਲ ਝਗੜਾ ਹੀ ਗਲ ਪਾਈਦਾ ਹੈ ॥

**ਞੰਞਾ ਨਿਕਟਿ ਜੁ ਘਟ ਰਹਿਓ ਦੂਰਿ ਕਹਾ ਤਜਿ ਜਾਇ ॥**
**ਜਾ ਕਾਰਣਿ ਜਗੁ ਢੂਢਿਅਉ ਨੇਰਉ ਪਾਇਅਉ ਤਾਹਿ ॥ ੧੬॥**

ਨੇਰਉ = ਨੇੜੇ।

ਜੇਹੜਾ ਵਾਹਿਗੁਰੂ ਤੇਰੇ ਰਿਦੇ ਅੰਦਰ ਹੀ ਭਰਪੂਰ ਹੋ ਰਿਹਾ ਹੈ ਉਸਨੂੰ ਛੱਡਕੇ ਦੂਰ ਕਿੱਥੇ ਲੱਭਣ ਜਾਂਦਾ ਹੈਂ ਜਿਸ ਵਾਸਤੇ ਤੂੰ ਸਾਰਾ ਜਗਤ ਢੂੰਢਿਆ ਸੀ ਸੋ ਨੇੜੇ ਹੀ ਪਾ ਲਿਆ ਤਿਸਨੂੰ ।

**ਟਟਾ ਬਿਕਟ ਘਾਟ ਘਟ ਮਾਹੀ ॥**
**ਖੋਲਿ ਕਪਾਟ ਮਹਲਿ ਕਿ ਨ ਜਾਹੀ ॥**

ਬਿਕਟ = ਔਖਾ। ਕਪਾਟ = ਤਖਤੇ । ਘਾਟ = ਰਸਤਾ, ਦਰੀਯਾ ਆਦਿਕ ਦਾ।

ਰਿਦੇ ਵਿੱਚ ਹੀ ਹੈ ਪਰ ਉਸ ਵੱਲ ਜਾਣ ਦਾ ਔਖਾ ਰਸਤਾ ਹੈ ਇਸ ਲਈ ਔਖੇ ਜੜਤਾ ਰੂਪ ਤਖਤਿਆਂ ਨੂੰ ਖੋਲ੍ਹਕੇ ਵਾਹਿਗੁਰੂ ਦੇ ਮਹੱਲ ਕਿਉਂ ਨਹੀਂ ਜਾਂਦੇ।

**ਦੇਖਿ ਅਟਲ ਟਲਿ ਕਤਹਿ ਨ ਜਾਵਾ॥**

**ਰਹੈ ਲਪਟਿ ਘਟ ਪਰਚਉ ਪਾਵਾ॥ ੧੭॥**

ਜਿਨ੍ਹਾਂ ਨੇ ਅਟੱਲ ਵਾਹਿਗੁਰੂ ਨੂੰ ਵੇਖਿਆ ਹੈ ਓਨ੍ਹਾਂ ਦਾ ਮਨ ਟਲਕੇ ਹੋਰ ਕਿਧਰੇ ਨਹੀਂ ਜਾਂਦਾ ਓਹ ਉਸ ਨਾਲ ਚੰਬੜ ਰਹੇ ਹਨ ਅਤੇ ਇਹ ਪਰਚਾ ਓਨ੍ਹਾਂ ਸਰੀਰ ਵਿੱਚ ਹੀ ਪਾਯਾ ਹੈ।

**ਠਠਾ ਇਹੈ ਦੂਰਿ ਠਗ ਨੀਰਾ॥**

**ਨੀਠਿ ਨੀਠਿ ਮਨੁ ਕੀਆ ਧੀਰਾ॥**

ਨੀਰਾ = ਪਾਣੀ। ਨੀਠਿ ਨੀਠਿ = ਮਸਾਂ ਮਸਾਂ।

ਇਹੁ ਠਗ ਪਾਣੀ ਮ੍ਰਿਗ ਤ੍ਰਿਸ਼ਨਾਂ ਦਾ ਜਿਸਨੇ ਦੂਰ ਕੀਤਾ ਹੈ ਉਸਨੇ ਮਸਾਂ ਮਸਾਂ ਮਨ ਨੂੰ ਧੀਰਜ ਵਾਲਾ ਕਰ ਲਿਆ ਹੈ।

**ਜਿਨਿ ਠਗਿ ਠਗਿਆ ਸਗਲ ਜਗੁ ਖਾਵਾ॥**

**ਸੋ ਠਗੁ ਠਗਿਆ ਠਉਰ ਮਨੁ ਆਵਾ॥ ੧੮॥**

ਜਿਸ ਠੱਗ ਨੇ ਸਾਰੇ ਦੇਸ ਨੂੰ ਠੱਗਕੇ ਖਾ ਲਿਆ ਹੈ ਸੋ ਠੱਗ ਜਿਸ ਵੇਲੇ ਠੱਗ ਲਿਆ (ਵੱਸ ਕੀਤਾ) ਤਾਂ ਮਨ ਟਿਕਾਣੇ ਆ ਗਿਆ।

**ਡਡਾ ਡਰ ਉਪਜੇ ਡਰੁ ਜਾਈ॥**

**ਤਾ ਡਰ ਮਹਿ ਡਰੁ ਰਹਿਆ ਸਮਾਈ॥**

ਜਦ ਵਾਹਿਗੁਰੂ ਦਾ ਡਰ ਉਪਜੇ ਤਾਂ ਹੋਰ ਡਰ ਚਲਿਆ ਜਾਂਦਾ ਹੈ ਉਸ ਡਰ ਵਿੱਚ ਹੋਰ ਡਰ ਸਮਾ ਰਹਿੰਦਾ ਹੈ ਭਾਵ ਉਸ ਡਰ ਨਾਲ ਹੋਰਨਾਂ ਦਾ ਡਰ ਦੂਰ ਹੋ ਜਾਂਦਾ ਹੈ।

**ਜਉ ਡਰ ਡਰੈ ਤ ਫਿਰਿ ਡਰੁ ਲਾਗੈ॥**

**ਨਿਡਰੁ ਹੂਆ ਡਰੁ ਉਰ ਹੋਇ ਭਾਗੈ॥ ੧੯॥**

ਉਰ = ਰਿਦਾ।

ਜੇ ਵਾਹਿਗੁਰੂ ਦੇ ਦਰ ਤੋਂ ਡਰੇ ਭਾਵ ਵਾਹਿਗੁਰੂ ਦਾ ਡਰ ਨਾਂ ਮੰਨੇ ਤਾਂ ਫਿਰ ਜਮ ਆਦਿਕਾਂ ਦਾ ਡਰ ਲਗਦਾ ਹੈ। ਜਦ ਵਾਹਿਗੁਰੂ ਦਾ ਡਰ ਰਿਦੇ ਵਿੱਚ ਹੋਯਾ ਤਾਂ ਹੋਰ ਡਰ ਨਿਡਰ ਹੋਕੇ ਦੌੜ ਜਾਂਦਾ ਹੈ।

**ਢਢਾ ਢਿਗ ਢੂਢਹਿ ਕਤ ਆਨਾ ॥**
**ਢੂਢਤ ਹੀ ਢਹਿ ਗਏ ਪਰਾਨਾ ॥**

ਢਿਗ = ਪਾਸ ॥ ਆਨਾ = ਹੋਰ

ਵਾਹਿਗੁਰੂ ਨੂੰ ਪਾਸੋਂ ਹੀ ਲਭ ਕਿੱਥੇ ਹੋਰਥੇ ਲੱਭਦਾ ਹੈਂ ਅਤੇ ਲਭਦਿਆਂ ਹੀ ਕਈਆਂ ਦੇ ਪਰਾਨ ਢੈਹ ਗਏ ਕਿਆ ਮਰ ਗਏ ਹਨ।

**ਚੜਿ ਸੁਮੇਰਿ ਢੂਢਿ ਜਬ ਆਵਾ ॥**
**ਜਿਹ ਗੜੁ ਗੜਿਓ ਸੁ ਗੜ ਮਹਿ ਪਾਵਾ ॥ ੨੦ ॥**

ਸੁਮੇਰ ਪਰਬਤ ਤੇ ਚੜ੍ਹਕੇ ਜਦ ਲੱਭ ਆਯਾ ਭਾਵ ਸਾਰੇ ਦੇਸ ਤੇ ਵਾਹਿਗੁਰੂ ਨੂੰ ਲਭ ਆਯਾ ਤਾਂ ਜਿਸਨੇ ਕਿਲਾ ਘੜਿਆ ਹੈ ਉਸਨੂੰ ਕਿਲੇ ਵਿੱਚ ਹੀ ਪਾ ਲਿਆ।

**ਣਾਣਾ ਰਣਿ ਰੂਤਉ ਨਰ ਨੇਹੀ ਕਰੈ ॥**
**ਨਾ ਨਿਵੈ ਨਾ ਫੁਨਿ ਸੰਚਰੈ ॥**

ਰੂਤਉ = ਰੁਕਿਆ ਹੋਇਆ। ਨੇਹੀ = ਪ੍ਰੇਮ ਵਾਲਾ ਵ ਨਿਸਚਾ।
ਸੰਚਰੈ = ਅਕੱਠਾ ਵਾ ਪ੍ਰਵੇਸ਼ ॥

ਰਣ ਵਿੱਚ ਰੁਕਿਆ ਹੋਇਆ ਜੀਵ ਧੀਰਜ ਕਰਦਾ ਹੈ ਪਰ ਨਾਂ ਤੇ ਨੀਉਂਦਾ ਹੈ ਅਤੇ ਨਾਂ ਫਿਰ ਜੰਗ ਵਿੱਚ ਪ੍ਰਵੇਸ਼ ਕਰਦਾ ਹੈ ਭਾਵ ਕਾਮ ਆਦਿਕਾਂ ਨੂੰ ਜਿੱਤਦਾ ਵੀ ਨਹੀਂ ਤੇ ਨਿਓਂਦਾ ਵੀ ਨਹੀਂ।

**ਧੰਨਿ ਜਨਮੁ ਤਾਹੀ ਕੋ ਗਣੈ॥**
**ਮਾਰੈ ਏਕਹਿ ਤਜਿ ਜਾਇ ਘਣੈ ॥ ੨੧ ॥**

ਘਣੈ = ਬਹੁਤੇ ॥

ਧੰਨ ਜਨਮ ਤਿਸਦਾ ਗਿਣਿਆਂ ਜਾਂਦਾ ਹੈ ਜੋ ਰਾਜਾ ਵਤ ਇੱਕ ਮਨ ਨੂੰ ਮਾਰ ਲੈਂਦਾ ਹੈ ਅਤੇ ਫੌਜ ਵਾਂਙੂ ਸਾਰੇ ਵਿਕਾਰ ਹੋਰ ਦੌੜ ਜਾਂਦੇ ਹਨ।

**ਤਤਾ ਅਤਰ ਤਰਿਓ ਨਹ ਜਾਈ ॥**
**ਤਨ ਤ੍ਰਿਭਵਣ ਮਹਿ ਰਹਿਓ ਸਮਾਈ॥**

ਅਤਰ ਸੰਸਾਰ ਤਰਿਆ ਨਹੀਂ ਜਾਂਦਾ ਕਿਉਂਕਿ ਤਨ ਦੇ ਵਿੱਚ ਜੋ ਮਨ ਹੈ ਇਹ ਤਿੰਨਾਂ ਭਵਣਾਂ ਵਿੱਚ ਸਮਾ ਰਿਹਾ ਹੈ।

**ਜਉ ਤ੍ਰਿਭਵਣ ਤਨ ਮਾਹਿ ਸਮਾਵਾ ॥**

## ਤਉ ਤਤਹਿ ਤਤ ਮਿਲਿਆ ਸਚੁ ਪਾਵਾ ॥ ੨੨ ॥

ਤਨ = ਛੋਟਾ ਮਨ ਵਾ ਸਰੀਰ ॥

ਜਦ ਤ੍ਰਿਭਵਣ ਮਨ ਵਿਚ ਸਮਾ ਗਿਆ ਭਾਵ ਆਪਣੇ ਮਨ ਵਿੱਚ ਲੈ ਕਰ ਲਿਆ ਤਦ ਫਿਰ ਤੱਤਾਂ ਨਾਲ ਤੱਤ ਮਿਲ ਗਏ ਅਤੇ ਸਚ ਸਰੂਪ ਵਾਹਿਗੁਰੂ ਨੂੰ ਪਾ ਲਿਆ।

## ਥਥਾ ਅਥਾਹ ਥਾਹ ਨਹੀ ਪਾਵਾ ॥
## ਓਹੁ ਅਥਾਹ ਇਹੁ ਥਿਰੁ ਨ ਰਹਾਵਾ ॥

ਅਥਾਹ ਵਾਹਿਗੁਰੂ ਦਾ ਥਾਹ ਕਿਸੇ ਨਹੀਂ ਪਾਇਆ ਓਹ ਵਾਹਿਗੁਰੂ ਅਥਾਹ ਹੈ ਇਹ ਮਨ ਇਸਥਿਤ ਨਹੀਂ ਰਹਿੰਦਾ।

## ਥੋੜੈ ਥਲਿ ਥਾਨਕ ਆਰੰਭੈ ॥
## ਬਿਨੁ ਹੀ ਥਾਭਹ ਮੰਦਿਰੁ ਥੰਭੈ ॥ ੨੩ ॥

ਥਾਨਕ = ਮੰਦਰ।

ਥੋੜੇ ਥਾਂ ਵਿਚ ਮਹਲ ਬਣਾ ਲਿਆ ਚਾਹੁੰਦਾ ਹੈ ਭਾਵ ਬਹੁਤ ਦਲੀਲਾਂ ਥੋੜੇ ਜੀਵਣ ਵਿਚ ਕਰਦਾ ਹੈ ਅਤੇ ਸਰੀਰ ਰੂਪ ਮੰਦਰ ਥੰਮਿਆਂ ਤੋਂ ਬਿਨਾ ਹੈ ਭਾਵ ਸਵਾਸਾਂ ਨਾਲ ਹੈ ਅਤੇ ਇਹ ਇਸਨੂੰ (ਥੰਭੈ) ਇਸਥਿਤ ਜਾਣਦਾ ਹੈ।

## ਦਦਾ ਦੇਖਿ ਜੁ ਬਿਨਸਨਹਾਰਾ ॥
## ਜਸ ਅਦੇਖਿ ਤਸ ਰਾਖਿ ਬਿਚਾਰਾ ॥

ਜਿਸ ਸਸਾਰ ਨੂੰ ਵੇਖ ਰਿਹਾ ਹੈਂ ਸੋ ਨਾਸ ਹੋਣ ਵਾਲਾ ਹੈ ਅਤੇ ਜੋ ਅਦੇਖ ਵਾਹਿਗੁਰੂ ਹੈ (ਤਸ) ਤਿਸਨੂੰ ਰਿਦੇ ਵਿਚ ਵਿਚਾਰ ਰੱਖ।

## ਦਸਵੈ ਦੁਆਰਿ ਕੁੰਚੀ ਜਬ ਦੀਜੈ ॥
## ਤਉ ਦਇਆਲ ਕੋ ਦਰਸਨੁ ਕੀਜੈ ॥ ੨੪ ॥

ਜਦ ਦਸਵੇਂ ਦੁਆਰ ਨੂੰ ਪ੍ਰਾਣਾਂ ਰੂਪ ਕੁੰਜੀ ਦੇਈਏ ਤਾਂ ਦਿਆਲ ਵਾਹਿਗੁਰੂ ਦਾ ਦਰਸ਼ਨ ਕਰ ਲਈਦਾ ਹੈ।

## ਧਧਾ ਅਰਧਹਿ ਉਰਧ ਨਿਬੇਰਾ ॥
## ਅਰਧਹਿ ਉਰਧਹ ਮੰਝਿ ਬਸੇਰਾ ॥

ਅਰਧਹ = ਨੀਵਾਂ। ਉਰਧ = ਉਚਾ॥

ਨੀਵੇਂ ਜੀਵ ਦਾ ਉੱਚੇ ਵਾਹਿਗੁਰੂ ਨੂੰ ਮਿਲਕੇ ਨਿਬੇੜਾ ਹੁੰਦਾ ਹੈ ਅਤੇ ਜੀਵ ਈਸ਼੍ਵਰ ਵਿੱਚ ਵਾਹਿਗੁਰੂ ਵਸਦਾ ਹੈ।

**ਅਰਧਹ ਛਾਡਿ ਉਰਧ ਜਉ ਆਵਾ ॥**

**ਤਉ ਅਰਧਹਿ ਉਰਧ ਮਿਲਿਆ ਸੁਖ ਪਾਵਾ ॥ ੨੫ ॥**

ਨੀਚਤਾ ਨੂੰ ਛੱਡਕੇ ਜਦ ਉਤਾਹਾਂ ਜੀਵ ਆਇਆ ਤਾਂ ਨੀਵਾਂ ਜੀਵ ਉੱਚੇ ਵਾਹਿਗੁਰੂ ਨੂੰ ਮਿਲ ਪਿਆ ਅਤੇ ਸੁਖ ਪਾਇਆ ॥

**ਨੰਨਾ ਨਿਸਿ ਦਿਨੁ ਨਿਰਖਤ ਜਾਈ ॥**

**ਨਿਰਖਤ ਨੈਨ ਰਹੈ ਰਤਵਾਈ ॥**

ਨਿਸ = ਰਾਤ । ਨਿਰਖਤ = ਵੇਖਣਾ । ਰਤਵਾਈ = ਲਾਲਤਾ ।

ਭਗਤਾਂ ਦੇ ਨੇਤਰ ਰਾਤ ਦਿਨੇ ਵਾਹਿਗੁਰੂ ਨੂੰ ਵੇਖਦੇ ਰਹਿੰਦੇ ਹਨ ਅਤੇ ਵੇਖਦਿਆਂ ਨੇਤਰ ਲਾਲ ਹੋ ਰਹਿੰਦੇ ਹਨ ।

**ਨਿਰਖਤ ਨਿਰਖਤ ਜਬ ਜਾਇ ਪਾਵਾ ॥**

**ਤਬ ਲੇ ਨਿਰਖਹਿ ਨਿਰਖ ਮਿਲਾਵਾ ॥ ੨੬ ॥**

ਦੇਖਦਿਆਂ ੨ ਜਦ (ਅੰਦਰਲੀ ਜਗਾ ਵਿਚ ਹੀ) ਜਾਕੇ ਦੇਖਣਾ ਪਾਇਆ ਤਦ ਵੇਖਣ ਵਾਲੇ ਨੂੰ (ਨਿਰਖ) ਵਾਹਿਗੁਰੂ ਨੇ ਵੇਖਕੇ ਆਪਣੇ ਨਾਲ ਮਿਲਾ ਲਿਆ ।

**ਪਪਾ ਅਪਰ ਪਾਰੁ ਨਹੀ ਪਾਵਾ ॥**

**ਪਰਮ ਜੋਤਿ ਸਿਉ ਪਰਚਉ ਲਾਵਾ ॥**

ਅਪਰ ਵਾਹਿਗੁਰੂ ਦਾ ਪਾਰ ਕਿਸੇ ਨਹੀਂ ਪਾਇਆ ਪਰ ਭਗਤਾਂ ਨੇ ਪਰਮ ਜੋਤਿ ਵਾਲੇ ਵਾਹਿਗੁਰੂ ਨਾਲ ਮਨ ਦਾ ਪਰਚਾ ਲਾਇਆ ਹੈ ।

**ਪਾਂਚਉ ਇੰਦ੍ਰੀ ਨਿਗ੍ਰਹ ਕਰਈ ॥**

**ਪਾਪੁ ਪੁੰਨੁ ਦੋਊ ਨਿਰਵਰਈ ॥ ੨੭ ॥**

ਨਿਗ੍ਰਹ = ਰੋਕੀ ॥ ਨਿਰਵਰਈ-ਛੱ ।

ਓਨ੍ਹਾਂ ਭਗਤਾਂ ਨੇ ਪੰਜੇ ਇੰਦ੍ਰੀਆਂ ਵਸ ਕੀਤੀਆਂ ਹਨ ਅਤੇ ਪਾਪ ਪੁੰਨ ਦੋਵੇਂ ਛਡ ਦਿਤੇ ਹਨ ।

**ਫਫਾ ਬਿਨੁ ਫੂਲਹ ਫਲ ਹੋਈ ॥**

**ਤਾ ਫਲ ਫੰਕ ਲਖੈ ਜਉ ਕੋਈ ॥**

ਫੰਕ = ਫਾੜੀ ॥ ਲਖੈ = ਵੇਖੇ ॥

ਬਿਨਾਂ ਫੁੱਲ ਫੁੱਲੇ ਤੋਂ ਫਲ ਵੀ ਹੋ ਸਕਦਾ ਹੈ ? ਭਾਵ ਨਹੀਂ (ਵ ਫਲ ਲਗਨ ਨਾਲ ਬ੍ਰਿਛ ਦੇ ਫੁੱਲ ਦੂਰ ਹੋ ਜਾਂਦੇ ਹਨ) ਤਿਸ ਫਲ ਦੀ ਫਾੜੀ ਨੂੰ

ਜੇ ਕੋਈ ਵੇਖੇ। ਭ ਵ ਗਿਆਨ ਹੋਣ ਨਾਲ ਜੋ ਚੌਥੀ ਭੂਮਿਕਾ ਨੂੰ ਜਾਣੇ।

**ਦੂਨਿ ਨ ਪਰਈ ਫੰਕ ਬਿਚਾਰੈ ॥**

**ਤਾ ਫਲ ਫੰਕ ਸਭੈ ਤਨ ਫਾਰੈ ॥ ੨੮॥**

ਦੂਨਿ = ਕੰਦਰਾ ॥ ਫੰਕ = ਫਾੜੀ ॥

ਉਸ ਫਾੜੀ ਰੂਪ ਚੌਥੀ ਭੂਮਿਕਾ ਨੂੰ ਵਿਚਾਰਦਿਆਂ ਹੋਯਾਂ ੮੪ ਜੂਨ ਨਹੀਂ ਪੈਂਦੀ ਤਿਸ ਫਲ ਦੀ ਫਾੜੀ ਨੇ ਸਾਰੇ ਚੁਰਾਸੀ ਦੇ ਤਨ ਧਾਰਨੇ ਪਾੜ ਦਿੱਤੇ।

**ਬਬਾ ਬਿੰਦਿ ਬਿੰਦ ਮਿਲਾਵਾ ॥**

**ਬਿੰਦਹਿ ਬਿੰਦਿ ਨ ਬਿਛੁਰਨ ਪਾਵਾ ॥**

ਬਿੰਦਹਿ = ਜਾਨਨ ਵਾਲਾ ਵਾ ਬੂੰਦ ॥

ਜਿੱਕੁਰ ਪਾਣੀ ਨਾਲ ਪਾਣੀ ਦੀ ਬੂੰਦ ਮਿਲ ਜਾਂਦੀ ਹੈ ਤਿੱਕੁਰ ਹੀ ਜਦ (ਬਿੰਦਹਿ) ਜਾਨਣ ਵਾਲੇ ਵਾਹਿਗੁਰੂ ਨੇ (ਬਿੰਦ) ਜਾਣਕੇ ਜੀਵ ਨਾਲ ਮਿਲਾ ਲਿਆ ਤਾਂ ਬਿੰਦਹਿ ਨਾਲੋਂ ਬਿੰਦ ਨ ਵਿਛਰਨਾ ਪਾਯਾ ॥

**ਬੰਦਉ ਹੋਇ ਬੰਦਗੀ ਗਹੈ ॥**

**ਬੰਦਕ ਹੋਇ ਬੰਦ ਸੁਧਿ ਲਹੈ ॥ ੨੯ ॥**

ਗਹੈ = ਫੜੇ ॥ ਬੰਦਕ = ਬੰਦਗੀ ਕਰਨ ਵਾਲਾ, ਦਾਸ ਹੋਕੇ ਬੰਦਗੀ ਨੂੰ ਫੜੇ ॥ ਬੰਦ = ਸਰਬੰਧੀ ਪਿਆਰਾ ॥

ਜੇਹੜਾ ਭਗਤੀ ਕਰਨ ਵਾਲਾ ਹੁੰਦਾ ਹੈ ਉਸਦੀ ਪਿਆਰੇ ਸਰਬੰਧੀਆਂ ਵਾਕੁਰ ਵਾਹਿਗੁਰੂ ਸੁਧਿ ਲੈਂਦਾ ਹੈ ॥

**ਭਭਾ ਭੇਦਹਿ ਭੇਦ ਮਿਲਾਵਾ ॥**

**ਅਬ ਭਉ ਭਾਨਿ ਭਰੋਸਉ ਆਵਾ ॥**

ਭਾਨਿ = ਸੂਰਜ, ਨਾਸ। ਭੇਦਹਿ = ਜੁਦਾਈ। ਭੇਦ = ਦੂਰ, ਵਿਨ੍ਹਣਾਂ ॥

ਜੀਵ ਈਸ਼ਵਰ ਦੀ ਜੁਦਾਈ ਨੂੰ ਦੂਰ ਕਰਕੇ ਮਿਲਾਪ ਹੋਯਾ ਹੁਨ ਜਨਮ ਮਰਨ ਦਾ ਡਰ ਦੂਰ ਹੋਯਾ ਅਤੇ ਭਰੋਸਾ ਆਯਾ।

**ਜੋ ਬਾਹਰਿ ਸੋ ਭੀਤਰਿ ਜਾਨਿਆ ॥**

**ਭਇਆ ਭੇਦੁ ਭੂਪਤਿ ਪਹਿਚਾਨਿਆ ॥ ੩੦ ॥**

ਭੀਤਰ = ਅੰਦਰਿ। ਭੂਪਤਿ = ਰਾਜਾ। ਪਹਿਚਾਨਿਆਂ = ਜਾਨਿਆਂ।

ਜੇਹੜਾ ਬਾਹਰ ਵਾਹਿਗੁਰੂ ਸੀ ਉਸਨੂੰ ਅੰਦਰ ਜਾਣਿਆਂ ਭਿੰਨ ਭੇਦ ਦੂਰ ਹੋ ਗਿਆ ਰਾਜੇ ਨੂੰ ਜਾਣ ਲਿਆ ॥

**ਮਮਾ ਮੂਲ ਗਹਿਆ ਮਨੁ ਮਾਨੈ ॥**
**ਮਰਮੀ ਹੋਇ ਸੁ ਮਨ ਕਉ ਜਾਨੈ ॥**

ਮੂਲ = ਮੁੱਢ ॥ ਗਹਿਆ = ਫੜਿਆ ॥ ਮਰਮੀ = ਭੇਤ ਵਾਲਾ ॥

ਮੂਲ ਰੂਪ ਵਾਹਿਗੁਰੂ ਨੂੰ ਫੜਿਆ ਤਾਂ ਮਨ ਮੰਨ ਆਯਾ ਜੇਹੜਾ ਇਸ ਗੱਲ ਦਾ ਭੇਤੀ ਹੋਵੇ ਓਹ ਮਨ ਨੂੰ ਫੜਨਾ ਜਾਣਦਾ ਹੈ ॥

**ਮਤ ਕੋਈ ਮਨ ਮਿਲਤਾ ਬਿਲਮਾਵੈ ॥**
**ਮਗਨ ਭਇਆ ਤੇ ਸੋ ਸਚੁ ਪਾਵੈ ॥ ੩੧ ॥**

ਬਿਲਮਾਵੈ = ਦੇਰ ਕਰੈ ॥ ਮਤ = ਨਾਂ ॥

ਮਤ ਕੋਈ ਮਨ ਮਿਲਦੇ ਨੂੰ ਦੇਰੀ ਕਰੇ ਵਾ ਵਾਹਿਗੁਰੂ ਵਿੱਚ ਸਤ ਹੋਣ ਕਰਕੇ ਸੋ ਓਹ ਭਗਤ ਸਚ ਸਰੂਪ ਨੂੰ ਵਾ ਸੁਖ ਨੂੰ ਪਾਉਂਦਾ ਹੈ ॥

**ਮੰਮਾ ਮਨ ਸਿਉ ਕਾਜੁ ਹੈ ਮਨ ਸਾਧੇ ਸਿਧਿ ਹੋਇ ॥ ਮਨ ਹੀ ਮਨਸਿਉ ਕਹੈ ਕਬੀਰਾ ਮਨਸਾ ਮਿਲਿਆ ਨ ਕੋਇ ॥ ੩੨ ॥**

ਸਾਧੇ = ਵੱਸ ਕਰਨਾ ॥

ਮਨ ਨਾਲ ਹੀ ਕੰਮ ਹੈ। ਮਨ ਨੂੰ ਵੱਸ ਕਰਿਆਂ ਹੋਇਆਂ ਸਭ ਸਿਧੀਆਂ ਪੂਰਨ ਹੋ ਜਾਂਦੀਆਂ ਹਨ ਮਨ ਹੀ ਮਨ ਨੂੰ ਕਬੀਰ ਜੀ ਕਹਿੰਦੇ ਹਨ ਕਿ ਮਨ ਵਰਗਾ ਉਪਦੇਸ਼ ਸੁਣਨ ਵਾਲਾ ਸਾਨੂੰ ਕੋਈ ਨਹੀਂ ਮਿਲਿਆ ॥

**ਇਹੁ ਮਨੁ ਸਕਤੀ ਇਹੁ ਮਨੁ ਸੀਉ ॥**
**ਇਹੁ ਮਨੁ ਪੰਚ ਤਤ ਕੋ ਜੀਉ ॥**

ਸਕਤੀ = ਮਾਇਆ ॥ ਸੀਉ = ਕਲਜਾਨ ॥

ਇਹ ਮਨ ਮਾਇਆ ਨਾਲ ਮਿਲਕੇ ਮਾਇਆ ਰੂਪ ਅਤੇ ਵਾਹਿਗੁਰੂ ਨਾਲ ਮਿਲਕੇ ਵਾਹਿਗੁਰੂ ਰੂਪ ਹੋ ਜਾਂਦਾ ਹੇ ਅਤੇ ਫਿਰ ਏਹੋ ਹੀ ਮਨ ਪੰਜਾਂ ਤੱਤਾਂ ਦਾ ਜੀਉ (ਆਸਰਾ ਰੂਪ) ਬਣ ਜਾਂਦਾ ਹੈ ॥

**ਇਹੁ ਮਨੁ ਲੇ ਜਉ ਉਨਮਨਿ ਰਹੈ ॥**
**ਤਉ ਤੀਨਿ ਲੋਕ ਕੀ ਬਾਤੈ ਕਹੈ ॥ ੩੩ ॥**

ਲੇ = ਵਸ ਕਰਕੇ । ਉਨਮਨਿ = ਤੁਰੀਆ ਪਦ ॥

ਇਸ ਮਨ ਨੂੰ ਵਸ ਕਰਕੇ ਜੇਹੜਾ ਵਾਹਿਗੁਰੂ ਵਿੱਚ ਮਸਤ ਕਰ ਰੱਖੇ ਤਾਂ ਫਿਰ ਓਹ ਤਿੰਨਾਂ ਲੋਕਾਂ ਦੀਆਂ ਗੱਲਾਂ ਕੈਂਹਦਾ ਹੈ ॥

**ਯਯਾ ਜਉ ਜਾਨਹਿ ਤਉ ਦੁਰਮਤਿ ਹਨਿ ਕਰਿ ਬਸਿ ਕਾਇਆ**

ਗਾਉ ॥ ਰਣਿ ਰੂਤਉ ਭਾਜੈ ਨਹੀ ਸੂਰਉ ਥਾਰਉ ਨਾਉ ॥ ੩੪॥

ਹਨਿ = ਨਾਸ ॥ ਰੂਤਉ = ਰੁਕਿਆ ਹੋਇਆ ॥

ਜੇ ਵਾਹਿਗੁਰੂ ਨੂੰ ਜਾਣਿਆ ਚਾਹੁੰਦਾ ਹੈਂ ਤਾਂ ਦੁਰਮਤ ਨੂੰ ਨਾਸ ਕਰ ਅਤੇ ਕਾਇਆਂ ਰੂਪ ਪਿੰਡ ਨੂੰ ਵਸ ਕਰ ॥ ਜੇ ਰਣ ਵਿਚ ਰੁਕਿਆ ਹੋਯਾ ਕਾਮ ਆਦਿਕਾਂ ਦੇ ਅੱਗੇ ਭੱਜੇਂਗਾ ਨਹੀਂ, ਤਾਂ ਤੇਰਾ ਨਾਮ ਸੂਰਮਾਂ ਹੈ ॥

ਰਾਰਾ ਰਸੁ ਨਿਰਸ ਕਰਿ ਜਾਨਿਆ ॥
ਹੋਇ ਨਿਰਸ ਸੁ ਰਸੁ ਪਹਿਚਾਨਿਆ ॥

ਪਹਿਚਾਨਿਆ = ਜਾਣਿਆਂ ।

ਜੇਹੜਾ ਵਾਹਿਗੁਰੂ ਦਾ ਰਸ ਸੀ ਸੋ (ਨਿਰਸ) ਮਾੜਾ ਕਰਕੇ ਜਾਣਿਆਂ ਅਤੇ ਜੇਹੜੇ ਵਿਸ਼ੇ ਨਿਰਸ ਹੋ ਜਾਣ ਵਾਲੇ ਸੀ ਸੋ ਸ੍ਰੇਸ਼ਟ ਰਸ ਕਰਕੇ ਜਾਣੇ ਵਾ ਜਿਨ੍ਹਾਂ ਨੇ ਵਿਸ਼ਿਆਂ ਦੇ ਰਸਾਂ ਦਾ ਰਸ (ਨਿਰਸ) ਤੁਛ ਕਰਕੇ ਜਾਣਿਆਂ ਅਤੇ ਵਿਸ਼ਿਆਂ ਵਲੋਂ ਨਿਰਾਸ ਹੋਏ ਨੇ ਓਨ੍ਹਾਂ ਉਤਮ ਰਸ ਨੂੰ ਜਾਣਿਆਂ।

ਇਹ ਰਸ ਛਾਡੇ ਉਹ ਰਸੁ ਆਵਾ ॥
ਉਹ ਰਸੁ ਪੀਆ ਇਹ ਰਸੁ ਨਹੀ ਭਾਵਾ ॥ ੩੫ ॥

ਜਦ ਇਹੁ ਰਸ ਛਡਿਆ ਤਾਂ ਉਹ ਰਸ ਆਇਆ, ਜਦ ਓਹ ਵਾਹਿਗੁਰੂ ਦਾ ਰਸ ਪੀਤਾ ਤਾਂ ਇਹ ਵਿਸ਼ਿਆਂ ਦਾ ਰਸ ਨਹੀਂ ਭਾਇਆ।

ਲਲਾ ਐਸੇ ਲਿਵ ਮਨੁ ਲਾਵੈ ॥
ਅਨਤ ਨ ਜਾਇ ਪਰਮ ਸਚੁ ਪਾਵੈ ॥

ਅਨਤ = ਹੋਰਥੇ ॥ ਲਿਵ = ਬ੍ਰਿਤੀ ॥

ਇੱਕੁਰ ਵਾਹਿਗੁਰੂ ਵਿਚ ਮਨ ਦੀ ਬ੍ਰਿਤੀ ਲਾਵੇ ਕਿ ਹੋਰਥੇ ਨਾ ਜਾਵੇ ਤਾਂ ਪਰਮ ਸਚ ਸਰੂਪ ਵਾਹਿਗੁਰੂ ਨੂੰ ਪਾ ਲੈਂਦਾ ਹੈ ॥

ਅਰੁ ਜਉ ਤਹਾ ਪ੍ਰੇਮ ਲਿਵ ਲਾਵੈ ॥
ਤਉ ਅਲਹ ਲਹੈ ਲਹਿ ਚਰਨ ਸਮਾਵੈ ॥ ੩੬ ॥

ਲਿਵ = ਬ੍ਰਿਤੀ ॥ ਲਹੈ = ਵੇਖੈ ॥

ਅਤੇ ਜਦ ਉਸ ਪ੍ਰੇਮ ਵਿਚ ਮਨ ਦੀ ਬ੍ਰਿਤੀ ਲਾਵੇ ਤਾਂ ਵਾਹਿਗੁਰੂ ਨੂੰ ਵੇਖ ਲੈਂਦਾ ਹੈ ਅਤੇ ਫਿਰ ਵੇਖਕੇ ਚਰਨਾਂ ਵਿਚ ਹੀ ਸਮਾ ਰਹਿੰਦਾ ਹੈ ॥

ਵਵਾ ਬਾਰ ਬਾਰ ਬਿਸਨ ਸਮ੍ਹਾਰਿ ॥

## ਬਿਸਨ ਸੰਮਾਰਿ ਨ ਆਵੈ ਹਾਰਿ ॥

ਬਿਸਨ = ਵਾਹਿਗੁਰੂ । ਸੰਮਾਰਿ = ਯਾਦ ਕਰ ॥

ਬਾਰ ਬਾਰ ਵਾਹਿਗੁਰੂ ਨੂੰ ਯਾਦ ਕਰ ਕਿਉਂਕਿ ਸ੍ਵਾਸ ਸ੍ਵਾਸ ਵਾਹਿਗੁਰੂ ਨੂੰ ਯਾਦ ਕਰਨ ਨਾਲ ਤੈਨੂੰ ਹਾਰ ਨਾ ਆਵੇਗੀ ।

## ਬਲਿ ਬਲਿ ਜੇ ਬਿਸਨ ਤਨਾ ਜਸੁ ਗਾਵੈ ॥
## ਵਿਸਨ ਮਿਲੇ ਸਭਹੀ ਸਚੁ ਪਾਵੈ ॥ ੩੭ ॥

ਤਨਾ = ਪੁਤ੍ਰ ਵਾ ਸਰੀਰ ॥

ਮੈਂ ਤਿਨਾਂ ਤੋਂ ਬਲ ਬਲ ਜਾਂਦਾ ਹਾਂ ਜੋ ਵਾਹਿਗੁਰੂ ਦੇ ਸਰੀਰ ਧਾਰਿਆਂ ਹੋਇਆਂ ਭਾਵ ਭਗਤਾਂ ਦਾ ਜੱਸ ਗਾਉਂਦਾ ਹੈ ਅਤੇ ਫਿਰ ਉਸ ਨੂੰ ਵਾਹਿਗੁਰੂ ਮਿਲ ਪੈਂਦਾ ਹੈ ਅਤੇ ਸਾਰੇ ਹੀ ਸੁਖ ਪਾ ਲੈਂਦਾ ਹੈ ॥

## ਵਾਵਾ ਵਾਹੀ ਜਾਨੀਐ ਵਾ ਜਾਨੇ ਇਹੁ ਹੋਇ ॥
## ਇਹੁ ਅਰੁ ਓਹੁ ਜਬ ਮਿਲੈ ਤਬ ਮਿਲਤ ਨ ਜਾਨੈ ਕੋਇ॥੩੮॥

ਉਸ ਵਾਹਿਗੁਰੂ ਨੂੰ ਹੀ ਜਾਣੀਏਂ ਕਿਉਂਕਿ ਉਸ ਨੂੰ ਜਾਨਣ ਨਾਲ ਇਹੁ ਜੀਵ ਵਾਹਿਗੁਰੂ ਦਾ ਰੂਪ ਹੋ ਜਾਂਦਾ ਹੈ ਫਿਰ ਇਹ ਜੀਵ ਅਤੇ ਓਹ ਵਾਹਿ-ਗੁਰੂ ਜਦ ਮਿਲ ਜਾਂਦੇ ਹਨ ਤਦ ਮਿਲਿਆਂ ਹੋਇਆਂ ਨੂੰ ਵਖੋ ਵਖ ਕੋਈ ਨਹੀਂ ਜਾਣ ਸਕਦਾ।

## ਸਸਾ ਸੋ ਨੀਕਾ ਕਰਿ ਸੋਧਹੁ ॥
## ਘਟ ਪਰਚਾ ਕੀ ਬਾਤ ਨਿਰੋਧਹੁ ॥

ਨਿਰਧੋਹੁ = ਰੋਕੋ । ਨੀਕਾ ਚੰਗਾ ॥

ਉਸ ਵਾਹਿਗੁਰੂ ਨੂੰ ਹਛੀ ਤਰਾਂ ਵਿਚਾਰੋ । ਰਿਦੇ ਵਿਚ ਪਰਚੇ ਦੀਆਂ ਗੱਲਾਂ ਨੂੰ ਰੋਕੋ ਭਾਵ ਓਹ ਗੱਲਾਂ ਰਿਦੇ ਵਿਚ ਕਠੀਆਂ ਕਰੋ ਜੋ ਵਾਹਿਗੁਰੂ ਦੇ ਪਰਚੇ ਦੀਆਂ ਹਨ ਵਾ ਘਟ ਦੇ ਪਰਚੇ ਦੀਆਂ ਵਿਚ ਮਨ ਨੂੰ ਰੋਕੋ ॥

## ਘਟ ਪਰਚੈ ਜਉ ਉਪਜੈ ਭਾਉ ॥
## ਪੂਰਿ ਰਹਿਆ ਤਹ ਤ੍ਰਿਭਵਣ ਰਾਉ ॥ ੩੯ ॥

ਭਾਉ = ਪ੍ਰੇਮ

ਰਿਦੇ ਦੇ ਪਰਚੇ ਵਿਚ ਜਦ ਪ੍ਰੇਮ ਪ੍ਰਗਟ ਹੋਵੇ ਤਾਂ ਤਿੰਨਾਂ ਭਵਣਾਂ ਦਾ ਜੋ ਰਾਜਾ ਹੈ ਉਸਦੇ ਰਿਦੇ ਵਿਚ ਹੀ ਭਰਪੂਰ ਹੋ ਰਹਿੰਦਾ ਹੈ ਵਾ ਪੂਰਨ ਹੋ ਰਿਹਾ ਹੈ ॥

**ਖਖਾ ਖੋਜਿ ਪਰੈ ਜਉ ਕੋਈ ॥**
**ਜੋ ਖੋਜੈ ਸੋ ਬਹੁਰਿ ਨ ਹੋਈ ॥**

ਜੇਹੜਾ ਕੋਈ ਵਾਹਿਗੁਰੂ ਦੇ ਖੋਜ ਪੈਂਦਾ ਹੈ ਅਤੇ ਜੇਹੜਾ ਖੋਜਦਾ ਹੈ ਸੋ ਫਿਰ ਵੱਖਰਾ ਨਹੀਂ ਹੁੰਦਾ।

**ਖੋਜ ਬੂਝਿ ਜਉ ਕਰੈ ਬੀਚਾਰਾ ॥**
**ਤਉ ਭਵਜਲ ਤਰਤ ਨ ਲਾਵੈ ਬਾਰਾ ॥ ੪੦ ॥**

ਭਵਜਲ = ਸੰਸਾਰ ਸਮੁੰਦਰ। ਬਾਰਾ = ਦੇਰ।

ਜੇਹੜਾ ਉਸ ਖੋਜ ਨੂੰ ਗੁਰਾਂ ਪਾਸੋਂ ਪੁਛਕੇ ਵਿਚਾਰ ਕਰਦਾ ਹੈ ਤਾਂ ਫਿਰ ਓਹ ਸੰਸਾਰ ਸਮੁੰਦਰ ਨੂੰ ਤਰਦਾ ਹੋਇਆ ਦੇਰੀ ਨਹੀਂ ਲਾਉਂਦਾ ਭਾਵ ਛੇਤੀ ਤਰ ਜਾਂਦਾ ਹੈ।

**ਸਸਾ ਸੋ ਸਹ ਸੇਜ ਸਵਾਰੈ ॥**
**ਸੋਈ ਸਹੀ ਸੰਦੇਹ ਨਿਵਾਰੈ ॥**

ਸਹੀ = ਨਿਸਚੇ ਕਰਕੇ ਵ ਸਖੀ ॥ ਸਹ = ਪਤ ॥

ਸੋ ਓਹ ਵਾਹਿਗੁਰੂ ਪਤੀ ਦੇ ਵਾਸਤੇ ਆਪਣੇ ਰਿਦੇ ਉੱਤੇ ਸੇਜਾ ਸਵਾਰਦਾ ਹੈ ਅਤੇ ਸੋਈ ਸਹੀ ਸੰਸਿਆਂ ਨੂੰ ਦੂਰ ਕਰਦਾ ਹੈ।

**ਅਲਪ ਸੁਖ ਛਾਡਿ ਪਰਮ ਸੁਖ ਪਾਵਾ ॥**
**ਤਬ ਇਹ ਤ੍ਰੀਅ ਓਹੁ ਕੰਤੁ ਕਹਾਵਾ ॥੪੧॥**

ਅਲਪ = ਥੋੜਾ।

ਜਦ ਥੋੜੇ ਸੁਖ ਨੂੰ ਛਡਕੇ ਵਡੇ ਸੁਖ ਨੂੰ ਪਾਇਆ ਤਦ ਇਹ ਇਸਤ੍ਰੀ ਅਤੇ ਓਹ ਕੰਤ ਕਹਾਇਆ।

**ਹਾਹਾ ਹੋਤ ਹੋਇ ਨਹੀ ਜਾਨਾ ॥**
**ਜਬਹੀ ਹੋਇ ਤਬਹਿ ਮਨੁ ਮਾਨਾ ॥**

ਇਸ ਜੀਵ ਨੇ ਵਾਹਿਗੁਰੂ ਰੂਪ ਹੋਣਾ ਸੀ ਸੋ ਹੋਣ ਨ ਜਾਣਿਆ ਜਦ ਨਿਸਚੇ ਕਰਕੇ ਮਨ ਮੰਨਿਆਂ ਤਦ ਓਹ ਰੂਪ ਹੋ ਗਿਆ।

**ਹੈ ਤਉ ਸਹੀ ਲਖੈ ਜਉ ਕੋਈ ॥**
**ਤਬ ਓਹੀ ਓਹੁ ਏਹੁ ਨ ਹੋਈ ॥ ੪੨ ॥**

ਲਖੈ = ਵੇਖੇ।

ਹੈ ਤਾਂ ਸਹੀ ਪਰ ਜੇ ਕੋਈ ਜਾਣੇ, ਜਦ ਜਾਣੇ ਤਦ (ਓਹੀ ਓਹੁ) ਵਾਹਿ-ਗੁਰੂ ਹੀ ਵਾਹਿਗੁਰੂ ਹੁੰਦਾ ਹੈ ਏਹ ਜੀਵ ਰੂਪ ਕੁਝ ਨਹੀਂ ਹੁੰਦਾ।

**ਲਿੰਉ ਲਿੰਉ ਕਰਤ ਫਿਰੈ ਸਭੁ ਲੋਗੁ ॥**
**ਤਾ ਕਾਰਣਿ ਬਿਆਪੈ ਬਹੁ ਸੋਗੁ ॥**

ਲੈ ਲਵਾਂ ਲੈ ਲਵਾਂ ਸਭ ਲੋਕ ਕਰਦੇ ਫਿਰਦੇ ਹਨ ਇਸ ਵਾਸਤੇ ਬਾਹਲੇ ਸ਼ੋਕ ਵਿਆਪਦੇ ਹਨ।

**ਲਖਿਮੀ ਬਰ ਸਿਉ ਜਉ ਲਿਉ ਲਾਵੈ ॥**
**ਸੋਗੁ ਮਿਟੈ ਸਭ ਹੀ ਸੁਖ ਪਾਵੈ ॥੪੩॥**

ਬਰ = ਪਤੀ। ਲਿਉ = ਬ੍ਰਿਤੀ।

ਮਾਇਆ ਦੇ ਪਤੀ ਵਾਹਿਗੁਰੂ ਨਾਲ ਜੋੜਾ ਚਿਤ ਬ੍ਰਿਤੀ ਲਾਵੇ ਉਸਦੇ ਸਾਰੇ ਸ਼ੋਕ ਮਿਟ ਜਾਂਦੇ ਹਨ ਅਤੇ ਸਾਰੇ ਹੀ ਸੁਖ ਪਾ ਲੈਂਦਾ ਹੈ।

**ਖਖਾ ਖਿਰਤ ਖਪਤ ਗਏ ਕੇਤੇ ॥**
**ਖਿਰਤ ਖਪਤ ਅਜਹੂ ਨਹ ਚੇਤੇ ॥**

ਖਿਰਤ = ਜਗਤ ਵਾ ਖੀਨ।

ਕਿੰਨੇ ਹੀ ਜੀਵ ਜਗ ਵਿਚ ਖਪ ਗਏ ਹਨ ਅਤੇ ਜਗ ਵਿਚ ਖਪਦਿਆਂ ਨੂੰ ਵੇਖਕੇ ਅਜੇ ਭੀ ਜੀਵ (ਵੇਖਣ ਵਾਲੇ) ਵਾਹਿਗੁਰੂ ਨੂੰ ਨਹੀਂ ਯਾਦ ਕਰਦੇ।

**ਅਬ ਜਗੁ ਜਾਨਿ ਜਉ ਮਨਾ ਰਹੈ ॥**
**ਜਹ ਕਾ ਬਿਛੁਰਾ ਤਹ ਥਿਰੁ ਲਹੈ ॥ ੪੪ ॥**

ਹੁਣ ਵੀ ਜੇ ਜੱਗ ਜਾਣਕੇ ਮਨ ਕਰਕੇ ਵਾਹਿਗੁਰੂ ਵਿਚ ਇਸਥਿਤ ਹੋ ਰਹੇ ਤਾਂ ਫਿਰ ਜਿਸ ਥਾਂ ਦਾ ਵਿਛੜਿਆ ਹੋਯਾ ਹੈ ਓਥੇ ਹੀ ਇਸਥਿਤੀ ਲਵੇਗਾ।

**ਬਾਵਨ ਅਖਰ ਜੋਰੇ ਆਨਿ ॥**
**ਸਕਿਆ ਨ ਅਖਰੁ ਏਕੁ ਪਛਾਨਿ ॥**

ਬਵਿੰਜਾ ਅੱਖਰ ਲਿਆਕੇ ਜੋੜੇ ਪਰ ਮੂਰਖ ਇਕ ਵੀ ਅੱਖਰ ਪਛਾਣ ਨ ਸਕਿਆ ਵਾ ਬਵਿੰਜਾ ਅੱਖਰਾਂ ਨੂੰ ਵਿਆਕਰਣ ਦੀ ਰੀਤੀ ਅਨੁਸਾਰ ਜੋੜਦਾ ਰਿਹਾ, ਪਰ ਇਕ ਵਾਹਿਗੁਰੂ ਨੂੰ ਨਾ ਪਛਾਣ ਸਕਿਆ।

**ਸਤ ਕਾ ਸਬਦੁ ਕਬੀਰਾ ਕਹੈ ॥**
**ਪੰਡਿਤ ਹੋਇ ਸ ਅਨਭੈ ਰਹੈ ॥**

ਸੱਚਾ ਸਬਦ ਕਬੀਰ ਜੋ ਕਹਿੰਦੇ ਹਨ, ਜੇਹੜਾ ਅਨਭੈ ਵਾਹਿਗੁਰੂ ਵਿਚ ਮਨ ਲਗਾ ਰੱਖੇ ਸੋ ਪੰਡਤ ਹੋਦਾ ਹੈ ॥

**ਪੰਡਿਤ ਲੋਗਹ ਕਉ ਬਿਉਹਾਰ ॥**

**ਗਿਆਨ ਵੰਤ ਕਉ ਤਤੁ ਬੀਚਾਰ ॥**

ਪੰਡਤ ਲੋਕਾਂ ਦਾ ਇਹ ਵਿਹਾਰ ਹੈ ਜੋ ਵੇਦਾਂ ਦੇ ਪੜ੍ਹਨ ਵਿਚ ਖਪਣਾ ਖਪਾਉਂਣਾ ਅਤੇ ਗਜਾਨਵਾਨਾਂ ਦਾ (ਤੱਤ) ਸੱਚ ਝੂਠ ਦਾ ਵਿਚਾਰ ਕਰਨਾਂ ਭਾਵ ਗਜਾਨਵਾਨ ਵਾਹਿਗੁਰੂ ਨੂੰ ਜਾਣਦੇ ਹਨ ॥

**ਜਾਕੈ ਜੀਅ ਜੈਸੀ ਬੁਧਿ ਹੋਈ ॥**

**ਕਹਿ ਕਬੀਰ ਜਾਨੈਗਾ ਸੋਈ ॥੪੫॥**

ਪਰ ਜਿਸਦੇ ਜੀਅ ਦੀ ਗਜਾਨਵਾਨ ਵਾਕੂੰ ਬੁੱਧੀ ਹੁੰਦੀ ਹੈ ਕਬੀਰ ਜੀ ਕਹਿੰਦੇ ਹਨ ਸੋਈ ਜਾਣੇਗਾ ॥

**ੴ ਸਤਿਗੁਰਪ੍ਰਸਾਦਿ ॥**

**ਰਾਗੁ ਗਉੜੀ ਥਿਤੀ ਕਬੀਰ ਜੀ ਕੀ ॥ ਸਲੋਕੁ ॥**

**ਪੰਦ੍ਰਹ ਥਿਤੀ ਸਾਤ ਵਾਰ ॥ ਕਹਿ ਕਬੀਰ ਉਰਵਾਰ ਨ ਪਾਰ ॥**

ਪੰਦ੍ਰਾਂ ਤਿਥੀਆਂ ਅਤੇ ਸੱਤਾਂ ਵਾਰਾਂ ਵਿਚ ਜੇਹੜੇ ਆਦਮੀ ਵਾਹਿਗੁਰੂ ਨੂੰ ਛਡਕੇ ਹੋਰ ਪਾਸੇ ਵਲ ਗਏ ਹਨ, ਕਬੀਰ ਜੀ ਕਹਿੰਦ ਹਨ ਉਨ੍ਹਾਂ ਨੂੰ ਨਾ ਇਸ ਬੰਨੇ (ਲੋਕ) ਵਲ ਢੋਈ ਅਤੇ ਨਾ ਪਾਰਲੇ ਬੰਨੇ ਵਾਹਿਗੁਰੂ ਵਲ। ਭਾਵ ਜਿਕੁਰ ਪੰਦਰਾਂ ਤਿਥੀਆਂ ਤੇ ਸੱਤ ਵਾਰ ਭੌਂਦੇ ਰਹਿੰਦੇ ਹਨ ਇਕੁਰ ਹੀ ਓਹ ਜੀਵ ਚੁਰਾਸੀ ਵਿਚ ਭੌਂਦੇ ਰਹਿੰਦੇ ਹਨ।

**ਸਾਧਿਕ ਸਿਧ ਲਖੈ ਜਉ ਭੇਉ ॥**

**ਆਪੇ ਕਰਤਾ ਆਪੇ ਦੇਉ ॥ ੧ ॥**

ਸਾਧਨ ਕਰਨ ਵਾਲਿਆਂ ਅਤੇ ਸਿੱਧੀਆਂ ਵਾਲਿਆਂ ਵਿਚੋਂ ਜਿਸ ਕਿਸੇ ਨੇ ਵਾਹਿਗੁਰੂ ਦਾ ਭੇਦ ਲਖਿਆ ਹੈ ਉਹ ਆਪ ਹੀ ਸੰਸਾਰ ਦਾ ਕਰਤਾ ਰੂਪ ਹੈ ਅਤੇ ਆਪ ਹੀ (ਦੇਉ) ਪ੍ਰਕਾਸ਼ ਰੂਪ ਹੈ ਭਾਵ ਵਾਹਿਗੁਰੂ ਦਾ ਰੂਪ ਹੈ ॥

**ਥਿਤੀ ॥ ਅੰਮਾਵਸ ਮਹਿ ਆਸ ਨਿਵਾਰਹੁ ॥**

**ਅੰਤਰ ਜਾਮੀ ਰਾਮੁ ਸਮਾਰਹੁ ॥**

ਅੰਮਾਵਸ = ਮਸਿਆ

ਮਸਿਆ ਤਿਥੀ ਵਿਚ ਪਦਾਰਥਾਂ ਦੀ ਆਸਾ ਨੂੰ ਨਿਵਾਰੋ ਅਤੇ ਅੰਦਰ ਦੀ ਜਾਨਣ ਵਾਲੇ ਵਾਹਿਗੁਰੂ ਨੂੰ ਯਾਦ ਕਰੋ ॥

**ਜੀਵਤ ਪਾਵਹੁ ਮੋਖ ਦੁਆਰ ॥**

**ਅਨਭਉ ਸਬਦੁ ਤਤੁ ਨਿਜੁ ਸਾਰ ॥ ੧ ॥**

ਨਿਜੁ = ਆਪਣਾ । ਸਾਰ = ਚੰਗਾ ।

ਜਿਉਂਦੇ ਹੀ ਮੁਕਤੀ ਦਾ ਦਰਵਾਜਾ ਪਾਵੋ ਅਤੇ ਆਪਨੇ ਅਨਭੌ ਸਬਦ ਤਤ ਸਰੂਪ ਦੀ ਸੰਭਾਲ ਕਰੋ ਵਾ ਕਰ ਲਵੋਗੇ ॥

**ਚਰਨ ਕਮਲ ਗੋਬਿੰਦ ਰੰਗੁ ਲਾਗਾ ॥**

**ਸੰਤ ਪ੍ਰਸਾਦਿ ਭਏ ਮਨ ਨਿਰਮਲ**

**ਹਰਿ ਕੀਰਤਨ ਮਹਿ ਅਨਦਿਨੁ ਜਾਗਾ ॥ ੧ ॥ ਰਹਾਉ ॥**

ਅਨ = ਰਾਤ ।

ਜਿਸਦਾ ਮਨ ਵਾਹਿਗੁਰੂ ਦੇ ਚਰਨਾਂ ਕਮਲਾਂ ਵਿਚ ਪ੍ਰੇਮ ਨਾਲ ਲਗਦਾ ਹੈ, ਅਤੇ ਸੰਤਾਂ ਦੀ ਕਿਰਪਾ ਕਰਕੇ ਨਿਰਮਲ ਹੋਯਾ ਹੈ ਓਹ ਵਾਹਿਗੁਰੂ ਦੇ ਕੀਰਤਨ ਵਿਚ ਰਾਤ ਦਿਨੇ ਜਾਗਦਾ ਹੈ ।

**ਪਰਵਾ ਪ੍ਰੀਤਮ ਕਰਹੁ ਬੀਚਾਰ ॥**

**ਘਟ ਮਹਿ ਖੇਲੈ ਅਘਟ ਅਪਾਰ ॥**

ਅਘਟ – ਇਕ ਰਸ । ਪਰਵਾ = ਏਕਮ ।

ਪਿਆਰੇ ਵਾਹਿਗੁਰੂ ਦਾ ਵਿਚਾਰ ਕਰੋ ਓਹ ਸਭ ਦੇ ਘਟ ਵਿਚ ਇਕ ਰਸ ਬਾਹਲਾ ਹੈ । ਭਾਵ ਸਭ ਦੇ ਹਿਦੇ ਵਿਚ ਹੈ ।

**ਕਾਲ ਕਲਪਨਾ ਕਦੈ ਨ ਖਾਇ ॥**

**ਆਦਿ ਪੁਰਖ ਮਹਿ ਰਹੈ ਸਮਾਇ ॥ ੨ ॥**

ਤਿਸਨੂੰ ਕਾਲ ਦੀ ਕਲਪਣਾ ਕਦੇ ਨਹੀਂ ਖਾਂਦੀ ਕਿਉਂਕਿ ਆਦਿ ਪੁਰਖ ਵਿਚ ਸਮਾ ਰਹਿੰਦਾ ਹੈ ॥

**ਦੁਤੀਆ ਦੁਹ ਕਰਿ ਜਾਨੈ ਅੰਗ ॥**

**ਮਾਇਆ ਬ੍ਰਹਮ ਰਮੈ ਸਭ ਸੰਗ ॥**

ਅੰਗ = ਸਰੀਰ ਵ ਦੋ ॥

ਸਾਰੇ ਸਰੀਰਾਂ ਨੂੰ ਦੋਵੇਂ ਕਰਕੇ ਜਾਣੇ ਮਾਇਆ ਤੇ ਵਾਹਿਗੁਰੂ ਸਭ ਨਾਲ ਰਮੇ ਹੋਏ ਹਨ । ਵਾ ਸਭਨਾਂ ਸਰੀਰਾਂ ਵਿਚ ਉਸਨੂੰ ਦੋ ਕਰਕੇ ਨਾ ਜਾਣੇ

ਭਾਵੇਂ ਮਾਇਆ ਰੂਪ ਹੋਕੇ ਵਾਹਿਗੁਰੂ ਸਾਰਿਆਂ ਨਾਲ ਰਮਿਆ ਹੋਇਆਹੈ। (ਪਰ)

**ਨਾ ਓਹੁ ਬਢੈ ਨ ਘਟਤਾ ਜਾਇ ॥**

**ਅਕੁਲ ਨਿਰੰਜਨ ਏਕੈ ਭਾਇ ॥ ੩ ॥**

ਨਿਰੰਜਨ = ਮਾਇਆ ਰਹਤ।

ਨਾ ਓਹ ਵਧਦਾ ਅਤੇ ਨ ਘਟਦਾ ਜਾਂਦਾ ਹੈ, ਕੁਲ ਤੇ ਮਾਇਆ ਤੇ ਰਹਤ ਇਕ (ਭਾਇ) ਤਰਾਂ ਦਾ ਹੈ।

**ਤ੍ਰਿਤੀਆ ਤੀਨੇ ਸਮਕਰਿ ਲਿਆਵੈ ॥**

**ਆਨਦ ਮੂਲ ਪਰਮਪਦੁ ਪਾਵੈ ॥**

ਸਮ = ਬਰਾਬਰ। ਮੂਲ = ਮੁੱਢ ॥

ਇੜਾ, ਪਿੰਗਲਾ, ਸੁਖਮਨਾ, ਦੇ ਤਿੰਨਾਂ ਪੁਆੜੇ ਵੱਲੋਂ ਮਨ ਨੂੰ ਹਟਾਕੇ ਵਾਹਿਗੁਰੂ ਵੱਲ ਲਿਆਵੇ ਫੇਰ ਤਾਂ ਆਨੰਦ ਦੇ ਮੁੱਢ ਹੱਛੇ ਪਦ ਵਾਹਿਗੁਰੂ ਨੂੰ ਪਾ ਲੈਂਦਾ ਹੈ।

**ਸਾਧ ਸੰਗਤਿ ਉਪਜੈ ਬਿਸ੍ਵਾਸ ॥**

**ਬਾਹਰਿ ਭੀਤਰਿ ਸਦਾ ਪ੍ਰਗਾਸ ॥ ੪ ॥**

ਭੀਤਰਿ = ਅੰਦਰ।

ਪਰ ਸਾਧ ਸੰਗਤ ਵਿੱਚ ਏਹ ਨਿਸਚਾ ਉਪਜਦਾ ਹੈ ਫਿਰ ਅੰਦਰ ਬਾਹਿਰ ਸਦਾ ਹੀ ਵਾਹਿਗੁਰੂ ਚਾਨਣ ਕਰਦਾ ਹੈ।

**ਚਉਥਹਿ ਚੰਚਲ ਮਨ ਕਉ ਗਹਹੁ ॥**

**ਕਾਮ ਕ੍ਰੋਧ ਸੰਗਿ ਕਬਹੁ ਨ ਬਹਹੁ ॥**

ਗਹਹੁ = ਫੜੋ।

ਚੰਚਲ ਮਨ ਨੂੰ ਫੜੋ ॥ ਕਾਮ ਕ੍ਰੋਧ ਦੇ ਨਾਲ ਕਦੀ ਵੀ ਨ ਬਹੋ।

**ਜਲ ਥਲ ਮਾਹੇ ਆਪਹਿ ਆਪ ॥**

**ਆਪੈ ਜਪਹੁ ਆਪਨਾ ਜਾਪ ॥ ੫ ॥**

ਜਲਾਂ ਥਲਾਂ ਵਿੱਚ ਆਪੇ ਹੀ ਆਪ ਹੈ, ਆਪੇ ਹੀ ਆਪਣਾਂ ਜਾਪ ਜਪੋ।

**ਪਾਚੈ ਪੰਚ ਤਤ ਬਿਸਥਾਰ ॥**

**ਕਨਿਕ ਕਾਮਨੀ ਜਗ ਬਿਉਹਾਰ ॥**

ਕਨਿਕ = ਸੋਨਾ । ਕਾਮਨੀ = ਇਸਤ੍ਰੀ । ਜੁਗ = ਦੋ ।

ਪੰਜਾਂ ਤਤਾਂ ਦਾ ਸਭ ਫੈਲਾਉ ਹੈ । ਸੋਨੇ ਇਸਤ੍ਰੀ ਦੋਹਾਂ ਦਾ ਸਭ ਜਗਤ ਨੂੰ ਵਿਹਾਰ ਹੈ । ਭਾਵ ਸਭ ਇਸਨੂੰ ਹੱਛਾ ਜਾਨਦੇ ਹਨ ।

(ਪਰ ਇਨ੍ਹਾਂ ਨੂੰ ਛੱਡਕੇ)

**ਪ੍ਰੇਮ ਸੁਧਾ ਰਸੁ ਪੀਵੈ ਕੋਇ ॥**

**ਜਰਾ ਮਰਣ ਦੁਖੁ ਫੇਰਿ ਨ ਹੋਇ ॥ ੬ ॥**

ਸੁਧਾ = ਅੰਮ੍ਰਿਤ । ਜਰਾ = ਬੁਢੇਪਾ ॥

ਪ੍ਰੇਮ ਰੂਪ ਅੰਮ੍ਰਿਤ ਰਸ ਜੇ ਕੋਈ ਪੀਵੇ ਤਾਂ ਬੁਢੇਪਾ ਮਰਨਾ ਦੁਖ ਤਿਸ ਨੂੰ ਫੇਰ ਨਹੀਂ ਹੁੰਦਾ ॥

**ਛਠਿ ਖਟੁ ਚਕ੍ਰ ਛਹੂੰ ਦਿਸ ਧਾਇ ॥**

**ਬਿਨੁ ਪਰਚੈ ਨਹੀ ਥਿਰਾ ਰਹਾਇ ॥**

ਖਟ = ਛੇ

ਪੰਜ ਗਿਆਨ ਇੰਦ੍ਰੇ ਛੇਵਾਂ ਮਨ ਛੀਆਂ ਚੱਕਰਾਂ (ਗੱਡੇ ਦਿਆਂ ਪਹੀਆਂ) ਵਾਂਙੂ ਛਿਆਂ ਦਿਸ਼ਾਂ ਵੱਲ ਦੌੜਦੇ ਹਨ ਵਾਹਿਗੁਰੂ ਦੇ ਪਰਚੇ ਤੋਂ ਬਿਨਾਂ ਇਸਥਿਤ ਨਹੀਂ ਰਹਿੰਦੇ ॥

**ਦੁਬਿਧਾ ਮੇਟਿ ਖਿਮਾ ਗਹਿ ਰਹਹੁ ॥**

**ਕਰਮ ਧਰਮ ਕੀ ਸੂਲ ਨ ਸਹਹੁ ॥ ੭ ॥**

ਗਹਿ = ਫੜ । ਸੂਲ = ਪੀੜਾ ।

ਦੁਬਿਧਾ ਨੂੰ ਮੇਟਕੇ ਖਿਮਾ ਨੂੰ ਫੜ ਰਖੋ ॥ ਕਰਮ ਧਰਮ ਦੀ ਪੀੜਾ ਨੂੰ ਨਾ ਸਹਾਰੋ ।

**ਸਾਤੇਂ ਸਤਿ ਕਰਿ ਬਾਚਾ ਜਾਣਿ ॥**

**ਆਤਮ ਰਾਮੁ ਲੇਹੁ ਪਰਵਾਣਿ ॥**

ਬਾਚਾ = ਬਾਣੀ ॥ ਆਤਮ = ਮਨ ॥

ਗੁਰਾਂ ਦੀ ਬਾਣੀ ਨੂੰ ਸੱਚੀ ਕਰਕੇ ਜਾਣ, ਅਤੇ ਆਪਣੇ ਅੰਦਰ ਹੀ ਵਾਹਿ-ਗੁਰੂ ਨੂੰ ਪਰਵਾਣ ਕਰ ਲੈ ।

**ਛੂਟੈ ਸੰਸਾ ਮਿਟਿ ਜਾਹਿ ਦੁਖ ॥**

**ਸੁੰਨ ਸਰੋਵਰਿ ਪਾਵਹੁ ਸੁਖ ॥ ੮ ॥**

ਛੁਟ ਜਾਣਗੇ ਸੰਸੇ ਅਤੇ ਮਿਟ ਜਾਣਗ ਦੁੱਖ, ਅਫੁਰ ਤਲਾਉ

ਵਾਹਿਗੁਰੂ ਵਿੱਚ ਸੁਖ ਪਾਓਗੇ।

**ਅਸਟਮੀ ਅਸਟ ਧਾਤੁ ਕੀ ਕਾਇਆ ॥**

**ਤਾ ਮਹਿ ਅਕੁਲ ਮਹਾ ਨਿਧਿ ਰਾਇਆ ॥**

ਅਠਾਂ ਧਾਤਾਂ (੧ ਰਸ, ੨ ਲਹੂ, ੩ ਮੇਦਾ, ੪ ਹੱਡੀਆਂ, ੫ ਮਿੱਝ, ੬ ਬੀਰਜ, ੭ ਮਾਸ, ੮ ਨਾੜ੍ਹੀ) ਦੀ ਕਾਇਆਂ ਹੈ, ਇਸ ਵਿੱਚ ਕੁਲ ਰਹਿਤ ਮਹਾਂ ਨਿਧੀ ਰੂਪ ਪ੍ਰਕਾਸ਼ਤ ਵਾਹਿਗੁਰੂ ਹੈ।

**ਗੁਰ ਗਮ ਗਿਆਨ ਬਤਾਵੈ ਭੇਦ ॥**

**ਉਲਟਾ ਰਹੈ ਅਭੰਗ ਅਛੇਦ ॥ ੯ ॥**

ਗਮ = ਪਹੁੰਚਣ ਵਾਲਾ। ਅਛੇਦ = ਛੇਦ ਤੋ ਰਹਤ।

ਪਹੁੰਚੇ ਹੋਏ ਗੁਰੂ ਇਸ ਗਿਆਨ ਦਾ ਭੇਦ ਬਤੌਂਦੇ ਹਨ, ਸੰਸਾਰ ਦੇ ਦੁਖਾਂ ਤੋਂ ਜੀਵ ਉਲਟ ਕੇ ਅਭੰਗ ਅਛੇਦ ਰਹਿੰਦਾ ਹੈ।

**ਨਉਮੀ ਨਵੈ ਦੁਆਰ ਕਉ ਸਾਧਿ ॥**

**ਬਹਤੀ ਮਨਸਾ ਰਾਖਹੁ ਬਾਂਧਿ ॥**

ਸਾਧਿ = ਰੋਕ। ਬਹਤੀ = ਰੜ੍ਹਦੀ। ਮਨਸਾ = ਤ੍ਰਿਸਨਾ ॥

ਨਵਾਂ ਬੂਹਿਆਂ ਇੰਦ੍ਰੀਆਂ ਨੂੰ ਰੋਕੋ ਸੰਸਾਰ ਵੱਲ ਰੁੜ੍ਹਦੀ ਬੁਧੀ ਨੂੰ ਬੰਨ੍ਹ ਰਖੋ॥

**ਲੋਭ ਮੋਹ ਸਭ ਬੀਸਰਿ ਜਾਹੁ ॥**

**ਜੁਗੁ ਜੁਗੁ ਜੀਵਹੁ ਅਮਰ ਫਲ ਖਾਹੁ ॥ ੧੦ ॥**

ਲੋਭ ਮੋਹ ਸਭ ਜਦੋਂ ਭੁੱਲ ਜਾਣਗੇ ਜੁਗ ਜੁਗ ਜੀਵੋਗੇ ਅਤੇ ਅਮਰ ਫਲ ਗਯਾਨ ਖਾਵੋਗੇ।

**ਦਸਮੀ ਦਹਦਿਸ ਹੋਇ ਅਨੰਦ ॥**

**ਛੂਟੈ ਭਰਮੁ ਮਿਲੈ ਗੋਬਿੰਦ ॥**

ਦਸਾਂ ਹੀ ਦਿਸਾਂ ਵੱਲ ਤੁਹਾਨੂੰ ਅਨੰਦ ਹੋਵੇਗਾ ਭਰਮ ਤੋਂ ਛੁਟ ਜਾਵੋਗੇ ਵਾਹਿਗੁਰੂ ਮਿਲੇਗਾ।

(ਉਸ ਵਾਹਿਗੁਰੂ ਦੇ ਲੱਛਣ)

**ਜੋਤਿ ਸਰੂਪੀ ਤਤ ਅਨੂਪ ॥**

**ਅਮਲ ਨ ਮਲਨ ਛਾਹ ਨਹੀ ਧੂਪ ॥ ੧੧ ॥**

ਜੋਤ ਸਰੂਪ ਤਤ ਅਨੂਪ ਹੈ ਅ-ਮਲ ਹੈ ਮੈਲ ਨਹੀਂ ਛਾਂ ਧੁੱਪ ਨਹੀਂ

ਭਾਵ ਦੁਖ ਸੁਖ ਨਹੀਂ ॥

**ਏਕਾਦਸੀ ਏਕ ਦਿਸ ਧਾਵੈ ॥**
**ਤਉ ਜੋਨੀ ਸੰਕਟ ਬਹੁਰਿ ਨ ਆਵੈ ॥**

ਸੰਕਟ = ਦੁਖਿ ।

ਜੇਹੜਾ ਇਕ ਪਾਸੇ ਵਾਹਿਗੁਰੂ ਵੱਲ ਦੌੜੇ ਤਾਂ ਜੂਨੀਆਂ ਦ ਦੁਖ ਵਿੱਚ ਫਿਰ ਨਹੀਂ ਆਉਂਦਾ ॥

**ਸੀਤਲ ਨਿਰਮਲ ਭਇਆ ਸਰੀਰਾ ॥**
**ਦੂਰਿ ਬਤਾਵਤ ਪਾਇਆ ਨੀਰਾ ॥ ੧੨ ॥**

ਨੀਰਾ = ਨੇੜੇ ।

ਠੰਢਾ ਨਿਰਮਲ ਸਰੀਰ ਹੋ ਗਿਆ ਵਾਹਿਗੁਰੂ ਨੂੰ ਦੂਰ ਦਸਦੇ ਸਾਂ ਨੇੜੇ ਹੀ ਪਾ ਲਿਆ ॥

**ਬਾਰਸਿ ਬਾਰਹ ਉਗਵੈ ਸੂਰ ॥**
**ਅਹਿਨਿਸਿ ਬਾਜੇ ਅਨਹਦ ਤੂਰ ॥**

ਸੂਰ = ਸੂਰਜ । ਅਹਿਨਿਸਿ = ਰਾਤ ਦਿਨ । ਤੂਰ = ਬਾਜੇ ।

ਬਾਰਾਂ ਸੂਰਜ ਉਗੇ (ਚੜ੍ਹੇ) ਦਿਨ ਰਾਤ ਇੱਕ ਰਸ ਵਾਜੇ ਵੱਜੇ ਇੱਕੁਰ ਦੇ ਗਜਾਨ ਦਾ ਚਾਨਣ ਹੋਇਆ ।

**ਦੇਖਿਆ ਤਿਹੂ ਲੋਕ ਕਾ ਪੀਉ ॥**
**ਅਚਰਜੁ ਭਇਆ ਜੀਵ ਤੇ ਸੀਉ ॥ ੧੩ ॥**

ਸੀਉ = ਵਾਹਿਗੁਰੂ ।

ਤਿੰਨਾਂ ਲੋਕਾਂ ਦਾ ਪਤੀ ਦੇਖ ਲਿਆ ਜੀਵ ਤੋਂ ਵਾਹਿਗੁਰੂ ਬਣ ਗਿਆ ਏਹ ਬੜਾ ਅਸਚਰਜ ਹੋਯਾ ॥

**ਤੇਰਸਿ ਤੇਰਹ ਅਗਮ ਬਖਾਣਿ ॥**
**ਅਰਧ ਉਰਧ ਬਿਚਿ ਸਮ ਪਹਿਚਾਣਿ ॥**

ਅਗਮ = ਜਿਥੇ ਪਹੁੰਚਿਆ ਨਾ ਜਾਵੇ । ਅਰਧ = ਨੀਵਾਂ।

ਉਰਧ = ਉੱਚਾ । ਸਮ = ਬਰਾਬਰ । ਪਹਿਚਾਣ = ਜਾਣਿਆਂ ।

ਤੇਰਾਂ (੪ ਵੇਦ ੩ ਦੇਵਤੇ ੬ ਸ਼ਾਸਤ੍ਰ) ਜਿਸਨੂੰ ਅਗਮ ਕਹਿੰਦੇ ਹਨ ਉਸਨੂੰ ਅਕਾਸ ਪਤਾਲ ਵਿੱਚ ਇੱਕੋ ਜਿਹਾ ਜਾਣ ॥

**ਨੀਚ ਉਚ ਨਹੀ ਮਾਨ ਅਮਾਨ ॥**

**ਬਿਆਪਿਕ ਰਾਮ ਸਗਲ ਸਾਮਾਨ ॥ ੧੪ ॥**

ਤਿਸ ਵਾਹਿਗੁਰੂ ਵਿਚ ਨੀਚਤਾ ਉਚਤਾ ਆਦਰ ਨਿਰਾਦਰ ਨਹੀਂ ਹੈ ਓਹ ਵਾਹਿਗੁਰੂ ਸਾਰਿਆਂ ਵਿਚ ਇਕੋ ਜਿਹਾ ਵਿਆਪਕ ਹੈ।

**ਚਉਦਸਿ ਚਉਦਹ ਲੋਕ ਮਝਾਰਿ ॥**
**ਰੋਮ ਰੋਮ ਮਹਿ ਬਸਹਿ ਮੁਰਾਰਿ ॥**

ਮਝਾਰਿ = ਵਿਚ। ਮੁਰਾਰਿ = ਵਾਹਿਗੁਰੂ ।

ਚੌਦਾਂ ਲੋਕਾਂ ਵਿਚ ਅਤੇ ਰੋਮ ਰੋਮ ਵਿਚ ਵਾਹਿਗੁਰੂ ਵਸਦਾ ਹੈ॥

**ਸਤ ਸੰਤੋਖ ਕਾ ਧਰਹੁ ਧਿਆਨ ॥**
**ਕਥਨੀ ਕਥੀਐ ਬ੍ਰਹਮ ਗਿਆਨ ॥ ੧੫ ॥**

ਸਤ ਸੰਤੋਖ ਨੂੰ ਧਾਰਕੇ ਵਾਹਿਗੁਰੂ ਦਾ ਧਿਆਨ ਧਾਰੋ ਜੇ ਕਥਾ ਵੀ ਕਹੀਏ ਤਾਂ ਵਾਹਿਗੁਰੂ ਦੇ ਗਿਆਨ ਵਾਲੀ ਕਹੀਏ।

**ਪੂਨਿਉ ਪੂਰਾ ਚੰਦ ਅਕਾਸ ॥**
**ਪਸਰਹਿ ਕਲਾ ਸਹਜ ਪਰਗਾਸ ॥**

ਜਿੱਕੁਰ ਪੁੰਨਿਆਂ ਦਾ ਚੰਦ ਪੂਰਾ ਹੁੰਦਾ ਹੈ ਤਾਂ ਸਾਰੇ ਅਕਾਸ਼ ਵਿਚ ਉਸ ਦੀਆਂ ਕਲਾ ਸਹਿਜ ਹੀ ਫੈਲੀਆਂ ਹੁੰਦੀਆਂ ਹਨ ਇੱਕੁਰ ਹੀ ਸਾਰਿਆਂ ਵਿਚ ਵਾਹਿਗੁਰੂ ਹੈ॥

**ਆਦਿ ਅੰਤਿ ਮਧਿ ਹੋਇ ਰਹਿਆ ਥੀਰ ॥**
**ਸੁਖ ਸਾਗਰ ਮਹਿ ਰਮਹਿ ਕਬੀਰ ॥ ੧੬ ॥**

ਥੀਰ = ਇਸਥਿਤ । ਸਾਗਰ = ਸਮੁੰਦਰ ।

ਜੇਹੜਾ ਵਾਹਿਗੁਰੂ ਆਦਿ ਅਤੇ ਮਧ ਵਿਚ ਥਿਰ ਹੋ ਰਿਹਾ ਹੈ ਉਸ ਸੁਖਾਂ ਦੇ ਸਮੁੰਦਰ ਵਿੱਚ ਕਬੀਰ ਜੀ ਰਮਦੇ ਹਨ ।

**ੴ ਸਤਿਗੁਰਪ੍ਰਸਾਦਿ ॥ ਰਾਗੁ ਗਉੜੀ ਵਾਰ ਕਬੀਰ ਜੀਉ ਕੇ ॥ ੭ ॥ ਬਾਰ ਬਾਰ ਹਰਿ ਕੇ ਗੁਨ ਗਾਵਉ ॥**
**ਗੁਰ ਗਮਿ ਭੇਦੁ ਸੁ ਹਰਿ ਕਾ ਪਾਵਉ ॥ ੧ ॥ ਰਹਾਉ ॥**

ਗਮਿ = ਪਹੁੰਚੇ ਹੋਏ।

ਬਾਰ ਬਾਰ ਵਾਹਿਗੁਰੂ ਦੇ ਗੁਣ ਗਾਉਂਦਾ ਹਾਂ। ਪਹੁੰਚਿਆਂ ਹੋਇਆਂ

ਗੁਰਾਂ ਕਰਕੇ ਵਾਹਿਗੁਰੂ ਦਾ ਭੇਤ ਪਾਵਾਂਗਾ ॥

**ਆਦਿਤ ਕਰੈ ਭਗਤਿ ਆਰੰਭ ॥**

**ਕਾਇਆ ਮੰਦਰ ਮਨਸਾ ਥੰਭ ॥**

ਆਦਿਤ = ਐਤਵਾਰ ।

ਭਗਤ ਭਗਤੀ ਦਾ ਆਰੰਭ ਕਰੇ ਅਤੇ ਕਾਇਆਂ ਰੂਪ ਮੰਦਰ ਵਿਚ ਕਬੁਧੀ ਦੀਆਂ ਵਾਸ਼ਨਾਂ ਨੂੰ ਰੋਕੇ ।

**ਅਹਿਨਿਸਿ ਅਖੰਡ ਸੁਰਹੀ ਜਾਇ ॥**

**ਤਉ ਅਨਹਦ ਬੇਣੁ ਸਹਜ ਮਹਿ ਬਾਇ ॥ ੧ ॥**

ਅਹਿਨਿਸਿ = ਦਿਨ ਰਾਤ । ਸੁਰਹੀ = ਫਸੀ ਹੋਈ ਬ੍ਰਿਤੀ ॥

ਬੇਣ = ਬੀਨ ਵਾਜਾ । ਬਾਇ = ਵਜਾਉਣਾ ।

ਰਾਤ ਦਿਨ ਇਕ ਰਸ ਜਾਕੇ ਬ੍ਰਿਤੀ ਫਸੀ ਰਹੇ ਤਾਂ ਇਕ ਰਸ ਬੀਣ ਵਾਜਾ ਸਹਿਜ ਵਿਚ ਵਜਾਉਂਦਾ ਹੈ ਵਾ ਵੱਜਦਾ ਸੁਣਦਾ ਹੈ ॥

**ਸੋਮਵਾਰਿ ਸਸਿ ਅੰਮ੍ਰਿਤੁ ਝਰੈ ॥**

**ਚਾਖਤ ਬੇਗਿ ਸਗਲ ਬਿਖ ਹਰੈ ॥**

ਸਸਿ = ਚੰਦ੍ਰਮਾ । ਬੇਗ = ਛੇਤੀ । ਹਰੈ = ਨਾਸ ਕਰੇ ।

ਗੁਰੂ ਰੂਪ ਚੰਦ੍ਰਮਾਂ ਬਚਨ ਰੂਪ ਅਮ੍ਰਿਤ ਦੀ ਵਰਖਾ ਕਰਦੇ ਹਨ ਜਗਜਾਸੂ ਉਸਨੂੰ ਛੇਤੀ ਨਾਲ ਚੱਖਕੇ ਸਾਰੀ ਵਿਹੁ ਨੂੰ ਦੂਰ ਕਰ ਦੇਵੇ ॥

**ਬਾਣੀ ਰੋਕਿਆ ਰਹੈ ਦੁਆਰ ॥**

**ਤਉ ਮਨੁ ਮਤਵਾਰੋ ਪੀਵਨਹਾਰ ॥ ੨ ॥**

ਉਸਤਤਿ ਨਿੰਦਜਾ ਆਦਿਕ ਬਾਣੀ ਤੋਂ ਮੁਖ ਰੂਪ ਬੂਹਾ ਰੋਕਿਆ ਰਹੇ ਤਾਂ ਮਨ ਮਤਵਾਲਾ ਪੀਣ ਵਾਲਾ ਜਾਣੀਦਾ ਹੈ ॥

**ਮੰਗਲ ਵਾਰੇ ਲੇ *ਮਾਹੀਤਿ ॥**

**ਪੰਚ ਚੋਰ ਕੀ ਜਾਣੈ ਰੀਤਿ ॥**

ਪੰਜਾਂ ਕਾਮਾਦਿਕਾਂ ਨੂੰ ਘੇਰੇ ਵਿਚ ਲੈਕੇ ਚੋਰਾਂ ਦੇ ਵੱਸ ਕਰਨ ਦੀ ਰੀਤੀ ਜਾਣੇ ॥

**ਘਰ ਛੋਡੇਂ ਬਾਹਰਿ ਜਿਨਿ ਜਾਇ ॥**

---

*ਮਾਹੀਤਿ ਦਾ ਅਰਥ ਅਰਬੀ ਵਿਚ ਘੇਰਾ ਹੈ ਅਤੇ ਗੁਣ ਦੀ ਸਿਖਿਆ ਰਹਿਣੀ ਵੀ ਕਰਦੇ ਹਨ ॥

## ਨਾ ਤਰੁ ਖਰਾ ਰਿਸੈ ਹੈ ਰਾਇ ॥ ੩ ॥

ਜਿਨਿ = ਮਤ, ਨਹੀਂ । ਨਾ ਤਰੁ = ਨਹੀਂ ਤਾਂ । ਖਰਾ = ਹੱਛਾ । ਰਿਸੈ = ਗੁਸੇ ।

ਵਾਹਿਗੁਰੂ ਨੂੰ ਢੂੰਢਣ ਵਾਸਤੇ ਘਰ ਛਡਕੇ ਬਾਹਰ ਮਤ ਜਾਵੇ, ਨਹੀਂ ਤਾਂ ਵਾਹਿਗੁਰੂ ਬੜਾ ਗੁਸੇ ਹੋਵੇਗਾ ॥

## ਬੁਧਵਾਰਿ ਬੁਧਿ ਕਰੈ ਪ੍ਰਗਾਸ ॥
## ਹਿਰਦੇ ਕਮਲ ਮਹਿ ਹਰਿ ਕਾ ਬਾਸ ॥

ਜਿਸ ਦੀ ਅਕਲ ਪ੍ਰਕਾਸ਼ ਕਰਦੀ ਹੈ ਓਹ ਜਾਣ ਲੈਂਦਾ ਹੈ ਕਿ ਮੇਰੇ ਹਿਰਦੇ ਕਮਲ ਵਿਚ ਹੀ ਵਾਹਿਗੁਰੂ ਦਾ ਵਾਸ ਹੈ ॥

## ਗੁਰ ਮਿਲਿ ਦੋਊ ਏਕ ਸਮ ਧਰੈ ॥
## ਉਰਧ ਪੰਕ ਲੈ ਸੂਧਾ ਕਰੈ ॥ ੪ ॥

ਸਮ = ਬਰਾਬਰ ॥ ਉਰਧ = ਉਚਾ, ਉਲਟਾ ॥ ਪੰਕ = ਚਿੱਕ, ਕਮਲ ।

ਗੁਰਾਂ ਨੂੰ ਮਿਲਕੇ ਦੋਹਾਂ ( ਜੀਵ ਈਸ਼ਰ ) ਵਿਚ ਬਰਾਬਰ ਇਕ ਭਾਵਨਾਂ ਰਖੇ ਅਤੇ ਉਲਟਾ ਰਿਦਾ ਕਮਲ ਫੜਕੇ ਸਿੱਧਾ ਕਰ ਰਖੇ ਭਾਵ ਰਿਦੇ ਵਿਚ ਨਾਮ ਨੂੰ ਵਾਸਾ ਦੇਵੇ ॥

## ਬ੍ਰਿਹਸਪਤਿ ਬਿਖਿਆ ਦੇਇ ਬਹਾਇ ॥
## ਤੀਨਿ ਦੇਵ ਏਕ ਸੰਗਿ ਲਾਇ ॥

ਬ੍ਰਹਸਪਤਿ = ਵੀਰ ਵਾਰ ॥ ਬਹਾਇ = ਰੋੜ੍ਹ ।

ਸਾਰੀ ਵਿਸ਼ਿਆਂ ਦੀ ਵਾਸ਼ਨਾਂ ਰੋੜ੍ਹ ਦੇਵੇ ਅਤੇ ਤਿੰਨਾਂ ਦੇਵਤਿਆਂ ਦਾ ਮਾਲਕ ਜੋ ਇਕ ਹੈ ਉਸਨੂੰ ਆਪਣੇ ਨਾਲ (ਲਾਇ) ਜਾਣੇ ॥

## ਤੀਨਿ ਨਦੀ ਤਹ ਤ੍ਰਿਕੁਟੀ ਮਾਹਿ ॥
## ਅਹਿਨਿਸਿ ਕਸਮਲ ਧੋਵਹਿ ਨਾਹਿ ॥ ੫ ॥

ਅਹਿਨਿਸ = ਦਿਨ ਰਾਤ । ਕਸਮਲ = ਪਾਪ । ਤ੍ਰਿਕੁਟੀ = ਦਸਵਾਂ ਦੁਆਰ ।

ਦਸਵੇਂ ਦੁਆਰ ਵਿਚ ਜੋ ਤਿੰਨ ਨਦੀਆਂ (ਇੜਾ, ਪਿੰਗਲਾ, ਸੁਖਮਨਾ) ਹਨ ਉਨ੍ਹਾਂ ਵਿਚ ਵੜਕੇ ਰਾਤ ਦਿਨੇ ਪਾਪਾਂ ਨੂੰ ਕਿਉਂ ਨਹੀਂ ਧੋਂਦਾ ਵਾ ਨ੍ਹਾਕੇ ਧੋ ।

## ਸੁਕ੍ਰਿਤੁ *ਸਹਾਰੈ ਸੁ ਇਹ ਬ੍ਰਤਿ ਚੜੈ ॥
## ਅਨਦਿਨ ਆਪਿ ਆਪ ਸਿਉ ਲੜੈ ॥

ਸੁਕ੍ਰਿਤੁ = ਪੁੰਨ ਵਾ ਵਾਰ ॥ ਅਨਦਿਨ = ਰਾਤ ਦਿਨ ॥

*ਸੁਕ੍ਰਿਤ ਦੇ ਅਰਥ ਪੁੰਨ, ਵਾ ਸ਼ੁੱਕਰ ਵਾਰ ਹਨ ॥

ਪੁੰਨਾਂ ਦੇ ਆਸਰੇ ਇਸ ਬ੍ਰਿਤੀ ਨੂੰ ਚੜ੍ਹਾਵੇ ਭਾਵ ਇੰਦ੍ਰੀਆਂ ਨੂੰ ਰੋਕਕੇ ਫੇਰ ਰਾਤ ਦਿਨੇ ਆਪ ਆਪਣੇ ਮਨ ਨਾਲ ਹੀ ਲੜੇ।

**ਸੁਰਖੀ ਪਾਂਚਉ ਰਾਖੈ ਸਬੈ ॥**
**ਤਉ ਦੂਜੀ ਦ੍ਰਿਸਟਿ ਨ ਪੈਸੈ ਕਬੈ ॥ ੬ ॥**

ਸੁਰਖੀ = ਸ੍ਰੇਸ਼ਟ ਰਿਖੀਆਂ, ਇੰਦ੍ਰੀਆਂ। ਪੈਸੇ = ਪ੍ਰਵੇਸ਼ ॥

ਸਾਰੀਆਂ ਪੰਜੇ ਇੰਦ੍ਰੀਆਂ ਵੱਸ ਕਰ ਰੱਖੇ ਅਤੇ ਦ੍ਵੈਤ ਭਾਉ ਦੀ ਦ੍ਰਿਸ਼ਟੀ ਵਿਚ ਕਦੀ ਪ੍ਰਵੇਸ਼ ਹੀ ਨ ਕਰੇ ॥

**ਥਾਵਰ ਥਿਰੁ ਕਰਿ ਰਾਖੈ ਸੋਇ ॥**
**ਜੋਤਿ ਦੀ ਵਟੀ ਘਟ ਮਹ ਜੋਇ ॥**

ਥਾਵਰ = ਸ਼ਨੀਵਾਰ। ਜੋਇ = ਜੋੜੇ ਵ ਵੇਖੇ ॥

ਵਾਹਿਗੁਰੂ ਰੂਪ ਦੀਵੇ ਦੀ ਜੋਤਿ ਦੀ ਵੱਟੀ ਰਿਦੇ ਵਿਚ ਜੋੜੇ ਅਤੇ ਉਸਨੂੰ ਵੱਸ ਕਰਕੇ ਰਖੇ ॥

**ਬਾਹਰਿ ਭੀਤਰਿ ਭਇਆ ਪ੍ਰਗਾਸੁ ॥**
**ਤਬ ਹੂਆ ਸਗਲ ਕਰਮ ਕਾ ਨਾਸੁ ॥ ੭ ॥**

ਤਾਂ ਫਿਰ ਬਾਹਰ ਅੰਦਰ ਪ੍ਰਕਾਸ਼ ਹੋ ਜਾਂਦਾ ਹੈ ਤਾਂ ਨਾਲ ਹੀ ਸਾਰੇ ਕਰਮਾਂ ਦਾ ਨਾਸ ਹੋ ਜਾਂਦਾ ਹੈ ॥

**ਜਬ ਲਗੁ ਘਟ ਮਹਿ ਦੂਜੀ ਆਨ ॥**
**ਤਉ ਲਉ ਮਹਲਿ ਨ ਲਾਭੈ ਜਾਨ ॥**

ਆਨ = ਹੋਰ ਵ ਸਰਨ ॥

ਜਿੰਨਾਂ ਚਿਰ ਰਿਦੇ ਵਿਚ ਦੂਜੀ ਹੋਰ ਦ੍ਵੈਤ ਹੈ ਓਨਾਂ ਚਿਰ ਵਾਹਿਗੁਰੂ ਦਾ ਮਹਲ ਨਹੀਂ ਲੱਭਦਾ ਜਾਣ ਲਵੋ ॥

**ਰਮਤ ਰਾਮ ਸਿਉ ਲਾਗੋ ਰੰਗੁ ॥**
**ਕਹਿ ਕਬੀਰ ਤਬ ਨਿਰਮਲ ਅੰਗ ॥ ੮ ॥ ੧ ॥**

ਰਮਤ = ਫੈਲਿਆ ਹੋਇਆ ॥ ਰੰਗ = ਪ੍ਰੇਮ ॥ ਅੰਗ = ਰਿਦਾ ॥

*ਵਿਆਪਕ ਵਾਹਿਗੁਰੂ ਨਾਲ ਜਦ ਪ੍ਰੇਮ ਲਗਾ ਤਾਂ ਕਬੀਰ ਜੀ ਕਹਿੰਦੇ ਹਨ ਰਿਦਾ ਨਿਰਮਲ ਹੋਗਿਆ ॥*

(ਸਨਮੁਖ ਬੇਨਤੀ)

## ਰਾਗੁ ਗਉੜੀ ਚੇਤੀ ਬਾਣੀ ਨਾਮਦੇਉ ਜੀਉ ਕੀ

**ੴ ਸਤਿਗੁਰਪ੍ਰਸਾਦਿ ॥**

**ਦੇਵਾ ਪਾਹਨ ਤਾਰੀਅਲੇ ॥**

**ਰਾਮ ਕਹਤ ਜਨ ਕਸ ਨ ਤਰੇ ॥ ੧ ॥ ਰਹਾਉ ॥**

ਦੇਵਾ = ਵਾਹਿਗੁਰੂ ॥ ਪਾਹਨ = ਪੱਥਰ ॥ ਕਸ = ਕਿਉਂ ॥

ਹੇ ਵਾਹਿਗੁਰੂ ਤੂੰ ਪੱਥਰਾਂ ਵਤ ਪਾਪੀ ਤਾਰੇ ਹਨ, ਵਾਹਿਗੁਰੂ ਕਹਿੰਦਾ ਹੋਇਆ ਦਾਸ ਕਿਉਂ ਨਾ ਤਰੇਗਾ ॥

**ਤਾਰੀਲੇ ਗਨਿਕਾ ਬਿਨੁ ਰੂਪ ਕੁਬਿਜਾ**

**ਬਿਆਧਿ ਅਜਾਮਲੁ ਤਾਰੀਅਲੇ ॥**

ਬਿਆਧਿ = ਫੰਦਕ ॥

ਗਨਿਕਾ ਤਾਰੀ ਅਤੇ ਬਿਨਾਂ ਰੂਪ ਤੋਂ ਕੁਬਿਜਾਂ, ਸ਼ਿਕਾਰੀ, ਅਜਾਮਲ ਤਾਰਿਆ ॥

**ਚਰਨ ਬਧਿਕ ਜਨ ਤੇਊ ਮੁਕਤਿ ਭਏ ॥**

**ਹਉ ਬਲਿ ਬਲਿ ਜਿਨ ਰਾਮ ਕਹੇ ॥ ੧ ॥**

ਬਧਿਕ = ਫੰਦਕ ॥

ਚਰਨਾਂ ਨੂੰ ਤੀਰ ਮਾਰਨ ਵਾਲੇ ਤੇ ਉੱਕਰ ਦੇ ਦਾਸ ਮੁਕਤ ਹੋ ਗਏ ਮੈਂ ਉਸਤੋਂ ਬਲ ਬਲ ਜਾਂਦਾ ਹਾਂ ਜੋ ਵਾਹਿਗੁਰੂ ੨ ਕਹਿੰਦਾ ਹੈ ॥

**ਦਾਸੀ ਸੁਤ ਜਨੁ ਬਿਦਰੁ ਸੁਦਾਮਾ ਉਗ੍ਰਸੈਨ ਕਉ ਰਾਜ ਦੀਏ ॥**

ਦਾਸੀ ਦਾ ਪੁਤਰ ਬਿਦਰ ਤਾਰਿਆ, ਸੁਦਾਮਾ ਭਗਤ ਤਾਰਿਆ ਅਤੇ ਉੱਗਰਸੈਨ ਨੂੰ ਰਾਜ ਦਿਤਾ ॥

**ਜਪ ਹੀਨ ਤਪ ਹੀਨ ਕੁਲ ਹੀਨ ਕ੍ਰਮ ਹੀਨ**

**ਨਾਮੇ ਕੇ ਸੁਆਮੀ ਤੇਊ ਤਰੇ । ੨ ॥ ੧ ॥**

ਜਪ ਹੀਨ, ਤਪ ਹੀਨ, ਕੁਲ ਹੀਨ, ਕਰਮ ਹੀਨ ਹੇ ਨਾਮਦੇਵ ਦੇ ਸੁਆਮੀ ਓਹ ਤਰਗਏ ਹਨ ॥

# ਰਾਗੁ ਗਉੜੀ ਰਵਿਦਾਸ ਜੀ ਕੇ ਪਦੇ ਗਉੜੀ ਗੁਆਰੇਰੀ

**ੴ ਸਤਿਨਾਮੁ ਕਰਤਾ ਪੁਰਖੁ ਗੁਰਪ੍ਰਸਾਦਿ ।**

**ਮੇਰੀ ਸੰਗਤਿ ਪੋਚ ਸੋਚ ਦਿਨੁ ਰਾਤੀ ॥**

ਪੋਚ = ਨੀਚ ॥

ਹੇ ਵਾਹਿਗੁਰੂ ਮੇਰੀ ਸੰਗਤ ਨੀਚਾਂ ਦੇ ਨਾਲ ਹੈ ਭਾਵ ਕਾਮਾਦਿਕਾਂ ਦੇ ਨਾਲ ਹੈ, ਇਹ ਮੈਨੂੰ ਦਿਨੇ ਰਾਤ ਬੜੀ ਸੋਚ ਲੱਗੀ ਰਹਿੰਦੀ ਹੈ ॥

**ਮੇਰਾ ਕਰਮੁ ਕੁਟਿਲਤਾ ਜਨਮੁ ਕੁਭਾਤੀ ॥ ੧ ॥**

ਮੇਰਾ ਕੰਮ ਵੀ ਟੇਢਾ ਅਤੇ ਜਨਮ ਵੀ ਖੋਟੀ ਤਰਾਂ ਦਾ ਹੈ ॥

**ਰਾਮ ਗੁਸਈਆ ਜੀਅ ਕੇ ਜੀਵਨਾ ॥**

**ਮੋਹਿ ਨ ਬਿਸਾਰਹੁ ਮੈ ਜਨੁ ਤੇਰਾ ॥ ੧ ॥ ਰਹਾਉ ॥**

ਹੇ ਵਾਹਿਗੁਰੂ ਗੁਸਾਈਂ ਜੀਵਾਂ ਦੇ ਜੀਵਾਉਣ ਵਾਲੇ ਮੈਨੂੰ ਨਾ ਭੁਲਾ ਮੈਂ ਤੇਰਾ ਦਾਸ ਹਾਂ ।

**ਮੇਰੀ ਹਰਹੁ ਬਿਪਤਿ ਜਨ ਕਰਹੁ ਸੁਭਾਈ ॥**

**ਚਰਣ ਨ ਛਾਡਉ ਸਰੀਰ ਕਲ ਜਾਈ ॥ ੨ ॥**

ਹਰਹੁ = ਨਾਸ ਕਰੋ ॥ ਕਲ = ਸੁੰਦਰ ਵਾ ਅਜ ਕਲ ॥

ਮੇਰੀ ਬਿਪਤਾ ਦੂਰ ਕਰਕੇ ਦਾਸ ਨੂੰ ਸੋਭਨੀਕ ਕਰੋ ਮੈਂ ਆਪਦੇ ਚਰਨ ਨਹੀਂ ਛੱਡਣੇ ਭਾਵੇਂ ਸਰੀਰ ਮੇਰਾ ਕਲ ਨੂੰ ਜਾਂਦਾ ਅੱਜ ਹੀ ਚਲਿਆ ਜਾਵੇ ।

**ਕਹੁ ਰਵਿਦਾਸ ਪਰਉ ਤੇਰੀ ਸਾਭਾ ॥**

**ਬੇਗਿ ਮਿਲਹੁ ਜਨ ਕਰਿ ਨ ਬਿਲਾਂਬਾ ॥ ੩ ॥ ੧ ॥**

ਸਾਭਾ = ਸਰਨ ॥ ਬੇਗਿ = ਛੇਤੀ । ਬਿਲਾਂਬਾ = ਦੇਰੀ ॥

ਰਵਿਦਾਸ ਜੀ ਕਹਿੰਦੇ ਹਨ ਮੈਂ ਤੇਰੀ ਸਰਨ ਪਿਆ ਹਾਂ ਦਾਸ ਨੂੰ ਛੇਤੀ ਮਿਲੋ ਦੇਰੀ ਨਾ ਕਰੋ ।

(ਅਪਨੀ ਮੰਜ਼ਲੀ ਦੇ ਭਗਤਾਂ ਦਾ ਥਾਂ)

**ਬੇਗਮ ਪੁਰਾ ਸਹਰ ਕੋ ਨਾਉ ॥**

**ਦੂਖ ਅੰਦੋਹੁ ਨਹੀ ਤਿਹਿ ਠਾਉ ॥**

ਅੰਦੋਹੁ = ਗਮਗੀਨੀ।

ਬੇਗਮ ਪੁਰਾ ਸ਼ਹਿਰ ਦਾ ਨਾਮ ਹੈ, ਤਿਸ ਜਗਾ ਦੁਖ ਅੰਦੇਸ਼ਾ ਨਹੀਂ।

**ਨਾਂ ਤਸਵੀਸ ਖਿਰਾਜੁ ਨ ਮਾਲੁ ॥**

**ਖਉਫੁ ਨ ਖਤਾ ਨ ਤਰਸੁ ਜਵਾਲੁ ॥ ੧ ॥**

ਤਸਵੀਸ = ਫਿਕਰ ਸ਼ਰਮਿੰਦਗੀ। ਖਿਰਾਜ = ਮਾਮਲਾ ॥

ਜਵਾਲੁ = ਘਾਟਾ। ਤਰਸੁ = ਡਰ। ਖਤਾ = ਕਸੂਰ ॥

ਨ ਤਸ਼ਵੀਸ ਹੈ, ਨ ਖਿਰਾਜ ਹ, ਨ ਮਾਲ ਹੈ, ਨ ਖੌਫ ਹੈ, ਨ ਖਤਾ ਹੈ, ਨ ਤਰਸ ਹੈ, ਅਤੇ ਨਾ ਕਿਸੇ ਨੂੰ ਪੀੜਾ ਹੈ।

**ਅਬ ਮੋਹਿ ਖੂਬ ਵਤਨ ਗਹ ਪਾਈ ॥**

**ਊਹਾਂ ਖੈਰਿ ਸਦਾ ਮੇਰੇ ਭਾਈ ॥ ੧ ॥ ਰਹਾਉ ॥**

ਗਹਿ = ਫੜ।

ਹੁਣ ਮੈਂ ਹੱਛੀ ਵਤਨ ਦੀ ਜਗਾ ਪਾਈ ਹੈ। ਹੇ ਮੇਰੇ ਭਾਈ ਓਥੇ ਸਦਾ ਹੀ ਖੈਰ ਹੈ ॥

**ਕਾਇਮੁ ਦਾਇਮੁ ਸਦਾ ਪਾਤਿਸਾਹੀ ॥**

**ਦੋਮ ਨ ਸੇਮ ਏਕ ਸੋ ਆਹੀ ॥**

ਦਾਇਮ = ਹਮੇਸ਼ਾਂ। ਦੋਮ = ਦੂਜਾ। ਸੇਮ = ਤਿਜਾ। ਆਹੀ = ਹੈ ॥

ਉਹ ਪਾਤਸ਼ਾਹੀ ਸਦਾ ਹੀ ਕਾਇਮੁ ਦਾਇਮੁ ਹੇ ਹੋਰ ਕੋਈ ਦੂਜਾ ਤੀਜਾ ਨਹੀਂ ਹੈ ਇਕੋ ਹੀ ਹੈ।

**ਆਬਾਦਾਨੁ ਸਦਾ ਮਸਹੂਰ ॥**

**ਊਹਾਂ ਗਨੀ ਬਸਹਿ ਮਾਮੂਰ ॥ ੨ ॥**

ਆਬਾਦਾਨੁ = ਕਾਇਮ, ਹਮੇਸ਼ਾਂ। ਗਨੀ = ਦੌਲਤ ਮੰਦ।

ਮਾਮੂਰ = ਪੁਰ ਲਬਾ ਲਬ ਮਸ਼ਹੂਰ ॥

ਅਬਾਦ ਸਦਾ ਹੀ ਮਸ਼ਹੂਰ ਹੈ, ਓਥੇ ਵਾਹਿਗੁਰੂ ਨਾਮ ਦੇ ਧਨੀ ਭਰਪੂਰ ਵੱਸ ਰਹੇ ਹਨ।

**ਤਿਉ ਤਿਉ ਸੈਲ ਕਰਹਿ ਜਿਉ ਭਾਵੈ ॥**

**ਮਹਰਮ ਮਹਿਲ ਨ ਕੋ ਅਟਕਾਵੈ ॥**

ਜਿਉਂ ਜਿਉਂ ਉਨ੍ਹਾਂ ਨੂੰ ਭਾਉਂਦਾ ਹੈ ਤਿਉਂ ਤਿਉਂ ਸੈਰ ਕਰਦੇ ਹਨ। ਜੇਹੜੇ ਵਾਹਿਗੁਰੂ ਦੇ ਮਹਲ ਦੇ(ਮਹਰਮ)ਭੇਤੀ ਹਨ ਉਨ੍ਹਾਂ ਨੂੰ ਕੋਈ ਨਹੀਂ ਰੋਕਦਾ।

**ਕਹਿ ਰਵਿਦਾਸ ਖਲਾਸ ਚਮਾਰਾ ॥**
**ਜੋ ਹਮ ਸਹਰੀ ਸੋ ਮੀਤੁ ਹਮਾਰਾ ॥ ੩ ॥ ੨ ॥**

ਸਭ ਬੰਧਨਾਂ ਤੋਂ ਛੁਟਿਆ ਹੋਯਾ ਵਾ ਖਾਲਸ ਰਵਿਦਾਸ ਚਮਿਆਰ ਕਹਿੰਦਾ ਹੈ ਜੇਹੜਾ ਸਾਡਾ ਸ਼ਹਿਰੀ ਹਮਵਤਨੀ ਹੈ ਓਹ ਸਾਡਾ ਮਿਤ੍ਰ ਹੈ ॥

**੧ ਓ ਸਤਿਗੁਰਪ੍ਰਸਾਦਿ ॥**

**ਗਉੜੀ ਬੈਰਾਗਨਿ ਰਵਿਦਾਸ ਜੀਉ ॥**

**ਘਟ ਅਵਘਟ ਡੂਗਰ ਘਣਾ ਇਕੁ ਨਿਰਗੁਣੁ ਬੈਲੁ ਹਮਾਰ ॥**

ਘਟ = ਰਿਦਾ ॥ ਅਵਘਟ = ਔਖਾ ਥਾਂ ॥ ਡੂਗਰ = ਪਹਾੜ ॥
ਘਣਾ = ਬਹੁਤਾ ॥

ਰਿਦੇ ਰੂਪ ਰਸਤਾ ਕੁਰਸਤਾ ਪਹਾੜਾਂ ਦਾ ਬਾਹਲਾ ਔਖਾ ਹੈ ਅਤੇ ਮਨ ਰੂਪ ਗੁਣਾਂ ਤੋਂ ਰਹਿਤ ਇਕ ਸਾਡਾ ਬੈਲ ਹੈ ॥

**ਰਮਈਏ ਸਿਉ ਇਕ ਬੇਨਤੀ ਮੇਰੀ ਪੂੰਜੀ ਰਾਖੁ ਮੁਰਾਰਿ ॥੧॥**

ਵਾਹਿਗੁਰੂ ਅਗੇ ਇਕ ਬੇਨਤੀ ਹੈ ਕਿ ਮੇਰੀ ਸੁਆਸਾਂ ਰੂਪ ਕੁੰਜੀ ਰਖ ਲਵੋ (ਹੇ ਵਾਹਿਗੁਰੂ) ਭਾਵ ਜਿਨੇਕੁ ਸੁਆਸ ਰਾਸ ਮੈਂ ਤੇਰੇ ਪਾਸੋਂ ਲੈਕੇ ਆਯਾ ਹਾਂ ਓਹ ਨਾਮ ਸਿਮਰਨ ਵਿਚ ਜਾਣ । ਜਿਕਰ ਓਸ ਪਹਾੜ ਦੇ ਰਸਤੇ ਰਾਸ ਐਵੇਂ ਉਜੜ ਜਾਂਦੀ ਹੈ ਇਕੁਰ ਮੇਰੀ ਰਾਸ ਨ ਉਜੜੇ ॥

**ਕੋ ਬਨਜਾਰੋ ਰਾਮ ਕੋ ਮੇਰਾ ਟਾਂਡਾ**
**ਲਾਦਿਆ ਜਾਇਰੇ ॥ ੧ ॥ ਰਹਾਉ ॥**

ਟਾਂਡਾ = ਬੈਲਾਂ ਦਾ ਅਕੱਠ ।

ਕੋਈ ਵਾਹਿਗੁਰੂ ਦੇ ਨਾਮ ਰੂਪ ਵਣਜਣ ਵਾਲਾ ਹੈ ਸੋ ਜੇ ਕੋਈ ਹੈ ਤਾਂ ਮੇਰੇ ਨਾਲ ਆ ਰਲੇ ਮੇਰਾ ਟਾਂਡਾ ਲੱਦਿਆ ਜਾ ਰਿਹਾ ਹੈ ਭਾਵ ਮੈਂ ਵਾਹਿਗੁਰੂ ਨਾਲ ਮਿਲ ਰਿਹਾ ਹਾਂ ਜੋ ਰਲਨਾ ਚਾਹੇ ਸੋ ਆ ਰਲੇ ।

**ਹਉ ਬਨਜਾਰੋ ਰਾਮਕੋ ਸਹਜੁ ਕਰਉ ਬ੍ਯਾਪਾਰੁ ॥**

ਮੈਂ ਵਾਹਿਗੁਰੂ ਦੇ ਨਾਮ ਵਣਜ ਨੂੰ ਵਣਜਣ ਵਾਲਾ ਹਾਂ, ਸਹਿਜੇ ਹੀ ਵਯਾਪਾਰ ਕਰਦਾ ਹਾਂ ।

**ਮੈ ਰਾਮ ਨਾਮ ਧਨੁ ਲਾਦਿਆ ਬਿਖੁ ਲਾਦੀ ਸੰਸਾਰਿ ॥ ੨ ॥**

(ਪਰ)ਮੈਂ ਵਾਹਿਗੁਰੂ ਦਾ ਨਾਮ ਧਨ ਲੱਦਿਆ ਹੈ ਅਤੇ ਸੰਸਾਰ ਨੇ ਵਿਸ਼ਿਆਂ ਰੂਪ ਵਿਹੁ ਲੱਦੀ ਹੈ ॥

**ਉਰਵਾਰ ਪਾਰ ਕੇ ਦਾਨੀਆ ਲਿਖਿ ਲੇਹੁ ਆਲ ਪਤਾਲ ॥**

ਉਰਵਾਰ = ਉਰਲਾ ਬੰਨਾ। ਦਾਨੀਆ = ਡੰਡ ਲਾਉਣ ਵਾਲਾ, ਮਸੂਲੀਆ ॥

ਆਲ = ਅਲ, ਅਕਾਸ। ਵਾ ਆਲ ਪਤਾਲ, ਅਸਤ ਬਿਅਸਤ।

ਹੇ ਲੋਕ ਪ੍ਰਲੋਕ ਦੇ ਮਸੂਲੀ ਚਿਤ੍ਰ ਗੁਪਤੋ ਤੁਸੀਂ ਅਲ ਪਲ ਲਿਖ ਲਵੋ।

**ਮੋਹਿ ਜਮਡੰਡ ਨ ਲਾਗਈ ਤਜੀ ਲੇ ਸਰਬ ਜੰਜਾਲ ॥ ੩ ॥**

ਮੈਨੂੰ ਜਮ ਡੰਡ ਨਹੀਂ ਲਗੇਗਾ ਕਿਉਂਕਿ ਮੈਂ ਸਾਰਾ ਜੰਜਾਲ ਛੱਡ ਦਿੱਤਾ ਹੈ ਭਾਵ ਸਭ ਜੱਗ ਦੇ ਕੰਮ ਛੱਡ ਦਿਤੇ ਹਨ ॥

**ਜੈਸਾ ਰੰਗੁ ਕੁਸੁੰਭ ਕਾ ਤੈਸਾ ਇਹੁ ਸੰਸਾਰੁ ॥**

ਜਿੱਕੁਰ ਦਾ ਕਸੁੰਭੇ ਦਾ ਰੰਗ ਹੁੰਦਾ ਹੈ ਉਕੁਰ ਦਾ ਇਹ ਸੰਸਾਰ ਹੈ।

**ਮੇਰੇ ਰਮਈਏ ਰੰਗੁਮਜੀਠ ਕਾ ਕਹੁ ਰਵਿਦਾਸ ਚਮਾਰ ॥੪॥੧॥**

ਅਤੇ ਮੇਰੇ ਵਾਹਿਗੁਰੂ ਦਾ ਰੰਗ ਮਜੀਠ ਦੇ ਵਾਂਕਰ ਹੈ ਚਮਿਆਰ ਰਵਿਦਾਸ ਜੀ ਕਹਿੰਦੇ ਹਨ।

## ਗਉੜੀ ਪੂਰਬੀ ਰਵਿਦਾਸ ਜੀਉ

**੧ ਓ ਸਤਿਗੁਰਪ੍ਰਸਾਦਿ ॥**

**ਕੂਪੁ ਭਰਿਓ*ਜੈਸੇ ਦਾਦਿਰਾ ਕਛੁ ਦੇਸੁ ਬਿਦੇਸੁ ਨ ਬੂਝ ॥**

ਕੂਪ = ਖੂਹ। ਦਾਦਿਰਾ = ਡਡੂ।

ਜਿਕੁਰ ਪਾਣੀ ਨਾਲ ਭਰੇ ਹੋਏ ਖੂਹ ਵਿਚ ਡੱਡੂ ਹੁੰਦਾ ਹੈ ਅਤੇ ਉਸਨੂੰ ਕੁਝ ਦੇਸ ਬਦੇਸ ਨਹੀਂ ਸੁਝਦਾ ॥

**ਐਸੇ ਮੇਰਾ ਮਨੁ ਬਿਖਿਆ ਬਿਮੋਹਿਆ**

**ਕਛੁ ਆਰਾ ਪਾਰੁ ਨ ਸੂਝ ॥ ੧ ॥**

ਆਰਾ = ਉਰਲਾ ਬੰਨਾ।

ਇੱਕਰ ਵਿਸ਼ਿਆਂ ਨੇ ਮੇਰੇ ਮਨ ਨੂੰ ਮੋਹਤ ਕਰ ਲਿਆ ਹੋਇਆ ਹੈ ਕੁਝ ਉਰਲੇ ਪਰਲੇ ਬੰਨੇ ਲੋਕ ਪ੍ਰਲੋਕ ਦਾ ਨਹੀਂ ਸੁਝਦਾ ਭਾਵ ਡਡੂ ਰੂਪ ਜਗਤ ਜੀਵਾਂ ਦੀ ਪਦਾਰਥਾਂ ਨੇ ਮਤ ਮਾਰ ਛਡੀ ਹੈ ਅਤੇ ਤੇਰਾ ਕੁਝ ਪਤਾ ਨਹੀਂ

*ਖੂਹ ਵਿਚ ਡਡੂ ਭਰਿਓ = ਪਿਆ ਹੋਯਾ ਵੀ ਅਰਥ ਕਰਦੇ ਹਨ ॥

ਲਗਦਾ ॥

**ਸਗਲ ਭਵਨ ਕੇ ਨਾਇਕਾ**

**ਇਕੁ ਛਿਨੁ ਦਰਸੁ ਦਿਖਾਇ ਜੀ ॥ ੧ ॥ ਰਹਾਉ ॥**

ਭਵਨ = ਘਰ। ਨਾਇਕਾ = ਸੁਆਮੀਆ।

ਹੇ ਸਾਰਿਆਂ ਭਵਣਾਂ ਦੇ ਮਾਲਕ ਵਾਹਿਗੁਰੂ ਇਕ ਛਿਨ ਮੈਨੂੰ ਦਰਸ਼ਨ ਦਿਖਾ।

**ਮਲਿਨ ਭਈ ਮਤਿ ਮਾਧਵਾ ਤੇਰੀ ਗਤਿ ਲਖੀ ਨ ਜਾਇ ॥**

ਹੇ ਮਾਧਵਾ ਵਾਹਿਗੁਰੂ ਮੇਰੀ ਮਤ ਮੈਲੀ ਹੋ ਗਈ ਹੋਈ ਹੈ, ਇਸ ਲਈ ਗਤੀ ਲਖੀ ਨਹੀਂ ਜਾਂਦੀ ॥

**ਕਰਹੁ ਕ੍ਰਿਪਾ ਭ੍ਰਮੁ ਚੂਕਈ ਮੈ ਸੁਮਤਿ ਦੇਹੁ ਸਮਝਾਇ ॥ ੨ ॥**

ਕਿਰਪਾ ਕਰੋ ਜਿਸ ਕਰਕ ਭਰਮ ਦੂਰ ਹੋ ਜਾਵੇ ਅਤੇ ਮੈਨੂੰ ਹੱਛੀ ਅਕਲ ਦਿਓ ਜਿਸ ਕਰਕੇ ਮੈਨੂੰ ਸਮਝ ਆਵੇ ॥

**ਜੋਗੀਸਰ ਪਾਵਹਿ ਨਹੀ ਤੁਅ ਗੁਣ ਕਥਨੁ ਅਪਾਰ ॥**

ਤੁਅ = ਤੇਰੇ।

ਤੇਰੇ ਗੁਣ ਲਿਖਣ ਤੋਂ ਬਿਅੰਤ ਹਨ ਜੋਗੀਸਰ ਵੀ ਅੰਤ ਨਹੀਂ ਪਾ ਸਕਦੇ।

**ਪ੍ਰੇਮ ਭਗਤਿ ਕੈ ਕਾਰਣੈ ਕਹੁ ਰਵਿਦਾਸ ਚਮਾਰ ॥ ੩ ॥ ੧ ॥**

ਪ੍ਰੇਮਾ ਭਗਤੀ ਦੇ ਵਾਸਤੇ ਰਵਿਦਾਸ ਚਮਿਆਰ ਕਹਿੰਦਾ ਹੈ।

**ਗਉੜੀ ਬੈਰਾਗਣਿ**

**ੴ ਸਤਿਗੁਰਪ੍ਰਸਾਦਿ ॥**

**ਸਤਜੁਗਿ ਸਤੁ ਤੇਤਾ ਜੁਗੀ ਦੁਆਪਰਿ ਪੂਜਾ ਚਾਰ ॥**

ਤੇਤਾ = ਤ੍ਰੇਤਾ ਜੁਗ।

ਸਤਿਜੁਗ ਵਿੱਚ ਸਚ ਬੋਲਦੇ ਸਨ, ਤ੍ਰੇਤਾ ਯੁਗ ਯੱਗਾਂ ਵਿੱਚ ਲਗਾ ਹੋਯਾ ਸੀ ਅਤੇ ਦੁਆਪਰ ਵਿਚ ਪੂਜਾ ਦਾ ਕਰਤਵ ਪ੍ਰਧਾਨ ਮੰਨਿਆਂ ਹੋਯਾ ਸੀ।

**ਤੀਨੌ ਜੁਗ ਤੀਨੌ ਦਿੜੇ ਕਲਿ ਕੇਵਲ ਨਾਮ ਅਧਾਰ ॥ ੧ ॥**

ਦਿੜੇ = ਦ੍ਰਿੜ।

ਤਿੰਨੇ ਯੁਗ ਤਿੰਨਾਂ ਕੰਮਾਂ ਵਿਚ ਪੱਕੇ ਹੋਏ ਸਨ ਪਰ ਕਲਯੁਗ ਵਿੱਚ ਕੇਵਲ ਵਾਹਿਗੁਰੂ ਦੇ ਨਾਮ ਦਾ ਹੀ ਆਸਰਾ ਹੈ।

**ਪਾਰੁ ਕੈਸੇ ਪਾਇਬੋ ਰੇ ॥ ਮੋਸਉ ਕੋਊ ਨ ਕਹੈ ਸਮਝਾਇ ॥**
**ਜਾਤੇ ਆਵਾ ਗਵਨੁ ਬਿਲਾਇ ॥ ੧ ॥ ਰਹਾਉ ॥**

ਗਵਨੁ = ਜਾਣਾ । ਬਿਲਾਇ = ਦੂਰ ਹੋਵੇ ॥

ਇਸ ਸੰਸਾਰ ਸਮੁੰਦ ਦਾ ਪਾਰ ਹੋਣਾ ਕਿੱਕੁਰ ਪਾਈਏ ਇਹ ਗੱਲ ਮੈਨੂੰ ਕੋਈ ਨਹੀਂ ਸਮਝਾਕੇ ਕਹਿੰਦਾ (ਵਾ ਕਹੇ) ਜਿਸ ਕਰਕੇ ਆਉਣਾ ਜਾਣਾ ਦੂਰ ਹੋ ਜਾਵੇ ।

**ਬਹੁਬਿਧਿ ਧਰਮ ਨਿਰੂਪੀਐ ਕਰਤਾ ਦੀਸੈ ਸਭ ਲੋਇ ॥**

ਬਹੁਤ ਤਰਾਂ ਦਾ ਧਰਮ ਸ਼ਾਸਤ੍ਰ ਕਾਰਾਂ ਨੇ ਨਰੂਪਣ ਕੀਤਾ ਹੈ ਅਤੇ ਲੋਕ ਸਾਰਾ ਕਰਦਾ ਹੋਯਾ ਦਿਸਦਾ ਵੀ ਹੈ ਵਾ ਬਹੁਤ ਤਰਾਂ ਦੇ ਧਰਮ ਕਰਮ ਜੇਹੜੇ ਕਥਨ ਕੀਤੇ ਹੋਏ ਹਨ ਉਨ੍ਹਾਂ ਦੇ ਕਰਤਾ ਲੋਕ ਵੀ ਦਿਸਦੇ ਹਨ ।

**ਕਵਨ ਕਰਮ ਤੇ ਛੂਟੀਐ ਜਿਹ ਸਾਧੇ ਸਭ ਸਿਧਿ ਹੋਇ ॥ ੨ ॥**

( ਪਰ ) ਕੇਹੜੇ ਕਰਮ ਨਾਲ ਸੰਸਾਰ ਤੋਂ ਛੁਟੀਏ ਜਿਸ ਨੂੰ ਸਾਧਨ ਨਾਲ ਸਭ ਸਿਧੀਆਂ (ਮੁਕਤੀਆਂ) ਪ੍ਰਾਪਤ ਹੋ ਜਾਣ ?

**ਕਰਮ ਅਕਰਮ ਬੀਚਾਰੀਐ ਸੰਕਾ ਸੁਨ ਬੇਦ ਪੁਰਾਨ ॥**

ਮੰਦੇ ਚੰਗੇ ਕਰਮਾਂ ਨੂੰ ਜੇ ਵਿਚਾਰੀਏ ਤਾਂ ਵੇਦਾਂ ਪੁਰਾਣਾਂ ਨੂੰ ਸ਼ੰਕਾ ਹੁੰਦੀ ਹੈ ਭਾਵ ਜੇਹੜਾ ਸ਼ਾਸਤ੍ਰ ਇਕ ਕਰਮ ਨੂੰ ਮੰਡਨ ਕਰਦਾ ਹੈ ਦੂਜਾ ਉਸਨੂੰ ਖੰਡਨ ਕਰਦਾ ਹੈ ।

**ਸੰਸਾ ਸਦ ਹਿਰਦੈ ਬਸੈ ਕਉਨੁ ਹਿਰੈ ਅਭਿਮਾਨੁ ॥ ੩ ॥**

ਹਿਰੈ = ਨਾਸ ॥

ਇਹ ਸੰਸਾਰ ਸਦਾ ਹੀ ਹਿਰਦੇ ਵਿੱਚ ਵਸਦਾ ਹੈ ਸਾਡੇ ਮਨ ਦੇ ਹੰਕਾਰ ਨੂੰ ਕੌਣ ਦੂਰ ਕਰੇ ॥

**ਬਾਹਰੁ ਉਦਕਿ ਪਖਾਰੀਐ ਘਟ ਭੀਤਰਿ ਬਿਬਿਧਿ ਬਿਕਾਰ ॥**

ਉਦਕਿ = ਪਾਣੀ । ਪਖਾਰੀਐ = ਧੋਈਏ ॥ ਭੀਤਰ = ਅੰਦਰ ॥

ਸਰੀਰ ਨੂੰ ਬਾਹਰੋਂ ਤਾਂ ਪਾਣੀ ਨਾਲ ਧੋ ਲਿਆ ਪਰ ਰਿਦੇ ਅੰਦਰ ਨਾਨਾ ਤਰਾਂ ਦੇ ਵਿਕਾਰ ਹਨ ।

**ਸੁਧ ਕਵਨ ਪਰ ਹੋਇਬੋ ਸੁਚ ਕੁੰਚਰ ਬਿਧਿ ਬਿਉਹਾਰ । ੪ ॥**

ਕੁੰਚਰ = ਹਾਥੀ ॥

ਉਹ ਸੁੱਚਾ ਕਿਸ ਪ੍ਰਕਾਰ ਹੋਵੇਗਾ ਜਿਸ ਦੀ ਹਾਥੀ ਦੇ ਵਿਵਹਾਰ ਦੀ ਰੀਤੀ (ਵਾ ਤਰਾਂ) ਹੈ ਵ ਜਿਨ੍ਹਾਂ ਜੀਵ ਦੇ ਸੁੱਚਾ ਹੋਣ ਦਾ ਵਿਵਹਾਰ ਹੈ ਸਭ ਹਾਥੀ ਦੀ ਤਰਾਂ ਹੈ । ਪਰ ਫਿਰ ਸੁੱਧ ਕਿੱਕੁਰ ਹੋਵੇਗਾ ?

**ਰਵਿ ਪ੍ਰਗਾਸ ਰਜਨੀ ਜਥਾ ਗਤਿ ਜਾਨਤ ਸਭ ਸੰਸਾਰ ॥**

ਰਵਿ = ਸੂਰਜ ॥ ਰਜਨੀ = ਰਾਤ ॥ ਗਤਿ = ਨਾਸ ॥

ਜਿੱਕੁਰ ਸੂਰਜ ਦੇ ਚੜ੍ਹਨ ਨਾਲ ਰਾਤ ਨਾਸ ਹੁੰਦੀ ਹੈ ਇਸ ਗੱਲ ਨੂੰ ਸਾਰਾ ਸੰਸਾਰ ਜਾਣਦਾ ਹੈ। ਇੱਕੁਰ ਹੀ ਗੁਰਾਂ ਦੇ ਗਿਆਨ ਕਰਕੇ ਰਿਦੇ ਤੋਂ ਅਵਿੱਦਿਆ ਦੂਰ ਹੁੰਦੀ ਹੈ।

**ਪਾਰਸ ਮਾਨੋ ਤਾਬੋ ਛੁਏ ਕਨਕ ਹੋਤ ਨਹੀ ਬਾਰ ॥ ੫ ॥**

ਕਨਕ = ਸੋਨਾ ॥ ਬਾਰ = ਦੇਰ ॥

ਮੰਨ ਲਵੋ ਪਾਰਸ ਨਾਲ ਤਾਂਬਾ ਛੋਂਹਦਾ ਹੋਯਾ ਸੋਨਾਂ ਹੁੰਦਾ ਦੇਰੀ ਨਹੀਂ ਕਰਦਾ।

**ਪਰਮ*ਪਰਸ ਗੁਰੁ ਭੇਟੀਐ ਪੂਰਬ ਲਿਖਤ ਲਿਲਾਟ ॥**

ਲਿਲਾਟ = ਮਥਾ ॥

ਪਰਮ ਪਾਰਸ ਗੁਰਾਂ ਨੂੰ ਮਿਲਕੇ ਜੀਵ ਪਾਰਸ ਹੀ ਹੋ ਜਾਂਦੇ ਹਨ, ਇਹ ਪਾਰਸ ਨਾਲੋਂ ਗੁਰਾਂ ਵਿੱਚ ਵਾਧਾ ਹੈ। ਇਸ ਲਈ ਪਰਮ ਪਾਰਸ ਕਿਹਾ ਹੈ। ਪਰ ਜਿਸਦੇ ਮੱਥੇ ਦੇ ਲੇਖ ਪਿੱਛਲੇ ਲਿਖੇ ਹੋਏ ਹੋਣ।

**ਉਨਮਨ ਮਨ ਮਨ ਹੀ ਮਿਲੇ ਛੁਟਕਤ ਬਜਰ ਕਪਾਟ ॥ ੬ ॥**

ਉਨਮਨ = ਉਲਟਣਾਂ ॥

ਜਿਨ੍ਹਾਂ ਨੇ ਸੰਸਾਰ ਵਲੋਂ ਮਨ ਨੂੰ ਉਲਟਾਯਾ ਹੈ ਓਹ ਮਨ ਵਿਚ ਹੀ ਵਾਹਿਗੁਰੂ ਨੂੰ ਮਿਲੇ ਹਨ ਅਤੇ ਪੱਥਰ ਵਤ ਜੜ੍ਹਤਾ ਦੇ ਤਖਤੇ ਉਨ੍ਹਾਂ ਦੇ ਖੁਲ੍ਹ ਗਏ ਹਨ।

**ਭਗਤਿ ਜੁਗਤਿ ਮਤਿ ਸਤਿ ਕਰੀ ਭ੍ਰਮ ਬੇਧਨ ਕਾਟਿ ਬਿਕਾਰ ॥**

ਜਿਨ੍ਹਾਂ ਨੇ ਭਗਤੀ ਦੀ ਯੁਕਤੀ ਮਤ ਵਿਚ ਨਿਸਚੇ ਕੀਤੀ ਹੈ ਉਨ੍ਹਾਂ ਦੇ ਭਰਮ ਬੰਧਨ ਵਿਕਾਰ ਕੱਟੇ ਗਏ ਹਨ (ਵਾ ਭਗਤੀ ਨੇ ਕਟ ਦਿੱਤੇ)

**ਸੋਈ ਬਸਿ ਰਸਿ ਮਨ ਮਿਲੇ**
**ਗੁਨ ਨਿਰਗੁਨ ਏਕ ਬਿਚਾਰ ॥ ੭ ॥**

ਜਿਨ੍ਹਾਂ ਨੇ ਰਸਾਂ ਵੱਲੋਂ ਮਨ ਨੂੰ ਵਸ ਕੀਤਾ ਹੈ ਸੋਈ ਵਾਹਿਗੁਰੂ ਨੂੰ ਮਿਲੇ ਹਨ ਵਾ ਸੋਈ ਵਾਹਿਗੁਰੂ ਨੂੰ ਮਿਲੇ ਹਨ ਜਿਨ੍ਹਾਂ ਦਾ ਮਨ (ਰਸ) ਪ੍ਰੇਮ ਵਿਚ ਵੱਸਿਆ ਹੈ, ਸਰਗੁਨ ਨਿਰਗੁਨ ਵਾਹਿਗੁਰੂ ਦਾ ਇਕ ਵਿਚਾਰ ਕਰਦੇ ਹਨ।

*ਪਪਾ ਲਘੂ ਦਾ ਗੁਰੂ ਕਰਕੇ ਪੜ੍ਹਨਾ।

**ਅਨਿਕ ਜਤਨ ਨਿਗ੍ਰਹ ਕੀਏ ਟਾਰੀ ਨ ਟਰੈ ਭ੍ਰਮ ਫਾਸ ॥**

ਨਿਗ੍ਰਹ = ਅਕੱਠਾ ਕਰਨਾ

ਅਨੇਕ ਜਤਨ ਅਕੱਠੇ ਕੀਤੇ ਪਰ ਫਿਰ ਵੀ ਭਰਮ ਰੂਪ ਫਾਸੀ ਹਟਾਈ ਹੋਈ ਨਾ ਹਟੀ।

**ਪ੍ਰੇਮ ਭਗਤਿ ਨਹੀ ਊਪਜੈ ਤਾਤੇ ਰਵਿਦਾਸ ਉਦਾਸ ॥ ੮ ॥ ੧॥**

ਪ੍ਰੇਮਾਂ ਭਗਤੀ ਨਹੀਂ ਉਪਜਦੀ ਇਸ ਲਈ ਰਵਿਦਾਸ ਜੀ (ਓਨਾਂ ਕੰਮਾਂ ਵਲੋਂ) ਉਦਾਸ ਹਨ ॥

# ਰਾਗੁ ਆਸਾ

**ੴ ਸਤਿਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ**
**ਅਕਾਲ ਮੂਰਤਿ ਅਜੂਨੀ ਸੈਭੰ ਗੁਰਪ੍ਰਸਾਦਿ ॥**
**ਰਾਗੁ ਆਸਾ ਬਾਣੀ ਭਗਤਾ ਕੀ ਕਬੀਰ ਜੀਉ ਨਾਮਦੇਉ ਜੀਉ॥**
**ਰਵਿਦਾਸ ਜੀਉ ॥ ਆਸਾ ਸ੍ਰੀ ਕਬੀਰ ਜੀਉ ॥**
**ਗੁਰ ਚਰਣ ਲਾਗਿ ਹਮ ਬਿਨਵਤਾ**
**ਪੂਛਤ ਕਹ ਜੀਉ *ਪਾਇਆ ॥**

ਗੁਰਾਂ ਦੇ ਚਰਣਾਂ ਨੂੰ ਲਗਕੇ ਮੈਂ ਬੇਨਤੀ ਕਰਕੇ ਪੁਛਦਾ ਹਾਂ ਕਿ ਇਸ ਜੀਵ ਨੂੰ ਕਿਸ ਵਾਸਤੇ ਉਪਾਇਆ ਹੈ। ਅਥਵਾ ਗੁਰੂ ਜੀ ਮੈਂ ਆਪਦੇ ਚਰਨਾਂ ਨੂੰ ਲਗਕੇ ਬੇਨਤੀ ਕਰਦਾ ਹੋਇਆ ਪੁਛਦਾ ਹਾਂ ਕਿ ਇਸ ਦੇਹ ਰੂਪ ਕੈਦਖਾਨੇ ਵਿੱਚ ਇਸ ਜੀਵ ਨੂੰ ਕਿਸ ਵਾਸਤੇ ਪਾਇਆ ਹੈ ?

**ਕਵਨ ਕਾਜ ਜਗੁ ਉਪਜੈ ਬਿਨਸੈ**
**ਕਹਹੁ ਮੋਹਿ ਸਮਝਾਇਆ ॥ ੧ ॥**

ਕਿਸ ਵਾਸਤੇ ਜਗ ਜੰਮਦਾ ਮਰਦਾ ਹੈ ਏਹ ਮੈਨੂੰ ਸਮਝਾਕੇ ਕਹੋ।

---

*ਜੀ, ਉਪਾਇਆ ॥ ਜੀਉ, ਪਾਇਆ ਏਹ ਦੋਵੇਂ ਪਾਠ ਹਨ ਪਰ ਜੀਉ ਪਾਇਆ ਠੀਕ ਹੈ।

**ਦੇਵ ਕਰਹੁ ਦਇਆ ਮੋਹਿ ਮਾਰਗਿ**
**ਲਾਵਹੁ ਜਿਤੁ ਭੈ ਬੰਧਨ ਤੂਟੈ ॥**

ਮਾਰਗਿ = ਰਸਤਾ ।

ਹੇ ਪ੍ਰਕਾਸ਼ਕ ਗੁਰੂ ਜੀ ਦਇਆ ਕਰਕੇ ਮੈਨੂੰ ਰਸਤੇ ਪਾਵੋ ਜਿਸ ਕਰਕੇ ਭੈ ਦੇਣ ਵਾਲੇ ਬੰਧਨ ਟੁਟ ਜਾਣ । (ਇਹ ੩ ਪ੍ਰਸ਼ਨ ਹਨ) ਗੁਰੂ ਜੀ:-

**ਜਨਮ ਮਰਨ ਦੁਖ ਫੇੜ ਕਰਮ**
**ਸੁਖ ਜੀਅ ਜਨਮ ਤੇ ਛੂਟੈ ॥ ੧ ॥ ਰਹਾਉ ॥**

ਫੇੜ = ਕੀਤੇ ॥

ਜੇਹੜਾ ਜਨਮ ਮਰਨ ਦਾ ਦੁਖ ਹੈ ਸੋ ਕੀਤੇ ਹੋਏ ਕੰਮਾਂ ਦਾ ਫਲ ਹੈ ਅਤੇ ਸੁਖ ਜੀਵ ਨੂੰ ਤਦ ਹੋਵੇ ਜੇ ਜਨਮ ਤੋਂ ਛੁਟ ਜਾਵੇ ਵਾ ਸੁਖ ਤਾਂ ਜੀਵ ਤੋਂ ਜਨਮ ਤੋਂ ਹੀ ਛੁਟ ਗਏ ਹਨ ॥ (ਏਹ ਦੂਜੇ ਪ੍ਰਸ਼ਨ ਦਾ ਉਤਰ)

**ਮਾਇਆ ਫਾਸ ਬੰਧ ਨਹੀ ਫਾਰੈ ਅਰੁ ਮਨ ਸੁੰਨਿ ਨ ਲੂਕੇ ॥**

ਮਾਇਆ ਰੂਪ ਫਾਹੀ ਦੇ ਬੰਨਣਾਂ ਨੂੰ ਨਹੀਂ ਪਾੜਦਾ (ਤੋੜਦਾ) ਅਤੇ ਮਨ ਸੁੰਨਿ ਵਾਹਿਗੁਰੂ ਵਿਚ ਨਹੀਂ ਲੁਕਦਾ ।

**ਆਪਾ ਪਦੁ ਨਿਰਬਾਣੁ ਨ ਚੀਨ੍ਹਿਆ**
**ਇਨ ਬਿਧਿ ਅਭਿਉ ਨ ਚੂਕੇ ॥ ੨ ॥**

ਚੀਨ੍ਹਿਆ = ਜਾਣਿਆਂ ॥ ਨਿਰਬਾਣ = ਦੁਖਾਂ ਤੋਂ ਰਹਿਤ ॥

ਆਪਣਾ ਸਰੂਪ ਦੁਖਾਂ ਤੋਂ ਰਹਿਤ ਵਾਹਿਗੁਰੂ ਨੂੰ ਨਹੀਂ ਜਾਣਿਆਂ ਇਸ ਰੀਤੀ ਕਰਕੇ ਡਰ ਨਹੀਂ ਚੁਕਦਾ । (ਏਹ ੧ ਪ੍ਰਸ਼ਨ ਦਾ ਉਤਰ)

**ਕਹੀ ਨ ਉਪਜੈ ਉਪਜੀ ਜਾਣੈ ਭਾਵ ਅਭਾਵ ਬਿਹੂਣਾ ॥**

ਗੁਰ ਦੀ ਸਿਖਿਆ ਕਹੀ ਹੋਈ ਇਸਦੇ ਰਿਦੇ ਵਿਚ ਉਪਜਦੀ ਨਹੀਂ ਅਤੇ ਆਪਣੀ ਉਪਜੀ ਹੋਈ ਮਨਮਤ ਨੂੰ ਚੰਗੀ ਜਾਣਦਾ ਹੈ ਧਰਮ ਅਧਰਮ ਵਾ ਸਤ ਅਸਤ ਤੋਂ ਰਹਿਤ ਹੈ ਵਾ ਗੁਰਾਂ ਵਿਚ ਭਾਉ ਕਰਨਾ ਸੀ ਅਤੇ ਜਗਤ ਨੂੰ ਅਭਾਵ ਸਮਝਣਾ ਸੀ ਸੋ ਇਸਤੋਂ ਰਹਿਤ ਹੈ । (ਇਹ ਤੀਜੇ ਪ੍ਰਸ਼ਨ ਦਾ ਉਤਰ)

**ਉਦੇ ਅਸਤ ਕੀ ਮਨ ਬੁਧਿ ਨਾਸੀ**
**ਤਉ ਸਦਾ ਸਹਜਿ ਲਿਵ ਲੀਣਾ ॥ ੩ ॥**

ਉਦੈ = ਪ੍ਰਗਟ । ਅਸਤ = ਡੁਬਣਾ ।

ਪੂਰਬ ਤੋਂ ਲੈਕੇ ਪੱਛਮ ਤਕ ਜੇਹੜੀ ਮਨ ਦੀ ਬੁਧੀ ਸੀ ਸੋ ਸਭ ਨਾਸ

ਹੋਗਈ ਭਾਵ ਜੇਹੜੀ ਅਕਲ ਬਹੁਤ ਖਿੰਡੀ ਹੋਈ ਸੀ ਵਾ ਜਨਮ ਮਰਨ ਦੀ ਮਨ ਤੋਂ ਜਦ ਬੁੱਧ ਨਸ਼ਟ ਹੋਗਈ ਤਾਂ ਸਹਿਜੇ ਸਦਾ ਹੀ ਵਾਹਿਗੁਰੂ ਵਿਚ ਲਿਵ ਲਾਕੇ ਲੀਨ ਰਹਿੰਦਾ ਹੈ ॥ (ਇੱਕੁਰ)

**ਜਿਉ ਪ੍ਰਤਿਬਿੰਬੁਬਿੰਬਕਉਮਿਲੀਹੈ ਉਦਕ ਕੁੰਭੁ ਬਿਗਰਾਨਾ ॥**

ਬਿੰਬ = ਸੂਰਜ ॥ ਉਦਕ = ਪਾਣੀ ॥ ਕੁੰਭ = ਘੜਾ ॥

ਬਿਗਰਾਨਾ = ਵਿਗੜਨਾ, ਟੁਟਣਾ ॥

ਜਿੱਕੁਰ ਘੜੇ ਦੇ ਟੁਟਣ ਨਾਲ ਸੁਰਜ ਦਾ ਪ੍ਰਤਿਬਿੰਬ (ਬਿੰਬ) ਸੂਰਜ ਵਿਚ ਹੀ ਜਾ ਮਿਲਦਾ ਹੈ ॥

**ਕਹੁ ਕਬੀਰ ਐਸਾ ਗੁਣ ਭ੍ਰਮੁ ਭਾਗਾ**

**ਤਉ ਮਨੁ ਸੁੰਨਿ ਸਮਾਨਾ ॥ ੪ ॥ ੧ ॥**

ਕਬੀਰ ਜੀ ਕਹਿੰਦੇ ਹਨ ਇੱਕੁਰ ਦੇ ਗੁਣ ਵਿਚਾਰਨ ਨਾਲ ਭਰਮ ਦੌੜ ਗਿਆ ਤਾਂ ਮਨ ਸੁੰਨਿ ਵਾਹਿਗੁਰੂ ਵਿਚ ਸਮਾ ਗਿਆ ॥

(ਕਾਂਸ਼ੀ ਦੇ ਠੱਗ)

**ਆਸਾ ॥ ਗਜ ਸਾਢੇ ਤੈ ਤੈ ਧੋਤੀਆ ਤਿਹਰੇ ਪਾਇਨਿ ਤਗ ॥**

ਤਗ = ਜਨੇਉ ॥ ਸਾਢੇ ਤਿੰਨਾਂ ਤਿੰਨਾਂ ਗਜਾਂ ਦੀਆਂ ਦੋ ਧੋਤੀਆਂ ਰਖਦੇ ਹਨ ਅਤੇ ਤਿੰਨ ੨ ਤਰਾਂ ਦੇ ਜਨੇਊ ਪਾਉਂਦੇ ਹਨ ॥

**ਗਲੀ ਜਿਨ੍ਹਾ ਜਪ ਮਾਲੀਆ ਲੋਟੇ ਹਥਿਨਿ ਬਗ ॥**

ਬਗ = ਚਿੱਟੇ ॥

ਜਿਨ੍ਹਾਂ ਦੇ ਗਲਾਂ ਵਿਚ ਜਪ ਕਰਨ ਵਾਲੀਆਂ ਮਾਲਾ ਪਾਈਆਂ ਹੋਈਆਂ ਹਨ, ਤੇ ਲੋਟੇ ਹਥਾਂ ਵਿਚ ਚਿਟੇ ਹਨ ॥

**ਓਇ ਹਰਿਕੇ ਸੰਤ ਨ ਆਖੀਅਹਿ ਬਾਨਾਰਸਿ ਕੇ ਠਗ ॥ ੧ ॥**

ਓਹ ਵਾਹਿਗੁਰੂ ਦੇ ਸੰਤ ਨਹੀਂ ਆਖੀਦੇ ਕਾਂਸ਼ੀ ਦੇ ਠੱਗ ਹਨ ॥

**ਐਸੇ ਸੰਤ ਨ ਮੋ ਕਉ ਭਾਵਹਿ ॥**

**ਡਾਲਾ ਸਿਉ ਪੇਡਾ ਗਟਕਾਵਹਿ ॥ ੧ ॥ ਰਹਾਉ ॥**

ਪੇਡਾ = ਦਰਖਤ

ਇੱਕੁਰ ਦੇ ਸੰਤ ਮੈਨੂੰ ਨਹੀਂ ਭਾਉਂਦੇ ਕਿਉਂਕਿ ਜਿੱਕੁਰ ਤਰਖਾਨ ਡਾਲੀਆਂ ਦੇ ਸਮੇਤ ਹੀ ਦਰਖਤ ਨੂੰ ਧਰਤੀ ਉਤੇ ਪਟਕੌਂਦੇ ਹਨ, ਇੱਕੁਰ ਹੀ ਓਹ ਪਦਾਰਥ ਸਮੇਤ ਆਦਮੀ ਨੂੰ ਮਾਰ ਸੁਟਦੇ ਹਨ ।

**ਬਸਨਾ ਮਾਂਜਿ ਚਰਾਵਹਿ ਊਪਰਿ ਕਾਠੀ ਧੋਇ ਜਲਾਵਹਿ ॥**

ਕਾਠੀ = ਲੱਕੜ।

ਬਰਤਨ ਮਾਂਜਕੇ ਚੁੱਲ੍ਹੇ ਉਤੇ ਚੜ੍ਹਾਉਂਦੇ ਹਨ ਅਤੇ ਲਕੜੀ ਨੂੰ ਧੋਕੇ ਬਾਲਦੇ ਹਨ॥

**ਬਸੁਧਾ ਖੋਦਿ ਕਰਹਿ ਦੁਇ ਚੂਲ੍ਹੇ ਸਾਰੇ ਮਾਣਸ ਖਾਵਹਿ॥ ੨ ॥**

ਬਸੁਧਾ = ਧਰਤੀ॥

ਧਰਤੀ ਨੂੰ ਪੁੱਟਕੇ ਦੋ ਚੁੱਲ੍ਹੇ ਬਣਾਉਂਦੇ ਹਨ (ਭਾਵ ਇਕ ਆਪਣੇ ਵਾਸਤੇ ਦੂਜਾ ਕਿਸੇ ਨੂੰ ਅੱਗ ਦੇਣ ਵਾਸਤੇ) ਅਤੇ ਸਾਰੇ ਮਨੁੱਖ ਨੂੰ ਜੀਉਂਦਿਆਂ ਨੂੰ ਹੀ ਵਾ ਸਾਰਿਆਂ ਮਨੁੱਖਾਂ (ਖੱਤ੍ਰੀ, ਬ੍ਰਾਹਮਣ, ਵੈਸ਼, ਸ਼ੂਦਰ) ਨੂੰ ਖਾ ਜਾਂਦੇ ਹਨ।

**ਓਇ ਪਾਪੀ ਸਦਾ ਫਿਰਹਿ ਅਪਰਾਧੀ ਮੁਖਹੁਅਪਰਸਕਹਾਵਹਿ॥**

ਓਹ ਪਾਪੀ ਸਦਾ ਹੀ ਅਪਰਾਧਾਂ ਦੇ ਭਰੇ ਹੋਏ ਫਿਰਦੇ ਹਨ ਅਤੇ ਆਪਣੇ ਮੁਖੋਂ ਆਪਣੇ ਆਪ ਨੂੰ ਅਛੋਹ ਕਹਿੰਦੇ ਹਨ ਭਾਵ ਅਸੀਂ ਕਿਸੇ ਨਾਲ ਨਹੀਂ ਲਗਦੇ॥

**ਸਦਾ ਸਦਾ ਫਿਰਹਿ ਅਭਿਮਾਨੀ ਸਗਲ ਕੁਟੰਬਡੁਬਾਵਹਿ ॥੩॥**

ਰੋਜ਼ ਰੋਜ਼ ਓਹ ਹੰਕਾਰੀ ਫਿਰਦੇ ਹਨ ਅਤੇ ਆਪਣੇ ਸਾਰੇ ਟੱਬਰ ਨੂੰ ਵੀ ਨਾਲ ਡੋਬ ਲੈਂਦੇ ਹਨ॥

**ਜਿਤੁ ਕੋ ਲਾਇਆ ਤਿਤਹੀ ਲਾਗਾ ਤੈਸੇ ਕਰਮ ਕਮਾਵੈ॥**

ਜਿਧਰ ਕੋਈ ਵਾਹਿਗੁਰੂ ਨੇ ਲਾਇਆ ਹੈ ਓਧਰ ਹੀ ਲਗਾ ਹੈ ਅਤੇ ਤਿਕੁਰ ਦੇ ਹੀ ਕੰਮ ਕਰਦਾ ਹੈ॥

***ਕਹੁ ਕਬੀਰ ਜਿਸੁ ਸਤਿਗੁਰੁ ਭੇਟੈ**

---

*ਖਿੱਚਾ ਖਿੱਚੀ ਇਕੁਰ ਵੀ ਕਰਦੇ ਹਨ:-ਇਕੁਰ ਦੇ ਸੰਤ ਮੈਨੂੰ ਭਾਉਂਦੇ ਹਨ, ਜੇਹੜੇ ਸਾਰੇ ਸੰਸਾਰ ਦਾ ਮੂੰਢ ਅਵਿਦਯਾ ਖਾ ਜਾਂਦੇ ਹਨ ਅਤੇ ਸਾਢੇ ਤਿੰਨਾਂ ਮਾਤ੍ਰਾਂ ਦੇ ਓਅੰਕਾਰ ਨੂੰ ਗੱਜਕੇ ਉਚਾਰਦੇ ਹਨ, ਵਾਸ਼ਨਾਂ ਧੋ ਸੁਟਦੇ ਹਨ, ਜਿਨਾਂ ਗੁਣਾਂ ਨੂੰ ਤੱਗਾ ਪਾਇਆ ਹੈ, ਗੱਲਾਂ ਹੀ ਜਿਨ੍ਹਾਂ ਦੀਆਂ ਜਪ ਮਾਲਾ ਹਨ, ਅਤੇ ਹਥ ਆਦਿਕ ਇੰਦ੍ਰੇ ਵਿਸ਼ਿਆਂ ਵਲੋਂ ਲੋਟ ਗਏ ਹਨ, ਓਹ ਹਰੀ ਦੇ ਸੰਤ ਬਣੇ ਹੋਏ ਰਸ ਨੂੰ ਖਾਣ ਵਾਲੇ ਆਖੀਦੇ ਹਨ, ਵਾਸ਼ਨਾ ਨੂੰ ਮਾਂਜਕੇ ਵਾਹਿਗੁਰੂ ਵਲ ਬ੍ਰਿਤੀ ਚੜ੍ਹਾਉਂਦੇ ਹਨ ਅਤੇ ਦੇਹ ਨੂੰ ਭਗਤੀ ਨਾਲ ਧੋਕੇ ਰਖਦੇ ਹਨ ਅਤੇ ਹੰਕਾਰ ਨੂੰ ਸਾੜ ਦੇਂਦੇ ਹਨ ਰਾਗ ਦ੍ਵੈਖ ਮਿਟੀ ਅੰਦਰੋਂ ਕੱਢਕੇ ਵਾਹਿਗੁਰੂ ਨਾਮ ਦੇ ਚੁੱਲ੍ਹੇ ਬਣੌਂਦੇ ਹਨ ਅਤੇ ਸਾਰੇ ਮਾਣ ਨੂੰ ਖਾ ਜਾਂਦੇ ਹਨ। ਓਨਾਂ ਨੇ ਪੀ = ਪਤੀ ਨੂੰ ਪਾਇਆ ਹੈ ਅਤੇ (ਅਪਰ)-

**ਪੁਨਰਪਿ ਜਨਮਿ ਨ ਆਵੈ ॥ ੪ ॥ ੨ ॥**

ਭੇਟੈ = ਮਿਲੇ। ਪੁਨਰਪਿ = ਫੇਰ।

ਕਬੀਰ ਜੀ ਕਹਿੰਦੇ ਹਨ ਜਿਸਨੂੰ ਪੂਰੇ ਗੁਰੂ ਮਿਲਦੇ ਹਨ ਓਹ ਫੇਰ ਸੰਸਾਰ ਤੇ ਨਹੀਂ ਆਉਂਦਾ॥

**ਆਸਾ ॥ ਬਾਪਿ ਦਿਲਾਸਾ ਮੇਰੋ ਕੀਨ੍ਾ ॥**
**ਸੇਜ ਸੁਖਾਲੀ ਮੁਖਿ ਅੰਮ੍ਰਿਤੁ ਦੀਨ੍ਾ ॥**

ਮੇਰੇ ਵਾਹਿਗੁਰੂ ਪਿਤਾ ਨੇ ਮੈਨੂੰ ਦਿਲਾਸਾ ਦੇਣਾਂ ਕੀਤਾਹੈ ਅੰਤਸ਼ਕਰਨ ਰੂਪ ਸੇਜਾ ਸੁਖਾਲੀ ਕੀਤੀ ਹੈ ਅਤੇ ਮੁਖ ਵਿਚ ਨਾਮ ਅੰਮ੍ਰਿਤ ਦਿੱਤਾ ਹੈ ॥

**ਤਿਸੁ ਬਾਪ ਕਉ ਕਿਉ ਮਨਹੁ ਵਿਸਾਰੀ ॥**
**ਆਗੈ ਗਇਆ ਨ ਬਾਜੀ ਹਾਰੀ ॥ ੧ ॥**

ਤਿਸ ਪਿਤਾ ਨੂੰ ਮਨੋਂ ਕਿਉਂ ਵਿਸਾਰੀਏ। ਅਗੇ ਜਾਕੇ ਬਾਜੀ ਨਾਂ ਹਾਰਾਂਗਾ।

**ਮੁਈ ਮੇਰੀ ਮਾਈ ਹਉ ਖਰਾ ਸੁਖਾਲਾ ॥**
**ਪਹਿਰਉ ਨਹੀ ਦਗਲੀ ਲਗੈ ਨ ਪਾਲਾ ॥ ੧ ॥ ਰਹਾਉ ॥**

ਖਰਾ = ਹੱਛਾ। ਮਾਈ = ਮਾਇਆ, ਮਮਤਾ।

ਮੇਰੀ ਮਮਤਾ ਮਰ ਗਈ ਹੈ, ਮੈਂ ਬਹੁਤ ਸੁਖੀ ਹੋਯਾ ਹਾਂ ਹੁਣ ਮੈਂ ਸਰੀਰ ਰੂਪ (ਦਗਲੀ) ਗੋਦੜੀ ਵਾ ਖਫਨੀ ਨਹੀਂ ਪੈਹਰਾਂਗਾ ਕਿਉਂਕਿ ਜੜਤਾ ਰੂਪ ਪਾਲਾ ਮੈਨੂੰ ਨਹੀਂ ਲਗਦਾ ॥

**ਬਲਿ ਤਿਸੁ ਬਾਪੈ ਜਿਨਿ ਹਉ ਜਾਇਆ ॥**
**ਪੰਚਾ ਤੇ ਮੇਰਾ ਸੰਗੁ ਚੁਕਾਇਆ ॥**

ਮੈਂ ਤਿਸ ਪਿਤਾ ਤੋਂ ਬਲਿਹਾਰ ਜਾਂਦਾ ਹਾਂ ਜਿਸਨੇ ਮੈਨੂੰ ਜਾਇਆ ਹੈ ਅਤੇ ਪੰਜਾਂ ਕਾਮਾਦਿਕਾਂ ਤੋਂ ਮੇਰਾ ਸੰਗ ਚੁਕਾ ਦਿਤਾ ਸੂ ॥

**ਪੰਚ ਮਾਰਿ ਪਾਵਾ ਤਲਿ ਦੀਨੇ ॥**
**ਹਰਿ ਸਿਮਰਨਿ ਮੇਰਾ ਮਨੁ ਤਨੁ ਭੀਨੇ ॥ ੨ ॥**

---

—ਹੋਰ ਹੀ ਤਰਾਂ ਦਾ ਓਹਨਾਂ ਦਾ ਧੀ = ਬੁਧੀ ਹੋ ਗਈ ਹੈ ਅਤੇ ਮੁਖੋਂ ਅਪਰਸ ਕਹੌਂਦੇ ਹਨ, ਹੰਕਾਰ ਵਲੋਂ ਫਿਰ ਆਏ ਹਨ। ਸਾਰੇ ਆਪਣੇ ਚੇਲਿਆਂ ਨੂੰ ਵਾਹਿ-ਗੁਰੂ ਅਨੰਦ ਵਿਚ ਡੋਬਦੇ ਹਨ।

ਪੰਜੇ ਮਾਰਕੇ ਪੈਰਾਂ ਤਲੇ ਦੇ ਲਏ ਹਨ, ਵਾਹਿਗੁਰੂ ਦੇ ਸਿਮਰਨ ਵਿਚ ਮੇਰਾ ਮਨ ਤਨ ਭਿਜ ਗਿਆ ਹੈ ॥

**ਪਿਤਾ ਹਮਾਰੋ ਵਡ ਗੋਸਾਈ ॥**

**ਤਿਸੁ ਪਿਤਾ ਪਹਿ ਹਉ ਕਿਉ ਕਰਿ ਜਾਈ ॥**

ਮੇਰਾ ਪਿਤਾ ਵਡਾ ਗੁਸਾਂਈ ਹੈ ਤਿਸ ਪਿਤਾ ਪਾਸ ਮੈਂ ਕਿੱਕੁਰ ਜਾਵਾਂ ?

**ਸਤਿਗੁਰ ਮਿਲੇ ਤ ਮਾਰਗੁ ਦਿਖਾਇਆ ॥**

**ਜਗਤ ਪਿਤਾ ਮੇਰੈ ਮਨਿ ਭਾਇਆ ॥ ੩ ॥**

ਸਤਿਗੁਰੂ ਮਿਲੇ ਤਿਨ੍ਹਾਂ ਰਸਤਾ ਦਸਿਆ ਹੈ ਜਗਤ ਪਿਤਾ ਮੇਰੇ ਮਨ ਭਾਇਆ ॥

( ਸਨਮੁਖ ਬੇਨਤੀ )

**ਹਉ ਪੂਤੁ ਤੇਰਾ ਤੂੰ ਬਾਪੁ ਮੇਰਾ ॥**

**ਏਕੈ ਠਾਹਰ ਦੁਹਾ ਬਸੇਰਾ ॥**

ਮੈਂ ਪੁੱਤ੍ਰ ਤੇਰਾ ਹਾਂ ਤੂੰ ਪਿਤਾ ਮੇਰਾ ਹੈਂ, ਇਕ ਜਗਾ ਦੋਹਾਂ ਦਾ ਵਸੇਰਾ ਹੇ।

**ਕਹੁ ਕਬੀਰ ਜਨਿ ਏਕੋ ਬੂਝਿਆ ॥**

**ਗੁਰਪ੍ਰਸਾਦਿ ਮੈ ਸਭੁ ਕਿਛੁ ਸੂਝਿਆ ॥ ੪ ॥ ੩ ॥**

ਕਬੀਰ ਜੀ ਕਹਿੰਦੇ ਹਨ ਦਾਸ ਨੇ ਇਕੋ ਹੀ ਪੁਛਿਆ ਹੈ ਅਤੇ ਗੁਰਾਂ ਦੀ ਕ੍ਰਿਪਾ ਨਾਲ ਮੈਨੂੰ ਸਭ ਕੁਝ ਦਿੱਸ ਆਇਆ ਹੈ ॥

(ਮਾਇਆ ਨੂੰ ਪੂਜਣ ਵਾਲੇ ਇੱਕੁਰ ਪੂਜਦੇ ਹਨ)

**ਆਸਾ ॥ ਇਕਤੁ ਪਤਰਿ ਭਰਿ ਉਰਕਟ *ਕੁਰਕਟ**

**ਇਕਤੁ ਪਤਰਿ ਭਰਿ ਪਾਨੀ ॥**

ਪਤਰਿ = ਪਾਤ੍ਰ, ਭਾਂਡਾ। ਉਰਕਟ = ਰਿਦੇ ਕਟਕੇ

ਕੁਰਕਟ = ਕੁਕੜ ਆਦਿਕ ਜਾਨਵਰ।

ਇਕ ਭਾਂਡਾ ਜਾਨਵਰਾਂ ਦੇ ਰਿਦੇ ਕੱਟਕੇ ਭਰ ਲੈਂਦੇ ਹਨ ਅਤੇ ਇਕ ਭਾਂਡੇ ਵਿਚ ਪਾਨੀ ਭਰ ਲੈਂਦੇ ਹਨ।

**ਆਸਿ ਪਾਸਿ ਪੰਚ ਜੋਗੀਆ ਬੈਠੇ ਬੀਚਿ ਨਕਟ ਦੇ ਰਾਨੀ ॥੧॥**

ਲਾਂਭੇ ਚਾਂਭੇ ਪੰਜਾਂ ਜੋਗੀਆਂ ਵਾਕੁਰ ਬਹੁਤੇ ਆਦਮੀ ਬੈਠਦੇ ਹਨ ਅਤੇ ਵਿੱਚ ਨਕ ਵੱਢੀ ਰਾਣੀ ਹੁੰਦੀ ਹੈ॥

*ਦੂਜਾ ਅਰਥ ਫਲ ਫੁਲ ਕਟਦੇ ਹਨ।

**ਨਕਟੀ ਕੋ † ਠਨਗਨੁ ਬਾਡਾ ✣ ਡੂੰ ॥**

**ਕਿਨਹਿ ਬਿਬੇਕੀ ਕਾਟੀ ਤੂੰ ॥ ੧ ॥ ਰਹਾਉ ॥**

ਬਾਡਾ = ਵੱਡਾ । ਡੂੰ = ਦੋਹਾਂ ਲੋਕਾਂ ਵਿੱਚ ।

ਨੱਕਵੱਢੀ ਦਾ ਨਖਰਾ ਦੋਹਾਂ ਲੋਕਾਂ ਵਿੱਚ ਬੜਾ ਵਧਿਆ ਹੋਇਆ ਹੈ ਕਿਸੇ ਵਿਚਾਰਵਾਨ ਨੇ ਹੀ ਤੈਨੂੰ ਕੱਟਿਆ ਹੈ ।

**ਸਗਲ ਮਾਹਿ ਨਕਟੀ ਕਾ ਵਾਸਾ ਸਗਲ ਮਾਰਿ ਅਉਹੇਰੀ ॥**

ਅਉਹੇਰੀ = ਵੇਖੀ ।

ਸਾਰਿਆਂ ਵਿੱਚ ਨੱਕਵੱਢੀ ਦਾ ਵਾਸਾ ਹੈ ਅਤੇ ਸਾਰਿਆਂ ਨੂੰ ਮਾਰਨ ਵਾਲੀ ਵੇਖੀ ਦੀ ਹੈ । (ਮਾਇਆ)

**ਸਗਲਿਆਕੀਹਉਬਹਿਨਭਾਨਜੀ ਜਿਨਹਿ ਬਰੀਤਿਸੁਚੇਰੀ॥੨॥**

ਸਾਰਿਆਂ ਦੀ ਮੈਂ ਭੈਣ ਭਾਂਣਜੀ ਹਾਂ ਅਤੇ ਜਿਸ ਨੇ ਮੈਨੂੰ ਵਰਿਆ ਹੈ ਤਿਸ ਦੀ ਮੈਂ ਦਾਸੀ ਹਾਂ ।

(ਮਾਇਆ) ਇਸ ਲਈ ਮੈਨੂੰ ਚਰਨੀ ਲਾਵੋ ( ਕਬੀਰ ਜੀ;) ਮੈਂ ਆਪ ਦੀ ਇਸਤੀ ਹਾਂ ।

**ਹਮਰੋ ਭਰਤਾ ਬਡੋ ਬਿਬੇਕੀ ਆਪੇ ਸੰਤੁ ਕਹਾਵੈ ॥**

ਮੇਰਾ ਪਤੀ ਬੜਾ ਬਿਬੇਕੀ ਹੈ ਆਪੇ ਹੀ ਓਹ ਸੰਤ ਕਹਾਉਂਦਾ ਹੈ (ਮਾਇਆ) ਤੈਸੇ ਦੂਜੀ ਮੋਹਿ ਕੀਜੀਏ (ਹਨੂੰਮਾਨ ਨਾਟਕ) (ਕਬੀਰ ਜੀ)

**ਓਹੁ ਹਮਾਰੈ ਮਾਥੈ ਕਾਇਮੁ**

**ਅਉਰੁ ਹਮਰੈ ਨਿਕਟਿ ਨ ਆਵੈ ॥ ੩ ॥**

ਓਹ ਮੇਰਾ ਪਤੀ ਵਾਹਿਗੁਰੂ ਜਿੰਨਾਂ ਚਿਰ ਮੇਰੇ ਮਥੇ ਤੇ ਕਾਇਮ ਹੈ ਓਹਨਾਂ ਚਿਰ ਹੋਰ ਇਸਤ੍ਰੀ ਮੇਰੇ ਪਾਸ ਕੋਈ ਨਹੀਂ ਆਵੇਗੀ ।

**ਨਾਕਹੁ* ਕਾਟੀ ਕਾਨਹੁ ਕਾਟੀ ਕਾਟਿ ਕੂਟਿ ਕੈ ਡਾਰੀ ॥**

---

†ਠਨਗਨ = ਚੋਲਾ, ਚਮਤਕਾਰਾ ਵੀ ਕਰਦੇ ਹਨ ਬਾ = ਵਜਦਾ ਹੈ ॥ ਡਾ = ਡੌਰੂ ॥ = ਡੂੰ – ਦੋਆਂ ਲੋਕਾਂ ਵਿੱਚ, ਇਕੁਰ ਵੀ ਅਰਥ ਕਰਦੇ ਹਨ ।

*ਨੱਕੋਂ ਕੰਨੋਂ, (ਕਾਟ = ਤੁਚਾ । ਕੂਟ = ਨੇਤ੍ਰ) ਇਤਜਾਦਿਕ ਇੰਦ੍ਰੀਆਂ ਤੋਂ ਸੰਤਾਂ ਨੇ ਤੈਨੂੰ ਨਿਰਵਰਤੀ ਕੀਤਾ ਹੈ ਵਾ ਨਾਕ = ਸੁਰਗੋਂ ਨੌਹਖ ਰਾਜਾ ਆਦਿਕ ਦੇਵਤਿਆਂ ਨੂੰ । ਕਾਨਨ = ਜੰਗਲ ਵਿਚੋਂ ਸਿੰਗੀ ਰਿਖੀ ਆਦਿਕਾਂ ਨੂੰ । ਕੂਟ = ਪਹਾੜ ਦੀ ਚੋਟੀ ਤੋਂ ਸੌਰਭ ਰਿਖੀ ਆਦਿਕਾਂ ਨੂੰ ਤੈਂ ਕਟਕੇ ਸੁੱਟ ਦਿੱਤਾ ।

(ਜਦ ਬਹੁਤ ਜਿਦ ਕਰਨ ਲਗੀ ਤਾਂ ਕਬੀਰ ਜੀ ਨੇ) ਨਕੋਂ ਕੱਟੀ ਕੰਨੋਂ ਕੱਟੀ ਕੱਟ ਕੁੱਟਕੇ ਪਰੇ ਸੁੱਟ ਦਿੱਤੀ।

**ਕਹੁ ਕਬੀਰ ਸੰਤਨ ਕੀ ਬੈਰਨਿ**
**ਤੀਨਿ ਲੋਕ ਕੀ ਪਿਆਰੀ ॥ ੪ ॥ ੪ ॥**

ਕਬੀਰ ਜੀ ਕਹਿੰਦੇ ਹਨ ਸੰਤਾਂ ਦੀ ਵੈਰਨ ਹੈ ਅਤੇ ਤਿੰਨਾਂ ਲੋਕਾਂ ਦੀ ਪਿਆਰੀ ਹੈ।

**ਆਸਾ ॥**

**ਜੋਗੀ ਜਤੀ ਤਪੀ ਸੰਨਿਆਸੀ ਬਹੁ ਤੀਰਥ ਭ੍ਰਮਨਾ ॥**

ਜੋਗੀ, ਜਤੀ, ਤਪੀ, ਸੰਨਿਆਸੀ ਅਤੇ ਭਾਵੇਂ ਕੋਈ ਬਾਹਲੇ ਤੀਰਥਾਂ ਤੇ ਫਿਰਨ ਵਾਲਾ ਹੋਵੇ।

**ਲੁੰਜਿਤ ਮੁੰਜਿਤ ਮੋਨਿ ਜਟਾ ਧਰ ਅੰਤਿ ਤਊ ਮਰਨਾ ॥ ੧ ॥**

ਲੁੰਜਿਤ = ਸਰੇਵੜੇ। ਮੋਨਿ = ਚੁਪ ਰਹਿਣ ਵਾਲਾ ॥
ਮੁੰਜਿਤ = ਬ੍ਰਹਮਚਾਰੀ ਵਾ ਮੁੰਜ ਦੀ ਤੜਾਗੀ ਰਖਣ ਵਾਲੇ।

ਲੁੰਜਤ, ਮੁੰਜਤ, ਮੋਨੀ, ਜਟਾ ਧਾਰਨ ਵਾਲਾ ਭਾਵੇਂ ਕੋਈ ਹੋਵੇ ਪਰ ਅੰਤ ਨੂੰ ਫਿਰ ਵੀ ਸਭ ਨੇ ਮਰਨਾ ਹੀ ਹੈ।

**ਤਾਤੇ ਸੇਵੀਅਲੇ ਰਾਮਨਾ ॥ ਰਸਨਾ ਰਾਮਨਾਮ ਹਿਤੁ ਜਾਕੈ**
**ਕਹਾ ਕਰੈ ਜਮਨਾ ॥ ੧ ॥ ਰਹਾਉ ॥**

ਇਸ ਲਈ ਵਾਹਿਗੁਰੂ ਦੇ ਨਾਮ ਦਾ (ਸੇਵਨ)ਜਪਣਾਂ ਕਰੋ,ਰਸਨਾ ਕਰਕੇ। ਵਾਹਿਗੁਰੂ ਦੇ ਨਾਮ ਵਿੱਚ ਜਿਸ ਦਾ ਪ੍ਰੇਮ ਹੈ ਉਸਨੂੰ ਜਮ ਕੀਹ ਕਰ ਸਕਦਾ ਹੈ।

**ਆਗਮ ਨਿਰਗਮ ਜੋਤਿਕ ਜਾਨਹਿ ਬਹੁ ਬਹੁ ਬਿਆਕਰਨਾ ॥**

ਆਗਮ = ਸ਼ਾਸਤ੍ਰ ॥ ਨਿਰਗਮ = ਵੇਦ ॥

ਸ਼ਾਸਤ੍ਰ ਵੇਦ ਜੋਤਸ਼ ਦੇ ਪੁਸਤਕ ਅਤੇ ਬਹੁਤ ਬਹੁਤ ਵਿਆਕਰਣ ਜਾਣਦਾ ਹੋਵੇ ॥ (ਭਾਵੇਂ)

**ਤੰਤ ਮੰਤ੍ਰ ਸਭ ਅਉਖਧ ਜਾਨਹਿ ਅੰਤਿ ਤਊ ਮਰਨਾ ॥ ੨ ॥**

ਤੰਤ੍ਰ, ਮੰਤ੍ਰ ਸਾਰੀਆਂ ਦਵਾਈਆਂ ਨੂੰ ਵੀ ਜਾਣਦਾ ਹੋਵੇ (ਭਾਵੇਂ) ਅੰਤ ਨੂੰ ਫਿਰ ਭੀ ਮਰਨਾ ਹੈ।

**ਰਾਜ ਭੋਗ ਅਰੁ ਛਤ੍ਰ ਸਿੰਘਾਸਨ ਬਹੁ ਸੁੰਦਰਿ ਰਮਨਾ ॥**

ਰਮਣਾ = ਇਸਤ੍ਰੀਆਂ ॥

ਰਾਜ ਭੋਗ ਅਤੇ ਛਤ੍ਰ ਸਿੰਘਾਸਨ ਬਹੁਤ ਸੁੰਦਰ ਇਸਤ੍ਰੀਆਂ ਹੋਣ (ਭਾਵੇਂ)

**ਪਾਨ ਕਪੂਰ ਸੁ ਬਾਸਕ ਚੰਦਨ ਅੰਤਿ ਤਊ ਮਰਨਾ॥ ੩ ॥**

ਬਾਸਕ = ਵਾਸ਼ਨਾ ਕਰਨ ਵਾਲੇ ॥

ਪਾਨ ਬੀੜੇ, ਕਪੂਰ ਸ੍ਰੇਸ਼ਟ ਵਾਸ਼ਨਾ ਕਰਨ ਵਾਲੇ ਚੰਦਨ ਮਲਨ ਵਾਲਿਆਂ ਭੀ ਅੰਤ ਨੂੰ ਮਰਨਾ ਹੈ ॥

**ਬੇਦ ਪੁਰਾਨ ਸਿੰਮ੍ਰਿਤਿ ਸਭ ਖੋਜੇ ਕਹੂ ਨ ਊਬਰਨਾ॥**

ਊਬਰਨਾ = ਬਚਣਾਂ, ਤਰਨਾਂ।

ਬੇਦ ਪੁਰਾਨ ਸਿੰਮ੍ਰਿਤੀਆਂ ਸਭ ਸ਼ਾਸਤ੍ਰ ਖੋਜੇ ਹਨ ਕਿਤੇ ਵੀ ਤਰਨਾਂ ਨਹੀਂ ਹੈ ॥

**ਕਹੁ ਕਬੀਰ ਇਉ ਰਾਮਹਿ ਜੰਪਉ ਮੇਟਿ ਜਨਮ ਮਰਨਾ ॥ ੪॥੫॥**

ਕਬੀਰ ਜੀ ਕਹਿੰਦੇ ਹਨ ਵਾਹਿਗੁਰੂ ਨੂੰ ਜਪੋ ਇਹ ਜਨਮ ਮਰਨ ਮੇਟ ਦੇਵੇਗਾ॥

(ਸੰਸਾਰ ਇੱਕੁਰ ਅਤਯੰਤ ਹੀ ਝੂਠਾ ਹੈ)

**ਆਸਾ॥ ਫੀਲੁ ਰਬਾਬੀ ਬਲਦੁ ਪਖਾਵਜ ਕਊਆ ਤਾਲ ਬਜਾਵੈ॥**

ਫੀਲੁ = ਹਾਥੀ। ਪਖਾਵਜ = ਜੋੜੀ ਵਜੌਣ ਵਾਲਾ । ਤਾਲ = ਕੈਂਸੀਆਂ ਛੈਣੇ।

ਜਿਕਰ ਕੋਈ ਕਹੇ ਕਿ ਹਾਥੀ ਰਬਾਬੀ ਹੈ ਅਤੇ ਬਲਦ ਪਖਾਵਜੀ ਹੈ ਅਤੇ ਕਾਂ ਛੈਣੇ ਵਜੌਂਦਾ ਹੈ

**ਪਹਿਰਿ ਚੋਲਨਾ ਗਦਹਾ ਨਾਚੈ ਭੈਸਾ ਭਗਤਿ ਕਰਾਵੈ॥ ੧ ॥**

ਜਾਮਾਂ ਪਾਕੇ ਖੋਤਾ ਨੱਚਦਾ ਹੈ ਅਤੇ ਭੈਂਸਾ ਭਗਤੀ ਕਰਦਾ ਹੈ ਭਾਵ ਬਿਸ਼ਨਪਦੇ ਗਾਉਂਦਾ ਹੈ ॥

**ਰਾਜਾ ਰਾਮ ਕਕਰੀਆ ਬਰੇ ਪਕਾਏ॥**

**ਕਿਨੈ ਬੂਝਨ ਹਾਰੈ ਖਾਏ॥ ੧ ॥ ਰਹਾਉ ॥**

ਕਕਰੀਆ = ਅਕ ਦੀਆਂ ਖਖੜੀਆਂ॥ ਬਰੇ = ਪਕੌੜੇ।

ਰਾਜਾ ਰਾਮ (ਨਾਮ ਵਾਲੇ) ਹਲਵਾਈ ਨੇ ਅੱਕ ਦੀਆਂ ਖਖੜੀਆਂ ਦੇ ਵੜੇ ਪਕਾਏ ਹਨ ਓਹ ਪਕੌੜੇ ਕਿਸੇ ਪੂਛਨ ਵਾਲੇ ਸਿਆਣੇ ਨੇ ਹੀ ਖਾਧੇ ਹਨ ॥

**ਬੈਠਿ ਸਿੰਘੁ ਘਰਿ ਪਾਨ ਲਗਾਵੈ ਘੀਸ ਗਲਉਰੇ ਲਿਆਵੈ ॥**

ਗਲਉਰੇ = ਪਾਨ ਬੀੜੇ । ਘੀਸ = ਘੂਸ ।

ਆਪਣੇ ਘਰ ਪਹਾੜ ਦੀ ਕੰਦਰਾ ਵਾ ਜੰਗਲ ਦੀ ਗਲੀ ਵਿਚ ਸ਼ੇਰ ਵੇਚਣ ਵਾਸਤੇ ਪਾਨ ਬੀੜੇ ਲਗਾਉਂਦੇ ਹੈਨ ਅਤੇ ਘੂਸ ਪਾਨ ਬੀੜੇ ਖਰੀਦ ੨ ਕੇ ਲਿਆਵੇ ਹੈ ॥

**ਘਰਿ ਘਰਿ ਮੁਸਰੀ ਮੰਗਲੁ ਗਾਵਹਿ ਕਛੂਆ ਸੰਖੁ ਬਜਾਵੈ ॥ ੨ ॥**

ਮੁਸਰੀ = ਚੂਹੀ ।

ਘਰਾਂ ਘਰਾਂ ਵਿਚ ਜੇਹੜੀਆਂ ਚੂਹੀਆਂ ਰਹਿੰਦੀਆਂ ਹਨ ਓਹ ਮੰਗਲ ਦੇ ਗੌਣ ਗੌਂਦੀਆਂ ਹਨ ਅਤੇ ਕਛੂ ਸੰਖ ਵਜਾਉਂਦਾ ਹੈ ॥

**ਬੰਸ ਕੋ ਪੂਤੁ ਬੀਆਹਨ ਚਲਿਆ ਸੁਇਨੇ ਮੰਡਪ ਛਾਏ ॥**

ਮੰਡਪ = ਛਾਂਵ ਬਣਾਏ । ਬੰਸ = ਬਾਂਝ ਇਸਤ੍ਰੀ ।

ਬੰਸ ਦਾ ਪੁਤ੍ਰ ਵਿਆਹੁ ਕਰਾਉਣ ਚਲਿਆ ਹੈ ਅਤੇ ਉਸ ਦੀ ਬਰਾਤ ਨੇ ਸੁੰਨ ਅਕਾਸ ਵਿਚ ਸੋਨੇ (ਵਾ ਸੁੰਞੇ ਖਾਲੀ ਥਾਂ) ਮੰਦਰ ਬਣਾਏ ਅਤੇ ਤੰਬੂ ਕਨਾਤਾਂ ਕਰਕੇ ਛਾ ਰਹੇ ਹਨ ॥

**ਰੂਪ ਕੰਨਿਆ ਸੁੰਦਰਿ ਬੇਧੀ ਸਸੈ ਸਿੰਘ ਗੁਨ ਗਾਏ ॥ ੩ ॥**

ਬੇਧੀ = ਵਿਆਹੀ । ਵੇਧੀ, ਵਿੰਨੀ ਗਈ ।

ਸੁੰਦਰ ਰੂਪ ਵਾਲੀ ਕੰਨਿਆਂ ਉਸ ਬਾਂਝ ਦੇ ਪੁਤਰ ਨੇ ਵਿਆਹੀ ਅਤੇ ਤਿਸ ਦੇ ਵਿਆਹੁ ਵਿਚ ਸਿੰਙਾਂ ਵਾਲੇ ਸਹੇ ਨੇ ਮਰਾਸੀ ਦੀ ਜਗਾ ਗੁਣ ਗਾਏ ਭਾਵ ਬੰਸਾਵਲੀ ਉਚਾਰੀ ॥

**ਕਹਤ ਕਬੀਰ ਸੁਨਹੁ ਰੇ ਸੰਤਹੁ ਕੀਟੀ ਪਰਬਤੁ ਖਾਇਆ ॥**

ਕੀਟੀ = ਕੀੜੀ ।

ਕਬੀਰ ਜੀ ਆਖਦੇ ਹਨ ਹੇ ਸੰਤੋ ਸੁਣੋਂ ਓਹ ਬਰਾਤ ਜਦ ਵਾਪਸ ਆਈ ਤਾਂ ਰਾਹ ਵਿਚ ਪਹਾੜ ਡਿਗਾ ਹੋਇਆ ਸੀ, ਇਸ ਲਈ ਬਰਾਤ ਰੁਕ ਗਈ ਉਸ ਵੇਲੇ ਉਨ੍ਹਾਂ ਦੀ ਮਦਦ ਵਾਸਤੇ ਕੀੜੀ ਨੇ ਪਹਾੜ ਨੂੰ ਖਾ ਲਿਆ ।

**ਕਛੂਆ ਕਹੈ ਅੰਗਾਰ ਭਿ ਲੋਰਉ**

**ਲੂਕੀ ਸਬਦੁ ਸੁਨਾਇਆ ॥ ੪ ॥ ੬ ॥**

ਲੂਕੀ = ਗੁੱਤੀ, ਬਹੁਤ ਬਰੀਕ ਜਾਨਵਰ ।

ਕੱਛੂ ਕਹੇ ਕਿ ਮੈਂ ਅੰਗਜਾਰਾਂ ਨੂੰ ਸੇਕਣ ਵਾਸਤੇ ਲੋੜਦਾ ਹਾਂ ਅਤੇ ਗੁੱਤੀ ਨੇ ਬੜਾ ਉਚੀ ਦਿਤੀ ਸ਼ਬਦ ਸੁਨਾਯਾ ਹੈ ॥

| | ਸੰਤਾਂ ਦਾ ਪੁਤ੍ਰ ਵਿਆਹੁਣਾ | ਜਗਜਾਸੂ ਨੇ ਵਾਹਿਗੁਰੂ ਨਾਲ ਅਭੇਦ ਹੋਣਾ | ਤਮਾਸ਼ੇ ਵਾਲਿਆਂ ਦੇ ਪੈਹਲੇ ਜਨਮ |
|---|---|---|---|
| ਫੀਲ | ਮਨ ਨੂੰ ਰੱਬ ਦੀ ਆਬ ਆਈ | ਹਾਥੀ ਤ ਚੜਕੇ ਨਾਲ ਇੰਦ੍ਰ ਚਲਿਆ | ਹਾਥੀ ਦੀ ਜੂਨ |
| ਬਲਦ | ਆਲਸ ਹਰੀ ਦੇ ਪੱਖ ਆਯਾ | ਬੈਲ ਤੇ ਚੜਕੇ ਸ਼ਿਵਜੀ ਚਲਿਆ | ਬੈਲ ਦੀ ਜੂਨ |
| ਕਊਆ | ਕਾਲਾ ਪਾਪੀ ਹੱਥਾਂ ਨੂੰ ਬਜਾਉਂਨ ਲਗਾ | ਕਾਕਭੁਸ਼ੰਡ ਛੈਣੇ ਵਜਾਵੇ | ਕਾਂ ਦੀ ਜੂਨ |
| ਗਦਾਹ | ਕਾਮੀ ਲੱਜਜਾ ਵਾਲਾ ਹੋਇਆ | ਖੋਤੇ ਤੇ ਚੜਕੇ ਦੇਵੀ ਆਈ | ਗਧੇ ਦੀ ਜੂਨ |
| ਭੈਂਸਾ | ਲੋਭ ਭਗਤ ਹੋਇਆ | ਧ੍ਰਮਰਾਜਾ ਭਗਤੀ ਕਰੇ | ਮਹੇਂ ਦੀ ਜੂਨ |
| ਰਾਜਾ ਰਾਮ | ਵਾਹਿਗੁਰੂ ਨੇ ਅੱਕਾਂ ਤੋਂ ਮਿਠੇ ਕਤੇ | | ਰਾਜੇ ਦੀ ਜੂਨ |
| ਸਿੰਘ | ਹੰਕਾਰ ਨੂੰ ਨਾਮ ਦੀ ਪਾਨ ਲਾਈ | ਚੰਡੀ ਸ਼ੇਰ ਤੇ ਚੜਕੇ ਪਾਨ ਲਗਾਵੇ | ਸ਼ੇਰ ਦੀ ਜੂਨ |
| ਘੀਸ | ਬੁਧੀ ਹੋਰ ਹੀ ਗੱਲਾਂ ਲਿਆਉਣ ਲਗੀ ਸੀ | ਗਣੇਸ਼ ਜੀ ਘੀਸ ਤੇ ਚੜ ਆਏ | ਗੁੱਤੀ ਦੀ ਜੂਨ |
| ਮੂਸਰੀ | ਇੰਦ੍ਰੀਆਂ ਵਾਹਿਗੁਰੂ ਦਾ ਜਸ ਗੌਂਣ | ਰਿੱਧੀਆਂ ਸਿੱਧੀਆਂ ਗੀਤ ਗੌਣ | ਚੂਹਿਆਂ ਦੀ ਜੂਨ |
| ਕਛੂਆ | ਚਿੱਤ ਨਾਮ ਜਪੇ | ਵਿਸ਼ਨੂ ਭਗਵਾਨ ਆਏ | ਕੱਛੂ ਦੀ ਜੂਨ |
| ਬੰਸ ਕੋ ਪੂਤ | ਸੰਤਾਂ ਦਾ ਪੁਤ੍ਰ ਦ੍ਵੈਤਾ ਨੂੰ ਨਾਸ ਕਰਕੇ ਹਰੀ ਨਾਲ ਮਿਲੇ | | |
| ਕੰਨਿਆਂ | ਮੁਕਤ (ਬੇਧੀ) ਮਿਲੀ | | |
| ਸਸੈ | ਗਰੀਬ ਸ਼ੇਰ ਹੋ ਗਿਆ | | ਸਹੇ ਦੀ ਜੂਨ |
| ਕੀਟ | ਬ੍ਰਿਤੀ ਨੇ ਹੰਕਾਰ ਨੂੰ ਖਾਧਾ | | ਕੀੜੀ ਦੀ ਜੂਨ |
| ਕਛੂਆ | ਚਿੱਤ ਵਾਹਿਗੁਰੂ | | ਕੱਛੂ ਦੀ ਜੂਨ |
| ਲੂਕੀ | ਲੁਕੀ ਹੋਈ ਤ੍ਰਿਸ਼ਨਾ ਗਈ | | |

ਇਹ ਉਪਰ ਲਿਖੇ ਤਿੰਨ ਅਰਥ ਹਨ । (ਬਿਸ਼ਨ ਸਿੰਘ ਗਿਆਨੀ)

(ਜੋਗੀ ਨੂੰ ਉਪਦੇਸ਼) ਮੈਂ ਅਗੇ ਇੱਕੁਰ ਦਾ ਜੋਗੀ ਹਾਂ।

**ਆਸਾ ॥ ਬਟੂਆ ਏਕੁ ਬਹਤਰਿ ਆਧਾਰੀ**
**ਏਕੋ ਜਿਸਹਿ ਦੁਆਰਾ ॥**

ਬਟੂਆ = ਸਰੀਰ ਨੂੰ ਲੌਣ ਵਾਲਾ ਸੁਆਹ ਦਾ ਗੋਲਾ॥ਆਧਾਰੀ = ਝੋਲੀ॥

ਵਾਹਿਗੁਰੂ ਦਾ ਨਾਮ ਰੂਪ ਬਟੂਆ ਹੈ ੭੨ ਕੋਠੜੀਆਂ ਵਾਲੀ ਦੇਹ ਝੋਲੀ ਹੈ ਜਿਸਦਾ ਇਕ ਦਰਵਾਜਾ ਨਾਮ ਉਚਾਰਨ ਵਾਲਾ ਹੈ॥

**ਨਵੈ ਖੰਡ ਕੀ ਪ੍ਰਿਥਮੀ ਮਾਗੈ ਸੋ ਜੋਗੀ ਜਗਿ ਸਾਰਾ ॥ ੧ ॥**

ਨਵਾਂ ਖੰਡਾਂ ਦੀ ਧਰਤੀ ਮੰਗੇ ਕਿਆ ਨਵਾਂ ਖੰਡਾਂ ਦੇ ਮਾਲਕ ਵਾਹਿਗੁਰੂ ਨੂੰ ਲੋੜੇ ਸੋ ਜੋਗੀ ਜਗਤ ਵਿੱਚ ਹੱਛਾ ਹੈ॥

**ਐਸਾ ਜੋਗੀ ਨਉ ਨਿਧਿ ਪਾਵੈ ॥**
**ਤਲਕਾ ਬ੍ਰਹਮੁ ਲੇ ਗਗਨਿ ਚਰਾਵੈ ॥ ੧ ॥ ਰਹਾਉ ॥**

ਗਗਨਿ = ਅਕਾਸ਼ ॥

ਇੱਕੁਰ ਦਾ ਜੋਗੀ ਨੌ 'ਨਿਧੀਆਂ' ਪਾ ਲੈਂਦਾ ਹੈ, ਜੇਹੜਾ ਥਲਿਓਂ ਬ੍ਰਿਤੀ ਵਾਹਿਗੁਰੂ ਵਲ ਚੜ੍ਹਾਵੇ ਵਾ ਜੀਵ ਨੂੰ ਵਾਹਿਗੁਰੂ ਵੱਲ ਖੜੇ।

**ਖਿੰਥਾਗਿਆਨ ਧਿਆਨਕਰਿਸੂਈ ਸਬਦੁ ਤਾਗਾ ਮਥਿਘਾਲੈ ॥**

ਖਿੰਥਾ = ਗੋਦੜੀ ॥ ਮਥਿ ਘਾਲੈ = ਵਟ ਕੇ ਪਾਵੇ।

ਗਿਆਨ ਰੂਪ ਗੋਦੜੀ ਅਤੇ ਧਿਆਨ ਰੂਪ ਸੂਈ ਕਰੇ ਅਤੇ ਗੁਰਾਂ ਦਾ ਸ਼ਬਦ ਧਾਗਾ ਵੱਟਕੇ ਗਲ ਵਿਚ ਪਾਵੇ॥

**ਪੰਚ ਤਤੁ ਕੀ ਕਰਿ ਮਿਰਗਾਣੀ ਗੁਰ ਕੈ ਮਾਰਗਿ ਚਾਲੈ ॥ ੨ ॥**

ਮਾਰਗਿ = ਰਸਤਾ॥

ਪੰਜਾਂ ਤਤਾਂ ਦੀ ਰਹਤ ਮ੍ਰਿਗ ਸ਼ਾਲਾ ਕਰੇ ਅਤੇ ਗੁਰਾਂ ਦੇ ਰਸਤੇ ਚੱਲੇ।

**ਦਇਆ ਫਾਹੁਰੀ ਕਾਇਆ ਕਰਿ ਧੂਈ**
**ਦ੍ਰਿਸਟਿ ਕੀ ਅਗਨਿ ਜਲਾਵੈ ॥**

ਦਇਆ ਰੂਪ ਫਾਹੁੜੀ ਅਤੇ ਕਾਇਆਂ ਨੂੰ ਵਸ ਕਰਨਾ ਸੂਈ ਕਰੇ। ਅਤੇ ਮਾੜੀ ਦ੍ਰਿਸ਼ਟੀ ਨੂੰ ਰੋਕਣਾ ਇਹੁ ਅੱਗ ਜਲਾਵੇ।

**ਤਿਸਕਾ ਭਾਉ ਲਏ ਰਿਦ ਅੰਤਰਿ**
**ਚਹੁ ਜੁਗ ਤਾੜੀ ਲਾਵੈ ॥ ੩ ॥**

ਤਿਸ ਵਾਹਿਗੁਰੂ ਦਾ ਪ੍ਰੇਮ ਰਿਦੇ ਅੰਦਰ ਲੈਕੇ ਚਾਰ ਜੁਗ ਪ੍ਰਯੰਤ ਤਾੜੀ

ਲਾ ਛੱਡੇ ॥

**ਸਭ ਜੋਗਤਣ ਰਾਮ ਨਾਮੁ ਹੈ ਜਿਸਕਾ ਪਿੰਡੁ ਪਰਾਨਾ ॥**

ਜੋਗਤਣ = ਜੋਗ ਦਾ ਸਾਰ ॥ ਪਿੰਡ = ਸਰੀਰ ।

ਜੋਗੀ ਨਾਮ ਕਹੌਣ ਦੇ ਸਾਰਿਆਂ ਚਿਹਨਾਂ ਵਿੱਚ ਜੋਗ ਪੁਣੇ ਦਾ ਪੱਕਾ ਨਿਸ਼ਾਨ ਵਾਹਿਗੁਰੂ ਦਾ ਨਾਮ ਹੀ ਹੈ, ਜਿਸ ਨਾਮ ਦਾ ਸਰੀਰ ਨੂੰ ਪ੍ਰਾਣਾ ਰੂਪ ਆਸਰਾ ਹੈ ॥

**ਕਹੁ ਕਬੀਰ ਜੇ ਕਿਰਪਾ ਧਾਰੈ ਦੇਇ ਸਚਾ ਨੀਸਾਨਾ ॥੪॥੭॥**

ਕਬੀਰ ਜੀ ਕਹਿੰਦੇ ਹਨ ਜੇ ਵਾਹਿਗੁਰੂ ਕਿਰਪਾ ਕਰੇ ਤਾਂ ਇਹ ਸੱਚਾ ਨਿਸ਼ਾਨਾ ਦੇਵੇ ।

(ਹਿੰਦੂਆਂ ਮੁਸਲਮਾਨਾਂ ਨੂੰ ਉਪਦੇਸ਼)

**ਆਸਾ ॥ ਹਿੰਦੂ ਤੁਰਕ ਕਹਾ ਤੇ ਆਏ**
**ਕਿਨਿ ਏਹ ਰਾਹ ਚਲਾਈ ॥**
**ਦਿਲ ਮਹਿ ਸੋਚਿ ਬਿਚਾਰਿ*ਕਵਾਦੇ**
**ਭਿਸਤ ਦੋਜਕ ਕਿਨਿ ਪਾਈ ॥ ੧ ॥**

ਹਿੰਦ ਅਤੇ ਤੁਰਕ ਕਿਥੋਂ ਆਏ ਹਨ । ਭਾਵ ਵਾਹਿਗੁਰੂ ਪਾਸੋਂ । ਅਤੇ ਇਸ ਸ਼ਰ੍ਹਾ ਦੇ ਰਸਤੇ ਕਿਸਨੇ ਸ੍ਰਿਸ਼ਟੀ ਚਲਾਈ ਹੈ । ਦਿਲ ਵਿਚ ਤੂੰ ਸੋਚ ਵਿਚਾਰ ਕੇ (ਕਵਾਦੇ) ਉੱਤਰ ਦੇ ਕਿ ਕਿਸਨੇ ਨਰਕ ਸੁਰਗ ਦੀ ਜਗਾ ਪਾਈ ਹੈ?

**ਕਾਜੀ ਤੈ ਕਵਨ ਕਤੇਬ ਬਖਾਨੀ ॥ ਪੜ੍ਹਤ ਗੁਨਤ ਐਸੇ ਸਭ ਮਾਰੇ ਕਿਨਹੂੰ ਖਬਰਿ ਨ ਜਾਨੀ ॥ ੧ ॥ ਰਹਾਉ ॥**

ਗੁਨਤ = ਬਿਚਾਰਨ ਵਾਲੇ ॥

ਮੈਨੂੰ ਪੜਨ ਵਾਸਤੇ ਤੂੰ ਕੇਹੜੀ ਕਤਾਬ ਕਹੀ ਹੈ ਵਾ ਕੇਹੜੀ ਕਤਾਬ ਵਿਚੋਂ ਸ਼ਰ੍ਹਾ ਕਹੀਉ । ਉਨ੍ਹਾਂ ਕਤਾਬਾਂ ਨੂੰ ਪੜ੍ਹਨ ਵਿਚਾਰਨ ਵਾਲੇ ਇੱਕੁਰ ਮਜ਼੍ਹਬ ਦੇ ਝਗੜਿਆਂ ਵਿੱਚ ਫਸਕੇ ਮਾਰੇ ਗਏ, ਭਾਵ ਮਰ ਗਏ ਕਿਸੇ ਨੇ ਵੀ ਵਾਹਿਗੁਰੂ ਦੀ ਖਬਰ ਨਾ ਜਾਣੀ ।

**ਸਕਤਿਸਨੇਹੁ ਕਰਿ ਸੁੰਨਤਿ ਕਰੀਐ ਮੈ ਨ ਬਦਉਗਾ ਭਾਈ ॥**
**ਜਉਰੇਖੁਦਾਇ ਮੋਹਿ ਤੁਰਕੁ ਕਰੈਗਾ ਆਪਨਹੀ ਕਟਿ ਜਾਈ॥੨॥**

---

*ਅਰਬੀ ਵਿੱਚ ਰਿਦੇ ਦੇ ਦੁਖ ਦਾ ਨਾਮ ਹੈ, ਅਤ ਫਾਰਸੀ ਵਿੱਚ ਤੀਰ ਚਲੌਣ ਵਾਲੀ ਛੋਟੀ ਕਮਾਨ ਦਾ ਨਾਮ ਹੈ ।

ਸਕਤਿ = ਇਸਤ੍ਰੀ। ਸਨੇਹ = ਪ੍ਰੇਮ ॥ ਬਦਉਗਾ = ਮੰਨਾਂਗਾ ॥

ਇਸਤ੍ਰੀ ਦੇ ਪ੍ਰੇਮ ਕਰਕੇ ਮੁਹੰਮਦ ਨੇ ਸੁੰਨਤ ਕ ਤੀ.। ਹੇ ਭਾਈ ਮੈਂ ਤਾਂ ਇਸ ਗਲ ਨੂੰ ਨਹੀਂ ਮੰਨਾਂਗਾ ਜੇ ਖੁਦਾ ਮੈਨੂੰ ਤੁਰਕ ਕਰਨਾ ਚਾਹੇਗਾ ਤਾਂ ਆਪੇ ਹੀ ਕਟ ਜਾਵੇਗੀ।

**ਸੁੰਨਤਿ ਕੀਏ ਤੁਰਕੁ ਜੇ ਹੋਇਗਾ ਅਉਰਤ ਕਾ ਕਿਆ ਕਰੀਐ॥**
**ਅਰਧ ਸਰੀਰ ਨਾਰਿ ਨ ਛੋਡਉ ਤਾਤੇ ਹਿੰਦੂ ਹੀ ਰਹੀਐ ॥ ੩॥**

ਜੇ ਸੁੰਨਤ ਕਰਨ ਨਾਲ ਹੀ ਤੁਰਕ ਹੁੰਦਾ ਹੈ ਤਾਂ ਔਰਤ ਦਾ ਕੀ ਕਰੀਏ। ਭਾਵ ਔਰਤ ਨੂੰ ਸੁੰਨਤ ਕਿੱਕੁਰ ਕਰੀਏ।

**ਛਾਡਿ ਕਤੇਬ ਰਾਮ ਭਜੁ ਬਉਰੇ ਜੁਲਮ ਕਰਤ ਹੈ ਭਾਰੀ ॥**

ਹੇ ਬੌਰੇ ਛੱਡ ਕਤਾਬ ਨੂੰ ਤੇ ਵਾਹਿਗੁਰੂ ਨੂੰ ਯਾਦ ਕਰ ਕਾਹਨੂੰ ਲੋਕਾਂ ਤੇ ਬਾਹਲ ਜ਼ੁਲਮ ਕਰਦਾ ਹੈਂ।

**ਕਬੀਰੈ ਪਕਰੀ ਟੇਕ ਰਾਮਕੀ**
**ਤੁਰਕ ਰਹੇ ਪਚਿਹਾਰੀ ॥ ੪ ॥ ੮ ॥**

ਪਚਿਹਾਰੀ = ਖਪਕੇ ॥

ਕਬੀਰ ਨੇ ਤਾਂ ਵਾਹਿਗੁਰੂ ਦੀ ਓਟ ਪਕੜੀ ਹੈ ਤੁਰਕ ਖਪਕੇ ਚੁਪ ਕਰ ਰਹੇ।

(ਉਪਦੇਸ਼)

**ਆਸਾ ॥ ਜਬ ਲਗੁ ਤੇਲੁ ਦੀਵੇ ਮੁਖਿ ਬਾਤੀ**
**ਤਬ ਸੂਝੈ ਸਭੁ ਕੋਈ ॥**
**ਤੇਲ ਜਲੇ ਬਾਤੀ ਠਹਿਰਾਨੀ ਸੂੰਨਾ ਮੰਦਰੁ ਹੋਈ ॥ ੧ ॥**

ਜਿਨ੍ਹਾਂ ਚਿਰ ਦੀਵੇ ਵਿੱਚ ਤੇਲ ਅਤੇ ਮੁਖ ਵਿੱਚ ਬਤੀ ਹੈ ਤਿੰਨਾਂ ਚਿਰ ਸਭ ਕੁਝ ਘਰ ਵਿੱਚ ਦਿਸਦਾ ਹੈ ਜਦ ਤੇਲ ਦੇ ਸੁਕ ਜਾਨ ਨਾਲ ਬੱਤੀ ਠਹਿਰ ਗਈ ਵ ਸੜ ਗਈ ਤਾਂ ਮੰਦਰ ਵਿੱਚ ਹਨੇਰਾ ਹੋ ਗਿਆ, ਤਿੱਕੁਰ ਹੀ ਦੇਹ ਰੂਪ ਮੰਦਰ ਵਿੱਚ ਪ੍ਰਾਣਾਂ ਰੂਪ ਦੀਵਾ ਅਤੇ ਅੰਤਹ ਕਰਨ ਬੱਤੀ, ਪ੍ਰਾਰਬਧ ਤੇਲ ਰਿਦਾ ਭਾਸ ਰੂਪ ਅਗਨੀ ਬੁੱਝ ਗਈ ਤਾਂ ਮੰਦਰ ਸੁੰਨਾ ਹੋ ਗਿਆ ॥

**ਰੇ ਬਉਰੇ ਤੁਹਿ ਘਰੀ ਨ ਰਾਖੈ ਕੋਈ ॥**
**ਤੂੰ ਰਾਮ ਨਾਮੁ ਜਪਿ ਸੋਈ ॥ ੧ ॥ ਰਹਾਉ ॥**

ਹੇ ਬੌਰੇ ਤੈਨੂੰ ਘੜੀ ਵੀ ਕੋਈ ਨਹੀਂ ਰਖੇਗਾ ਇਸ ਲਈ ਤੂੰ ਉਸ

ਵਾਹਿਗੁਰੂ ਦਾ ਨਾਮ ਜਪ।

**ਕਾਕੀ ਮਾਤ ਪਿਤਾ ਕਹੁ ਕਾਕੋ ਕਵਨ ਪੁਰਖ ਕੀ ਜੋਈ ॥**
**ਘਟ ਫੂਟੇ ਕੋਊ ਬਾਤ ਨ ਪੂਛੈ ਕਾਢਹੁ ਕਾਢਹੁ ਹੋਈ ॥ ੨ ॥**

ਜੋਈ = ਇਸਤ੍ਰੀ। ਘਟ = ਘੜਾ = ਸਰੀਰ ॥

ਕਿਸਦੀ ਮਾਂ, ਪਿਤਾ ਕਹੁ ਖਾਂ ਕਿਸਦਾ ਹੈ ਅਤੇ ਕਿਸ ਪੁਰਖ ਦੀ ਇਸਤ੍ਰੀ ਹੈ ਜਦ ਘੜੇ ਵਾਕੁਰ ਸਰੀਰ ਭਜ ਜਾਂਦਾ ਹੈ ਤਾਂ ਕੋਈ ਵੀ ਬਾਤ ਨਹੀਂ ਪੁਛਦਾ ਅਤੇ ਘਰੋਂ ਕੱਢੋ ਕੱਢੋ ਹੁੰਦੀ ਹੈ।

**ਦੇਹੁਰੀ ਬੈਠੀ ਮਾਤਾ ਰੋਵੈ ਖਟੀਆ ਲੇ ਗਏ ਭਾਈ ॥**
**ਲਟ ਛਿਟਕਾਏ ਤਿਰੀਆ ਰੋਵੈ ਹੰਸੁ ਇਕੇਲਾ ਜਾਈ ॥ ੩ ॥**

ਦੇਹੁਰੀ = ਦਲੀਜ ॥ ਖਟੀਆ = ਖੱਟੀ (ਖਾਟ = ਮੰਜਾ) ॥ ਹੰਸ = ਜੀਵ।

ਦਲੀਜ ਤੇ ਬੈਠੀ ਮਾਤਾ ਰੋਂਦੀ ਹੈ ਅਤੇ ਮੰਜੀ ਚੁਕਕੇ ਮਸਾਣ ਭੂਮਿਕਾ ਨੂੰ ਭਾਈ ਲੈ ਜਾਂਦੇ ਹਨ, ਲਟ ਖਲਾਰੀ ਇਸਤ੍ਰੀ ਰੋਂਦੀ ਹੈ ਅਤੇ ਜੀਵ ਆਤਮਾ ਅਕੱਲਾ ਹੀ ਜਾਂਦਾ ਹੈ।

**ਕਹਤ ਕਬੀਰ ਸੁਨਹੁ ਰੇ ਸੰਤਹੁ ਭੈ ਸਾਗਰ ਕੈ ਤਾਈ ॥**
**ਇਸੁ ਬੰਦੇ ਸਿਰਿ ਜੁਲਮੁ ਹੋਤ ਹੈ**
**ਜਮੁ ਨਹੀ ਹਟੈ ਗੁਸਾਈ ॥ ੪ ॥ ੯ ॥ ਦੁਤੁਕੇ**

ਸਾਗਰ = ਸਮੁੰਦਰ ॥

ਕਬੀਰ ਜੀ ਕਹਿੰਦੇ ਹਨ ਹੇ ਸੰਤੋ ਸੁਣੋਂ ਇਸ ਡਰਾਉਣੇ ਸਮੁੰਦਰ ਤਾਈਂ ਜੇਹੜੇ ਜੀਵ ਪਹੁੰਚੇ ਹੋਏ ਹਨ ਭਾਵ ਜੇਹੜੇ ਸੰਸਾਰ ਤੇ ਜੀਵ ਆਏ ਹਨ, ਹੇ ਗੁਸਾਂਈ ਵਾਹਿਗੁਰੂ ਇਸ ਬੰਦੇ ਦੇ ਸਿਰ ਤੇ ਬੜਾ ਜ਼ੁਲਮ ਹੁੰਦਾ ਹੈ ਕਿ ਜਮ ਨਹੀਂ ਹਟਦਾ।

**ੴ ਸਤਿਗੁਰ ਪ੍ਰਸਾਦਿ ॥ ਆਸਾ ਸ੍ਰੀ ਕਬੀਰ ਜੀਉ ਕੇ ਚਉਪਦੇ ਇਕ ਤੁਕੇ ॥ ਸਨਕ ਸਨੰਦ ਅੰਤੁ ਨਹੀ ਪਾਇਆ ॥ ਬੇਦ ਪੜੇ ਪੜਿ ਬ੍ਰਹਮੇ ਜਨਮੁ ਗਵਾਇਆ ॥ ੧ ॥**

ਸਨਕ, ਸਨੰਦਨ, (ਸਨਾਤਨ ਸਨਤ ਕੁਮਾਰ) ਨੇ ਵਾਹਿਗੁਰੂ ਦਾ ਅੰਤ ਨਹੀਂ ਪਾਇਆ ਬੇਦਾਂ ਨੂੰ ਪੜ੍ਹ ਪੜ੍ਹ ਕੇ ਬ੍ਰਹਮਾ ਨੇ ਭੀ ਜਨਮ ਗਵਾ ਲਿਆ।

**ਹਰਿ ਕਾ ਬਿਲੋਵਨਾ ਬਿਲੋਵਹੁ ਮੇਰੇ ਭਾਈ ॥**
**ਸਹਜਿ ਬਿਲੋਵਹੁ ਜੈਸੇ ਤਤੁ ਨ ਜਾਈ ॥ ੧ ॥ ਰਹਾਉ ॥**

ਬਿਲੋਵਨਾ = ਰਿੜਕਨਾ ॥ ਤਤ = ਸਚ, ਮੱਖਣ ॥

ਹੇ ਮੇਰੇ ਭਾਈ ਵਾਹਿਗੁਰੂ ਰੂਪ ਦਹੀਂ ਦਾ ਰਿੜਕਣਾ ਰਿੜਕੋ ਅਤੇ ਸਹਜੇ ੨ ਰਿੜਕੋ ਜਿਸ ਕਰਕੇ ਮੱਖਣ, ਮਤਲਬ ਨਾ ਜਾਂਦਾ ਰਹੇ।

**ਤਨੁ ਕਰਿ ਮਟੁਕੀ ਮਨ ਮਾਹਿ ਬਿਲੋਈ ॥**
**ਇਸੁ ਮਟੁਕੀ ਮਹਿ ਸਬਦੁ ਸੰਜੋਈ ॥ ੨ ॥**

ਬਿਲੋਈ = ਮਧਾਣੀ ॥ ਸੰਜੋਈ = ਮਿਲਾਵੋ।

ਸਰੀਰ ਰੂਪੀ ਮਟਕੀ ਕਰੋ ਅਤੇ ਮਨ ਵਿੱਚ ਵਾਹਿਗੁਰੂ ਦਾ ਨਾਮ ਦਹੀਂ ਪਾਵੋ ਅਤੇ ਮਧਾਣੀ ਲੈਕੇ ਇਸ ਮਟਕੀ ਵਿੱਚ ਗੁਰਾਂ ਦਾ ਸ਼ਬਦ ਸਿੰਚਣਾ ਕਰੋ ਭਾਵ ਦੇਹ ਰੂਪ ਮਟਕੀ ਦੇ ਕੰਨਾਂ ਰੂਪ ਛੇਕਾਂ ਵਿੱਚ ਨਾਮ ਸੁਣਾਵੋ।

**ਹਰਿ ਕਾ ਬਿਲੋਵਨਾ ਮਨ ਕਾ ਬੀਚਾਰਾ ॥**
**ਗੁਰ ਪ੍ਰਸਾਦਿ ਪਾਵੈ ਅੰਮ੍ਰਿਤ ਧਾਰਾ ॥ ੩ ॥**

ਵਾਹਿਗੁਰੂ ਦਾ ਰਿੜਕਣਾ ਏਹੋ ਹੀ ਹੈ ਜੋ ਮਨ ਦਾ ਵਿਚਾਰ ਕਰਨਾ ਹੈ, ਗੁਰਾਂ ਦੀ ਕਿਰਪਾ ਕਰਕੇ ਨਾਮ ਅੰਮ੍ਰਿਤ ਦੀ ਧਾਰਾ ਨੂੰ ਪਾ ਲੈਂਦਾ ਹੈ।

**ਕਹੁ ਕਬੀਰ ਨਦਰਿ ਕਰੇ ਜੇ ਮੀਰਾ ॥**
**ਰਾਮ ਨਾਮ ਲਗਿ ਉਤਰੇ ਤੀਰਾ ॥ ੪ ॥ ੧ ॥ ੧੦ ॥**

ਮੀਰਾ = ਪਾਤਸ਼ਾਹ। ਤੀਰਾ = ਕਿਨਾਰਾ ॥

ਕਬੀਰ ਜੀ ਕਹਿੰਦੇ ਹਨ ਜੇ ਵਾਹਿਗੁਰੂ ਕਿਰਪਾ ਦ੍ਰਿਸ਼ਟੀ ਕਰੇ ਤਾਂ ਵਾਹਿਗੁਰੂ ਦੇ ਨਾਮ ਜਹਾਜ ਨਾਲ ਲੱਗਕੇ ਸੰਸਾਰ ਸਮੁੰਦ੍ਰ ਦੇ ਕਿਨਾਰੇ ਤੋਂ ਪਾਰ ਉੱਤਰ ਜਾਈਦਾ ਹੈ।

**ਆਸਾ ॥ ਬਾਤੀ ਸੂਕੀ ਤੇਲੁ ਨਿਖੂਟਾ ॥**
**ਮੰਦਲੁ ਨ ਬਾਜੈ ਨਟੁ ਪੈ ਸੂਤਾ ॥ ੧ ॥**

ਮੰਦਲੁ = ਢੋਲ। ਨਟ = ਮਦਾਰੀ ॥

ਸੰਸਾਰਕ ਬ੍ਰਿਤੀ ਰੂਪ ਵੱਟੀ ਸੁਕ ਗਈ ਕਿਉਂਕਿ ਮੋਹ ਰੂਪ ਤੇਲ ਜੋ ਨਿਖੁਟ ਗਿਆ। ਅਤੇ ਦੇਹ ਰੂਪ ਮੰਦਰ ਵਿਚ ਢੋਲ ਨਹੀਂ ਵਜਦਾ ਭਾਵ ਵਿਹਾਰਾਂ ਵਲ ਸਰੀਰ ਨਹੀਂ ਜਾਂਦਾ, ਕਿਉਂਕਿ ਮਨ ਰੂਪ ਮਦਾਰੀ ਸਤਸੰਗ ਵਿਚ ਸ਼ਾਂਤੀ ਨੀਂਦ ਕਰਕੇ ਸੌਂ ਗਿਆ।

**ਬੁਝਿ ਗਈ ਅਗਨਿ ਨ ਨਿਕਸਿਓ ਧੂੰਆ ॥**
**ਰਵਿ ਰਹਿਆ ਏਕੁ ਅਵਰੁ ਨਹੀ ਦੂਆ ॥ ੧ ॥ ਰਹਾਉ ॥**

ਤ੍ਰਿਸ਼ਨਾ ਰੂਪ ਅੱਗ ਬੁਝ ਗਈ ਸੰਕਲਪ ਵਿਕਲਪ ਧੂੰਆਂ ਨਾ ਨਿਕਲਿਆ ਅਤੇ ਇਕਰ ਜਾਣਿਆ ਕਿ ਇਕ ਵਾਹਿਗੁਰੂ ਸਾਰਿਆਂ ਵਿਚ ਰਵ ਰਿਹਾ ਹੈ ਹੋਰ ਕੋਈ ਦੂਜਾ ਨਹੀਂ ॥

**ਤੂਟੀ ਤੰਤੁ ਨ ਬਜੈ ਰਬਾਬੁ ॥**
**ਭੂਲਿ ਬਿਗਾਰਿਓ ਅਪਨਾ ਕਾਜੁ ॥ ੨ ॥**

ਤੰਤ = ਤਾਰ ॥

ਵਾਸ਼ਨਾ ਰੂਪ ਤਾਰਾਂ ਟੁਟ ਗਈਆਂ ਹਨ ਅਤੇ ਦੇਹ ਅਧਯਾਸ ਰੂਪ ਰਬਾਬ ਨਾ ਵਜਿਆ ਵਾ ਹੰਕਾਰ ਨਾ ਹੋਯਾ ਅਤੇ ਜੇਹੜਾ ਹੰਕਾਰ ਨਾਲ ਮਿਲਕ ਆਪਣਾ ਕਾਰਜ ਮੁਕਤੀ ਰੂਪ ਭੁਲਕੇ ਵਿਗਾੜਿਆ ਹੋਯਾ ਸੀ ਸੋ ਸਵਾਰ ਲਿਆ ॥

**ਕਥਨੀ ਬਦਨੀ ਕਹਨੁ ਕਹਾਵਨੁ ॥**
**ਸਮਝਿ ਪਰੀ ਤਉ ਬਿਸਰਿਓ ਗਾਵਨੁ ॥ ੩ ॥**

ਕਥਾ, ਕਵਿਤਾ, ਕਹਿਣਾ, ਕਹੌਣਾਂ, ਗੌਣਾਂ, ਜਦ ਵਾਹਿਗੁਰੂ ਦੀ ਸਮਝ ਪਈ ਤਾਂ ਸਭ ਭੁਲ ਗਿਆ ॥

**ਕਹਤ ਕਬੀਰ ਪੰਚ ਜੋ ਚੂਰੇ ॥**
**ਤਿਨ੍ਹ ਤੇ ਨਾਹਿ ਪਰਮ ਪਦ ਦੂਰੇ ॥ ੪ ॥ ੨ ॥ ੧੧ ॥**

ਚੂਰੇ = ਚੂਰਨ ਕਰੇ

ਕਬੀਰ ਜੀ ਕਹਿੰਦੇ ਹਨ ਜੇਹੜਾ ਪੰਜਾਂ ਕਾਮਾਦਿਕਾਂ ਨੂੰ ਚੂਰਨ ਕਰੇ ਤਿਸਤੋਂ ਪਰਮਪਦ ਵਾਹਿਗੁਰੂ ਦੂਰ ਨਹੀਂ ਹੈ।

(ਬੇਨਤੀ)

**ਆਸਾ ॥ ਸੁਤੁ ਅਪਰਾਧ ਕਰਤ ਹੈ ਜੇਤੇ ॥**
**ਜਨਨੀ ਚੀਤਿ ਨ ਰਾਖਸਿ ਤੇਤੇ ॥ ੧ ॥**

ਜਨਨੀ = ਮਾਤਾ।

ਪੁਤ੍ਰ ਜਿਤਨੇ ਅਪਰਾਧ ਕਰਦਾ ਹੈ ਤਿਤਨੇ ਮਾਂ ਚਿਤ ਨਹੀਂ ਰਖਦੀ ॥

**ਰਾਮਈਆ ਹਉ ਬਾਰਿਕੁ ਤੇਰਾ ॥**
**ਕਾਹੇ ਨ ਖੰਡਸਿ ਅਵਗਨ ਮੇਰਾ ॥ ੧ ॥ ਰਹਾਉ ॥**

ਖੰਡਸਿ = ਨਾਸ। ਹੇ ਵਾਹਿਗੁਰੂ ਮੈਂ ਤੇਰਾ ਬਾਲਕਿ ਹਾਂ ਮੇਰੇ ਔਗਣ ਦੂਰ ਕਿਉਂ ਨਹੀਂ ਕਰਦਾ।

**ਜੇਅਤਿ ਕ੍ਰੋਪ ਕਰੇ ਕਰਿ ਧਾਇਆ ॥**
**ਤਾ ਭੀ ਚੀਤਿ ਨ ਰਾਖਸਿ ਮਾਇਆ ॥ ੨ ॥**

ਜੇ ਅਤਿਅੰਤ ਹੀ ਕਰੋਧ ਕਰਕੇ ਦੌੜਕੇ ਬਾਲਕ ਕੁਝ ਕੰਮ ਵਿਗਾੜ ਦੇਂਦਾ ਹੈ ਤਾਂ ਫਿਰ ਵੀ ਮਾਂ ਚਿਤ ਵਿਚ ਨਹੀਂ ਰਖਦੀ।

**ਚਿੰਤ ਭਵਨਿ ਮਨੁ ਪਰਿਓ ਹਮਾਰਾ ॥**
**ਨਾਮ ਬਿਨਾ ਕੈਸੇ ਉਤਰਸਿ ਪਾਰਾ ॥ ੩ ॥**

ਭਵਨ = ਘਰ

ਦਰੀਯਾ ਦੀ ਘੁੰਮਣਿਘੇਰੀ ਚਿੰਤਾ ਰੂਪ ਘਰ ਵਿਚ ਮੇਰਾ ਮਨ ਪਿਆ ਹੋਇਆ ਹੈ ਤੇਰੇ ਨਾਮ ਤੋਂ ਬਿਨਾਂ ਕਿੱਕੁਰ ਪਾਰ ਉਤਰਾਂਗਾ।

**ਦੇਹਿ ਬਿਮਲ ਮਤਿ ਸਦਾ ਸਰੀਰਾ ॥**
**ਸਹਜਿ ਸਹਜਿ ਗੁਨ ਰਵੈ ਕਬੀਰਾ ॥ ੪ ॥ ੩ ॥ ੧੨ ॥**

ਕਬੀਰ ਜੀ ਕਹਿੰਦੇ ਹਨ ਹੇ ਵਾਹਿਗੁਰੂ ਮੈਨੂੰ ਨਿਰਮਲ ਅਕਲ ਸਰੀਰ ਵਿਚ ਸਦਾ ਹੀ ਦੇਹ ਜਿਸ ਕਰਕੇ ਤੇਰੇ ਸਹਿਜੇ ਸਹਿਜੇ ਗੁਣ ਉਚਾਰਨ ਕਰਾਂ।

(ਉਪਦੇਸ਼)

**ਆਸਾ ॥ ਹਜ ਹਮਾਰੀ ਗੋਮਤੀ ਤੀਰ ॥**
**ਜਹਾ ਬਸੈ ਪੀਤੰਬਰ ਪੀਰ ॥ ੧ ॥**

ਗੋਮਤੀ = ਨਦੀ ॥ ਤੀਰ = ਪਾਸ ॥ ਪੀਤੰਬਰ = ਪੀਲਾ ਕੱਪੜਾ ॥

ਹਮਾਰੀ ਹੱਜ ਇਸ ਨਦੀ ਦੇ ਪਾਸ ਹੀ ਹੈ ਭਾਵ ਘਰ ਵਿਚ ਹੀ ਸੁਖ ਹੈ ਜਿਸ ਰਿਦੇ ਰੂਪ ਘਰ ਵਿਚ ਪੀਰ ਵਾਹਿਗੁਰੂ ਸਾਰਿਆਂ ਦਾ ਵਡਾ ਵਸ ਰਿਹਾ ਹੈ।

**ਵਾਹੁ ਵਾਹੁ ਕਿਆ ਖੂਬੁ ਗਾਵਤਾ ਹੈ ॥**
**ਹਰਿਕਾ ਨਾਮੁ ਮੇਰੈ ਮਨਿ ਭਾਵਤਾ ਹੈ ॥ ੧ ॥ ਰਹਾਉ ॥**

ਵਾਹੁ ਵਾਹੁ ਕਿਆ ਸੋਹਣਾ ਗਾਉਂਦਾ ਹੈ, ਵਾਹਿਗੁਰੂ ਦਾ ਨਾਮ ਮੇਰ ਮਨ ਨੂੰ ਭਾਉਂਦਾ ਹੈ ॥

**ਨਾਰਦ ਸਾਰਦ ਕਰਹਿ ਖਵਾਸੀ ॥**
**ਪਾਸਿ ਬੈਠੀ ਬੀਬੀ ਕਵਲਾ ਦਾਸੀ ॥ ੨ ॥**

ਸਾਰਦਾ = ਦੇਵੀ, ਬ੍ਰਹਮ। ਖਵਾਸੀ = ਚੌਰੀ ਬਰਾਦਰੀ।

ਕਵਲਾ = ਲਖਮੀ। ਨਾਰਦ ਸਾਰਦ ਚੌਰੀ ਕਰਦੇ ਹਨ ਪਾਸ ਬੀਬੀ ਲਖਮੀ ਦਾਸੀ ਬੈਠੀ ਹੋਈ ਹੈ॥

**ਕੰਠੇ ਮਾਲਾ ਜਿਹਵਾ ਰਾਮੁ॥**

**ਸਹੰਸ ਨਾਮੁ ਲੈ ਲੈ ਕਰਉ ਸਲਾਮੁ॥ ੩॥**

ਸਹੰਸ = ਹਜ਼ਾਰ॥

ਮੇਰੇ ਗਲ ਵਿਚ ਮਾਲਾ ਏਹੋ ਹੀ ਹੈ ਜੋ ਰਸਨਾ ਤੇ ਵਾਹਿਗੁਰੂ ਵਾਹਿਗੁਰੂ ਨਾਮ ਹਜ਼ਾਰਾਂ ਹੀ ਵਾਰ ਲੈ ਲੈਕੇ ਵਾਹਿਗੁਰੂ ਨੂੰ ਸਲਾਮ ਕਰਦਾ ਹਾਂ।

**ਕਹਤ ਕਬੀਰ ਰਾਮ ਗੁਨ ਗਾਵਉ॥**

**ਹਿੰਦੂ ਤੁਰਕ ਦੋਊ ਸਮਝਾਵਉ॥ ੪॥ ੪॥ ੧੩॥**

ਕਬੀਰ ਜੀ ਕਹਿੰਦੇ ਹਨ ਮੈਂ ਵਾਹਿਗੁਰੂ ਦੇ ਗੁਣ ਗੌਂਦਾ ਹਾਂ ਅਤੇ ਹਿੰਦੂ ਤੁਰਕ ਦੋਹਾਂ ਨੂੰ ਸਮਝੌਂਦਾ ਹਾਂ।

(ਪੱਥਰ ਪੂਜ ਬ੍ਰਾਹਮਣ ਰੂਪ ਮਾਲਣ ਨੂੰ ਅੰਨਜੋਕਤੀ ਉਪਦੇਸ਼)

**ਆਸਾ ਸ੍ਰੀ ਕਬੀਰ ਜੀਉਕੇ ਪੰਚਪਦੇ ੯॥ ਦੁਤੁਕੇ**

**੧ ਓ ਸਤਿਗੁਰਪ੍ਰਸਾਦਿ॥**

**ਪਾਤੀ ਤੋਰੈ ਮਾਲਿਨੀ ਪਾਤੀ ਪਾਤੀ ਜੀਉ॥**

**ਜਿਸੁ ਪਾਹਨ ਕਉ ਪਾਤੀ ਤੋਰੈ ਸੋ ਪਾਹਨ ਨਿਰਜੀਉ॥ ੧॥**

ਪਾਹਨ = ਪੱਥਰ। ਨਿਰਜੀਉ = ਮੋਇਆ ਹੋਯਾ।

ਹੇ ਮਾਲਣਿ ਤੂੰ ਜੋ ਪੱਤੇ ਤੋੜਦੀ ਹੈਂ ਪੱਤਿਆਂ ਪਤਿਆਂ ਵਿਚ ਜੀ ਹੈ, ਜਿਸ ਪੱਥਰ ਵਾਸਤੇ ਤੂੰ ਪੱਤੇ ਤੋੜਦੀ ਹੈਂ ਸੋ ਪੱਥਰ ਜੜ੍ਹ ਹੈ।

**ਭੂਲੀ ਮਾਲਨੀ ਹੈ ਏਉ॥**

**ਸਤਿਗੁਰੁ ਜਾਗਤਾ ਹੈ ਦੇਉ॥ ੧॥ ਰਹਾਉ॥**

ਸੱਚ ਹੈ ਏਹ ਮਾਲਣਿ ਭੁੱਲੀ ਹੋਈ ਹੈ ਅਤੇ ਸਤਿਗੁਰ ਦੇਵ ਜਾਗਦਾ ਹੈ। ਭਾਵ ਪੱਥਰਾਂ ਨੂੰ ਛੱਡਕੇ ਹੇ ਪੱਤਤ ਵਾਹਿਗੁਰੂ ਦਾ ਨਾਮ ਜਪ।

**ਬ੍ਰਹਮੁ ਪਾਤੀ ਬਿਸਨੁ ਡਾਰੀ ਫੂਲ ਸੰਕਰ ਦੇਉ॥**

**ਤੀਨਿ ਦੇਵ ਪ੍ਰਤਖਿ ਤੋਰਹਿ ਕਰਹਿ ਕਿਸਕੀ ਸੇਉ॥ ੨॥**

ਬ੍ਰਹਮਾ ਪਤ੍ਰ ਹੈ, ਬਿਸ਼ਨ ਡਾਲੀ ਹੈ, ਸੰਕਰ ਦੇਵ ਫੁੱਲ ਹੈ, ਤਿੰਨ ਦੇਵਤੇ ਤੂੰ ਪਰਤੱਖ ਹੀ ਤੋੜਦੀ ਹੈਂ ਅਤੇ ਸੇਵਾ ਕਿਸਦੀ ਕਰੇਂਗੀ ਵਾ ਕਰਨੀ ਹੈ।

**ਪਾਖਾਨ ਗਢਿਕੈ ਮੂਰਤਿ ਕੀਨੑੀ ਦੇਕੈ ਛਾਤੀ ਪਾਉ ॥**
**ਜੇ ਏਹ ਮੂਰਤਿ ਸਾਚੀ ਹੈ ਤਉ ਗੜ੍ਹਣਹਾਰੇ ਖਾਉ ॥ ੩ ॥**

ਗਢਿਕੈ = ਗੱਡਕੇ ਵਾ ਘੜਕੇ ॥

ਪੱਥਰ ਗੱਡਕੇ ਅਤੇ ਛਾਤੀ ਤੇ ਪੈਰ ਰਖਕੇ ਕਾਰੀਗਰ ਨੇ ਮੂਰਤ ਘੜਕੇ ਤਿਆਰ ਕੀਤੀ ਜੇ ਇਹ ਮੂਰਤਿ ਸੱਚੀ ਹੈ ਤਾਂ ਘੜਨ ਵਾਲੇ ਨੂੰ ਖਾਵੇ ॥

**ਭਾਤੁ ਪਹਿਤਿ ਅਰੁ ਲਾਪਸੀ ਕਰਕਰਾ ਕਾਸਾਰੁ ॥**
**ਭੋਗਨਹਾਰੇ ਭੋਗਿਆ ਇਸੁ ਮੂਰਤਿ ਕੇ ਮੁਖਿ ਛਾਰੁ । ੪ ॥**

ਭਾਤੁ = ਭਤ, ਚੌਲ ॥ ਪਹਿਤਿ = ਦਾਲ ॥ ਲਾਪਸੀ = ਮਿਠੀ ਕੜ੍ਹੀ ॥
ਕਰ ਕਰਾ = ਕਰੜਾ ॥ ਕਾਸਾਰੁ = ਮਰੂੰਡੇ, ਪੰਜੀਰੀ ਦੇ ਲੱਡੂ ।

ਭਤ = ਚੌਲ ਅਤੇ ਲੱਸੀ ਕਰਕਰਾ ਕਸਾਰ ਖਾਣ ਵਾਲੇ ਖਾਧਾ ਅਤੇ ਇਸ ਮੂਰਤਿ ਦੇ ਮੂੰਹ ਸੁਆਹੁ ॥

**ਮਾਲਿਨਿ ਭੂਲੀ ਜਗੁ ਭੁਲਾਨਾ ਹਮ ਭੁਲਾਨੇ ਨਾਹਿ ॥**
**ਕਹੁ ਕਬੀਰ ਹਮ ਰਾਮ ਰਾਖੇ**
**ਕ੍ਰਿਪਾ ਕਰਿ ਹਰਿ ਰਾਇ ॥ ੫ ॥ ੧ ॥ ੧੪ ॥**

ਮਾਲਨਿ ਵੀ ਭੁਲੀ ਜੱਗ ਵੀ ਭੁੱਲਾ ਅਸੀਂ ਨ ਭੁੱਲੇ ਕਬੀਰ ਜੀ ਕਹਿੰਦੇ ਹਨ ਸਾਨੂੰ ਵਾਹਿਗੁਰੂ ਹਰਿ ਰਾਇ ਨੇ ਕਿਰਪਾ ਕਰਕੇ ਰਖ ਲਿਆ ॥

**ਆਸਾ ॥ ਬਾਰਹ ਬਰਸ ਬਾਲਪਨ ਬੀਤੇ**
**ਬੀਸ ਬਰਸ ਕਛੁ ਤਪੁ ਨ ਕੀਓ ॥**

ਬਾਰਾਂ ਵਰ੍ਹੇ ਬਾਲਪਨੇ ਵਿੱਚ ਬੀਤ ਗਏ ਅਤੇ ਵੀਹਾਂ ਵਰਿਆਂ ਦੇ ਹੋਕੇ ਵੀ ਕੁਝ ਤਪ ਨ ਕੀਤਾ ॥

**ਤੀਸ ਬਰਸ ਕਛੁ ਦੇਵ ਨ ਪੂਜਾ**
**ਫਿਰ ਪਛੁਤਾਨਾ ਬਿਰਧਿ ਭਇਓ ॥ ੧ ॥**

ਦੇਵ = ਪ੍ਰਕਾਸ਼ਕ

ਤੀਹਾਂ ਵਰ੍ਹਿਆਂ ਦੇ ਹੋਕੇ ਵੀ ਵਾਹਿਗੁਰੂ ਦੀ ਪੂਜਾ ਨ ਕੀਤੀ ਫਿਰ ਅਫਸੋਸ ਕਰਨ ਲਗਾ ਜਦ ਬੁੱਢਾ ਹੋ ਗਿਆ ॥

**ਮੇਰੀ ਮੇਰੀ ਕਰਤੇ ਜਨਮੁ ਗਇਓ ॥**
**ਸਾਇਰੁ ਸੋਖਿ ਭੁਜੰਬ ਲਇਓ ॥ ੧ ॥ਰਹਾਉ ॥**

ਸਾਇਰੁ = ਸਮੁੰਦਰ। ਭੁਜੰਬ ਲਇਓ = ਬਾਹਾਂ ਦਾ ਬਲ ਓਹੁ॥

ਮੇਰੀ ਮੇਰੀ ਕਰਦਿਆਂ ਜਨਮ ਗੁਜਰ ਗਿਆ, ਉਸ ਬਾਹਾਂ ਦੇ ਬਲ ਰੂਪ ਸਮੁੰਦਰ ਨੂੰ ਬੁਢੇਪੇ ਰੂਪ ਅਗਸਤ ਮੁਨੀ ਨੇ ਸੁਕਾ ਲਿਆ॥

**ਸੂਕੇ ਸਰਵਰਿ ਪਾਲਿ ਬੰਧਾਵੈ ਲੂਣੈ ਖੇਤਿ ਹਥਵਾਰਿ ਕਰੈ ॥**

ਸਰਵਰਿ = ਤਾਲ। ਪਾਲਿ = ਵਟ। ਲੂਣੇ = ਵਢੇ ਹੋਇ॥

ਜਿੱਕਰ ਕੋਈ ਆਦਮੀ ਸੁਕ ਹੋਏ ਤਾਲ ਨੂੰ ਪਾਣੀ ਵਾਸਤੇ ਵੱਟ ਬੰਨੇ ਅਤੇ ਵਢੇ ਹੋਏ ਖੇਤ ਨੂੰ ਹਥਾਂ ਨਾਲ ਵਾੜ ਕਰੇ। ਇੱਕੁਰ ਹੀ ਬੁਢੇਪੇ ਵਿਚ ਭਜਨ ਬਿਅਰਥ ਹੈ॥

**ਆਇਓ ਚੋਰੁ ਤੁਰੰਤਹ ਲੇ ਗਇਓ**
**ਮੇਰੀ ਰਾਖਤ ਮੁਗਧੁ ਫਿਰੈ ॥ ੨ ॥**

ਮੇਰੀ ਮੇਰੀ ਕਰਕੇ ਮੂਰਖ ਦੇਹ ਵਾ ਦੌਲਤ ਨੂੰ ਰਖਦਾ ਸੀ ਜਮ ਰੂਪ ਚੋਰ ਆਨਕੇ ਛੇਤੀ ਹੀ ਲੈ ਗਿਆ॥

**ਚਰਨ ਸੀਸੁ ਕਰ ਕੰਪਨ ਲਾਗੇ ਨੈਨੀ ਨੀਰੁ ਅਸਾਰ ਬਹੈ ॥**

ਕਰ = ਹਥ। ਅਸਾਰ = ਬਹੁਤ। ਬਹੈ = ਵਗੇ। ਨੀਰ = ਪਾਣੀ।

ਚਰਨ, ਸਿਰ, ਹਥ ਕੰਬਣ ਲਗੇ ਅਤੇ ਨੇਤ੍ਰਾਂ ਤੋਂ ਬਾਹਲਾ ਜਲ ਵਗਣ ਲੱਗਾ॥

**ਜਿਹਵਾ ਬਚਨੁ ਸੁਧੁ ਨਹੀ ਨਿਕਸੈ**
**ਤਬ ਰੇ ਧਰਮ ਕੀ ਆਸ ਕਰੈ ॥ ੩ ॥**

ਜਦ ਰਸਨਾ ਕਰਕੇ ਸੁੱਧ ਬਚਨ ਨਹੀ ਨਿਕਲੇਗਾ ਤਦ ਧਰਮ ਦੀ ਆਸ ਕਰੇਗਾ। (ਵੇਖੋ ਸੋਰਠ ਵਿਚੋਂ ਭੀਖਨ ਜੀ ਦਾ ਸ਼ਬਦ)

**ਹਰਿ ਜੀਉ ਕ੍ਰਿਪਾ ਕਰੈ ਲਿਵਲਾਵੈ**
**ਲਾਹਾ ਹਰਿ ਹਰਿ ਨਾਮੁ ਲੀਓ ॥**

ਜਿਸਤੇ ਵਾਹਿਗੁਰੂ ਕਿਰਪਾ ਕਰਦਾ ਹੈ, ਓਹੋ ਹੀ ਨਾਮ ਵਿਚ ਬਿਤੀ ਲਾਉਂਦਾ ਹੈ ਅਤੇ ਹਰਿ ਹਰਿ ਨਾਮ ਦਾ ਲਾਭ ਲੈਂਦਾ ਹੈ॥

**ਗੁਰਪਰਸਾਦੀ ਹਰਿ ਧਨੁ ਪਾਇਓ**

**ਅੰਤੇ ਚਲਦਿਆ ਨਾਲਿ ਚਲਿਓ ॥ ੪ ॥**

ਗੁਰਾਂ ਦੀ ਕਿਰਪਾ ਕਰਕੇ ਵਾਹਿਗੁਰੂ ਰੂਪ ਧਨ ਪਾਇਆ ਹੈ ਅਤੇ ਅੰਤ ਨੂੰ ਚਲਦਿਆਂ ਦੇ ਨਾਲ ਚਲਿਆ ਹੈ ॥

**ਕਹਤ ਕਬੀਰ ਸੁਨਹੁ ਰੇ ਸੰਤਹੁ**
**ਅਨੁ ਧਨੁ ਕਛੂਐ ਲੈ ਨ ਗਇਓ ॥**

ਅਨੁ = ਹੋਰ ਵਾ ਅੰਨ।

ਹੇ ਸੰਤੋ ਕਬੀਰ ਜੀ ਕਹਿੰਦੇ ਹਨ ਅੰਨ ਧਨ ਜੀਵ ਹੋਰ ਅੰਤ ਨੂੰ ਕੁਝ ਨਹੀ ਲੈ ਜਾਂਦਾ ਵਾ ਨਾਮ ਧਨ ਤੇ ਬਿਨਾ ਕੁਝ ਨਹੀਂ ਜਾਂਦਾ॥

**ਆਈ ਤਲਬ ਗੋਪਾਲਰਾਇ ਕੀ**
**ਮਾਇਆ ਮੰਦਰ ਛੋਡਿ ਚਲਿਓ ॥ ੫ ॥ ੨ ॥ ੧੫ ॥**

ਤਲਬ = ਬੁਲਾਵਾ ॥

ਜਦ ਵਾਹਿਗੁਰੂ ਪ੍ਰਕਾਸ਼ਕ ਦੀ ਤਲਬ ਆਈ ਤਾਂ ਮਾਇਆ ਮੰਦਰ ਸਭ ਛਡਕੇ ਚਲਿਆ ਗਿਆ ॥

(ਸੰਤੋਖ)

**ਆਸਾ ॥ ਕਾਹੂ ਦੀਨੑੇ ਪਾਟ ਪਟੰਬਰ ਕਾਹੂ ਪਲਘ ਨਿਵਾਰਾ ॥**

ਪਾਟ = ਬਸਤ੍ਰ। ਪਟੰਬਰ = ਰੇਸ਼ਮੀ ਬਸਤ੍ਰ।

ਹੇ ਵਾਹਿਗੁਰੂ ਕਿਸੇ ਨੂੰ ਤੂੰ ਰੇਸ਼ਮੀ ਬਸਤ੍ਰ ਦਿਤੇ ਹਨ ਅਤੇ ਕਿਸੇ ਨੂੰ ਨਵਾਰ ਦੇ ਪਲੰਘ ॥

**ਕਾਹੂ ਗਰੀ ਗੋਦਰੀ ਨਾਹੀ ਕਾਹੂ ਖਾਨ ਪਰਾਰਾ ॥ ੧॥**

ਗਰੀ = ਗਲੀ ਹੋਈ।ਖਾਨ = ਖਾਣਾਂ ਵਾ ਖਾਨਾ।

ਪਰਾਰਾ = ਪਰਾਲੀ ਵਾ ਆਟੇ ਦਾ ਛਾਣ ਵ ਪਰਾਏ ਆਸਰੇ।

ਕਿਸੇ ਨੂੰ ਫਟੀ ਹੋਈ ਗੋਦੜੀ ਵੀ ਨਹੀ ਅਤੇ ਕਿਸੇ ਨੂੰ ਖਾਨ ਪਰਾਰਾ ॥

**ਅਹਿਰਖਵਾਦੁ ਨ ਕੀਜੈ ਰੇ ਮਨ ॥**
**ਸੁਕ੍ਰਿਤੁ ਕਰਿ ਕਰਿ ਲੀਜੈ ਰੇ ਮਨ ॥ ੧ ॥ਰਹਾਉ ॥**

ਅਹਿਰਖਵਾਦੁ = ਈਰਖਾ, ਝਗੜਾ। ਸੁਕ੍ਰਿਤ = ਪੁੰਨ ॥

ਹੇ ਮਨ ਈਰਖਾ ਝਗੜਾ ਨਾ ਕਰ ਹੇ ਮਨ ਪੁੰਨ ਕਰਕੇ ਲੈ ॥

**ਕੁਮ੍ਹਾਰੈ ਏਕ ਜੁ ਮਾਟੀ ਗੂੰਧੀ ਬਹੁ ਬਿਧਿ ਬਾਨੀ ਲਾਈ ॥**

**ਕਾਹੂ ਮਹਿ ਮੋਤੀ ਮੁਕਤਾਹਲ ਕਾਹੂ ਬਿਆਧਿ ਲਗਾਈ ॥ ੨॥**

ਬਾਨੀ = ਰੰਗਤ। ਗੂੰਧੀ = ਗੁੱਧੀ ॥ ਮੁਕਤਾਹਲ = ਵੱਡੇ ਮੋਤੀ।

ਬ੍ਰਹਮਾ ਰੂਪ ਘੁਮਿਆਰ ਨੇ ਇਕੋ ਹੀ ਤਰਾਂ ਦੀ ਪੰਜਾਂ ਤੱਤਾਂ ਕਰਕੇ ਜੀਵਾਂ ਰੂਪ ਮਿੱਟੀ ਗੁੱਧੀ ਹੈ ਅਤੇ ਬਹੁਤ ਤਰਾਂ ਦੀ ਰੰਗਤ ਲਾ ਦਿੱਤੀ ਹੈ। ਭਾਵ ਕੋਈ ਰਾਜਾ ਕੋਈ ਰੰਕ ਕਿਸੇ ਵਿੱਚ ਛੋਟੇ ਵਡੇ ਗੁਣਾਂ ਰੂਪ ਮੋਤੀ ਪਾਏ ਹਨ। (ਵਾ ਮੁਕਤੀ ਰੂਪ) ਅਤੇ ਕਿਸੇ ਨੂੰ ਚੋਰੀ ਰੂਪ ਬਿਆਧੀ ਲਾ ਦਿੱਤੀ ਹੈ (ਵਾ ਚੁਰਾਸੀ ਰੂਪ)।

**ਸੂਮਹਿ ਧਨੁ ਰਾਖਨ ਕਉ ਦੀਆ ਮੁਗਧੁ ਕਹੈ ਧਨੁ ਮੇਰਾ ॥**

ਧਨੁ = ਸੁਆਸ ਰੂਪ ॥

ਸ਼ੂਮ ਨੂੰ ਧਨ ਰੱਖਣ ਵਾਸਤੇ ਦਿੱਤਾ ਹੈ, ਅਤੇ ਮੂਰਖ ਕਹਿੰਦਾ ਹੈ ਧਨ ਹੀ ਮੇਰਾ ਹੈ

**ਜਮ ਕਾ ਡੰਡੁ ਮੂੰਡ ਮਹਿ ਲਾਗੈ**
**ਖਿਨ ਮਹਿ ਕਰੈ ਨਿਬੇਰਾ ॥ ੩ ॥**

ਡੰਡੁ = ਡੰਡਾ। ਮੂੰਡ = ਸਿਰ।

ਉਸ ਸਰੀਰ ਰੂਪ ਭਾਂਡੇ ਦੇ ਸਿਰ ਵਿੱਚ ਜਦ ਜਮ ਦਾ ਡੰਡਾ ਲਗਦਾ ਹੈ ਤਾਂ ਛਿਨ ਵਿੱਚ ਨਿਬੇੜਾ ਕਰ ਦੇਂਦਾ ਹੈ ॥

**ਹਰਿ ਜਨੁ ਊਤਮੁ ਭਗਤੁ ਸਦਾਵੈ ਆਗਿਆ ਮਨਿ ਸੁਖੁ ਪਾਈ ॥**
**ਜੋ ਤਿਸੁ ਭਾਵੈ ਸਤਿ ਕਰਿ ਮਾਨੈ ਭਾਣਾ ਮੰਨਿ ਵਸਾਈ ॥ ੪ ॥**

ਵਾਹਿਗੁਰੂ ਦੇ ਦਾਸ ਉਤਮ ਭਗਤ ਸਦੌਂਦੇ ਹਨ, ਅਤੇ ਆਗਿਆ ਮੰਨਕੇ ਸੁਖ ਪਦਵੀ ਪਾਉਂਦੇ ਹਨ। ਜੋ ਤਿਸਨੂੰ ਭਾਉਂਦਾ ਹੈ ਸੋ ਸੱਚ ਕਰਕੇ ਮੰਨਦੇ ਹਨ, ਅਤੇ ਭਾਣਾਂ ਮਨ ਵਿੱਚ ਵਸੌਂਦੇ ਹਨ ॥

**ਕਹੈ ਕਬੀਰੁ ਸੁਨਹੁ ਰੇ ਸੰਤਹੁ ਮੇਰੀ ਮੇਰੀ ਝੂਠੀ ॥**
**ਚਿਰਗਟ ਫਾਰਿ ਚਟਾਰਾ ਲੈ ਗਇਓ**
**ਤਰੀਤਾਗਰੀ ਛੂਟੀ ॥ ੫ ॥ ੩ ॥ ੧੬ ॥**

ਚਿਰਗਟ = ਪਿੰਜਰਾ ॥ ਚਟਾਰਾ = ਚਿੜਾ ਵਾ ਤੋਤਾ ॥ ਤਰੀਤਾਗਰੀ = ਪਾਣੀ।
ਚੋਗੇ ਵਾਲੀ ਕੁੱਜੀ ਠੂਠੀ ਵਾ ਤਣੀਆਂ ਹੋਈਆਂ ਤਨੀਆਂ ॥

ਕਬੀਰ ਜੀ ਕਹਿੰਦੇ ਹਨ ਹੇ ਮੰਤੋ ਸੁਣੋਂ ਮੇਰੀ ਮੇਰੀ ਕਰਨੀ ਝੂਠੀ ਹੈ, ਦੇਹ ਰੂਪ ਪਿੰਜਰੇ ਨੂੰ ਪਾੜਕੇ ਜੀਵ ਰੂਪ ਚਿੜੇ ਨੂੰ ਜਮ ਰੂਪ ਬਿੱਲਾ ਲੈ ਗਿਆ ਅਤੇ ਚੋਗੇ ਵਾਲੀ ਕੁੱਜੀ ਠੂਠੀ ਛੁੱਟ ਗਈ।

(ਉਪਦੇਸ਼)

**ਆਸਾ ॥ ਹਮਮਸਕੀਨ ਖੁਦਾਈ ਬੰਦੇ ਤੁਮਰਾ*ਜਸੁ ਮਨਿਭਾਵੈ ।**
**ਅਲਹ ਅਵਲਿ ਦੀਨਕੋ ਸਾਹਿਬੁ ਜੋਰੁ ਨਹੀਂ ਫੁਰਮਾਵੈ ॥ ੧ ॥**

ਹੇ ਖੁਦਾ ਦੇ ਬੰਦੇ ਅਸੀਂ ਗਰੀਬ ਹਾਂ ਅਤੇ ਤੇਰਾ ਜਸ ਹੀ ਸਾਡੇ ਮਨ ਵਿਚ ਭਾਉਂਦਾ ਹੈ, ਪਹਿਲੇ ਤੋਂ ਜੇਹੜਾ ਵਾਹਿਗੁਰੂ ਹੈ ਓਹ ਸਾਰਿਆਂ ਦੀਨਾ ਦਾ ਸਾਹਿਬ ਹੈ ਅਤੇ ਜੋਰ ਕਰਨਾ ਕਿਸੇ ਤੇ ਨਹੀਂ ਫਰਮਾਉਂਦਾ ॥

**ਕਾਜੀ ਬੋਲਿਆ ਬਨਿ ਨਹੀ ਆਵੈ । ੧ ॥ ਰਹਾਉ ॥**

ਹੇ ਕਾਜੀ ਤੇਰੇ ਨਾਲ ਸਾਡਾ ਬੋਲਿਆ ਨਹੀਂ ਬਣ ਔਂਦਾ (ਵਾ ਬੋਲਣਾ ਹੀ ਬਣਿਆਂ) ।

**ਰੋਜਾ ਧਰੈ ਨਿਵਾਜ ਗੁਜਾਰੈ ਕਲਮਾ ਭਿਸਤਿ ਨ ਹੋਈ ॥**
**ਸਤਰਿ ਕਾਬਾ ਘਟ ਹੀ ਭੀਤਰਿ ਜੇਕਰਿ ਜਾਨੈ ਕੋਈ ॥ ੨ ॥**

ਸਤਰਿ = ੭੦, ਲੁਕਿਆ, ਸਦ, ਨਿਸਚਾ ॥

ਹੇ ਕਾਜੀ ਰੋਜੇ ਰਖਦੇ ਹੋ ਨਿਮਾਜ਼ ਪੜ੍ਹਦੇ ਹੋ ਇਤਿਆਦਿਕ ਕਲਮੇ ਕਰਨੇ ਤੇ ਬਹਿਸ਼ਤ ਨਹੀਂ ਪ੍ਰਾਪਤ ਹੁੰਦਾ। ਸੱਤਰ ਵੇਰੀ ਕਾਬੇ ਜਾਣ ਦਾ ਮਹਾਤਮ ਰਿਦੇ ਦੇ ਅੰਦਰ ਹੀ ਹੈ ਭਾਵ ਵਾਹਿਗੁਰੂ ਅੰਦਰ ਹੀ ਹੈ ਪਰ ਜੇਕਰ ਕੋਈ ਜਾਣੈ ।

**ਨਿਵਾਜ ਸੋਈ ਜੋ ਨਿਆਉ ਬਿਚਾਰੈ ਕਲਮਾ ਅਕਲਹਿ ਜਾਨੈ ॥**
**ਪਾਚਹੁ ਮੁਸਿ ਮੁਸਲਾ ਬਿਛਾਵੈ ਤਬ ਤਉ ਦੀਨੁ ਪਛਾਨੈ ॥ ੩ ॥**

ਅਕਲਹਿ = ਕਲੇਸ਼ਾਂ ਤੋਂ ਬਿਨਾ ਵਾਹਿਗੁਰੂ ਵਾ ਅਕਲ ॥ ਮੁਸਿ = ਲੁਟਕੇ ॥

ਨਿਮਾਜ਼ ਓਹੀ ਹੈ ਜੋ ਨਿਆਉ ਕਰਨਾ ਹੈ ਅਤੇ ਕਲਮਾਂ ਸੋਈ ਹੈ ਜੋ ਦੁਖਾਂ ਤੋਂ ਰਹਿਤ ਵਾਹਿਗੁਰੂ ਨੂੰ ਅਕਲ ਕਰਕੇ ਜਾਨਣਾਂ ਹੈ ਪੰਜਾਂ ਕਾਮਾਦਿਕਾਂ ਨੂੰ ਲੁਟੇ ਸੋ ਏਹੋ ਹੀ ਮੁਸੱਲਾ ਆਸਣ ਵਿਛਾਵੇ ਤਾਂ ਠੀਕ ਦੀਨ ਪਛਾਣ ਸਕਦਾ ਹੈ ।

**ਖਸਮੁ ਪਛਾਨਿ ਤਰਸ ਕਰਿ ਜੀਅ ਮਹਿ**
**ਮਾਰਿ ਮਣੀ ਕਰਿ ਫੀਕੀ ॥**
**ਆਪੁ ਜਨਾਇ ਅਵਰ ਕਉ ਜਾਨੈ**
**ਤਬ ਹੋਇ ਭਿਸਤ ਸਰੀਕੀ ॥ ੪ ॥**

---

*ਤੁਮ, ਰਾਜਸੁ = ਤੁਸੀ ਗੁਸੇ ਵਾਲੇ ਅਤੇ ਅਸੀਂ ਗਰੀਬ ਖੁਦਾ ਦੇ ਬੰਦੇ ਵਿਕੁਰ ਵੀ ਅਰਥ ਕਰਦੇ ਹਨ ।

ਮਣੀ = ਮਨੌਤਾ ॥

ਵਾਹਿਗੁਰੂ ਨੂੰ ਪਛਾਣ, ਜੀਅ ਵਿਚ ਤਰਸ ਕਰ ਮਮਤਾ ਨੂੰ ਮਾਰਕੇ ਛੋਕੀ ਕਰ ਆਪ ਵਾਹਿਗੁਰੂ ਨੂੰ ਜਾਣੇ ਅਤੇ ਹੋਰਨਾਂ ਨੂੰ ਜਣਾਵੇ ਤਾਂ ਭਿਸ਼ਤ ਦਾ ਸ਼ਰੀਕੀ ਹੋਵੇ।

**ਮਾਟੀ ਏਕ ਭੇਖ ਧਰਿ ਨਾਨਾ ਤਾਮਹਿ ਬ੍ਰਹਮੁ ਪਛਾਨਾ ॥**
**ਕਹੈ ਕਬੀਰਾ ਭਿਸਤ ਛੋਡਿ ਕਰਿ**
**ਦੋਜਕ ਸਿਉ ਮਨੁ ਮਾਨਾ ॥ ੫ ॥ ੪ ॥ ੧੭ ॥**

ਇਕ ਮਿੱਟੀ ਨੇ ਬਹੁਤ ਤਰਾਂ ਦਾ ਭੇਖ ਧਾਰਿਆ ਹੋਯਾ ਹੈ ਉਸ ਵਿਚ ਮੈਂ ਵਾਹਿਗੁਰੂ ਨੂੰ ਜਾਣਿਆਂ ਹੈ (ਵਾ ਤੂੰ ਜਾਣ) ਕਬੀਰ ਜੀ ਕਹਿੰਦੇ ਹਨ ਹੇ ਕਾਜੀ ਤੂੰ ਭਿਸ਼ਤ ਨੂੰ ਛਡ ਦਿਤਾ ਹੈ ਅਤੇ ਦੋਜਕ ਨਾਲ ਤੇਰਾ ਮਨ ਮੰਨਿਆ ਹੈ।

(ਜੋਗੀ ਪ੍ਰਥਾਇ)

**ਆਸਾ ॥ ਗਗਨ ਨਗਰਿ ਇਕ ਬੂੰਦ ਨ ਬਰਖੈ**
**ਨਾਦੁ ਕਹਾ ਜੁ ਸਮਾਨਾ ॥**
**ਪਾਰਬ੍ਰਹਮ ਪਰਮੇਸੁਰ ਮਾਧੋ ਪਰਮ ਹੰਸੁ ਲੇ ਸਿਧਾਨਾ ॥ ੧ ॥**

ਗਗਨ = ਅਕਾਸ। ਨਾਦੁ = ਸਬਦ। ਮਾਧੋ = ਲਖਮੀ ਦਾ ਪਤੀ।
ਹੰਸੁ = ਜੀਵਆਤਮਾ। ਸਿਧਾਨਾ = ਗਿਆ।

ਅਕਾਸ਼ ਰੂਪ ਦਸਮੇਂ ਦੁਆਰ ਪਿੰਡ ਵਿਚੋਂ ਇਕ ਬੂੰਦ ਪਾਣੀ ਦੀ ਵੀ ਨਹੀਂ ਵਰ੍ਹਦੀ। ਭਾਵ ਜੇਹੜਾ ਓਥੇ ਸੁਆਸਾਂ ਨੂੰ ਰੋਕਕੇ ਅਨੰਦ ਲੈਂਦਾ ਸੀ ਉਹ ਦੂਰ ਹੋ ਗਿਆ, ਉਹ ਜੇਹੜਾ ਅਗੇ ਬੋਲਦਾ ਸੀ ਉਹ ਬੋਲ ਵੀ ਕਿਥੇ ਜਾ ਸਮਾਯਾ, ਪ੍ਰਮੇਸ਼ਰ ਮਾਧੋ ਪਾਰਬ੍ਰਹਮ ਵਾਹਿਗੁਰੂ ਵਿਚ ਪਰਮ ਹੰਸ ਜੋਗੀ ਆਪਣੇ ਜੀਵ ਆਤਮਾਂ ਨੂੰ ਲੈਕੇ ਚਲਿਆ ਗਿਆ।

**ਬਾਬਾ ਬੋਲਤੇ ਤੇ ਕਹਾ ਗਏ ॥ ਦੇਹੀ ਕੇ ਸੰਗਿ ਰਹਤੇ ॥**
**ਸੁਰਤਿ ਮਾਹਿ ਜੋ ਨਿਰਤੇ ਕਰਤੇ ਕਥਾ**
**ਬਾਰਤਾ ਕਹਤੇ ॥ ੧ ॥ ਰਹਾਉ ॥**

ਹੇ ਭਾਈ ਜੋ ਜੋਗੀ ਹੋਰੀਂ ਬੋਲਦੇ ਹੁੰਦੇ ਸੀ, ਹੁਣ ਕਿਥੇ ਚਲੇ ਗਏ ? ਇਸ ਦੇਹ ਦੇ ਨਾਲ ਰਹਿੰਦੇ ਸੀ, ਆਪਣੀ ਸੁਰਤੀ ਵਿਚ ਨਿਰਤਕਾਰੀ ਕਰਦੇ ਸੀ ਅਤੇ ਕਥਾ ਬਾਰਤਾ ਕਹਿੰਦੇ ਸੀ।

**ਬਜਾਵਨ ਹਾਰੋ ਕਹਾ ਗਇਓ ਜਿਨਿ ਇਹੁ ਮੰਦਰੁ**
**ਕੀਨਾ ॥ ਸਾਖੀ ਸਬਦ ਸੁਰਤਿ ਨਹੀ ਉਪਜੈ**

**ਖਿੰਚਿ ਤੇਜੁ ਸਭੁ ਲੀਨ੍ਹਾ ॥ ੨ ॥**

ਇਸ ਕਿੰਗ ਨੂੰ ਮਨ ਰੂਪ ਜੋਗੀ ਵਜੌਣ ਵਾਲਾ ਕਿਥੇ ਚਲਿਆ ਗਿਆ ਜਿਸਨੇ ਇਹ ਪਰਤੱਖ (ਵਾ ਸਰੀਰ ਰੂਪ) ਮੰਦਰ ਬਨਾਇਆ ਹੋਇਆ ਸੀ। ਜਦ ਕਾਲ ਨੇ ਪ੍ਰਾਣਾਂ ਰੂਪ ਤੇਜ ਸਾਰਾ ਖਿਚ ਲਿਆ ਤਾਂ (ਸਾਖੀ) ਪ੍ਰਗਟ ਹੀ ਸਬਦ ਜੇਹੜੇ ਸੁਰਤੀ ਨਾਲ ਕਰਦਾ ਸੀ ਓਹ ਨਹੀਂ ਉਪਜਦੇ।

**ਸ੍ਰਵਨਨ ਬਿਕਲ ਭਏ ਸੰਗਿ ਤੇਰੇ ਇੰਦ੍ਰੀ ਕਾ ਬਲੁ ਥਾਕਾ ॥**
**ਚਰਨ ਰਹੇ ਕਰ ਢਰਕਿ ਪਰੇ ਹੈ ਮੁਖਹੁ ਨ ਨਿਕਸੈ ਬਾਤਾ ॥ ੩॥**

ਸਵਨ = ਕੰਨ। ਕਰ = ਹਥ।

ਹੇ ਜੋਗੀ ਜੋ ਤੇਰੇ ਸਰੀਰ ਨਾਲ ਕੰਨ ਸੀ ਸੋ ਵੀ ਬਿਆਕੁਲ ਹੋ ਗਏ ਅਤੇ ਇੰਦ੍ਰੀਆਂ ਦਾ ਬਲ ਵੀ ਥਕ ਗਿਆ। ਪੈਰ ਵੀ ਤੁਰਨੋਂ ਰੈਹ ਚੁਕੇ, ਹਥ ਵੀ ਢਲਕ ਪਏ, ਮੁਖੋਂ ਗੱਲ ਨਹੀਂ ਨਿਕਲਦੀ।

**ਥਾਕੇ ਪੰਚ, ਦੂਤ ਸਭ ਤਸਕਰ ਆਪ ਆਪਣੈ ਭ੍ਰਮਤੇ ॥**
**ਥਾਕਾ ਮਨੁ ਕੁੰਚਰ ਉਰੁ ਥਾਕਾ ਤੇਜੁ ਸੂਤੁ ਧਰਿ ਰਮਤੇ ॥ ੪ ॥**

ਤਸਕਰ = ਚੋਰ। ਕੁੰਚਰ = ਹਾਥੀ। ਉਰੁ = ਰਿਦਾ। ਰਮਤੇ = ਫਿਰਦੇ।

ਪੰਜ ਕਾਮਾਦਿਕ ਚੋਰ ਚੁਗਲ ਖੋਰ ਵੀ ਥਕ ਗਏ ਜੇਹੜੇ ਸਾਰੇ ਆਪ ਹੀ ਆਪਣੇ ਆਪ ਵਿਚ ਭਰਮਦੇ ਫਿਰਦੇ ਸੀ ਰਿਦੇ ਥਾਂ ਦਾ ਨਿਵਾਸੀ ਮਨ ਰੂਪ ਹਾਥੀ ਵੀ ਥਕ ਗਿਆ ਜਿਸਦੇ ਤੇਜ ਰੂਪ ਸੂਤਰ ਨੂੰ ਧਾਰਕੇ ਇੰਦਰੇ ਫਿਰਦੇ ਸੀ।

**ਮਿਰਤਕ* ਭਏ ਦਸੈ ਬੰਦ ਛੂਟੇ ਮਿਤ੍ਰ ਭਾਈ ਸਭ ਛੋਰੇ ॥ ਕਹਤ ਕਬੀਰਾ ਜੋ ਹਰਿ ਧਿਆਵੈ ਜੀਵਤ ਬੰਧਨ ਤੋਰੇ ॥ ੫ ॥ ੫ ॥ ੧੮ ॥**

ਜਦ ਜੋਗੀ ਮੋਯਾ ਤਾਂ ਦਸੇ ਬੰਦ ਪ੍ਰਾਣ ਰੂਪ ਖੁਲ੍ਹ ਗਏ ਮਿੱਤ੍ਰ ਭਾਈ ਸਭ ਛਡ ਦਿਤੇ ਕਬੀਰ ਜੀ ਕਹਿੰਦੇ ਹਨ ਜੇਹੜਾ ਵਾਹਿਗੁਰੂ ਨੂੰ ਯਾਦ ਨਾ ਕਰੇ ਉਹ ਜੀਉਂਦਾ ਹੀ ਬੰਧਨ ਤੋੜ ਦੇਂਦਾ ਹੈ।

**ਆਸਾ ਇਕ ਤੁਕੇ ੪ ॥ ਸਰਪਨੀ ਤੇ ਊਪਰਿ ਨਹੀਂ ਬਲੀਆ ॥**
**ਜਿਨਿ ਬ੍ਰਹਮਾ ਬਿਸਨੁ ਮਹਾਦੇਉ ਛਲੀਆ ॥ ੧ ॥**

(ਹੇ ਭਾਈ) ਮਾਇਆ ਰੂਪ ਸਰਪਨੀ ਤੇ ਊਪਰ ਕੋਈ ਬਲੀ ਨਹੀਂ, ਜਿਸ ਨੇ ਬ੍ਰਹਮਾ, ਬਿਸ਼ਨ, ਮਹਾਂਦੇਉ ਨੂੰ ਛਲ ਲਿਆ ਹੈ।

---

*ਜਦ ਜੀਵ ਆਪਣੇ ਆਪ ਨੂੰ ਪਛਾਨ ਲੈਂਦਾ ਹੈ ਤਿਸਤੇ ਵੀ ਅਰਥ ਘਟਦਾ ਹੈ ਸੋ ਅਕਲ ਅਨੁਸਾਰ ਕਰੋ ॥

**ਮਾਰੁ ਮਾਰੁ ਸ੍ਰਪਨੀ ਨਿਰਮਲ ਜਲਿ ਪੈਠੀ ॥ ਜਿਨਿ ਤ੍ਰਿਭਵਣੁ ਡਸੀਅਲੇ ਗੁਰ ਪ੍ਰਸਾਦਿ ਡੀਠੀ ॥ ੧ ॥ ਰਹਾਉ ॥**

ਪੈਠੀ = ਪ੍ਰਵੇਸ਼ ਕਰ ਗਈ।

ਇਹੁ ਸਰਪਨੀ ਸੰਸਾਰੀ ਜੀਵਾਂ ਨੂੰ ਮਾਰ ਮਾਰਕੇ ਨਿਰਮਲ ਜਲ ਵਿੱਚ ਵੜ ਗਈ ਹੈ, ਜਿਸਨੇ ਤਿੰਨਾਂ ਭਵਣਾਂ ਨੂੰ ਡੰਗਿਆ ਹੈ ਓਹ ਮੈਂ ਗੁਰਾਂ ਦੀ ਕਿਰਪਾ ਨਾਲ ਦੇਖੀ ਹੈ।

**ਸ੍ਰਪਨੀ ਸ੍ਰਪਨੀ ਕਿਆ ਕਹਹੁ ਭਾਈ ॥**
**ਜਿਨਿ ਸਾਚੁ ਪਛਾਨਿਆ ਤਿਨਿ ਸ੍ਰਪਨੀ ਖਾਈ ॥ ੨ ॥**

ਹੇ ਭਾਈ ਸਰਪਨੀ ਸਰਪਨੀ ਕਿਆ ਕਹਿੰਦੇ ਹੋ ਜਿਨ੍ਹਾਂ ਨੇ ਸੱਚੇ ਵਾਹਿਗੁਰੂ ਨੂੰ ਪਛਾਣਿਆਂ ਹੈ ਓਨਾਂ ਨੇ ਇਹੁ ਸਰਪਨੀ ਖਾ ਲਈ ਹੈ।

**ਸ੍ਰਪਨੀ ਤੇ ਆਨ ਛੂਛ ਨਹੀ ਅਵਰਾ ॥**
**ਸ੍ਰਪਨੀ ਜੀਤੀ ਕਹਾ ਕਰੈ ਜਮਰਾ ॥ ੩ ॥**

ਆਨ = ਹੋਰ ਥਾਂ ॥ ਛੂਛ = ਤੁੱਛ ॥

ਮਾਯਾ ਰੂਪ ਸਰਪਨੀ ਤੇ ਹੋਰ ਜਗ੍ਹਾ ਵਿੱਚ ਹੋਰ ਕੋਈ ਅਜੇਹਾ ਤੁੱਛ ਨਹੀਂ ਹੈਗਾ ਭਾਵ ਏਹ ਸਭ ਨਾਲੋਂ ਬਲੀ ਹੈ ਅਤੇ ਜਦ ਇਹੁ ਜਿਤ ਲਈ ਤਾਂ ਜਮ ਰਾਜਾ ਕੀ ਕਰੇਗਾ।

**ਇਹ ਸ੍ਰਪਨੀ ਤਾਕੀ ਕੀਤੀ ਹੋਈ**
**ਬਲੁ ਅਬਲੁ ਕਿਆ ਇਸਤੇ ਹੋਈ ॥ ੪ ॥**

ਇਹ ਸਰਪਨੀ ਤਿਸਦੀ ਕੀਤੀ ਹੋਈ ਹੈ ਬਲ ਵਾ ਅਬਲ ਇਸ ਤੋਂ ਕੀ ਹੋ ਸਕਦਾ ਹੈ ਵਾ ਇਸ ਅਬਲਾ (ਇਸਤ੍ਰੀ) ਤੋਂ ਸਾਡੇ ਉਤੇ ਬਲ ਕਿਆ ਹੋ ਸਕਦਾ ਹੈ ਭਾਵ ਏਹ ਵਾਹਿਗੁਰੂ ਦੇ ਵੱਸ ਹੈ।

**ਇਹ ਬਸਤੀ ਤਾ ਬਸਤ ਸਰੀਰਾ ॥**
**ਗੁਰਪ੍ਰਸਾਦਿ ਸਹਜਿ ਤਰੇ ਕਬੀਰਾ ॥ ੫ ॥ ੬ ॥ ੧੯ ॥**

ਜਿੰਨਾਂ ਚਿਰ ਏਹੁ ਰਿਦੇ ਵਿੱਚ ਵਸਦੀ ਹੈ ਉਤਨਾ ਚਿਰ ਸਰੀਰਾਂ ਵਿੱਚ ਜੀਵ ਵਸਦਾ ਹੈ ਵਾ ਜਦ ਏਹ ਵੱਸ ਹੋ ਗਈ ਤਾਂ ਚੁਰਾਸੀ ਦੇ ਫੇਰੇ ਵੱਲੋਂ ਜੀਵ ਬੱਸ ਹੋ ਗਿਆ, ਗੁਰਾਂ ਦੀ ਕ੍ਰਿਪਾ ਕਰਕੇ ਸਹਿਜੇ ਹੀ ਕਬੀਰ ਜੀ ਤਰ ਗਏ ਹਨ।

(ਨਾਸਤਕ ਪ੍ਰਤਿ ਉਪਦੇਸ਼ ਨਿਸਫਲ ਹੈ)

**ਆਸਾ॥ ਕਹਾ ਸੁਆਨ ਕਉ ਸਿਮ੍ਰਿਤਿ ਸੁਨਾਏ ॥**

**ਕਹਾ ਸਾਕਤ ਪਹਿ ਹਰਿ ਗੁਨ ਗਾਏ ॥ ੧ ॥**

ਸੁਆਨ = ਕੁੱਤਾ ॥

ਕਿਆ ਕੂਕਰ ਨੂੰ ਸਿਮ੍ਰਿਤੀਆਂ ਸੁਨਾਈਏ, ਕਿਆ ਕਰੜੇ ਰਿਦੇ ਵਾਲੇ ਪਾਸ ਵਾਹਿਗੁਰੂ ਦੇ ਗੁਣ ਗਾਈਏ ।

**ਰਾਮ ਰਾਮ ਰਾਮ ਰਮੇ ਰਮਿ ਰਹੀਐ ॥**

**ਸਾਕਤ ਸਿਉ ਭੂਲਿ ਨਹੀ ਕਹੀਐ ॥ ੧ ॥ ਰਹਾਉ ॥**

ਰਮੇ = ਉਚਾਰਨਾ । ਰਮਿ = ਮਿਲਨਾ ।

ਮਨ ਬਾਣੀ ਸਰੀਰ ਕਰਕੇ ਵਾਹਿਗੁਰੂ ਵਾਹਿਗੁਰੂ ਵਾਹਿਗੁਰੂ ਉਚਾਰਦੇ ਹੋਏ ਨਾਲ ਹੀ ਮਿਲ ਰਹੀਏ, ਸਾਕਤ ਨੂੰ ਭੁੱਲਕੇ ਵੀ ਕੁਝ ਨਾ ਕਹੀਏ ।

**ਕਊਆ ਕਹਾ ਕਪੂਰ ਚਰਾਏ ॥**

**ਕਹ ਬਿਸੀਅਰ ਕਉ ਦੂਧੁ ਪੀਆਏ ॥ ੨ ॥**

ਬਿਸੀਅਰ = ਸੱਪ ॥

ਕਾਂ ਨੂੰ ਕਿਆ ਕਪੂਰ ਦੀ ਵਾਸ਼ਨਾ ਚੜ੍ਹਾਈਏ । ਸੱਪ ਨੂੰ ਦੁੱਧ ਕਿਆ ਪਿਆਈਏ, ਭਾਵ ਕੁਝ ਫਾਇਦਾ ਨਹੀਂ ਹੋਣਾ ।

**ਸਤ ਸੰਗਤਿ ਮਿਲਿ ਬਿਬੇਕ ਬੁਧਿ ਹੋਈ ॥**

**ਪਾਰਸੁ ਪਰਸਿ ਲੋਹਾ ਕੰਚਨੁ ਸੋਈ ॥ ੩ ॥**

ਜਿਕੁਰ ਪਾਰਸ ਨੂੰ ਛੋਹਕੇ ਸੋਈ ਲੋਹਾ ਸੋਨਾ ਹੋ ਜਾਂਦਾ ਹੈ ਇੱਕੁਰ ਹੀ ਸਤਸੰਗਤ ਨਾਲ ਮਿਲਕੇ ਬਿਬੇਕ ਵਾਲੀ ਬੁੱਧੀ ਹੁੰਦੀ ਹੈ ।

**ਸਾਕਤੁ ਸੁਆਨੁ ਸਭੁ ਕਰੇ ਕਰਾਇਆ ॥**

**ਜੋ ਧੁਰਿ ਲਿਖਿਆ ਸੁ ਕਰਮ ਕਮਾਇਆ ॥੪ ॥**

ਸੁਆਨੁ = ਕੂਕਰ, ਕੁੱਤਾ ॥

ਸਾਕਤ ਰੂਪ ਸੁਆਨ ਸਭ ਪਿਛਲੇ ਕੀਤੇ ਹੋਏ ਕਰਮਾਂ ਦੇ ਕੰਮ ਅਨੁਸਾਰ ਕਰਦੇ ਹਨ ਜੋ ਪਹਿਲੇ ਧੁਰੋਂ ਹੀ ਲਿਖਿਆ ਗਿਆ ਹੈ ਸੋ ਹੀ ਕਰਮ ਸਾਕਤਾਂ ਨੇ ਕਮਾਇਆ ਹੈ ।

**ਅੰਮ੍ਰਿਤੁ ਲੈ ਲੈ ਨੀਮੁ ਸਿੰਚਾਈ ॥**

**ਕਹਤ ਕਬੀਰ ਉਆ ਕੋ ਸਹਜੁ ਨ ਜਾਈ ॥ ੫ ॥ ੭ ॥ ੨੦ ॥**

ਜਿੱਕੁਰ ਅੰਮ੍ਰਿਤ ਨੂੰ ਲੈ ਲੈ ਕੇ ਮਨਮੁਖ ਰੂਪ ਨਿੰਮ ਵਿੱਚ ਸਿੰਜੀਏ ਤਾਂ ਵੀ (ਕਬੀਰ ਜੀ ਕਹਿੰਦੇ ਹਨ) ਉਸ ਨਿੰਮ ਦਾ ਸਹਿਜੇ ਹੀ ਜੋ ਕੌੜਾ ਸੁਭਾਵ

ਹੈ ਸੋ ਨਹੀਂ ਜਾਂਦਾ।

( ਉਪਦੇਸ਼ )

**ਆਸਾ ॥ ਲੰਕਾ ਸਾ ਕੋਟੁ ਸਮੁੰਦ ਸੀ ਖਾਈ ॥**
**ਤਿਹ ਰਾਵਨ ਘਰ ਖਬਰਿ ਨ ਪਾਈ ॥ ੧ ॥**

ਜਿਸਦੇ ਘਰ ਲੰਕਾ ਵਰਗਾ ਕਿਲਾ ਸੀ ਅਤੇ ਸਮੁੰਦਰ ਹੀ ਖਾਈ ਸੀ ਤਿਸ ਰਾਵਨ ਦੇ ਘਰ ਰਾਵਨ ਦੇ ਮਰਨ ਦੀ ਕਿਸੇ ਨੇ ਖਬਰ ਵੀ ਨਾ ਪਾਈ ਭਾਵ ਪਹੁੰਚਾਈ।

**ਕਿਆ ਮਾਗਉ ਕਿਛੁ ਥਿਰੁ ਨ ਰਹਾਈ ॥**
**ਦੇਖਤ ਨੈਨ ਚਲਿਓ ਜਗੁ ਜਾਈ ॥੧॥ਰਹਾਉ॥**

(ਹੇ ਸੁਆਮੀ ਜੀ) ਮੈਂ ਕੀ ਮੰਗਾਂ ਕੁਝ ਥਿਰ ਨਹੀਂ ਰਹਿੰਦਾ ਦਿਸਦਾ, ਨੇਤ੍ਰੀਂ ਦੇਖਦਿਆਂ ਹੀ ਜਗਤ ਚਲਿਆ ਜਾਂਦਾ ਹੈ।

**ਇਕੁ ਲਖੁ ਪੂਤ ਸਵਾ ਲਖੁ ਨਾਤੀ ॥**
**ਤਿਹ ਰਾਵਨ ਘਰ ਦੀਆ ਨ ਬਾਤੀ ॥ ੨ ॥**

ਨਾਤੀ = ਪੋਤਰਾ।

ਜਿਸ ਰਾਵਨ ਦੇ ਘਰ ਇਕ ਲੱਖ ਪੁਤ੍ਰ ਸੀ ਅਤੇ ਸਵਾ ਲੱਖ ਪੋਤ੍ਰਾ ਸੀ ਉਸ ਰਾਵਨ ਦੇ ਘਰ ਦੀਵਾ ਬੱਤੀ ਵੀ ਨਾ ਹੋਇਆ।

**ਚੰਦੁ ਸੂਰਜੁ ਜਾਕੇ ਤਪਤ ਰਸੋਈ ॥**
**ਬੈਸੰਤਰੁ ਜਾਕੇ ਕਪਰੇ ਧੋਈ ॥ ੩ ॥**

ਚੰਦ੍ਰਮਾ ਸੂਰਜ ਜਿਸਦੇ ਘਰ ਰਸੋਈ ( ਤਪਤੇ ) ਕਰਦੇ ਸਨ ਅਤੇ ਬੈਸੰਤ੍ਰ ਜਿਸਦੇ ਕਪੜੇ ਧੋਂਦਾ ਸੀ ਵਾ ਬੈਸੰਤ੍ਰ ਰਸੋਈ ਕਰਦਾ ਸੀ ਅਤੇ ਚੰਦ੍ਰਮਾ ਸੂਰਜ ਕਪੜੇ ਧੋਂਦੇ ਸੀ।

**ਗੁਰਮਤਿ ਰਾਮੈ ਨਾਮਿ ਬਸਾਈ ॥**
**ਅਸਥਿਰੁ ਰਹੈ ਨ ਕਤਹੂ ਜਾਈ ॥ ੪ ॥**

ਗੁਰਮਤ ਕਰਕੇ ਜਿਨਾਂ ਨੇ ਵਾਹਿਗੁਰੂ ਦੇ ਨਾਮ ਦੀ ਪ੍ਰੀਤੀ ਰਿਦੇ ਵਿਚ ਵਸਾਈ ਹੈ ਉਹ ਅਸਥਿਰ ਰਹਿੰਦੇ ਹਨ ਅਤੇ ਕਿਧਰੇ ਜਾਂਦੇ ਨਹੀਂ।

**ਕਹਤ ਕਬੀਰ ਸੁਨਹੁ ਰੇ ਲੋਈ ॥**
**ਰਾਮ ਨਾਮ ਬਿਨੁ ਮੁਕਤਿ ਨ ਹੋਈ ॥ ੫ ॥ ੮ ॥ ੨੧ ॥**

ਲੋਈ = ਕਬੀਰ ਜੀ ਦੀ ਇਸਤ੍ਰੀ ਵਾ ਲੁਕਾਈ, ਸ੍ਰਿਸ਼ਟੀ ।

ਕਬੀਰ ਜੀ ਕਹਿੰਦੇ ਹਨ ਹੇ ਲੋਈ ਸੁਣੋ ਵਾਹਿਗੁਰੂ ਦੇ ਨਾਮ ਤੋਂ ਬਿਨਾਂ ਮੁਕਤੀ ਨਹੀਂ ਹੁੰਦੀ ।

(ਇੱਕੁਰ ਏਹੁ ਸੰਸਾਰ ਅਤਿਅੰਤ ਹੀ ਝੂਠਾ ਹੈ)

**ਆਸਾ ॥ ਪਹਿਲਾ ਪੂਤੁ ਪਿਛੈਰੀ ਮਾਈ ॥**

**ਗੁਰੁ ਲਾਗੋ ਚੇਲੇ ਕੀ ਪਾਈ ॥ ੧ ॥**

ਜਿੱਕੁਰ ਪਹਿਲੇ ਪੁਤ੍ਰ ਦਾ ਜੰਮਣਾ ਅਤੇ ਪਿਛੋਂ ਮਾਤਾ ਦਾ ਹੋਣਾ ਅਤੇ ਗੁਰੂ ਨੇ ਚੇਲੇ ਦੀ ਪੈਰੀ ਲਗਣਾ ਅਤਯੰਤ ਹੀ ਅਸੰਭਵ ਹੈ ।

(ਜਿੱਕੁਰ ਏਹ ਬੜੀ ਅਚੰਭਾ ਬਾਤ ਹੈ)

**ਏਕੁ ਅਚੰਭਉ ਸੁਨਹੁ ਤੁਮ ਭਾਈ ॥**

**ਦੇਖਤ ਸਿੰਘੁ ਚਰਾਵਤ ਗਾਈ ॥੧ ॥ ਰਹਾਉ ॥**

(ਹੇ ਭਾਈ) ਇੱਕੁਰ ਇਕ ਹੋਰ ਵੀ ਅਚੰਭਾ ਬਾਤ ਤੁਸੀਂ ਸੁਣੋ ਜਿੱਕੁਰ ਕਿਸੇ ਨੇ ਕਿਹਾ ਕਿ ਮੈਂ ਗਾਈਆਂ ਚਰਾਉਂਦਾ ਸ਼ੇਰ ਵੇਖਿਆ ਹੈ ।

**ਜਲ ਕੀ ਮਛੁਲੀ ਤਰਵਰਿ ਬਿਆਈ ॥**

**ਦੇਖਤ ਕੁਤਰਾ ਲੈਗਈ ਬਿਲਾਈ ॥ ੨ ॥**

ਤਰਵਰਿ = ਬ੍ਰਿਛ । ਬਿਆਈ = ਪ੍ਰਸੂਤਾ ਹੋਈ ॥

ਕੁਤਰਾ = ਕੁਤਾ । ਬਿਲਾਈ = ਲੈ ਗਈ । ਚਲੀ ਗਈ ।

ਜਲ ਦੀ ਮੱਛੀ ਬ੍ਰਿਛ ਉਤੇ ਜਾਕੇ ਪ੍ਰਸੂਤਾ ਹੋਈ ਭਾਵ ਜਲ ਤੋਂ ਬਾਹਰ ਰਹਿਣ ਵਾਲੀ ਮੱਛੀ ਨੇ ਬ੍ਰਿਛ ਉਤੇ ਜਾਕੇ ਬਚੇ ਦਿਤੇ, ਅਤੇ ਆਪਣੇ ਬਚਿਆਂ ਦੇ ਖਾਣ ਵਾਸਤੇ ਵਡਾ ਮੋਟਾ ਤਾਜ਼ਾ ਕੁਤਾ ਚੁਕਕੇ ਲੈ ਗਈ ਵਾ ਦੇਖਦਿਆ ਦੇਖਦਿਆਂ ਕੁਤੇ ਨੂੰ ਬਿਲੀ ਲੈ ਗਈ ।

**ਤਲੈ ਰੇ ਬੈਸਾ ਊਪਰਿ ਸੂਲਾ ॥**

**ਤਿਸ ਕੈ ਪੇਡਿ ਲਗੇ ਫਲ ਫੂਲਾ ॥ ੩ ॥**

ਬੈਸਾ = ਟਾਹਣੀਆਂ । ਸੂਲਾ = ਮੁੱਢ । ਪੇਡਿ = ਬ੍ਰਿਛ ।

ਹੇਠਾਂ ਟਾਹਣੀਆਂ ਉਪਰ ਮੁੱਢ ਤਿਸ ਬ੍ਰਿਛ ਦੇ ਨਾਲ ਫਲ ਫੁਲ ਲਗੇ ਦੇਖੇ ਹਨ ।

ਹੋਰ (ਅਚੰਭਾ)

**ਘੋਰੈ ਚਰਿ ਭੈਸ ਚਰਾਵਨ ਜਾਈ ॥**

**ਬਾਹਰਿ ਬੈਲੁ ਗੋਨਿ ਘਰਿ ਆਈ ॥ ੪ ॥**

ਘੋੜੇ ਉਤੇ ਚੜ੍ਹਕੇ ਭੈਂਸ ਘੋੜੀਆਂ ਨੂੰ ਚਰਾਉਣ ਜਾਂਦੀ ਦੇਖੀ। ਬੈਲ ਬਾਹਰ ਹੀ ਰਿਹਾ ਅਤੇ ਛੱਟ ਘਰ ਆ ਗਈ ॥

**ਕਹਤ ਕਬੀਰ ਜੁ ਇਸ ਪਦ ਬੂਝੈ ॥**
**ਰਾਮ ਰਮਤ ਤਿਸੁ ਸਭੁ ਕਿਛੁ ਸੂਝੈ ॥ ੫ ॥ ੯ ॥ ੨੨ ॥**
**ਬਾਈਸ ਚਉਪਦੇ ਤਥਾ ਪੰਚਪਦੇ ॥**

(ਜਿੱਕੁਰ ਉਪਰੋਕਤ ਗੱਲਾਂ ਅਸੰਭਵ ਹਨ ਇੱਕੁਰ ਜਗਤ ਅਸੰਭਵ ਹੈ)

ਕਬੀਰ ਜੀ ਕਹਿੰਦੇ ਹਨ ਜੇਹੜਾ ਇਸ ਪਦ ਨੂੰ ਬੁੱਝਦਾ ਹੈ, ਵਾਹਿਗੁਰੂ ਉਚਾਰੇ ਤਿਸਨੂੰ ਸਭ ਕੁਝ ਸੁੱਝ ਆਉਂਦਾ ਹੈ ॥

---

†ਪਹਿਲੇ ਜੀਵ (ਪੂਤ) ਪਵਿਤਰ ਸੀ ਪਰ ਇਸਦੇ ਮਗਰ ਮਾਇਆ ਲਗ ਪਈ, ਨਾਲੇ ਏਹ (ਗੁਰੂ) ਵੱਡਾ ਸੀ ਪਰ ਚੇਲੇ ਮਨ ਦੀ ਪੈਰੀਂ ਲਗ ਪਿਆ ਹੇ ਭਾਈ ਇਕ ਹੋਰ ਤੁਸੀਂ ਅਸਚਰਜ ਬਾਤ ਸੁਣੋਂ ਜੋ ਏਹ ਜੀਵ ਸ਼ੇਰ ਵਤ ਸੀ, ਪਰ ਸੰਸਾਰ ਬਨ ਵਿਚ ਇੰਦ੍ਰੀਆਂ ਗਾਈਆਂ ਨੂੰ ਵਿਸ਼ੇ ਪਰਾਇਣ ਕਰਕੇ ਚਰਾਉਣ ਲਗ ਪਿਆ ਅਤੇ ਜੇਹੜੀ ਬੁੱਧੀ ਰੂਪ ਮੱਛੀ ਨਾਮ ਜਲ ਪਾਸ ਰਹਿੰਦੀ ਸੀ ਪਰ ਅਫਸੋਸ ਓਹ ਕੁਸੰਗ ਬ੍ਰਿਛ ਉਤੇ ਪ੍ਰਸੂਤਾ ਹੋਈ ਅਤੇ ਸੰਤੋਖ ਰੂਪ ਕੁੱਤੇ ਦਾ ਕਤਰਾ ਕਰਕੇ ਤ੍ਰਿਸ਼ਨਾ ਰੂਪ ਬਿੱਲੀ ਲੈ ਗਈ, ਅਤੇ ਗੁਣਾਂ ਨੂੰ ਤਲੇ ਲੈ ਬੈਠਾ ਉੱਪਰ ਸੂਲਾਂ ਕਰ ਲਈਆਂ ਭਾਵ ਲੋਕਾਂ ਵਿਚ ਦੋਸ਼ ਅਰੋਪਣ ਲਗਾ ਤਿਸ ਸਰੀਰ ਰੂਪ ਬ੍ਰਿਛ ਨੂੰ ਕਰਮਾਨੁਸਾਰ ਦੁਖ ਸੁਖ ਫਲ ਫੁਲ ਲਗੇ, ਮਨ ਰੂਪ ਘੋੜੇ ਤੇ ਬੁੱਧੀ ਰੂਪ ਭੈਂਸ ਚੜ੍ਹਕੇ ਹੋਰਨਾਂ ਇੰਦ੍ਰੀਆਂ ਨੂੰ ਵਿਸ਼ੇ ਵਿਕਾਰ ਘਾਹ ਚਰਾਉਣ ਜਾਂਦੀ ਹੈ, ਜੀਵ ਦੇ ਅੰਦਰੋਂ (ਬੈਲ) ਧਰਮ ਬਾਹਿਰ ਹੋਗਿਆ ਅਤੇ ਮਾੜੇ ਕੰਮਾਂ ਰੂਪ ਛੱਟ ਰਿਦੇ ਵਿਚ ਆ ਪਈ ॥

ਅਥਵਾ ਜਦ ਏਹ ਜੀਵ ਪਹਿਲੇ (ਪੂਤ) ਪਵਿੱਤ੍ਰ ਹੋਵੇ ਤਾਂ ਮਾਇਆ ਇਸਦੇ ਪਿਛੇ ਲੱਗ ਤੁਰਦੀ ਹੈ ਕਿਆ ਵਸ ਹੋ ਜਾਂਦੀ ਹੈ ਅਤੇ ਗੁਰਾਂ ਵਤ ਬੜਾ ਵੱਡਾ ਦਿੱਸਣ ਲਗ ਪੈਂਦਾ ਹੈ ਅਤੇ ਫਿਰ ਚੇਲੇ ਮਨ ਦੀ ਪੈਰੀਂ ਨਹੀਂ ਲਗਦਾ ਇਕ ਹੋਰ ਬੜੀ ਅਸਚਰਜ ਬਾਤ ਹੋ ਜਾਂਦੀ ਹੈ ਜੋ ਸ਼ੇਰ ਹੰਕਾਰ ਨੂੰ ਹੱਛੀ ਵਾਸ਼ਨਾ (ਗਾਈਆਂ) ਚਰ ਜਾਂਦੀਆਂ ਹਨ ਅਤੇ ਪਦਾਰਥਾਂ ਵਿਚ ਰਹਿਣ ਵਾਲੀ ਬੁੱਧੀ ਸਤਸੰਗ ਵਿਚ ਪ੍ਰਸੂਤਾ ਹੁੰਦੀ ਹੈ ਅਤੇ ਲੋਭ ਰੂਪ ਕੁੱਤੇ ਦਾ ਕੁਤਰਕਾਂ ਨੂੰ ਖੋਟੀ ਤਰਾਂ ਸ਼ਾਂਤੀ ਰੂਪ ਬਿੱਲੀ ਲੈ ਜਾਂਦੀ ਹੈ ਅਤੇ ਜੇਹੜਾ ਬਾਰ ਬਾਰ ਚੁਰਾਸੀ ਵਿਚ ਫਿਰਦਾ ਹੋਯਾ ਨਰਕ ਰੂਪ ਟੋਏ ਵਿਚ ਪੈਂਦਾ ਸੀ ਓਹ ਉੱਪਰ ਮੂਲ-

# ਆਸਾ ਸ੍ਰੀ ਕਬੀਰ ਜੀਉ ਕੇ ਤਿਪਦੇ ੮ ।

## ਦੁਤੁਕੇ ੭ ਇਕ ਤੁਕਾ ੧

**੧ ੴ ਸਤਿਗੁਰਪ੍ਰਸਾਦਿ ॥ ਬਿੰਦੁ ਤੇ ਜਿਨਿ ਪਿੰਡੁ ਕੀਆ ਅਗਨਿ ਕੁੰਡ ਰਹਾਇਆ ॥**

ਬਿੰਦੁ = ਬੀਰਜ । ਪਿੰਡੁ = ਸਰੀਰ ।

(ਹੇ ਜੀਵ) ਜਿਸ ਵਾਹਿਗੁਰੂ ਨੇ ਜਲ ਦੀ ਛਿੱਟ ਤੋਂ ਤੇਰਾ ਸਰੀਰ ਕੀਤਾ ਅਤੇ ਅਗਨੀ ਦੇ ਕੁੰਡ ਮਾਤਾ ਦੇ ਗਰਭ ਵਿਚ ਰਖਕੇ ਤੇਰੀ ਰਖਿਆ ਕੀਤੀ ।

**ਦਸਮਾਸ ਮਾਤਾ ਉਦਰਿ ਰਾਖਿਆ ਬਹੁਰਿ ਲਾਗੀ ਮਾਇਆ॥੧॥**

ਉਦਰਿ = ਪੇਟ ।

ਦਸ ਮਹੀਨੇ ਮਾਤਾ ਦੇ ਪੇਟ ਵਿਚ ਰਖਿਆ ਕੀਤੀ ਅਤੇ ਜਦ ਬਾਹਰ ਆਇਆ ਤਾਂ ਫਿਰ ਮਗਰ ਮਾਇਆ ਲਗ ਪਈ ।

**ਪ੍ਰਾਨੀ ਕਾਹੇ ਕਉ ਲੋਭਿ ਲਾਗੇ ਰਤਨ ਜਨਮੁ ਖੋਇਆ ॥ ਪੂਰਬ ਜਨਮਿ ਕਰਮ ਭੂਮਿ ਬੀਜੁ ਨਾਹੀ ਬੋਇਆ ॥ ॥ ੧ ॥ ਰਹਾਉ ॥**

ਬੋਇਆ = ਬੀਜਿਆ ।

ਹੇ ਪ੍ਰਾਨੀ ਕਿਸ ਵਾਸਤੇ ਤੂੰ ਲੋਭ ਵਿਚ ਲੱਗਕੇ ਰਤਨ ਜਨਮ ਨੂੰ ਖੋਇਆ ਹੈ, ਇਸ ਜਨਮ ਵਿਚ ਪਿਛਲੀ ਜਨਮ ਰੂਪ ਧਰਤੀ ਵਿਚ, ਹਛੇ ਕਰਮਾਂ ਰੂਪ ਬੀਜ ਨਹੀਂ ਬੀਜਿਆ ਭਾਵ ਇਸ ਜਨਮ ਵਿਚ ਹਛੇ ਕੰਮ ਨਾਂ ਕੀਤੇ ।

**ਬਾਰਿਕ ਤੇ ਬਿਰਧਿ ਭਇਆ ਹੋਨਾ ਸੋ ਹੋਇਆ ਜਾ ਜਮੁ ਆਇ ਝੋਟ ਪਕਰੈ ਤਬਹਿ ਕਾਹੇ ਰੋਇਆ ॥ ੨ ॥**

ਝੋਟ = ਝਾਟਿਓਂ ਵ ਝੋਟ ਮਾਰਕੇ ।

ਬਾਲਿਕ ਤੇ ਬੁੱਢਾ ਹੋਗਿਆ ਜੋ ਹੋਣਾ ਸੀ ਹੋਗਿਆ ਭਾਵ ਮਰਨਾ

---

—ਰੂਪ ਵਾਹਿਗੁਰੂ ਵੱਲ ਜਾਣ ਵਾਲਾ ਹੋਯਾ ਅਤੇ ਤਿਸ ਜਗਿਆਸੂ ਦੇ ਸਰੀਰ ਨੂੰ ਗਿਆਨ ਵੈਰਾਗ ਪੁੰਨ ਰੂਪ ਫਲ ਫਲੇ ਭਾਵ ਫੁਲ ਫੁੱਲੇ ਅਤੇ ਪ੍ਰਾਣਾਂ ਰੂਪੀ ਘੋੜੇ ਤੇ ਚੜ੍ਹਕੇ ਦਸਵੇਂ ਦੁਵਾਰ ਵਿੱਚ ਫਿਰਦਾ ਹੈ ਵਾ ਮਨ ਘੋੜੇ ਤੇ ਚੜ੍ਹਕੇ (ਭੈਂਸ) ਭੈ ਦੇ ਸਹਿਤ ਫਿਰਦਾ ਹੈ ਅੰਤ ਨੂੰ ਆਲਸ ਦੂਰ ਹੋਗਿਆ ਅਤੇ ਮੁਕਤਿ ਘਰ ਵਿਚ ਹੀ ਆ ਗਈ ਭਾਵ ਗ੍ਰਿਹਸਤ ਵਿਚ ਹੀ ਉਧਾਰ ਹੋਗਿਆ ।

ਨੇੜੇ ਆ ਗਿਆ, ਜਮ ਆਕੇ ਝਾਟਿਓਂ ਫੜੇਗਾ ਤਦ ਤੂੰ ਰੋਵੇਂਗਾ ਅਤੇ ਜਮ ਕਹੇਗਾ ਹੁਣ ਤੂੰ ਕਿਸ ਵਾਸਤੇ ਰੋਂਦਾ ਹੈਂ ਓਦੋਂ ਕਿਉਂ ਨਾ ਰੋਇਓਂ ਭਾਵ ਪਹਿਲੇ ਕਿਉਂ ਨਾਂ ਵਾਹਿਗੁਰੂ ਦਾ ਭਜਨ ਕੀਤਾ ॥

**ਜੀਵਨੈ ਕੀ ਆਸ ਕਰਹਿ ਜਮੁ ਨਿਹਾਰੈ ਸਾਸਾ ॥**
**ਬਾਜੀਗਰੀ ਸੰਸਾਰੁ ਕਬੀਰਾ**
**ਚੇਤਿ ਢਾਲਿ ਪਾਸਾ ॥ ੩ ॥ ੧ ॥ ੨੩ ॥**

ਨਿਹਾਰੈ = ਵੇਖੇ ।

ਤੂੰ ਜੀਉਣ ਦੀ ਆਸਾ ਕਰਦਾ ਹੈਂ ਅਤੇ ਜਮ ਤੇਰੇ ਸ੍ਵਾਸਾਂ ਨੂੰ ਦੇਖਦਾ ਹੈ ਕਿ ਕਦ ਪੂਰੇ ਹੁੰਦੇ ਹਨ। ਇਹ ਸੰਸਾਰ ਬਾਜੀਗਰ ਭਾਵ ਝੂਠਾ ਹੈ ਅਤੇ ਕਬੀਰ ਜੀ ਆਖਦੇ ਹਨ ਹੇ ਜੀਵ ਤੂੰ ਵਾਹਿਗੁਰੂ ਨੂੰ ਯਾਦ ਕਰਨ ਰੂਪ ਪਾਸਾ ਢਾਲ ॥

(ਵਾਹਿਗੁਰੂ ਨਾਲ ਅਭੇਦਤਾ ਰੂਪ ਅਨੰਦ ਵਿਆਹੁ)

**ਆਸਾ ॥ ਤਨੁ ਰੈਨੀ ਮਨੁ ਪੁਨਰਪਿ ਕਰਿ ਹਉ**
**ਪਾਚਉ ਤਤ ਬਰਾਤੀ ॥**
**ਰਾਮਰਾਇ ਸਿਉ ਭਾਵਰਿ ਲੈਹਉ ਆਤਮ ਤਿਹ ਰੰਗ ਰਾਤੀ ॥੧॥**

ਰੈਨੀ = ਮੱਟੀ। ਪੁਨਰਪਿ = ਫੇਰ। ਭਾਵਰਿ = ਫੇਰੇ।

ਸਰੀਰ ਨੂੰ ਰੰਗਣ ਵਾਲੀ ਮੱਟੀ ਕਰਕੇ ਮਨ ਨੂੰ ਫੇਰ ਰੰਗਣਾ ਕੀਤਾ ਹੈ। ਅਤੇ ਪੰਜਾਂ ਤੱਤਾਂ ਦਾ ਸਰੀਰ ਝੂਠਾ ਸਮਝਣਾ (ਵਾ ਪੰਚ) ਸੰਤ ਪੰਚ ਜੋ (ਤੱਤ) ਸਚ ਝੂਠ ਦਾ ਵਿਚਾਰ ਕਰਨ ਵਾਲੇ ਹਨ ਏਹ ਬਰਾਤੀ ਹਨ ਵਾਹਿਗੁਰੂ ਨਾਲ ਲਾਵਾਂ ਫੇਰੇ ਲਵਾਂਗੀ ਹੁਣ (ਆਤਮ) ਬੁਧੀ ਉਸ ਪਤੀ ਪ੍ਰਮਾਤਮਾਂ ਦੇ ਪ੍ਰੇਮ ਵਿਚ ਰਤੀ ਹੀ ਰਤੀ ਹੈ।

**ਗਾਉ ਗਾਉਰੀ ਦੁਲਹਨੀ ਮੰਗਲ ਚਾਰਾ ॥**
**ਮੇਰੇ ਗ੍ਰਿਹ ਆਏ ਰਾਜਾ ਰਾਮ ਭਤਾਰਾ ॥ ੧ ॥ ਰਹਾਉ ॥**

ਗ੍ਰਿਹ = ਘਰ

ਹੇ ਸੰਤ ਰੂਪ ਦੁਲਹਨੀਓਂ = ਇਸਤ੍ਰੀਓ ਤੁਸੀ ਸੁੰਦਰ ਮੰਗਲਾਚਾਰ ਗਾਉ = ਕਿਉਂਕਿ ਮੇਰੇ ਘਰ ਪ੍ਰਕਾਸ਼ਕ ਵਾਹਿਗੁਰੂ ਰੂਪ ਪਤੀ ਆਏ ਹਨ।

**ਨਾਭਿ ਕਮਲ ਮਹਿ ਬੇਦੀ ਰਚਿ ਲੇ ਬ੍ਰਹਮ ਗਿਆਨ ਉਚਾਰਾ ॥**
**ਰਾਮ ਰਾਇ ਸੋ ਦੂਲਹੁ ਪਾਇਓ ਅਸ ਬਡਭਾਗ ਹਮਾਰਾ ॥ ੨ ॥**

ਰਿਦੇ ਕਮਲ ਵਿਚ ਸਾਧਨਾ ਰੂਪ ਵੇਦੀ ਰਚੀ ਹੈ ਅਤੇ ਵਾਹਿਗੁਰੂ ਦੇ ਮਿਲਾਉਣ ਦਾ ਕਾਰਨ ਗਿਆਨ ਮਨ ਉਚਾਰਿਆ ਹੈ। ਵਾਹਿਗੁਰੂ ਵਰਗਾ ਵਡਾ ਪਤੀ ਪਾਇਆ ਹੈ, ਇਕੁਰ ਦਾ ਸਾਡਾ ਵਡਾ ਭਾਗ ਹੈ।

**ਸੁਰਿ ਨਰ ਮੁਨਿ ਜਨ ਕਉਤਕ ਆਏ ਕੋਟਿ *ਤੇਤੀਸਉ ਜਾਨਾ ॥ ਕਹਿ ਕਬੀਰ ਮੋਹਿ ਬਿਆਹਿ ਚਲੇ ਹੈ ਪੁਰਖ ਏਕ ਭਗਵਾਨਾ ॥ ੩ ॥ ੨ ॥ ੨੪ ॥**

ਤੇਤੀਸਉ = ਤੇਤੀ ॥ ਜਾਨਾਂ = ਪਾਲਕੀਆਂ ਵਾ ਜਾਨਿਆਂ। ਸੁਰਿ = ਦੇਵਤੇ।

ਦੇਵਤੇ, ਆਦਮੀ, ਮੁਨੀ, ਜਨ ਕੌਤਕ ਦੇਖਣ ਵਾਸਤੇ ਤੇਤੀ ਕਰੋੜ ਦੇਵਤਿਆਂ ਦੇ ਸੰਜੁਗਤ ਸਭ ਪਾਲਕੀਆਂ ਤੇ ਚੜ੍ਹਕੇ ਆਏ ਹਨ, ਕਬੀਰ ਜੀ ਕਹਿੰਦੇ ਹਨ ਮੈਨੂੰ ਵਿਆਹਕੇ ਲੈ ਚਲੇ ਹਨ ਇਕ ਜੋ ਵਾਹਿਗੁਰੂ ਅਕਾਲ ਪੁਰਖ ਹਨ।

**ਆਸਾ ॥ ਸਾਸੁ ਕੀ ਦੁਖੀ ਸਸੁਰ ਕੀ ਪਿਆਰੀ ਜੇਠ ਕੇ ਨਾਮਿ ਡਰਉ ਰੇ ॥**

ਅਵਿਦਜਾ ਰੂਪ ਸੱਸ ਦੀ ਮੈਂ ਦੁਖੀ ਕੀਤੀ ਹੋਈ ਹਾਂ ਕਿਉਂਕਿ ਦੇਹ ਅਧਜਾਸ ਰੂਪ ਸੌਹਰੇ ਦੀ ਮੈਂ ਪਿਆਰੀ ਹੋ ਰਹੀ ਹਾਂ ਅਤੇ ਵਡੇ ਜੇਠ ਧਰਮ ਰਾਜਾ ਦਾ ਮੈਂ ਨਾਮ ਸੁਣਕੇ ਡਰਦੀ ਹਾਂ।

**ਸਖੀ ਸਹੇਲੀ ਨਨਦ ਗਹੇਲੀ ਦੇਵਰ ਕੈ ਬਿਰਹਿ ਜਰਉ ਰੇ॥੧॥**

ਨਨਦ = ਨਣਾਨ। ਗਹੇਲੀ = ਗ੍ਰਸੀ ਹੋਈ ਦੁਖੀ।

ਹੇ ਸਖੀਓ ਸਹੇਲੀਓ ਸੰਤੋ ਇੰਦ੍ਰੀਆਂ ਰੂਪ ਨਣਾਨਾ ਦੀ ਮੈਂ ਗ੍ਰਸੀ ਹੋਈ ਹਾਂ ਇਸ ਲਈ ਦੁਖੀ ਹਾਂ ਅਤੇ ਛੋਟੇ ਦੇਵਰ ਵੈਰਾਗ ਰੂਪ ਦੇ (ਬਿਰਹਿ) ਵਿਛੋੜੇ ਕਰਕੇ ਸੜਦੀ ਹਾਂ।

**ਮੇਰੀ ਮਤਿ ਬਉਰੀ ਮੈ ਰਾਮੁ ਬਿਸਾਰਿਓ ਕਿਨ ਬਿਧਿ ਰਹਨਿ ਰਹਉ ਰੇ ॥**

ਮੈਂ ਵਾਹਿਗੁਰੂ ਨੂੰ ਭੁਲਾ ਦਿਤਾ ਹੈ। ਇਸ ਲਈ ਮੇਰੀ ਮਤ ਬੌਰੀ ਹੋ ਗਈ ਹੈ। ਹੁਣ ਕਿਸ ਰੀਤੀ ਨਾਲ ਰਹਿਣ ਰਹਾਂ। ਭਾਵ ਵਾਹਿਗੁਰੂ ਦੀਆਂ ਧਾਰਨਾਂ ਵਿਚ ਕਿੱਕਰ ਰਹਾਂ।

***ਤੇਤੀਸ, ਉਜਾਨਾ** = ਤੇਤੀ ਕਰੋੜ (ਅਜਾਨ) ਦੇਵਤੇ ਇਕੁਰ ਵੀ ਪਾਠ ਨੂੰ **ਛੇਦਕੇ ਕਰਦੇ ਹਨ।**

**ਸੇਜੈ ਰਮਤੁ ਨੈਨ ਨਹੀ ਪੇਖਉ**
**ਇਹੁ ਦੁਖੁ ਕਾਸਉ ਕਹਉਰੇ ॥ ੧ ॥ ਰਹਾਉ ॥**

ਰਮਤੁ = ਅਭੇਦ ਹੋਣਾ ॥ ਪੇਖਉ = ਵੇਖਾਂ ।

ਰਿਦੇ ਰੂਪ ਸੇਜ ਉਤੇ ਵਾਹਿਗੁਰੂ ਰੂਪ ਪਤੀ ਅਭੇਦ ਹੋਇਆ ਹੋਇਆ ਹੈ ਪਰ ਬੁਧੀ ਰੂਪ ਨੇਤਾਂ ਕਰਕੇ ਨਹੀਂ ਦੇਖ ਸਕਦੀ ਇਸ ਲਈ ਏਹ ਦੁਖ ਕਿਸਨੂੰ ਕਹਾਂ ?

**ਬਾਪੁ ਸਾਵਕਾ ਕਰੈ ਲਰਾਈ ਮਾਇਆ ਸਦ ਮਤ ਵਾਰੀ ॥**

ਸਾਵਕਾ = ਸਕਾ ਵਾ ਮਤ੍ਰੇਇਆ, ਵਾ ਪਹਿਲੇ ਸਮੇਂ ਦਾ ॥

ਸਰੀਰ ਰੂਪ ਸਕਾ ਪਿਤਾ ਖਾਨ ਪਹਿਰਾਨ ਮੰਗਦਾ ਹੈ ਇਹ ਬਾਹਲੀ ਲੜਾਈ ਕਰਦਾ ਹੈ ਅਤੇ ਮਾਇਆ ਨੇ ਤਾਂ ਮੇਰੀ ਸਦਾ ਹੀ ਮੱਤ ਮਾਰ ਛਡੀ ਹੈ ॥

**ਬਡੇ ਭਾਈ ਕੈ ਜਬ ਸੰਗਿ ਹੋਤੀ ਤਬ ਹਉ ਨਾਹ ਪਿਆਰੀ ॥੨॥**

ਨਾਹ = ਪਤੀ ॥

ਜਦ ਮੈਂ ਵਡੇ ਭਾਈ ਗਯਾਨ ਦੇ ਨਾਲ ਹੁੰਦੀ ਸਾਂ ਤੇ ਤਦ ਪਤੀ ਪ੍ਰਮਾਤਮਾਂ ਨੂੰ ਪਿਆਰੀ ਲਗਦੀ ਸਾਂ ।

**ਕਹਤ ਕਬੀਰ ਪੰਚਕੋ ਝਗਰਾ ਝਗਰਤ ਜਨਮੁ ਗਵਾਇਆ ॥**
**ਝੂਠੀ ਮਾਇਆ ਸਭੁ ਜਗੁ ਬਾਧਿਆ**
**ਮੈ ਰਾਮ ਰਮਤ ਸੁਖੁ ਪਾਇਆ ॥ ੩ ॥ ੩ ॥ ੨੫ ॥**

ਰਮਤ = ਉਚਾਰ ॥

ਕਬੀਰ ਜੀ ਕਹਿੰਦੇ ਹਨ ਪੰਜਾਂ ਕਾਮਾਦਿਕਾਂ ਦਾ ਏਹ ਝਗੜਾ ਹੈ ਇਸ ਝਗੜੇ ਨੂੰ ਝਗੜਦਿਆਂ ਹੀ ਸੰਸਾਰ ਵਿਚ ਜੀਵਾਂ ਨੇ ਜਨਮ ਗਵਾ ਲਿਆ ਹੈ, ਝੂਠੀ ਮਾਇਆ ਨੇ ਸਾਰੇ ਜਗਤ ਨੂੰ ਬੰਨਿਆਂ ਹੋਇਆ ਹੈ ਮੈਂ ਵਾਹਿਗੁਰੂ ਨੂੰ ਉਚਾਰਕੇ ਸੁਖ ਪਾਇਆ ਹੈ ॥

**ਆਸਾ ॥ ਹਮ ਘਰਿ ਸੂਤੁ ਤਨਹਿ ਨਿਤ ਤਾਨਾ ॥**
**ਕੰਠਿ ਜਨੇਊ ਤੁਮਾਰੇ ॥**
**ਤੁਮ ਤਉ ਬੇਦ ਪੜਹੁ ਗਾਇਤ੍ਰੀ ਗੋਬਿੰਦੁ ਰਿਦੈ ਹਮਾਰੇ ॥ ੧ ॥**

ਕੰਠਿ = ਗਲ ।

(ਹੇ ਮੁਕੰਦ ਪਾਂਡੇ) ਸਾਡੇ ਘਰ ਵਿਚ ਤਾਂ ਰੋਜ ਹੀ ਸੂਤ ਦਾ ਤਾਣਾਂ ਤਣਿਆਂ ਜਾਂਦਾ ਹੈ ਅਤੇ ਤੇਰੇ ਗਲ ਵਿਚ ਜਨੇਉ ਹੈ ਭਾਵ ਤੇਰੇ ਪਾਸ ਤਾਂ

ਥੋੜਾ ਜੇਹਾ ਸੂਤ ਹੈ ਤੇ ਸਾਡੇ ਪਾਸ ਬਹੁਤ ਸਾਰਾ ਹੈ ਅਤ ਤੁਸੀ ਤਾਂ ਵੇਦ ਪੜਦੇ ਹੋ ਗਾਇਤ੍ਰੀ ਦਾ ਜਾਪ ਜਪਦੇ ਹੋ ਅਤੇ ਸਾਡੇ ਰਿਦੇ ਵਿਚ ਵਾਹਿਗੁਰੂ ਹੈ ਭਾਵ ਵੇਦਾਂ ਗਾਇਤ੍ਰੀਆਂ ਦਾ ਵੱਡਾ ਸਾਡੇ ਰਿਦੇ ਵਿਚ ਹੈ।

**ਮੇਰੀ ਜਿਹਬਾ ਬਿਸਨੁ ਨੈਨ ਨਾਰਾਇਨ ਹਿਰਦੈ ਬਸਹਿ ਗੋਬਿੰਦਾ॥ ਜਮ ਦੁਆਰ ਜਬ ਪੂਛਸਿ ਬਵਰੇ ਤਬ ਕਿਆ ਕਹਸਿ ਮੁਕੰਦਾ॥ ੧॥ ਰਹਾਉ ॥**

ਮੇਰੀ ਰਸਨਾਂ ਤੇ ਵਾਹਿਗੁਰੂ, ਨੇਤ੍ਰਾਂ ਵਿਚ ਵਾਹਿਗੁਰੂ ਅਤੇ ਰਿਦੇ ਵਿੱਚ ਵੀ ਵਾਹਿਗੁਰੂ ਵਸਦਾ ਹੈ, ਹੇ ਬੌਰ ਮੁਕੰਦੇ ਤੈਨੂੰ ਜਦ ਜਮ ਦੇ ਬੂਹੇ ਤੇ ਪੁਛਿਆ ਜਾਵੇਗਾ ਤਦ ਤੂੰ ਕੀ ਕਹੇਂਗਾ ?

**ਹਮ ਗੋਰੂ ਤੁਮ ਗੁਆਰ ਗੁਸਾਈ ਜਨਮ ਜਨਮ ਰਖਵਾਰੇ॥ ਕਬਹੂੰ ਨ ਪਾਰ ਉਤਾਰਿ ਚਰਾਇਹੁ ਕੈਸੇ ਖਸਮ ਹਮਾਰੇ॥ ੨॥**

ਗੋਰੂ = ਗਾਈਆਂ॥

ਅਸੀਂ ਭਗਤ ਲੋਕ ਗਾਈਆਂ ਹਾਂ ਤੁਸੀ ਗੁਸਾਂਈ ਮਾਲਕ ਗੁਵਾਲੇ ਹੋ ਭਾਵ ਸਾਡੀ ਰਖਿਆ ਕਰਨ ਵਾਲੇ ਜਨਮ ੨ ਤੋਂ ਰਖਵਾਲੇ ਚਲੇ ਆਏ ਹੋ। ਪਰ ਅਫਸੋਸ ਸੰਸਾਰ ਨਦੀ ਤੋਂ ਪਾਰ ਉਤਾਰਕੇ ਕਦੀ ਵੀ ਸਾਨੂੰ ਵਾਹਿਗੁਰੂ ਦਾ ਨਾਮ ਰੂਪ ਘਾਹ ਨਾ ਚਰਾਇਆ ਭਾਵ ਸਾਡਾ ਉਧਾਰ ਨਾ ਕੀਤਾ ਤੇ ਕੀਕਣ ਦੇ ਤੁਸੀਂ ਸਾਡੇ ਖਸਮ ਹੋ ?

**ਤੂੰ ਬਾਮ੍ਹਨੁ ਮੈ ਕਾਸੀਕ ਜੁਲਹਾ ਬੂਝਹੁ ਮੋਰ ਗਿਆਨਾ॥ ਤੁਮ੍ਹ ਤਉ ਜਾਚੇ ਭੂਪਤਿ ਰਾਜੇ ਹਰਿ ਸਉ ਮੋਰ ਧਿਆਨਾ॥ ੩॥ ੪॥ ੨੬॥**

ਤੂੰ ਬਾਹਮਨ ਹੈਂ ਮੈਂ ਕਾਂਸ਼ੀ ਦੇ ਰਹਿਣ ਵਾਲਾ ਜੁਲਾਹਾ ਹਾਂ। ਭਾਵ ਤੂੰ ਟੇਢੇ ਮਨ ਵਾਲਾ ਹੈਂ ਅਤੇ ਮੈਂ ਵਾਹਿਗੁਰੂ ਦੇ ਨਾਮ ਦਾ ਲਾਭ ਲੈਣ ਵਾਲਾ ਹਾਂ ਇਕ ਮੇਰਾ ਗਿਆਨ ਬੁਝ ਖਾਂ ਤੂੰ ਤਾਂ ਧਰਤੀ ਦੇ ਪਤੀ ਰਾਜੇ ਮੰਗੇ। ਭਾਵ ਮੰਗਕੇ ਖਾਂਦਾ ਹੈਂ ਅਤੇ ਮੇਰਾ ਇਕ ਵਾਹਿਗੁਰੂ ਵਲ ਧਿਆਨ ਹੈ। ਭਾਵ ਮੈਂ ਕਿਰਤ ਕਰਕੇ ਖਾਂਦਾ ਹਾਂ ਅਤੇ ਹੋਰਨਾਂ ਨੂੰ ਖੁਆਉਂਦਾ ਹਾਂ ਅਤੇ ਨਾਮ ਜਪਦਾ ਹਾਂ ਅਤੇ ਤੂੰ ਝੂਠ ਬੋਲਦਾ ਹੈਂ ਅਤੇ ਮੰਗਕੇ ਖਾਂਦਾ ਹੈਂ॥

**ਆਸਾ॥ ਜਗਿ ਜੀਵਨੁ ਐਸਾ ਸੁਪਨੇ ਜੈਸਾ ਜੀਵਨ ਸੁਪਨ ਸਮਾਨੰ॥**

ਜਗ ਜੀਵਨ ਰੂਪ ਵਾਹਿਗੁਰੂ ਜੋ ਹੈ ਸੋ ਐਸਾ ਜੀਵਾਂ ਨੇ ਸਮਝਿਆ ਹੈ ਜੈਸਾ ਸੁਪਨਾ ਹੁੰਦਾ ਹੈ। ਭਾਵ ਜਗਤ ਦੇ ਜੀਵਾਉਣ ਵਾਲਾ ਵਾਹਿਗੁਰੂ ਇੱਕੁਰ ਦਾ ਜਗਤ ਦੇ ਜੀਵਾਂ ਨੇ ਸਮਝਿਆ ਹੋਇਆ ਹੈ ਜਿਕਰ ਦਾ ਸੁਪਨਾ ਝੂਠਾ ਹੁੰਦਾ ਹੈ ਅਤੇ ਜੇਹੜਾ ਜੀਉਣਾ ਸੀ ਸੋ ਸੁਪਨੇ ਦੇ ਸਮਾਨ ਤੁਛ ਨਾਸਵੰਤ ਸੀ (ਪਰ ਤਿਸ ਨੂੰ ਅਸਾਂ)

## ਸਾਚੁ ਕਰਿ ਹਮ ਗਾਠਿ*ਦੀਨੀ ਛੋਡਿ ਪਰਮ ਨਿਧਾਨੰ ॥ ੧ ॥

ਸੱਚ ਜਾਣ ਕਰਕੇ ਅਸਾਂ ਗੰਢ ਦੇ ਰਖੀ ਹੈ, ਅਤੇ ਛੱਡ ਦਿੱਤਾ ਹੈ ਪਰਮ ਨਿਧੀਆਂ ਦਾ ਖਜਾਨਾ ਵਾਹਿਗੁਰੂ।

## ਬਾਬਾ ਮਾਇਆ ਮੋਹ ਹਿਤੁ ਕੀਨ੍ਹ ॥
## ਜਿਨਿ ਗਿਆਨੁ ਰਤਨੁ ਹਿਰਿ ਲੀਨ੍ਹ ॥ ੧ ॥ ਰਹਾਉ ॥

ਹਿਰਿ = ਨਾਸ ॥ ਮੋਹ = ਵਿੱਚ ਵ ਮੋਹੁ ਪਜਾਰ ॥

ਹੇ ਭਾਈ ਜੀਵ ਨੇ ਮੋਹਤ ਹੋਕੇ ਮਾਇਆ ਵਿੱਚ ਹਿਤ ਕੀਤਾ ਹੈ, ਜਿਸ ਮਾਇਆ ਦੇ ਮੋਹ ਨੇ ਗਿਆਨ ਰਤਨ ਨੂੰ ਚੁਰਾ ਲਿਆ ਹੈ।

## ਨੈਨ ਦੇਖਿ ਪਤੰਗੁ ਉਰਝੈ ਪਸੁ ਨ ਦੇਖੈ ਆਗਿ ॥
## ਕਾਲ ਫਾਸ ਨ ਮੁਗਧੁ ਚੇਤੈ ਕਨਿਕ ਕਾਮਿਨਿ ਲਾਗਿ ॥ ੨ ॥

ਕਨਿਕ = ਸੋਨਾ ॥ ਕਾਮਿਨਿ = ਇਸਤ੍ਰੀ ॥

ਜਿੱਕੁਰ ਨੇਤ੍ਰੀਂ ਦੇਖਕੇ ਪਤੰਗਾ ਉਲਝ ਪੈਂਦਾ ਹੈ ਤੇ ਪਸ਼ੂ ਅੱਗ ਨੂੰ ਨਹੀਂ ਵੇਖਦਾ। ਇਕੁਰ ਹੀ ਮੂਰਖ ਜੀਵ ਵਾਹਿਗੁਰੂ ਨੂੰ ਨਹੀਂ ਯਾਦ ਕਰਦਾ ਅਤੇ ਸੋਨੇ ਇਸਤ੍ਰੀ ਆਦਿਕ ਵੱਲ ਲੱਗਾ ਹੋਯਾ ਹੈ ਕਿਸੇ ਦਿਨ ਉਸ ਪਤੰਗ ਵਾਕੁਰ ਕਾਲ ਦੀ ਫਾਹੀ ਆ ਪਵੇਗੀ ਵਾ ਕਾਲ ਫਾਸ ਨੂੰ ਨਹੀਂ ਯਾਦ ਕਰਦਾ।

## ਕਰਿ ਬਿਚਾਰੁ ਬਿਕਾਰ ਪਰਹਰਿ ਤਰਨ ਤਾਰਨ ਸੋਇ ॥
## ਕਹਿ ਕਬੀਰ ਜਗ ਜੀਵਨੁ ਐਸਾ ਦੁਤੀਅ ਨਾਹੀ ਕੋਇ ॥ ੩ ॥ ੫ ॥ ੨੭ ॥

ਪਰਹਰਿ = ਤਿਆਗ ॥

ਵਾਹਿਗੁਰੂ ਦੀ ਵਿਚਾਰ ਕਰ ਅਤੇ ਵਿਕਾਰਾਂ ਨੂੰ ਛੱਡ ਕਿਉਂਕਿ ਸੰਸਾਰ ਸਮੁੰਦਰ ਤੋਂ ਤਾਰਨ ਨੂੰ ਜਹਾਜ ਓਹੋ ਵਾਹਿਗੁਰੂ ਹੈ, ਕਬੀਰ ਜੀ ਕਹਿੰਦੇ ਹਨ

---

*ਜਦ ਕਿਸੇ ਨੂੰ ਕਿਸੇ ਗੱਲ ਦਾ ਚੇਤਾ ਨਾ ਰਹੇ ਤਾਂ ਓਹ ਯਾਦ ਰਖਣ ਵਾਸਤੇ ਪੱਲੇ ਨੂੰ ਗੰਢ ਦੇ ਲੈਂਦਾ ਹੈ।

ਜਗ ਜੀਵਨ ਇੱਕਰ ਦਾ ਹੈ ਜਿਸਦੇ ਬਰਾਬਰ ਦੂਜਾ ਕੋਈ ਨਹੀਂ ਹੈ।

(ਜਿੱਕੁਰ ਨਕਲੀਆ ਬਹੁਤੇ ਰੂਪ ਬਣੌਂਦਾ ਹੈ ਤਿਕੁਰ ਹੀ ਜੀਵ ਜੂਨੀਆਂ ਵਿਚ ਪੈਕੇ ਬਹੁਤੇ ਰੂਪ ਧਾਰਦਾ ਹੈ)

**ਆਸਾ ॥ ਜਉ ਮੈ ਰੂਪ ਕੀਏ ਬਹੁਤੇਰੇ ਅਬ ਫੁਨਿ ਰੂਪੁ ਨ ਹੋਈ ॥**

ਫੁਨਿ = ਫੇਰ ॥

ਜਦ ਮੈਂ ਵਾਹਿਗੁਰੂ ਵਲੋਂ ਬੇਮੁਖ ਸੀ ਤਾਂ ਮੈਂ ਬਹੁਤ ਸਾਰੇ ਰੂਪ ਕੀਤੇ ਸਨ ਭਾਵ ਬਹੁਤ ਜਨਮ ਲੀਤੇ ਸਨ ਹੁਣ ਫੇਰ ਇਕ ਰੂਪ ਵੀ ਨਹੀਂ ਹੁੰਦਾ ਭਾਵ ਹੁਣ ਵਾਹਿਗੁਰੂ ਨਾਲ ਮਿਲ ਗਏ ਹਾਂ।

**ਤਾਗਾ ਤੰਤੁ ਸਾਜੁ ਸਭੁ ਥਾਕਾ ਰਾਮ ਨਾਮ ਬਸਿ ਹੋਈ ॥ ੧ ॥**

ਤੰਤੁ = ਤੰਤ, ਤਾਰ

ਮੋਹ ਰੂਪ ਧਾਗਾ, ਵਾਸ਼ਨਾਂ ਰੂਪ ਤਾਣਾਂ, ਇਤਯਾਦਕ ਹੋਰ ਜੇਹੜਾ ਸਾਜ ਸੀ ਸੋ ਸਭ ਥਕ ਗਿਆ ਭਾਵ ਟੁੱਟ ਗਿਆ ਵਾ ਮੈਂ ਉਨ੍ਹਾਂ ਦੇ ਵਜੌਣ ਵਲੋਂ ਥਕ ਗਿਆ ਹਾਂ ਕਿਉਂਕਿ ਵਾਹਿਗੁਰੂ ਦੇ ਨਾਮ ਦੇ ਵੱਸ ਮੇਰੀ ਅਕਲ ਹੋ ਗਈ ਹੈ ਵਾ ਵਾਹਿਗੁਰੂ ਵਿਚ ਵੱਸੀ ਹੋਈ ਹੈ।

**ਅਬ ਮੋਹਿ ਨਾਚਨੋ ਨ ਆਵੈ ॥**

**ਮੇਰਾ ਮਨੁ ਮੰਦਰੀਆ ਨ ਬਜਾਵੈ ॥ ੧ ॥ ਰਹਾਉ ॥**

ਮੰਦਰੀਆ = ਮ੍ਰਿਦੰਗ ਵਾ ਢੋਲ ॥

ਹੁਣ ਮੈਨੂੰ ਨੱਚਣਾਂ ਨਹੀਂ ਔਂਦਾ, ਭਾਵ ਜੂਨਾਂ ਵਿੱਚ ਪੈਣਾਂ ਨਹੀਂ ਆਉਂਦਾ ਅਤੇ ਨਾ ਹੀ ਮੇਰਾ ਮਨ ਦ੍ਵੈਤ ਰੂਪ ਢੋਲਕੀ ਬਜੌਂਦਾ ਹੈ।

**ਕਾਮੁ ਕ੍ਰੋਧੁ ਮਾਇਆ ਲੈ ਜਾਰੀ ਤ੍ਰਿਸਨਾ ਗਾਗਰਿ ਫੂਟੀ ॥**

**ਕਾਮ ਚੋਲਨਾ ਭਇਆ ਹੈ ਪੁਰਾਨਾ**

**ਗਇਆ ਭਰਮੁ ਸਭੁ ਛੂਟੀ ॥ ੨ ॥**

ਕਾਮ ਕ੍ਰੋਧ ਮਾਇਆ ਫੜਕੇ ਸਾੜ ਦਿੱਤੀ ਹੈ ਅਤੇ ਤ੍ਰਿਸ਼ਨਾ ਗਾਗਰ ਵੀ ਫੁੱਟ ਗਈ ਹੈ ਅਤੇ ਕਾਮ ਰੂਪ ਚੋਲਣਾ ਵੀ ਪੁਰਾਣਾ ਹੋ ਗਿਆ ਹੈ ਅਤੇ ਭਰਮ ਵੀ ਸਾਰਾ ਛੁਟ ਗਿਆ ਹੈ ਵਾ ਅਸੀਂ ਭਰਮ ਤੋਂ ਛੁਟ ਗਏ ਹਾਂ।

**ਸਰਬ ਭੂਤ ਏਕੈ ਕਰਿ ਜਾਨਿਆ ਚੂਕੇ ਬਾਦ ਬਿਬਾਦਾ ॥**

**ਕਹਿ ਕਬੀਰ ਮੈ ਪੂਰਾ ਪਾਇਆ ਭਏ**

**ਰਾਮਪਰਸਾਦਾ ॥ ੩ ॥ ੬ ॥ ੨੮ ॥**

ਭੂਤ = ਜੀ, ਪੰਜਾਂ ਭੂਤਾਂ ਦੇ ॥ ਬਾਦ = ਬਿਅਰਥ । ਬਿਬਾਦਾ = ਝਗੜਾ ॥

ਸਾਰਿਆਂ ਜੀਵਾਂ ਵਿਚ ਇਕ ਵਾਹਿਗੁਰੂ ਜਾਨਣਾ ਕੀਤਾ ਹੈ ਅਤੇ ਬਿਅਰਥ ਝਗੜੇ ਚੁਕ ਗਏ ਹਨ ਕਬੀਰ ਜੀ ਕਹਿੰਦੇ ਹਨ ਵਾਹਿਗੁਰੂ ਦੀ ਕਿਰਪਾ ਹੋਣ ਕਰਕੇ ਮੈਂ ਪੂਰਾ ਗਜਾਨ ਪਾ ਲਿਆ ਹੈ ॥

(ਉਪਦੇਸ਼)

**ਆਸਾ ॥ ਰੋਜਾ ਧਰੈ ਮਨਾਵੈ ਅਲਹੁ ਸੁਆਦਤਿ ਜੀਅ ਸੰਘਾਰੈ ॥ ਆਪਾ ਦੇਖਿ ਅਵਰ ਨਹੀ ਦੇਖੈ ਕਾਹੇ ਕਉ*ਝਖ ਮਾਰੈ ॥ ੧ ॥**

ਸੰਘਾਰੈ = ਮਾਰੇ ॥

ਰੋਜ਼ਿਆਂ ਨੂੰ ਧਾਰਦਾ ਹੈਂ ਅੱਲਾ ਨੂੰ ਮਨਾਂਉਦਾ ਹੈਂ ਅਤੇ ਸੁਾਦ ਵਾਸਤੇ ਜੀਆਂ ਨੂੰ ਮਾਰਦਾ ਹੈਂ, ਆਪਣੇ ਵਲ ਦੇਖਦਾ ਹੈਂ ਅਤੇ ਹੋਰਨਾਂ ਵਲ ਨਹੀਂ ਦੇਖਦਾ ਭਾਵ ਜਿਹਾਕੁ ਤੂੰ ਆਪਣੀ ਪਿਆਰੀ ਜਾਨ ਸਮਝਦਾ ਹੈਂ ਏਹੋ ਜੇਹੀ ਹੋਰਨਾਂ ਦੀ ਹੈ ਇਸ ਲਈ ਜੀਆਂ ਨੂੰ ਮਾਰਕੇ ਕਿਉਂ ਝਖਾਂ ਮਾਰਦਾ ਹੈਂ ਏਹ ਨਿਮਾਜ ਰੋਜੇ ਐਵੇਂ ਝਖਾਂ ਮਾਰਨੀਆਂ ਹਨ ।

**ਕਾਜੀ ਸਾਹਿਬੁ ਏਕੁ ਤੋਹੀ ਮਹਿ ਤੇਰਾ ਸੋਚਿ ਬਿਚਾਰਿ ਨ ਦੇਖੈ ॥ ਖਬਰਿ ਨ ਕਰਹਿ ਦੀਨ ਕੇ ਬਉਰੇ ਤਾਤੇ ਜਨਮੁ ਅਲੇਖੈ ॥ ੧ ॥ ਰਹਾਉ ॥**

ਹੇ ਕਾਜੀ ਵਾਹਿਗੁਰੂ ਇਕ ਤੇਰੇ ਵਿਚ ਹੀ ਹੈ ਅਤੇ ਤੇਰਾ ਹੀ ਹੈ ਇਹੁ ਸੋਚ ਵਿਚਾਰਕੇ ਤੂੰ ਨਹੀਂ ਦੇਖਦਾ ਵਾ ਸਾਨੂੰ ਇਸਦੀ ਬੜੀ ਸੋਚ ਹੈ ਪਰ ਤੂੰ ਵਿਚਾਰਕੇ ਨਹੀਂ ਦੇਖਦਾ,ਹੇ ਦੀਨ ਦੇ ਬੌਰੇ ਤੂੰ ਕਿਸੇ ਨੂੰ ਅੱਲਾ ਦੀ ਖਬਰ ਨਹੀਂ ਕਰਦਾ ਭਾਵ ਉਪਦੇਸ਼ ਨਹੀਂ ਦੇਂਦਾ ਇਸ ਲਈ ਤੇਰਾ ਜਨਮ ਲੇਖੇ ਤੋਂ ਬਿਨਾ ਬਿਅਰਥ ਹੈ।

**ਸਾਚੁ ਕਤੇਬ ਬਖਾਨੈ ਅਲਹੁ ਨਾਰਿ ਪੁਰਖੁ ਨਹੀ ਕੋਈ॥ ਪਢੇ ਗੁਨੇ ਨਾਹੀ ਕਛੁ ਬਉਰੇ ਜਉ ਦਿਲ ਮਹਿ ਖਬਰਿ ਨ ਹੋਈ ॥ ੨ ॥**

ਗੁਨੇ = ਵਿਚਾਰੇ ॥

ਕਤਾਬ ਨੂੰ ਸੱਚੀ ਆਖਦਾ ਹੈਂ ਵਾ ਸੱਚੇ ਵਾਹਿਗੁਰੂ ਨੂੰ ਕੁਰਾਨ ਸ਼ਰੀਫ ਕਤੇਬ ਕੈਂਹਦੀ ਹੈ ਕਿ ਓਹ ਨਾਰਿ ਪੁਰਖ ਤੇ ਕੋਈ ਨਹੀਂ ਭਾਵ ਵਾਹਿਗੁਰੂ ਨਾ ਇਸਤ੍ਰੀ ਹੈ ਨਾ ਪੁਰਖ ਹੈ। ਵਾ ਸਭ ਕਤਾਬਾਂ ਏਹ ਸੱਚ ਆਖਦੀਆਂ ਹਨ

*ਝਖ = ਮੱਛੀ ਨੂੰ ਵੀ ਭਾਸ਼ਾ ਵਿਚ ਆਖਦੇ ਹਨ ।

ਕਿ ਇਕ ਵਾਹਿਗੁਰੂ ਸੱਚਾ ਹੈ ਅਤੇ ਹੋਰ ਇਸਤ੍ਰੀ ਪੁਰਖ ਸਭ ਝੂਠੇ ਹਨ ਇਸਥਿਤ ਰਹਿਣ ਵਾਲਾ ਕੋਈ ਨਹੀਂ ਹੇ ਬੌਰੇ ਜੇ ਦਿਲ ਵਿਚ ਅੱਲਾ ਦੀ ਖਬਰ ਨਹੀਂ ਤਾਂ ਪੜ੍ਹਿਆਂ ਸੁਣਿਆਂ ਕੁਝ ਨਹੀਂ ਹੁੰਦਾ।

**ਅਲਹੁ ਗੈਬੁ ਸਗਲ ਘਟ ਭੀਤਰਿ ਹਿਰਦੈ ਲੇਹੁ ਬਿਚਾਰੀ ॥ ਹਿੰਦੂ ਤੁਰਕ ਦੁਹੂ ਮਹਿ ਏਕੈ ਕਹੈ ਕਬੀਰ ਪੁਕਾਰੀ ॥ ੩ ॥ ੭ ॥ ੨੯ ॥**

ਗੈਬੁ = ਛਪਿਆ ਹੋਯਾ ॥ ਭੀਤਰਿ = ਅੰਦਰ ॥

ਅੱਲਾ ਸਾਰਿਆਂ ਰਿਦਿਆਂ ਵਿਚ ਛਪਿਆ ਹੋਯਾ ਹੈ ਤੂੰ ਆਪ ਆਪਨੇ ਰਿਦੇ ਵਿਚ ਵਿਚਾਰਕੇ ਦੇਖ ਲੈ ॥ ਹਿੰਦੂ ਅਤੇ ਤੁਰਕਾਂ ਦੋਹਾਂ ਵਿਚ ਇਕੋ ਹੀ ਹੈ ਕਬੀਰ ਜੀ ਪੁਕਾਰਕੇ ਆਖਦੇ ਹਨ।

**ਆਸਾ ॥ ਤਿਪਦਾ ॥ ਇਕ ਤੁਕਾ ॥ ਕੀਓ ਸਿੰਗਾਰੁ ਮਿਲਨ ਕੇ ਤਾਈ ॥ ਹਰਿ ਨ ਮਿਲੇ ਜਗ ਜੀਵਨ ਗੁਸਾਈ ॥ ੧ ॥**

ਮੈਂ ਵਾਹਿਗੁਰੂ ਦੇ ਮਿਲਨ ਵਾਸਤੇ ਸਿੰਗਾਰ ਕੀਤਾ ਭਾਵ ਸਾਧਨ ਕੀਤੇ ਪਰ ਜਗ ਜੀਵਨ ਗੁਸਾਂਈ ਵਾਹਿਗੁਰੂ ਮੈਨੂੰ ਨਹੀਂ ਮਿਲਦਾ ॥

**ਹਰਿ ਮੇਰੋ ਪਿਰੁ ਹਉ ਹਰਿ ਕੀ ਬਹੁਰੀਆ ॥ ਰਾਮ ਬਡੇ ਮੈ ਤਨਕ ਲਹੁਰੀਆ ॥ ੧ ॥ ਰਹਾਉ ॥**

ਬਹੁਰੀਆ = ਇਸਤ੍ਰੀ ॥ ਤਨਕ = ਥੋੜਾ ॥ ਲਹੁਰੀਆ = ਛੋਟੀ॥

ਵਾਹਿਗੁਰੂ ਮੇਰਾ ਪਤੀ ਹੈ ਅਤੇ ਮੈਂ ਵਾਹਿਗੁਰੂ ਦੀ ਇਸਤ੍ਰੀ ਹਾਂ ਫਕਤ ਫਰਕ ਏਹ ਹੈ ਕਿ ਵਾਹਿਗੁਰੂ ਵਡੇ ਹਨ ਮੈਂ ਬਹੁਤ ਹੀ ਛੋਟੀ (ਸਾਗਰ ਬੂੰਦ ਵਾਙੂ) ਹਾਂ।

**ਧਨ ਪਿਰ ਏਕੈ ਸੰਗਿ ਬਸੇਰਾ ॥ ਸੇਜ ਏਕ ਪੈ ਮਿਲਨੁ ਦੁਹੇਰਾ ॥ ੨ ॥**

ਧਨ = ਇਸਤ੍ਰੀ ॥ ਦੁਹੇਰਾ = ਔਖਾ ॥

ਜੀਵ ਰੂਪ ਇਸਤ੍ਰੀ ਅਤੇ ਵਾਹਿਗੁਰੂ ਰੂਪ ਪਤੀ ਦਾ ਵੀ ਇਕ ਸਰੀਰ ਨਾਲ ਹੀ ਵਾਸਾ ਹੈ, ਰਿਦੇ ਰੂਪ ਸੇਜਾ ਵੀ ਇਕ ਹੈ ਪਰ ਮਿਲਣਾ ਬੜਾ ਔਖਾ ਹੈ ॥

**ਧੰਨਿ ਸੁਹਾਗਨਿ ਜੋ ਪੀਅ ਭਾਵੈ ॥ ਕਹਿ ਕਬੀਰ ਫਿਰਿ ਜਨਮਿ ਨ ਆਵੈ ॥ ੩ ॥ ੮ ॥ ੩੦ ॥**

ਸੋ ਸੁਹਾਗਣਿ ਧੰਨ ਹੈ ਜੇਹੜੀ ਵਾਹਿਗੁਰੂ ਪਯਾਰੇ ਨੂੰ ਭਾਉਂਦੀ ਹੈ ਕਬੀਰ ਜੀ ਕਹਿੰਦੇ ਹਨ ਫਿਰ ਉਹ ਜਨਮ ਵਿਚ ਨਹੀਂ ਔਂਦੀ ॥

ਆਸਾ ਸ੍ਰੀ ਕਬੀਰ ਜੀਉ ਕੇ ਦੁਪਦੇ

੧ ੴ ਸਤਿਗੁਰਪ੍ਰਸਾਦਿ ॥

**ਹੀਰੈ ਹੀਰਾ ਬੇਧਿ ਪਵਨ ਮਨੁ ਸਹਜੇ ਰਹਿਆ ਸਮਾਈ ॥**
**ਸਗਲ ਜੋਤਿ ਇਨਿ ਹੀਰੈਬੇਧੀ ਸਤਿਗੁਰ ਬਚਨੀ ਮੈ ਪਾਈ॥੧॥**

ਬੇਧਿ = ਵਿੰਨਿਆਂ ॥

ਜਿੱਕਰ ਹੀਰੇ ਨਾਲ ਹੀਰਾ ਵਿੰਨਿਆਂ ਜਾਂਦਾ ਹੈ ਅਤ ਤਾਂ ਉਹ ਮਣਕੇ ਪਰੋਇ ਜਾਂਦੇ ਹਨ। ਇੱਕੁਰ ਹੀ (ਜਦ ਸ੍ਵਾਸਾਂ ਨੂੰ ਰੋਕਿਆ ਅਤੇ) ਹੀਰੇ ਵਾਹਿਗੁਰੂ ਨਾਲ ਹੀਰਾ ਜੀਵ ਮਿਲਿਆ ਤਾਂ ਪਵਨ ਵਤ ਮਨ ਉੱਡਣ ਵਾਲਾ ਸਹਿਜੇ ਹੀ ਵਾਹਿਗੁਰੂ ਵਿੱਚ ਸਮਾ ਰਿਹਾ। ਸਾਰੇ ਚੰਦ੍ਰਮਾਂ ਸੂਰਜ ਆਦਿਕ ਦੀ ਜੋਤਿ ਇਸ ਵਾਹਿਗੁਰੂ ਰੂਪ ਹੀਰੇ ਨੇ ਵਿੰਨ੍ਹੀ ਹੋਈ ਹੈ। (ਵਾ ਇਸ ਵਿੱਚ ਮਿਲੀ ਹੋਈ ਹੈ) ਸਭ ਵਾਹਿਗੁਰੂ ਦੇ ਹੁਕਮਾਨੁਸਾਰ ਪ੍ਰਕਾਸ਼ ਕਰਦ ਹਨ ਏਹ ਗਲ ਮੈਂ ਗੁਰਾਂ ਦੇ ਬਚਨਾਂ ਦੁਆਰਾ ਪਾਈ ਹੈ।

**ਹਰਿ ਕੀ ਕਥਾ ਅਨਾਹਦ ਬਾਨੀ ॥**
**ਹੰਸੁ ਹੁਇ ਹੀਰਾ ਲੇਇ ਪਛਾਨੀ ॥ ੧ ॥ ਰਹਾਉ ॥**

ਅਨਾਹਦ = ਇਕ ਰਸ ॥ ਬਾਨੀ = ਬਣ ਰਹੀ ਹੈ ॥

ਵਾਹਿਗੁਰੂ ਦੀ ਕਥਾ ਇਕ ਰਸ ਬਣ ਰਹੀ ਹੈ ਮਨ ਸਰੋਵਰ ਰੂਪ ਸਤਸੰਗ ਵਿਚ ਜਾਕੇ ਜੇਹੜਾ ਅੰਦਰੋਂ ਬਾਹਰੋਂ ਹੰਸ ਵਤ ਸੰਤ ਨਿਰਮਲ ਹੈ ਉਹ ਹੀਰਾ ਗਜ਼ਾਨ, ਨਾਮ, ਪਛਾਣ ਲੈਂਦਾ ਹੈ ॥

**ਕਹਿ ਕਬੀਰ ਹੀਰਾ ਅਸ ਦੇਖਿਓ ਜਗ ਮਹਿ ਰਹਾ ਸਮਾਈ ॥**
**ਗੁਪਤਾ ਹੀਰਾ ਪ੍ਰਗਟ ਭਇਓ**
**ਜਬ ਗੁਰ ਗਮ ਦੀਆ ਦਿਖਾਈ ॥ ੨ ॥ ੧ ॥ ੩੧ ॥**

ਗਮ = ਪਹੁੰਚਣਾਂ ॥

ਕਬੀਰ ਜੀ ਕਹਿੰਦੇ ਹਨ ਅਸਾਂ ਇਕੁਰ ਦਾ ਹੀਰਾ ਵੇਖਿਆ ਹੈ ਜੇਹੜਾ ਸਾਰੇ ਜੱਗ ਵਿਚ ਸਮਾ ਰਿਹਾ ਹੈ ਛੁਪਿਆ ਹੋਇਆ ਹੀਰਾ ਪ੍ਰਗਟ ਹੋਇਆ ਹੈ ਜਦੋਂ ਪਹੁੰਚਿਆਂ ਹੋਇਆਂ ਗੁਰਾਂ ਨੇ ਦਿਖਾ ਦਿੱਤਾ।

(ਬੁਧੀ ਰੂਪ ਇਸਤ੍ਰੀ)

**ਆਸਾ ॥ ਪਹਿਲੀ ਕਰੂਪਿ ਕੁਜਾਤਿ ਕੁਲਖਨੀ ਸਾਹੁਰੈ ਪੇਈਐ ਬੁਰੀ ॥ ਅਬ ਕੀ ਸਰੂਪਿ ਸੁਜਾਨਿ ਸੁਲਖਨੀ ਸਹਜੇ**

ਉਦਰਿ ਧਰੀ ॥ ੧ ॥

ਉਦਰਿ = ਪੇਟ ॥

ਪਹਿਲੀ ਕਰੂਪਨਿ, ਕੁਜਾਤਨਿ ਕੁਲਖਨੀ ਸਹੁਰੇ ਪੇਕੇ ਬੁਰੀ ਸੀ,ਹੁਣ ਦੀ ਸਰੂਪਨਿ ਸੁਜਾਨਿ ਸੁਲਖਨੀ ਸਹਿਜੇ ਹੀ ਪੇਟ ਤੇ ਰਖੀ ਹੈ।

ਭਲੀ ਸਰੀ ਮੁਈ ਮੇਰੀ ਪਹਿਲੀ ਬਰੀ ॥
ਜੁਗੁ ਜੁਗੁ ਜੀਵਉ ਮੇਰੀ ਅਬ ਕੀ ਧਰੀ ॥ ੧ ॥ ਰਹਾਉ ॥

ਭਲੀ ਸਰੀ ਜੋ ਮੇਰੀ ਪਹਿਲੀ ਬਰੀ ਹੋਈ ਮਰ ਗਈ, ਜੁਗ ਜੁਗ ਜੀਵੇ ਮੇਰੀ ਹੁਣ ਦੀ (ਧਰੀ) ਧਾਰਨ ਕੀਤੀ ਹੋਈ ॥

ਕਹੁ ਕਬੀਰ ਜਬ ਲਹੁਰੀ ਆਈ ਬਡੀ ਕਾ ਸੁਹਾਗੁ ਟਰਿਓ ॥
ਲਹੁਰੀ ਸੰਗਿ ਭਈ ਅਬ ਮੇਰੈ
ਜੇਠੀ ਅਉਰੁ ਧਰਿਓ ॥ ੨ ॥ ੨ ॥ ੩੨ ॥

ਲਹੁਰੀ = ਛੋਟੀ ॥ ਜੇਠੀ = ਵਡੀ ॥

ਕਬੀਰ ਜੀ ਕਹਿੰਦੇ ਹਨ ਜਦ ਛੋਟੀ ਆਈ ਤਾਂ ਵੱਡੀ (ਵਿਸ਼ੇ ਪਰਾਇਣ ਬੁੱਧੀ ਰੂਪ) ਇਸਤ੍ਰੀ ਦਾ ਸੁਹਾਗ ਦੂਰ ਹੋਗਿਆ ਭਾਵ ਮਰ ਗਈ, ਛੋਟੀ ਹੁਣ ਮੇਰੇ ਨਾਲ ਹੋ ਗਈ ਹੈ ਤੇ ਵਡੀ ਨੇ ਹੋਰ ਪਤੀ ਧਾਰਨ ਕਰ ਲਿਆ ਹੈ ਭਾਵ ਇਹੁ ਬੁਧੀ ਹੋਰ ਕਿਸੇ ਮਨਮੁਖ ਪਾਸ ਚਲੀ ਗਈ ਹੈ ॥

(ਕਬੀਰ ਜੀ ਦੀ ਮਾਈ)

ਆਸਾ ॥ ਮੇਰੀ ਬਹੁਰੀਆ ਕੋ ਧਨੀਆ ਨਾਉ ॥
ਲੇ ਰਾਖਿਓ ਰਾਮ*ਜਨੀਆ ਨਾਉ ॥ ੧ ॥

ਬਹੁਰੀਆ = ਬਹੂ, ਨੂੰਹ ॥

ਮੇਰੀ ਨੂੰਹ ਦਾ ਧਨਵੰਤੀ ਨਾਮ ਸੀ ਏਨਾਂ ਸੰਤਾਂ ਨੇ ਰਾਮ ਜਨੀਆ ਨਾਮ ਲੈ ਰਖਿਆ ਹੈ।

ਇਨ੍ਹ ਮੁੰਡੀਅਨ ਮੇਰਾ ਘਰੁ ਧੁੰਧਰਾਵਾ ॥
ਬਿਟਵਹਿ ਰਾਮ ਰਮਊਆ ਲਾਵਾ ॥ ੧ ॥ ਰਹਾਉ ॥

ਧੁੰਧਰਾਵਾ = ਧੂੜ ਨਾਲ ਮਿਲਾ ਦਿਤਾ ॥ ਬਿਟਵਹਿ = ਬੈਠੇ ॥

ਏਨਾਂ ਸੰਤਾਂ ਮੁੰਡਿਆਂ ਨੇ ਮੇਰਾ ਘਰ ਧੂੜ ਨਾਲ ਮਿਲਾ ਦਿੱਤਾ ਹੈ ਮੇਰੇ

*ਰਾਮਜਨੀਆਂ = ਵਾਹਿਗੁਰੂ ਦੀ ਦਾਸੀ ਦਾ ਨਾਮ ਹੈ ਅਤੇ ਪੂਰਬ ਵੱਲ ਵੇਸਵਾ ਨੂੰ ਵੀ ਆਖਦੇ ਹਨ ॥

ਪੁਤ੍ਰ ਨੂੰ ਵੀ ਨਾਲ ਰਾਮ ਰਾਮ ਸਿਮਰਨ ਲਾ ਰਖਿਆ ਹੈ ਵਾ ਪੁਤ੍ਰ ਨੇ ਉਨਾਂ ਨਾਲ ਮਿਲਕੇ ਰਾਮ ਰਾਮ ਲਾਇਆ ਹੈ ॥

**ਕਹਤੁ ਕਬੀਰ ਸੁਨਹੁ ਮੇਰੀ ਮਾਈ ॥**

**ਇਨ ਮੁੰਡੀਅਨ ਮੇਰੀ ਜਾਤਿ ਗਵਾਈ ॥ ੨ ॥ ੩ । ੩੩ ॥**

ਕਬੀਰ ਜੀ ਕਹਿੰਦੇ ਹਨ ਹੇ ਮੇਰੀ ਮਾਈ ਸੁਣੋ, ਏਨਾਂ ਮੁੰਡਿਆਂ ਨੇ ਮੇਰੀ ਜਾਤ ਗਵਾ ਦਿਤੀ ਹੈ ਭਾਵ ਮੈਨੂੰ ਉਚਾ ਬਣਾ ਦਿਤਾ ਹੈ ।

(ਗੁਰੂ ਘਰ ਵਿਚ ਸਿੰਘਣੀਆਂ ਨੂੰ ਘੁੰਡ ਕੱਢਣਾ ਨਹੀਂ ਚਾਹੀਦਾ ਹੈ)

**ਆਸਾ ॥ ਰਹੁ ਰਹੁ ਰੀ ਬਹੁਰੀਆ ਘੂੰਘਟੁ ਜਿਨਿ ਕਾਢੈ॥**

**ਅੰਤ ਕੀ ਬਾਰ ਲਹੈਗੀ ਨ ਆਢੈ ॥ ੧ ॥ ਰਹਾਉ ॥**

ਬਹੁਰੀਆ = ਬਹੂ, ਨੋਂਹ ॥ ਆਢੈ = ਅੱਧੀ ਕੌਡੀ ॥ ਜਿਨਿ = ਮਤਿ, ਨਹੀਂ ॥

ਰਹੁ ਰਹੁ ਰੀ ਬਹੂ ਘੁੰਡ ਮਤ ਕੱਢ ਅੰਤ ਦੇ ਵੇਲੇ ਅੱਧੀ ਕੌਡੀ ਵੀ ਨਾ ਲਏਂਗੀ ॥

**ਘੂੰਘਟੁ ਕਾਢਿ ਗਈ ਤੇਰੀ ਆਗੈ ॥**

**ਉਨ ਕੀ ਗੈਲਿ ਤੋਹਿ ਜਿਨਿ ਲਾਗੈ ॥ ੧ ॥**

ਗੈਲਿ = ਰਸਤਾ ॥ ਜਿਨਿ = ਮਤ ਨਾ ॥

ਅਗੇ ਤੇਰੀ ਇਕ ਸੌਂਕਣ ਘੁੰਡ ਕਢ ਗਈ ਹੈ ਭਾਵ ਮਰ ਗਈ ਹੈ ਉਸਦੀ ਪਟੜੀ ਤੂੰ ਮਤ ਲਗ ॥

**ਘੂੰਘਟ ਕਾਢੇ ਕੀ ਇਹੈ ਬਡਾਈ ॥**

**ਦਿਨ ਦਸ ਪਾਂਚ ਬਹੂ ਭਲੇ ਆਈ ॥ ੨ ॥**

ਘੁੰਡ ਕੱਢਣ ਦੀ ਏਹ ਵਡਿਆਈ ਹੋਇਆ ਕਰਦੀ ਹੈ ਕਿ ਪੰਜ ਦਸ ਦਿਨ ਬਹੂ ਭਲੀ ਬਣ ਆਉਂਦੀ ਹੈ ਭਾਵ ਥੋੜਾ ਚਿਰ ਹੀ ਲੋਕ ਉਸਨੂੰ ਹੱਛੀ ਆਖਦੇ ਹਨ ॥

**ਘੂੰਘਟੁ ਤੇਰੋ ਤਉ ਪਰਿ ਸਾਚੈ ॥**

**ਹਰਿ ਗੁਨ ਗਾਇ ਕੂਦਹਿ ਅਰੁ ਨਾਚੈ ॥ ੩ ॥**

ਤਾਂ ਪਰ ਤੇਰਾ ਘੁੰਡ ਅਸੀਂ ਸੱਚਾ ਸਮਝਾਂਗੇ ਕਿ ਕਿ ਵਾਹਿਗੁਰੂ ਦੇ ਗੁਣ ਗਾਵੇਂ ਅਤੇ ਕੁੱਦੇਂ ਨੱਚੇਂ ॥

**ਕਹਤ ਕਬੀਰ ਬਹੂ ਤਬ ਜੀਤੈ ॥**

**ਹਰਿ ਗੁਨ ਗਾਵਤ ਜਨਮੁ ਬਤੀਤੈ ॥ ੪ ॥ ੧ ॥ ੩੪ ॥**

ਕਬੀਰ ਜੀ ਕਹਿੰਦੇ ਹਨ ਬੁੱਧੀ ਰੂਪ ਬਹੂ ਤਦ ਆਪਣੇ ਜਨਮ ਨੂੰ ਜਿੱਤ ਜਾਂਦੀ ਹੈ ਜੇ ਵਾਹਿਗੁਰੂ ਦੇ ਗੁਣ ਗਾਉਂਦਿਆਂ ਜਨਮ ਨੂੰ ਬਤੀਤ ਕਰੇ ॥

{ ਜਿੱਕੁਰ ਲੋਈ ਆਪਣੀ ਅਵਗਯਾ ਬਖਸ਼ਾਉਂਦੀ ਹੈ ਤਿੱਕੁਰ ਅੰਨਜੋਕਤੀ ਵਰਨਨ }

**ਆਸਾ ॥ *ਕਰਵਤੁ ਭਲਾ ਨ ਕਰਵਟ ਤੇਰੀ ॥**

**ਲਾਗੁ ਗਲੇ ਸੁਨੁ ਬਿਨਤੀ ਮੇਰੀ ॥ ੧ ॥**

ਕਰਵਤੁ = ਕਾਂਸੀ ਦਾ ਕਰਵਤ, ਆਰਾ। ਕਰਵਟ = ਪਿਠ ਫੇਰਨੀ।

ਕਰਵਤ ਹੱਛਾ ਹੈ ਪਰ ਕਰਵਟ ਤੇਰੀ ਹੱਛੀ ਨਹੀਂ, ਗਲ ਲਗਾਕੇ ਮੇਰੀ ਬੇਨਤੀ ਸੁਣ ॥

**ਹਉ ਵਾਰੀ ਮੁਖੁ ਫੇਰਿ ਪਿਆਰੇ ॥**

**ਕਰਵਟੁ ਦੇ ਮੋਕਉ ਕਾਹੇ ਕਉ ਮਾਰੇ ॥ ੧ ॥ ਰਹਾਉ ॥**

ਹੇ ਪਿਆਰੇ ਮੈਂ ਵਾਰੀ ਜਾਵਾਂ ਮੇਰੀ ਵਲ ਮੂੰਹ ਕਰੋ । ਪਿੱਠ ਦੇਕੇ ਮੈਨੂੰ ਕਿਉਂ ਮਾਰਦੇ ਹੋ ॥

**ਜਉ ਤਨੁ ਚੀਰਹਿ ਅੰਗਿ ਨ ਮੋਰਉ ॥**

**ਪਿੰਡੁ ਪਰੈ ਤਉ ਪ੍ਰੀਤਿ ਨ ਤੋਰਉ ॥ ੨ ॥**

ਪਿੰਡੁ = ਸਰੀਰ ॥ ਪਰੈ = ਪਰੇ ਹੋ ਜਾਵੇ, ਡਿਗ ਪਵੇ ਭਾਵ ਮਰ ਜਾਵੇ।

ਸਰੀਰ ਨੂੰ (ਆਰੇ ਨਾਲ ਵੀ) ਚੀਰੋ ਤੇ ਤਾਂ ਵੀ ਅੰਗ ਨਾ ਮੋੜਾਂਗੀ, ਸਰੀਰ ਨਾਸ ਹੋ ਜਾਵੇ ਪਰ ਪ੍ਰੀਤੀ ਫੇਰ ਵੀ ਨਾ ਤੋੜਾਂਗੀ ॥

**ਹਮ ਤੁਮ ਬੀਚੁ ਭਇਓ ਨਹੀ ਕੋਈ ॥**

**ਤੁਮਹਿ ਸੁ ਕੰਤ ਨਾਰਿ ਹਮ ਸੋਈ ॥ ੩ ॥**

ਹਮਾਰੇ ਤੁਮਾਰੇ ਵਿਚ ਕੋਈ ਭੇਦ ਨਹੀਂ ਪਿਆ, ਤੁਸੀ ਸੋਈ ਕੰਤ ਹੋ ਮੈਂ ਸੋਈ ਨਾਰੀ ਹਾਂ ॥

**ਕਹਤੁ †ਕਬੀਰੁ ਸੁਨਹੁ ਰੇ ਲੋਈ ॥**

---

*ਪਿਛਲੇ ਸਮੇਂ ਵਿਚ ਪਾਂਡਿਆਂ ਨੇ ਲੋਕਾਂ ਨੂੰ ਮਾਰਕੇ ਪੈਸਾ ਖੋਹਣ ਦਾ ਪਾਖੰਡ ਬਣਾਇਆ ਹੋਯਾ ਸੀ ਆਖਦੇ ਸੀ ਇਸ ਆਰੇ ਦੁਵਾਰਾ ਸ਼ਿਵਜੀ ਮੁਕਤੀ ਕਰਦੇ ਹਨ। †ਬ੍ਰਹਮ ਗਯਾਨੀ ਨੂੰ ਮੁਕਤੀ ਆਖਦੀ ਹੈ ਏਹੁ ਮਹਾਨ ਆਸ਼ਾ ਕਬੀਰ ਜੀ ਦਾ ਗੁਪਤ ਹੈ ॥

**ਅਬ ਤੁਮਰੀ ਪਰਤੀਤਿ ਨ ਹੋਈ ॥ ੪ ॥ ੨ ॥ ੩੫ ॥**

ਕਬੀਰ ਜੀ ਕਹਿੰਦੇ ਹਨ ਹੇ ਲੋਈ ਸੁਣ, ਹੁਣ ਤੇਰੀ ਸਾਨੂੰ ਪਰਤੀਤ ਨਹੀਂ ਹੁੰਦੀ ॥

(ਵਾਹਿਗੁਰੂ ਰੂਪ ਜੁਲਾਹਾ ਵਰਨਨ)

**ਆਸਾ ॥ ਕੋਰੀ ਕੋ ਕਾਹੂ ਮਰਮੁ ਨ ਜਾਨਾਂ ॥**
**ਸਭੁ ਜਗੁ ਆਨਿ ਤਨਾਇਓ ਤਾਨਾਂ ॥ ੧ ॥ ਰਹਾਉ ॥**

ਕੋਰੀ = ਜੁਲਾਹਾ ॥ ਮਰਮੁ = ਭੇਦ ॥

ਜੁਲਾਹੇ ਦਾ ਭੇਦ ਕਿਸੇ ਨਹੀਂ ਜਾਣਿਆਂ, ਸਾਰਾ ਹੀ ਜੱਗ ਜਿਸ ਨੇ ਆਣਕੇ ਤਾਣਾਂ ਤਣਿਆਂ ਵਾ ਸ਼ਕਤੀ ਨਾਲ ਮਿਲ ਕੇ ਤਣਾਇਆ ਹੈ ॥

**ਜਬ ਤੁਮ ਸੁਨਿ ਲੇ ਬੇਦ ਪੁਰਾਨਾਂ ॥**
**ਤਬ ਹਮ ਇਤਨਕੁ ਪਸਰਿਓ ਤਾਨਾਂ ॥ ੧ ॥**

ਜਦ ਤੂੰ ਸੁਣ ਲਏ ਵੇਦ ਪੁਰਾਣ (ਭਾਵ ਤੂੰ ਵੇਦਾਂ ਪੁਰਾਣਾਂ ਦੇ ਖਪਤ ਵਿੱਚ ਪਿਆ ਰਹਿੰਦਾ ਹੈਂ ਅਤੇ ਓਸ ਵਾਹਿਗੁਰੂ ਦੇ ਭਾਣੇ ਦਾ ਭੇਦ ਨਹੀਂ ਜਾਣਦਾ) ਤਦ ਅਸਾਂ ਇਤਨਾਕੁ ਤਾਣਾਂ ਪਸਾਰਿਆ ਹੈ (ਭਾਵ ਸੰਤਾਂ ਕਰਕੇ ਤਾਣਾਂ ਪਸਾਰਨ ਵਾਲੇ ਨੂੰ ਜਾਣਿਆ ਹੈ) ਵਾ ਤੇਰਾ ਕੰਮ ਵੇਦ ਪੁਰਾਨ ਪੜ੍ਹਕੇ ਲੋਕਾਂ ਨੂੰ ਲੁਟਣਾਂ ਸਾਡਾ ਕੰਮ ਦਸਾਂ ਨਵਾਂ ਦੀ ਕਮਾਈ ਕਰਕੇ ਵੰਡ ਛਕਣਾਂ ॥

**ਧਰਨਿ ਅਕਾਸ ਕੀ ਕਰਗਹ ਬਨਾਈ ॥**
**ਚੰਦੁ ਸੂਰਜੁ ਦੁਇ ਸਾਥ ਚਲਾਈ ॥ ੨ ॥**

ਕਰਗਹ = ਕੰਘੀ ॥

ਧਰਤੀ ਅਕਾਸ ਦੀ ਵਾਹਿਗੁਰੂ ਨੇ ਕੰਘੀ ਬਨਾਈ ਹੈ ਅਤੇ ਇਸ ਸ੍ਰਿਸ਼ਟੀ ਰੂਪ ਤਾਣੀ ਵਿਚ ਚੰਦ੍ਰਮਾਂ ਸੂਰਜ ਦੋ ਨਾਲਾਂ ਨਾਲ ਚਲਾਈਆਂ ਹਨ।

**ਪਾਈ ਜੋਰਿ ਬਾਤ ਇਕ ਕੀਨੀ ਤਹ ਤਾਂਤੀ ਮਨੁ ਮਾਨਾਂ ॥**
**ਜੋਲਾਹੇ ਘਰੁ ਅਪਨਾ ਚੀਨਾਂ ਘਟ ਹੀ ਰਾਮੁ ਪਛਾਨਾਂ ॥ ੩ ॥**

ਚੀਨਾਂ = ਜਾਂਣਿਆਂ ਹੈ।

ਪਾਈ = ਪੈਰਾਂ ਦੀ ਖੜਾਂਉਂ। ਤਾਂਤੀ = ਜੁਲਾਹਾ।

ਸਾਰਿਆਂ ਦੀ ਗਲ ਆਪਣੇ ਵਸ ਵਿਚ ਕੀਤੀ ਹੈ ਏਹੋ ਹੀ ਉਸ

ਵਾਹਿਗੁਰੂ ਨੇ ਘਊਵਿਆਂ ਦੀ ਜੋੜੀ ਪੈਰਾਂ ਥੱਲੇ ਜੋੜੀ ਹੈ ਤਿਸ ਜੁਲਾਹੇ ਨਾਲ ਮੇਰਾ ਮਨ ਮੰਨਿਆਂ ਹੈ, ਮੈਂ ਜੁਲਾਹੇ (ਲਾਭ ਲੈਣ ਵਾਲੇ) ਨੇ ਆਪਣੇ ਘਰ ਸਰੂਪ ਨੂੰ ਜਾਣ ਲਿਆ ਹੈ ਕਿ ਰਿਦੇ ਦੇ ਅੰਦਰ ਹੀ ਵਾਹਿਗੁਰੂ ਨੂੰ ਪਛਾਣ ਲਿਆ ਹੈ।

**ਕਹਤੁ ਕਬੀਰੁ ਕਾਰਗਹ ਤੋਰੀ ॥**
**ਸੂਤੈ ਸੂਤ ਮਿਲਾਏ ਕੋਰੀ ॥ ੪ ॥ ੩ ॥ ੩੬ ॥**

ਕਾਰਗਹ = ਕੰਘੀ। ਕੋਰੀ = ਜੁਲਾਹਾ।

ਕਬੀਰ ਜੀ ਕਹਿੰਦੇ ਹਨ ਜਦ ਵਾਹਿਗੁਰੂ ਜੁਲਾਹੇ ਨੇ ਕੰਘੀ ਤੋੜ ਦਿਤੀ ਤਾਂ ਸੂਤ ਨਾਲ ਸੂਤ ਮਿਲਾ ਲਿਆ। ਭਾਵ ਜਦ ਸ੍ਰਿਸ਼ਟੀ ਰੂਪ ਕੰਘੀ ਤਾਣੀ ਤੋੜੀ = ਪ੍ਰਲੈ ਕੀਤੀ ਤਾਂ ਆਪਣੀ ਸੱਤਾ ਨਾਲ ਜੀਵ ਦੀ ਸੱਤਾ ਮਿਲਾ ਲੈਂਦਾ ਹੈ।

(ਪਾਖੰਡੀਆਂ ਨੂੰ ਉਪਦੇਸ਼)

**ਆਸਾ ॥ ਅੰਤਰਿ ਮੈਲੁ ਜੇ ਤੀਰਥ ਨਾਵੈ ਤਿਸੁ ਬੈਕੁੰਠ ਨ ਜਾਨਾ॥**
**ਲੋਕ ਪਤੀਣੇ ਕਛੂ ਨ ਹੋਵੈ ਨਾਹੀ ਰਾਮੁ ਅਯਾਨਾ ॥ ੧ ॥**

ਅਪਨੇ ਅੰਦਰ ਤਰਾਂ ਤਰਾਂ ਦੀ ਮੈਲ ਹੈ ਤਾਂ ਜੇ ਤੀਰਥਾਂ ਤੇ ਇਸ਼ਨਾਨ ਕਰਦਾ ਫਿਰੇ ਤਾਂ ਤਿਸ ਨੂੰ ਵੈਕੁੰਠ ਨਹੀਂ ਜਾਣਾ ਮਿਲਦਾ ਭਾਵ ਓਹ ਵਾਹਿਗੁਰੂ ਨੂੰ ਨਹੀਂ ਮਿਲ ਸਕਦਾ। ਤੀਰਥਾਂ ਦੇ ਨ੍ਹਾਉਣ ਕਰਕੇ ਲੋਕ ਤਾਂ ਪਤੀਣੇ ਜਾਣਗੇ ਪਰ ਲੋਕਾਂ ਦੇ ਪਤੀਣਿਆਂ ਕੁਝ ਨਹੀ ਹੁੰਦਾ ਕਿਉਂਕਿ ਵਾਹਿਗੁਰੂ ਅਣਜਾਣ ਤਾਂ ਨਹੀਂ।

**ਪੂਜਹੁ ਰਾਮੁ ਏਕੁ ਹੀ ਦੇਵਾ ॥**
**ਸਾਚਾ ਨਾਵਣੁ ਗੁਰ ਕੀ ਸੇਵਾ ॥ ੧ ॥ ਰਹਾਉ ॥**

ਇਕ ਪ੍ਰਕਾਸ਼ਕ ਵਾਹਿਗੁਰੂ ਨੂੰ ਹੀ ਪੂਜੋ, ਗੁਰਾਂ ਦੀ ਸੇਵਾ ਹੀ ਸੱਚਾ ਨ੍ਹਾਵਣ ਹੈ।

**ਜਲਕੇ ਮਜਨਿ ਜੇ ਗਤਿ ਹੋਵੈ ਨਿਤ ਨਿਤ ਮੇਂਡੁਕ ਨਾਵਹਿ**
**ਜੈਸੇ ਮੇਂਡੁਕ ਤੈਸੇ ਓਇ ਨਰ ਫਿਰਿਫਿਰਿ ਜੋਨੀਆਵਹਿ ॥ ੨ ॥**

ਮਜਨਿ = ਨਾਉਣ ਨਾਲ। ਮੇਂਡੁਕ = ਡੱਡੂ

ਜਲ ਦੇ ਨ੍ਹਾਤਿਆਂ ਜੇ ਮੁਕਤੀ ਹੋਵੇ ਤਾਂ ਨਿਤ ਨਿਤ ਡੱਡੂ ਨ੍ਹਾਉਂਦੇ ਰਹਿੰਦੇ ਹਨ। ਜਿੱਕੁਰ ਦੇ ਡੱਡੂ ਹਨ ਤਿੱਕੁਰ ਦੇ ਉਹ ਨਰ ਹਨ ਫਿਰ ਫਿਰਕੇ ਜੂਨੀਆਂ ਵਿੱਚ ਆਉਂਦੇ ਹਨ।

**ਮਨਹੁ ਕਠੋਰੁ ਮਰੈ ਬਾਨਾਰਸਿ ਨਰਕੁ ਨ ਬਾਂਚਿਆ ਜਾਈ॥**
**ਹਰਿਕਾ ਸੰਤੁ ਮਰੈ ਹਾੜੰਬੈ ਤ ਸਗਲੀ ਸੈਨ ਤਰਾਈ ॥ ੩ ॥**

ਬਾਨਾਰਸਿ = ਕਾਂਸ਼ੀ ॥ ਬਾਂਚਿਆ = ਬਚਿਆ, ਵਾਚਿਆ।
ਹਾੜੰਬੈ = ਮਘਾ ਦੇਸ ॥ ਸੈਨ = ਸ੍ਰਿਸ਼ਟੀ, ਸੰਗਤ।

ਜੇ ਮਨੋ ਕਠੋਰ ਹੋਕੇ ਕਾਂਸ਼ੀ ਵਿਚ ਮਰੇ ਤਾਂ ਓਹ ਨਰਕੋਂ ਤਾਂ ਨਹੀਂ ਬਚ ਜਾਂਦਾ, ਵਾਹਿਗੁਰੂ ਦਾ ਸੰਤ ਜੇ ਮਗਹਰ ਦੇਸ ਵਿਚ ਵੀ ਮਰ ਜਾਵੇ ਤਾਂ ਆਪ ਤਾਂ ਕਿਧਰੇ ਰਿਹਾ ਸਾਰੀ ਸ੍ਰਿਸ਼ਟੀ ਨੂੰ ਨਾਲ ਤਾਰ ਲੈਂਦਾ ਹੈ।

**ਦਿਨਸੁ ਨ ਰੈਨਿ ਬੇਦੁ ਨਹੀ ਸਾਸਤ੍ਰ ਤਹਾ ਬਸੈ ਨਿਰੰਕਾਰਾ ॥**
**ਕਹਿ ਕਬੀਰ ਨਰ ਤਿਸਹਿ ਧਿਆਵਹੁ**
**ਬਾਵਰਿਆ ਸੰਸਾਰਾ ॥ ੪ ॥ ੪ ॥ ੩੭ ॥**

ਰੈਨਿ = ਰਾਤ।

ਦਿਨ, ਰਾਤ, ਵੇਦ, ਸ਼ਾਸਤ੍ਰ, ਜਿਥੇ ਕੋਈ ਨਹੀਂ ਪਹੁੰਚ ਸਕਦਾ ਓਥੇ ਵਾਹਿਗੁਰੂ ਵਸਦਾ ਹੈ ਕਬੀਰ ਜੀ ਕਹਿੰਦੇ ਹਨ ਹੇ ਸੰਸਾਰਾ ਭੋਲਿਆ ਤਿਸਨੂੰ ਯਾਦ ਕਰ ਭਾਵ ਹੇ ਲੋਕੋ ਉਸਨੂੰ ਜਪੋ॥

## ੧ ਓ ਸਤਿਗੁਰਪ੍ਰਸਾਦਿ ॥

## ਆਸਾ ਬਾਣੀ ਸ੍ਰੀ ਨਾਮਦੇਉ ਜੀ ਕੀ॥

**ਏਕ ਅਨੇਕ ਬਿਆਪਕ*ਪੂਰਕ ਜਤ ਦੇਖਉ ਤਤ ਸੋਈ॥**

ਇੱਕ ਹੀ ਵਾਹਿਗੁਰੂ ਅਨੇਕਾਂ ਰੂਪ ਹੋਕੇ ਵਿਆਪਕ ਅਤੇ ਪੂਰਕ ਹੋ ਰਿਹਾ ਹੈ ਜਿੱਧਰ ਦੇਖਾਂ ਓਹ ਓਧਰ ਹੀ ਹੈ।

**ਮਾਇਆ ਚਿਤ੍ਰ ਬਚਿਤ੍ਰ ਬਿਮੋਹਿਤ ਬਿਰਲਾ ਬੂਝੈ ਕੋਈ ॥ ੧ ॥**

ਚਿਤ੍ਰ = ਸੁੰਦਰ, ਚਿਤ੍ਰਕਾਰੀ ॥ ਬਚਿਤ੍ਰ = ਬਹੁਤ ਤਰਾਂ॥

ਮਾਇਆ ਦੇ ਨਾਨਾ ਤਰਾਂ ਦੇ ਸੁੰਦਰ ਤਮਾਸ਼ੇ ਵਿਚ ਮੋਹਿਆ ਹੋਯਾ ਕੋਈ ਵਿਰਲਾ ਹੀ ਉਸਨੂੰ ਬੁੱਝਦਾ ਹੈ।

**ਸਭੁ ਗੋਬਿੰਦੁ ਹੈ ਸਭੁ ਗੋਬਿੰਦੁ ਹੈ ਗੋਬਿੰਦ ਬਿਨੁ ਨਹੀ ਕੋਈ॥**
**ਸੂਤੁ ਏਕੁ ਮਣਿ ਸਤ ਸਹੰਸ ਜੈਸੇ**

*ਖ਼ਾਨ ਪਾਨ ਦੇਕੇ ਸਭ ਨੂੰ ਪੂਰਨ ਕਰਨ ਵਾਲਾ।

**ਓਤਿ ਪੋਤਿ ਪ੍ਰਭੁ ਸੋਈ ॥ ੧ ॥ ਰਹਾਉ ॥**

ਮਨਿ = ਮਣੀਆਂ, ਮਣਕੇ ॥ ਸਤ = ੧੦੦ ॥ ਸਹੰਸ = ਹਜ਼ਾਰਾਂ॥
ਓਤਿ ਪੋਤਿ = ਤਾਣਾ ਪੇਟਾ, ਅੰਦਰ ਬਾਹਰ ॥

ਸਭ ਵਾਹਿਗੁਰੂ ਹੈ ਸਭ ਵਾਹਿਗੁਰੂ ਹੈ ਵਾਹਿਗੁਰੂ ਤੋਂ ਬਿਨਾਂ ਕੋਈ ਨਹੀਂ ਜਿਕੁਰ ਸੂਤ ਇੱਕ ਹੁੰਦਾ ਹੈ ਅਤੇ ਮਣਕੇ ਭਾਵੇਂ ਸੌ ਭਾਵੇਂ ਹਜਾਰ ਹੋਣ ਸਾਰੇ ਓਸੇ ਵਿੱਚ ਹੀ ਪਰੋਏ ਜਾਂਦੇ ਹਨ ਤਿਕੁਰ ਹੀ ਤਾਣੇ ਪੇਟੇ ਵਾਕੁਰ ਅੰਦਰ ਬਾਹਰ ਵਾਹਿਗੁਰੂ ਆਪ ਹੀ ਹੈ ॥

**ਜਲ ਤਰੰਗ ਅਰੁ ਫੇਨ ਬੁਦਬੁਦਾ ਜਲ ਤੇ ਭਿੰਨ ਨ ਹੋਈ ॥**
**ਇਹੁ ਪਰਪੰਚੁ ਪਾਰਬ੍ਰਹਮ ਕੀ ਲੀਲਾ**
**ਬਿਚਰਤ ਆਨ ਨ ਹੋਈ ॥ ੨ ॥**

ਫੇਨ = ਝੱਗ ॥ ਆਨ = ਹੋਰ ॥ ਪਰਪੰਚੁ = ਸੰਸਾਰ ॥

ਜਿਕੁਰ ਜਲਦੇ ਤਰੰਗ ਅਤੇ ਝੱਗ, ਬੁਦਬੁਦੇ ਜਲ ਤੋਂ ਵਖਰੇ ਨਹੀਂ ਹੁੰਦੇ ਤਿਕੁਰ ਹੀ ਏਹ ਸੰਸਾਰ ਵਾਹਿਗੁਰੂ ਦੀ ਲੀਲ੍ਹਾ ਹੈ ॥
(ਵਿਚਾਰ ਕਰਨ ਨਾਲ ਹੋਰ ਕੋਈ ਨਹੀਂ ਜਾਪਦਾ)

**ਮਿਥਿਆ ਭਰਮੁ ਅਰੁ ਸੁਪਨ ਮਨੋਰਥ ਸਤਿ ਪਦਾਰਥੁ ਜਾਨਿਆ ॥ ਸੁਕ੍ਰਿਤ ਮਨਸਾ ਗੁਰ ਉਪਦੇਸੀ ਜਾਗਤ ਹੀ ਮਨੁ ਮਾਨਿਆ ॥ ੩ ॥**

ਸੁਕ੍ਰਿਤ = ਪੁੰਨ ॥ ਮਨਸਾ = ਬੁਧੀ ॥

ਜੇਹੜੇ ਪਦਾਰਥ ਸੁਪਨੇ ਅਤੇ ਮਨ ਦੇ ਸੰਕਲਪਾਂ ਵਤ ਮਿਥਿਆ ਹਨ ਉਨਾਂ ਨੂੰ ਅਸਾਂ ਭਰਮ ਕਰਕੇ ਸੱਚੇ ਜਾਣਿਆਂ ਹੈ । ਜਿਨ੍ਹਾਂ ਦੀ ਹਛੀ ਪੁੰਨਾਂ ਵਾਲੀ ਅਕਲ ਹੈ ਉਸ ਗੁਰ ਉਪਦੇਸ਼ੀ ਦਾ ਅਵਿਦਯਾ ਤੋਂ ਜਾਗਦਿਆਂ ਹੀ ਵਾਹਿਗੁਰੂ ਵਿਚ ਮਨ ਮੰਨ ਜਾਂਦਾ ਹੈ ॥

**ਕਹਤ ਨਾਮ ਦੇਉ ਹਰਿਕੀ ਰਚਨਾ ਦੇਖਹੁ ਰਿਦੈ ਬੀਚਾਰੀ ॥**
**ਘਟ ਘਟ ਅੰਤਰਿ ਸਰਬ ਨਿਰੰਤਰਿ**
**ਕੇਵਲ ਏਕ ਮੁਰਾਰੀ ॥ ੪ ॥ ੧ ॥**

ਨਿਰੰਤਰਿ = ਇਕਰਸ ॥

ਨਾਮਦੇਵ ਜੀ ਕਹਿੰਦੇ ਹਨ ਇਹੁ ਵਾਹਿਗੁਰੂ ਦੀ ਰਚਨਾ ਹੈ ਤੁਸੀ ਰਿਦੇ ਵਿਚ ਵਿਚਾਰ ਕੇ ਦੇਖੋ । ਕੇਵਲ ਇਕ ਵਾਹਿਗੁਰੂ ਘਟਾਂ ਘਟਾਂ

ਸਾਰਿਆਂ ਦੇ ਅੰਦਰ ਇਕਰਸ ਹੈ॥

**ਆਸਾ ॥ ਆਨੀਲੇ ਕੁੰਭ ਭਰਾਈ ਲੇ ਊਦਕ ਠਾਕੁਰ ਕਉ ਇਸਨਾਨੁ ਕਰਉ ॥ ਬਇਆਲੀਸ ਲਖ ਜੀ ਜਲ ਮਹਿ ਹੋਤੇ ਬੀਠਲੁ ਭੈਲਾ ਕਾਇ ਕਰਉ ॥ ੧ ॥**

ਕੁੰਭ = ਘੜਾ। ਉਦਕ = ਪਾਣੀ ॥ ਭੈਲਾ = ਮਿਲਿਆ ਵਾ ਭਾਈ ॥

ਪਹਿਲੇ ਸਲਾਹ ਹੋਈ ਕਿ ਘੜਾ ਪਾਣੀ ਦਾ ਭਰਕੇ ਲਿਆਵਾਂ ਅਤੇ ਠਾਕਰ ਨੂੰ ਇਸਨਾਨ ਕਰਾਵਾਂ ਪਰ ਫਿਰ ਵਿਚਾਰਿਆ ਕਿ ਬਤਾਲੀ (੪੨) ਲਖ ਜੀਵ ਜਲ ਵਿਚ ਹੁੰਦੇ ਹਨ ਉਹ ਵਿਚੇ ਹੀ ਮਰਦੇ, ਖਾਂਦੇ ਪੀਂਦੇ ਹਨ ਇਸ ਲਈ ਪਜਾਰੇ ਬੀਠਲ ਭਾਈ ਨੂੰ ਇਸ਼ਨਾਨ ਕੈਸੇ ਕਰਾਵਾਂ। ਵਾ। ਜੂਠੇ ਗੰਦੇ ਪਾਣੀ ਨਾਲ ਕੀ ਕਰਾਂ।

**ਜਤ੍ਰ ਜਾਉ ਤਤ*ਬੀਠਲੁ ਭੈਲਾ ॥**
**ਮਹਾ ਅਨੰਦ ਕਰੇ ਸਦ ਕੇਲਾ ॥ ੧ ॥ ਰਹਾਉ ॥**

ਜਿਧਰ ਜਾਵਾਂ ਉਧਰ ਹੀ ਪਿਆਰਾ ਬੀਠਲ ਭਾਈ ਮਹਾਂ ਅਨੰਦ ਸੰਜੁਗਤ ਸਦਾ ਕੇਲ ਕਰ ਰਿਹਾ ਹੈ॥

**ਆਨੀਲੇ ਫੂਲ ਪਰੋਈ ਲੇ ਮਾਲਾ ਠਾਕੁਰ ਕੀ ਹਉ ਪੂਜ ਕਰਉ ॥ ਪਹਿਲੇ ਬਾਸੁ ਲਈ ਹੈ ਭਵਰਹ ਬੀਠਲ ਭੈਲਾ ਕਾਇ ਕਰਉ ॥ ੨ ॥**

ਫਿਰ ਸੰਕਲਪ ਉਠਿਆ ਕਿ ਮੈਂ ਫੁਲ ਲਿਆਕੇ ਮਾਲਾ ਪਰੋਵਾਂ ਅਤੇ ਠਾਕੁਰ ਜੀ ਦੀ ਪੂਜਾ ਕਰਾਂ॥ ਪਰ ਫਿਰ ਵਿਚਾਰਿਆ ਕਿ ਪਹਿਲੇ ਭੌਰੇ ਨੇ ਫੁਲਾਂ ਦੀ ਵਾਸ਼ਨਾ ਲਈ ਹੈ ਇਸ ਲਈ ਫੁਲ ਜੂਠੇ ਹੋਗਏ ਹਨ ਅਤੇ ਮੈਂ ਪਿਆਰੇ ਬੀਠਲ ਭਾਈ ਨੂੰ ਪੂਜਣ ਕੀਕੁਰ ਕਰਾਂ ਓਹ ਤਾਂ ਸਾਰੇ ਹੀ ਫੁਲਾਂ ਵਿਚ ਮਿਲ ਰਿਹਾ ਹੈ॥

**ਆਨੀਲੇ ਦੂਧੁ ਰੀਧਾਈਲੇ ਖੀਰੰ ਠਾਕੁਰ ਕਉ ਨੈਵੇਦੁ ਕਰਉ ॥ ਪਹਿਲੇ ਦੂਧੁ ਬਿਟਾਰਿਓ ਬਛਰੈ ਬੀਠਲੁ ਭੈਲਾ ਕਾਇ ਕਰਉ ॥ ੩ ॥**

ਫਿਰ ਦਲੀਲ ਹੋਈ ਕਿ ਦੁਧ ਲਿਆਕੇ ਖੀਰ ਰਿੰਨ੍ਹਾਂ ਅਤੇ ਠਾਕੁਰ ਜੀ ਨੂੰ ਨਈਵੇਦ ਕਰਾਂ, ਪਰ ਫਿਰ ਵਿਚਾਰਿਆ ਕਿ ਪਹਿਲੇ ਵਛੇ ਨੇ ਦੁਧ ਨੂੰ

*ਪਰਬ ਵਿਚ ਇਕ ਮੂਰਤੀ ਦਾ ਨਾਮ ਹੈ

(ਬਿਟਾਰਿਓ) ਜੂਠਾ ਕਰਕੇ ਨਾਸ ਕਰ ਦਿਤਾ ਹੈ ਇਸ ਲਈ ਪਿਆਰੇ ਬੀਠਲ ਭਾਈ ਨੂੰ ਨਈਵੇਦਨ ਕਿਆ ਕਰਾਂ ? (ਵਾ ਕਿਸਤਰਾਂ ਕਰਾਂ ਵਾ ਕਿਸ ਵਾਸਤੇ ਕਰਾਂ)।

**ਈਭੈ ਬੀਠਲੁ ਊਭੈ ਬੀਠਲੁ ਬੀਠਲ ਬਿਨੁ ਸੰਸਾਰੁ ਨਹੀ ॥**
**ਥਾਨ ਥਨੰਤਰਿ ਨਾਮਾ ਪ੍ਰਣਵੈ**
**ਪੂਰਿ ਰਹਿਓ ਤੂੰ ਸਰਬ ਮਹੀ ॥ ੪ ॥ ੨ ॥**

ਈਭੈ = ਨੀਵੇਂ ਇਸ ਲੋਕ ਵਿਚ ॥ ਊਭੈ = ਉਚੇ, ਉਸ ਲੋਕ ਵਿਚ ॥

ਇਧਰ ਵੀ ਵਾਹਿਗੁਰੂ ਉਧਰ ਵੀ ਵਾਹਿਗੁਰੂ ਵਾਹਿਗੁਰੂ ਤੋਂ ਬਿਨਾ ਸੰਸਾਰ ਨਹੀਂ। ਥਾਨਾਂ ਵਿਚ ਅਤੇ ਥਾਨਾਂ ਦੇ ਅੰਦਰ ਰਹਿਨ ਵਾਲਿਆਂ ਵਿਚ ਵੀ ਵਾਹਿਗੁਰੂ ਹੈ ਨਾਮਦੇਵ ਜੀ ਤਿਸਨੂੰ ਨਮਸਕਾਰ ਕਰਦੇ ਹਨ ਕਿਉਂਕਿ ਹੇ ਵਾਹਿਗੁਰੂ ਤੂੰ ਸਾਰਿਆਂ ਦੇ (ਮਹੀ) ਵਿਚ ਵਾ ਸਾਰੀ ਧਰਤੀ ਵਿਚ ਪੂਰਨ ਹੋ ਰਿਹਾ ਹੈਂ ॥

**ਆਸਾ ॥ ਮਨੁ ਮੇਰੋ ਗਜੁ ਜਿਹਵਾ ਮੇਰੀ ਕਾਤੀ॥**
**ਮਪਿ ਮਪਿ ਕਾਟਉ ਜਮ ਕੀ ਫਾਸੀ ॥ ੧ ॥**

ਕਾਤੀ = ਕੈਂਚੀ ॥ ਮਪਿ ਮਪਿ = ਮਿਣ ਮਿਣਕੇ ॥

ਮਨ ਮੇਰਾ ਗਜੁ ਹੈ, ਰਸਨਾ ਮੇਰੀ ਕੈਂਚੀ ਹੈ ਮਿਣ ਮਿਣਕੇ ਜਮ ਦੀ ਫਾਹੀ ਕਟਦਾ ਹਾਂ ॥

**ਕਹਾ ਕਰਉ ਜਾਤੀ ਕਹ ਕਰਉ ਪਾਤੀ ॥**
**ਰਾਮ ਕੋ ਨਾਮੁ ਜਪਉ ਦਿਨ ਰਾਤੀ ॥ ੧ ॥ ਰਹਾਉ ॥**

ਕਿਆ ਕਰਾਂ ਜਾਤੀ ਨੂੰ ਅਤੇ ਕਿਆ ਕਰਾਂ ਜਾਤੀ ਦੀ ਪੰਕਤੀ ਨੂੰ ਮੈਂ ਤਾਂ ਵਾਹਿਗੁਰੂ ਦਾ ਨਾਮ ਦਿਨ ਰਾਤ ਜਪਦਾ ਹਾਂ ॥

**ਰਾਂਗਨਿ ਰਾਂਗਉ ਸੀਵਨਿ ਸੀਵਉ ॥**
**ਰਾਮ ਨਾਮ ਬਿਨੁ ਘਰੀਅ ਨ ਜੀਵਉ ॥ ੨ ॥**

ਰਾਂਗਨਿ = ਮੱਟੀ ॥ ਸੀਵਨਿ = ਸੂਈ।

ਮਨ ਰੂਪ ਚਮੜੇ ਨੂੰ ਨਾਮ ਰੂਪ ਮੱਟੀ ਵਿਚ ਰੰਗਦਾ ਹਾਂ ਅਤੇ ਬ੍ਰਿਤੀ ਰੂਪ ਸੂਈ ਨੂੰ ਵਾਹਿਗੁਰੂ ਨਾਲ ਸੀਉਂਦਾ ਹਾਂ ਭਾਵ ਮੇਰਾ ਏਹੋ ਹੀ ਰੰਗਣਾਂ ਸੀਊਣਾ ਹੈ ਜੋ ਵਾਹਿਗੁਰੂ ਦੇ ਨਾਮ ਤੋਂ ਬਿਨਾਂ ਮੈਂ ਘੜੀ ਵੀ ਨਹੀਂ ਜੀਉਂ ਸਕਦਾ ॥

**ਭਗਤਿ ਕਰਉ ਹਰਿ ਕੇ ਗੁਨ ਗਾਵਉ ॥**
**ਆਠ ਪਹਰ ਅਪਨਾ ਖਸਮੁ ਧਿਆਵਉ ॥ ੩ ॥**

ਭਗਤੀ ਕਰਦਾ ਹਾਂ ਵਾਹਿਗੁਰੂ ਦੇ ਗੁਨ ਗਾਉਂਦਾ ਹਾਂ, ਆਠ ਪਹਰ ਆਪਣੇ ਵਾਹਿਗੁਰੂ ਨੂੰ ਧਿਆਉਂਦਾ ਹਾਂ।

**ਸੁਇਨੇ ਕੀ ਸੂਈ ਰੁਪੇ ਕਾ ਧਾਗਾ ॥**
**ਨਾਮੇ ਕਾ ਚਿਤੁ ਹਰਿ ਸਉ ਲਾਗਾ ॥ ੪ ॥ ੩ ॥**

ਵਾਹਿਗੁਰੂ ਵੱਲ ਬ੍ਰਿਤੀ ਲਾਈ ਹੋਈ ਹੈ ਏਹੋ ਹੀ ਸੋਨੇ ਦੀ ਸੂਈ ਹੈ ਅਤੇ ਗੁਰਾਂ ਦਾ ਉਪਦੇਸ਼ ਸੁਣਨਾ ਏਹੋ ਹੀ ਰੁਪੇ ਦਾ ਧਾਗਾ ਹੈ, ਨਾਮ ਦੇਵ ਦਾ ਚਿਤ ਹਰੀ ਨਾਲ ਲਗਾ ਹੈ।

(ਬਗਲੇ ਭਗਤ ਨੂੰ ਉਪਦੇਸ਼)

**ਆਸਾ ॥ ਸਾਪੁ ਕੁੰਚ ਛੋਡੈ ਬਿਖੁ ਨਹੀ ਛਾਡੈ ॥**
**ਉਦਕ ਮਾਹਿ ਜੈਸੇ ਬਗੁ ਧਿਆਨੁ ਮਾਡੈ ॥ ੧ ॥ ਰਹਾਉ ॥**

ਉਦਕ = ਜਲ ॥ ਬਾਗ = ਬਗਲਾ ॥ ਮਾਡੈ = ਲਾਉਂਦਾ ਹੈ।

ਸੱਪ ਕੁੰਜ ਛੱਡ ਦੇਂਦਾ ਹੈ ਪਰ ਵਿਹੁ ਨਹੀਂ ਛੱਡਦਾ। ਜਿਕੁਰ ਪਾਣੀ ਵਿੱਚ ਬਗਲਾ ਧਿਆਨ ਲਾਉਂਦਾ ਹੈ।

( ਹੇ ਪਾਖੰਡੀ ਪਾਂਡੇ )

**ਕਾਹੇ ਕਉ ਕੀਜੈ ਧਿਆਨੁ ਜਪੰਨਾ ॥**
**ਜਬਤੇ ਸੁਧੁ ਨਾਹੀ ਮਨੁ ਅਪਨਾ ॥ ੧ ॥ ਰਹਾਉ ॥**

ਕਿਸ ਵਾਸਤੇ ਧਿਆਨ ਲਾਉਨਾਂ ਹੈਂ ਅਤੇ ਜਾਪ ਜਪਦਾ ਹੈਂ ਜਦ ਕਿ ਤੇਰਾ ਮਨ ਹੀ ਸੁਧ ਨਹੀਂ ਹੈ।

**ਸਿੰਘਚ ਭੋਜਨੁ ਜੋ ਨਰੁ ਜਾਨੈ ॥**
**ਐਸੇ ਹੀ ਠਗਦੇਉ ਬਖਾਨੈ ॥ ੨ ॥**

ਸਿੰਘਚ = ਸ਼ੇਰ ਵਾਂਙੂ ਪੂਨਾਂ ਵਾ ਤਿੱਤਰ ਜੇਹੜਾ ਸੁਬਹਾਨ ਤੇਰੀ ਕੁਦਰਤ ਕਹਿੰਦਾ ਹੈ ( ਵਾ ਇਕ ਜਾਨਵਰ ਜੰਗਲ ਵਿੱਚ ਹੁੰਦਾ ਹੈ ਓਹ ਆਪ ਕਹਿੰਦਾ ਹੈ ਕਾਹਲੀ ਮਤ ਕਰ ਅਤੇ ਆਪ ਹੀ ਜਦ ਸ਼ੇਰ ਉਬਾਸੀ ਲੈਂਦਾ ਹੈ ਤਾਂ ਉਸਦੀਆਂ ਦਾੜ੍ਹਾਂ ਵਿਚੋਂ ਮਾਸ ਲੈ ਜਾਂਦਾ ਹੈ )

ਜੇਹੜਾ ਆਦਮੀ ਸ਼ੇਰ ਵਾਂਙੂ ਜੀਵ ਮਾਰਕੇ ਅੰਨ ਖਾਣਾ ਜਾਣਦਾ ਹੈ ਓਹ ਇੱਕਰ ਹੀ ਠੱਗਾਂ ਦਾ ਗੁਰ ਕਿਹਾ ਜਾਂਦਾ ਹੈ।

**ਨਾਮੇ ਕੇ ਸੁਆਮੀ ਲਾਹਿ ਲੇ ਝਗਰਾ ॥**
**ਰਾਮ ਰਸਾਇਨ ਪੀਉਰੇ ਦਗਰਾ ॥ ੩ ॥ ੪ ॥**

ਦਗਰਾ = ਹੇ ਦਗੇ ਬਾਜ ਵਾ ਰਸਤਾ ॥

ਨਾਮੇ ਦੇ ਸੁਆਮੀ ਨੇ ਮੇਰੇ ਗਲੋਂ ਝਗੜਾ ਲਾਹਿਆ ਹੈ ਵਾ ਹੇ ਵਾਹਿਗੁਰੂ ਏਸ ਪਾਂਡੇ ਦੇ ਗਲੋਂ ਝਗੜਾ ਲਾਹ ਲੈ ਗਰੀਬ ਮਾਰਿਆ ਜਾਏਗਾ । ਵਾ ਨਾਮ ਦੇਵ ਜੀ ਕਹਿੰਦੇ ਹਨ ਹੇ ਸੁਆਮੀ ਪਾਂਡੇ ਦਗੇਬਾਜ਼ ਝਗੜੇ ਦੂਰ ਕਰ ਅਤੇ ਵਾਹਿਗੁਰੂ ਦਾ ਨਾਮ ਰੂਪ ਅੰਮ੍ਰਿਤ ਦਾ ਘਰ ਪੀ ਇਹ ਅਛਾ ਰਸਤਾ ਵਾਹਿਗੁਰੂ ਨੂੰ ਮਿਲਨ ਦਾ ਹੈ।

**ਆਸਾ ॥ ਪਾਰਬ੍ਰਹਮੁ ਜਿ ਚੀਨ੍ਹਸੀ ਆਸਾ ਤੇ ਨ ਭਾਵਸੀ ॥**
**ਰਾਮਾ ਭਗਤਹ ਚੇਤੀਅਲੇ ਅਚਿੰਤ ਮਨੁ ਰਾਖਸੀ ॥ ੧ ॥**

ਚੀਨਸੀ = ਜਾਣੇ ।

ਵਾਹਿਗੁਰੂ ਨੂੰ ਜੇਹੜੇ ਜਾਨਣਗੇ ਓਹ ਆਸਾ ਰਪ ਸੰਸਾਰ ਵਿਚ ਨਾ ਭੌਣਗੇ ਵਾ ਉਨਾਂ ਨੂੰ ਪਦਾਰਥਾਂ ਦੀ ਆਸਾ ਨਹੀਂ ਭਾਉਂਦੀ ਕਿਉਂਕਿ ਓਹ ਵਾਹਿਗੁਰੂ ਨੂੰ ਯਾਦ ਕਰਦੇ ਹਨ ਇਸ ਲਈ ਓਹਨਾਂ ਦਾ ਮਨ ਚਿੰਤਾ ਤੋਂ ਰਹਿਤ ਵਹਿਗੁਰੂ ਰਖਦਾ ਹੈ। (ਵਾ ਰਖੇਗਾ)

**ਕੈਸੇ ਮਨ ਤਰਹਿਗਾ ਰੇ ਸੰਸਾਰੁ ਸਾਗਰੁ ਬਿਖੈ ਕੋ ਬਨਾ॥**
**ਝੂਠੀ ਮਾਇਆ ਦੇਖਿ ਕੈ ਭੂਲਾ ਰੇ ਮਨਾ ॥ ੧ ॥ ਰਹਾਉ ॥**

ਸਾਗਰੁ = ਸਮੁੰਦਰ ॥ ਬਨਾ = ਜਲ ਵਾ ਬਣਿਆ ਹੋਇਆ ਬਣ ॥

ਸੰਸਾਰ ਸਮੁੰਦਰ ਵਿਸ਼ਿਆਂ ਰੂਪ ਜਲ ਦਾ ਭਰਿਆ ਹੋਇਆ ਹੇ ਮਨ ਕਿਕੁਰ ਤਰੇਂਗਾ ਰੇ ਮਨਾ ਝੂਠੀ ਮਾਇਆ ਵੇਖਕੇ ਭੁਲ ਗਿਆ ਹੈਂ।

**ਛੀਪੇ ਕੇ ਘਰਿ ਜਨਮੁ ਦੈਲਾ ਗੁਰ ਉਪਦੇਸੁ ਭੈਲਾ ॥**
**ਸੰਤਹ ਕੈ ਪਰਸਾਦਿ ਨਾਮਾ ਹਰਿ ਭੇਟੁਲਾ ॥ ੨ ॥ ੫ ॥**

ਦੈਲਾ = ਦਿਤਾ ਹੋਇਆ ॥ ਭੈਲਾ = ਮਿਲਿਆ ਹੋਯਾ ॥

ਵਾਹਿਗੁਰੂ ਨੇ ਛੀਂਬੇ ਦੇ ਘਰ ਮੈਨੂੰ ਜਨਮ ਦਿਤਾ ਹੇ ਪਰ ਗੁਰਾਂ ਦਾ ਉਪਦੇਸ਼ ਮੈਨੂੰ ਮਿਲ ਗਿਆ ਹੈ ਸੰਤਾਂ ਦੀ ਕਿਰਪਾ ਕਰਕੇ ਨਾਮੇ ਨੂੰ ਵਾਹਿਗੁਰੂ ਮਿਲ ਪਿਆ ਹੈ ।

# ਆਸਾ ਬਾਣੀ ਸ੍ਰੀ ਰਵਿਦਾਸ ਜੀਉ ਕੀ

## ੧ ੳ ਸਤਿਗੁਰਪ੍ਰਸਾਦਿ ॥

**ਮ੍ਰਿਗ ਮੀਨ ਭ੍ਰਿੰਗ ਪਤੰਗ ਕੁੰਚਰ ਏਕ ਦੋਖ ਬਿਨਾਸ ॥**

ਮ੍ਰਿਗ = ਹਰਨ ॥ ਮੀਨ = ਮੱਛੀ ॥ ਭ੍ਰਿੰਗ = ਭੌਰਾ ॥ ਕੁੰਚਰ = ਹਾਥੀ ॥

ਮ੍ਰਿਗ, ਮੀਨ, ਭ੍ਰਿੰਗ, ਪਤੰਗਾ, ਹਾਥੀ ਇਹ ਸਾਰੇ ਇਕ ਇੱਕ ਵਿਸ਼ੇ ਦੇ ਦੋਸ਼ ( ਰਸ ) ਕਰਕੇ ਮਰ ਜਾਂਦੇ ਹਨ ॥

**ਪੰਚ ਦੋਖ ਅਸਾਧ ਜਾਮਹਿ ਤਾਕੀ ਕੇਤਕ ਆਸ ॥ ੧ ॥**

ਅਤੇ ਜਿਸ ਆਦਮੀ ਵਿਚ ਪੰਜ ਦੋਸ਼ ਕਾਮਾਦਿਕ ਅਸਾਧ ਹਨ ਓਹਦੀ ਕਿੰਨਾਕੁ ਚਿਰ ਜੀਉਣ ਦੀ ਆਸ਼ਾ ਹੈ, ਭਾਵ ਛੇਤੀ ਹੀ ਮਰ ਜਾਏਗਾ ॥

**ਮਾਧੋ ਅਬਿਦਿਆ ਹਿਤ ਕੀਨ ॥**

**ਬਿਬੇਕ ਦੀਪ ਮਲੀਨ ॥ ੧ ॥ ਰਹਾਉ ॥**

ਮਾਧੋ = ਵਾਹਿਗੁਰੂ । ਹਿਤ = ਪ੍ਰੇਮ । ਬਬੇਕ = ਗਿਆਨ । ਦੀਪ = ਦੀਵਾ ।

ਹੇ ਵਾਹਿਗੁਰੂ ਸਭ ਸੰਸਾਰ ਨੇ ਅਵਿੱਦਜਾ ਵਿਚ ਪ੍ਰੇਮ ਕੀਤਾ ਹੈ ਜਿਸ ਕਰਕੇ ਗਿਆਨ ਰੂਪ ਦੀਵਾ ਮੈਲਾ ਹੋ ਰਿਹਾ ਹੈ ॥

**ਤ੍ਰਿਗਦ ਜੋਨਿ ਅਚੇਤ ਸੰਭਵ ਪੁੰਨ ਪਾਪ ਅਸੋਚ ॥**

**ਮਾਨੁਖਾ ਅਵਤਾਰ ਦੁਲਭ ਤਿਹੀ ਸੰਗਤਿ ਪੋਚ ॥ ੨ ॥**

ਸੰਭਵ = ਹੋਈਆਂ ॥ ਟੇਢੀਆਂ ਜੂਨਾਂ ਸੱਪ ਆਦੀ ਅਗਿਆਤ ਪ੍ਰਗਟ ਹੋਈਆਂ ਹਨ ਉਨ੍ਹਾਂ ਨੂੰ ਪੁੰਨ ਪਾਪ ਦੀ ਸੋਚ ਕੋਈ ਨਹੀਂ ਹੈ ਇਹ ਮਨੁੱਖਾ ਅਵਤਾਰ ਦੁਰਲੱਭ ਹੈ । ਪਰ ਕਾਮਾਦਿਕਾਂ ( ਪੋਚ ) ਨੀਚਾਂ ਦੀ ਸੰਗਤ ਕਰਕੇ ਤਿਨ੍ਹਾਂ ਟੇਢੀਆਂ ਜੂਨਾਂ ਨਾਲ ਰਲ ਰਿਹਾ ਹੈ ਵਾ ਅਜੇਹੇ ਉੱਤਮ ਸਰੀਰ ਵਿਚ ਕਾਮਾਦਿਕਾਂ ਦੀ ਸੰਗਤ ਹੋ ਰਹੀ ਹੈ ।

**ਜੀਅ ਜੰਤ ਜਹਾ ਜਹਾ ਲਗੁ ਕਰਮ ਕੇ ਬਸਿ ਜਾਇ ॥**

**ਕਾਲ ਫਾਸ ਅਬਧ ਲਾਗੇ ਕਛੁ ਨ ਚਲੈ ਉਪਾਇ ॥ ੩ ॥**

ਅਬਧ = ਜੋ ਨਾ ਕੱਟੀ ਜਾਵੇ ॥

ਕਰਮਾਂ ਦੇ ਵੱਸ ਹੋਕੇ ਜਿਸ ਜਿਸ ਜਗ੍ਹਾ ਤਾਈਂ ਏਹ ਛੋਟੇ ਵੱਡੇ ਜੀਵ ਜਾਂਦੇ ਹਨ ਓਥੇ ਓਥੇ ਏਨ੍ਹਾਂ ਨੂੰ ਕਾਲ ਦੀ ਫਾਹੀ ਜੇਹੜੀ ਨਾ ਕੱਟੀ ਜਾਵੇ (ਲਾਗੇ) ਪੈਂਦੀ ਹੈ ਅਤੇ ਤਿਸ ਅੱਗੇ ਕੁਝ ਉਪਾਉ ਨਹੀ ਚਲਦਾ ।

**ਰਵਿਦਾਸ ਦਾਸ ਉਦਾਸ ਤਜੁ ਭ੍ਰਮੁ ਤਪਨ ਤਪੁ ਗੁਰ**

**ਗਿਆਨ ॥ ਭਗਤ ਜਨ ਭੈ ਹਰਨ ਪਰਮਾਨੰਦ**
**ਕਰਹੁ ਨਿਦਾਨ ॥ ੪ ॥ ੧ ॥**

ਰਵਿਦਾਸ ਦਾਸ ਉਦਾਸ ਹੋਕੇ ਅਤੇ ਭਰਮ ਨੂੰ ਤਜਕੇ ਹੱਛੇ ਤਪਾਂ ਵਿਚੋਂ ਹੱਛਾ ਤਪ ਗੁਰਾਂ ਦਾ ਗਜ਼ਾਨ ਹੀ ਸਮਝਦਾ ਹੈ, ਹੇ ਭਗਤ ਜਨਾਂ ਦਾ ਡਰ ਦੂਰ ਕਰਨ ਵਾਲੇ ! ਮੈਨੂੰ ਓੜਕ ਦੇ ਵੇਲੇ ਪਰਮ ਅਨੰਦ (ਵਾਹਿਗੁਰੂ) ਦੀ ਪ੍ਰਾਪਤੀ ਕਰੋ ॥ (ਬੇਨਤੀ)

**ਆਸਾ ॥ ਸੰਤ ਤੁਝੀ ਤਨੁ ਸੰਗਤਿ ਪ੍ਰਾਨ ॥**
**ਸਤਿਗੁਰ ਗਿਆਨ ਜਾਨੈ ਸੰਤ ਦੇਵਾ ਦੇਵ ॥੧॥**

ਤੁਝੀ = ਤੇਰੇ ॥ ਤਨੁ = ਸਰੀਰ ॥

ਹੇ ਵਾਹਿਗੁਰੂ ਤੇਰੇ ਸਰੀਰ ਦਾ ਸਰੂਪ ਜੇਹੜੇ ਸੰਤ ਹਨ ਓਨ੍ਹਾਂ ਦੀ ਸੰਗਤਿ ਮੇਰੇ ਪ੍ਰਾਣਾਂ ਦਾ ਜੀਵਣ ਹੈ ਭਾਵ ਤੇਰਾ ਰੂਪ ਜੇਹੜੇ ਸੰਤ ਹਨ ਉਨ੍ਹਾਂ ਦੀ ਸੰਗਤਿ ਮੈਨੂੰ ਪ੍ਰਾਣਾਂ ਵਾਂਙੂ ਪਜਾਰੀ ਹੈ ਸਤਿਗੁਰਾਂ ਦੇ ਗਿਆਨ ਕਰਕੇ ਮੈਂ ਜਾਣਿਆਂ ਹੈ ਕਿ ਸੰਤ ਦੇਵਤਿਆਂ ਦੇ ਵੀ ਦੇਵਤੇ ਹਨ।

**ਸੰਤ ਚੀ ਸੰਗਤਿ ਸੰਤ ਕਥਾ ਰਸੁ ॥**
**ਸੰਤ ਪ੍ਰੇਮ ਮਾਝੈ ਦੀਜੈ ਦੇਵਾ ਦੇਵ ॥ ੧ ॥ ਰਹਾਉ ॥**

ਹੇ ਦੇਵਤਿਆਂ ਦੇ ਪ੍ਰਕਾਸ਼ਕ ਵਾਹਿਗੁਰੂ, ਸੰਤਾਂ ਦੀ ਸੰਗਤ ਅਤੇ ਸੰਤਾਂ ਦੀ ਕਥਾ ਦਾ ਸ੍ਵਾਦ ਅਤੇ ਸੰਤਾਂ ਵਿਚ ਹੀ ਪ੍ਰੇਮ ਕਰਨਾਂ ਮੈਨੂੰ ਦਿਓ।

**ਸੰਤ ਆਚਰਣ ਸੰਤਚੋ ਮਾਰਗੁ**
**ਸੰਤਚ* ਓਲ੍ਹਗ ਓਲ੍ਹਗਣੀ ॥ ੨ ॥**

ਆਚਰਣ = ਕੰਮ। ਚੋ,ਚ = ਪੁਨਾ ਦਾ ਵਾਚਕ ਹੈ। ਮਾਰਗ = ਰਸਤਾ ॥

ਸੰਤਾਂ ਦਾ ਕੰਮ ਅਤੇ ਫੇਰ ਪੁਨਾ ਸੰਤਾਂ ਦਾ ਹੀ ਰਸਤਾ ਅਤੇ ਫੇਰ ਪੁਨਾਂ ਸੰਤਾਂ ਦੇ ਹੀ ਦਾਸਾਂ ਦਾ ਦਾਸ ਹੋਣਾ ਮੈਨੂੰ ਦਿਓ।

**ਅਉਰ ਇਕ ਮਾਗਉ ਭਗਤਿ ਚਿੰਤਾਮਣਿ ॥**
**ਜਣੀ ਲਖਾਵਹੁ ਅਸੰਤ ਪਾਪੀਸਣਿ ॥ ੩॥**

ਜਣੀ = ਮਤ। ਪਾਪੀਸਣਿ = ਪਾਪੀ ਹਨ ਵਾ ਪਾਪੀ ਦ੍ਰਿਸ਼ਟ।

ਹੋਰ ਇਕ ਚਿੰਤਾਮਣੀ ਰੂਪ ਭਗਤੀ ਮੰਗਦਾ ਹਾਂ ਅਤੇ ਜੋ ਖੋਟ ਅਸੰਤ ਪਾਪੀ ਹਨ ਓਨ੍ਹਾਂ ਦੇ (ਸਣਿ) ਸਹਿਤ (ਨਾਲ) ਰਹਿਣਾ ਨਹੀਂ ਮੰਗਦਾ ਏਹ

*ਦੋਵੇਂ ਪਦ ਦਾਸ ਵਾਚਕ ਵਾ ਲਗਨ ਲਗਣੀ ਵੀ ਕਰਦੇ ਹਨ।

ਦਾਸ ਨੂੰ ਮਤ ਲਖਾਵੇ ਭਾਵ ਏਨਾਂ ਪਾਪੀਆਂ ਦਾ ਦਰਸ਼ਨ ਨਾਂ ਕਰਾਵੇ।

**ਰਵਿਦਾਸੁ ਭਣੈ ਸੋ ਜਾਣੁ ॥**

**ਸੰਤ ਅਨੰਤਹਿ ਅੰਤਰੁ ਨਾਹੀ ॥ ੪ ॥੨ ॥**

ਭਣੈ = ਕਹੇ।

ਰਵਿਦਾਸ ਜੀ ਕਹਿੰਦੇ ਹਨ ਜੇਹੜਾ ਗੁਰਾਂ ਨਾਲ ਮਿਲਕੇ ਵਾਹਿਗੁਰੂ ਨੂੰ ਜਾਣਦਾ ਹੈ ਸੋ ਚਤਰ ਜਾਨਿਆ ਜਾਂਦਾ ਹੈ ਵਾ ਤੁਸੀ ਜਿਕੁਰ ਜਾਣ ਸਕਦੇ ਹੋ ਤਿੱਕੁਰ ਹੀ ਜਾਣੋਂ, ਪਰ ਮੇਰੇ ਜਾਨਣ ਵਿੱਚ ਸੰਤ ਅਤੇ ਅਨੰਤਹਿ ਵਾਹਿਗੁਰੂ ਵਿੱਚ ਭੇਦ ਕੋਈ ਨਹੀਂ ॥ (ਨਿੱਮ੍ਰਤਾ ਸਹਿਤ ਬੇਨਤੀ)

**ਆਸਾ ॥ਤੁਮ ਚੰਦਨ ਹਮ ਇਰੰਡ ਬਾਪੁਰੇ ਸੰਗਿ ਤੁਮਾਰੇ ਬਾਸਾ॥**

**ਨੀਚ ਰੂਖ ਤੇ ਊਚ ਭਏ ਹੈ ਗੰਧ ਸੁਗੰਧ ਨਿਵਾਸਾ ॥ ੧ ॥**

ਬਾਪੁਰੇ = ਵਿਚਾਰੇ।

ਤੁਸੀ ਚੰਦਨ ਵਤ ਹੋ ਅਸੀਂ ਹਰਿੰਡ ਵਤੁ ਵਿਚਾਰੇ ਬਪੜੇ ਹਾਂ ਪਰ ਤੁਹਾਡੇ ਸੰਗ ਹੀ ਵਾਸਾ ਹੈ। ਨੀਵੇਂ ਰੁੱਖ ਤੇ ਉੱਚੇ ਹੋ ਗਏ ਹਾਂ ਅਤੇ ਸ੍ਰੇਸ਼ਟ ਭਗਤੀ ਰੂਪ ਸੁਗੰਧੀ ਨੇ ਸਾਡੇ ਵਿੱਚ ਨਿਵਾਸ ਕੀਤਾ ਹੈ ਭਾਵ ਅਸੀਂ ਨੀਚ ਤੋਂ ਊਚ ਤੁਹਾਡੇ ਨਾਲ ਲਗਕੇ ਹੋ ਗਏ ਹਾਂ॥

**ਮਾਧਉ ਸਤਸੰਗਤਿ ਸਰਨਿ ਤੁਮ੍ਹਾਰੀ ॥**

**ਹਮ ਅਉਗਨ ਤੁਮ੍ ਉਪਕਾਰੀ ॥ ੧ ॥ ਰਹਾਉ ॥**

ਹੇ ਵਾਹਿਗੁਰੂ ਮੈਂ ਤੇਰੀ ਸਤਸੰਗਤ ਦੀ ਸਰਨ ਲਈ ਹੈ, ਅਸੀਂ ਔਗਣਾਂ ਦੇ ਭਰੇ ਹਾਂ ਤੁਸੀ ਉਪਕਾਰੀ ਹੋ।

**ਤੁਮ ਮਖਤੂਲ ਸੁਪੇਦ ਸਪੀਅਲ ਹਮ ਬਪੁਰੇ ਜਸ ਕੀਰਾ ॥**

**ਸਤਸੰਗਤਿ ਮਿਲਿ ਰਹੀਐ ਮਾਧਉ ਜੈਸੇ ਮਧੁਪ ਮਖੀਰਾ ॥ ੨ ॥**

ਮਖਤੂਲ = ਰੇਸ਼ਮ। ਸੁਪੇਦ = ਚਿੱਟਾ। ਸਪੀਅਲ = ਪੀਲਾ॥

ਜਸ = ਜੈਸੇ। ਬਪੁਰੇ = ਵਿਚਾਰੇ।

ਤੁਸੀਂ ਚਿੱਟੇ ਪੀਲੇ ਰੇਸ਼ਮ ਦੁਸ਼ਾਲੇ ਵਤ ਹੋ, ਅਤੇ ਅਸੀਂ ਵਿਚਾਰੇ ਇੱਕੁਰ ਦੇ ਹਾਂ ਜਿੱਕੁਰ ਦਾ ਕੀੜਾ ਹੁੰਦਾ ਹੈ। ਭਾਵ ਭਾਵੇਂ ਕੀੜਾ ਦੁਸ਼ਾਲੇ ਟੁੱਕਦਾ ਹੈ ਪਰ ਫਿਰ ਵੀ ਦੁਸ਼ਾਲਾ ਕੀੜੇ ਦੀ ਰੱਖਿਆ ਕਰਦਾ ਹੈ, ਇੱਕੁਰ ਹੀ ਤੁਸੀਂ ਅਸੀਂ ਹਾਂ, ਹੇ ਵਾਹਿਗੁਰੂ ਅਸੀ ਏਹੁ ਬੇਨਤੀ ਕਰਦੇ ਹਾਂ ਕਿ ਤੇਰੀ ਸਤ ਸੰਗਤ ਨਾਲ ਹੀ ਮਿਲ ਰਹੀਏ ਜਿੱਕੁਰ (ਮਧਪ) ਮੱਖੀਆਂ (ਮਖੀਰਾ) ਸ਼ਹਤ ਨਾਲ ਮਿਲ ਰਹਿੰਦੀਆਂ ਹਨ॥

**ਜਾਤੀ ਓਛਾ ਪਾਤੀ ਓਛਾ ਓਛਾ ਜਨਮੁ ਹਮਾਰਾ ॥ ਰਾਜਾ ਰਾਮ ਕੀ ਸੇਵ ਨ ਕੀਨ੍ਹੀ ਕਹਿ ਰਵਿਦਾਸ ਚਮਾਰਾ ॥ ੩ ॥ ੩ ॥**

ਪਾਤੀ = ਪੰਗਤਿ ।

ਜਾਤੀ ਕਰਕੇ ਵੀ ਹੌਛਾ ਪਾਤੀ ਕਰਕੇ ਵੀ ੱਛਾ ਅਤੇ ਹੌਛੇ ਹੀ ਘਰ ਦਾ ਜਨਮ ਮੇਰਾ ਹੈ, ਪ੍ਰਕਾਸ਼ਕ ਵਾਹਿਗੁਰੂ ਦੀ ਸੇਵਾ ਨਹੀਂ ਕੀਤੀ ਰਵਿਦਾਸ ਚਮਿਆਰ ਕਹਿੰਦਾ ਹੈ ।

(ਸਨਮੁਖ ਬੇਨਤੀ)

**ਆਸਾ ॥ ਕਹਾ ਭਇਓ ਜਉ ਤਨੁ ਭਇਓ ਛਿਨੁ ਛਿਨੁ ॥**
**ਪ੍ਰੇਮੁ ਜਾਇ ਤਉ ਡਰਪੈ ਤੇਰੋ ਜਨੁ ॥ ੧ ॥**

ਕੀ ਹੋਇਆ ਜੇ ਸਰੀਰ ਟੁਕੜੇ ਟੁਕੜੇ ਹੋਗਿਆ ਹੈ ਭਾਵ ਭਾਵੇਂ ਹੋ ਜਾਵੇ ਪ੍ਰੇਮ ਚਲਿਆ ਜਾਵੇ ਤੇ ਤਾਂ ਤੇਰਾ ਦਾਸ ਡਰ ਪਵੇ ।

**ਤੁਝਹਿ ਚਰਨ ਅਰਬਿੰਦ ਭਵਨ ਮਨੁ ॥**
**ਪਾਨ ਕਰਤ ਪਾਇਓ ਪਾਇਓ ਰਾਮਈਆ ਧਨੁ ॥ ੧ ॥ ਰਹਾਉ**

ਅਰਬਿੰਦ = ਕਮਲ । ਭਵਨ = ਘਰ । ਪਾਨ = ਪੀਣਾਂ ।

ਤੇਰੇ ਚਰਨਾ ਕਮਲਾਂ ਵਿੱਚ ਮੇਰੇ ਮਨ ਨੇ ਘਰ ਕੀਤਾ ਹੈ । ਵਾ ਚਰਨ ਕਮਲ ਰੂਪ ਘਰ ਪਾਇਆ ਹੈ ਉਥੋਂ ਭੌਰੇ ਵਾਂਙੂ ਅੰਮ੍ਰਿਤ ਪੀਂਦਾ ਹੈ ਅਤੇ ਤੇਰਾ ਨਾਮ ਰੂਪ ਹੇ ਵਾਹਿਗੁਰੂ ਧਨ ਪਾਇਆ ਹੈ ।

**ਸੰਪਤਿ ਬਿਪਤਿ ਪਟਲ ਮਾਇਆ ਧਨੁ ॥**
**ਤਾਮਹਿ ਮਗਨ ਹੋਤ ਨ ਤੇਰੋ ਜਨੁ ॥ ੨ ॥**

ਪਟਲ = ਪੜਦਾ । ਮਗਨ = ਮਸਤ ।

ਰਾਜ ਭਾਗ, ਬਿਪਤਾ ਏਹ ਮਾਇਆ ਦਾ ਪੜਦਾ ਹੈ ਸੋ ਇਸ ਧਨ ਵਿੱਚ ਤੇਰਾ ਦਾਸ ਮਸਤ ਨਹੀਂ ਹੁੰਦਾ ॥

**ਪ੍ਰੇਮ ਕੀ ਜੇਵਰੀ ਬਾਧਿਓ ਤੇਰੋ ਜਨ ॥**
**ਕਹਿ ਰਵਿਦਾਸ ਛੂਟਿਬੋ ਕਵਨ ਗੁਨ ॥ ੩ ॥ ੪ ॥**

ਤੇਰੇ ਦਾਸਾਂ ਨੇ ਤੈਨੂੰ ਪ੍ਰੇਮ ਦੀ ਰੱਸੀ ਨਾਲ ਬੰਨ੍ਹ ਲਿਆ ਹੈ ਰਵਿਦਾਸ ਜੀ ਕਹਿੰਦੇ ਹਨ ਭਲਾ (ਗੁਨ) ਵਿਚਾਰ ਤਾਂ ਸਹੀ ਕਿੱਕੁਰ ਛੁੱਟੇਂਗਾ ।

**ਆਸਾ ॥ ਹਰਿ ਹਰਿ ਹਰਿ ਹਰਿ ਹਰਿ ਹਰਿ ਹਰੇ ॥**
**ਹਰਿ ਸਿਮਰਤ ਜਨ ਗਏ ਨਿਸਤਰਿ ਤਰੇ ॥ ੧ ॥ ਰਹਾਉ ॥**

ਹਰੇ = ਬੂਟਿਆਂ ਵਾਂਗੂ ਹਰੇ ਭਰੇ ॥ ਨਿਸਤਰੇ = ਤਰ ਗਏ ॥

ਛੀ ਵਾਰੀ ਜਿਨ੍ਹਾਂ ਨੇ ਮਨ ਬਾਣੀ ਕਰਕੇ ਵਾਹਿਗੁਰੂ ਨੂੰ ਉਚਾਰਿਆ ਹੈ ਓਹ ਹਰੇ ਭਰੇ ਹੋ ਗਏ ਹਨ ਵਾਹਿਗੁਰੂ ਨੂੰ ਯਾਦ ਕਰਦੇ ਹੋਏ ਜੇਹੜੇ ਕਦੀ ਵੀ ਤਰ ਨਹੀਂ ਸੀ ਸਕਦੇ ਓਹ ਤਰ ਗਏ।

**ਹਰਿ ਕੇ ਨਾਮ ਕਬੀਰ ਉਜਾਗਰ ॥**
**ਜਨਮ ਜਨਮ ਕੇ ਕਾਟੇ ਕਾਗਰ ॥ ੧ ॥**

ਕਾਗਰ = ਕਾਗਜ ॥

ਵਾਹਿਗੁਰੂ ਦੇ ਨਾਮ ਕਰਕੇ ਕਬੀਰ ਜੀ ਸਾਰੇ ਸੰਸਾਰ ਵਿਚ ਉਜਾਗਰ ਹੋਏ ਹਨ ਅਤੇ ਜਨਮ ਜਨਮ ਦੇ ਹਸਾਬ ਵਾਲੇ ਕਾਗਜ਼ ਫਟ ਗਏ ਹਨ।

**ਨਿਮਤ ਨਾਮ ਦੇਉ ਦੂਧੁ ਪੀਆਇਆ ॥**
**ਤਉ ਜਗ ਜਨਮ ਸਕਟ ਨਹੀ ਆਇਆ ॥ ੨ ॥**

ਨਿਮਤ = ਕਾਰਨ। ਸੰਕਟ = ਦੁਖ ॥

ਨਾਨੇ ਦੇ ਕਿਧਰੇ ਜਾਣ ਕਰਕੇ ਨਾਮ ਦੇਵ ਜੀ ਨੇ ਨਾਨੇ ਦੇ (ਵਾਸਤੇ) ਥਾਂ ਆਪ ਠਾਕਰਾਂ ਨੂੰ ਦੁਧ ਪਿਆਇਆ ਉਸ ਕਰਕੇ ਜਗ ਵਿਚ ਜਨਮ ਦੇ ਦੁਖ ਵਿਚ ਨਹੀਂ ਆਇਆ।

**ਜਨ ਰਵਿਦਾਸ ਰਾਮ ਰੰਗਿ ਰਾਤਾ ॥**
**ਇਉ ਗੁਰ ਪਰਸਾਦਿ ਨਰਕ ਨਹੀ ਜਾਤਾ ॥ ੩ ॥ ੫ ॥**

ਗੁਰਾਂ ਦੀ ਕਿਰਪਾ ਨਾਲ ਦਾਸ ਰਵਿਦਾਸ ਵਾਹਿਗੁਰੂ ਦੇ ਪ੍ਰੇਮ ਵਿਚ ਰੱਤਾ ਹੈ, ਇਸ ਕਰਕੇ ਨਰਕ ਨਹੀ ਜਾਂਦਾ।

(ਸੰਸਾਰ ਬਾਜੀਗਰੀ)

**ਮਾਟੀ ਕੋ ਪੁਤਰਾ ਕੈਸੇ ਨਚਤੁ ਹੈ ॥**
**ਦੇਖੈ ਦੇਖੈ ਸੁਨੈ ਬੋਲੈ ਦਉਰਿਓ ਫਿਰਤੁ ਹੈ ॥ ੧ ॥ ਰਹਾਉ ॥**

(ਹੇ ਸੰਤੋ) ਮਿਟੀ ਦਾ ਪੁਤਲਾ ਕਿੱਕੁਰ ਨੱਚਦਾ ਹੈ ਨੇਤਰਾਂ ਨਾਲ ਦੇਖਦਾ ਹੈ, ਸੁਣਦਾ ਹੈ, ਬੋਲਦਾ ਹੈ ਕਿਆ ਦੌੜਿਆ ਫਿਰਦਾ ਹੈ।

**ਜਬ ਕਛੁ ਪਾਵੈ ਤਬ ਗਰਬੁ ਕਰਤੁ ਹੈ ॥**
**ਮਾਇਆ ਗਈ ਤਬ ਰੋਵਨੁ ਲਗਤੁ ਹੈ ॥ ੧ ॥**

ਜਦ ਕੁਝ ਪਾਉਂਦਾ ਹੈ ਤਾਂ ਹੰਕਾਰ ਕਰਦਾ ਹੈ, ਮਾਯਾ ਜਾਂਦੀ ਹੈ ਤਾਂ ਰੋਣ ਲਗਦਾ ਹੈ।

**ਮਨ ਬਚ ਕ੍ਰਮ ਰਸ ਕਸਹਿ ਲੁਭਾਨਾ ॥**
**ਬਿਨਸਿ ਗਇਆ ਜਾਇ ਕਹੂੰ ਸਮਾਨਾ ॥ ੨ ॥**

ਬਚ = ਬਾਣੀ । ਕ੍ਰਮ = ਸਰੀਰ ।

ਮਨ ਬਾਣੀ ਸਰੀਰ ਕਰਕੇ ਰਸਾਂ ਕਸਾਂ ਵਿਚ ਲੁਭਾਇਆ ਹੈ, ਜਦ ਮਰ ਗਿਆ ਤਾਂ ਕਿਤੇ ਦਾ ਕਿਤੇ ਜਾ ਸਮਾਇਆ ।

**ਕਹਿ ਰਵਿਦਾਸ ਬਾਜੀ ਜਗੁ ਭਾਈ ॥**
**ਬਾਜੀਗਰ ਸਉ ਮੋੁਹਿ ਪ੍ਰੀਤਿ ਬਨਿਆਈ ॥ ੩ ॥ ੬ ॥**

ਰਵਿਦਾਸ ਜੀ ਕਹਿੰਦੇ ਹਨ ਹੇ ਭਾਈ ਏਹ ਜਗਤ ਬਾਜੀਗਰ ਦੀ ਖੇਲ ਹੈ ਵਾਹਿਗੁਰੂ ਨਾਲ ਮੇਰੀ ਪ੍ਰੀਤਿ ਬਣਿ ਆਈ ਹੈ ।

**ਆਸਾ ਬਾਣੀ ਭਗਤ ਧੰਨੇ ਜੀ ਕੀ**

**੧ ੴ ਸਤਿਗੁਰਪ੍ਰਸਾਦਿ ॥ ਭ੍ਰਮਤ ਫਿਰਤ ਬਹੁ ਜਨਮ ਬਿਲਾਨੇ ਤਨੁ ਮਨੁ ਧਨੁ ਨਹੀ ਧੀਰੇ ॥**

ਬਿਲਾਨੇ = ਬੀਤੇ । ਧੀਰੇ = ਧੀਰਜ ਵਾਲਾ ਹੋਵੇ ।

ਭ੍ਰਮ ਕਰਕੇ ਫਿਰਦਿਆਂ ਹੋਇਆਂ ਬਹੁਤ ਜਨਮ ਬੀਤ ਗਏ ਹਨ ਏਹ ਸਰੀਰ ਵਿਚ ਜੇਹੜਾ ਛੋਟਾ ਜੇਹਾ ਮਨ ਹੈ ਏਹਨੂੰ ਧਨ ਕਰਕੇ ਧੀਰਜ ਨਹੀਂ ਆਈ ਵਾ ਤੇਰੇ ਨਾਮ ਨ ਤੋਂ ਬਿਨਾਂ ਧੀਰਜ ਨਹੀਂ ਆਈ ।

**ਲਾਲਚ ਬਿਖੁ ਕਾਮ ਲਬਧ ਰਾਤਾ**
**ਮਨਿ ਬਿਸਰੇ ਪ੍ਰਭ ਹੀਰੇ ॥ ੧ ॥ ਰਹਾਉ ॥**

ਬਿਖ = ਵਿਸ਼ੇ, ਵਿਹੁ ॥ ਲੁਬਧ = ਫੰਦਕ, ਲੋਭਿਆ ॥

ਵਿਹੁ ਵਾਂਙੂ ਦੁਖ ਦੇਣ ਵਾਲੇ ਵਿਸ਼ਿਆਂ ਕਾਮਾਦਿਕਾਂ ਵਿਚ ਲਾਲਚ ਕਰਕੇ ਫੰਦਕ ਵਾਂਙੂ ਮਨ ਨੂੰ (ਰਾਤਾ) ਮਸਤ ਕੀਤਾ ਭ੍ਰਾਵ ਲਾਯਾ ਅਤੇ ਹੀਰੇ ਵਾਂਙੂ ਜੇਹੜਾ ਵਾਹਿਗੁਰੂ ਸੀ ਉਹ ਮਨੋਂ ਵਿਸਾਰ ਦਿੱਤਾ ।

**ਬਿਖੁ ਫਲ ਮੀਠ ਲਗੇ ਮਨ ਬਉਰੇ ਚਾਰ ਬਿਚਾਰ ਨ ਜਾਨਿਆ ॥ ਗੁਨ ਤੇ ਪ੍ਰੀਤਿ ਬਢੀ ਅਨ ਭਾਂਤੀ ਜਨਮ ਮਰਨ ਫਿਰਿ ਤਾਨਿਆ ॥ ੧ ॥**

ਜਿਨ੍ਹਾਂ ਉਪ੍ਰੋਕਤਿ ਵਿਸ਼ਿਆਂ ਦਾ ਵਿਹੁ ਵਾਂਙੂ ਫਲ ਹੈ ਓਹ ਇਸ ਮਨ ਬੌਰੇ ਨੂੰ ਮਿਠੇ ਲਗੇ ਹਨ, ਅਤੇ (ਚਾਰ) ਸੁੰਦਰ ਵਿਚਾਰ ਕਰਕੇ ਨਾ ਜਾਣਿਆਂ

ਉਨ੍ਹਾਂ ਗੁਣ ਰੂਪ ਵਿਸ਼ਿਆਂ ਤੋਂ (ਅਨ) ਹੋਰ ਭਾਂਤ ਦੀ ਬੜੀ ਪ੍ਰੀਤਿ ਵਧੀ ਇਸ ਕਰਕੇ ਫਿਰ ਜਨਮ ਮਰਨ ਵਿਚ ਤਾਣਿਆਂ ਗਿਆ ॥

**ਜੁਗਤਿ ਜਾਨਿ ਨਹੀ ਰਿਦੈ ਨਿਵਾਸੀ ਜਲਤ ਜਾਲ ਜਮ ਫੰਧ ਪਰੇ ॥ ਬਿਖੁ ਫਲ ਸੰਚਿ ਭਰੇ ਮਨ ਐਸੇ ਪਰਮ ਪੁਰਖ ਪ੍ਰਭ ਮਨ ਬਿਸਰੇ ॥ ੨ ॥**

ਸੰਚਿ = ਕੱਠਾ । ਜਾਲ = ਬਹੁਤੇ ਵਾ ਜਾਲੀ ।

ਵਾਹਿਗੁਰੂ ਦੇ ਜਾਨਣ ਦੀ ਯੁਕਤੀ ਰਿਦੇ ਵਿਚ ਨਹੀਂ ਟਿਕੀ ਇਸੀ ਲਈ ਸੜਦਿਆਂ ਨੂੰ ਜਮਾਂ ਦੇ ਬਹੁਤੇ ਫਾਹ ਪਏ, ਵਿਹੁ ਰੂਪ ਵਿਸ਼ਿਆਂ ਨੂੰ ਕੱਠਾ ਕਰਕੇ ਮਨ ਭਰਿਆ ਹੱਛੇ ਪੁਰਖ ਪ੍ਰਭੂ ਵਾਹਿਗੁਰੂ ਮਨੋਂ ਭੁੱਲ ਗਏ ।

**ਗਿਆਨ ਪ੍ਰਵੇਸੁ ਗੁਰਹਿ ਧਨੁ ਦੀਆ ਧਿਆਨੁ ਮਾਨੁ ਮਨ ਏਕ ਮਏ ॥ ਪ੍ਰੇਮ ਭਗਤਿ ਮਾਨੀ ਸੁਖੁ ਜਾਨਿਆ ਤ੍ਰਿਪਤਿ ਅਘਾਨੇ ਮੁਕਤਿ ਭਏ ॥ ੩ ॥**

ਮਏ = ਰੂਪ ॥ ਅਘਾਨੇ = ਰੱਜੇ ।

ਜਿਨ੍ਹਾਂ ਦੇ ਰਿਦੇ ਵਿੱਚ ਗੁਰਾਂ ਨੇ ਗਿਆਨ ਧਨ ਪ੍ਰਵੇਸ਼ ਕਰ ਦਿੱਤਾ ਉਹ ਧਿਆਨ ਲਾਕੇ ਅਤੇ ਮਨ ਕਰਕੇ ਮੰਨਕੇ ਇੱਕ ਵਾਹਿਗੁਰੂ ਦਾ ਰੂਪ ਹੋ ਗਏ ਹਨ ਪ੍ਰੇਮਾ ਭਗਤੀ ਮੰਨੀ ਇਸ ਲਈ ਸੁਖ ਜਾਣਿਆਂ ਅਤੇ ਇਸ ਸੰਸਾਰ ਵੱਲੋਂ ਰੱਜਕੇ ਤ੍ਰਿਪਤ ਹੋਏ ਅਤੇ ਅੰਤ ਨੂੰ ਮੁਕਤ ਹੋ ਗਏ ।

**ਜੋਤਿ ਸਮਾਇ ਸਮਾਨੀ ਜਾਕੈ ਅਛਲੀ ਪ੍ਰਭੁ ਪਹਿਚਾਨਿਆ ॥ ਧੰਨੈ ਧਨੁ ਪਾਇਆ ਧਰਣੀ ਧਰੁ ਮਿਲਿ ਜਨ ਸੰਤ ਸਮਾਨਿਆ ॥ ੪ ॥ ੧ ॥**

ਅਛਲੀ = ਛਲ ਤੇ ਰਹਿਤ ॥ ਪਹਿਚਾਨਿਆ = ਜਾਣਿਆਂ ॥
ਧਰਣੀ ਧਰ = ਧਰਤੀ ਚੁੱਕਣ ਵਾਲਾ ॥

ਸਮੌਣ ਵਾਲੀ ਜੋਤਿ ਹੋਕੇ ਜਾ ਸਮਾਈ ਵਾ ਜਿਸਦੇ ਅੰਦਰ ਇਕੋ ਜੋਤਿ ਸਮਾਈ ਹੈ ਉਸਨੇ ਅਛਲੀ ਵਾਹਿਗੁਰੂ ਨੂੰ ਜਾਣਿਆ । ਧੰਨੇ ਭਗਤ ਵਾਹਿਗੁਰੂ ਰੂਪ ਧਨ ਪਾ ਲਿਆ ਹੈ ਪਰ ਦਾਸ ਹੋਕੇ ਇੱਕੋ ਜੇਹਿਆਂ ਸੰਤਾਂ ਸਾ ਦੇਖਣ ਵਾਲਿਆਂ ਵਿਚ ਮਿਲਕੇ ।

ਮਹਲਾ ੫ ॥

*ਗੋਬਿੰਦ ਗੋਬਿੰਦ ਗੋਬਿੰਦ ਸੰਗਿ ਨਾਮ ਦੇਉ ਮਨੁ ਲੀਣਾ ॥
ਆਢ ਦਾਮ ਕੋ ਛੀਪਰੋ ਹੋਇਓ ਲਾਖੀਣਾ ॥ ੧ ॥ ਰਹਾਉ ॥

ਆਢ ਦਾਮ = ਅੱਧੀ ਕੌਡੀ । ਛੀਪਰੋ = ਛੀਂਬਾ ॥

ਵਾਹਿਗੁਰੂ ਵਾਹਿਗੁਰੂ ਵਾਹਿਗੁਰੂ ਨਾਲ ਨਾਮ ਦੇਉ ਮਨ ਕਰਕੇ ਲੀਨ ਹੋਇਆ ਇਸ ਲਈ ਅਧੀ ਕੌਡੀ ਦਾ ਆਦਮੀ ਛੀਂਬਾ ਲੱਖਾਂ ਰੁਪੈਯਾਂ (ਭਾਵ ਵਾਹਿਗੁਰੂ ਨੂੰ ਮਿਲਨ) ਵਾਲਾ ਹੋਯਾ ।

ਬੁਨਨਾ ਤਨਨਾ ਤਿਆਗਿਕੈ ਪ੍ਰੀਤਿ ਚਰਨ ਕਬੀਰਾ ॥
ਨੀਚ ਕੁਲਾ ਜੋਲਾਹਰਾ ਭਇਓ ਗੁਨੀਯ ਗਹੀਰਾ ॥ ੧ ॥

ਗਹੀਰਾ = ਸਮੁੰਦਰ = ਖਜਾਨਾ ।

ਕਬੀਰ ਨੇ ਬੁਣਨਾਂ ਛੱਡਕੇ ਵਾਹਿਗੁਰੂ ਦੇ ਚਰਨਾਂ ਨਾਲ ਪ੍ਰੀਤ ਕੀਤੀ ਇਸ ਲਈ ਨੀਚ ਕੁਲ ਦਾ ਜੁਲਾਹਾ ਗੁਣਾਂ ਦਾ ਖਜਾਨਾ ਹੋਯਾ ।

ਰਵਿਦਾਸੁ ਢੋਵੰਤਾ ਢੋਰ ਨੀਤਿ ਤਿਨਿ ਤਿਆਗੀ ਮਾਇਆ ॥
ਪਰਗਟੁ ਹੋਆ ਸਾਧ ਸੰਗਿ ਹਰਿ ਦਰਸਨੁ ਪਾਇਆ ॥ ੨ ॥

ਢੋਰ = ਮੋਏ ਹੋਏ ਪਸ਼ੂ ॥

ਰਵਿਦਾਸ ਰੋਜ ਹੀ ਮੋਏ ਹੋਏ ਡੰਗਰ ਢੋਂਦਾ ਹੁੰਦਾ ਸੀ ਤਿਸਨੇ ਮਾਯਾ ਛੱਡੀ ਸਾਧ ਸੰਗਤ ਵਿਚ ਪ੍ਰਗਟ ਹੋਇਆ, ਵਾਹਿਗੁਰੂ ਦਾ ਦਰਸ਼ਨ ਪਾ ਲਿਆ ।

ਸੈਨੁ ਨਾਈ ਬੁਤਕਾਰੀਆ ਓਹੁ ਘਰਿ ਘਰਿ ਸੁਨਿਆ ॥
ਹਿਰਦੈ ਵਸਿਆ ਪਾਰਬ੍ਰਹਮੁ ਭਗਤਾ ਮਹਿ ਗਨਿਆ ॥ ੩ ॥

ਸੈਨ ਨਾਈ ਹਰ ਇਕ ਦੀਆਂ ਬੁਤੀਆਂ ਕਰਨ ਵਾਲਾ ਸੀ ਓਹ ਘਰ ਵਿੱਚ ਸੁਣਿਆਂ ਗਿਆ ਕਿਉਂਕਿ ਉਸਦੇ ਹਿਰਦੇ ਵਿੱਚ ਵਾਹਿਗੁਰੂ ਵਸਿਆ ਸੀ ਇਸ ਲਈ ਭਗਤਾਂ ਵਿਚ ਗਿਣਿਆ ਗਿਆ ॥

ਇਹ ਬਿਧਿ ਸੁਨਿਕੈ ਜਾਟਰੋ ਉਠਿ ਭਗਤੀ ਲਾਗਾ ॥
ਮਿਲੇ ਪ੍ਰਤਖਿ ਗੁਸਾਈਆ ਧੰਨਾ ਵਡਭਾਗਾ ॥ ੪ ॥ ੨ ॥

ਇਹ ਰੀਤੀ ਸੁਨਕੇ ਜੱਟ ਵੀ ਉਠ ਭਗਤੀ ਨੂੰ ਲਗਾ ਪਰਤੱਖ ਹੀ ਵਾਹਿਗੁਰੂ ਮਿਲਿਆ ਇਸ ਲਈ ਧੰਨਾ ਵਡੇ ਭਾਗਾਂ ਵਾਲਾ ਹੋਯਾ ।

*ਇਹੁ ਬਾਣੀ ਗੁਰੂ ਸਾਹਿਬ ਜੀ ਦੀ ਹੈ ॥

**ਰੇ ਚਿਤ ਚੇਤਸਿ ਕੀ ਨ ਦਯਾਲ ਦਮੋਦਰ ਬਿਬਹਿ ਨ ਜਾਨਸਿ ਕੋਈ ॥ ਜੇ ਧਾਵਹਿ ਬ੍ਰਹਮੰਡ ਖੰਡ ਕਉ ਕਰਤਾ ਕਰੈ ਸੁ ਹੋਈ ॥ ੧ ॥ ਰਹਾਉ ॥**

ਦਮੋਦਰ = ਮਾਯਾ ਰੂਪ ਦਾਮ ਜਿਦੇ ਪੇਟ ਨਾਲ ਹੈ ॥ ਬਿਬਹਿ = ਦੂਜਾ ।

ਹੇ ਮਨ ਦਯਾਲੂ ਦਮੋਦਰ ਵਾਹਿਗੁਰੂ ਨੂੰ ਕਿਉਂ ਨਹੀਂ ਯਾਦ ਕਰਦਾ (ਤੇਰੀ ਰੱਖਿਆ ਕਰਨ ਵਾਲਾ ਵੱਡਾ) ਇਸ ਤੋਂ ਬਿਨਾਂ ਹੋਰ ਦੂਜਾ ਕੋਈ ਨ ਜਾਣ। ਜੇ ਤੂੰ ਬ੍ਰਹਮੰਡਾਂ ਖੰਡਾਂ ਨੂੰ ਵੀ ਦੌੜੇਂ ਤੇ ਤਾਂ ਵੀ ਜੋ ਵਾਹਿਗੁਰੂ ਨੇ ਕਰਨਾ ਹੈ ਸੋ ਹੋਣਾ ਹੈ ॥

**ਜਨਨੀ ਕੇਰੇ ਉਦਰ ਉਦਕ ਮਹਿ ਪਿੰਡੁ ਕੀਆ ਦਸ ਦੁਆਰਾ ॥ ਦੇਇ ਅਹਾਰੁ ਅਗਨਿ ਮਹਿ ਰਾਖੈ ਐਸਾ ਖਸਮੁ ਹਮਾਰਾ ॥ ੧ ॥**

ਜਨਨੀ = ਮਾਤਾ ॥ ਉਦਰ = ਪੇਟ । ਉਦਕ = ਪਾਣੀ ਦਾ ਜਾਲ ॥
ਪਿੰਡ = ਸਰੀਰ। ਅਹਾਰ = ਖਾਣਾਂ ॥

ਮਾਤਾ ਦੇ ਪੇਟ ਜਲ ਵਿਚ ਜਿਸ ਵਾਹਿਗੁਰੂ ਨੇ ਦਸਾਂ ਦੁਆਰਿਆਂ ਵਾਲ ਸਰੀਰ ਕੀਤਾ ਹੈ, ਖਾਣਾਂ ਦੇਕੇ ਅਗਨੀ ਵਿਚ ਰੱਖਿਆ ਹੈ ਇਕਰ ਦਾ ਸਾਡਾ ਵਾਹਿਗੁਰੂ ਹੈ, ਇਸਦਾ ਸਿੱਟਾ ਏਹ ਹੈ ਕਿ ਮਾਤਾ ਦੇ ਪੇਟ ਵਿਚ ਵੀ ਵਾਹਿਗੁਰੂ ਰੱਖਿਆ ਕਰਕੇ ਅੰਨ ਦੇਂਦਾ ਹੈ

**ਕੂੰਮੀ ਜਲ ਮਾਹਿ ਤਨ ਤਿਸੁ ਬਾਹਰਿ ਪੰਖ ਖੀਰੁ ਤਿਨ੍ ਨਾਹੀ। ਪੂਰਨ ਪਰਮਾਨੰਦ ਮਨੋਹਰ ਸਮਝਿ ਦੇਖੁ ਮਨ ਮਾਹੀ ॥ ੨ ॥**

ਕੂੰਮੀ = ਕੱਛੂ ॥ ਤਨ = ਪੁਤ੍ਰ। ਖੀਰੁ = ਦੁਧ ॥

ਕਛੂ ਪਾਣੀ ਵਿਚ ਰਹਿੰਦਾ ਹੈ ਅਤੇ ਪੁਤ੍ਰ ਤਿਸਦੇ ਬਾਹਰ ਹੁੰਦੇ ਹਨ ਨ ਤੇ ਕੱਛੂ ਦੀ ਇਸਤ੍ਰੀ ਨੂੰ ਦੁਧ ਹੁੰਦਾ ਹੈ ਅਤੇ ਨਾ ਬੱਚਿਆਂ ਨੂੰ ਖੰਭ ਹੁੰਦੇ ਹਨ ਂ ਉਡਕੇ ਉਦਰ ਪੂਰਨਾ ਕਰ ਲੈਣ । ਪੂਰਨ ਪਰਮਾਨੰਦ ਸੁੰਦਰ ਵਾਹਿਗੁਰੂ ਮ ਦੇ ਹਰਨ ਵਾਲਾ ਸਮਝ ਦੇਖ ਮਨ ਵਿਚ ਓਨ੍ਹਾਂ ਦੀ ਓਥੇ ਵੀ ਪਾਲਨ ਕਰਦਾ ਹੈ।

**ਪਾਖਣਿ ਕੀਟੁ ਗੁਪਤੁ ਹੋਇ ਰਹਤਾ ਤਾਚੋ ਮਾਰਗੁ ਨਾਹੀ ॥ ਕਹੈ ਧੰਨਾ ਪੂਰਨ ਤਾਹੂ ਕੋ ਮਤਿ ਰੇ ਜੀਅ ਡਰਾਂਹੀ॥ ੩ ॥ ੩।**

ਪਾਖਣਿ = ਪੱਥਰ। ਮਾਰਗ = ਰਸਤਾ।

ਪਥਰ ਵਿਚ ਛਪਿਆ ਹੋਇਆ ਕੀੜਾ ਰਹਿੰਦਾ ਹੈ ਪਨਾਂ ਤਿਸਨੂੰ ਅੰਦ

ਬਾਹਰ ਨਿਕਲਨ ਨੂੰ ਕੋਈ ਰਸਤਾ ਨਹੀਂ ਹੁੰਦਾ, ਧੰਨਾ ਜੀ ਕਹਿੰਦੇ ਹਨ ਤਿਸ ਨੂੰ ਓਥੇ ਹੀ ਪੂਰਨ ਕਰਦਾ ਹੈ, ਇਸ ਲਈ ਹੇ ਜੀਅ ਤੂੰ ਮਤ ਡਰ ਕਿ ਮੈਨੂੰ ਕੌਣ ਦੇਵੇਗਾ।

## ਆਸਾ ਸੇਖ ਫਰੀਦ ਜੀਉ ਕੀ ਬਾਣੀ

੧ ੴ ਸਤਿਗੁਰਪ੍ਰਸਾਦਿ ॥

ਦਿਲਹੁ ਮੁਹਬਤਿ ਜਿੰਨ੍ ਸੇਈ ਸਚਿਆ ॥
ਜਿਨ੍ ਮਨਿ ਹੋਰੁ ਮੁਖਿ ਹੋਰੁ ਸਿ ਕਾਂਢੇ ਕਚਿਆ ॥ ੧ ॥

ਕਾਂਢੇ = ਕਹੀਦੇ।

ਜਿਨ੍ਹਾਂ ਦੇ ਦਿਲੋਂ ਪ੍ਰੇਮ ਹੈ ਸੋ ਸਚੇ ਹਨ, ਜਿਨ੍ਹਾਂ ਦੇ ਮਨ ਵਿਚ ਹੋਰ ਅਤ ਮੁੱਖ ਵਿਚ ਹੋਰ ਹੈ ਸੋ ਕੱਚੇ ਕਹੀਦੇ ਹਨ।

ਰਤੇ ਇਸਕ ਖੁਦਾਇ ਰੰਗਿ ਦੀਦਾਰ ਕੇ ॥
ਵਿਸਰਿਆ ਜਿਨ੍ ਨਾਮੁ ਤੇ ਭੁਇ ਭਾਰੁ ਥੀਏ ॥ ੧ ॥ ਰਹਾਉ ॥

(ਓਹ) ਖੁਦਾ ਦੇ ਪ੍ਰੇਮ ਦੀਦਾਰ ਦੇ ਇਸ਼ਕ ਵਿੱਚ ਰੱਤੇ ਹੋਏ ਹਨ ਅਤੇ ਜਿਨ੍ਹਾਂ ਨੂੰ ਓਹਦਾ ਨਾਮੁ ਭੁਲ ਗਿਆ ਹੈ ਓਹੁ ਧਰਤੀ ਤੇ ਭਾਰ ਹੋਏ ਹਨ ਭਾਵ ਬਿਅਰਥ ਹਨ (ਵੇਖੋ ਭਾਈ ਗੁਰਦਾਸ ਜੀ ਦੀ ਵਾਰ ੩੫ ਪੌੜੀ ੮)॥

ਆਪਿ ਲੀਏ ਲੜਿ ਲਾਇ ਦਰਿ ਦਰਵੇਸ ਸੇ ॥
ਤਿਨ੍ ਧੰਨੁ ਜਣੇਦੀ ਮਾਉ ਆਏ ਸਫਲੁ ਸੇ ॥ ੨ ॥

ਆਪ ਵਾਹਿਗੁਰੂ ਨੇ ਜੇਹੜੇ ਲੜ ਲਾ ਲਏ ਹਨ ਓਹੁ ਦਰਵਾਜੇ ਦੇ ਦਰਵੇਸ਼ ਹਨ। ਤਿਨ੍ਹਾਂ ਨੂੰ ਜਣਨ ਵਾਲੀ ਮਾਂ ਵੀ ਧੰਨ ਹੈ ਅਤੇ ਓਹੁ ਆਏ ਵੀ ਸੰਸਾਰ ਤੇ ਸਫਲ ਹਨ।

ਪਰਵਦਗਾਰ ਅਪਾਰ ਅਗਮ ਬੇਅੰਤ ਤੂ ॥
ਜਿਨਾ ਪਛਾਤਾ ਸਚੁ ਚੁੰਮਾ ਪੈਰ ਮੂੰ ॥ ੩ ॥

ਮੂੰ = ਮੈਂ।

ਹੇ ਪਰਵਦਗਾਰ ਵਾਹਿਗੁਰੂ ਤੂੰ ਅਪਾਰ ਅਗਮ ਬੇਅੰਤ ਹੈਂ, ਜਿਨ੍ਹਾਂ ਤੈਨੂੰ ਸਚ ਸਰੂਪ ਨੂੰ ਪਛਾਣਿਆਂ ਹੈ ਮੈਂ ਉਨ੍ਹਾਂ ਦੇ ਪੈਰ ਚੁੰਮਦਾ ਹਾਂ।

ਤੇਰੀ ਪਨਹ ਖੁਦਾਇ ਤੂ ਬਖਸੰਦਗੀ ॥
ਸੇਖ ਫਰੀਦੈ ਖੈਰੁ ਦੀਜੈ ਬੰਦਗੀ ॥ ੪ ॥ ੧ ॥

ਪਨਹ = ਪਨਾਹ, ਸ਼ਰਨ ॥

ਹੇ ਵਾਹਿਗੁਰੂ ਮੈਂ ਤੇਰੀ ਸ਼ਰਨ ਆਯਾ ਹਾਂ ਤੂੰ ਮੈਨੂੰ ਬਖਸ਼ਸ਼ ਕਰ (ਮੈਂ ਬਖਸ਼ਸ਼ ਕਰ) 'ਸ਼ੇਖ ਫਰੀਦੈ ਖੈਰ ਦੀਜੈ ਬੰਦਗੀ'॥

**ਆਸਾ ॥ ਬੋਲੈ ਸੇਖ ਫਰੀਦੁ ਪਿਆਰੇ ਅਲਹ ਲਗੇ ॥**

**ਇਹੁ ਤਨੁ ਹੋਸੀ ਖਾਕ ਨਿਮਾਣੀ ਗੋਰ ਘਰੇ ॥ ੧ ॥**

ਸ਼ੇਖ ਫਰੀਦ ਜੀ ਕਹਿੰਦੇ ਹਨ, ਹੇ ਪਯਾਰੇ ਵਾਹਿਗੁਰੂ ਦੇ ਨਾਮ ਨਾਲ ਲਗੇ ਰਹਿਣਾ ਚਾਹੀਦਾ ਹੈ ਕਿਉਂਕਿ ਏਹ ਵਜੂਦ ਨੀਵੀਂ ਕਬਰ ਰੂਪ ਘਰ ਵਿਚ ਖਾਕ ਹੋਵੇਗਾ ॥

**ਆਜੁ ਮਿਲਾਵਾ ਸੇਖ ਫਰੀਦ ਟਾਕਿਮ ਕੂੰਜੜੀਆ ॥**

**ਮਨਹੁ ਮਚਿੰਦੜੀਆ ॥ ੧ ॥ ਰਹਾਉ ॥**

ਟਾਕਿਮ = ਰੋਕੋ, ਮੋੜੋ । ਵਾ ਟਹਕ ਆਈਆ ॥ ਕੂੰਜੜੀਆ = ਕੂੰਜਾਂ, ਵਾਸਨਾਂ, ਇੰਦ੍ਰੀਆਂ । ਮਚਿੰਦੜੀਆ = ਆਪਨੂੰ ਮਚੌਣ ਵਾਲੀਆਂ ।

ਸ਼ੇਖ ਫਰੀਦ ਜੀ ਕਹਿੰਦੇ ਹਨ, ਅੱਜ ਮਨੁਖਾ ਜਨਮ ਵਿਚ ਵਾਹਿਗੁਰੂ ਨਾਲ ਮਿਲਾਵਾ ਹੋ ਸਕਦਾ ਹੈ ਜੇ ਮਨ ਨੂੰ ਮਚੌਣ ਵਾਲੀਆਂ ਵਾਸ਼ਨਾ ਨੂੰ ਰੋਕੇ ਵਾ ਮੇਰੀਆਂ ਇੰਦ੍ਰੀਆਂ ਭਲੇ ਬੰਨੇ ਵਲ ਟਹਕ ਆਈਆਂ, ਪਦਾਰਥਾਂ ਕਰਕੇ ਰੱਜ ਗਈਆਂ ਹਨ । ਜੋ ਮਨ ਨੂੰ ਨਚੌਣ ਮਚੌਣ ਵਾਲਿਆਂ ਸਨ, ਸੋ ਇਸ ਲਈ ਮੇਰਾ ਅੱਜ ਵਾਹਿਗੁਰੂ ਨਾਲ ਮਿਲਾਵਾ ਹੋਣ ਲਗਾ ਹੈ ।

**ਜੇ ਜਾਣਾ ਮਰਿ ਜਾਈਐ ਘੁੰਮਿ ਨ ਆਈਐ ॥**

**ਝੂਠੀ ਦੁਨੀਆ ਲਗਿ ਨ ਆਪੁ ਵੰਞਾਈਐ ॥ ੨ ॥**

ਜੇ ਮੈਂ ਏਹ ਨਿਸਚੇ ਕਰਕੇ ਜਾਣ ਲਵਾਂ ਕਿ ਮਰ ਜਾਣਾ ਹੈ ਅਤੇ ਫਿਰ ਸੰਸਾਰ ਉਤੇ ਨਹੀਂ ਆਉਣਾ ਤਾਂ ਫੇਰ ਹੇ ਭਾਈ ਝੂਠੀ ਦੁਨੀਆਂ ਵਿਚ ਲਗਕੇ ਆਪਣਾਂ ਆਪ ਨ ਵੰਞਾਈਏ । ਭਾਵ ਆਪਣੇ ਆਪ ਦਾ ਨਾਸ ਨ ਕਰ ਲਈਏ ਸਗੋਂ ਸਫਲ ਕਰੀਏ ।

**ਬੋਲੀਐ ਸਚੁ ਧਰਮੁ ਝੂਠੁ ਨ ਬੋਲੀਐ ॥**

**ਜੋ ਗੁਰੁ ਦਸੈ ਵਾਟ ਮੁਰੀਦਾ ਜੋਲੀਐ ॥ ੩ ॥**

ਜੋਲੀਐ = ਚਲੀਏ ॥

ਧਰਮ ਨਾਲ ਸਦਾ ਬਚਨ ਬੋਲੀਏ ਅਤੇ ਝੂਠਾ ਨਾ ਬੋਲੀਏ ਜੇਹੜਾ ਗੁਰੂ ਰਸਤਾ ਦਸਣ ਉਸਤੇ ਮੁਰੀਦਾਂ ਵਾਂਙੂੰ ਚਲੀਏ ॥

**ਛੈਲ ਲੰਘੰਦੇ ਪਾਰਿ ਗੋਰੀ ਮਨੁ ਧੀਰਿਆ ॥**
**ਕੰਚਨ ਵੰਨੇ ਪਾਸੇ ਕਲਵਤਿ ਚੀਰਿਆ ॥ ੪ ॥**

ਛੈਲ = ਸੁੰਦਰ । ਗੋਰੀ = ਇਸਤ੍ਰੀ ॥ ਕੰਚਨ = ਸੋਨਾ । ਵੰਨੇ = ਰੰਗ ਵਾ ਵੰਨੇ = ਫਲਾਣੇ ਬੰਨੇ, ਫਲਾਣੀ ਤਰਫ ਵਾ ਵੰਨੀ ਅੱਗ ਮਾਇਆ ਦੀ । ਕਲਵਤਿ = ਕਾਸ਼ੀ ਦਾ ਕਰਵਤ ॥

ਸੁੰਦਰ ਵਾਹਿਗੁਰੂ ਪਯਾਰੇ ਸੰਸਾਰ ਸਮੁੰਦਰ ਤੋਂ ਪਾਰ ਲੰਘਦੇ ਹੋਏ ਦੇਖਕੇ ਜੀਵ ਰੂਪ ਇਸਤ੍ਰੀ ਦਾ ਮਨ ਵੀ ਧੀਰਜ ਵਾਲਾ ਹੋਇਆ । ਭਾਵ ਏਨ ਵੀ ਜਾਣਿਆਂ ਕਿ ਮੈਂ ਵੀ ਲੰਘ ਜਾਵਾਂਗੀ, ਅਤੇ ਜੇਹੜੇ ਸੋਨੇ ਦੇ ਰੰਗ ਵਰਗੀ ਮਾਇਆ ਅਗਨੀ ਦੇ ਪਾਸੇ ਲਗੇ ਹਨ ਉਨ੍ਹਾਂ ਦੇ ਪਾਸੇ ਆਰੇ ਨਾਲ ਚੀਰੇ ਗਏ* ।

**ਸੇਖ ਹੈਯਾਤੀ ਜਗਿ ਨ ਕੋਈ ਥਿਰੁ ਰਹਿਆ ॥**
**ਜਿਸੁ ਆਸਣਿ ਹਮ ਬੈਠੇ ਕੇਤੇ ਬੈਸਿ ਗਇਆ ॥੫ ॥**

ਹੈਯਾਤੀ = ਅਮਰ ॥

ਸ਼ੇਖ ਫਰੀਦ ਜੀ ਕਹਿੰਦੇ ਹਨ ਕੋਈ ਵੀ ਜੱਗ ਵਿਚ ਥਿਰ ਨਹੀਂ ਰਿਹਾ, ਜਿਸ ਧਰਤੀ ਤੇ ਆਸਣ ਲਾਕੇ ਅਸੀਂ ਬੈਠੇ ਹਾਂ ਏਸ ਧਰਤੀ ਤੇ ਅਗੇ ਕਈ ਬੈਠ ਗਏ ਹਨ ॥

**ਕਤਿਕ ਕੂੰਜਾਂ ਚੇਤਿ ਡਉ ਸਾਵਣਿ ਬਿਜੁਲੀਆ ॥**
**ਸੀਆਲੇ ਸੋਹੰਦੀਆਂ ਪਿਰ ਗਲਿ ਬਾਹੜੀਆਂ ॥ ੬ ॥**

ਡਉ = ਅੱਗ ॥

(੧) ਜਿੱਕਰ ਕਤੇਂ ਦੇ ਮਹੀਨੇ ਕੂੰਜਾਂ ਆਉਂਦੀਆਂ ਹਨ, (੨) ਜਿੱਕੁਰ ਚੇਤ ਦੇ ਮਹੀਨੇ ਬਣ ਨੂੰ ਜਰੂਰ ਅੱਗ ਲਗਦੀ ਹੈ, (੩) ਜਿੱਕੁਰ ਸਾਵਣ ਦੇ ਮਹੀਨੇ ਬਿਜਲੀਆਂ ਜਰੂਰ ਚਮਕਦੀਆਂ ਹਨ, (੪) ਜਿੱਕਰ ਸਿਆਲ ਵਿਚ ਪਤੀ ਦੇ ਗਲ ਨਾਲ ਲਗੀਆਂ ਹੋਈਆਂ ਇਸਤ੍ਰੀਆਂ ਦੀਆਂ ਬਾਹਾਂ ਜਰੂਰ ਸੋਭਦੀਆਂ ਹਨ, ਇਕੁਰ ਹੀ ਸਮਾਂ ਪਾਕੇ ਜਰੂਰ ਮਰਨਾ ਹੈ॥

**ਚਲੇ ਚਲਣ ਹਾਰ ਵਿਚਾਰਾ ਲੇਇ ਮਨੋ ॥**
**ਗੰਢੇਦਿਆਂ ਛਿਅ ਮਾਹ ਤੁੜੰਦਿਆ ਹਿਕੁ ਖਿਨੋ ॥ ੭॥**

ਤਿਕੁਰ ਹੀ ਚੱਲਣ ਵਾਲੇ ਜੀਵ ਚਲੇ ਜਾਣਗੇ ਤੁਸੀਂ ਮਨ ਵਿਚ

*ਭਾਵ ਜਿਨ੍ਹਾਂ ਨੇ ਮਾਇਆ ਨੂੰ ਹੱਛੀ ਸਮਝਿਆ ਓਨਾਂ ਨੂੰ ਜਮਦੂਤਾਂ ਨੇ ਦੁਖ ਦਿਤਾ ॥

ਵਿਚਾਰ ਲਓ ਜਿੱਕੁਰ ਮਾਤਾ ਦ ਪੇਟ ਵਿੱਚ ਇਸ ਜੀਵ ਨੂੰ ਰੀਂਢਦਿਆਂ ਛੇ ਮਹੀਨੇ ਲਗਦੇ ਹਨ, ਅਤੇ (ਤੋੜਨ) ਮਾਰਨ ਲਗਿਆਂ (ਹਿਕ) ਇਕ ਛਿਨ ਭਾਵ ਛੇਤੀ ਹੀ ਮਰ ਜਾਂਦਾ ਹੈ ॥

**ਜਿਮੀ ਪੁਛੈ ਅਸਮਾਨ ਫਰੀਦਾ ਖੇਵਟ ਕਿੰਨਿ ਗਏ ॥**

**ਜਾਲਣ ਗੋਰਾਂ ਨਾਲਿ ਉਲਾਮੇ ਜੀਅ ਸਹੇ ॥ ੮ ॥ ੨ ॥**

ਖੇਵਟ = ਮਲਾਹ ॥ ਕਿਨਿ = ਕਿਥੇ । ਜਾਲਣ = ਬਤੀਤ ਕਰਨ ਵਾ ਸੜਨ ।

(ਸ਼ੰਕਾ) ਫਰੀਦ ਜੀ ਕਹਿੰਦੇ ਹਨ ਜ਼ਿਮੀ ਅਸਮਾਨ ਨੂੰ ਪੁਛਦੀ ਹੈ ਕਿ ਜੋਹੜੇ ਧਰਤੀ ਦੇ ਰਾਜੇ ਵੱਡੇ ਵੱਡੇ ਮਲਾਹਾਂ ਵਤ ਚਲੌਣ ਵਾਲੇ ਸਨ ਓਹ ਕਿਥੇ ਗਏ ਹਨ ? (ਉਤਰ) ੳਹ ਕਬਰਾਂ ਦੇ ਨਾਲ ਸਮਾਂ ਬਤੀਤ ਕਰ ਰਹੇ ਹਨ ਭਾਵ ਕਬਰਾਂ ਵਿੱਚ ਪਏ ਹੋਏ ਹਨ ਅਤੇ ਓਨਾਂ ਦੇ ਜੀਅ ਉਲਾਮੇ ਸਹਾਰ ਰਹੇ ਹਨ ਭਾਵ ਪ੍ਰਲੋਕ ਵਿੱਚ ਦੁਖ ਪਾ ਰਹੇ ਹਨ ।

{ ਜੋਹੜਾ ਕਿਸੇ ਪਾਸੋਂ ਮੰਗਕੇ ਖਾਵੇਗਾ ਓਹ ਦੂਸਰੇ ਜਨਮ ਵਿੱਚ ਬੈਲ ਆਦਿਕ ਜੂਨ ਪਾਕੇ ਜਰੂਰ ਕਰਜਾ ਲਾਹੇਗਾ । }

# ਰਾਗੁ ਗੂਜਰੀ

## ਰਾਗੁ ਗੂਜਰੀ ਭਗਤਾ ਕੀ ਬਾਣੀ

**੧ ਓ ਸਤਿਗੁਰਪ੍ਰਸਾਦਿ ॥**

**ਸ੍ਰੀ ਕਬੀਰ ਜੀਉ ਕਾ ਚਉਪਦਾ ਘਰੁ ੨*ਦੂਜਾ ॥**

**ਚਾਰਿ ਪਾਵ ਦੁਇ ਸਿੰਗ ਗੁੰਗ ਮੁਖ ਤਬ ਕੈਸੇ ਗੁਨ ਗਈ ਹੈ ॥**

ਹੇ ਭਾਈ ਜਦ ਤੇਰੇ ਚਾਰ ਪੈਰ ਦੋ ਸਿੰਙ ਹੋਣਗੇ ਅਤੇ ਮੂੰਹੋਂ ਗੁੰਗਾ ਹੋਵੇਂਗਾ ਤਦ ਕਿੱਕੁਰ ਵਾਹਿਗੁਰੂ ਦੇ ਗੁਣ ਗਾਵੇਂਗਾ ?

**ਊਠਤ ਬੈਠਤ ਠੇਗਾ ਪਰਿ ਹੈ ਤਬ ਕਤ ਮੂਡ ਲੁਕਈ ਹੈ ॥ ੧ ॥**

ਮੂੰਡ = ਸਿਰ ॥ ਠੇਗਾ = ਸੋਟਾ ॥

ਉਠਦੇ ਬਹਿੰਦੇ ਨੂੰ ਸੋਟਾ ਪਏਗਾ ਤਦ ਕਿਥੇ ਸਿਰ ਲੁਕਾਵੇਂਗਾ ?

**ਹਰਿ ਬਿਨੁ ਬੈਲ ਬਿਰਾਨੇ ਹੁਈ ਹੈ ॥ ਫਾਟੇ ਨਾਕਨ ਟੂਟੇ**

---

*ਅੱਖਰਾਂ ਵਿੱਚ ਫਿਰ ਦੁਬਾਰਾ ਦੂਜਾ ਲਿਖਣ ਦਾ ਸਿੱਟਾ ਏਹ ਹੈ ਕਿ ਘਰਾਂ ਨੂੰ ਪਹਿਲਾ ਦੂਜਾ ਤੀਜਾ ਆਦਿਕ ਉਚਾਰੋ ਇੱਕੁਰ ਹੀ ਮਹੱਲਾ ੧–੨–੩–੪–੫–੯–ਆਦਿਕ ਨੂੰ ਪਹਿਲਾ, ਦੂਜਾ, ਤੀਜਾ, ਚੌਥਾ, ਪੰਜਵਾਂ, ਨਾਵਾਂ ਪੜ੍ਹੋ ॥

**ਕਾਧਨ ਕੋਦਉ ਕੋ ਭੁਸੁ ਖਈ ਹੈ ॥ ੧ ॥ ਰਹਾਉ ॥**

ਬਿਰਾਨੇ = ਬਿਗਾਨੇ ॥

ਵਾਹਿਗੁਰੂ ਦੇ ਭਜਨ ਤੋਂ ਬਿਨਾਂ ਬਰਾਨਾ ਬੈਲ ਹੋਵੇਂਗਾ ਭਾਵ ਪੱਠੇ ਵੀ ਨਾ ਪੌਣਗੇ ਅਤੇ (ਨਾਕਨ) ਨੱਕ ਫਟਿਆ ਹੋਇਆ ਹੋਵੇਗਾ (ਕਾਧਨ) ਮੋਢੇ ਟੁਟੇ ਹੋਏ ਹੋਣਗੇ ਅਤੇ ਕੋਦਰੇ ਦਾ ਭੂਹ ਖਾਣ ਨੂੰ ਮਿਲੇਗਾ।

**ਸਾਰੇ ਦਿਨੁ ਡੋਲਤ ਬਨ ਮਹੀਆ ਅਜਹੁ ਨ ਪੇਟ ਅਘਈ ਹੈ ॥**

ਮਹੀਆ = ਵਿਚ। ਅਘਈ = ਰੱਜੇ।

ਸਾਰਾ ਦਿਨ ਬਣ ਵਿਚ ਚਰਦਾ ਫਿਰੇਂਗਾ (ਅਜੇ ਵੀ) ਫਿਰ ਵੀ ਪੇਟ ਨ ਭਰੇਗਾ।

**ਜਨ ਭਗਤਨ ਕੋ ਕਹੋ ਨ ਮਾਨੋ ਕੀਓ ਆਪਨੋ ਪਈ ਹੈ ॥ ੨ ॥**

ਜਿਨ੍ਹਾਂ ਨੇ ਭਗਤ ਜਨਾਂ ਦਾ ਕਿਹਾ ਨਹੀਂ ਮੰਨਿਆਂ ਓਹ ਉਪਰੋਕਤ ਬੈਲ ਵਾਂਙੂ ਆਪਣਾ ਕੀਤਾ ਆਪੇ ਹੀ ਪੌਣਗੇ।

**ਦੂਖ ਸੂਖ ਕਰਤ ਮਹਾ ਭ੍ਰਮਿ ਬੂਡੋ ਅਨਿਕ ਜੋਨਿ ਭਰਮਈ ਹੈ ॥**

ਦੁਖ ਤੋਂ ਸੁਖ ਯਾਦ ਕਰਦਾ ਹੋਇਆ ਜੀਵ ਮਹਾਂ ਭਰਮ ਰੂਪ ਸਮੁੰਦਰ ਵਿੱਚ ਡੁੱਬਾ ਅਤੇ ਅਨੇਕ ਹੀ ਜੂਨਾਂ ਵਿੱਚ ਫਿਰ ਫਿਰਕੇ ਆਯਾ ਵਾ ਫਿਰੇਗਾ॥

**ਰਤਨ ਜਨਮ ਖੋਇਓ ਪ੍ਰਭੁ ਬਿਸਰਿਓ**
**ਇਹੁ ਅਉਸਰੁ ਕਤ ਪਈ ਹੈ ॥ ੩ ॥**

ਰਤਨ ਵਤ੍ ਮਨੁਖਾ ਜਨਮ ਤੈਨੇ ਨਾਸ ਕਰ ਲਿਆ ਜੋ ਤੈਨੂੰ ਵਾਹਿਗੁਰੂ ਭੁਲ ਗਿਆ, ਹੈ ਮੂਰਖ ਫਿਰ ਇਸ ਵੇਲੇ ਨੂੰ ਕਿੱਥੇ ਪਾਵੇਂਗਾ ਭਾਵ ਮਨੁਖਾ ਜਨਮ ਫਿਰ ਨਹੀਂ ਆਉਣਾ ਇਸ ਲਈ ਨਾਮ ਜਪ।

**ਭ੍ਰਮਤ ਫਿਰਤ ਤੇਲਕ ਕੇ*ਕਪਿ ਜਿਉ**
**ਗਤਿ ਬਿਨੁ ਰੈਨਿ ਬਿਹਈ ਹੈ ॥**

ਤੇਲਕ = ਤੇਲੀ, ਰੱਤਕਾਂ, ਰਾਤ ਦੀ ਤਰੇਲ ਦੇ ਮਣਕੇ ॥

ਕਪਿ = ਬੈਲ, ਬਾਂਦਰ। ਗਤਿ = ਮੁਕਤੀ। ਰੈਨਿ = ਰਾਤ।

ਜਿਕੁਰ ਬਾਂਦਰ ਭਰਮਿਆ ਹੋਇਆ ਤਰੇਲ ਦੇ ਕਿਣਕਿਆਂ ਨੂੰ ਮੋਤੀ ਸਮਝ ਕੇ ਸਾਰੀ ਰਾਤ ਫਿਰਦਾ ਰਹਿੰਦਾ ਹੈ ਵਾ ਜਿਕੁਰ ਤੇਲੀ ਦਾ ਬੈਲ ਕੋਹਲੂ ਦੇ ਆਲੇ ਦੁਆਲੇ ਸਾਰੀ ਰਾਤ ਭਰਮਦਾ ਫਿਰਦਾ ਹੈ ਅਤੇ ਐਵੇਂ ਹੀ ਸਾਰੀ

*ਕੱਸ਼ੀ ਅਰਥ "ਕਪਿ" ਦਾ ਬਾਂਦਰ ਹੈ ਪਰ ਬੈਲ ਵੀ ਕਰਦ ਹਨ ॥

ਰਾਤ ਬੀਤ ਜਾਂਦੀ ਹੈ ਤਿਕੁਰ ਹੀ ਮਨਮੁਖਾਂ ਦੇ ਵਿਸ਼ਿਆਂ ਵਿਚ ਲਗਿਆਂ ਹੋਇਆਂ ਚੁਰਾਸੀ ਦੇ ਫੇਰੇ ਵਿਚ ਉਮਰ ਗੁਜਰਦੀ ਹੈ॥

**ਕਹਤ ਕਬੀਰ ਰਾਮ ਨਾਮ ਬਿਨੁ**
**ਮੂੰਡ ਧੁਨੇ ਪਛੁਤਈ ਹੈ॥ ੪ ॥ ੧ ॥**

ਮੂੰਡ = ਸਿਰ॥

(ਤਿਕੁਰ ਹੀ) ਕਬੀਰ ਜੀ ਕੈਂਹਦੇ ਹਨ ਵਾਹਿਗੁਰੂ ਦੇ ਨਾਮ ਤੋਂ ਬਿਨਾਂ (ਹੇ ਜੀਵ) ਸਿਰ ਹਲਾ ਹਲਾ ਕੇ ਪਛਤਾਵੇਂਗਾ॥

{ ਨਿਜ ਘਰ ਦਾ ਵਿਰਤਾਂਤ ਕਬੀਰ ਜੀ ਮਾਈ ਵਲੋਂ ਹੋਕੇ ਆਪ ਵਰਨਨ ਕਰਦੇ ਹਨ। }

**ਗੂਜਰੀ ਘਰੁ ੩ ॥ ਮੁਸਿ ਮੁਸਿ ਰੋਵੈ ਕਬੀਰ ਕੀ ਮਾਈ॥**
**ਏ ਬਾਰਿਕ ਕੈਸੇ ਜੀਵਹਿ ਰਘੁਰਾਈ॥ ੧ ॥**

ਮੁਸਿ ਮੁਸਿ = ਬੁਸ ਬੁਸ॥

ਅੱਖਾਂ ਤੋਂ ਅੱਥਰੂ ਕੱਢਕੇ ਬੁਸ ਬੁਸ ਕਬੀਰ ਜੀ ਦੀ ਮਾਈ ਰੋਂਦੀ ਹੈ ਹੇ ਵਾਹਿਗੁਰੂ ਏਹ ਬਾਲਿਕ ਕਿੱਕੁਰ ਜਿਉਂਣਗੇ ਭਾਵ ਕਮਾਲੀ ਕਮਾਲਾ ਭੁਖੇ ਮਰ ਜਾਣਗੇ।

(ਹੇਤੂ)

**ਤਨਨਾ ਬੁਨਨਾ ਸਭੁ ਤਜਿਓ ਹੈ ਕਬੀਰ॥**
**ਹਰਿ ਕਾ ਨਾਮੁ ਲਿਖਿ ਲੀਓ ਸਰੀਰ॥ ੧ ॥ ਰਹਾਉ ॥**

ਤਣਨਾਂ ਬਣਨਾਂ ਸਭ ਕਬੀਰ ਨੇ ਛਡ ਦਿਤਾ ਹੈ ਵਾਹਿਗੁਰੂ ਦਾ ਨਾਮ ਸਰੀਰ ਤੇ ਲਿਖ ਲਿਆ ਹੈ।

(ਉਤਰ ਕਬੀਰ ਜੀ)

**ਜਬ ਲਗੁ ਤਾਗਾ ਬਾਹਉ ਬੇਹੀ॥**
**ਤਬ ਲਗੁ ਬਿਸਰੈ ਰਾਮੁ ਸਨੇਹੀ॥੨॥**

ਬੇਹੀ = ਨਲੀ ਦਾ ਛੇਕ। ਬਾਹਉ = ਪਾਵਾਂ, ਵਹਾਵਾਂ। ਸਨੇਹੀ = ਪਿਆਰਾ।

ਜਿੰਨਾਂ ਚਿਰ ਮੈਂ ਨਲੀ ਦੇ ਛੇਕਾਂ ਵਿਚ ਧਾਗਾ ਵਹਾਉਨਾਂ ਹਾਂ ਉਨਾਂ ਚਿਰ ਮੈਨੂੰ ਪਿਆਰਾ ਵਾਹਿਗੁਰੂ ਭੁਲ ਜਾਂਦਾ ਹੈ ਭਾਵ ਇਹ ਕੰਮ ਮੈਂ ਇਸ ਲਈ ਛਡਿਆ ਹੈ ਕਿ ਉਨਾਂ ਚਿਰ ਮੈਨੂੰ ਵਾਹਿਗੁਰੂ ਭੁਲ ਜਾਵੇਗਾ। ਇਸ ਦਾ ਅੰਤ੍ਰੀਵ ਸਿੱਟਾ ਇਹ ਹੈ ਕਿ ਕੰਮ ਵਿਚ ਵੀ ਅਤੀ ਨਾਮ ਜਪ।

ਓਛੀ ਮਤਿ ਮੇਰੀ ਜਾਤਿ ਜੁਲਾਹਾ ॥
ਹਰਿਕਾ ਨਾਮੁ ਲਹਿਓ ਮੈ ਲਾਹਾ ॥ ੩ ॥

ਹੋਛੀ ਅਕਲ ਮੇਰੀ ਅਤੇ ਜਾਤੀ ਦਾ ਮੈਂ ਜੁਲਾਹਾ ਹਾਂ (ਪਰ ਧੰਨ ਵਾਹਿਗੁਰੂ ਦੀ ਦਰਗਾਹ ਨੂੰ) "ਇਸ ਅਕਲ ਦੁਆਰਾ ਹੀ ਮੈਂ" ਵਾਹਿਗੁਰੂ ਦਾ ਨਾਮ ਲਾਭ ਲਿਆ ਹੈ ।

ਕਹਤ ਕਬੀਰ ਸੁਨਹੁ ਮੇਰੀ ਮਾਈ ॥
ਹਮਰਾ ਇਨਕਾ ਦਾਤਾ ਏਕੁ ਰਘੁਰਾਈ ॥ ੪ ॥ ੨ ॥

ਕਬੀਰ ਜੀ ਕਹਿੰਦੇ ਹਨ ਹੇ ਮੇਰੀ ਮਾਈ ਜੀ ਸੁਣੋਂ, ਸਾਡਾ ਅਤੇ ਏਹਨਾਂ ਦਾ ਦਾਤਾ ਇਕ ਵਾਹਿਗੁਰੂ ਹੈ।

(ਸੰਤੋਖ)

(ਭਗਤਾਂ ਨੂੰ ਰਾਜ ਦੀ ਲੋੜ ਨਹੀਂ ਹੈ)

ਗੂਜਰੀ ਸ੍ਰੀ ਨਾਮਦੇਵ ਜੀ ਕੇ ਪਦੇ ਘਰੁ ੧

੧ ਓ ਸਤਿਗੁਰਪ੍ਰਸਾਦਿ ॥

ਜੌ ਰਾਜੁ ਦੇਹਿ ਤ ਕਵਨ ਬਡਾਈ ॥
ਜੌ ਭੀਖ ਮੰਗਾਵਹਿ ਤ ਕਿਆ ਘਟਿ ਜਾਈ ॥ ੧ ॥

ਹੇ ਵਾਹਿਗੁਰੂ ਜੇ ਰਾਜ ਦੇਵੇਂ ਤਾਂ ਕੀ ਵਡਿਆਈ ਹੈ, ਜੇ ਭਿਖਿਆ ਮੰਗਾਵੇਂ ਤਾਂ ਕਿਆ ਘਟ ਜਾਵਗਾ ?

ਤੂੰ ਹਰਿ ਭਜੁ ਮਨ ਮੇਰੇ ਪਦੁ ਨਿਰਬਾਨੁ ॥
ਬਹੁਰਿ ਨ ਹੋਇ ਤੇਰਾ ਆਵਨ ਜਾਨੁ ॥ ੧ ॥ ਰਹਾਉ ॥

ਨਿਰਬਾਨ = ਬਿਨਾਂ ਦਖ ਤੋਂ ॥ ਹੇ ਮਨ ਮੇਰੇ ਤੂੰ ਸੁੱਧ ਪਦ ਵਾਹਿਗੁਰੂ ਨੂੰ ਯਾਦ ਕਰ ਜਿਸ ਕਰਕੇ ਤੇਰਾ ਫਿਰ ਆਉਣਾ ਜਾਣਾ ਨਾ ਹੋਵੇ ।

ਸਭ ਤੈ ਉਪਾਈ ਭਰਮ ਭੁਲਾਈ ॥
ਜਿਸ ਤੂੰ ਦੇਵਹਿ ਤਿਸਹਿ ਬੁਝਾਈ ॥੨ ॥

ਹੇ ਵਾਹਿਗੁਰੂ ਤੂੰ ਸਾਰੀ ਸ੍ਰਿਸ਼ਟੀ ਪ੍ਰਗਟ ਕਰਕੇ ਭਰਮ ਵਿੱਚ ਭੁਲਾ ਛਡੀ ਹੈ ਜਿਸਨੂੰ ਤੂੰ ਦਸ ਦੇਂਦਾ ਹੈਂ ਉਸ ਨੂੰ ਸਮਝ ਆ ਜਾਂਦੀ ਹੈ।

ਸਤਿਗੁਰੁ ਮਿਲ ਤ ਸਹਸਾ ਜਾਈ ॥
ਕਿਸੁ ਹਉ ਪੂਜਉ ਦੂਜਾ ਨਦਰਿ ਨ ਆਈ ॥ ੩ ॥

ਜੇਹੜਾ ਸਤਿਗੁਰਾਂ ਨਾਲ ਮਿਲੇ ਉਸਦਾ ਸੰਸਾ ਚਲਿਆ ਜਾਂਦਾ ਹੈ "ਇੱਕੁਰ ਹੀ ਮੇਰਾ ਸੰਸਾ ਗਿਆ ਹੈ" ਕਿਸਨੂੰ ਮੈਂ ਪੂਜਾਂ ਦੂਜਾ ਕੋਈ ਨਜ਼ਰ ਨਹੀਂ ਆਉਂਦਾ। ਭਾਵ ਇਕੋ ਹੀ ਵਾਹਿਗੁਰੂ ਹੈ ਹੋਰ ਕੋਈ ਨਹੀਂ।

**ਏਕੈ ਪਾਥਰ ਕੀਜੈ ਭਾਉ ॥ ਦੂਜੈ ਪਾਥਰ ਧਰੀਐ ਪਾਉ ॥**

ਭਾਉ = ਪ੍ਰੇਮ ॥ ਇਕ ਪੱਥਰ ਨਾਲ ਪ੍ਰੇਮ ਕਰਦੇ ਹੋ ਵਾ ਕਰੀਦਾ ਹੈ ਦੂਜੇ ਪੱਥਰ ਤੇ ਪੈਰ ਧਰਦੇ ਹੋ ਵਾ ਧਰੀਦਾ ਹੈ।

**ਜੇ ਓਹੁ ਦੇਉ ਤ ਓਹੁ ਭੀ ਦੇਵਾ ॥**

**ਕਹਿ ਨਾਮ ਦੇਉ ਹਮ ਹਰਿ ਕੀ ਸੇਵਾ ॥ ੪ ॥ ੧ ॥**

ਜੇ ਓਹੁ ਦੇਵ ਹੈ ਤਾਂ ਓਹ ਵੀ ਦੇਵ ਹੈ, ਨਾਮ ਦੇਵ ਜੀ ਕਹਿੰਦੇ ਹਨ ਮੈਂ ਤਾਂ ਵਾਹਿਗੁਰੂ ਦੀ ਸੇਵਾ ਕਰਦਾ ਹਾਂ।

**ਗੂਜਰੀ ਘਰੁ ੧ ॥ ਮਲੈ ਨ ਲਾਛੈ ਪਾਰਮਲੋ**

**ਪਰਮਲੀਓ ਬੈਠੋਰੀ ਆਈ ॥**

ਮਲੈ = ਮੈਲ ॥ ਲਾਛੈ = ਚਿੰਨ੍ਹ, ਦਾਗ ॥ ਪਾਰਮਲੋ = ਮੈਲ ਤੋਂ ਪਾਰ ਭਾਵ ਰਹਤ ॥ ਪਰਮਲੀਓ = ਪਰਮ ਸੁਗੰਧੀ ਵਾਲਾ ॥

ਮੈਲ ਦਾ ਜਿਸ ਵਿਚ ਰਤਾ ਵੀ ਦਾਗ ਨਹੀਂ ਅਤੇ ਮੈਲ ਤੋਂ ਰਹਤ, ਪਰਮ ਸੁਗੰਧੀ ਵਾਲਾ ਜੇਹੜਾ ਵਾਹਿਗੁਰੂ ਹੈ (ਰੀ) ਹੇ ਜਿੰਦ ਓਹ ਸਾਰਿਆਂ ਵਿਚ ਆਕੇ ਬੈਠਾ ਹੋਯਾ ਹੈ ਭਾਵ ਸਭ ਵਾਹਿਗੁਰੂ ਦਾ ਰੂਪ ਹੈ।

**ਆਵਤ ਕਿਨੈ ਨ ਪੇਖਿਓ ਕਵਨੈ ਜਾਣੈ ਰੀ ਬਾਈ ॥ ੧ ॥**

ਰੀ ਬਾਈ = ਹੇ ਭਾਈ। ਪੇਖਿਓ = ਦੇਖਿਆ ॥

ਪਰ ( ਰੀ ਬਾਈ ) ਹੇ ਜਿੰਦ ਰੂਪ ਝੱਲੀ ਸਖੀ ਕੌਣ ਜਾਣੇ ਉਸਨੂੰ ਆਉਂਦੇ ਹੋਏ ਨੂੰ ਕਿਸੇ ਵੀ ਨਹੀਂ ਦੇਖਿਆ ॥

**ਕਉਣੁ ਕਹੈ ਕਿਣਿ ਬੂਝੀਐ ਰਮਈਆ**

**ਆਕੁਲੁ ਰੀ ਬਾਈ ॥ ੧ ॥ ਰਹਾਉ ॥**

ਆਕੁਲੁ = ਅਕਾਲ ਪੁਰਖ ਪੂਰਨ ॥ ਰੀ ਬਾਈ = ਹੇ ਭਾਈ।

ਹੇ ਭਾਈ ਜੇਹੜਾ ਵਾਹਿਗੁਰੂ ਸਭ ਵਿੱਚ ਪੂਰਨ ਹੋ ਰਿਹਾ ਹੈ ਉਸਨੂੰ ਕੌਣ ਕਹੇ ਅਤੇ ਕੌਣ ਪੁਛੇ ਵਾ ਕਿਕੁਰ ਪੁੱਛਿਆ ਜਾਵੇ।

**ਜਿਉ ਆਕਾਸੈ ਪੰਖੀਅਲੋ ਖੋਜੁ ਨਿਰਖਿਓ ਨ ਜਾਈ ॥**

**ਜਿਉ ਜਲ ਮਾਝੈ ਮਾਛਲੋ ਮਾਰਗੁ ਪੇਖਣੋ ਨ ਜਾਈ ॥ ੨ ॥**

ਨਿਰਖਿਓ = ਵੇਖਿਆ। ਮਾਝੈ = ਵਿਚ। ਮਾਰਗ = ਰਸਤਾ। ਪੇਖਣੋ = ਵੇਖਿਆ।

ਜਿਕੁਰ ਅਕਾਸ ਵਿੱਚ ਪੰਛੀ ਦਾ ਖੋਜ ਨਹੀਂ ਵੇਖਿਆ ਜਾਂਦਾ, ਜਿਕੁਰ ਪਾਣੀ ਵਿੱਚ ਮੱਛ ਦਾ ਰਸਤਾ ਨਹੀਂ ਦੇਖਿਆ ਜਾਂਦਾ। (ਇਕੁੱਰ ਹੀ ਵਾਹਿਗੁਰੂ) (ਹੋਰ)

**ਜਿਉ ਆਕਾਸੈ ਘੜੂਅਲੋ* ਮ੍ਰਿਗ ਤ੍ਰਿਸਨਾ ਭਰਿਆ ॥**
**ਨਾਮੇ ਚੇ ਸੁਆਮੀ ਬੀਠਲੋ ਜਿਨਿ ਤੀਨੈ ਜਰਿਆ ॥ ੩ ॥ ੨ ॥**

ਘੜੂਅਲੋ = ਘੜਾ ॥ ਜਰਿਆ = ਜੜਿਆ ਵ ਸਹਾਰਿਆ ॥

ਜਿਕੁਰ ਅਕਾਸ ਵਿਚ ਮ੍ਰਿਗ ਤ੍ਰਿਸ਼ਨਾ ਰੂਪ ਪਾਣੀ ਦਾ ਭਰਿਆ ਹੋਇਆ ਘੜਾ ਝੂਠਾ ਹੈ ਵਾ ਅਕਾਸ ਰੂਪ ਪੁਲਾੜ ਦਾ ਘੜਾ ਮ੍ਰਿਗ ਤ੍ਰਿਸ਼ਨਾ ਰੂਪ ਪਾਣੀ ਨਾਲ ਭਰਿਆ ਹੋਯਾ ਝੂਠਾ ਹੈ ਇੱਕੁਰ ਹੀ ਸੰਸਾਰ ਝੂਠਾ ਹੈ, ਨਾਮੇ ਦੇ ਪਿਆਰੇ ਸੁਆਮੀ ਜਿਨ੍ਹਾਂ ਵਿਚ ਤਿੰਨੇ ਹੀ ਓਪ੍ਰੋਕਤ ਦ੍ਰਿਸ਼ਟਾਂਤ ਜੜੇ (ਅਰੋਪਨ ਕੀਤੇ) ਹਨ ਭਾਵ ਜਿਕੁਰ ਏਹ ਝੂਠੇ ਹਨ ਇੱਕੁਰ ਹੀ ਵਾਹਿਗੁਰੂ ਕਿਨੇ ਨਹੀਂ ਦੇਖਿਆ ਵਾ ਝੂਠੇ ਸੰਸਾਰ ਵਿੱਚ ਜਿਤਨੇ ਪਾਲਨਾ ਉਤਪਤੀ ਮਾਰਨਾ ਤਿੰਨ ਦ੍ਰਿਸ਼੍ਹਾਂਤ ਸਹਾਰੇ ਹਨ।

## ਗੂਜਰੀ ਸ੍ਰੀ ਰਵਿਦਾਸ ਜੀ ਕੇ ਪਦੇ ਘਰੁ ੩

ੴ ਸਤਿਗੁਰਪ੍ਰਸਾਦਿ ॥

**ਦੂਧੁ ਤ ਬਛਰੈ ਥਨਹੁ ਬਿਟਾਰਿਓ ॥**
**ਫੂਲੁ ਭਵਰਿ ਜਲੁ ਮੀਨਿ ਬਿਗਾਰਿਓ ॥ ੧ ॥**

ਬਿਟਾਰਿਓ = ਨਾਸ ਕੀਤਾ ॥ ਮੀਨ = ਮੱਛੀ ॥

ਦੁਧ ਵੱਛੇ ਨੇ ਥਣਾਂ ਵਿਚੋਂ ਵਿਗਾੜ ਦਿਤਾ, ਫੁੱਲ ਭੌਰੇ ਨੇ, ਪਾਣੀ ਮੱਛੀ ਨੇ ਵਗਾੜ ਦਿਤਾ ॥

**ਮਾਈ ਗੋਬਿੰਦ ਪੂਜਾ ਕਹਾ ਲੈ ਚਰਾਵਉ ॥**
**†ਅਵਰੁਨ ਫੂਲੁ ਅਨੂਪੁ ਨ ਪਾਵਉ ॥ ੧ ॥ ਰਹਾਉ ॥**

ਮਾਈ = ਹੇ ਭਾਈ ॥

ਹੇ ਭਾਈ ਗੋਬਿੰਦ ਦੀ ਪੂਜਾ ਨੂੰ ਮੈਂ ਫੁੱਲ ਕਿੱਥੋਂ ਲੈਕੇ ਚੜ੍ਹਾਵਾਂ ਹੋਰ

*ਦੁਪਹਿਰ ਦੇ ਵੇਲੇ ਹਰਨ ਰੇਤ ਚਮਕਦੀ ਨੂੰ ਪਾਣੀ ਸਮਝਕੇ ਦੌੜਦਾ ਹੈ ਉਸ ਨੂੰ ਮ੍ਰਗ ਤ੍ਰਿਸ਼ਨਾਂ ਦਾ ਜਲ ਕਹਿੰਦੇ ਹਨ ॥

†ਇਸ ਪੰਕਤੀ ਵਿੱਚ ਅਵਰੁਨ, ਇਹ ਨੰਨਾ ਨਾਲ ਪੜ੍ਹਿਆ ਜਾਵੇਗਾ ਅਤੇ ਅਗਲਾ ਅਨੂਪ ਵਾਲਾ ਵਖਰਾ।

ਫੁਲ ਵੀ ਮੈਂ ਅਨੂਪਮ ਸੁਚੇ ਨਹੀਂ ਪਾ ਸਕਦਾ।

**ਮੈਲਾਗਰ ਬੇਰ੍ਹੇ ਹੈ ਭੁਇਅੰਗਾ ॥**
**ਬਿਖੁ ਅੰਮ੍ਰਿਤੁ ਬਸਹਿ ਇਕ ਸੰਗਾ ॥ ੨ ॥**

ਮੈਲਾਗਰ = ਚੰਦਨ ਦਾ ਬੂਟਾ ॥ ਬੇਰੇ = ਅਵੇੜ੍ਹਿਆ, ਢਕਿਆ, ਦਬਾਇਆ ਹੋਇਆ ॥ ਭੁਇਅੰਗਾ = ਸੱਪ ॥

ਚੰਦਨ ਸੱਪਾਂ ਕਰਕੇ ਢਕਿਆ ਹੋਇਆ ਹੈ ਭਾਵ ਚੰਦਨ ਨੂੰ ਸੱਪਾਂ ਦੀ ਵਿਹੁ ਲਗੀ ਹੋਈ ਹੈ ਇਸ ਲਈ ਜੂਠਾ ਹੈ ਜੇ ਅੰਮ੍ਰਿਤ ਕਹੋ ਤਾਂ ਅੰਮ੍ਰਿਤ ਅਤੇ ਵਿਹੁ ਦੋਵੇਂ ਸਮੁੰਦ੍ਰ ਵਿਚੋਂ ਕਠੇ (ਇਕ ਸੰਗ) ਵਸਦੇ ਨਿਕਲੇ ਹਨ।

**ਧੂਪ ਦੀਪ ਨਈਬੇਦਹਿ ਬਾਸਾ ॥**
**ਕੈਸੇ ਪੂਜ ਕਰਹਿ ਤੇਰੀ ਦਾਸਾ ॥ ੩ ॥**

ਧੂਪ ਧੁਖੌਣਾਂ, ਦੀਵਾ ਜਗੌਣਾਂ (ਨਈਵੇਦਨ) ਪੂਜਨ ਕਰਨਾ ਇਹ ਸਭ ਵਾਸ਼ਨਾ ਵਿਗੜੀਆਂ ਹੋਈਆਂ ਹਨ ਭਾਵ ਸਭ ਜੂਠੀਆਂ ਹਨ ਇਸ ਲਈ ਹੈ ਵਾਹਿਗੁਰੂ ਤੇਰੀ ਪੂਜਾ ਦਾਸ ਕਿਕੁਰ ਕਰੇ।

**ਤਨੁ ਮਨੁ ਅਰਪਉ ਪੂਜ ਚਰਾਵਉ ॥**
**ਗੁਰਪ੍ਰਸਾਦਿ ਨਿਰੰਜਨੁ ਪਾਵਉ ॥ ੪ ॥**

ਇਸ ਲਈ ਸਭ ਕੁਝ ਜੂਠਾ ਸਮਝਕੇ ਮੈਂ ਤਨ ਮਨ ਸਭ ਕੁਝ ਤੈਨੂੰ ਅਰਪਣ ਕਰਕੇ ਪੂਜਾ ਚੜ੍ਹਾਉਂਦਾ ਹਾਂ। ਸਿੱਟਾ:—ਤਨ ਮਨ ਪੂਜਾ ਕਰਦਾ ਹਾਂ ਅਤੇ ਇਹ ਗੁਰਾਂ ਦੀ ਕਿਰਪਾ ਕਰਕੇ ਮਾਇਆ ਤੋਂ ਰੈਹਤ ਵਾਹਿਗੁਰੂ ਨੂੰ ਪਾ ਲਵਾਂਗਾ।

**ਪੂਜਾ ਅਰਚਾ ਆਹਿ ਨ ਤੋਰੀ ॥**
**ਕਹਿ ਰਵਿਦਾਸ ਕਵਨ ਗਤਿ ਮੋਰੀ ॥ ੫ ॥ ੧ ॥**

ਆਹਿ = ਹੈ ॥

ਹੇ ਵਾਹਿਗੁਰੂ ਪੂਜਾ ਅਰਚਾ, ਏਦੂੰ ਪਰੇ ਹੋਰ ਕੋਈ ਤੇਰੀ ਨਾ ਹੈਗੀ ਹੈ ਅਤੇ ਨਾ ਮੇਰੇ ਪਾਸੋਂ ਹੋ ਸਕਦੀ ਹੈ ਰਵਿਦਾਸ ਜੀ ਕਹਿੰਦੇ ਹਨ ਮੇਰੀ ਕੀ ਗਤੀ ਹੋਵੇਗੀ। ਸਿੱਟਾ—ਕਿ ਤੈਨੂੰ ਮੈਂ ਹਛੀ ਤਰਾਂ ਪ੍ਰਸੰਨ ਨਹੀਂ ਕਰ ਸਕਦਾ।

(ਪਾਖੰਡੀ ਜੈ ਚੰਦ ਪੰਡਤ ਉਦਾਸੀ ਸਾਧੂ ਪ੍ਰਤਿ)

## ਗੂਜਰੀ ਸ੍ਰੀ ਤ੍ਰਿਲੋਚਨ ਜੀਉ ਕੇ ਪਦੇ ਘਰੁ ੧

## ੧ ਓ ਸਤਿਗੁਰਪ੍ਰਸਾਦਿ ॥

**ਅੰਤਰੁ ਮਲਿ ਨਿਰਮਲੁ ਨਹੀ ਕੀਨਾ ਬਾਹਰਿ ਭੇਖ ਉਦਾਸੀ ॥**

ਮਨ ਅੰਦਰ ਨਾਨਾਂ ਤਰਾਂ ਦੀ ਮੈਲ ਹੈ, ਮਨ ਨੂੰ ਨਿਰਮਲ ਨਹੀਂ ਕੀਤਾ ਅਤੇ ਬਾਹਰੋਂ ਉਦਾਸੀ ਦਾ ਭੇਖ ਧਾਰ ਲਿਆ ਹੈ ॥

**ਹਿਰਦੈ ਕਮਲੁ ਘਟਿ ਬ੍ਰਹਮੁ ਨ ਚੀਨ੍ਹਾ**
**ਕਾਹੇ ਭਇਆ ਸੰਨਿਆਸੀ ॥ ੧ ॥**

ਘਟਿ = ਸਰੀਰ । ਚੀਨਾ = ਜਾਣਿਆਂ ।

ਸਰੀਰ ਦੇ ਹਿਰਦੇ ਕਮਲ ਵਿਚ ਹੀ ਵਾਹਿਗੁਰੂ ਹੈ ਸੋ ਤਿਸ ਨੂੰ ਨਹੀਂ ਜਾਣਿਆ ਅਤੇ ਕਿਆ ਸੰਨਿਆਸੀ ਹੋਇਆ ਫਿਰਦਾ ਹੈਂ ਭਾਵ ਤੇਰਾ ਸੰਨਿਆਸੀ ਹੋਣਾਂ ਬਿਅਰਥ ਹੈ ।

**ਭਰਮੇ ਭੂਲੀ ਰੇ ਜੈ ਚੰਦਾ ॥**
**ਨਹੀ ਨਹੀ ਚੀਨ੍ਹਿਆ ਪਰਮਾਨੰਦਾ ॥ ੧ ॥ ਰਹਾਉ ॥**

ਚੀਨਿਆ = ਜਾਣਿਆਂ ॥

ਹੇ ਜੈ ਚੰਦਾ ਇੱਕੁਰ ਹੀ ਸਾਰੀ ਸ੍ਰਿਸ਼ਟੀ ਭਰਮ ਵਿੱਚ ਭੁੱਲੀ ਹੋਈ ਹੈ ਜਿਨ੍ਹਾਂ ਉਦਾਸੀਆਂ ਸੰਨਿਆਸੀਆਂ ਨੇ ਨਹੀਂ ਨਹੀਂ ਪਰਮ ਆਨੰਦ ਸਰੂਪ ਵਾਹਿਗੁਰੂ ਨੂੰ ਜਾਣਿਆਂ ।

**ਘਰਿ ਘਰਿ ਖਾਇਆ ਪਿੰਡੁ ਬਧਾਇਆ**
**ਖਿੰਥਾ ਮੁੰਦਾ ਮਾਇਆ ॥**

ਪਿੰਡ = ਸਰੀਰ ॥ ਮੁੰਦ = ਮੁੰਦਰਾਂ ॥

ਘਰ ਘਰ ਤੋਂ ਅੰਨ ਮੰਗ ਕੇ ਖਾਧਾ ਅਤੇ ਸਰੀਰ ਨੂੰ ਮੋਟਾ ਕੀਤਾ ਬਾਹਰੋਂ ਲੋਕਾਂ ਨੂੰ ਵਖਾਉਣ ਵਾਸਤੇ ਖਿੰਥਾ, ਕੰਨਾਂ ਵਿੱਚ ਮੁੰਦਰਾਂ (ਮਾਇਆ) ਛੱਲ ਰੂਪ ਪਾ ਛਡੀਆਂ ਭਾਵ ਮਾਇਆ ਕਠੀ ਕਰਨ ਦਾ ਫਰੇਬ ਬਣਾ ਛੱਡਿਆ ।

**ਭੂਮਿ ਮਸਾਣ ਕੀ ਭਸਮ ਲਗਾਈ**
**ਗੁਰ ਬਿਨੁ ਤਤੁ ਨ ਪਾਇਆ ॥ ੨ ॥**

ਮਸਾਣ ਭੂਮਿਕਾ ਦੀ ਮਹਾਂ ਅਪਵਿੱਤ੍ਰ ਸੁਆਹ ਸਰੀਰ ਤੇ ਲਾ ਰਖੀ ਪਰ ਉਨ੍ਹਾਂ ਨੇ ਵੀ ਗੁਰਾਂ ਤੋਂ ਬਿਨਾਂ ਤੱਤ ਸਰੂਪ ਵਾਹਿਗੁਰੂ ਨੂੰ ਨਹੀਂ ਪਾਇਆ ।

**ਕਾਇ ਜਪਹੁ ਰੇ ਕਾਇ ਤਪਹੁ ਰੇ ਕਾਇ ਬਿਲੋਵਹੁ ਪਾਣੀ ॥**
**ਲਖ ਚਉਰਾਸੀਹ ਜਿਨਿ ਉਪਾਈ ਸੋ ਸਿਮਰਹੁ ਨਿਰਬਾਣੀ ॥੩॥**

ਬਿਲੋਵਹੁ = ਰਿੜਕੋ ॥ ਨਿਰਬਾਣੀ = ਦੁਖ ਰਹਿਤ ॥

ਓਇ ਕੀ ਜਪ ਕਰਦੇ ਹੋ ? ਕੀ ਤਪ ਕਰਦੇ ਹੋ ? ਕੀ ਪਾਣੀ ਰਿੜਕਦੇ ਹੋ ? ਚੁਰਾਸੀ ਲਖ ਜੂਨ ਜਿਸਨੇ ਗਟ ਕੀਤੀ ਹੈ ਸੋ ਉਸ ਨਿਰਬਾਣੀ ਸੁਧ ਵਾਹਿਗੁਰੂ ਨੂੰ ਯਾਦ ਕਰੋ ।

**ਕਾਇ ਕਮੰਡਲੁ ਕਾਪੜੀਆਰੇ ਅਠਸਠਿ ਕਾਇ ਫਿਰਾਹੀ ॥**
**ਬਦਤਿ ਤ੍ਰਿਲੋਚਨੁ ਸੁਨੁ ਰੇ ਪ੍ਰਾਣੀ**
**ਕਣ ਬਿਨੁ ਗਾਹੁ ਕਿ ਪਾਹੀ ॥ ੪ ॥ ੧ ॥**

ਬਦਤਿ = ਕੈਂਹਦੇ ॥ ਕਮੰਡਲੁ = ਕਰਮੰਡਲ, ਭਾਂਡਾ, ਖੱਪਰ ॥
ਕਾਪੜੀਆਰੇ = ਭਗਵਾ ਭੇਸ ਕਰਨ ਵਾਲੇ ।

ਕੀ ਕਰਮੰਡਲ ਫੜਦੇ ਹੋ ? ਕੀ ਕਾਪੜੀਆਰਿਆਂ ਦਾ ਭੇਸ ਕਰਦੇ ਹੋ ਅਤੇ ਕੀ ਅਠਾਹਠ ਤੀਰਥਾਂ ਤੇ ਫਿਰਦੇ ਹੋ, ਤ੍ਰਿਲੋਚਨ ਜੀ ਕਹਿੰਦੇ ਹਨ ਸੁਣੋ:–ਹੇ ਪ੍ਰਾਣੀ ( ਕਣ ) ਅੰਨ ਤੋਂ ਬਿਨਾਂ ਪਰਾਲੀ ਨੂੰ ਕੀ ਗਾਹੁ ਪਾਉਂਦੇ ਹੋ, ਸਿੱਟਾ––ਜਪ ਤਪ ਪਾਖੰਡ ਛਡ ਦਿਓ ।

**ਗੂਜਰੀ ॥ ਅੰਤਿ ਕਾਲਿ ਜੋ ਲਛਮੀ ਸਿਮਰੈ ਐਸੀ ਚਿੰਤਾ ਮਹਿ ਜੇ ਮਰੈ ॥ ਸਰਪ ਜੋਨਿ ਵਲਿ ਵਲਿ ਅਉਤਰੈ ॥ ੧ ॥**

ਲਛਮੀ = ਮਾਇਆ । ਵਲਿ ਵਲਿ = ਫਿਰ ਫਿਰ, ਬਾਰ ਬਾਰ ।
ਸਿਮਰੈ = ਯਾਦ ਕਰੇ ।

ਜੇਹੜਾ ਅੰਤ ਦੇ ਵੇਲੇ ਦੌਲਤ ਨੂੰ ਯਾਦ ਕਰੇ ਇੱਕੁਰ ਦੀ ਚਿੰਤਾ ਵਿੱਚ ਜੇ ਮਰ ਜਾਵੇ ਤਾਂ ਓਹ ਫਿਰ ਫਿਰ ਕੇ ਸੱਪ ਦੀ ਜੂਨ ਵਿਚ ਉਤਰਦਾ ਹੈ ।

**ਅਰੀ ਬਾਈ ਗੋਬਿਦ ਨਾਮੁ ਮਤਿ ਬੀਸਰੈ ॥ ਰਹਾਉ ॥**

ਹੇ ਭਾਈ ਵਾਹਿਗੁਰੂ ਦਾ ਨਾਮ ਤੈਨੂੰ ਮਤ ਭੁਲੇ ॥

**ਅੰਤਿ ਕਾਲਿ ਜੋ ਇਸਤ੍ਰੀ ਸਿਮਰੈ ਐਸੀ ਚਿੰਤਾ ਮਹਿ ਜੇ ਮਰੈ ॥**
**ਬੇਸਵਾ ਜੋਨਿ ਵਲਿ ਵਲਿ ਅਉਤਰੈ ॥ ੨ ॥**

ਅਉਤਰੈ = ਉਤਰਦਾ, ਆਉਂਦਾ, ਪੈਂਦਾ ॥

ਜੇਹੜਾ ਆਦਮੀ ਮਰਨ ਦੇ ਵਕਤ ਇਸਤ੍ਰੀ ਨੂੰ ਯਾਦ ਕਰੇ ਭਾਵ ਭੋਗ ਦੀ ਇੱਛਾ ਕਰੇ ਜੇ ਓਹ ਇਕੁਰ ਦੀ ਚਿੰਤਾ ਵਿਚ ਮਰ ਜਾਵੇ ਤਾਂ ਬਾਹਲਿਆਂ ਆਦਮੀਆਂ

ਨਾਲ ਸਬੰਧ ਕਰਨ ਵਾਲੀ ਵੇਸਵਾ ਦੀ ਜੂਨ ਵਿਚ ਬਾਰ ਬਾਰ ਆਉਂਦਾ ਹੈ।

**ਅੰਤਿ ਕਾਲਿ ਜੋ ਲੜਿਕੇ ਸਿਮਰੈ ਐਸੀ ਚਿੰਤਾ ਮਹਿ ਜੇ ਮਰੈ ॥**
**ਸੂਕਰ ਜੋਨਿ ਵਲਿ ਵਲਿ ਅਉਤਰੈ ॥੩॥**

ਜੇਹੜਾ ਮਰਨ ਦੇ ਵੇਲੇ ਲੜਕਿਆਂ ਨੂੰ ਯਾਦ ਕਰੇ ਇੱਕ੍ਹਰ ਦੀ ਚਿੰਤਾ ਵਿਚ ਜ ਓਹ ਮਰ ਜਾਵੇ ਤਾਂ ਸੂਰ ਦੀ ਜੂਨ ਵਿਚ ਭੌਂ ਭੌਂ ਕੇ ਪੈਂਦਾ ਹੈ।

**ਅੰਤਿਕਾਲਿ ਜੋ ਮੰਦਰ ਸਿਮਰੈ ਐਸੀ ਚਿੰਤਾ ਮਹਿ ਜੇ ਮਰੈ ॥**
**ਪ੍ਰੇਤ ਜੋਨਿ ਵਲਿ ਵਲਿ ਅਉਤਰੈ ॥ ੪ ॥**

ਅੰਤ ਕਾਲ ਦੇ ਵੇਲੇ ਜੇਹੜਾ ਮੰਦਰਾਂ ਨੂੰ ਯਾਦ ਕਰੇ ਇਕੁਰ ਦੀ ਚਿੰਤਾ ਵਿਚ ਜੇ ਓਹ ਮਰ ਜਾਵੇ ਤਾਂ ਪ੍ਰੇਤ ਦੀ ਜੂਨ ਵਿਚ ਮੁੜ ਮੁੜ ਕੇ ਜੰਮਦਾ ਹੈ।

**ਅੰਤਿ ਕਾਲਿ ਨਾਰਾਇਣੁ ਸਿਮਰੈ ਐਸੀ ਚਿੰਤਾ ਮਹਿ ਜੇ ਮਰੈ ॥ ਬਦਤਿ ਤਿਲੋਚਨੁ ਤੇ ਨਰ ਮੁਕਤਾ ਪੀਤੰਬਰੁ ਵਾਕੇ ਰਿਦੈ ਬਸੈ* ॥ ੫ ॥ ੨ ॥**

ਸਿਮਰੈ = ਯਾਦ ਕਰੇ ॥ ਬਦਤਿ = ਕਹੇ ॥ ਪੀਤੰਬਰ = ਪੀਲੇ ਕਪੜੇ ਵਾਲਾ

ਓੜਕ ਦੇ ਸਮੇਂ ਜੇਹੜਾ ਵਾਹਿਗੁਰੂ ਨੂੰ ਯਾਦ ਕਰੇ ਜੇ ਓਹ ਇੱਕਰ ਦੀ ਚਿੰਤਾ ਵਿਚ ਮਰ ਜਾਵੇ ਤਾਂ ਤ੍ਰਿਲੋਚਨ ਜੀ ਕਹਿੰਦੇ ਹਨ ਓਹੁ ਆਦਮੀ ਮੁਕਤ ਹੋ ਜਾਂਦਾ ਹੈ ਅਤੇ ਵਾਹਿਗੁਰੂ ਓਸ ਦੇ ਰਿਦੇ ਵਿਚ ਵਸਦਾ ਹੈ।

(ਵਾਹਿਗੁਰੂ ਦੇ ਵਿਸ਼ੇਸ਼ਣ)

**ਗੂਜਰੀ ਸ੍ਰੀ ਜੈ ਦੇਵ ਜੀਉ ਕਾ ਪਦਾ ਘਰੁ ੪**

**੧ ੳ ਸਤਿਗੁਰਪ੍ਰਸਾਦਿ ॥**

**ਪਰਮਾਦਿ ਪੁਰਖ ਮਨੋਪਿਮੰ ਸਤਿ ਆਦਿ ਭਾਵ ਰਤੰ ॥**

ਆਦਿ = ਇਤਯਾਦਿਕ। ਪਰਮਾਦਿ = ਸਭਨਾਂ ਦੇ ਪਹਿਲੋਂ ਦਾ ਹੈ।
ਮਨੋਪਿਮੰ = ਸੁੰਦਰ, ਉਪਮਾ ਯੋਗ, ( ਸਿਟਾ ) ਉਪਮਾ ਤੋਂ ਰਹਿਤ ਭਾਵ ਮਨ ਆਦਿਕ ਹੋਰਨਾਂ ਅਵੈਵ ਕ੍ਰਿਆ ਗੁਣ ਰੂਪ ਸਾਮਗਰੀ ਤੋਂ ਰਹਤ।
ਭਾਵ = ਪ੍ਰੇਮ ਵਾ ਆਪਣਾ ਰੂਪ। ਰਤੰ = ਰਤਾ ਹੋਇਆ, ਪ੍ਰੇਮ ॥

---

*ਇਸ ਸ਼ਬਦ ਦਾ ਭਾਵ ਜਦੋਂ ਜੀਵ ਮਰਦਾ ਹੈ ਜਿਸਤਰਾਂ ਦੀ ਵਾਸ਼ਨਾ ਕਰਦਾ ਹੈ ਓਸੇ ਤਰ੍ਹਾਂ ਦਾ ਜਨਮ ਧਾਰਦਾ ਹੈ ਦੇਖੋ ਜਨਮ ਸਾਖੀ ਵਿਚੋਂ ਲਾਹੌਰ ਵਾਲੇ ਦੁਨੀ ਚੰਦ ਦੀ ਸਾਖੀ।

ਪਰਮ = ਸਭ ਦਾ ਆਦੀ ॥

ਅਕਾਲ ਪੁਰਖ ਹੋਰ ਉਪਮਾ ਤੋਂ ਰਹਿਤ ਸਤ ਚਿਤ ਅਨੰਦ ਵਿਸ਼ੇਸ਼ਨਾਦੀ ਵਾਲਾ ਆਪਣੇ ਪ੍ਰੇਮੀਆਂ ਵਿਚ ਰੱਤਾ ਹੋਇਆ ਵਾ ਤਿਨਾਂ ਭਾਵਾਂ ਵਿੱਚ ਮਿਲਿਆ ਹੋਇਆ ਹੈ।

## ਪਰਮਦਭੁਤੰ ਪਰਕ੍ਰਿਤਿ ਪਰੰ ਜਦਿ ਚਿੰਤਿ ਸਰਬ ਗਤੰ ॥ ੧ ॥

ਪਰਕ੍ਰਿਤਿ = ਪਰਕਿਰਤੀ ਮਾਇਆ, ਝੂਠੀ ਜੜ੍ਹ ਦੁਖ ਰੂਪ ॥ ਪਰੰ = ਪਰੇ, ਵਖਰਾ ਜਦਿ = ਯਦਿ, ਜੇਕਰ ॥ ਚਿੰਤ = ਯਾਦ ਕਰਨਾ ॥ ਗਤੰ = ਪਹੁੰਚਿਆ ਹੋਇਆ ॥

ਪਰਮ ਅਦਭੁਤ ਮਾਯਾ ਤੋਂ ਪਰੇ ਹੈ। ਜੇ ਯਾਦ ਕਰਨਾ ਚਾਹੁੰਨਾ ਹੈ ਤਾਂ ਉਸਨੂੰ ਯਾਦ ਕਰ ਜੇਹੜਾ ਸਾਰਿਆਂ ਨਾਲ ਮਿਲਿਆ ਹੋਇਆ ਹੈ॥

## ਕੇਵਲ ਰਾਮ ਨਾਮ ਮਨੋਰਮੰ॥ ਬਦਿ ਅੰਮ੍ਰਿਤ ਤਤ ਮਇਅੰ॥

ਮਨੋਰਮੰ = ਸੁੰਦਰ ਮਨ ਆਦਿਕ ਵਿੱਚ ਮਿਲਿਆ ਹੋਇਆ।
ਬਦਿ = ਕਹੋ। ਤਤ ਮਇਅੰ = ਠੀਕ ਅੰਮ੍ਰਤ ਰੂਪ।

ਕੇਵਲ ਵਾਹਿਗੁਰੂ ਦਾ ਨਾਮ ਹੀ ਸੁੰਦਰ ਹੈ ਵਾ ਸਾਰਿਆਂ ਵਿਚ ਮਿਲਿ-ਆ ਹੋਇਆ ਹੈ ਤਿਸਨੂੰ ਹੇ ਭਾਈ ਉਚਾਰਨ ਕਰ, ਓਹ ਨਾਮ ਕਿਕੂਰ ਦਾ ਹੈ ਕਿ ਅੰਮ੍ਰਿਤ ਸਰੂਪ ਹੀ ਹੈ।

## ਨਦਨੋਤਿ ਜਸਮਰਣੇਨ ਜਨਮ ਜਰਾਧਿ ਮਰਣ ਭਇਅੰ॥ ੧ ॥ ਰਹਾਉ ॥

ਨਦਨੋਤਿ = ਨਹੀਂ ਪੀੜਾ। ਜਸਮਰਣੇਨ = ਜਿਸਦੇ ਸਿਮਰਨ ਕਰਨ ਨਾਲ। ਭਇਅੰ = ਡਰ। ਜਰਾਧਿ = ਬੁਢੇਪਾ ਆਦਿਕ ਆਧੀ ਬਿਆਧੀ ਉਪਾਧੀ॥

ਜਿਸਦੇ ਸਿਮਰਨ ਕਰਨ ਨਾਲ ਤੈਨੂੰ ਕਿਸੇ ਤਰਾਂ ਦੀ ਪੀੜਾ ਨ ਹੋਵੇਗੀ ਅਤੇ ਜਨਮ ਮਰਨ ਬੁਢੇਪਾ, ਆਧੀ, ਬਿਆਧੀ, ਉਪਾਧੀ ਦਾ ਡਰ ਨ ਹੋਵੇਗਾ ਵਾ ਜਿਸਦੇ ਯਾਦ ਕਰਨ ਨਾਲ ਜਨਮ ਮਰਨ ਬੁਢੇਪੇ ਆਧੀ ਬਿਆਧੀ ਦੀ ਪੀੜਾ ਨਹੀਂ ਹੋਵੇਗੀ।

## ਇਛਸਿ ਜਮਾਦਿ ਪਰਾਭਯੰ ਜਸੁ ਸ੍ਵਸਤਿ ਸੁਕ੍ਰਿਤ ਕ੍ਰਿਤੰ॥

ਇੱਛਸਿ = ਇੱਛਾ। ਪਰਾਭਯੰ (ਪਰਾਭਵੰ) = ਪਰੇ ਹੋਣ ਦੀ ਵਾ ਨਿਰਾਦਰ ਕਰਨ ਦੀ। ਸ੍ਵਸਤਿ = ਕਲਿਆਣ। ਸੁਕ੍ਰਿਤ = ਪੁੰਨ ॥ ਕ੍ਰਿਤੰ = ਕਰ ॥

ਹੇ ਭਾਈ ਜੇਕਰ ਤੈਨੂੰ ਅਤਯੰਤ ਦੁਖ ਦੇਣ ਵਾਲੇ ਜਮ ਆਦਿਕਾਂ ਦੇ ਨਿਰਾਦਰ ਕਰਨ ਦੀ ਲੋੜ ਹੈ ਤਾਂ ਕਲਯਾਨ ਸਰੂਪ ਵਾਹਿਗੁਰੂ ਆਪਣਾ ਆਸਰਾ ਸਮਝਕੇ ਉਸਦਾ ਯੱਸ ਕਰ, ਵਾ ਏਹੋ ਹੀ ਬੜਾ ਭਾਰਾ ਪੁੰਨ ਹੈ ਜੋ ਉਸਦਾ ਯੱਸ ਕਰਨਾ ॥

## ਭਵ ਭੂਤ ਭਾਵ ਸਮਬ੍ਰਿਅੰ ਪਰਮੰ ਪ੍ਰਸੰਨ ਮਿਦੰ ॥ ੨ ॥

ਭਵ = ਵਰਤਮਾਨ । ਭੂਤ = ਗੁਜ਼ਰਿਆ ਹੋਇਆ ਸਮਾਂ । ਭਾਵ = ਆਉਣ ਵਾਲਾ ਸਮਾਂ । ਸਮਬ੍ਰਿਅੰ = ਸੰ = ਨਰੋਲ ॥ ਅਬ੍ਰਿਅੰ = ਨਾਸ ਤੋਂ ਬਿਨਾ । ਮਿਦੰ = ਇਦੰ, ਏਹ ॥

ਤਿੰਨਾਂ ਸਮਿਆਂ ਵਿਚ ਜੇਹੜਾ ਮਰਨ ਤੋਂ ਰਹਿਤ ਹੈ "ਪਰਮਪ੍ਰਸੰਨ" ਰੋਜ ਹੀ ਅਨੰਦ ਸਰੂਪ ਏਹੋ ਜੇਹੇ ਲਛਣਾਂ ਵਾਲਾ ਜੇਹੜਾ ਵਾਹਿਗੁਰੂ ਕਿਹਾ ਹੈ ।

## ਲੋਭਾਦਿ ਦ੍ਰਿਸਟਿ ਪਰ ਗ੍ਰਿਹੰ ਜਦਿ ਬਿਧਿ ਆਚਰਣੰ ॥

ਪਰ = ਪਰਾਏ । ਗ੍ਰਿਹੰ = ਘਰ ।

ਲੋਭ ਤੋਂ ਆਦਿ ਲੈਕੇ ਜੇਹੜੀ ਪਰਾਏ ਘਰਾਂ ਵਿਚ ਮਾੜੀ ਦ੍ਰਿਸ਼ਟ ਕਰਨੀ ਹੈ "ਏ ਯਦੀ ਜੇਹੜੇ ਅਬਿਧੀ ਕ੍ਰਤਬ ਹਨ" ਭਾਵ ਏਹੋ ਜੇਹੇ ਹੋਰ ਜੇਹੜੇ ਕੰਮ ਹਨ ।

## ਤਜਿ ਸਕਲ ਦੁਹਕ੍ਰਿਤ ਦੁਰਮਤੀ ਭਜੁ ਚਕ੍ਰ ਧਰ ਸਰਣੰ ॥ ੩ ॥

ਦੁਹਕ੍ਰਿਤ = ਪਾਪ, ਖੋਟਾ ਕਹਿਣਾ । ਦੁਰਮਤੀ = ਖੋਟੀ ਅਕਲ । ਭਜ = ਲੈ, ਚਲ, ਯਾਦ ਕਰ। ਚਕ੍ਰ ਧਰ = ਵਾਹਿਗੁਰੂ ॥

ਹੇ ਦੁਰਮਤੀ ਆਦਮੀ ਸਾਰੇ ਪਾਪਾਂ ਨੂੰ ਛੱਡ ਅਤੇ ਵਾਹਿਗੁਰੂ ਦੀ ਸ਼ਰਨ ਲੈ ।

## ਹਰਿ ਭਗਤ ਨਿਜ ਨਿਹ ਕੇਵਲਾ ਰਿਦ ਕਰਮਣਾ ਬਚਸਾ ॥

ਨਿਜ = ਆਪ । ਨਿਹਕੇਵਲ = ਸੁਧ । ਕਰਮਣਾ = ਸਰੀਰ । ਬਚ = ਬਾਣੀ ।

ਜਿਸਨੇ ਵਾਹਿਗੁਰੂ ਦੀ ਭਗਤੀ ਆਪ ਸੁਧ ਰਿਦੇ ਕਰਕੇ ਸਰੀਰ ਕਰਕੇ ਬਾਣੀ ਕਰਕੇ ਕੀਤੀ ਹੈ ॥ (ਤਿਸ ਭਗਤ ਨੂੰ)

## ਜੋਗੇਨ ਕਿੰ ਜਗੇਨ ਕਿੰ ਦਾਨੇਨ ਕਿੰ ਤਪਸਾ ॥ ੪ ॥

ਜੋਗੇਨ = ਜੋਗ ॥ ਜਗੇਨ = ਯੱਗ ॥ ਦਾਨੇਨ = ਦਾਨ ॥ ਕਿੰ = ਕਿਆ ॥

ਯੋਗ, ਯੱਗ, ਦਾਨ ਤਪ ਨਾਲ ਕਿਆ ਮਤਲਬ ਹੈ ।

**ਗੋਬਿੰਦ ਗੋਬਿੰਦੇਤਿ ਜਪਿ ਨਰ ਸਕਲ ਸਿਧਿ ਪਦੰ ॥**

ਸਿਧਿ = ਸਿਧੀਆਂ ॥ ਪਦੰ = ਪ੍ਰਾਪਤ ॥

ਹੇ ਵਾਹਿਗੁਰੂ ਹੇ ਵਾਹਿਗੁਰੂ ਹੇ ਨਰ ਜਪ ਸੋ ਸਾਰੀਆਂ ਸਿਧੀਆਂ ਦਾ ਥਾਂ ਹੈ ਵਾ ਸਾਰੇ ਪਦਾਰਥ ਦੇਣ ਵਾਲਾ ਹੈ।

**ਜੈਦੇਵ ਆਇਉ ਤਸ ਸਫੁਟੰ ਭਵਭੂਤ ਸਰਬਗਤੰ ॥ ੫ ॥ ੧ ॥**

ਤਸ = ਤਿਸ ॥ ਸਫੁਟੰ = ਸਫਲ, ਪ੍ਰਗਟ।

ਜੈ ਦੇਵ ਜੀ ਤਿਸਦੀ ਸਰਣ ਆਏ ਹਨ, ਜੋਹੜਾ ਭੂਤ ਭਵਿਖਤ ਵਰਤਮਾਨ ਸਾਰਿਆਂ ਅਸਥਾਨਾਂ ਵਿੱਚ ਪਹੁੰਚਿਆ ਹੋਇਆ ਹੈ ॥

# ਰਾਗੁ ਸੋਰਠਿ

## ਰਾਗੁ ਸੋਰਠਿ ਬਾਣੀ ਭਗਤ ਕਬੀਰ ਜੀ ਕੀ ਘਰੁ ੧

**ੴ ਸਤਿਗੁਰਪ੍ਰਸਾਦਿ ॥**

**ਬੁਤ ਪੂਜਿ ਪੂਜਿ ਹਿੰਦੂ ਮੂਏ ਤੁਰਕ ਮੂਏ ਸਿਰੁ ਨਾਈ ॥**
**ਓਇ ਲੇ ਜਾਰੇ ਓਇ ਲੇ ਗਾਡੇ ਤੇਰੀ**
**ਗਤਿ ਦੁਹੂ ਨ ਪਾਈ ॥ ੧ ॥**

ਬੁਤ ਪੂਜ ਪੂਜ ਕੇ ਹਿੰਦੂ ਮਰ ਗਏ ਹਨ ਅਤੇ ਤੁਰਕ ਸਿਰ ਨੀਵਾਂ ਕਰ ਕਰਕੇ ਮਰ ਗਏ ਹਨ। ਓਹ ਲੈਕੇ ਮੁਰਦੇ ਨੂੰ ਸਾੜ ਦੇਂਦੇ ਹਨ ਅਤੇ ਓਹੁ ਲੈਕੇ ਗੱਡ ਦੇਂਦੇ ਹਨ ਪਰ ਅਫਸੋਸ ਤੇਰੀ ਪ੍ਰਾਪਤੀ ਦੋਹਾਂ ਨੇ ਹੀ ਨਹੀਂ ਪਾਈ।

**ਮਨ ਰੇ ਸੰਸਾਰੁ ਅੰਧ ਗਹੇਰਾ ॥**
**ਚਹੁ ਦਿਸ ਪਸਰਿਓ ਹੈ ਜਮ ਜੇਵਰਾ ॥ ੧ ॥ ਰਹਾਉ ॥**

ਗਹੇਰਾ = ਟੋਆ। ਜੇਵਰਾ = ਰੱਸਾ।

ਹੇ ਮਨ ਸੰਸਾਰ ਅੰਨ੍ਹਾ ਟੋਆ ਹੈ, ਚਵਾਂ ਪਾਸਿਆਂ ਵੱਲ ਜਮ ਦਾ ਜੇਵੜਾ ਪਸਰਿਆ ਹੋਇਆ ਹੈ ॥

**ਕਬਿਤ ਪੜੇ ਪੜਿ ਕਬਿਤਾ ਮੂਏ ਕਪੜ ਕੇਦਾਰੈ ਜਾਈ ॥**
**ਜਟਾ ਧਾਰਿ ਧਾਰਿ ਜੋਗੀ ਮੂਏ**
**ਤੇਰੀ ਗਤਿ ਇਨਹਿ ਨ ਪਾਈ ॥ ੨ ॥**

ਕਪੜ = ਇਕ ਕਾਪੜੀਆਂ ਦਾ ਭਗਵਾ ਭੇਸ ਭੇਖ ਧਾਰੀ ਹੁੰਦਾ ਹੈ।
ਕੇਦਾਰੈ = ਕਿਦਾਰਨਾਥ ॥

ਕਬਿੱਤ ਪੜ੍ਹ ਪੜ੍ਹ ਕੇ ਕਬਿਤੇ ਮਰ ਗਏ ਹਨ, ਅਤੇ ਕਾਪੜੀਏ ਕਿਦਾਰ-ਨਾਥ ਜਾ ਜਾ ਕੇ ਮਰ ਗਏ ਹਨ, ਅਤੇ ਸਿਰ ਤੇ ਜਟਾਂ ਰਖ ਰਖਕੇ ਵਾ ਵਧਾ ਵਧਾਕੇ ਜੋਗੀ ਮਰ ਗਏ ਹਨ, ਹੇ ਵਾਹਿਗੁਰੂ ਤੇਰੀ ਪ੍ਰਾਪਤੀ ਏਨ੍ਹਾਂ ਨੇ ਵੀ ਨਹੀਂ ਪਾਈ ਹੈ

**ਦਰਬੁ ਸੰਚਿ ਸੰਚਿ ਰਾਜੇ ਮੂਏ ਗਡਿ ਲੇ ਕੰਚਨ ਭਾਰੀ ॥**
**ਬੇਦ ਪੜੇ ਪੜਿ ਪੰਡਿਤ ਮੂਏ ਰੂਪੁ ਦੇਖਿ ਦੇਖਿ ਨਾਰੀ ॥ ੩ ॥**

ਸੰਚਿ ਸੰਚਿ = ਕੱਠਾ ਕਰਕੇ। ਗਡਿਲੇ = ਕਾਰੂ ਆਦਿਕ ਨੇ
ਧਰਤੀ ਵਿਚ ਧਨ ਨੂੰ ਨੱਪ ਰਖਿਆ ਸੀ, ਅਥਵਾ ਰਾਵਨ
ਆਦਿਕ ਨੇ ਸੋਨੇ ਦੇ ਕਿਲੇ ਲੈ ਲਏ ਸੀ। ਕੰਚਨ = ਸੋਨਾ।

ਧਨ ਨੂੰ ਕੱਠਾ ਕਰ ਕਰਕੇ ਰਾਜੇ ਮਰ ਗਏ, ਭਾਰੀ ਸੋਨੇ ਦੇ ਕਿਲੇ ਲੈਕੇ ਵਾ ਭਾਰੀ ਸੋਨੇ ਨੂੰ ਦੱਬਕੇ, ਵੇਦਾਂ ਨੂੰ ਪੜ੍ਹ ਪੜ੍ਹ ਕੇ ਪੰਡਤ ਮਰ ਗਏ ਹਨ ਅਤੇ ਇਸਤ੍ਰੀਆਂ ਆਪਣੇ ਰੂਪ ਨੂੰ ਦੇਖ ਦੇਖ ਕੇ ਮਰ ਗਈਆਂ ਹਨ ॥

**ਰਾਮ ਨਾਮ ਬਿਨੁ ਸਬੈ ਬਿਗੂਤੇ ਦੇਖਹੁ ਨਿਰਖਿ ਸਰੀਰਾ ॥**
**ਹਰਿ ਕੇ ਨਾਮ ਬਿਨੁ ਕਿਨਿ ਗਤਿ ਪਾਈ**
**ਕਹਿ ਉਪਦੇਸੁ ਕਬੀਰਾ ॥ ੪ ॥ ੧ ॥**

ਬਿਗੂਤੇ = ਖਰਾਬ ਹੋਏ ॥ ਨਿਰਖਿ = ਵੇਖ ਵਾ ਨਿਰਖ,
ਭਾ ਭਤਾ ਵਾ ਨਿਰਨਾ ਵਾ ਨਿਸਚਾ, ਪਰੀਖਿਆ ॥

ਵਾਹਿਗੁਰੂ ਦੇ ਨਾਮ ਤੋਂ ਬਿਨਾਂ ਸਾਰੇ ਹੀ ਖਰਾਬ ਹੋਕੇ ਮਰ ਗਏ ਹਨ ਤੁਸੀਂ ਇਸ ਗਲ ਦਾ ਨਿਰਨਾ ਕਰਕੇ ਆਪਨੇ ਸਰੀਰ ਵਿਚ ਕਿਆ ਅੱਖਾਂ ਨਾਲ ਵੇਖ ਲਵੋ ਵਾ ਦੇਖੋ ਏਹੁ ਸਰੀਰ ਦਾ ਮੁਲ ਪਿਆ, ਵਾਹਿਗੁਰੂ ਦੇ ਨਾਮ ਤੋਂ ਬਿਨਾਂ ਕਿਸਨੇ ਮੁਕਤੀ ਪਾਈ ਹੇ। ਕਬੀਰ ਜੀ ਉਪਦੇਸ਼ ਕਹਿੰਦੇ ਹਨਃ—

**ਜਬ ਜਰੀਐ ਤਬ ਹੋਇ ਭਸਮ ਤਨੁ ਰਹੈ ਕਿਰਮ**
**ਦਲ ਖਾਈ ॥ ਕਾਚੀ ਗਾਗਰਿ ਨੀਰੁ ਪਰਤੁ ਹੈ**
**ਇਆ ਤਨ ਕੀ ਇਹੈ ਬਡਾਈ ॥ ੧ ॥**

ਕਿਰਮ = ਕੀੜੇ ॥ ਨੀਰ = ਪਾਣੀ ॥ ਪਰਤੁ = ਪੈਂਦਾ ਵਾ ਨਿਕਲਦਾ।

ਇਸ ਸਰੀਰ ਮੋਏ ਹੋਏ ਨੂੰ ਜਦੋਂ ਸਾੜੀਏ ਤਦੋਂ ਸਵਾਹ ਹੋ ਜਾਂਦਾ ਹੈ ਅਤੇ ਜੇ ਬਾਕੀ ਰਹੇ ਤਾਂ ਕੀੜਿਆਂ ਦਾ ਦਲ ਖਾ ਜਾਂਦਾ ਹੇ। ਜਿਕੁਰ ਕੱਚੇ ਘੜੇ ਵਿਚ ਪਾਣੀ ਪਿਆ ਹੋਇਆ ਵਗਦਾ ਹੈ ਵਾ ਜਿਕੁਰ ਕੱਚਾ ਘੜਾ ਪਾਣੀ

ਵਿੱਚ ਪੈਂਦਾ ਹੀ ਗਲ ਜਾਂਦਾ ਹੈ, ਇਸ ਸਰੀਰ ਦੀ ਏਹ ਵਡਿਆਈ ਹੈ ਤਿੱਕੁਰ ਹੀ ਏਹ ਸਰੀਰ ਮਿੱਟੀ ਨਾਲ ਮਿੱਟੀ ਅਤੇ ਪਾਣੀ ਵਿਚ ਪੈਕੇ ਗਲ ਜਾਂਦਾ ਹੈ।

**ਕਾਹੇ ਭਈਆ ਫਿਰਤੌ ਫੂਲਿਆ ਫੂਲਿਆ ॥**
**ਜਬ ਦਸ ਮਾਸ ਉਰਧ ਮੁਖ ਰਹਤਾ**
**ਸੋ ਦਿਨੁ ਕੈਸੇ ਭੂਲਿਆ ॥ ੧ ॥ ਰਹਾਉ ॥**

ਉਰਧ = ਉੱਚਾ ॥

ਹੇ ਭਾਈ ਕਿਸ ਵਾਸਤੇ ਐਵੇਂ ਫੁਲ ਵਾਂਙੂ ਫੁਲਿਆ ਫਿਰਨਾ ਹੈਂ ਜਦੋਂ ਦਸ ਮਹੀਨੇ ਮਾਂ ਦੇ ਪੇਟ ਵਿਚ ਉੱਚਾ ਸਿਰ ਹਿਠਾਂ ਨੂੰ ਅਤੇ ਲੱਤਾਂ ਉਤਾਂਹ ਨੂੰ ਮੂੰਹ ਟਡਿਆ ਹੋਇਆ ਰਹਿੰਦਾ ਸੈਂ ਉਹ ਦਿਨ ਕਿੱਕੁਰ ਭੁੱਲ ਗਿਆ ਹੈ ?

**ਜਿਉ ਮਧੁ ਮਾਖੀ ਤਿਉ ਸਠੋਰਿ ਰਸੁ ਜੋਰਿ ਜੋਰਿ ਧਨੁ ਕੀਆ ॥**
**ਮਰਤੀ ਬਾਰ ਲੇਹੁ ਲੇਹੁ ਕਰੀਐ**
**ਭੂਤੁ ਰਹਨ ਕਿਉ ਦੀਆ ॥ ੨ ॥**

ਸਠੋਰਿ = ਸਠ, ਮੂਰਖ ॥ ਰਸ = ਪ੍ਰੇਮ ॥

ਜਿੱਕੁਰ ਮੱਖੀ ਸ਼ਹਦ ਨੂੰ ਬੜੇ ਯਤਨ ਨਾਲ ਕੱਠਾ ਕਰਦੀ ਹੈ ਤਿੱਕੁਰ ਹੀ ਇਸ ਮੂਰਖ ਨੇ ਪ੍ਰੇਮ ਨਾਲ ਬਾਹਲਾ ਧਨ ਕੱਠਾ ਕੀਤਾ, ਇਸ ਮੂਰਖ ਦੇ ਮਰਨ ਦੇ ਵੇਲੇ ਲੋਕੀ ਪੁਛ ਲਵੋ ਪੁਛ ਲਵੋ (ਖੋ ਲੌ ਖੋ ਲੌ) ਇਕੁਰ ਆਖਦੇ ਹੋਏ ਪਿੱਛੋਂ ਕਹਿੰਦੇ ਹਨ ਕਿ ਇਸ ਭੂਤ ਨੂੰ ਘਰ ਵਿੱਚ ਬਾਹਲਾ ਚਿਰ ਕਿਉਂ ਰਹਿਨ ਦਿੱਤਾ ਜੇ ?

**ਦੇਹੁਰੀ ਲਉ ਬਰੀ ਨਾਰਿ ਸੰਗ ਭਈ ਆਗੈ ਸਜਨ**
**ਸੁਹੇਲਾ ॥ ਮਰਘਟ ਲਉ ਸਭੁ ਲੋਗੁ ਕੁਟੰਬੁ ਭਇਓ**
**ਆਗੈ ਹੰਸੁ ਅਕੇਲਾ ॥ ੩ ॥**

ਦੇਹੁਰੀ = ਦਲੀਜ਼ ॥ ਬਰੀ = ਵਰੀ ਹੋਈ।

ਮਰਘਟ = ਮਸਾਣ ਭੂਮਿਕਾ ॥ ਹੰਸ = ਜੀਵ ਆਤਮਾ ॥

ਘਰ ਦੀ ਦਲੀਜ਼ ਤੱਕ ਵਿਆਹੀ ਹੋਈ ਇਸਤ੍ਰੀ ਨਾਲ ਆਈ ਅਗੇ ਥੋੜਾ ਜੇਹਾ ਨਾਲ ਪਿਆਰੇ ਸੁਖਦਾਈ ਸੱਜਣ ਗਏ। ਵਾ ਜਿਨ੍ਹਾਂ ਦਾ ਸੁਹੇਲਾ ਸਜਨ ਸੀ ਓਹ ਮਸਾਣ ਭੂਮਿਕਾ ਤਕ ਸਾਰੇ ਲੋਕ ਕੁਟੰਬ ਦੇ ਗਏ ਅਤੇ ਅਗੇ ਜੀਵ ਅਕੱਲਾ ਗਿਆ।

**ਕਹਤੁ ਕਬੀਰ ਸੁਨਹੁ ਰੇ ਪ੍ਰਾਨੀ ਪਰੇ ਕਾਲ ਗ੍ਰਸ ਕੂਆ ॥**
**ਝੂਠੀ ਮਾਇਆ ਆਪੁ ਬੰਧਾਇਆ**
**ਜਿਉ*ਨਲਨੀ ਭ੍ਰਮਿ ਸੂਆ ॥ ੪ ॥ ੨ ॥**

ਕੂਆ = ਖੂਹ ॥ ਸੂਆ = ਤੋਤਾ ॥ ਗ੍ਰਸੇ = ਫੜੇ ਹੋਏ ॥

ਕਬੀਰ ਜੀ ਕਹਿੰਦੇ ਹਨ ਪ੍ਰਾਣੀਓਂ ਤੁਸੀਂ ਸੁਣੋਂ ਤੁਸੀਂ ਕਾਲ ਦੇ ਫੜੇ ਹੋਏ ਨਰਕ ਰੂਪ ਖੂਹੇ ਵਿੱਚ ਪੈ ਰਹੇ ਹੋ ਝੂਠੀ ਮਾਇਆ ਨਾਲ ਸੰਸਾਰ ਵਿੱਚ ਤੁਸਾਂ ਆਪਣਾ ਆਪ ਬਨ੍ਹਾ ਦਿੱਤਾ ਹੈ ਜਿੱਕੁਰ ਨਲਨੀ ਨਾਲ ਭਰਮ ਕਰਕੇ ਤੋਤਾ ਬੰਨ੍ਹਿਆ ਜਾਂਦਾ ਹੈ।

**ਬੇਦ ਪੁਰਾਨ ਸਭੈ ਮਤ ਸੁਨਿਕੈ ਕਰੀ ਕਰਮ ਕੀ ਆਸਾ ॥**
**ਕਾਲ ਗ੍ਰਸਤ ਸਭ ਲੋਗ ਸਿਆਨੇ**
**ਉਠਿ ਪੰਡਿਤ ਪੈ ਚਲੇ ਨਿਰਾਸਾ॥ ੧ ॥**

ਪੈ = ਫਿਰ।

ਵੇਦ ਪੁਰਾਨਾਂ ਦੇ ਸਾਰੇ ਮਤ ਸੁਣਕੇ ਕਰਮਾਂ ਦੀ ਆਸਾ ਕੀਤੀ। ਕਾਲ ਦੇ ਗ੍ਰਸੇ ਹੋਏ ਸਾਰੇ ਲੋਕ ਬੜੇ ਬੜੇ ਸਿਆਣੇ ਉਠਕੇ ਚਲੇ ਗਏ ਅਤੇ ਫਿਰ ਜਿਨ੍ਹਾਂ ਪੰਡਤਾਂ ਪਾਸੋਂ ਉਪਦੇਸ਼ ਸੁਣਦੇ ਹੁੰਦੇ ਸੀ ਉਹ ਬੜੇ ਬੜੇ ਕਥੱਕੜ ਸਨ ਓਹ ਵੀ ਅੰਤ ਨੂੰ ਨਾਲ ਹੀ ਨਿਰਾਸ ਹੋਕੇ ਉਠ ਤੁਰੇ॥

**ਮਨ ਰੇ ਸਰਿਓ ਨ ਏਕੈ ਕਾਜਾ ॥**
**ਭਜਿਓ ਨ†ਰਘੁਪਤਿ ਰਾਜਾ ॥ ੧ ॥ ਰਹਾਉ ॥**

ਹੇ ਮਨ ਤੇਰੇ ਪਾਸੋਂ ਇਕ ਕੰਮ ਵੀ ਨ ਸਰਿਆ, ਕਿ ਵਾਹਿਗੁਰੂ ਪ੍ਰਕਾਸ਼ਕ ਨੂੰ ਯਾਦ ਨ ਕੀਤਾ।

*ਇਕ ਕਟੋਰੀ ਪਾਣੀ ਦੀ ਭਰਕੇ ਉਸ ਉਤੇ ਇਕ ਕੜੁੱਕੀ ਫੰਦਕ ਲਗਾ ਦੇਂਦੇ ਹਨ ਅਤੇ ਥੋੜਾ ਜੇਹਾ ਟੁੱਕ ਉਸਦੇ ਨਾਲ ਲਮਕਾ ਦੇਂਦੇ ਹਨ, ਜਦ ਤੋਤਾ ਉਸ ਉਤੇ ਆਕੇ ਬਹਿੰਦਾ ਹੈ ਅਤੇ ਜਦ ਟੁੱਕ ਨੂੰ ਚੁੰਜ ਨਾਲ ਫੜਦਾ ਹੈ ਤਾਂ ਉਹ ਕੜੁਕੀ ਉਲਟ ਜਾਂਦੀ ਹੈ, ਅਤੇ ਤੋਤਾ ਆਪ ਹੀ ਉਸਨੂੰ ਪੌਂਚਿਆਂ ਨਾਲ ਘੁੱਟਕੇ ਫੜ ਲੈਂਦਾ ਹੈ ਕਿ ਮੈਂ ਇਸ ਦਰਿਆ ਵਿੱਚ ਡੁਬ ਨ ਜਾਵਾਂ।

†ਇਹ ਨਾਮ ਪ੍ਰਮਾਤਮਾਂ ਦਾ ਹੈ ਭਗਤਾਂ ਦਾ ਨਾਮ ਨਾਲ ਕੋਈ ਵੈਰ ਨਹੀਂ ਸੀ ਕਿਤੇ ਅੱਲਾ ਕਿਤੇ ਰਾਮ ਕਿਤੇ ਕ੍ਰਿਸ਼ਨ ਆਖ ਦੇਂਦੇ ਹਨ।

**ਬਨਖੰਡ ਜਾਇ ਜੋਗੁ ਤਪੁ ਕੀਨੋ ਕੰਦ ਮੂਲੁ ਚੁਨਿ ਖਾਇਆ ॥**
**ਨਾਦੀ ਬੇਦੀ ਸਬਦੀ ਮੋਨੀ ਜਮ ਕੇ ਪਟੈ ਲਿਖਾਇਆ ॥ ੨ ॥**

ਕੰਦ = ਜਿਮੀ ਕੰਦ, ਸ਼ਕਰ ਕੰਦੀ ਆਦਿਕ ॥ ਮੂਲ = ਮੁਢ, ਜੜ੍ਹ ਮੂਲੀ ॥ ਨਾਦੀ = ਨਰਸਿੰਙਾ ਵਜੌਣ ਵਾਲਾ ਮੋਢੇ ਤੇ ਰਖਣ ਵਾਲੇ ਗੋਰਖੀਏ ॥ ਬਦੀ = ਬੇਦ ਪੜ੍ਹਨ ਵਾਲੇ। ਸਬਦੀ = ਦੱਤ ਮਤ ਦੇ ਅਲਖ ਕਹਿਣ ਵਾਲੇ ॥ ਮੋਨੀ = ਚੁਪ ਕਰ ਰਹਿਣ ਵਾਲੇ। ਪਟੈ = ਦਫਤਰ ॥

ਜੰਗਲ ਦੇ ਇਕ ਟੁਕੜੇ ਵਿਚ ਜਾਕੇ ਯੋਗ, ਤਪ, ਕੀਤਾ ਅਤੇ ਕੰਦ ਮੂਲ ਚੁਣਕੇ ਖਾਧਾ, ਨਾਦੀ ਬੇਦੀ ਸਬਦੀ, ਮੋਨੀ, ਏਹਨਾਂ ਸਾਰਿਆਂ ਲੋਕਾਂ ਨੇ ਆਪਣੇ ਆਪ ਨੂੰ ਧਰਮ ਰਾਜਾ ਦੇ ਦਫਤਰ ਵਿਚ ਲਿਖਾਇਆ ਹੈ।

**ਭਗਤਿ ਨਾਰਦੀ ਰਿਦੈ ਨ ਆਈ ਕਾਛਿ ਕੂਛਿ ਤਨੁ ਦੀਨਾ ॥**
**ਰਾਗ ਰਾਗਨੀ ਡਿੰਭ ਹੋਇ ਬੈਠਾ**
**ਉਨਿ ਹਰਿ ਪਹਿ ਕਿਆ ਲੀਨਾ ॥੩॥**

ਭਗਤਿ ਨਾਰਦੀ = ਪ੍ਰੇਮਾ ਭਗਤੀ, ਨਾਰਦ ਵਰਗੀ ਭਗਤੀ। ਕਾਛਿ ਕੂਛਿ = ਮਿਣ ਮਿਣਾਕੇ ਭਾਵ ਪਾਲ ਪਾਲਕੇ ॥ ਡਿੰਭ = ਪਾਖੰਡ। ਪਹਿ = ਪਾਸੋਂ ॥

ਪ੍ਰੇਮਾ ਭਗਤੀ ਰਿਦੇ ਵਿਚ ਨਹੀਂ ਆਈ ਇਸ ਲਈ ਐਵੇਂ ਹੀ ਪਾਲ ਪਾਲ ਮੋਟਾ ਕਰਕੇ ਸਰੀਰ ਨੂੰ ਜਮਾਂ ਦੇ ਹਵਾਲੇ ਕਰ ਦਿੱਤਾ, ਰਾਗ ਰਾਗਨੀਆਂ ਨੂੰ ਗਾਕੇ ਲੋਕਾਂ ਵਿੱਚ ਪਾਖੰਡੀ ਹੋ ਬੈਠਦਾ ਹੈ, ਉਸ ਨੇ ਵਾਹਿਗੁਰੂ ਪਾਸੋਂ ਕੀ ਲੀਤਾ ਹੈ।

**ਪਰਿਓ ਕਾਲੁ ਸਭੈ ਜਗ ਊਪਰ ਮਾਹਿ ਲਿਖੇ ਭ੍ਰਮ ਗਿਆਨੀ ॥**
**ਕਹੁ ਕਬੀਰ ਜਨ ਭਏ *ਖਾਲਸੇ ਪ੍ਰੇਮ ਭਗਤਿ**

---

*ਖਾਲਾਸੇ ਵਾ ਖਾਲਸੇ ਦੋ ਪਾਠ ਹੁੰਦੇ ਹਨ ਪਰ ਦੋਹਾਂ ਦਾ ਅਰਥ ਇਕ ਹੀ (ਖਾਲਸ) ਹੈ, ਦਮਦਮੇਂ ਸਾਹਿਬ ਵਾਲੀ ਬੀੜ ਵਿਚ 'ਖਾਲਸੇ' ਪਾਠ ਹੈ ਇਸ ਦਾ ਕਾਰਨ ਇਹ ਹੈ-ਇਕ ਦਿਨ ਸ੍ਰੀ ਕਲਗੀਧਰ ਜੀ ਨੇ ਦਮਦਮੇ ਬੈਠਿਆਂ ਵਿਚਾਰਿਆ ਕਿ ਅਸੀਂ ਆਪਣੇ ਪਿਤਾ ਜੀ ਦੀ ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਵਿੱਚ ਆਪ ਚਾੜ੍ਹ ਜਾਈਏ, ਸ੍ਰੀ ਗੁਰੂ ਅਰਜਨ ਦੇਵ ਜੀ ਦਾ ਬਚਨ ਭੀ ਸੁਫਲ ਹੋ ਜਾਵੇ ਕਿ ਜੋਹੜਾ ਸਿਰ ਦੇਵੇਗਾ ਉਸਦੀ ਬਾਣੀ ਚੜ੍ਹੇਗੀ ਸੋ ਸਿਰ ਧਰਮ ਪਿਛੇ ਪਿਤਾ ਜੀ ਨ ਹੀ ਦਿਤਾ ਹੈ ਅਤੇ ਦੂਜਾ ਸਾਡੇ ਮਗਰੋਂ ਹੋਰ ਕਿਸੇ ਤਰਾਂ ਦੀ ਖਰਾਬੀ ਵੀ ਨਾ ਪਵੇ, ਇਸ ਗੱਲ ਨੂੰ ਵਿਚਾਰਕੇ ਸ੍ਰੀ ਕਰਤਾਰ ਪੁਰ ਧੀਰ ਮੱਲ ਜੀ ਦੇ ਪਾਸ ਗੁਰੂ ਜੀ ਨੇ ਇਕ ਸਿੱਖ ਭੇਜਿਆ ਅਤੇ ਧੀਰ ਮੱਲ ਜੀ ਨੇ--

**ਜਿਹ ਜਾਨੀ ॥੪॥੩॥**

ਪੂਰਬੋਕਤਿ ਜੇਹੜਾ ਕਾਲ ਸਾਰਿਆਂ ਉਪ੍ਰੋਕਤ ਪਰ ਪਿਆ ਹੈ ਓਸੇ ਦਫਤਰ ਵਿਚ ਹੀ ਭਰਮ ਦੇ ਮਾਰੇ ਹੋਏ ਕਰਮੀ ਗਿਆਨੀ ਪੈ ਗਏ ਕਬੀਰ ਜੀ ਕਹਿੰਦੇ ਹਨ ਉਹ ਵਾਹਿਗੁਰੂ ਦੇ ਜਨ ਜਨਮਾਂ ਤੋਂ ਛੁਟੇ ਹਨ ਜਿਨ੍ਹਾਂ ਨੇ ਪ੍ਰੇਮਾ ਭਗਤਿ ਕਰਨੀ ਜਾਣੀ ਹੈ।

(ਸਮ ਦ੍ਰਿਸ਼ਟੀ)

**ਘਰੁ ੨ ॥ ਦੁਇ ਦੁਇ ਲੋਚਨ ਪੇਖਾ ॥**
**ਹਉ ਹਰਿ ਬਿਨੁ ਅਉਰੁ ਨ ਦੇਖਾ ॥**

ਲੋਚਨ = ਨੇਤ੍ਰ।

ਲੋਕਾਂ ਦੇ ਨੇਤ੍ਰਾਂ ਨਾਲ ਸੰਸਾਰ ਨੂੰ ਦ੍ਵੈਤ ਭਾਵ ਬੁਰਾ ਕਰਕੇ ਵੇਖਿਆ (ਵਾ ਵੇਖਦੇ) ਹਨ ਅਤੇ ਮੈਂ ਵਾਹਿਗੁਰੂ ਤੋਂ ਬਿਨਾਂ ਹੋਰ ਕੋਈ ਨਹੀਂ ਵੇਖਿਆ (ਵਾ ਵੇਖਦਾ) (ਇਸ ਲਈ)

**ਨੈਨ ਰਹੇ ਰੰਗੁ ਲਾਈ॥ ਅਬ ਬੇਗਲ ਕਹਨੁ ਨ ਜਾਈ ॥ ੧॥**

ਰੰਗੁ = ਪ੍ਰੇਮ। ਬੇਗਲ = ਦੂਜੀ ਗਲ, ਦ੍ਵੈਤ ਵਾਲੀ ਬਾਤ ॥

ਨੇਤ੍ਰਾਂ ਨੂੰ ਅਨੰਦ ਹੋ ਰਿਹਾ ਹੈ ਵਾਹਿਗੁਰੂ ਨਾਲ ਪ੍ਰੇਮ ਲਾ ਰਹੇ ਹਨ ਹੁਣ ਦੂਜੀ ਗਲ ਕਹੀ ਨਹੀਂ ਜਾਂਦੀ।

**ਹਮਰਾ ਭਰਮੁ ਗਇਆ ਭਉ ਭਾਗਾ ॥**
**ਜਬ ਰਾਮ ਨਾਮ ਚਿਤੁ ਲਾਗਾ ॥ ੧ ॥ ਰਹਾਉ ॥**

ਹਦ ਸਾਡਾ ਭਰਮ ਦੂਰ ਹੋ ਗਿਆ ਹੈ ਅਤੇ ਜਨਮ ਮਰਨ ਦਾ ਡਰ ਦੌੜ

---

—ਦ੍ਵੈਸ਼ ਨਾਲ ਆਪਣੀ ਉਪਜੀਵਕਾ ਦਾ ਪ੍ਰਬੰਧ ਜਾਂਦਾ ਸਮਝਕੇ ਆਖਿਆ ਕਿ ਜੇ ਓਹ ਵਡਾ ਗੁਰੂ ਹੈ ਤਾਂ ਆਪ ਇਕ ਆਪਣਾ ਸ੍ਰੀ ਗੁਰੂ ਗ੍ਰੰਥ ਸਾਹਿਬ ਬਣਾਲਵੇ। ਇਹ ਗਲ ਸਿਖ ਨੇ ਜਿਉਂ ਕੀ ਤਿਉਂ ਗੁਰੂ ਜੀ ਨੂੰ ਆ ਆਖੀ, ਗੁਰੂ ਜੀ ਨੇ ਉਕਰ ਹੀ ਭਾਈ ਮਨੀ ਸਿੰਘ ਜੀ ਨੂੰ ਨਾਲ ਲੈਕੇ ਜਿਉਂ ਕਾ ਤਿਉਂ ਸਾਰਾ ਸ੍ਰੀ ਗੁਰੂ ਗ੍ਰੰਥ ਸਾਹਿਬ ਕਰਤਾਰ ਪੁਰ ਵਾਲਾ ਆਪਣੀ ਸ਼ਕਤੀ ਨਾਲ ਲਿਖ ਲਿਆ, ਜਿਸ ਜਿਸ ਜਗਾ ਜੇਹੜੇ ਜੇਹੜੇ ਰਾਗ ਵਿਚ ਪੱਤ੍ਰੇ ਖਾਲੀ ਸਨ ਉਸ ਉਸ ਜਗਾ ਆਪਣੇ ਪਿਤਾ ਜੀ ਦੀ ਬਾਣੀ ਲਿਖੀ ਅਤੇ ਖਾਲਸੇ ਦੀ ਜਗਾ ਖਾਲਸੇ ਪਾਠ ਲਿਖਕ ਗੁਰੂ ਅਰਜਨ ਦੇਵ ਜੀ ਦੀ ਬਰਾਬਰੀ ਨਾ ਕੀਤੀ ਅਤੇ ਆਪਣਾ ਕਾਰਜ ਸਿੱਧ ਕਰ ਲਿਆ। ਦਖੋ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਸਟੀਕ ਗਿਆਨੀ ਬਿਸ਼ਨ ਸਿੰਘ ਵਾਲੇ ਦੀ ਗੌੜੀ ਰਾਗ ਦੀ ੨ ਸੈਂਚੀ ਦੀ ਆਦਿ ਵਿਚ ਤਸਵੀਰ।

ਗਿਆ ਹੈ ਜਦ ਵਾਹਿਗੁਰੂ ਦੇ ਨਾਮ ਵਿਚ ਚਿਤ ਲਗਾ।

**ਬਾਜੀਗਰ ਡੰਕ ਬਜਾਈ ॥ ਸਭ ਖਲਕ ਤਮਾਸੇ ਆਈ ॥**

ਇਸ ਸੰਸਾਰ ਨੂੰ ਅਸਾਂ ਇਕੁਰ ਜਾਣਿਆ ਹੈ ਜਿੱਕੁਰ ਬਾਜੀਗਰ ਡੌਰੂ ਵਜਾਉਂਦਾ ਹੈ ਤਾਂ ਸਾਰੀ ਖਲਕਤ ਤਮਾਸ਼ਾ ਵੇਖਨ ਆਉਂਦੀ ਹੈ ਭਾਵ ਇਹ ਵਾਹਿਗੁਰੂ ਦੀ ਸ੍ਰਿਸ਼ਟੀ ਉਤਪਤ ਕੀਤੀ ਹੋਈ ਇਕ ਤਮਾਸ਼ੇ ਦੀ ਤਰਾਂ ਆਈ ਹੋਈ ਹੈ। ਸਿਟਾ-ਝੂਠੀ ਹੈ॥

**ਬਾਜੀਗਰ ਸ੍ਵਾਂਗੁ ਸਕੇਲਾ ॥ ਅਪਨੇ ਰੰਗ ਰਵੈ ਅਕੇਲਾ ॥ ੨ ॥**

ਸਕੇਲਾ = ਕੱਠਾ ਕਰਨਾ। ਰਵ = ਮਿਲ ਜਾਵੇ॥

ਫਿਰ ਜਦ ਬਾਜੀਗਰ ਨੇ ਅਪਣਾ ਸਾਂਗ ਉਤਾਰਕੇ ਕੱਠਾ ਕਰ ਲਿਆ ਤਦ ਓਹੁ ਬਾਜੀਗਰ ਆਪਣੇ ਅਨੰਦ ਅਨੁਸਾਰ ਅਕੱਲਾ ਫਿਰਦਾ ਹੈ ਇੱਕੁਰ ਹੀ ਜਦ ਵਾਹਿਗੁਰੂ ਪ੍ਰਲੈ ਕਰ ਦੇਂਦਾ ਹੈ ਤਾਂ ਆਪਣੀ ਇੱਛਾ ਅਨੁਸਾਰ (ਫਿਰ ਪ੍ਰਮਾਤਮਾਂ) ਅਕੱਲਾ ਹੀ ਫਿਰਦਾ ਹੈ॥

**ਕਥਨੀ ਕਹਿ ਭਰਮੁ ਨ ਜਾਈ ॥**
**ਸਭ ਕਥਿ ਕਥਿ ਰਹੀ ਲੁਕਾਈ ॥**

ਲੁਕਾਈ = ਸ੍ਰਿਸ਼ਟੀ॥

ਕਥਨੀ ਕਰਕੇ ਭਰਮ ਨਹੀਂ ਜਾਂਦਾ ਕਿਉਂਕਿ ਸਭ ਲੁਕਾਈ ਕਥ ਕਥ ਕੇ ਕਹਿ ਚੁਕੀ ਹੈ॥

**ਜਾਕਉ ਗੁਰਮੁਖਿ ਆਪਿ ਬੁਝਾਈ ॥**
**ਤਾਕੇ ਹਿਰਦੈ ਰਹਿਆ ਸਮਾਈ ॥ ੩ ॥**

ਜਿਨਾਂ ਗੁਰਮੁਖਾਂ ਨੂੰ ਆਪ ਵਾਹਿਗੁਰੂ ਨੇ ਓਹ ਗੱਲ ਦਸੀ ਹੈ ਉਸ ਦੇ ਰਿਦੇ ਵਿਚ ਵਾਹਿਗੁਰੂ ਸਮਾ ਰਿਹਾ ਹੈ। ਵਾ ਜਿਸਨੂੰ ਗੁਰਾਂ ਦੁਆਰਾ ਵਾਹਿਗੁਰੂ ਦੀ ਸਮਝ ਆਈ ਹੈ ਉਸਦੇ ਰਿਦੇ ਵਿਚ ਵਾਹਗੁਰੂ ਸਮਾ ਰਿਹਾ ਹੈ॥

**ਗੁਰ ਕਿੰਚਤ ਕਿਰਪਾ ਕੀਨੀ ॥**
**ਸਭੁ ਤਨੁ ਮਨੁ ਦੇਹ ਹਰਿ ਲੀਨੀ ॥**

ਕਿੰਚਤ = ਥੋੜੀ ਜੇਹੀ। ਹਰਿ ਲੀਨੀ = ਖੋਹ ਲਈ ਵਾ ਵਾਹਿਗੁਰੂ ਵਿਚ ਲੀਨ ਕਰ ਦਿਤੀ। ਮਨ = ਛੋਟਾ। ਤਨ = ਵੱਡਾ ਵ ਨਾਲ।

ਜਦ ਗੁਰਾਂ ਨੇ ਥੋੜੀ ਜੇਹੀ ਕਿਰਪਾ ਦ੍ਰਿਸ਼ਟੀ ਕੀਤੀ ਤਾਂ ਸਭ ਦੇਹ ਦੇ ਨਾਲ ਜੇਹੜਾ ਮਨ ਹੈ ਉਸਦੀ ਮਮਤਾ ਨਾਸ ਕਰ ਦਿਤੀ॥

**ਕਹਿ ਕਬੀਰ ਰੰਗਿ ਰਾਤਾ ॥**

**ਮਿਲਿਓ ਜਗ ਜੀਵਨ ਦਾਤਾ ॥ ੪ ॥ ੪ ॥**

ਕਬੀਰ ਜੀ ਪ੍ਰੇਮ ਵਿਚ ਰਤੇ ਹੋਏ ਕਹਿੰਦੇ ਹਨ ਮੈਨੂੰ ਜਗ ਜੀਵਨ ਦਾਤਾ ਵਾਹਿਗੁਰੂ ਮਿਲ ਪਿਆ ਹੈ ॥

(ਬੁਧੀ ਰੂਪ ਇਸਤ੍ਰੀ ਨੂੰ ਅੰਨਯੋਗਤੀ ਉਪਦੇਸ਼)

**ਜਾਕੇ ਨਿਗਮ ਦੂਧ ਕੇ ਠਾਟਾ ॥ ਸਮੁੰਦੁ ਬਿਲੋਵਨੁ ਕਉ ਮਾਟਾ॥**

ਨਿਗਮ = ਵੇਦ । ਠਾਟਾ = ਠਟ, ਬਣੌਟ ।

ਬਿਲੋਵਨੁ = ਰਿੜਕਣਾਂ । ਮਾਟਾ = ਮੱਟ ।

ਜਿਸ ਵਾਹਿਗੁਰੂ ਦੇ ਘਰ ਵੇਦ ਹੀ ਗਊਆਂ ਦੇ ਦੁਧ ਦਾ ਸਮੁਦਾਇ ਹੈ ਅਤੇ ਸਤਸੰਗ ਰੂਪ ਸਮੁੰਦਰ ਰਿੜਕਣ ( ਵਿਚਾਰਨ ) ਨੂੰ ਮੱਟਾ ਹੈ, ਭਾਵ ਸੰਤ ਦੁਧ ਨਾਮ ਨੂੰ ਗ੍ਰੈਹਣ ਕਰਦੇ ਹਨ ਅਤੇ ਵੇਦਾਂ ਦੇ ਕਥਨ ਨੂੰ ਛੱਡ ਦੇਂਦੇ ਹਨ ॥

**ਤਾਕੀ ਹੋਹੁ ਬਿਲੋਵਨ ਹਾਰੀ ॥**

**ਕਿਉ ਮੇਟੈ ਗੋ ਛਾਛਿ ਤੁਹਾਰੀ ॥ ੧ ॥**

ਬਿਲੋਵਨ ਹਾਰੀ = ਦੁਧ ਰਿੜਕਨ ਵਾਲੀ ।

ਤਿਸਦੀ ਤੂੰ ਦੁਧ ਰਿੜਕਣ ਵਾਲੀ ਦਾਸੀ ਬਣ, ਸੋ ਵਾਹਿਗੁਰੂ ਤੇਰੀ ਮੁਕਤੀ ਰੂਪ ਲੱਸੀ ਕਿਉਂ ਡੋਲ੍ਹੇਗਾ, ਭਾਵ ਨਹੀਂ ਰੋੜ੍ਹੇਗਾ ॥

**ਚੇਰੀ ਤੂ ਰਾਮੁ ਨ ਕਰਸਿ ਭਤਾਰਾ ॥**

**ਜਗ ਜੀਵਨ ਪ੍ਰਾਨ ਅਧਾਰਾ ॥ ੧ ॥ ਰਹਾਉ ॥**

ਹੇ ਦਾਸੀ ਤੂੰ ਜਗ ਜੀਵਨ ਰੂਪ ਵਾਹਿਗੁਰੂ ਨੂੰ ਆਪਣੇ ਪ੍ਰਾਣਾਂ ਦਾ ਆਸਰਾ ਪਤੀ ਕਿਉਂ ਨਹੀਂ ਕਰਦੀ, ਭਾਵ ਕਰ ॥

**ਤੇਰੇ ਗਲਹਿ ਤਉਕੁ ਪਗ ਬੇਰੀ ॥**

**ਤੂ ਘਰ ਘਰ ਰਮਈਐ ਫੇਰੀ ॥**

ਤਉਕੁ = ਜੰਜੀਰ ॥ ਬੇਰੀ = ਬੇੜੀ ॥

ਤੇਰੇ ਗਲ ਵਿਚ ਮੋਹ ਰੂਪ ਜੰਜੀਰ ਅਤੇ ਪੈਰਾਂ ਵਿਚ ਵਾਸ਼ਨਾ ਰੂਪ ਬੇੜੀ ਪਾਕੇ ਤੈਨੂੰ ਘਰ ਘਰ ਚੁਰਾਸੀ ਵਿਚ ਵਾਹਿਗੁਰੂ ਨੇ ਫੇਰਿਆ ਹੈ ॥

**ਤੂ ਅਜਹੁ ਨ ਚੇਤਸਿ ਚੇਰੀ ॥**

**ਤੁ ਜਮਿ ਬਪੁਰੀ ਹੈ ਹੇਰੀ ॥ ੨ ॥**

ਬਪਰੀ = ਵਿਚਾਰੀ । ਹੇਰੀ = ਵੇਖੀ ਵਾ ਅਹੇੜੀ, ਸ਼ਕਾਰੀ ॥

ਹੇ ਗਰੀਬਣੀ ਦਾਸੀ ਤੂੰ ਅਜੇ ਵੀ ਵਾਹਿਗੁਰੂ ਨੂੰ ਯਾਦ ਨਹੀਂ ਕਰਦੀ ਇਸ ਲਈ ਤੈਨੂੰ ਜਿੱਕੁਰ ਸ਼ਕਾਰੀ ਹਰਨ ਨੂੰ ਵੇਖਦਾ ਹੈ ਤਿੱਕੁਰ ਹੀ ਜਮ ਨੇ ਤੂੰ ਜਾਣ ਕਿ ਮੈਂ ਵੇਖ ਰੱਖੀ ਹਾਂ ॥

(ਬੁੱਧੀ)

## ਪ੍ਰਭ ਕਰਨ ਕਰਾਵਨ ਹਾਰੀ॥ਕਿਆ ਚੇਰੀ ਹਾਥ ਬਿਚਾਰੀ ॥

ਹੇ ਵਾਹਿਗੁਰੂ ਤੇਰੀ ਸ਼ਕਤੀ ਹੀ ਸਭ ਕੁਝ ਕਰਣ ਕਰਾਉਣ ਵਾਲੀ ਹੈ, ਮੈਂ ਦਾਸੀ ਵਿਚਾਰੀ ਦੇ ਹੱਥ ਕਿਆ ਹੈ ।

## ਸੋਈ ਸੋਈ ਜਾਗੀ ॥ ਜਿਤੁ ਲਾਈ ਤਿਤੁ ਲਾਗੀ ॥ ੩॥

ਅਵਿਦਯਾ ਰੂਪ ਨੀਂਦ ਵਿੱਚ ਸੁਤੀ ਹੋਈ ਸੋਈ ਜਾਗੀ ਹੈ । ਜਿਸਤੇ ਵਾਹਿਗੁਰੂ ਨੇ ਕ੍ਰਿਪਾ ਕੀਤੀ ਹੈ, ਅਤੇ ਜਿੱਧਰ ਜਿਧਰ ਜੀਵ ਰੂਪ ਇਸਤ੍ਰੀਆਂ ਨੂੰ ਲਾਇਆ ਹੈ ਓਧਰ ਓਧਰ ਉਹ ਲਗੀਆਂ ਹਨ ।

(ਪ੍ਰਸ਼ਨ)

## ਚੇਰੀ ਤੈ ਸੁਮਤਿ ਕਹਾਂ ਤੇ ਪਾਈ ॥
## ਜਾਤੇ ਭ੍ਰਮ ਕੀ ਲੀਕ ਮਿਟਾਈ ॥

ਹੇ ਦਾਸੀ ਤੂੰ ਸ੍ਰੇਸ਼ਟ ਮਤਿ ਕਿਥੋਂ ਪਾਈ ਹੈ ਜਿਸ ਕਰਕੇ (ਤੂੰ ਭਰਮ ਦੀ) ਲੀਕ ਮਿਟਾ ਦਿਤੀ ਹੈ ।

(ਉਤਰ)

## ਸੁ ਰਸੁ ਕਬੀਰੈ ਜਾਨਿਆ ॥
## ਮੇਰੋ ਗੁਰ ਪ੍ਰਸਾਦਿ ਮਨੁ ਮਾਨਿਆ ॥ ੪ ॥ ੫ ॥

ਜਦ ਮੇਰਾ ਗੁਰਾਂ ਦੀ ਕ੍ਰਿਪਾ ਨਾਲ ਮਨ ਮੰਨਿਆਂ ਤਾਂ ਮੈਂ ਸੋ ਸ੍ਰੇਸ਼ਟ ਅਨੰਦ (ਕਬੀਰ ਨੇ) ਜਾਣ ਲਿਆ ॥

## ਜਿਹ ਬਾਝੁ ਨ ਜੀਆ ਜਾਈ॥
## ਜਉ ਮਿਲੈ ਤ ਘਾਲ ਅਘਾਈ ॥

ਘਾਲ = ਸਾਧਨ, ਕੰਮ ॥ ਅਘਾਈ = ਰਜੇ ਹੈ ॥

ਜਿਸ ਬਾਝੋਂ ਜੀਵਿਆ ਨਹੀਂ ਜਾਂਦਾ ਜੇ ਉਹ ਮਿਲੇ ਤਾਂ ਰੱਜ ਜੀਈਦਾਹੈ। ਭਾਵ ਕਮਾਈ ਸਫਲ ਹੁੰਦੀ ਹੈ ॥

## ਸਦ ਜੀਵਨੁ ਭਲੋ ਕਹਾਂਹੀ ॥ ਮੂਏ ਬਿਨੁ ਜੀਵਨੁ ਨਾਹੀ ॥ ੧ ॥

ਸਦਾ ਹੀ ਜੀਉਣਾ, ਉਤਮ ਕਹੌਣਾ ਪਰ ਜੀਵਤ ਭਾਵ ਤੋਂ ਮਰਿਆਂ ਬਿਨਾਂ ਜੀਉਣਾ ਵੀ ਠੀਕ ਨਹੀਂ ਹੁੰਦਾ ॥

**ਅਬ ਕਿਆ ਕਥੀਐ ਗਿਆਨੁ ਬੀਚਾਰਾ ॥**

**ਨਿਜ ਨਿਰਖਤ ਗਤ ਬਿਉਹਾਰਾ ॥ ੧ ॥ ਰਹਾਉ ॥**

ਨਿਜ = ਆਪ । ਨਿਰਖਤ = ਵੇਖਦਿਆਂ ॥ ਗਤ = ਨਾਸ

ਹੁਣ ਕੀ ਗਿਆਨ ਦਾ ਵਿਚਾਰ ਕਥਾਏ, ਆਪਣੇ ਵੇਖਦਿਆਂ ਹੀ ਵਿਹਾਰ ਰੂਪ ਸਾਰਾ ਸੰਸਾਰ ਨਾਸ ਹੁੰਦਾ ਜਾਂਦਾ ਹੈ ।

**ਘਸਿ ਕੁੰਕਮ ਚੰਦਨੁ ਗਾਰਿਆ ॥**

**ਬਿਨੁ ਨੈਨਹੁ ਜਗਤੁ ਨਿਹਾਰਿਆ ॥**

ਘਸਿ = ਰਗੜਿਆ । ਕੁੰਕਮ ਕੇਸਰ ॥ ਗਾਰਿਆ = ਮਿਲਾਇਆ ॥
ਨਿਹਾਰਿਆ = ਵੇਖਿਆ ।

ਜਿਨ੍ਹਾਂ ਆਦਮੀਆਂ ਨੇ ਕੇਸਰ ਨੂੰ ਰਗੜ ਕੇ ਚੰਦਨ ਆਦਿਕ ਸੁਗੰਧੀ ਵਿਚ ਮਿਲਾਕੇ ਸਰੀਰ ਉਤੇ ਲਾਇਆ । ਭਾਵ ਜੇਹੜੇ ਆਦਮੀ ਅਤਰ ਫੁਲੇਲ ਆਦਿਕ ਸਰੀਰ ਤੇ ਲੌਂਦੇ ਰਹੇ ਹਨ ਉਨ੍ਹਾਂ ਨੂੰ ਮੈਂ ਨੇਤ੍ਰਾਂ ਤੋਂ ਬਿਨਾਂ ਅੰਨੇ ਜਗਤ ਵਿਚ ਦੇਖਿਆ ਹੈ ਵ ਜਦ ਜੀਵ ਈਸ਼ਰ ਦੀ ਉਪਾਧੀ ਦੂਰ ਕੀਤੀ ਤਾਂ ਅੰਤ੍ਰ ਵ ਨੇਤ੍ਰਾਂ ਨਾਲ ਜਗਤ ਨੂੰ ਵਾਹਿਗੁਰੂ ਰੂਪ ਅਸਾਂ ਦੇਖਿਆ ॥

**ਪੂਤਿ ਪਿਤਾ ਇਕੁ ਜਾਇਆ ॥**

**ਬਿਨੁ ਠਾਹਰ ਨਗਰੁ ਬਸਾਇਆ ॥ ੨ ॥**

ਜੀਵ ਰੂਪ ਪਿਤਾ ਨੇ ਇਕ ਗਿਆਨ ਰੂਪ ਪੁੱਤ੍ਰ ਪ੍ਰਗਟ ਕੀਤਾ ਤਿਸ ਗਿਆਨ ਪੁੱਤ੍ਰ ਨੇ ਜੇਹੜਾ ਜੀਵ ਪਿਤਾ ਨਿਥਾਵਾਂ ਅਤੇ ਬਾਰ ਬਾਰ ਚੁਰਾਸੀ ਵਿੱਚ ਫਿਰਨ ਵਾਲਾ ਸੀ ਉਸ ਨੂੰ ਵਾਹਿਗੁਰੂ ਰੂਪ ਨਗਰ ਵਿੱਚ ਵਸਾਇਆ ਭਾਵ ਮੁਕਤ ਕਰ ਦਿਤਾ ॥

**ਜਾਚਕ ਜਨ ਦਾਤਾ ਪਾਇਆ ॥**

**ਸੋ ਦੀਆ ਨ ਜਾਈ ਖਾਇਆ ॥**

ਮੈਂ ਜਨ ਮੰਗਤੇ ਨੇ ਇਕ ਦਾਤਾ ਗੁਰੂ ਪਾਇਆ ਹੈ ਉਸ ਗੁਰੂ ਨੇ ਮੈਨੂੰ ਵਾਹਿਗੁਰੂ ਰੂਪ ਦਾਨ ਦਿਤਾ ਹੈ ਸੋ ਦਾਨ ਨਾ ਕਿਸੇ ਨੂੰ ਦਿਤਾ ਜਾਂਦਾ ਹੈ ਅਤੇ ਨਾ ਖਾਧਾ ਜਾਂਦਾ ਹੈ ਭਾਵ ਓਹ ਵਾਹਿਗੁਰੂ ਨਾ ਕਿਧਰੇ ਜਾਂਦਾ ਹੈ ਅਤੇ ਨਾ ਮਰਦਾ ਹੈ ।

**ਛੋਡਿਆ ਜਾਇ ਨ ਮੂਕਾ ॥ ਅਉਰਨ ਪਹਿ ਜਾਨਾ ਚੂਕਾ ॥ ੩ ॥**

ਪਹਿ = ਪਾਸ ।

ਓਹ ਵਾਹਿਗੁਰੂ ਨਾ ਛੱਡਿਆ ਜਾਂਦਾ ਹੈ ਨਾ ਮੁਕਦਾ ਹੈ, ਇਸ ਲਈ ਸਾਡਾ ਹੋਰਨਾਂ ਦੇਵੀ ਦੇਵਤਿਆਂ ਪਾਸ ਜਾਣਾ ਚੁੱਕ ਗਿਆ ਹੈ।

**ਜੋ ਜੀਵਨ ਮਰਨਾ ਜਾਨੈ ॥ ਸੋ ਪੰਚ ਸੈਲ ਸੁਖ ਮਾਨੈ ॥**

ਪੰਚ = ਫੈਲਿਆ ਹੋਇਆ ਵਾ ਪੈਂਚ ਸੰਤ ॥ ਸੈਲ = ਪਰਬਤ, ਅਡੋਲ ॥

ਜੇਹੜੇ ਸੰਤ ਜੀਵਤ ਭਾਵ ਤੋਂ ਮਰਨਾ ਜਾਣਦੇ ਹਨ ਸੋ ਸੁਖੈਨ ਹੀ ਬਾਹਲੇ ਸੁਖ ਨੂੰ (ਮਾਨੈ) ਪੌਂਦੇ ਹਨ ।

**ਕਬੀਰੈ ਸੋ ਧਨੁ ਪਾਇਆ ॥**

**ਹਰਿ ਭੇਟਤ ਆਪੁ ਮਿਟਾਇਆ ॥ ੪ ॥ ੬ ॥**

ਭੇਟਤ = ਮਿਲਾਪ ।

ਕਬੀਰ ਨੇ ਸੋ ਧਨ ਪਾਇਆ ਹੈ, ਵਾਹਿਗੁਰੂ ਦੇ ਮਿਲਦਿਆਂ ਹੀ ਜੇਹੜਾ ਆਪਣੇ ਆਪ ਨੂੰ ਮੈਂ ਵੱਖਰਾ ਮੰਨਦਾ ਸੀ ਓਹ ਦੂਰ ਕਰ ਦਿਤਾ॥

**ਕਿਆ ਪੜੀਐ ਕਿਆ ਗੁਨੀਐ ॥**

**ਕਿਆ ਬੇਦ ਪੁਰਾਨਾ ਸੁਨੀਐ ॥**

ਗੁਨੀਐ = ਵਿਚਾਰੀਏ ॥

ਭਾਵ ਕੀ ਪੜ੍ਹੀਏ ਕੀ ਵਿਚਾਰੀਏ ਕਿਆ ਵੇਦਾਂ ਪੁਰਾਣਾਂ ਨੂੰ ਸੁਣੀਏਂ ਭਾਵ ਵਾਹਿਗੁਰੂ ਦੇ ਨਾਮ ਤੋਂ ਬਿਨਾਂ ਸਭ ਬਿਅਰਥ ਹੈ।

**ਪੜੇ ਸੁਨੇ ਕਿਆ ਹੋਈ ॥ ਜਉ ਸਹਜ ਨ ਮਿਲਿਓ ਸੋਈ ॥੧॥**

ਪੜ੍ਹਨ ਸੁਣਨ ਕਰਕੇ ਕਿਆ ਹੁੰਦਾ ਹੈ ਜੋ (ਸਹਜ) ਗਯਾਨ ਦੁਆਰਾ ਸੋਈ ਵਾਹਿਗੁਰੂ ਨਹੀਂ ਮਿਲਿਆ ॥

**ਹਰਿ ਕਾ ਨਾਮੁ ਨ ਜਪਸਿ ਗਵਾਰਾ ॥**

**ਕਿਆ ਸੋਚਹਿ ਬਾਰੰਬਾਰਾ ॥ ੧ ॥ ਰਹਾਉ ॥**

ਹੇ ਮੂਰਖ ਵਾਹਿਗੁਰੂ ਦਾ ਨਾਮ ਕਿਉਂ ਨਹੀਂ ਜਪਦਾ ਨਾਮ ਨੂੰ ਛੱਡਕੇ ਕੀ ਵਾਰ ਵਾਰ ਸੋਚਦਾ ਹੈਂ ॥

**ਅੰਧਿਆਰੇ ਦੀਪਕੁ ਚਹੀਐ ॥**

**ਇਕ ਬਸਤੁ ਅਗੋਚਰ ਲਹੀਐ ॥**

ਦੀਪਕ = ਦੀਵਾ। ਅਗੋਚਰ = ਮਨ ਬਾਣੀ ਤੋਂ ਪਰੇ ਛੁਪੀ ਹੋਈ॥

ਜਿੱਕਰ ਅੰਧੇਰੇ ਵਿੱਚ ਜਰੂਰ ਹੀ ਦੀਵਾ ਚਾਹੀਦਾ ਹੈ ਤਾਂ ਇਕ ਛੁਪੀ ਹੋਈ ਵਸਤੂ ਲਭਦੀ ਹੈ ਤਿਕੁਰ ਹੀ ਅਗਜਾਨ ਵਿੱਚ ਗਜਾਨ ਜਰੂਰ ਹੀ ਚਾਹੀਦਾ ਹੈ ਤਾਂ ਇਕ ਵਸਤ ਵਾਹਿਗੁਰੂ ਲੁਕਿਆ ਹੋਇਆ ਵੇਖ ਲਈਦਾ ਹੈ ॥

**ਬਸਤੁ ਅਗੋਚਰ ਪਾਈ ॥ ਘਟਿ ਦੀਪਕੁ ਰਹਿਆ ਸਮਾਈ ॥੨॥**

ਉਨ੍ਹਾਂ ਨੇ ਓਹ ਅਗੋਚਰ ਵਸਤੂ ਪਾਈ ਹੈ ਜਿਨ੍ਹਾਂ ਦੇ ਰਿਦੇ ਵਿੱਚ ਗਿਆਨ ਰੂਪੀ ਦੀਵਾ ਜਗ ਰਿਹਾ ਹੈ।

**ਕਹਿ ਕਬੀਰ ਅਬ ਜਾਨਿਆ ॥**

**ਜਬ ਜਾਨਿਆ ਤਉ ਮਨੁ ਮਾਨਿਆ ॥**

ਕਬੀਰ ਜੀ ਕਹਿੰਦੇ ਹਨ ਹੁਣ ਅਸਾਂ ਠੀਕ ਜਾਣ ਲਿਆ ਹੈ ਜਦ ਠੀਕ ਜਾਣ ਲਿਆ ਤਾਂ ਮਨ ਭੀ ਮੰਨ ਗਿਆ ਹੈ ॥

**ਮਨ ਮਾਨੇ ਲੋਗੁ ਨ ਪਤੀਜੈ ॥**

**ਨ ਪਤੀਜੈ ਤਉ ਕਿਆ ਕੀਜੈ ॥ ੩ ॥ ੭ ॥**

ਮਨ ਤਾਂ ਮੰਨ ਗਿਆ ਹੈ ਪਰ ਲੋਕ ਇਤਬਾਰ ਨਹੀਂ ਕਰਦੇ ਸੋ ਆਖਦੇ ਹਨ ਜੇ ਲੋਕ ਇਤਬਾਰ ਨਹੀਂ ਕਰਦੇ ਤਾਂ ਕਿਆ ਕਰੀਏ ਭਾਵ ਸਾਨੂੰ ਕੀ ॥

**ਹ੍ਰਿਦੈ ਕਪਟੁ ਮੁਖ ਗਿਆਨੀ ॥**

**ਝੂਠੇ ਕਹਾ ਬਿਲੋਵਸਿ ਪਾਨੀ ॥ ੧ ॥**

ਬਿਲੋਵਸਿ = ਰਿੜਕਦੇ ॥

ਤੇਰੇ ਹ੍ਰਿਦੇ ਵਿੱਚ ਤਾਂ ਕਪਟ ਹੈ ਅਤੇ ਮੂੰਹ ਤੋਂ ਗਿਆਨੀ ਕਹੌਂਦਾ ਹੈਂ, ਹੇ ਝੂਠੇ ਕਿਆ ਤੂੰ ਪਾਣੀ ਨੂੰ ਰਿੜਕਦਾ ਹੈਂ ਭਾਵ ਬਿਅਰਥ ਲੋਕਾਂ ਨੂੰ ਤੂੰ ਉਪਦੇਸ਼ ਦੇਂਦਾ ਹੈਂ ਤੇਰਾ ਕਿਸੇ ਤੇ ਕੁਝ ਅਸਰ ਨਹੀਂ ਹੋਣਾ ਕਿਉਂਕਿ ਤੂੰ ਆਪ ਨਹੀਂ ਕਮੌਂਦਾ ॥

**ਕਾਇਆਂ ਮਾਂਜਸਿ ਕਉਨ ਗੁਨਾ ॥**

**ਜਉ ਘਟ ਭੀਤਰਿ ਹੈ ਮਲਨਾ ॥ ੧ ॥ਰਹਾਉ॥**

ਭੀਤਰਿ = ਅੰਦਰ ॥

ਕਾਇਆਂ ਨੂੰ ਮਾਂਜਣਾ ਰੋਜ ਤਿੰਨ ੨ ਵਾਰੀ ਨ੍ਹੌਣਾ ਕੇਹੜਾ ਗੁਣ ਹੈ ਭਾਵ ਕੋਈ ਗੁਣ ਨਹੀਂ, ਜੇਕਰ ਤੇਰੇ ਸਰੀਰ ਰਿਦੇ ਅੰਦਰ ਨਾਨਾਂ ਤਰਾਂ ਦੀ ਮੈਲ ਭਰੀ ਹੋਈ ਹੈ ॥

**ਲਉਕੀ ਅਠਸਠਿ ਤੀਰਥ ਨ੍ਹਾਈ ॥**

**ਕਉਰਾਪਨੁ ਤਊ ਨ ਜਾਈ ॥ ੨ ॥**

ਲਉਕੀ = ਤੂੰਬੀ ॥ ਕਉਰਾਪਨ = ਕਉੜੱਤਣ ॥

ਜਿਕੁਰ ਜੇ ਤੂੰਬੀ ਨੂੰ ਅਠਾਹਠ ਤੀਰਥਾਂ ਉਤੇ ਵੀ ਨਵ੍ਹਾਈਏ ਤੇ ਤਾਂ ਵੀ ਕਉੜੱਤਣ ਨਹੀਂ ਜਾਂਦੀ।

**ਕਹਿ ਕਬੀਰ ਬੀਚਾਰੀ ॥**

**ਭਵ ਸਾਗਰੁ ਤਾਰਿ ਮੁਰਾਰੀ ॥ ੩ ॥ ੮ ॥**

ਭਵ ਸਾਗਰ = ਸੰਸਾਰ ਸਮੁੰਦ੍ਰ ॥

ਕਬੀਰ ਜੀ ਵਿਚਾਰ ਕੇ ਕਹਿੰਦੇ ਹਨ ਹੇ ਮੂਰਖ ਗਿਆਨੀ ਇੱਕੁਰ ਬੇਨਤੀ ਕਰ ਕਿ ਹੇ ਵਾਹਿਗੁਰੂ ਸੰਸਾਰ ਸਮੁੰਦਰ ਤੋਂ ਤਾਰ ਲੈ ॥

{ ਜੋ ਆਪਣੇ ਪੁੱਤ੍ਰਾਂ ਧੀਆਂ ਨੂੰ ਠੱਗ ੨ ਕੇ ਖੁਵੌਂਦੇ ਹਨ ਓਨਾਂ ਦਾ ਬੁਰਾ ਹਾਲ ਹੋਵੇਗਾ। }

**ਸੋਰਠਿ**

**ੴ ਸਤਿਗੁਰਪ੍ਰਸਾਦਿ ॥ ਬਹੁ ਪਰਪੰਚ ਕਰਿ ਪਰ ਧਨੁ ਲਿਆਵੈ ॥ ਸੁਤ ਦਾਰਾ ਪਹਿ ਆਨਿ ਲੁਟਾਵੈ ॥ ੧ ॥**

ਪਰਪੰਚ = ਛਲ। ਦਾਰਾ = ਇਸਤ੍ਰੀ॥ ਪਹਿ = ਪਾਸ ॥

ਬਹੁਤ ਛਲ ਕਰਕੇ ਪਰਾਇਆ ਧਨ ਲਿਔਂਦਾ ਹੈ ਸੋ ਓਹ ਧਨ ਪੁਤ੍ਰ ਇਸਤ੍ਰੀ ਪਾਸ ਆਨਕੇ ਲੁਟਾ ਦੇਂਦਾ ਹੈ ॥

**ਮਨ ਮੇਰੇ ਭੂਲੇ ਕਪਟੁ ਨ ਕੀਜੈ ॥**

**ਅੰਤਿ ਨਿਬੇਰਾ ਤੇਰੇ ਜੀਅ ਪਹਿ ਲੀਜੈ॥ ੧ ॥ ਰਹਾਉ॥**

ਹੇ ਭੂਲੇ ਹੋਏ ਮੇਰੇ ਮਨ ਕਪਟ ਨ ਕਰ ਅੰਤ ਨੂੰ ਇਸ ਗਲ ਦਾ ਨਿਬੇੜਾ ਤੇਰੇ ਜੀਅ ਪਾਸੋਂ ਹੀ ਲਿਆ ਜਾਣਾਂ ਹੈ॥

**ਛਿਨੁ ਛਿਨੁ ਤਨੁ ਛੀਜੈ ਜਰਾ ਜਨਾਵੈ ॥**

**ਤਬ ਤੇਰੀ ਓਕ ਕੋਈ ਪਾਨੀਓ ਨ ਪਾਵੈ ॥ ੨ ॥**

ਜਰਾ = ਬੁਢੇਪਾ। ਓਕ = ਬੁਕ ਭਰਕੇ ॥

ਛਿਨ ਛਿਨ ਵਿਚ ਸਰੀਰ ਨਾਸ ਹੋ ਰਿਹਾ ਹੈ ਬੁਢੇਪਾ ਦਸ ਰਿਹਾ ਹੈ (ਮਰਨ ਪਿਛੋਂ ਜਾਂ ਬੁਢੇਪੇ ਦੇ ਵੇਲੇ) ਤਦੋਂ ਤੇਰੀ ਚੁਲੀ ਵਿਚ ਕਿਨੇ ਪਾਣੀ ਵੀ ਨਹੀਂ ਪਾਉਣਾਂ।

**ਕਹਤੁ ਕਬੀਰੁ ਕੋਈ ਨਹੀ ਤੇਰਾ ॥**

## ਹਿਰਦੈ ਰਾਮੁ ਕੀ ਨ ਜਪਹਿ ਸਵੇਰਾ ॥ ੩ ॥ ੯ ॥

ਕਬੀਰ ਜੀ ਕਹਿੰਦੇ ਹਨ ਹੇ ਭਾਈ ਕੋਈ ਨਹੀਂ ਤੇਰਾ ਰਿਦੇ ਵਿਚ ਵਾਹਿਗੁਰੂ ਦਾ ਨਾਮ ਕ੍ਰਿਉਂ ਨਹੀਂ ਜਪਦਾ, ਕਿਉਂਕਿ ਇਹ (ਸਵੇਰਾ) ਮਨੁਖਾ ਜਨਮ ਤੈਨੂੰ ਸਵੇਰ ਵਤ ਚਾਨਣ ਹੋਇਆ ਹੋਇਆ ਹੈ ਵਾ ਕਲਜੁਗ ਸਵੇਰ ਵਤ ਹੱਛਾ ਹੈ ਵ ਸਵੇਰੇ ਨਾਮ ਜਪ।

## ਸੰਤਹੁ ਮਨ ਪਵਨੈ ਸੁਖੁ ਬਨਿਆ ॥
## ਕਿਛੁ ਜੋਗੁ ਪਰਾਪਤਿ ਗਨਿਆ ॥ ਰਹਾਉ ॥

ਹੇ ਸੰਤੋ ਜੇਹੜਾ ਸਾਡਾ ਮਨ ਪੌਣ ਵਾਙੂੰ ਉਡਦਾ ਸੀ ਉਸਨੂੰ ਜਦ ਅਸਾਂ ਰੋਕਿਆ ਤਾਂ ਸਾਨੂੰ ਬਹੁਤ ਸੁਖ ਆਣ ਬਣਿਆਂ ਫੇਰ ਸਾਨੂੰ ਵਾਹਿਗੁਰੂ ਵਿਚ ਜੁੜਨ ਦਾ ਰਸਤਾ ਪਰਾਪਤ ਹੋ ਗਿਆ ਇਹ ਅਸਾਂ ਵਿਚਾਰ ਲਿਆ।

## ਗੁਰਿ ਦਿਖਲਾਈ ਮੋਰੀ ॥
## ਜਿਤੁ ਮਿਰਗ ਪੜਤ ਹੈ ਚੋਰੀ॥

ਗੁਰਾਂ ਨੇ ਇੰਦ੍ਰੀਆਂ ਰੂਪ ਮੋਰੀ ਦਿਖਲਾ ਦਿਤੀ ਜਿਥੋਂ ਦੀ ਵਿਸ਼ੇ ਰੂਪ ਹਰਨ ਚੋਰੀ ਪੈਂਦੇ ਸਨ ਅਤੇ ਗੁਣਾਂ ਰੂਪ ਪੈਲੀ ਚਰ ਜਾਂਦ ਸਨ।

## ਮੂੰਦਿ ਲੀਏ ਦਰਵਾਜੇ ॥ ਬਾਜੀਅਲੇ ਅਨਹਦ ਬਾਜੇ ॥ ੧ ॥

ਜਦੋਂ ਅਸਾਂ ਓਹ ਇੰਦ੍ਰੀਆਂ ਰੂਪ ਦਰਵਾਜੇ ਬੰਦ ਕਰ ਲਏ ਤਾਂ ਸਾਡੇ ਅੰਦਰ ਵਾਹਿਗੁਰੂ ਦੇ ਅਨੰਦ ਦੇ ਇਕ ਰਸ ਵਾਜੇ ਵੱਜੇ।

## ਕੁੰਭ ਕਮਲੁ ਜਲਿ ਭਰਿਆ ॥ ਜਲੁ ਮੇਟਿਆ ਊਭਾ ਕਰਿਆ ॥

ਕੁੰਭ = ਘੜਾ ॥ ਮੇਟਿਆ = ਡੋਲ੍ਹ ਦਿਤਾ। ਊਭਾ = ਸਿਧਾ ॥

ਰਿਦ ਕਮਲ ਘੜੇ ਵਿਚ ਵਿਸ਼ਿਆਂ ਰੂਪ ਜਲ ਭਰਿਆ ਹੋਇਆ ਸੀ ਉਸ ਜਲ ਨੂੰ ਰੋੜ੍ਹਕੇ ਵਾਹਿਗੁਰੂ ਵੱਲ ਰਿਦੇ ਰੂਪ ਘੜੇ ਨੂੰ ਸਿਧਾ ਕੀਤਾ ਭਾਵ ਨਾਮ ਨੂੰ ਟਿਕਾਇਆ।

## ਕਹੁ ਕਬੀਰ ਜਨ ਜਾਨਿਆ ॥
## ਜਉ ਜਾਨਿਆ ਤਉ ਮਨੁ ਮਾਨਿਆ ॥ ੨ ॥ ੧੦ ॥

ਕਬੀਰ ਜੀ ਕਹਿੰਦੇ ਹਨ ਦਾਸ ਨੇ ਜਾਣਿਆਂ ਹੈ ਜਦ ਜਾਣਿਆਂ ਤਾਂ ਵਾਹਿਗੁਰੂ ਵਿਚ ਮਨ ਮੰਨ ਗਿਆ।

(ਲਾਭ ਸਿੰਤੁਗਤ ਸਨਮੁਖ ਬੇਨਤੀ)

## ਰਾਗੁ ਸੋਰਠਿ ॥ ਭੂਖੇ ਭਗਤਿ ਨ ਕੀਜੈ ॥

## ਯਹ ਮਾਲਾ ਅਪਨੀ ਲੀਜੈ

ਸਾਥੋਂ ਭੁਖਿਆਂ ਤੋਂ ਭਗਤੀ ਨਹੀਂ ਹੁੰਦੀ, ਏਹ ਲੈ ਮਾਲਾ ਆਪਣੀ ਫੜ ਲੈ ਵਾ ਪੰਜਾਂ ਤਤਾਂ ਦੇ ਸਰੀਰ ਤੋਂ ਭਗਤੀ ਨਹੀਂ ਹੁੰਦੀ ਇਸ ਮਾਇਆ ਆਪਣੀ ਨੂੰ ਲਾਹ ਲੈ ॥

**ਹਉ ਮਾਗਉ ਸੰਤਨ ਰੇਨਾ ॥ ਮੈ ਨਾਹੀ ਕਿਸੀ ਕਾ ਦੇਨਾ ॥ ੧ ॥**

ਰੇਨਾ = ਧੂੜੀ ॥

ਮੈਂ ਸੰਤਾਂ ਦੇ ਚਰਨ ਦੀ ਧੂੜ ਮੰਗਦਾ ਹਾਂ, ਮੈਂ ਕਿਸੇ ਦਾ ਕੁਛ ਨਹੀਂ ਦੇਣਾ

**ਮਾਧੋ ਕੈਸੀ ਬਨੈ ਤੁਮ ਸੰਗੇ ॥**

**ਆਪਿ ਨ ਦੇਹੁ ਤ ਲੇਵਉ ਮੰਗੇ ॥ ਰਹਾਉ ॥**

ਮਾਧੋ = ਲੱਖਮੀ ਦਾ ਪਤੀ, ਵਾਹਿਗੁਰੂ ॥

ਹੇ ਵਾਹਿਗੁਰੂ ਤੇਰੇ ਨਾਲ ਮੇਰੀ ਕਿੱਕੁਰ ਬਣ ਆਵੇ ਜੇ ਤੂੰ ਆਪ ਨ ਦੇਵੇਂ ਤਾਂ ਮੈਂ ਆਪ ਮੰਗ ਲਵਾਂਗਾ ॥

(ਕੀ ਮੰਗਦਾ ਹੈਂ ?)

**ਦੁਇ ਸੇਰ ਮਾਂਗਉ ਚੂਨਾ ॥ ਪਾਉ ਘੀਉ ਸੰਗਿ ਲੂਨਾ ॥**

ਚੂਨਾ = ਆਟਾ ।

ਦੋ ਸੇਰ ਆਟਾ ਮੰਗਦਾ ਹਾਂ, ਪਾ ਘਿਓ ਨਾਲ ਲੂਣ ਮੰਗਦਾ ਹਾਂ ਵਾ ਦੋ ਸੇਰ ਗਜਾਨ ਵਿਰਾਗ, ਅਗਜਾਨ ਆਦਿਕ ਦੇ ਚੂਰਨ ਕਰਨ ਨੂੰ ਮੰਗਦਾ ਹਾਂ, ਤੇਰੇ ਚਰਨਾਂ ਦਾ ਪ੍ਰੇਮ ਤੇ ਸਭਨਾਂ ਨਾਲ ਤੁਲਤਾ (ਸੁੰਦਰ ਗੈਹਨਾਂ) ਮੰਗਦਾ ਹਾਂ,

**ਅਧ ਸੇਰੁ ਮਾਂਗਉ ਦਾਲੇ ॥ ਮੋਕਉ ਦੋਨਉ ਵਖਤ ਜਿਵਾਲੇ ॥੨ ॥**

ਅੱਧ ਸੇਰ ਦਾਲ ਮੰਗਦਾ ਹਾਂ ਜੇਹੜੀ ਮੈਨੂੰ ਦੋਨੋਂ ਵੇਲੇ ਜਿੰਦਾ ਕਰੇ ਵ ਆਧਿ ਬਿਆਧਿ ਉਪਾਧਿ ਵਾ ਇਤਯਾਦਿਕ ਜੇਹੜੇ ਦੁਖ ਸਿਰੋਮਣੀ ਹਨ ਉਨ੍ਹਾਂ ਦਾ ਦਲਣਾਂ ਮੰਗਦਾ ਹਾਂ ਅਤੇ ਜਨਮ ਮਰਨ ਰੂਪ ਮੈਨੂੰ ਦੋ ਵਖਤ ਬੜੇ ਭਾਰੇ ਪਏ ਹੋਏ ਹਨ ਓਨਾਂ ਤੋਂ ਜੀਵਾ ਲੈ ਰਖ ਲੈ ।

**ਖਾਟ ਮਾਂਗਉ ਚਉਪਾਈ ॥ ਸਿਰਹਾਨਾ ਅਵਰ ਤੁਲਾਈ ॥**

ਚਹੁੰ ਪਾਵਿਆਂ ਵਾਲੀ ਮੰਜੀ ਮੰਗਦਾ ਹਾਂ, ਸਿਰਹਾਨਾ ਅਤੇ ਤੁਲਾਈ ਮੰਗਦਾ ਹਾਂ, ਛੀਆਂ ਸ਼ਾਸਤ੍ਰਾਂ ਚਹੁੰ ਵੇਦਾਂ ਦਾ ਪਰਤਿਆਗ ਮੰਗਦਾ ਹਾਂ, ਵਾ ਛਵਾਂ ਸਾਧਨਾਂ ਦਾ ਖਟਣਾਂ ਏਹ ਖੱਟੀ ਮੰਗਦਾ ਹਾਂ ਹੰਕਾਰ ਦਾ ਸਿਰ ਫੇਹਣਾ ਮੰਗਦਾ ਹਾਂ ਸਾਰਿਆਂ ਵਿੱਚ ਤੁਲਤਾ ਮੰਗਦਾ ਹਾਂ ॥

**ਊਪਰ ਕਉ ਮਾਂਗਉ ਖੀਂਧਾ ॥**

ਤੇਰੀ ਭਗਤਿ ਕਰੈ ਜਨੁ ਥੀਧਾ ॥ ੩ ॥

ਥੀਧਾ = ਗੋਦੜਾ ॥ ਥੀਧਾ = ਮਿਲਿਆ, ਵਿੰਨਿਆਂ ॥

ਓਤੇ ਲੈਣ ਵਾਸਤੇ ਪ੍ਰੇਮ ਰੂਪ ਗੋਦੜਾ ਮੰਗਦਾ ਹਾਂ ਜਿਸ ਤਰਾਂ ਕਿ ਤੇਰੀ ਭਗਤੀ, ਜਨ ਪ੍ਰੇਮ ਵਿੱਚ ਵਿੰਨਿਆਂ ਹੋਇਆ ਕਰੇ ॥

ਮੈ ਨਾਹੀ ਕੀਤਾ ਲਬੋ ॥ ਇਕੁ ਨਾਉ ਤੇਰਾ ਮੈ ਫਬੋ ॥

ਮੈਂ ਲਬ ਨਹੀਂ ਕੀਤਾ ਇਕ ਤੇਰਾ ਨਾਮ ਹੀ ਮੈਨੂੰ ਫੱਬਿਆ ਹੈ ਭਾਵ ਹੱਛਾ ਲੱਗਿਆ ਹੈ।

ਕਹਿ ਕਬੀਰ ਮਨੁ ਮਾਨਿਆ ॥

ਮਨੁ ਮਾਨਿਆ ਤਉ ਹਰਿ ਜਾਨਿਆ ॥ ੪ ॥ ੧੧ ॥

ਕਬੀਰ ਜੀ ਕਹਿੰਦੇ ਹਨ ਮਨ ਮੰਨ ਗਿਆ ਹੈ ਮਨ ਮੰਨ ਗਿਆ ਤਾਂ ਵਾਹਿਗੁਰੂ ਜਾਣ ਲਿਆ ॥

## ਰਾਗੁ ਸੋਰਠਿ ਬਾਣੀ ਭਗਤ ਨਾਮਦੇ ਜੀ ਕੀ ਘਰੁ ੨

### ੴ ਸਤਿਗੁਰਪ੍ਰਸਾਦਿ ॥

ਜਬ ਦੇਖਾ ਤਬ ਗਾਵਾ ॥ ਤਉ ਜਨ ਧੀਰਜੁ ਪਾਵਾ ॥

ਜਦੋਂ ਵਾਹਿਗੁਰੂ ਨੂੰ ਦੇਖਾਂ ਤਦੋਂ ਓਹਦੇ ਗੁਣ ਗਾਵਾਂ ਅਤੇ ਗੁਣ ਗਾਕੇ ਮੈਂ ਜਨ ਧੀਰਜ ਪਾਉਂਦਾ ਹਾਂ ॥

ਨਾਦਿ ਸਮਾਇਲੋ ਰੇ ਸਤਿਗੁਰੁ ਭੇਟਿਲੇ ਦੇਵਾ ॥ ੧ ॥ ਰਹਾਉ ॥

ਨਾਦਿ = ਸਬਦ, ਉਪਦੇਸ਼।

(ਪਰ ਏਹ ਕੰਮ ਕਦੋਂ ਹੋਇਆ ?) ਜਦੋਂ ਮੈਨੂੰ ਪ੍ਰਕਾਸ਼ਕ ਸਤਿਗੁਰੂ ਮਿਲੇ ਅਤੇ ਉਨ੍ਹਾਂ ਦਾ ਉਪਦੇਸ਼ ਰਿਦੇ ਵਿੱਚ ਸਮਾਇਆ ॥

ਜਹ ਝਿਲਿ ਮਿਲਿ ਕਾਰੁ ਦਿਸੰਤਾ ॥

ਤਹ ਅਨਹਦ ਸਬਦ ਬਜੰਤਾ ॥

ਜਿਥੇ ਚਮਕ ਦਾ ਪ੍ਰਕਾਸ਼ ਦਿਸਦਾ ਹੈ ਓਥੇ ਇੱਕ ਰਸ ਹੂਰਾਂ ਦਾ ਸ਼ਬਦ ਵੱਜਦਾ ਕਿਆ ਉਪਦੇਸ਼ ਸੁਣੀਦਾ ਹੈ ॥

ਜੋਤੀ ਜੋਤਿ ਸਮਾਨੀ ॥ ਮੈ ਗੁਰਪਰਸਾਦੀ ਜਾਨੀ ॥ ੨ ॥

ਵਾਹਿਗੁਰੂ ਦੀ ਜੋਤ ਸਾਰੇ ਸਮਾਈ ਹੋਈ ਹੈ ਮੈਂ ਗੁਰਾਂ ਦੀ ਕਿਰਪਾ

ਕਰਕੇ ਜਾਣੀ ਹੈ।

**ਰਤਨ ਕਮਲ ਕੋਠਰੀ ॥ ਚਮਕਾਰ ਬੀਜੁਲ ਤਹੀ ॥**

ਇਸ ਦੇਹ ਰੂਪ ਕੋਠੜੀ ਵਿਚ ਜੇਹੜਾ ਰਿਦਾ ਕਮਲ ਹੈ ਉਸ ਵਿਚ ਅਨੇਕ ਤਰਾਂ ਦੇ ਵੈਰਾਗ ਆਦਿਕ ਰਤਨ ਹਨ ਓਥੇ ਚੇਤਨ ਕਲਾ ਰੂਪ ਬਿਜਲੀ ਚਮਕਦੀ ਹੈ।

**ਨੇਰੈ ਨਾਹੀ ਦੂਰਿ ॥ ਨਿਜ ਆਤਮੈ ਰਹਿਆ ਭਰਪੂਰਿ ॥ ੩ ॥**

ਓਹ ਵਾਹਿਗੁਰੂ ਨਾ ਨੇੜੇ ਹੈ ਨਾ ਦੂਰ ਹੈ, ਆਪਣੇ ਆਤਮੇਂ ਵਿਚ ਹੀ ਭਰਪੂਰ ਹੋ ਰਿਹਾ ਹੈ।

**ਜਹ ਅਨਹਤ ਸੂਰ ਉਜ੍ਯਾਰਾ ॥ ਤਹ ਦੀਪਕ ਜਲੈ ਛੰਛਾਰਾ ॥**

ਛੰਛਾਰਾ = ਬੁਝੇ ਹੋਏ ॥

ਜਿਥੇ ਇਕ ਰਸ ਗਿਆਨ ਰੂਪ ਸੂਰਜ ਦਾ ਚਾਨਣ ਹੈ ਓਥੇ ਹੋਰ ਦੀਵੇ ਬੁਝਦੇ ਜਾਂਦੇ ਜਗਦੇ ਹਨ ਭਾਵ ਉਨ੍ਹਾਂ ਦੀ ਜੋਤ ਮੰਦ ਪਈ ਹੋਈ ਹੈ।

**ਗੁਰ ਪਰਸਾਦੀ ਜਾਨਿਆ ॥**
**ਜਨੁ ਨਾਮਾਂ ਸਹਜ ਸਮਾਨਿਆ ॥ ੪ ॥੧॥**

ਗੁਰਾਂ ਦੀ ਕਿਰਪਾ ਕਰਕੇ ਜਾਣਿਆਂ ਹੈ, ਦਾਸ ਨਾਮਾ ਸਹਿਜੇ ਹੀ ਉਸ ਵਿਚ ਸਮਾ ਰਿਹਾ ਹੈ।

{ ਵਾਹਿਗੁਰੂ ਭਗਤਾਂ ਦੇ ਕੰਮ ਸੌਖੇ ਹੀ ਕਰਦਾ ਹੈ ਤਿਸਨੂੰ ਦੇਖਕੇ ਜਗਤ ਲੋਕ ਹੈਰਾਨ ਹੁੰਦੇ ਹਨ ਅਤੇ ਇੱਕੁਰ ਪੁਛਦੇ ਹਨ }

**ਘਰੁ ੪ ਸੋਰਠਿ ॥ ਪਾੜ ਪੜੋਸਣਿ ਪੂਛਿ ਲੇ ਨਾਮਾ**
**ਕਾਪਹਿ ਛਾਨਿ ਛਵਾਈ ਹੋ ॥**

ਪਾੜ = ਪਾਸ ॥ ਪੜੋਸਣਿ = ਗਵਾਢਣਿ। ਛਵਾਈ = ਬਣਵਾਈ ॥

ਪਾਸ ਦੀ ਗਵਾਂਢਣਿ ਪੁਛਦੀ ਹੈ ਹੇ ਨਾਮਿਆਂ ਏਹ ਕਿਦ੍ਹੇ ਪਾਸੋਂ ਛੰਨ ਬਨਵਾਈਊ ?

**ਤੋਪਹਿ ਦੁਗਣੀ ਮਜੂਰੀ ਦੈਹਉ**
**ਮੋਕਉ ਬੇਢੀ*ਦੇਹੁ ਬਤਾਈ ਹੋ ॥ ੧ ॥**

ਤੇਰੇ ਨਾਲੋਂ ਮੈਂ ਦੂਣੀ ਮਜੂਰੀ ਦਿਆਂਗੀ ਤੂੰ ਮੈਨੂੰ ਓਹ ਬੇਢੀ ਦੱਸ ਦੇਹ।

---

*ਬੇਢੀ ਛੱਪਰ ਬਣੌਣ ਵਾਲੇ ਦਾ ਨਾਮ ਹੈ।

**†ਰੀ ਬਾਈ ਬੇਢੀ ਦੇਨੁ ਨ ਜਾਈ ॥**

**ਦੇਖੁ ਬੇਢੀ ਰਹਿਓ ਸਮਾਈ ॥**

ਹੇ ਬੀਬੀ ਓਹੁ ਬੇਢੀ ਦਿਤਾ ਨਹੀਂ ਜਾਂਦਾ ਤੂੰ ਆਪ ਹੀ ਵਿਚਾਰ ਕੇ ਦੇਖ ਕਿ ਓਹ ਬੇਢੀ ਸਾਰਿਆਂ ਵਿਚ ਸਮਾ ਰਿਹਾ ਹੈ।

**ਹਮਾਰੈ ਬੇਢੀ ਪ੍ਰਾਨ ਅਧਾਰਾ ॥ ੧ ॥ ਰਹਾਉ ॥**

ਸਾਡੇ ਓਹ ਬੇਢੀ ਪ੍ਰਾਣਾਂ ਦਾ ਆਸਰਾ ਹੈ।

**ਬੇਢੀ ਪ੍ਰੀਤਿ ਮਜੂਰੀ ਮਾਂਗੈ ਜਉ ਕੋਊ ਛਾਨਿ ਛਵਾਵੈ ਹੋ ॥**

**ਲੋਗ ਕੁਟੰਬ ਸਭਹੁ ਤੇ ਤੋਰੈ ਤਉ ਆਪਨ ਬੇਢੀ ਆਵੈ ਹੋ ॥੨ ॥**

ਹੇ ਮਾਈ ਜੇ ਕੋਈ ਓਹਦੇ ਪਾਸੋਂ ਛੰਨ ਬਨਵਾਵੇ ਤਾਂ ਓਹੁ ਪ੍ਰੀਤ ਹੀ ਮਜੂਰੀ ਮੰਗਦਾ ਹੈ ਲੋਕ ਕੁਟੰਬ ਸਾਰਿਆਂ ਨਾਲੋਂ ਅਪਣੀ ਪ੍ਰੀਤੀ ਤੋੜ ਲਵੇ ਤਾਂ ਆਪਣੇ ਆਪ ਹੀ ਬੇਢੀ ਆ ਜਾਂਦਾ ਹੈ।

**ਐਸੋ ਬੇਢੀ ਬਰਨਿ ਨ ਸਾਕਉ ਸਭ ਅੰਤਰ ਸਭ ਠਾਂਈ ਹੋ ॥**

**ਗੂੰਗੈ ਮਹਾ ਅੰਮ੍ਰਿਤ ਰਸੁ ਚਾਖਿਆ**

**ਪੂਛੇ ਕਹਨੁ ਨ ਜਾਈ ਹੋ ॥ ੩ ॥**

ਇੱਕੁਰ ਦਾ ਬੇਢੀ ਮੈਂ ਵਰਨਨ ਕਰ ਨਹੀਂ ਸਕਦਾ, ਸਭਨਾਂ ਦੇ ਅੰਦਰ ਹੈ, ਸਾਰੀ ਥਾਂਈਂ ਹੈ, ਜਿੱਕਰ ਗੂੰਗੇ ਨੇ ਮਹਾਂ ਅੰਮ੍ਰਿਤ ਦਾ ਸਵਾਦ ਚਖਿਆ ਤਾਂ (ਉਸ ਪਾਸੋਂ ਪੁਛਿਆ ਜਾਵੇ ਤਾਂ) ਉਸ ਪਾਸੋਂ ਕਿਹਾ ਨਹੀਂ ਜਾਂਦਾ।

**ਬੇਢੀ ਕੇ ਗੁਨ ਸੁਨਿ ਰੀ ਬਾਈ ਜਲਧਿ ਬਾਂਧਿ ਧ੍ਰੂ**

**ਥਾਪਿਓ ਹੋ ॥ ਨਾਮੇ ਕੇ ਸੁਆਮੀ ਸੀਅ ਬਹੋਰੀ**

**ਲੰਕ ਭਭੀਖਣ ਆਪਿਓ ਹੋ ॥ ੪ ॥ ੨ ॥**

**ਜਲਧਿ = ਸਮੁੰਦਰ ॥**

ਹੇ ਮਾਈ ਉਸ ਬੇਢੀ ਦੇ ਗੁਣ ਸੁਣ, ਸੰਸਾਰ ਸਮੁੰਦਰ ਨੂੰ ਬੰਨਿਆਂ ਅਤੇ ਧ੍ਰੂਅ ਆਦਿਕ ਤਾਰਿਆਂ ਨੂੰ ਜਗਤ ਦੇ ਸੁਖ ਵਾਸਤੇ ਅਕਾਸ ਵਿਚ ਟਕਾਇਆ, ਭਾਵ ਜਿਸ ਇਕੁਰ ਦੇ ਵਾਹਿਗੁਰੂ ਨੇ ਸੰਸਾਰ ਸਮੁੰਦਰ ਉਤੇ ਨਿਯਮ ਪ੍ਰਬੰਧ ਕੀਤੇ ਹਨ ਅਤੇ ਚੰਦ੍ਰਮਾਂ ਸੂਰਜ ਤਾਰੇ ਆਦਿਕ ਅਕਾਸ ਵਿਚ ਅਸਥਾਪਨ ਕੀਤੇ ਹਨ, ਨਾਮ ਦੇਵ ਜੀ ਕਹਿੰਦੇ ਹਨ ਜਿੱਕੁਰ ਸ੍ਰੀ ਰਾਮਚੰਦ੍ਰ

†ਪੂਰਬ ਵਲ ਰੀ ਬਾਈ, ਇਸਤ੍ਰੀ ਦਾ ਸੰਬੋਧਨ ਹੈ।

ਜੀ ਨੇ ਆਪਣੀ ਇਸਤ੍ਰੀ ਸੀਤਾ ਲੰਕਾ ਤੋਂ ਮੋੜ ਲਿਆਂਦੀ ਸੀ ਅਤੇ ਲੰਕਾ ਆਪਣੇ ਦਾਸ ਭਭੀਖਣ ਨੂੰ ਅਰਪਣ ਕਰ ਦਿੱਤੀ ਸੀ ਇੱਕੁਰ ਹੀ ਸਆਮੀ ਵਾਹਿਗੁਰੂ ਨੇ ਮੇਰੇ ਤੇ ਕਿਰਪਾ ਕੀਤੀ।

(ਸੰਸਾਰ ਝੂਠਾ)

**ਸੋਰਠਿ ਘਰੁ ੩ ॥ ਅਣ ਮੜਿਆ ਮੰਦਲੁ* ਬਾਜੈ ॥**

**ਬਿਨੁ ਸਾਵਣ ਘਨਹਰੁ ਗਾਜੈ ॥**

ਮੰਦਲੁ = ਢੋਲ। ਘਨਹਰੁ = ਬੱਦਲ।

ਇੱਕੁਰ ਇਹੁ ਸੰਸਾਰ ਝੂਠਾ ਹੈ ਜਿੱਕੁਰ ਕੋਈ ਕਹੇ ਅਣਮੜਿਆ ਢੋਲ ਵੱਜ ਰਿਹਾ ਹੈ ਸੋ ਅਤਿਯੰਤ ਹੀ ਅਸੰਭਵ ਹੈ, ਜਿੱਕੁਰ ਸਾਵਣ ਤੋਂ ਬਿਨਾਂ ਬੱਦਲ ਦਾ ਗੱਜਣਾਂ ਅਤਿਯੰਤ ਹੀ ਅਸੰਭਵ ਹੈ, ਭਾਵ ਬੱਦਲ ਤੋਂ ਬਿਨਾਂ ਬਰਖਾ ਦਾ ਪੈਣਾਂ ॥

**†ਬਾਦਲ ਬਿਨੁ ਬਰਖਾ ਹੋਈ। ਜਉ ਤਤੁ ਬਿਚਾਰੈ ਕੋਈ॥ ੧॥**

ਬੱਦਲ ਤੋਂ ਬਿਨਾਂ ਹੀ ਬਰਖਾ ਹੋਈ ਹੈ, ਇੱਕੁਰ ਦਾ ਜੇ ਕੋਈ ਸੱਚ ਵਿਚਾਰੇ ਤਾਂ ਓਹ ਉਪ੍ਰੋਕਤ ਸੰਸਾਰ ਨੂੰ ਉਪ੍ਰੋਕਤ ਦ੍ਰਿਸ਼ਟਾਂਤਾਂ ਦੁਆਰਾ ਝੂਠਾ ਸਮਝੇਗਾ॥

**ਮੋਕਉ ਮਿਲਿਓ ਰਾਮੁ ਸਨੇਹੀ ॥**

**ਜਿਹ ਮਿਲਿਐ ਦੇਹ ਸੁ ਦੇਹੀ॥ ੧ ॥ ਰਹਾਉ ॥**

ਸਨੇਹੀ = ਪ੍ਰੇਮੀ ਪਿਆਰਾ॥

ਮੈਨੂੰ ਪਿਆਰਾ ਵਾਹਿਗੁਰੂ ਮਿਲਿਆ ਹੈ ਜਿਸਦੇ ਮਿਲਣੇ ਕਰਕੇ ਇਹ ਦੇਹੀ ਸਫਲ ਹੁੰਦੀ (ਵਾ ਹੋਈ) ਹੈ॥

**ਮਿਲਿ ਪਾਰਸ ਕੰਚਨੁ ਹੋਇਆ॥**

**ਮੁਖ ਮਨਸਾ ਰਤਨੁ ਪਰੋਇਆ॥**

ਕੰਚਨੁ = ਸੋਨਾਂ ॥

---

*ਜਦੋਂ ਆਦਮੀ ਸੁਆਸਾਂ ਨੂੰ ਰੋਕਦਾ ਮਨ ਨੂੰ ਇਕਾਗਰ ਕਰਦਾ ਹੈ ਤਾਂ ਲਗਾ ਤਾਰ ਇਕ ਰਸ ਸਬਦ ਦਾ ਅਵਾਜ਼ ਆਉਂਦੀ ਹੈ ਇਹ ਬਿਨਾਂ ਮੜ੍ਹਨ ਤੋਂ ਢੋਲ ਵੱਜਦਾ ਹੈ ਅਤੇ ਸਾਉਣ ਦੇ ਮਹੀਨੇ ਤੋਂ ਬਿਨਾਂ ਹੀ ਮਿੱਠੀਆਂ ਵਾਜਾਂ ਵਾਲੇ ਬੱਦਲ ਗਜਦੇ ਹਨ।

†ਐਸੀ ਹਾਲਤ ਵਾਲੇ ਨੂੰ ਬੱਦਲ ਤੋਂ ਬਿਨਾਂ ਨਾਮ ਅੰਮ੍ਰਿਤ ਦੀ ਬਰਖਾ ਹੁੰਦੀ ਹੈ, ਜੇਹੜਾ ਕੋਈ ਇੱਕੁਰ ਦੇ ਤੱਤ,ਠੀਕ ਵਿਚਾਰ ਨੂੰ ਵਿਚਾਰਦਾ ਹੈ॥

ਜਿੱਕੁਰ ਲੋਹਾ ਪਾਰਸ ਨਾਲ ਛੋਹਕੇ ਸੋਨਾਂ ਹੋ ਜਾਂਦਾ ਹੈ, ਜਿੱਕੁਰ ਰਤਨ ਧਾਗੇ ਵਿੱਚ ਪਰੋਏ ਜਾਂਦੇ ਹਨ ਇੱਕੁਰ ਹੀ ਗੁਰਾਂ ਨਾਲ ਮਿਲਕੇ ਅਸੀ ਸੁੱਧ ਹੋਏ ਹਾਂ ਮੁਖ ਅਤੇ ਮਨ "ਸੌ" ਇਸਨੂੰ ਵਾਹਿਗੁਰੂ ਦੇ ਨਾਮ ਰਤਨ ਨਾਲ ਪਰੋਇਆ ਹੈ ਭਾਵ ਵਾਹਿਗੁਰੂ ਦਾ ਨਾਮ ਮਨ ਧਾਗੇ ਵਿੱਚ ਪਰੋਤਾ ਹੈ ॥

**ਨਿਜ ਭਾਉ ਭਇਆ ਭ੍ਰਮੁ ਭਾਗਾ ॥**

**ਗੁਰ ਪੂਛੇ ਮਨੁ ਪਤੀਆਗਾ ॥੨॥**

ਨਿਜ = ਆਪ। ਭਾਉ = ਪ੍ਰੇਮ,ਪਿਆਰ।

ਜਦ ਆਪਣੇ ਆਪ ਵਿੱਚ ਚਾਨਣ ਹੋਇਆ ਤਾਂ ਭਰਮ ਦੂਰ ਹੋ ਗਿਆ ਗੁਰਾਂ ਪਾਸੋਂ ਪੁੱਛਿਆ ਤਾਂ ਮਨ ਭਰੋਸੇ ਵਾਲਾ ਹੋਇਆ ॥

**ਜਲ ਭੀਤਰਿ ਕੁੰਭ ਸਮਾਨਿਆ ॥**

**ਸਭ ਰਾਮੁ ਏਕੁ ਕਰਿ ਜਾਨਿਆ ॥**

ਭੀਤਰਿ = ਵਿੱਚ ॥ ਕੁੰਭ = ਘੜਾ।

ਜਿੱਕੁਰ ਪਾਣੀ ਵਿੱਚ ਘੜਾ ਸਮਾਇਆ ਹੁੰਦਾ ਹੈ ਭਾਵ ਪਾਣੀ ਦਾ ਭਰਿਆ ਹੋਇਆ ਘੜਾ ਪਾਣੀ ਵਿੱਚ ਟਿਕ ਜਾਂਦਾ ਹੈ ਅਥਵਾ ਜਿੱਕੁਰ ਘੜੇ ਦਾ ਪਾਣੀ ਸਮੁੰਦ੍ਰ ਆਦਿਕ ਦੇ ਪਾਣੀ ਨਾਲ ਮਿਲ ਜਾਂਦਾ ਹੈ ਇੱਕੁਰ ਹੀ ਮੈਂ ਸਾਰੇ ਸੰਸਾਰ ਵਿੱਚ ਇਕ ਵਾਹਿਗੁਰੂ ਕਰਕੇ ਜਾਣਿਆ ਹੈ।

**ਗੁਰ ਚੇਲੇ ਹੈ ਮਨੁ ਮਾਨਿਆ ॥**

**ਜਨ ਨਾਮੈ ਤਤੁ ਪਛਾਨਿਆ ॥੩॥੩॥**

ਗੁਰੂ ਵਿੱਚ ਦਾਸ ਦਾ ਮਨ ਮੰਨਿਆਂ ਹੈ, ਦਾਸ ਨਾਮੇ ਨੇ ਤੱਤ ਸਰੂਪ ਵਾਹਿਗੁਰੂ ਨੂੰ ਪਛਾਣ ਲਿਆ ਹੈ ॥

## ਰਾਗੁ ਸੋਰਠਿ ਬਾਣੀ ਭਗਤ ਰਵਿਦਾਸ ਜੀ ਕੀ

**੧ੴ ਸਤਿਗੁਰਪ੍ਰਸਾਦਿ ॥**

**ਜਬ ਹਮ ਹੋਤੇ ਤਬ ਤੂ ਨਾਹੀ ਅਬ ਤੂਹੀ ਮੈ ਨਾਹੀ ॥**

ਹੇ ਵਾਹਿਗੁਰੂ ਜਦ ਮੈਂ ਆਪਣੇ ਆਪ ਨੂੰ ਹੰਕਾਰ ਸਮਝਦਾ ਹੁੰਦਾ ਸੀ ਤਾਂ ਤੂੰ ਮੇਰੇ ਪਾਸ ਨਹੀਂ ਆਉਂਦਾ ਹੁੰਦਾ ਸੈਂ, ਹੁਣ ਮੈਂ ਹੰਕਾਰ ਪੁਣਾਂ ਦੂਰ ਕਰ ਦਿਤਾ ਹੈ ਤਾਂ ਤੂੰ ਵੀ ਮੈਨੂੰ ਮਿਲ ਪਿਆ ਹੈਂ ਹੁਣ ਤੂੰ ਮੈਂ ਦੋਵੇਂ ਇਕ ਰੂਪ ਹਾਂ ਜੋ ਮੇਰੇ ਵਿਚ ਹੰਕਾਰ ਪੁਣਾਂ ਸੀ ਸੋ ਓਹ ਨਹੀਂ ਰਿਹਾ ॥

## ਅਨਲ *ਅਗਮ ਜੈਸੇ ਲਹਰਿ ਮਇਓ
## ਦਧਿ ਜਲ ਕੇਵਲ ਜਲ ਮਾਂਹੀ ॥ ੧ ॥

ਅਨਲ = ਅਗਨੀ ਵਾ ਪੌਣ। ਅਗਮ = ਬਹੁਤ। ਮਇਓ ਦਧਿ = ਸਮੁੰਦਰ ਰੂਪ

ਜਿਕੁਰ ਪਵਨ ਚਲਣ ਨਾਲ ਸਮੁੰਦਰ ਵਿਚ ਅਣਗਿਣਤ ਹੀ ਲੇਹਰਾਂ ਉਠਦੀਆਂ ਹਨ ਪਰ ਓਹ ਜਲ ਦੇ ਵਿਚ ਕੇਵਲ ਜਲ ਦਾ ਰੂਪ ਹੀ ਹੁੰਦੀਆਂ ਹਨ ਇੱਕੁਰ ਹੀ ਤੂੰ ਮੈਂ ॥

## ਮਾਧਵੇ ਕਿਆ ਕਹੀਐ ਭ੍ਰਮੁ ਐਸਾ ॥
## ਜੈਸਾ ਮਾਨੀਐ ਹੋਇ ਨ ਤੈਸਾ ॥ ੧ ॥ ਰਹਾਉ ॥

ਹੇ ਵਾਹਿਗੁਰੂ ਕੀ ਕਹੀਏ ਕਿ ਭਰਮ ਇੱਕੁਰ ਦਾ ਹ, ਜਿੱਕੁਰ ਦਾ ਪਹਿਲੇ ਮੰਨੀਦਾ ਹੈ ਤਿੱਕੁਰ ਦਾ ਫਿਰ ਨਹੀਂ ਹੁੰਦਾ, ਭਾਵ ਜਿੱਕੁਰ ਅੰਧੇਰੇ ਵਿੱਚ ਚੀਜ਼ ਨੂੰ ਹੋਰ ਦਾ ਹੋਰ ਸਮਝ ਲਈਦਾ ਹੈ ਤਿੱਕੁਰ ਪਿਛੋਂ ਚਾਨਣ ਹੋਇਆਂ ਨਹੀਂ (ਇੱਕੁਰ ਹੀ ਤੂੰ ਮੈਂ ਇਕ ਹਾਂ) ॥

(ਭਰਮ ਦਾ ਰੂਪ)

## ਨਰਪਤਿ ਏਕੁ ਸਿੰਘਾਸਨਿ ਸੋਇਆ ਸੁਪਨੇ ਭਇਆ
## ਭਿਖਾਰੀ ॥ ਅਛਤ ਰਾਜ ਬਿਛੁਰਤ ਦੁਖੁ ਪਾਇਆ
## ਸੋ ਗਤਿ ਭਈ ਹਮਾਰੀ ॥ ੨ ॥

ਨਰਪਤਿ = ਰਾਜਾ। ਅਛਤ = ਹੁੰਦਿਆਂ ।

ਜਿੱਕਰ ਇਕ ਰਾਜਾ ਸਿੰਘਾਸਨ ਉਤੇ ਸੁਤਾ ਪਿਆ ਸੁਪਨੇ ਵਿੱਚ ਭਿਖਾਰੀ ਹੋਇਆ, ਰਾਜ ਦੇ ਹੁੰਦਿਆਂ ਹੀ ਰਾਜ ਤੋਂ ਵਿੱਛੜਕੇ ਦੁਖ ਪਾਇਆ ਉੱਕਰ ਦੀ ਹੀ ਸਾਡੀ ਗਤੀ ਹੋਈ ਹੈ (ਭਾਈ ਗੁਰਦਾਸ ਜੀ ਦਾ ਕਬਿੱਤ ੨੨੩ ਦੇਖੋ)

## ਰਾਜ ਭੁਇਅੰਗ ਪ੍ਰਸੰਗ ਜੈਸੇ ਹਹਿ
## ਅਬ ਕਛੁ ਮਰਮੁ ਜਨਾਇਆ ।

ਰਾਜ = ਰਜੂ (ਰੱਸੀ)। ਭੁਇਅੰਗ = ਸੱਪ । ਮਰਮ = ਭੇਦ।

ਜਿੱਕਰ ਰੱਸੀ ਵਿੱਚ ਸੱਪ ਭਾਸਣ ਦਾ ਪ੍ਰਸੰਗ ਹੈ, ਹੁਣ ਕੁਝ ਲਕਾਂ ਨੇ

*ਜਿੱਕੁਰ ਅਗਨੀ ਦੇ ਜਗਦੇ ਦੀਵੇ ਆਦਿਕ ਸਾਰੇ ਅਣਗਿਣਤ ਜਿੰਨੇਕੁ ਹਨ ਸਭ ਅਗਨੀ ਦਾ ਰੂਪ ਹਨ, ਇੱਕੁਰ ਇਸਨੂੰ ਵੱਖਰਾ ਕਰਕੇ ਵੀ ਅਰਥ ਕਰਦੇ ਹਨ ॥

ਇਸ ਗੱਲ ਦਾ ਭੇਤ ਦਸ ਦਿਤਾ ਹੈ ॥

**ਅਨਿਕ ਕਟਕ ਜੈਸੇ ਭੂਲਿ ਪਰੇ**
**ਅਬ ਕਹਤੇ ਕਹਨੁ ਨ ਆਇਆ ॥ ੩ ॥**

ਕਟਕ = ਕੜੇ ।

ਜਿੱਕੁਰ ਇਕ ਸੋਨੇ ਦੇ ਅਨੇਕਾਂ ਗਹਿਣੇ ਬਣ ਜਾਂਦੇ ਹਨ ਇੱਕੁਰ ਅਸੀਂ ਤੇਰੇ ਨਾਲੋਂ ਭੁਲਕੇ ਵਖਰੇ ਹੋ ਗਏ ਸੀ, ਹੁਣ ਅਸੀਂ ਇਕ ੋ ਗਏ ਹਾਂ, ਇਸ ਅਨੰਦ ਨੂੰ ਹੁਣ ਅਧੀ ਕੁਝ ਕਹਿਨੇ ਹਾਂ ਪਰ ਕਿਹਾ ਨਹੀਂ ਜਾਂਦਾ ।

**ਸਰਬੇ ਏਕੁ ਅਨੇਕੈ ਸੁਆਮੀ ਸਭ ਘਟ ਭੁੋਗਵੈ ਸੋਈ ॥**
**ਕਹਿ ਰਵਿਦਾਸ ਹਾਥ ਪੈ ਨੇਰੈ ਸਹਜੇ ਹੋਇ ਸੁ ਹੋਈ॥ ੪॥ ੧ ॥**

ਪੈ – ਫੇਰ ਪੈਰ ।

ਇਹ ਸਾਰੇ ਸੰਸਾਰ ਵਿਚ ਇਕ ਹੀ ਸੁਆਮੀ ਅਨੇਕਾਂ ਰੂਪ ਹੋ ਰਿਹਾ ਹੈ ਅਤੇ ਸੋਈਓ ਈ ਸਾਰੇ ਘਟਾਂ ਨੂੰ ਭੋਗ ਰਿਹਾ ਹੈ ਰਵਿਦਾਸ ਜੀ ਕਹਿੰਦੇ ਹਨ ਓਹ ਫਿਰ ਹੱਥ ਨਾਲੋਂ ਵੀ ਨੇੜੇ ਹੈ, ਭਾਵ ਹੱਥ ਉਤੇ ਹੈ, ਅਸੀ ਸਹਜੇ ਹੀ ਜੋ ਕੁਝ ਹੁੰਦਾ ਹੈ ਸੋ ਹੋਣ ਦੇਂਦ ਹਾਂ ਇੱਕੁਰ ਉਸ ਦਾ ਭਾਣਾ ਮੰਨਦੇ ਹਾਂ ॥

(ਭਗਤਾਂ ਨੇ ਪ੍ਰਮਾਤਮਾਂ ਨੂੰ ਵੱਸ ਕੀਤਾ ਹੋਯਾ ਹੈ)

**ਜਉ ਹਮ ਬਾਂਧੇ ਮੋਹ ਫਾਸ ਹਮ ਪ੍ਰੇਮ ਬਧਨਿ ਤੁਮ ਬਾਧੇ ॥**
**ਅਪਨੇ ਛੂਟਨ ਕੋ ਜਤਨੁ ਕਰਹੁ ਹਮ ਛੂਟੇ ਤੁਮ ਆਰਾਧੇ ॥ ੧ ॥**

ਜੇ ਅਸਾਨੂੰ ਤੂੰ ਮੋਹ ਰੂਪ ਫਾਹੀਆਂ ਕਰਕੇ ਬੰਨ੍ਹਿਆ ਹੈ ਤਾਂ ਅਸਾਂ ਵੀ ਤੈਨੂੰ ਪ੍ਰੇਮ ਰੂਪ ਬੰਨਣਾਂ ਕਰਕੇ ਬੰਨ੍ਹਿਆ ਹੈ, ਤੂੰ ਆਪਣੇ ਛੁਟਨ ਦਾ ਯਤਨ ਕਰ ਅਸੀਂ ਤੈਨੂੰ ਯਾਦ ਕਰਕੇ ਛੁਟ ਗਏ ਹਾਂ ॥

**ਮਾਧਵੇ ਜਾਨਤ ਹਹੁ ਜੈਸੀ ਤੈਸੀ ॥**
**ਅਬ ਕਹਾ ਕਰਹੁਗੇ ਐਸੀ ॥ ੧ ॥ ਰਹਾਉ ॥**

ਹੇ ਵਾਹਿਗੁਰੂ ਜਿੱਕੁਰ ਦੀ ਸਾਡੀ ਪ੍ਰੀਤੀ ਤੁਹਾਡੇ ਨਾਲ ਹੈਗੀ ਹੈ ਤਿਕੁਰ ਦੀ ਤੁਸੀਂ ਆਪ ਹੀ ਜਾਣਦੇ ਹੋ, ਹੁਣ ਐਸੀ ਤੈਸੀ ਕਿਆ ਕਰੋਗੇ ਭਾਵ ਪ੍ਰੀਤੀ ਛੁਡਾ ਨਹੀਂ ਸਕੋਗੇ, ਤੁਹਾਡੀ ਸਾਡੀ ਪ੍ਰੀਤੀ ਇੱਕੁਰ ਹੈ ਜਿਕੁਰ ਅਗੇ ਵਰਨਨ ਹੈ ॥

**ਮੀਨੁ ਪਕਰਿ ਫਾਂਕਿਓ ਅਰੁ ਕਾਟਿਓ ਰਾਂਧਿ ਕੀਓ ਬਹੁ ਬਾਨੀ॥**

ਮੀਨ = ਮੱਛੀ ॥ ਫਾਂਕਿਰ = ਫਾੜੀਆਂ ॥ ਰਾਂਧਿ = ਰਿੰਨ੍ਹਣਾਂ ॥
ਬਾਨੀ = ਰੰਗ, ਮਸਾਲੇ, ਵੰਨੀਆਂ ॥

ਜਿਵੇਂ ਕਰ ਮੱਛੀ ਨੂੰ ਪਾੜਕੇ ਫਾੜੀਆਂ ੨ ਕਰਕੇ ਕੱਟਿਆ ਅਤੇ ਬਹੁਤ ਵੰਨੀਆਂ ਦਾ ਰਿੰਨਣਾਂ ਕੀਤਾ।

**ਖੰਡ ਖੰਡ ਕਰਿ ਭੋਜਨੁ ਕੀਨੋ ਤਊ ਨ ਬਿਸਰਿਓ ਪਾਨੀ ॥ ੨ ॥**

ਖੰਡ ਖੰਡ = ਚਿੱਥ ਚਿੱਥ।

ਚਿੱਥ ਚਿੱਥ ਕੇ ਖਾਧਾ ਫਿਰ ਵੀ ਪਾਨੀ ਨਾ ਭੁਲਿਆ। ਭਾਵ ਮੱਛੀ ਖਾਣ ਵਾਲੇ ਨੂੰ ਤੇਹ ਬਹੁਤ ਲਗਦੀ ਹੈ।

**ਆਪਨ ਬਾਪੈ ਨਾਹੀ ਕਿਸੀ ਕੋ ਭਾਵਨ ਕੋ ਹਰਿ ਰਾਜਾ ॥**
**ਮੋਹ ਪਟਲ ਸਭੁ ਜਗਤੁ ਬਿਆਪਿਓ**
**ਭਗਤ ਨਹੀ ਸੰਤਾਪਾ ॥ ੩ ॥**

ਪਟਲ = ਪੜਦਾ।

ਵਾਹਿਗੁਰੂ ਕਿਸੇ ਦੇ ਪਿਓ ਦਾ ਨਹੀਂ ਹੈ "ਗੋਬਿੰਦ ਭਾਉ ਭਗਤ ਦਾ ਭੁਖਾ" ਵਾਹਿਗੁਰੂ ਰਾਜਾ ਪ੍ਰੇਮੀਆਂ ਦਾ ਹੈ। ਮੋਹ ਰੂਪ ਪੜਦੇ ਨਾਲ ਸਾਰੇ ਜਗਤ ਨੂੰ ਢੱਕਿਆ ਹੋਇਆ ਸੂ, ਪਰ ਭਗਤਾਂ ਨੂੰ ਦੁਖ ਨਹੀਂ ਵਿਆਪਦਾ।

**ਕਹਿ ਰਵਿਦਾਸ ਭਗਤਿ ਇਕ ਬਾਢੀ ਅਬ ਇਹ ਕਾ**
**ਸਿਉ ਕਹੀਐ ॥ ਜਾ ਕਾਰਨਿ ਹਮ ਤੁਮ ਆਰਾਧੇ ਸੋ ਦੁਖੁ**
**ਅਜਹੂ ਸਹੀਐ ॥ ੪ ॥ ੨ ॥**

ਰਵਿਦਾਸ ਜੀ ਕਹਿੰਦੇ ਹਨ ਹੇ ਵਾਹਿਗੁਰੂ ਤੇਰੀ ਭਗਤੀ ਹੀ ਹੁਣ ਇਕ ਸਾਨੂੰ ਵਧਦੀ ਜਾਂਦੀ ਹੈ, ਹੁਣ ਇਹ ਕਿਸਨੂੰ ਕਹੀਏ, ਜਿਸ ਵਾਸਤੇ ਅਸੀਂ ਤੈਨੂੰ ਯਾਦ ਕਰਦੇ ਹਾਂ ਸੋ ਦੁਖ ਅਜੇ ਵੀ ਸਹਾਰਦੇ ਹਾਂ ਭਾਵ ਨਹੀਂ।

**ਦੁਲਭ ਜਨਮੁ ਪੁੰਨ ਫਲ ਪਾਇਓ ਬਿਰਥਾ ਜਾਤ ਅਬਿਬੇਕੇ ॥**

ਦੁਰਲਭ ਮਨੁੱਖਾ ਜਨਮ ਪੁੰਨਾਂ ਦੇ ਪ੍ਰਤਾਪ ਕਰਕੇ ਪਾਯਾ ਸੀ, ਪਰ ਵਾਹਿਗੁਰੂ ਦੇ (ਅਬਿਬੇਕ) ਵਿਚਾਰ ਬਿਨਾਂ ਬਿਅਰਥ ਹੀ ਜਾਂਦਾ ਹੈ।

**ਰਾਜੇ ਇੰਦ੍ਰ ਸਮਸਰਿ ਗ੍ਰਿਹ ਆਸਨ**
**ਬਿਨੁ ਹਰਿ ਭਗਤਿ ਕਹਹੁ ਕਿਹ ਲੇਖੈ ॥ ੧ ॥**

ਸਮਸਰਿ = ਬਰਾਬਰ ॥ ਗ੍ਰਿਹ = ਘਰ ॥

"ਰਾਜੇ ਇੰਦਰ ਦੇ ਸਮਾਨ ਘਰ" ਫਰਜ਼ ਕਰੋ ਜੇ ਆਦਮੀ ਨੂੰ ਟਿਕਕੇ

ਬਹਿਣ ਦਾ ਥਾਂ ਮਿਲ ਜਾਵੇ ਤਾਂ "ਵਾਹਿਗੁਰੂ ਦੀ ਭਗਤੀ ਤੋਂ ਬਿਨਾਂ ਕਹੋ ਖਾਂ ਕਿਸ ਲੇਖੇ ਵਿਚ ਹੈ"?

**ਨ ਬੀਚਾਰਿਓ ਰਾਜਾ ਰਾਮ ਕੋ ਰਸੁ ॥**

**ਜਿਹ ਰਸ ਅਨ ਰਸ ਬੀਸਰਿ ਜਾਹੀ ॥ ੧ ॥ ਰਹਾਉ ॥**

ਅਨ = ਹੋਰ

ਅਫਸੋਸ, ਪ੍ਰਕਾਸ਼ਕ ਵਾਹਿਗੁਰੂ ਦੇ ਅਨੰਦ ਦਾ ਸੁਆਦ ਨ ਵਿਚਾਰਿਆ ਜਿਸ ਰਸ ਕਰਕੇ ਹੋਰ ਰਸ ਸਾਰੇ ਭੁਲ ਜਾਂਦੇ ਹਨ।

**ਜਾਨਿ ਅਜਾਨ ਭਏ ਹਮ ਬਾਵਰ ਸੋਚ ਅਸੋਚ ਦਿਵਸ ਜਾਹੀ॥**

ਜਾਣਕੇ ਅਸੀਂ ਅਜਾਣ ਬੌਰੇ ਹੋਏ ਹਾਂ, ਸੋਚੇ ਵਿਚਾਰੇ ਤੋਂ ਬਿਨਾਂ ਦਿਨ ਜਾਂਦੇ ਹਨ।

**ਇੰਦ੍ਰੀ ਸਬਲ ਨਿਬਲ ਬਿਬੇਕ ਬੁਧਿ**

**ਪਰਮਾਰਥ ਪਰਵੇਸ ਨਹੀ ॥ ੨ ॥**

ਇੰਦ੍ਰੀਆਂ ਤਕੜੀਆਂ ਹੋ ਰਹੀਆਂ ਹਨ ਵਿਚਾਰ ਵਾਲੀ ਬੁਧੀ ਲਿੱਸੀ ਹੋ ਰਹੀ ਹੈ। ਇਸ ਲਈ ਪਰਮ ਅਰਥ ਵਿਚ ਸਾਡਾ ਪ੍ਰਵੇਸ਼ ਨਹੀਂ ਹੁੰਦਾ।

**ਕਹੀਅਤ ਆਨ ਅਚਰੀਅਤ ਅਨ ਕਛੁ**

**ਸਮਝ ਨ ਪਰੈ ਅਪਰ ਮਾਇਆ ॥**

ਅਚਰੀਅਤ = ਕਰਨਾ, ਆਚਰਣ। 'ਆਨ', ਅਨ = ਹੋਰ ॥

ਕਹੀਦਾ ਕੁਝ ਹੋਰ ਹੈ ਕਰੀਦਾ ਕੁਝ ਹੋਰ ਹੈ, ਕੁਝ ਸਮਝ ਨਹੀਂ ਪੈਂਦੀ ਅਪਾਰ ਮਾਇਆ ਹੈ।

**ਕਹਿ ਰਵਿਦਾਸ ਉਦਾਸ ਦਾਸ ਮਤਿ**

**ਪਰ ਹਰਿ ਕੋਪੁ ਕਰਹੁ ਜੀਅ ਦਇਆ ॥ ੩ ॥ ੩ ॥**

ਪਰਹਰਿ = ਛਡ ॥

ਇਸ ਲਈ ਰਵਿਦਾਸ ਜੀ ਕਹਿੰਦੇ ਹਨ ਦਾਸ ਦੀ ਮਤਿ ਉਦਾਸ ਹੋ ਰਹੀ ਹੈ ਗੁਸਾ ਛਡਕੇ ਮੇਰੇ ਵਰਗੇ ਜੀਆਂ ਤੇ ਦਇਆ ਕਰੋ।

**ਸੁਖ ਸਾਗਰੁ ਸੁਰਤਰ ਚਿੰਤਾਮਨਿ ਕਾਮਧੇਨੁ ਬਸਿ ਜਾਕੇ ॥**

ਸਾਗਰ = ਸਮੁੰਦਰ। ਸੁਰਤਰ = ਕਲਪ ਬ੍ਰਿਛ ॥ ਕਾਮਧੇਨੁ = ਗਊ।

ਜਿਸ ਸੁਖਾਂ ਦੇ ਸਮੁੰਦਰ ਦੇ ਕਲਪ ਬ੍ਰਿਛ ਚਿੰਤਾਮਣੀ ਕਾਮਧੇਨ ਵੱਸ ਹੈ।

**ਚਾਰਿ ਪਦਾਰਥ ਅਸਟ ਦਸਾ ਸਿਧਿ**

**ਨਵ ਨਿਧਿ ਕਰ ਤਲ ਤਾਕੇ ॥ ੧ ॥**

ਕਰ = ਹਥ ॥

ਚਾਰ ਪਦਾਰਥ, ਅਠਾਹਾਂ ਸਿਧੀਆਂ, ਨੌਂ ਨਿਧੀਆਂ ਤਿਸਦੀ ਹੱਥ ਦੀ ਹੱਥੇਲੀ ਉੱਤੇ ਹਨ।

**ਹਰਿ ਹਰਿ ਹਰਿ ਨ ਜਪਹਿ ਰਸਨਾ ॥**
**ਅਵਰ ਸਭ ਤਿਆਗਿ ਬਚਨ ਰਚਨਾ ॥ ੧॥ ਰਹਾਉ ॥**

ਵਾਹਿਗੁਰੂ ਵਾਹਿਗੁਰੂ ਰਸਨਾ ਕਰਕੇ ਕਿਉਂ ਨਹੀਂ ਜਪਦਾ ਹੋਰ ਸਭ ਬਚਨਾਂ ਦੀ ਰਚਨਾਂ ਛੱਡ ਦੇਹ।

**ਨਾਨਾ ਖਿਆਨ ਪੁਰਾਨ ਬੇਦ ਬਿਧਿ ਚਉਤੀਸ ਅਖਰ ਮਾਂਹੀ ॥ ਬਿਆਸ ਬਿਚਾਰਿ ਕਹਿਓ ਪਰਮਾਰਥੁ ਰਾਮ ਨਾਮ ਸਰਿ ਨਾਹੀ ॥ ੨ ॥**

ਖਿਆਨ = ਸ਼ਾਸਤ੍ਰ ॥ ਸਰਿ = ਬਰਾਬਰ

ਕਈ ਤਰਾਂ ਦੇ ਸ਼ਾਸਤ੍ਰ, ਪੁਰਾਨ, ਵੇਦ ਦੀਆਂ ਵਿਧੀਆਂ, ਚੌਂਤੀ ਅਖਰਾਂ ਵਿੱਚ, ਵਿਆਸ ਜੀ ਨੇ ਵਿਚਾਰ ਕੇ ਕਿਹਾ ਹੈ ਕਿ ਪਰਮ ਅਰਥ ਵਾਹਿਗੁਰੂ ਦੇ ਨਾਮ ਦੇ ਬਰਾਬਰ ਕੋਈ ਨਹੀਂ ਹੈ, ਵਾ ਨਾਨਾ ਵਿਧੀ ਵੇਦ ਪੁਰਾਣ ਸ਼ਾਸਤ੍ਰ ਚੌਂਤੀ ਅਖਰਾਂ ਵਿੱਚ ਹਨ ਪਰ ਨਾਮ ਬਰਾਬਰ ਕੋਈ ਨਹੀਂ।

**ਸਹਜ ਸਮਾਧਿ ਉਪਾਧਿ ਰਹਤ ਫੁਨਿ ਬਡੈ ਭਾਗਿ ਲਿਵ ਲਾਗੀ ॥ ਕਹਿ ਰਵਿਦਾਸ ਪ੍ਰਗਾਸੁ ਰਿਦੈ ਧਰਿ ਜਨਮ ਮਰਨ ਭੈ ਭਾਗੀ ॥ ੩ ॥ ੪ ॥**

ਫੁਨਿ = ਫੇਰ।

ਉਪਾਧੀਆਂ ਤੋਂ ਰਹਤ ਵੱਡੇ ਭਾਗਾਂ ਵਾਲਿਆਂ ਦੀ ਸਹਜ ਸਮਾਧੀ ਵਿੱਚ ਲਿਵ ਲੱਗੀ ਹੈ, ਰਵਿਦਾਸ ਜੀ ਕਹਿੰਦੇ ਹਨ ਹੇ ਵਾਹਿਗੁਰੂ ਤੇਰੇ ਗਜਾਨ ਦਾ ਚਾਨਣ ਰਿਦੇ ਵਿੱਚ ਧਾਰਨ ਕੀਤਾ ਤਾਂ ਜਨਮ ਮਰਨ ਦੇ ਡਰ ਦੀ ਪੀੜਾ ਦੌੜ ਗਈ।

(ਪ੍ਰੀਤੀ)

**ਜਉ ਤੁਮ ਗਿਰਿਵਰ ਤਉ ਹਮ ਮੋਰਾ ॥**
**ਜਉ ਤੁਮ ਚੰਦ ਤਉ ਹਮ ਭਏ ਹੈ ਚਕੋਰਾ ॥ ੧ ॥**

ਗਿਰਿਵਰ = ਪਹਾੜ।

ਜੇ ਤੁਸੀਂ ਪਹਾੜ ਵਤ ਹੋ ਤਾਂ ਅਸੀਂ ਮੋਰ ਵਤ ਹਾਂ, ਜੇ ਤੁਸੀਂ ਚੰਦ੍ਰਮਾ ਵੱਤ ਹੋ ਤਾਂ ਅਸੀਂ ਚਕੋਰ ਵਤ ਹੋਏ ਹਾਂ।

**ਮਾਧਵੇ ਤੁਮ ਨ ਤੋਰਹੁ ਤਉ ਹਮ ਨਹੀ ਤੋਰਹਿ ॥**
**ਤੁਮ ਸਿਉ ਤੋਰਿ ਕਵਨ ਸਿਉ ਜੋਰਹਿ ॥ ੧ ॥ ਰਹਾਉ ॥**

ਹੇ ਵਾਹਿਗੁਰੂ ਤੁਸੀਂ ਸਾਨੂੰ ਕਿਧਰੇ ਲਗਾਇਕੇ ਆਪਣੇ ਨਾਲੋਂ ਪ੍ਰੀਤੀ ਨਾ ਤੋੜ ਦੇਵੋ ਭਾਵ ਤੁਸੀਂ ਸਾਡੇ ਨਾਲੋਂ ਪ੍ਰੀਤੀ ਤੋੜ ਦਿਓ ਤਾਂ ਬੇਸ਼ੱਕ ਤੋੜ ਦਿਓ ਪਰ ਅਸੀਂ ਨਹੀਂ ਤੋੜਾਂਗੇ ਕਿਉਂਕਿ ਤੁਹਾਡੇ ਨਾਲੋਂ ਤੋੜਕੇ ਕਿਸ ਦੇ ਨਾਲ ਜੋੜਾਂਗੇ।

**ਜਉ ਤੁਮ ਦੀਵਰਾ ਤਉ ਹਮ ਬਾਤੀ ॥**
**ਜਉ ਤੁਮ ਤੀਰਥ ਤਉ ਹਮ ਜਾਤੀ ॥ ੨ ॥**

ਜੇ ਤੁਸੀ ਦੀਵਾ ਤਾਂ ਅਸੀ ਬੱਤੀ, ਜੇ ਤੁਸੀਂ ਤੀਰਥ ਤਾਂ ਅਸੀ ਜਾਤਰੀ (ਵਤ ਹਾਂ)

**ਸਾਚੀ ਪ੍ਰੀਤਿ ਹਮ ਤੁਮ ਸਿਉ ਜੋਰੀ ॥**
**ਤੁਮ ਸਿਉ ਜੋਰਿ ਅਵਰ ਸੰਗਿ ਤੋਰੀ ॥ ੩ ॥**

ਸੱਚੀ ਪ੍ਰੀਤੀ ਅਸਾਂ ਤੁਹਾਡੇ ਨਾਲ ਜੋੜੀ ਹੈ, ਤੁਹਾਡੇ ਨਾਲ ਜੋੜਕੇ ਹੋਰਨਾਂ ਨਾਲੋਂ ਤੋੜ ਲਈ ਹੈ।

**ਜਹ ਜਹ ਜਾਉ ਤਹਾ ਤੇਰੀ ਸੇਵਾ ॥**
**ਤੁਮ ਸੋ ਠਾਕਰੁ ਅਉਰੁ ਨ ਦੇਵਾ ॥ ੪ ॥**

ਜਿੱਥੇ ਜਿੱਥੇ ਜਾਂਦਾ ਹਾਂ ਓਥੇ ਓਥੇ ਤੇਰੀ ਹੀ ਸੇਵਾ ਹੈ ਤੇਰੇ ਵਰਗਾ ਠਾਕਰ ਹੋਰ ਕੋਈ ਪ੍ਰਕਾਸ਼ਕ ਨਹੀਂ ਹੈ।

**ਤੁਮਰੇ ਭਜਨ ਕਟਹਿ ਜਮ ਫਾਂਸਾ ॥**
**ਭਗਤਿ ਹੇਤ ਗਾਵੈ ਰਵਿਦਾਸਾ ॥ ੫ ॥ ੫ ॥**

ਤੇਰੇ ਭਜਨ ਕਰਕੇ ਜਮਾਂ ਦੀ ਫਾਹੀ ਕਟੀ ਜਾਂਦੀ ਹੈ ਭਗਤੀ ਵਾਸਤੇ ਰਵਿਦਾਸ ਗਾਉਂਦਾ ਹੈ।

**ਜਲ ਕੀ ਭੀਤਿ ਪਵਨ ਕਾ ਥੰਭਾ ਰਕਤ ਬੁੰਦ ਕਾ ਗਾਰਾ ॥**
**ਹਾਡ ਮਾਸ ਨਾੜੀ ਕੋ ਪਿੰਜਰੁ ਪੰਖੀ ਬਸੈ ਬਿਚਾਰਾ ॥ ੧ ॥**

ਭੀਤਿ = ਕੰਧ ॥ ਬੰਦ = ਬਿੰਦ ॥

'ਸਰੀਰ' ਪਾਣੀ ਦੀ ਕੰਧ ਪੌਣ (ਸਾਸਾਂ) ਦਾ ਥੰਮਾਂ ਰਕਤ ਬੀਰਜ ਦਾ ਗਾਰਾ ਇਸਨੂੰ ਲਗਾ ਹੋਇਆ ਹੈ ਹੱਡ, ਮਾਸ ਨਾੜੀਆਂ ਦਾ ਪਿੰਜਰਾ ਹੈ ਅਤੇ ਜੀਵ ਰੂਪ ਪੰਛੀ ਵਿਚਾਰਾ ਇਸ ਵਿਚ ਵਸਦਾ ਹੈ ॥

**ਪ੍ਰਾਨੀ ਕਿਆ ਮੇਰਾ ਕਿਆ ਤੇਰਾ ॥**

**ਜੈਸੇ ਤਰਵਰ ਪੰਖਿ ਬਸੇਰਾ ॥ ੧ ॥ ਰਹਾਉ ॥**

ਤਰਵਰ = ਬ੍ਰਿਛ । ਹੇ ਪ੍ਰਾਣੀ ਇਸ ਸੰਸਾਰ ਵਿਚ ਕਿਆ ਮੇਰਾ ਅਤੇ ਕਿਆ ਤੇਰਾ ਹੈ ਜਿੱਕੁਰ ਬ੍ਰਿਛ ਉਤੇ ਪੰਛੀਆਂ ਦਾ ਵਾਸਾ ਹੁੰਦਾ ਹੈ ॥

**ਰਾਖਹੁ ਕੰਧ ਉਸਾਰਹੁ ਨੀਵਾਂ ॥**

**ਸਾਢੇ ਤੀਨਿ ਹਾਥ ਤੇਰੀ ਸੀਵਾਂ ॥ ੨ ॥**

ਸੀਵਾਂ = ਹੱਦ । (ਇਸ ਸਰੀਰ ਵਾਸਤੇ)

ਕਿਆ ਕੰਧ ਰਖਦਾ ਹੈਂ ਅਤੇ ਕਿਆ ਨੀਉਂ ਉਸਾਰਦਾ ਹੈਂ ਭਾਵ ਕਿਆ ਹੱਛੇ ੨ ਮੰਦਰ ਬਣੌਂਦਾ ਹੈਂ ਹੱਦ ਸਾਢੇ ਤਿੰਨ ਹਥ ਤੇਰੇ ਜਮੀਨ ਕੰਮ ਆਉਣੀ ਹੈ 'ਕਾਰਜ ਸਾਢੇ ਤੀਨ ਹਥ ਘਨੀਤ ਪਉਨੇ ਚਾਰ' (ਕਬੀਰ)

**ਬੰਕੇ ਬਾਲ ਪਾਗ ਸਿਰ ਡੇਰੀ ॥**

**ਇਹੁ ਤਨੁ ਹੋਇਗੋ ਭਸਮ ਕੀ ਢੇਰੀ ॥ ੩ ॥**

ਡੇਰੀ = ਟੇਢੀ ॥

ਸੁੰਦਰ ਵਾਲ ਅਤੇ ਪਗ ਸਿਰ ਤੇ ਟੇਢੀ ਹੈ, ਇਹ ਸਰੀਰ ਸੁਆਹ ਦੀ ਢੇਰੀ ਹੋ ਜਾਵੇਗਾ ॥

**ਊਚੇ ਮੰਦਰ ਸੁੰਦਰ ਨਾਰੀ ॥**

**ਰਾਮ ਨਾਮ ਬਿਨੁ ਬਾਜੀ ਹਾਰੀ ॥ ੪ ॥**

ਉਚੇ ਮੰਦਰ ਅਤੇ ਸੁੰਦਰ ਇਸਤ੍ਰੀਆਂ ਵਿਚ ਤੂੰ ਪ੍ਰੀਤੀ ਕੀਤੀ ਹਾਇ ਅਫਸੋਸ ! ਵਾਹਿਗੁਰੂ ਦੇ ਨਾਮ ਤੋਂ ਬਿਨਾਂ ਬਾਜੀ ਹਾਰ ਦਿਤੀ, ਭਾਵ ਮਨੁਖ ਜਨਮ ਗਵਾ ਲਿਆ ॥

**ਮੇਰੀ ਜਾਤਿ ਕਮੀਨੀ ਪਾਂਤਿ ਕਮੀਨੀ ਓਛਾ ਜਨਮੁ ਹਮਾਰਾ ॥ ਤੁਮ ਸਰਨਾਗਤਿ ਰਾਜਾ ਰਾਮਚੰਦ ਕਹਿ ਰਵਿਦਾਸ ਚਮਾਰਾ ॥ ੫ ॥ ੬ ॥**

ਹੇ ਵਾਹਿਗੁਰੂ ਮੇਰੀ ਜਾਤ ਵੀ ਕਮੀਨੀ ਹੈ, ਅਤੇ ਪੰਗਤੀ ਵੀ ਕਮੀਨੀ ਹੈ ਅਤੇ ਜਨਮ ਵੀ ਹੋਛੇ ਘਰ ਦਾ ਹੈ, ਰਵਿਦਾਸ ਚਮਿਆਰ ਕਹਿੰਦਾ ਹੈ ਹੇ

ਵਾਹਿਗੁਰੂ ਮੈਂ ਆਪ ਦੀ ਸ਼ਰਨ ਆਇਆ ਹਾਂ ॥

**ਚਮਰਟਾ ਗਾਂਠਿ ਨ ਜਨਈ ॥**

**ਲੋਗੁ ਗਠਾਵੈ ਪਨਹੀ ॥ ੧ ॥ ਰਹਾਉ ॥**

ਚਮਰਟਾ = ਚੁਮਿਆਰ । ਪਨਹੀ = ਜੁਤੀ ।

ਮੈਂ ਚੁਮਿਆਰ ਜੁਤੀਆਂ ਗੰਢਣ ਨਹੀਂ ਜਾਣਦਾ ਲੋਕ ਮੇਰੇ ਪਾਸੋਂ ਜੁਤੀਆਂ ਗੰਢਾਉਂਦੇ ਹਨ ॥

**ਆਰ ਨਹੀ ਜਿਹ ਤੋਪਉ ॥ ਨਹੀ ਰਾਂਬੀ ਠਾਉ ਰੋਪਉ ॥ ੧ ॥**

ਮੇਰੇ ਪਾਸ ਆਰ ਨਹੀਂ ਹੈ ਜਿਸ ਨਾਲ ਮੈਂ ਤੋਪਾ ਲਾਵਾਂ ਅਤੇ ਨਾ ਹੀ ਰੰਬੀ ਹੈ ਜਿਸ ਨਾਲ ਮੈਂ ਟਾਕੀ ਛਿੱਲਕੇ ਟੁਟੇ ਹੋਏ ਛੇਕ ਨੂੰ ਰੋਕਾਂ ।

**ਲੋਗੁ ਗੰਠਿ ਗੰਠਿ ਖਰਾ ਬਿਗੂਚਾ ॥**

**ਹਉ ਬਿਨੁ ਗਾਂਠੇ ਜਾਇ ਪਹੂਚਾ ॥ ੨ ॥**

ਬਿਗੂਚਾ = ਖਰਾਬ ।

ਲੋਕੀ ਗੰਢ ਗੰਢਕੇ ਹਛੇ ਖਰਾਬ ਹੋਏ ਹਨ, ਮੈਂ ਬਿਨਾ ਹੀ ਗੰਢਣੇ ਤੋਂ ਜਾ ਪਹੁਚਾ ਹਾਂ ਭਾਵ ਇਸ ਸਰੀਰ ਚਮੜੇ ਨਾਲ ਪ੍ਰੀਤੀ ਕਰਨ ਤੋਂ ਬਿਨਾਂ ਹੀ ਮੈਂ ਵਾਹਿਗੁਰੂ ਨੂੰ ਮਿਲ ਪਿਆ ਹਾਂ ॥

**ਰਵਿਦਾਸੁ ਜਪੈ ਰਾਮ ਨਾਮਾ ॥**

**ਮੋਹਿ ਜਮ ਸਿਉ ਨਾਹੀ *ਕਾਮਾ ॥ ੩ ॥ ੭ ॥**

ਰਵਿਦਾਸ ਜੀ ਕਹਿੰਦੇ ਹਨ ਮੈਂ ਵਾਹਿਗੁਰੂ ਦਾ ਨਾਮ ਜਪਦਾ ਹਾਂ ਮੇਰਾ ਜਮ ਨਾਲ ਕੁਝ ਕੰਮ ਨਹੀਂ ਹੈ ।

(ਇੱਕੁਰ ਦੇ ਬੁਢੇਪੇ ਵਿਚ ਵਾਹਿਗੁਰੂ ਹੀ ਵੈਦ ਹੈ)

## ਰਾਗੁ ਸੋਰਠਿ ਬਾਣੀ ਭਗਤ ਭੀਖਨ ਕੀ

**੧ ਓ ਸਤਿਗੁਰਪ੍ਰਸਾਦਿ ॥**

**ਨੈਨਹੁ ਨੀਰੁ ਬਹੈ ਤਨੁ ਖੀਨਾ ਭਏ ਕੇਸ ਦੁਧਵਾਨੀ ॥**

ਨੀਰੁ = ਪਾਣੀ । ਬਹੈ = ਵਗਦਾ । ਖੀਨਾ = ਨਾਸ । ਵਾਨੀ = ਰੰਗ ।

ਨੇਤ੍ਰਾਂ ਤੋਂ ਪਾਨੀ ਵਗਦਾ ਹੈ, ਸਰੀਰ ਲਿੱਸਾ ਹੋ ਗਿਆ ਹੈ ਵਾਲ ਦੁਧ

*ਜੁਤੀਆਂ ਗੰਢਣ ਦੀ ਤਾਂ ਸੇਵਾ ਆਪ ਜਰੂਰ ਕਰਦੇ ਹੀ ਸਨ, ਇਸ ਆਪਣੀ ਹੱਕ ਦੀ ਕਮਾਈ ਨੂੰ ਲੁਕਾਂਦੇ ਨਹੀਂ ਭਗਤ ਜੀ ਦਾ ਆਸ਼ਾ ਉਚਾ ਹੈ ਜੋ ਹੇ ਲੋਕੋ ਮਾਇਆ ਨੂੰ ਨ ਜੋੜੋ ਕਿਸੇ ਦੀ ਚੁਗਲੀ ਨਿੰਦਿਆ ਨ ਕਰੋ ਇਹ ਗੰਢਣਾਂ ਨ ਗੰਢੋ

ਦੇ ਰੰਗ ਵਰਗੇ ਹੋ ਗਏ ਹਨ ॥

**ਰੂਧਾ ਕੰਠੁ ਸਬਦੁ ਨਹੀ ਉਚਰੈ**

**ਅਬ ਕਿਆ ਕਰਹਿ ਪਰਾਨੀ ॥ ੧ ॥**

ਰੂਧਾ = ਰੁਕ ਗਿਆ ।

ਗਲ ਬਲਗਮ ਨਾਲ ਰੁਕ ਗਿਆ ਹੈ, ਸ਼ਬਦ ਉਚਾਰਿਆ ਨਹੀਂ ਜਾਂਦਾ, ਹੇ ਪ੍ਰਾਣੀ ਹੁਣ ਕੀ ਕਰੇਂਗਾ, ਭਾਵ ਹੁਣ ਨਾਮ ਨਹੀਂ ਜਪਿਆ ਜਾਣਾਂ ।

(ਵਾਹਿਗੁਰੂ ਅਗੇ ਬੇਨਤੀ)

**ਰਾਮ ਰਾਇ ਹੋਹਿ ਬੈਦ ਬਨਵਾਰੀ ॥**

**ਅਪਨੇ ਸੰਤਹ ਲੇਹੁ ਉਬਾਰੀ ॥ ੧ ॥ ਰਹਾਉ ॥**

ਬਨਵਾਰੀ = ਸੰਸਾਰ, ਬਣ ਵਾੜੀ ॥ ਉਬਾਰੀ = ਤਾਰ ।

ਹੇ ਸੰਸਾਰ ਵਾੜੀ ਦੇ ਮਾਲਕ ਪ੍ਰਕਾਸ਼ਕ ਵਾਹਿਗੁਰੂ ਹੁਣ ਤੁਸੀਂ ਇੱਕੁਰ ਦੇ ਜੀਵਾਂ ਵਾਸਤੇ ਵੈਦ ਬਣੋਂ, ਆਪਣੇ ਸੰਤਾਂ ਨੂੰ ਰੱਖ ਲਵੋ ।

(ਰੋਗ ਦਾ ਪੂਰਬ ਰੂਪ ਵਰਨਨ)

**ਮਾਥੇ ਪੀਰ ਸਰੀਰਿ ਜਲਨਿ ਹੈ ਕਰਕ ਕਰੇਜੇ ਮਾਹੀ ॥**

**ਐਸੀ ਬੇਦਨ ਉਪਜਿ ਖਰੀ ਭਈ ਵਾ ਕਾ ਅਉਖਧੁ ਨਾਹੀ ॥ ੨ ॥**

ਪੀਰ = ਪੀੜਾ ॥ ਕਰਕ = ਪੀੜਾ ॥ ਬੇਦਨ = ਪੀੜਾ । ਅਉਖਧੁ = ਦਵਾਈ ॥

ਮੱਥੇ ਵਿਚ ਪੀੜਾ ਹੁੰਦੀ ਹੈ, ਸਰੀਰ ਸੜਦਾ ਹੈ, ਕਲੇਜੇ ਵਿਚ ਪੀੜਾ ਹੈ, ਇੱਕੁਰ ਦੀ ਪੀੜਾ ਉਠ ਖੜੀ ਹੋਈ ਹੈ, ਤਿਸਦਾ ਇਲਾਜ ਦਵਾਈ ਤੁਹਾਥੋਂ ਬਿਨਾਂ ਹੋਰ ਕੋਈ ਨਹੀਂ ਕਰ ਸਕਦਾ ਭਾਵ ਤੁਹਾਥੋਂ ਬਿਨਾ ਹੋਰ ਇਲਾਜ ਕੋਈ ਨਹੀਂ "ਸ਼ੰਕਾ" ਕੋਈ ਵੀ ਇਲਾਜ ਨਹੀਂ ? 'ਉੱਤਰ'

**ਹਰਿ ਕਾ ਨਾਮੁ ਅੰਮ੍ਰਿਤ ਜਲੁ ਨਿਰਮਲੁ ਇਹੁ**

**ਅਉਖਧੁ ਜਗਿ ਸਾਰਾ ॥ ਗੁਰਪ੍ਰਸਾਦਿ ਕਹੈ ਜਨੁ ਭੀਖਨੁ**

**ਪਾਵਉ ਮੋਖ ਦੁਆਰਾ ॥੩ ॥ ੧ ॥**

ਵਾਹਿਗੁਰੂ ਆਪਦਾ ਨਾਮ ਰੂਪ ਅੰਮ੍ਰਿਤ ਏਹੁ ਨਿਰਮਲ ਜਲ ਸਾਰੇ ਜਗ ਦੀ ਦਵਾਈ ਹੈ, ਗੁਰਾਂ ਦੀ ਕ੍ਰਿਪਾ ਕਰਕੇ ਦਾਸ ਭੀਖਣ ਕਹਿੰਦਾ ਹੈ, ਮੁਕਤੀ ਦਾ ਦਰਵਾਜ਼ਾ ਮੈਂ ਪਾਵਾਂਗਾ ਵਾ ਤੁਸੀ ਪਾਵੋ ।

**ਐਸਾ ਨਾਮੁ ਰਤਨੁ ਨਿਰਮੋਲਕੁ ਪੁੰਨਿ ਪਦਾਰਥੁ**

**ਪਾਇਆ ॥ ਅਨਿਕ ਜਤਨ ਕਰਿ ਹਿਰਦੈ ਰਾਖਿਆ**

**ਰਤਨੁ ਨ ਛਪੈ ਛਪਾਇਆ ॥ ੧ ॥**

ਜਿੱਕੁਰ ਦਾ ਨਾਮ ਰਤਨੁ ਅਨਮੁੱਲਾ ਪਿਛਲੇ ਪੁੰਨ ਰੂਪ ਪਦਾਰਥ ਕਰਕੇ ਪਾਇਆ ਹੈ, ਅਨੇਕ ਯਤਨ ਕਰਕੇ ਰਿਦੇ ਵਿਚ ਛਪਾ ਰਖਿਆ ਹੈ ਪਰ ਓਹ ਰਤਨ ਛਪਾਇਆ ਹੋਇਆ ਛਪਦਾ ਨਹੀਂ ਹੈ । (੪੫੦ = ੧੧ ਕਬਿਤ ਭਾਈ ਗੁਰਦਾਸ ਜੀ ਦਾ ਦੇਖੋ)

**ਹਰਿ ਗੁਨ ਕਹਤੇ ਕਹਨੁ ਨ ਜਾਈ ॥**
**ਜੈਸੇ ਗੂੰਗੇ ਕੀ ਮਠਿਆਈ ॥ ੧ ॥ ਰਹਾਉ ॥**

ਹੇ ਭਾਈ ਜੇ ਅਸੀਂ ਵਾਹਿਗੁਰੂ ਦੇ ਗੁਣਾਂ ਦਾ ਅਨੰਦ ਕਹਿਣੇ ਹਾਂ ਤਾਂ ਸਾਡੇ ਪਾਸੋਂ ਕਿਹਾ ਨਹੀਂ ਜਾਂਦਾ ਜਿੱਕੁਰ ਗੂੰਗੇ ਦੀ ਮਠਿਆਈ ਹੁੰਦੀ ਹੈ ਭਾਵ ਗੂੰਗੇ ਪਾਸੋਂ ਮਠਿਆਈ ਦਾ ਅਨੰਦ ਨਹੀਂ ਕਿਹਾ ਜਾਂਦਾ ॥

**ਰਸਨਾ ਰਮਤ ਸੁਨਤ ਸੁਖੁ ਸ੍ਰਵਨਾ ਚਿਤ ਚੇਤੇ ਸੁਖੁ ਹੋਈ ॥ ਕਹੁ ਭੀਖਨ ਦੁਇ ਨੈਨ ਸੰਤੋਖੇ ਜਹ ਦੇਖਾਂ ਤਹ ਸੋਈ ॥ ੨ ॥ ੨ ॥**

ਰਮਤ = ਉਚਾਰਨਾ ॥ ਸ੍ਰਵਨਾ = ਕੰਨ । ਚੇਤੇ = ਯਾਦ ।

ਰਸਨਾ ਕਰਕੇ ਜਪਦੇ ਹਾਂ ਤਾਂ ਸੁਖ ਹੁੰਦਾ ਹੈ, ਕੰਨਾਂ ਕਰਕੇ ਸੁਣਦੇ ਹਾਂ ਤਾਂ ਸੁਖ ਹੁੰਦਾ ਹੈ, ਚਿਤ ਕਰਕੇ ਯਾਦ ਕਰਦੇ ਹਾਂ ਤਾਂ ਸੁਖ ਹੁੰਦਾ ਹੈ, ਭੀਖਨ ਜੀ ਕਹਿੰਦੇ ਹਨ ਦੋਵੇਂ ਹੀ ਨੇਤਰ ਮਾੜੀ ਦ੍ਰਿਸ਼ਟੀ ਵਲੋਂ ਸੰਤੋਖੇ ਗਏ ਹਨ ਅਤੇ ਜਿਥੇ ਦੇਖਦਾ ਹਾਂ ਓਥੇ ਹੀ ਵਾਹਿਗੁਰੂ ਹੈ ॥

(ਸਨਮੁਖ ਬੇਨਤੀ)

# ਰਾਗ ਧਨਾਸਰੀ

## ਰਾਗੁ ਧਨਾਸਰੀ ਬਾਣੀ ਭਗਤ ਕਬੀਰ ਜੀ ਕੀ

**੧ ਓ ਸਤਿਗੁਰਪ੍ਰਸਾਦਿ ॥**

**ਸਨਕ ਸਨੰਦ ਮਹੇਸ ਸਮਾਨਾਂ ॥**
**ਸੇਖ ਨਾਗਿ ਤੇਰੋ ਮਰਮੁ ਨ ਜਾਨਾਂ ॥ ੧ ॥**

ਮਰਮ = ਭੇਤ ॥

ਸਨਕ ਸਨੰਦਨ ਆਦਿਕ ਬ੍ਰਹਮਾ ਦੇ ਚਾਰ ਪੁਤ੍ਰ ਅਤੇ ਸ਼ਿਵ ਜੀ ਅਤੇ ਹੋਰ ਜੇਹੜੇ ਸ਼ਿਵ ਜੀ ਦੇ ਸਮਾਨ ਹਨ, ਸ਼ੇਸ਼ਨਾਗ ਨੇ ਵੀ ਤੇਰਾ ਭੇਤ ਨਹੀਂ ਜਾਣਿਆ ।

## ਸੰਤ ਸੰਗਤਿ ਰਾਮੁ ਰਿਦੈ ਬਸਾਈ ॥ ੧ ॥ ਰਹਾਉ ॥

ਮੈਂ ਸੰਤਾਂ ਦੀ ਸਤਿ ਸੰਗਤ ਵਿਚ ਜਾਕੇ ਵਾਹਿਗੁਰੂ ਦੀ ਭਗਤੀ ਰਿਦੇ ਵਿਚ ਵਸਾਈ ਹੈ।

## ਹਨੂਮਾਨ ਸਰਿ ਗਰੁੜ ਸਮਾਨਾਂ ॥
## ਸੁਰਪਤਿ ਨਰਪਤਿ ਨਹੀ ਗੁਨ ਜਾਨਾਂ ॥ ੨ ॥

ਸਰ = ਬਰਾਬਰ ॥ ਸੁਰਪਤਿ = ਇੰਦਰ ॥ ਨਰਪਤਿ = ਰਾਜੇ ॥

ਹਨੂਮਾਨ ਦੇ ਸਮਾਨ ਗਰੜ ਦੇ ਸਮਾਨ ਜਿਨੇਕੁ ਹਨ, ਇੰਦਰ ਰਾਜੇ ਇਤਜਾਦਿਕ ਨੇ ਹੇ ਵਾਹਿਗੁਰੂ ਤੇਰਾ ਗੁਣ ਨਹੀਂ ਜਾਣਿਆਂ। ਭਾਵ ਤੂੰ ਏਨ੍ਹਾਂ ਉਪਰ ਬਹੁਤ ਪਰ ਉਪਕਾਰ ਕੀਤਾ ਹੈ ਪਰ ਏਹ ਤੇਰੇ ਪਰਤਾਪ ਨੂੰ ਨਹੀਂ ਜਾਣ ਸਕੇ ॥

## ਚਾਰਿ ਬੇਦ ਅਰੁ ਸਿੰਮ੍ਰਿਤਿ ਪੁਰਾਨਾਂ ॥
## ਕਮਲਾ ਪਤਿ ਕਵਲਾ ਨਹੀ ਜਾਨਾਂ ॥ ੩ ॥

ਕਮਲਾ ਪਤਿ = ਵਿਸ਼ਨ। ਕਵਲਾ = ਲਛਮੀ ॥

ਚਵਾਂ ਵੇਦਾਂ ਦੇ ਕਰਤਾ ਬ੍ਰਹਮਾ ਅਤੇ ਸਿੰਮ੍ਰਿਤੀਆਂ ਪੁਰਾਨਾਂ ਦੇ ਕਰਤਾ ਮਨੂ, ਯਾਗਵਲਕਾਦਿਕ ਵਿਸ਼ਨੂੰ ਲਖਮੀ ਨੇ ਨਹੀਂ ਜਾਣਿਆਂ।

## ਕਹਿ ਕਬੀਰ ਸੋ ਭਰਮੈ ਨਾਹੀ ॥
## ਪਗਲਗਿ *ਰਾਮ ਰਹੈ ਸਰਨਾਂਹੀ ॥ ੪ ॥ ੧ ॥

ਕਬੀਰ ਜੀ ਕਹਿੰਦੇ ਹਨ ਸੋ ਆਦਮੀ ਭਰਮਦਾ ਨਹੀਂ ਹੈ ਜੇਹੜਾ ਵਾਹਿਗੁਰੂ ਦੇ ਚਰਨਾ ਦੀ ਸ਼ਰਨ ਲਗ ਰਹਿੰਦਾ ਹੈ ॥

## ਦਿਨ ਤੇ ਪਹਰ ਪਹਰ ਤੇ ਘਰੀਆਂ ਆਵ ਘਟੈ ਤਨੁ ਛੀਜੈ ॥

*ਇਸ ਰਾਮ ਪਦ ਤੋਂ ਸਿਧ ਹੋਇਆ ਕਿ ਰਾਮ ਨਾਮ, ਵਾਹਿਗੁਰੂ ਦਾ ਹੀ ਹੈ, ਪਿਛੇ ਅਗੇ ਜਿਨੇ ਪਦ ਰਘਪਤਿ ਰਾਮ ਆਏ ਹਨ ਅਤੇ ਔਣਗੇ ਉਹ ਸ੍ਰੀ ਰਾਮ ਚੰਦਰ ਜੀ ਦਸਰਥ ਦੇ ਪੁਤ੍ਰ ਦੇ ਵਾਚਕ ਨਹੀਂ ਕਿਉਂਕਿ ਉਪਰੋਕਤ ਸਭ ਸ਼ਿਵ, ਬ੍ਰਹਮਾ, ਵਿਸ਼ਨੂੰ, ਆਦਿਕ ਕਿਸੇ ਦੇ ਗੁਨ ਨਹੀਂ ਜਾਣਦੇ, ਦੇਖੋ–

ਕਬੀਰ ਰਾਮ ਕਹਨ ਮਹਿ ਭੇਦੁ ਹੈ ਤਾ ਮਹਿ ਏਕ ਬਿਚਾਰ।
ਸੋਈ ਰਾਮ ਸਭੈ ਕਹੈ ਸੋਈ ਕਉਤਕ ਹਾਰ ॥ (੧੯੯)
ਕਬੀਰ ਰਾਮੈ ਰਾਮ ਕਹੁ ਕਹਿਬੇ ਮਾਹਿ ਬਿਬੇਕ।
ਏਕੁ ਅਨੇਕਹਿ ਮਿਲ ਗਇਆ ਏਕ ਸਮਾਨਾ ਏਕ॥ (੧੯੦)

**ਕਾਲੁ ਅਹੇਰੀ ਫਿਰੈ ਬਧਿਕ ਜਿਉ**
**ਕਹਹੁ ਕਵਨ ਬਿਧਿ ਕੀਜੈ ॥ ੧ ॥**

ਅਹੇਰੀ = ਸ਼ਿਕਾਰੀ ॥ ਬਧਿਕ = ਮਾਰਨ ਵਾਲਾ ਫੰਦਕ ॥
ਆਵ = ਉਮਰ ॥ ਛੀਜੈ = ਨਾਸ ॥

ਦਿਨ ਤੇ ਪਹਰ ਪਹਰ ਤੇ ਘੜੀਆਂ ਦੀ ਮਿਣਿਆ ਕਰਕੇ ਉਮਰ ਘਟ ਰਹੀ ਹੈ ਅਤੇ ਸਰੀਰ ਨਾਸ ਹੋ ਰਿਹਾ ਹੈ । ਕਾਲ ਸ਼ਿਕਾਰੀ ਫੰਦਕ ਵਾਂਙੂ ਵੇਖਦਾ ਫਿਰਦਾ ਹੈ । ਕਹੋ ਖਾਂ (ਹੇ ਭਾਈ) ਕੀ ਬਿਧੀ ਕਰੀਏ ?

**ਸੋ ਦਿਨੁ ਆਵਨ ਲਾਗਾ ॥ ਮਾਤ ਪਿਤਾ ਭਾਈ ਸੁਤ**
**ਬਨਿਤਾ ਕਹਹੁ ਕੋਊ ਹੈ ਕਾਕਾ ॥ ੧ ॥ ਰਹਾਉ ॥**

ਬਨਿਤਾ = ਇਸਤ੍ਰੀ ॥

ਸੋ ਉਹ ਮਰਨ ਦਾ ਦਿਨ ਔਣ ਲਗਾ ਹੈ ਮਾਂ, ਪਿਓ, ਭਾਈ, ਪੁਤ੍ਰ, ਇਸਤ੍ਰੀ ਕਹੋ ਖਾਂ ਕੌਣ ਹੈ ਕਿਸੇ ਦਾ ?

**ਜਬ ਲਗੁ ਜੋਤਿ ਕਾਇਆ ਮਹਿ ਬਰਤੈ ਆਪਾ ਪਸੂ ਨ ਬੂਝੈ ॥**
**ਲਾਲਚ ਕਰੈ ਜੀਵਨ ਪਦ ਕਾਰਨ ਲੋਚਨ ਕਛੂ ਨ ਸੂਝੈ ॥ ੨ ॥**

ਲੋਚਨ = ਨੇਤ੍ਰ ॥

ਜਿੰਨਾਂ ਚਿਰ ਚੇਤਨ ਕਲਾ ਜੋਤਿ ਕਾਇਆਂ ਵਿਚ ਵਰਤਦੀ ਹੈ ਉਨਾਂ ਚਿਰ ਪਸੂ ਆਪਣੇ ਆਪਨੂੰ ਨਹੀਂ ਬੁਝਦਾ । ਭਾਵ ਜਿੰਨਾਂ ਚਿਰ ਜੀਉਂਦਾ ਹੈ ਤਦਨੰਤਰ ਵਾਹਿਗੁਰੂ ਨੂੰ ਨਹੀਂ ਜਪਦਾ, ਜੀਵਨ ਪਦ ਵਾਸਤੇ ਲਾਲਚ ਕਰਦਾ ਹੈ (ਹਾਇ ! ਨੇਤ੍ਰੀਂ ਕੁਝ ਨਹੀਂ ਦਿਸਦਾ ) ।

**ਕਹਤ ਕਬੀਰ ਸੁਨਹੁ ਰੇ ਪ੍ਰਾਨੀ ਛੋਡਹੁ ਮਨ ਕੇ ਭਰਮਾ ॥**
**ਕੇਵਲ ਨਾਮੁ ਜਪਹੁ ਰੇ ਪ੍ਰਾਨੀ ਪਰਹੁ ਏਕ ਕੀ ਸਰਨਾ ॥੩॥ ੨ ॥**

ਕਬੀਰ ਜੀ ਕਹਿੰਦੇ ਹਨ ਹੇ ਪ੍ਰਾਣੀ ਮਨ ਦੇ ਭਰਮ ਛਡ ਦੇ ਕੇਵਲ ਨਾਮ ਜਪੋ, ਅਤੇ ਇਕ ਦੀ ਸ਼ਰਨ ਪਵੋ ।

**ਜੋ ਜਨੁ ਭਾਉ ਭਗਤਿ ਕਛੁ ਜਾਨੈ ਤਾਕਉ ਅਚਰਜੁ ਕਾਹੋ ॥**

ਜੇਹੜਾ ਆਦਮੀ ਥੋੜੀ ਜੇਹੀ ਵਾਹਿਗੁਰੂ ਦੀ ਪ੍ਰੇਮਾ ਭਗਤੀ ਕਰਨੀ ਜਾਣੇ ਤਿਸਨੂੰ (ਆਪਣੇ ਆਪ ਨੂੰ ਵਾਹਿਗੁਰੂ ਰੂਪ) ਕਹਿਣਾਂ ਅਸਚਰਜ ਕਿਆ ਹੈ ।

**ਜਿਉ ਜਲੁ ਜਲ ਮਹਿ ਪੈਸਿ ਨ ਨਿਕਸੈ**
**ਤਿਉ ਢੁਰਿ ਮਿਲਿਓ ਜੁਲਾਹੋ ॥ ੧ ॥**

ਜਿਕੁਰ ਪਾਣੀ, ਪਾਣੀ ਵਿਚ ਪੈਕੇ ਨਹੀਂ ਨਿਕਲਦਾ ਇਕੁਰ ਪਾਣੀ ਵਾਙੂ ਢਲਕੇ ਜੁਲਾਹਾ ਵਾਹਿਗੁਰੂ ਨਾਲ ਮਿਲ ਗਿਆ ਹੈ।

**ਹਰਿ ਕੇ ਲੋਗਾ ਮੈ ਤਉ ਮਤਿ ਕਾ ਭੋਰਾ ॥**
**ਜਉ ਤਨੁ ਕਾਸੀ ਤਜਹਿ ਕਬੀਰਾ**
**ਰਮਈਐ ਕਹਾ ਨਿਹੋਰਾ ॥ ੧ ॥ ਰਹਾਉ ॥**

ਨਿਹੋਰਾ = ਤਰਲਾ ॥

ਹੇ ਹਰੀ ਦੇ ਲੋਕੋ ਮੈਂ ਤਾਂ ਮਤਿ ਦਾ ਭੋਲਾ ਹਾਂ, ਜੇ ਕਾਂਸ਼ੀ ਵਿਚ ਕਬੀਰ ਸਰੀਰ ਛਡੇ ਤਾਂ ਵਾਹਿਗੁਰੂ ਦਾ ਕੀ ਤਰਲਾ ਹੈ।

**ਕਹਤੁ ਕਬੀਰੁ ਸੁਨਹੁ ਰੇ ਲੋਈ ਭਰਮਿ ਨ ਭੂਲਹੁ ਕੋਈ ॥**
**ਕਿਆ ਕਾਸੀ *ਕਿਆ ਊਖਰੁ ਮਗਹਰੁ**
**ਰਾਮੁ ਰਿਦੈ ਜਉ ਹੋਈ ॥ ੨ ॥ ੩ ॥**

ਲੋਈ = ਇਸਤ੍ਰੀ ਵਾ ਲੋਕੀ ॥ ਊਖਰ = ਕਲਰ ॥

ਕਬੀਰ ਜੀ ਕਹਿੰਦੇ ਹਨ ਸੁਣੋਂ ਹੇ ਲੋਈ ਭਰਮ ਵਿਚ ਕੋਈ ਵੀ ਨ ਭੁਲੋ, ਕੀ ਕਾਂਸ਼ੀ ਅਤੇ ਕੀ ਕੱਲਰ ਵਾਲੀ ਧਰਤੀ ਮਗਹਰ ਹੈ, ਜੇ ਵਾਹਿਗੁਰੂ ਰਿਦੇ ਵਿਚ ਹੋਵੇ।

**ਇੰਦ੍ਰ ਲੋਕ ਸਿਵ ਲੋਕਹਿ ਜੈਬੋ ॥**
**ਓਛੇ ਤਪ ਕਰਿ ਬਾਹੁਰਿ ਐਬੋ ॥ ੧ ॥**

(ਤਪਾਂ ਦੇ ਪਰਤਾਪ ਕਰਕੇ) ਇੰਦ੍ਰ ਲੋਕ ਸ਼ਿਵ ਲੋਕ ਵਿਚ ਜਾਣਾਂ ਕਿਆ ਹੈ, ਕਿਉਂਕਿ ਹੋਛੇ ਤਪਾਂ ਕਰਕੇ ਫਿਰ ਬਾਹਰ ਆਉਂਣਾ ਪੈਂਦਾ ਹੈ, ਭਾਵ ਉਨ੍ਹਾਂ ਲੋਕਾਂ ਵਿਚ ਪੁੰਨ ਮੁਕ ਜਾਣ ਨਾਲ ਧੱਕੇ ਪੈਂਦੇ ਹਨ।

**ਕਿਆ ਮਾਂਗਉ ਕਿਛੁ ਥਿਰੁ ਨਾਹੀ ॥**
**ਰਾਮ ਨਾਮ ਰਖੁ ਮਨ ਮਾਹੀ ॥ ੧ ॥ ਰਹਾਉ ॥**

ਕਿਆ ਮੰਗਾਂ ਕੋਈ ਇਸਥਿਤ ਰਹਿਣ ਵਾਲਾ ਨਹੀਂ ਹੈ, ਇਸ ਲਈ ਮੈਂ ਵਾਹਿਗੁਰੂ ਦਾ ਨਾਮ ਮਨ ਵਿਚ ( ਪਰੋਇ ) ਰਖਿਆ ਹੈ ਵਾ ਤੂੰ ਰਖ।

*ਸ਼ਿਵਾਂ ਦੇ ਵਰ ਕਰਕੇ ਲੋਕ ਕਾਂਸ਼ੀ ਵਿਚ ਮਰਨਾ ਹੱਛਾ ਸਮਝਦੇ ਸੇ ਅਤੇ ਮਗਹਰ ਦੇਸ ਨੂੰ ਸਰਾਪ ਹੋਣ ਕਰਕੇ ਉਥੇ ਮਰਨਾ ਬੁਰਾ ਸਮਝਦੇ ਸੇ ਤਿਸ ਪ੍ਰਥਾਇ ਕਬੀਰ ਜੀ ਨੇ ਕਿਹਾ ਹੈ।

**ਸੋਭਾ ਰਾਜ ਬਿਭੈ ਵਡਿਆਈ ॥**
**ਅੰਤਿ ਨ ਕਾਹੂ ਸੰਗ ਸਹਾਈ ॥ ੨ ॥**

ਬਿਭੈ = ਨਾਨਾ ਤਰਾਂ ਦੀ ਵਿਭੂਤੀ ॥

ਲੋਕਾਂ ਵਿਚ ਸੋਭਾ, ਰਾਜ, ਵਿਭੂਤੀ ਵਡਿਆਈ ਏਹ ਸਾਰੇ ਮਰਨ ਵੇਲੇ ਕਿਸੇ ਦੇ ਵੀ ਸਹਾਈ ਨਹੀਂ ਹੁੰਦੇ।

**ਪੁਤ੍ਰ ਕਲਤ੍ਰ ਲਛਮੀ ਮਾਇਆ ॥**
**ਇਨ ਤੇ ਕਹੁ ਕਵਨੈ ਸੁਖੁ ਪਾਇਆ ॥੩॥**

ਕਲਤ੍ਰ = ਇਸਤ੍ਰੀ ॥ ਲੱਛਮੀ = ਦੌਲਤ ॥ ਮਾਇਆ = ਛਲ ਰੂਪ

ਪੁਤ੍ਰ, ਇਸਤ੍ਰੀ, ਦੌਲਤ, ਸਭ ਛਲ ਰੂਪ ਹਨ, ਏਨਾਂ ਤੋਂ ਕਹੋ ਖਾਂ ਕਿਸ ਨੇ ਸੁਖ ਪਾਯਾ ਹੈ ?

**ਕਹਤ ਕਬੀਰ ਅਵਰ ਨਹੀ ਕਾਮਾ ॥**
**ਹਮਰੈ ਮਨ ਧਨ ਰਾਮ ਕੋ ਨਾਮਾ ॥ ੪ ॥ ੪ ॥**

ਕਬੀਰ ਜੀ ਕਹਿੰਦੇ ਹਨ ਕੋਈ ਪਦਾਰਥ ਮੇਰੇ ਕੰਮ ਦਾ ਨਹੀਂ ਹੈ ਤੇ ਨਾ ਮੇਰਾ ਕਿਸੇ ਨਾਲ ਕੰਮ ਹੈ ਮੇਰੇ ਮਨ ਵਿਚ ਵਾਹਿਗੁਰੂ ਦਾ ਨਾਮ ਧਨ ਹੈ।

**ਰਾਮ ਸਿਮਰਿ ਰਾਮ ਸਿਮਰਿ ਰਾਮ ਸਿਮਰਿ ਭਾਈ ॥**
**ਰਾਮ ਨਾਮ ਸਿਮਰਨ ਬਿਨੁ ਬੂਡਤੇ ਅਧਿਕਾਈ ॥੧॥ ਰਹਾਉ ॥**

ਹੇ ਭਾਈ ਤਿੰਨ ਵਾਰੀ ਵਾਹਿਗੁਰੂ ਨੂੰ ਯਾਦ ਕਰ ਵਾਹਿਗੁਰੂ ਦੇ ਨਾਮ ਸਿਮਰਨ ਤੋਂ ਬਿਨਾਂ ਬਹੁਤੇ ਡੁਬਦੇ ਹਨ ॥

**ਬਨਿਤਾ ਸੁਤ ਦੇਹ ਗ੍ਰੇਹ ਸੰਪਤਿ ਸੁਖਦਾਈ ॥**
**ਇਨ੍ਹ ਮੈ ਕਛੁ ਨਾਹਿ ਤੇਰੋ ਕਾਲ ਅਵਧ ਆਈ ॥ ੧ ॥**

ਬਨਿਤਾ = ਇਸਤ੍ਰੀ ॥ ਗ੍ਰੇਹ = ਘਰ ॥ ਅਵਧ = ਉਮਰ ॥

ਇਸਤ੍ਰੀ, ਪੁਤ੍ਰ, ਦੇਹ, ਘਰ, ਹੋਰ ਰਾਜ ਦੀ ਸਾਮੱਗ੍ਰੀ ਜੇਹੜੀ ਸੁਖਦ ਈ ਹੈ ਏਨਾਂ ਵਿਚ ਤੇਰਾ ਕੁਝ ਨਹੀਂ ਹੈ ਭਾਵ ਤੇਰਾ ਸਹਾਈ ਨਹੀਂ ਤੇਰੀ ਤਾਂ ਕਾਲ ਦੀ ਔਧੀ ਪ੍ਰਾਣ ਦੀ ਆਈ ਹੈ ਭਾਵ ਤੇਰੀ ਮੌਤ ਜਦ ਆਵੇਗੀ।

**ਅਜਾਮਲ ਗਜ ਗਨਿਕਾ ਪਤਿਤ ਕਰਮ ਕੀਨੇ ॥**
**ਤੇਊ ਉਤਰਿ ਪਾਰਿ ਪਰੇ ਰਾਮ ਨਾਮ ਲੀਨੇ ॥ ੨ ॥**

ਗਜ = ਹਾਥੀ ॥ ਪਤਿਤ = ਪਾਪੀਆਂ ਵਾਲੇ ॥

ਅਜਾਮਲ, ਹਾਥੀ, ਗਨਿਕਾ ਨੇ ਪਾਪੀਆਂ ਵਾਲੇ ਕੰਮ ਕੀਤੇ ਸਨ ਪਰ ਅੰਤ ਨੂੰ ਵਾਹਿਗੁਰੂ ਦਾ ਨਾਮ ਲੈਣ ਕਰਕੇ ਓਹ ਵੀ ਸੰਸਾਰ ਸਮੁੰਦਰ ਤੋਂ ਪਾਰ ਹੋ ਗਏ।

**ਸੂਕਰ ਕੂਕਰ ਜੋਨਿ ਭ੍ਰਮੇ ਤਊ ਲਾਜ ਨ ਆਈ ॥**
**ਰਾਮ ਨਾਮ ਛਾਡਿ ਅੰਮ੍ਰਿਤ ਕਾਹੇ ਬਿਖੁ ਖਾਈ ॥ ੩ ॥**

ਸੂਰਾਂ ਕੁਤਿਆਂ ਦੀਆਂ ਜੂਨਾਂ ਵਿਚ ਭਰਮਦਿਆਂ (ਹਾਇ ਅਫਸੋਸ ਤੇਨੂੰ) ਫਿਰ ਵੀ ਲਜਿਆ ਨਹੀਂ ਆਈ ਵਾਹਿਗੁਰੂ ਦਾ ਨਾਮ ਅੰਮ੍ਰਿਤ ਛੱਡਕੇ ਵਿਸ਼ੇ ਰੂਪ ਵਿਹੁ ਕਿਉਂ ਖਾਈ ਜਾਂਦੇ ਹੋ।

**ਤਜਿ ਭਰਮ ਕਰਮ ਬਿਧਿ ਨਿਖੇਧ ਰਾਮ ਨਾਮੁ ਲੇਹੀ ॥**
**ਗੁਰ ਪ੍ਰਸਾਦਿ ਜਨ ਕਬੀਰ ਰਾਮੁ ਕਰਿ ਸਨੇਹੀ ॥ ੪ ॥ ੫ ॥**

ਸਨੇਹੀ = ਪ੍ਰੇਮੀ।

ਵਿਧੀ = ਨਿਖੇਧੀ, ਸ਼ਾਸਤ੍ਰ ਦੇ ਅਨੁਸਾਰ ਅਤੇ ਨਾ ਅਨੁਸਾਰ ਕਰਨੇ ਭਰਮ ਰੂਪ ਕਰਮ ਛੱਡ ਦੇਹ, ਇਕ ਵਾਹਿਗੁਰੂ ਦਾ ਨਾਮ ਲੈ ਗੁਰਾਂ ਦੀ ਕਿਰਪਾ ਕਰਕੇ ਦਾਸ ਕਬੀਰ ਕਹਿੰਦਾ ਹੈ ਤੂੰ ਇਕ ਵਾਹਿਗੁਰੂ ਨੂੰ ਆਪਣਾ ਪਿਆਰਾ ਕਰ॥

## ਧਨਾਸਰੀ ਬਾਣੀ ਭਗਤ ਨਾਮਦੇਵ ਜੀ ਕੀ

**ੴ ਸਤਿਗੁਰਪ੍ਰਸਾਦਿ ॥ ॥ ਗਹਰੀ ਕਰਿ ਕੈ ਨੀਵ ਖੁਦਾਈ ਊਪਰਿ ਮੰਡਪ ਛਾਏ ॥ ਮਾਰਕੰਡੇ ਤੇ ਕੋ ਅਧਕਾਈ ਜਿਨਿ ਤ੍ਰਿਣ ਧਰਿ ਮੂੰਡ ਬਲਾਏ ॥ ੧॥**

ਗਹਰੀ = ਡੂੰਘੀ। ਮੰਡਪ = ਮੰਦਰ। ਮਾਰਕੰਡੇ = ਰਿਖੀ।
ਮੂੰਡ = ਸਿਰ। ਬਲਾਏ = ਬਤੀਤ।

ਹੇ ਭਾਈ ਤੂੰ ਡੂੰਘੀ ਕਰਕੇ ਨੀਹੁ ਪੁਟਾਈ ਹੈ ਅਤੇ ਉਸ ਉਤੇ ਮਕਾਨ ਬਣਵਾਏ ਹਨ ਤੇਰੀ ਉਮਰ ਥੋੜੀ ਹੈ "ਮਾਰਕੰਡੇ ਰਿਖੀ ਤੋਂ ਬਾਹਲੀ ਉਮਰ ਵਾਲਾ ਕੇਹੜਾ ਹੈ" ਜਿਨ ਘਾਹ ਦੀਆਂ ਤਿੜਾਂ ਸਿਰ ਤੇ ਰਖਕੇ ਦਿਨ ਬਤੀਤ ਕੀਤੇ ਹਨ ਭਾਵ ਤਿਸ ਨੇ ਵੀ ਛਪਰ ਬਣਾਕੇ ਗੁਜ਼ਾਰਾ ਕੀਤਾ ਸੀ।

**ਹਮਰੋ ਕਰਤਾ ਰਾਮੁ ਸਨੇਹੀ ॥ ਕਾਹੇ ਰੇ ਨਰ ਗਰਬੁ ਕਰਤ ਹਹੁ ਬਿਨਸਿ ਜਾਇ ਝੂਠੀ ਦੇਹੀ ॥ ੧ ॥ ਰਹਾਉ ॥**

ਸਨੇਹੀ = ਪ੍ਰੇਮੀ।

ਸਾਡਾ ਕਰਤਾ ਵਾਹਿਗੁਰੂ ਪਿਆਰਾ ਹੈ, ਹੇ ਭਾਈ ਕਿਸ ਵਾਸਤੇ ਹੰਕਾਰ ਕਰਦੇ ਹੋ ਏਹ ਝੂਠੀ ਦੇਹੀ ਨਾਸ ਹੋ ਜਾਵੇਗੀ।

**ਮੇਰੀ ਮੇਰੀ ਕੈਰਉ ਕਰਤੇ ਦੁਰਜੋਧਨ ਸੇ ਭਾਈ ॥**
**ਬਾਰਹ ਜੋਜਨ ਛਤ੍ਰ ਚਲੈ ਥਾ ਦੇਹੀ ਗਿਰਝਨ ਖਾਈ ॥ ੨ ॥**

ਮੇਰੀ ਮੇਰੀ ਕੈਰੋਂ ਕਰਦੇ ਮਰ ਗਏ ਜਿਨ੍ਹਾਂ ਦੇ ਦੁਰਯੋਧਨ ਵਰਗੇ ਬਲੀ ਭਾਈ ਸਨ, ਅਠਤਾਲੀ ਕੋਹ ਤਕ ਜਿਸ ਦੁਰਯੋਧਨ ਦਾ ਛਤਰ ਚਲਿਆ ਹੋਇਆ ਸੀ, ਭਾਵ ਸਿਰ ਤੇ ਛਤਰੀਆਂ ਝੁਲਦੀਆਂ ਸਨ, ਤੇ ਹੇਠਾਂ ਹੇਠਾਂ ਦੀ ਭੀਖਮ ਪਾਸ ਚਲਿਆ ਗਿਆ ਸੀ ਵਾ ਜਸ ਰੂਪ ਛਤਰ ਛਾਇਆ ਹੋਇਆ ਸੀ, ਅੰਤ ਨੂੰ ਉਸ ਦੀ ਦੇਹੀ ਗਿਰਝਾਂ ਨੇ ਖਾਧੀ ਵਾ ਗਿਰਝਾਂ ਵੀ ਨ ਕਬੂਲੀ॥

**ਸਰਬ ਸੋਇਨ ਕੀ ਲੰਕਾ ਹੋਤੀ ਰਾਵਨ ਸੇ ਅਧਿਕਾਈ॥**
**ਕਹਾ ਭਇਓ ਦਰਿ ਬਾਂਧੇ ਹਾਥੀ ਖਿਨ ਮਹਿ ਭਈ ਪਰਾਈ॥ ੩॥**

ਜਿਸਦੀ ਸਾਰੀ ਸੋਨੇ ਦੀ ਲੰਕਾ ਹੁੰਦੀ ਸੀ ਰਾਵਨ ਵਰਗੇ ਵਡੇ ਬੜੇ ਬਲੀ ਸਨ, ਕਿਆ ਹੋਇਆ ਜੇ ਬੂਹੇ ਤੇ ਹਾਥੀ ਬੰਨ ਲਏ ਓਹ ਲੰਕਾ ਛਿਨ ਵਿਚ ਪਰਾਈ ਹੋ ਗਈ ਸੀ ਭਾਵ ਭਭੀਖਣ ਨੇ ਲੈ ਲਈ ਸੀ।

**ਦੁਰਬਾਸਾ ਸਿਉ ਕਰਤ †ਠਗਉਰੀ ਜਾਦਵ ਏ ਫਲ ਪਾਏ ॥**
**ਕ੍ਰਿਪਾ ਕਰੀ ਜਨ ਅਪੁਨੇ ਊਪਰ**
**ਨਾਮ ਦੇਉ ਹਰਿ ਗੁਣ ਗਾਏ ॥ ੪ ॥ ੧ ॥**

ਦੁਰਬਾਸਾ ਰਿਖੀ ਨਾਲ ਜਾਦਵਾਂ ਨੇ ਠਗੌਰੀ ਹਾਸੀ ਕਰਦਿਆਂ ਹੋਯਾਂ ਇੱਕੁਰ ਦੇ ਫਲ ਪਾਏ ਹਨ ਕਿ ਜਾਦਵ ਸਾਰੇ ਹੀ ਮਰ ਗਏ, ਕ੍ਰਿਪਾ ਕੀਤੀ ਹੈ ਆਪਣੇ ਦਾਸ ਉਤੇ ਜੋ ਨਾਮ ਦੇਉ ਜੀ ਵਾਹਿਗੁਰੂ ਦੇ ਗੁਣ ਗਾਉਂਦਾ ਹੈ।

**ਦਸ ਬੈਰਾਗਨਿ ਮੋਹਿ ਬਸਿ ਕੀਨੀ ਪੰਚਹੁ ਕਾ ਮਿਟਨਾਵਉ ॥**
**ਸਤਰਿ ਦੋਇ ਭਰੇ ਅੰਮ੍ਰਿਤਸਰਿ ਬਿਖੁ ਕਉ ਮਾਰਿਕਢਾਵਉ॥ ੧॥**

ਦਸ ਵੈਰਾਗਣਾਂ ਇੰਦ੍ਰੀਆਂ ਮੈਂ ਵੱਸ ਕੀਤੀਆਂ ਹਨ ਅਤੇ ਪੰਜਾਂ ਕਾਮਾਦਿਕਾਂ ਦਾ ਮੈਂ ਨਾਮ ਮਿਟਾ ਦਿੱਤਾ ਹੈ, ੭੦ ਪੜਦਿਆਂ ਵਿਚ ਜੋਹੜੇ ਦੋ ਮਨ ਬੁਧੀ ਰਹਿਣ ਵਾਲੇ ਹਨ ਉਨਾਂ ਨੂੰ ਮੈਂ ਗੁਰਾਂ ਦੇ ਬਚਨ ਰੂਪ ਅੰਮ੍ਰਿਤ

---

†ਦੁਰਬਾਸ਼ਾ ਰਿਖੀ ਨਾਲ ਮੁੰਡਿਆਂ ਨੇ ਮਖੌਲ ਕੀਤਾ ਤੇ ਉਸਦਾ ਫਲ ਪਾਇਆ ਦੇਖੋ ਮਹਾਂਭਾਰਤ ਵਿਚੋਂ ਸਾਖੀ।

ਨਾਲ ਭਰਿਆ ਹੈ ਅਤੇ ਉਸ ਤਲਾਉ ਵਿਚ ਇਸ਼ਨਾਨ ਕਰੌਂਦਾ ਹਾਂ ਅਤੇ ਵਿਸ਼ੇ ਰੂਪ ਵਿਹੁ ਨੂੰ ਵਿਚੋਂ ਮਾਰਕੇ ਕਢਦਾ ਹਾਂ* ॥

**ਪਾਛੈ ਬਹੁਰਿ ਨ ਆਵਨੁ ਪਾਵਉ॥ ਅੰਮ੍ਰਿਤ ਬਾਣੀ ਘਟ ਤੇ ਉਚਰਉ ਆਤਮ ਕਉ ਸਮਝਾਵਉ॥ ੧ ॥ ਰਹਾਉ ॥**

ਵਾਹਿਗੁਰੂ ਵੱਲ ਜਾਂਦਾ ਹਾਂ ਪਿਛੇ ਸੰਸਾਰ ਵੱਲ ਫੇਰ ਨਹੀਂ ਔਣਾਂ ਪਾਵਾਂਗਾ ਅੰਮ੍ਰਿਤ ਰੂਪ ਬਾਣੀ ਰਿਦੇ ਤੋਂ ਉਚਾਰਦਾ ਹੈ ਅਤੇ ਆਪਣੇ ਆਤਮਾ ਨੂੰ ਸਮਝਾਉਂਦਾ ਹੈ॥

**ਬਜਰ ਕੁਠਾਰੁ ਮੋਹਿ ਹੈ ਛੀਨਾਂ ਕਰਿ ਮਿੰਨਤਿ ਲਗਿ ਪਾਵਉ ॥ ਸੰਤਨ ਕੇ ਹਮ ਉਲਟੇ ਸੇਵਕ ਭਗਤਨ‡ ਤੇ ਡਰ ਪਾਵਉ ॥੨॥**

ਬਜਰ = ਕਰੜਾ ॥ ਕੁਠਾਰ = ਕੁਹਾੜਾ ॥ ਮਿੰਨਤਿ = ਬੇਨਤੀ ॥

ਗਿਆਨ ਰੂਪ ਕਰੜੇ ਕੁਹਾੜੇ ਨਾਲ ਮੋਹ ਰੂਪ ਬ੍ਰਿਛ ਨੂੰ ਕਟ ਦਿਤਾ ਹੈ ਅਤੇ ਬੇਨਤੀ ਕਰਕੇ ਗੁਰਾਂ ਦੀ ਪੈਰੀਂ ਲਗਦਾ ਹਾਂ ਸੰਸਾਰ ਵੱਲੋਂ ਉਲਟਕੇ ਮੈਂ ਉਹਨਾਂ ਦਾ ਸੇਵਕ ਹੋਇਆ ਹਾਂ ਅਤੇ ਫਿਰ ਅਗੇ ਉਹਨਾਂ ਸੰਤਾਂ ਦੇ (ਭਗਤਨ) ਦਾਸ ਪਾਸੋਂ ਡਰ ਪੌਂਦਾ ਰਹਿੰਦਾ ਹਾਂ ॥

**ਇਹ ਸੰਸਾਰ ਤੇ ਤਬ ਹੀ ਛੂਟਉ ਜਉ ਮਾਇਆ ਨਹ ਲਪਟਾਵਉ ॥ ਮਾਇਆ ਨਾਮੁ ਗਰਭ ਜੋਨਿ ਕਾ ਤਿਹ ਤਜਿ ਦਰਸਨੁ ਪਾਵਉ ॥ ੩ ॥**

ਇਸ ਸੰਸਾਰ ਤੇ ਤਦ ਹੀ ਛੁਟਾਂਗਾ ਜੇ ਮਾਇਆ ਨਾਲ ਨਹੀਂ ਲਪਟਾਂਗਾ ਮਾਇਆ ਨਾਮ ਗਰਭ ਜੋਨੀ ਦਾ ਹੈ ਤਿਸਨੂੰ ਛਡਕੇ ਮੈਂ ਵਾਹਿਗੁਰੂ ਦਾ ਦਰਸਨ ਪਾਵਾਂਗਾ ॥

**ਇਤੁ ਕਰਿ ਭਗਤਿ ਕਰਹਿ ਜੋ ਜਨ ਤਿਨ ਭਉ ਸਗਲ ਚੁਕਾਈਐ ॥ ਕਹਤ ਨਾਮ ਦੇਉ ਬਾਹਰਿ ਕਿਆ ਭਰਮਹੁ ਇਹ ਸੰਜਮ ਹਰਿ ਪਾਈਐ ॥ ੪ ॥ ੨ ॥**

ਇਸ ਰੀਤੀ ਨਾਲ ਜੇਹੜੇ ਵਾਹਿਗੁਰੂ ਦੀ ਭਗਤੀ ਕਰਦੇ ਹਨ ਤਿਨ੍ਹਾਂ ਨੇ ਸਾਰਾ ਡਰ ਦੂਰ ਕਰ ਦਿਤਾ ਹੈ, ਨਾਮਦੇਉ ਜੀ ਕਹਿੰਦੇ ਹਨ ਹੇ ਭਾਈ ਬਾਹਰ ਕਿਆ ਭਰਮਦੇ ਫਿਰਦੇ ਹੋ ਇਸ ਸੰਜਮ ਨਾਲ ਵਾਹਿਗੁਰੂ ਨੂੰ ਪਾਵੋ ਵਾ ਪਾਈਦਾ ਹੈ॥

* ਵਾ ਸਤਰਿ = ਸਤ ਅਤੇ ਦੋ, ਨੌ ਗੋਲਕਾਂ ਦਾ ਅਰਥ ਵੀ ਕਰਦੇ ਹਨ

‡ਭਗਤਨ = ਮਾਇਆ ਭੁਗਤਣੀ ਵੀ ਅਰਥ ਕਰਦੇ ਹਨ ॥

*ਮਾਰਵਾੜਿ ਜੈਸੇ ਨੀਰੁ ਬਾਲਹਾ ਬੇਲਿ ਬਾਲਹਾ ਕਰਹਲਾ ॥*

**ਜਿਉ ਕੁਰੰਕ ਨਿਸਿ ਨਾਦੁ ਬਾਲਹਾ**

**ਤਿਉ ਮੇਰੈ ਮਨਿ ਰਾਮਈਆ ॥ ੧ ॥**

ਨੀਰੁ = ਪਾਣੀ ਬਾਲਹਾ = ਬੱਲਵ, ਪਿਆਰਾ। ਕਰਹਲਾ = ਊਠ।
ਕੁਰੰਕ = ਕੁਰੰਗ, ਹਰਨ। ਨਿਸਿ = ਰਾਤ ॥ ਨਾਦੁ = ਸ਼ਬਦ ॥

ਜਿੱਕੁਰ ਮਾਰਵਾੜ ਦੇਸ ਵਿਚ ਮਾਰਵਾੜੀਆਂ ਨੂੰ ਪਾਣੀ ਪਿਆਰਾ ਹੈ, ਤੇ ਊਠ ਨੂੰ ਵੇਲ ਪਿਆਰੀ ਹੈ ਜਿੱਕੁਰ ਹਰਨ ਨੂੰ ਰਾਤ ਵਿਚ ਘੰਡੇ ਹੇੜੇ ਦਾ ਸ਼ਬਦ ਪਿਆਰਾ ਹੈ ਤਿੱਕੁਰ ਹੀ ਮੇਰੇ ਮਨ ਨੂੰ ਵਾਹਿਗੁਰੂ ਪਿਆਰਾ ਹੈ।

**ਤੇਰਾ ਨਾਮੁ ਰੂੜੋ ਰੂਪੁ ਰੂੜੋ**

**ਅਤਿ ਰੰਗ ਰੂੜੋ ਮੇਰੋ ਰਾਮਈਆ ॥ ੧ ॥ ਰਹਾਉ ॥**

ਰੂੜੋ = ਸੁੰਦਰ ॥

ਹੇ ਮੇਰੇ ਵਾਹਿਗੁਰੂ ਤੇਰਾ ਨਾਮ ਵੀ ਸੁੰਦਰ ਹੈ ਰੂਪ ਵੀ ਸੁੰਦਰ ਹੈ ਅਤੇ ਅਤਯੰਤ ਹੀ ਰੰਗ ਵੀ ਸੁੰਦਰ ਹੈ ॥

**ਜਿਉ ਧਰਣੀ ਕਉ ਇੰਦ੍ਰ ਬਾਲਹਾ ਕੁਸਮ ਬਾਸੁ ਜੈਸੇ ਭਵਰਲਾ ॥ ਜਿਉ ਕੋਕਿਲ ਕਉ ਅੰਬੁ ਬਾਲਹਾ ਤਿਉ ਮੇਰੈ ਮਨਿ ਰਾਮਈਆ ॥ ੨ ॥**

ਇੰਦ੍ਰ = ਬੱਦਲ। ਬਾਲਹਾ = ਬੱਲਭ ਪਿਆਰਾ। ਕੁਸਮ = ਫੁਲ ॥

ਜਿੱਕੁਰ ਧਰਤੀ ਨੂੰ ਇੰਦ੍ਰ ਬਰਖਾ ਕਰਦਾ ਹੋਇਆ ਪਿਆਰਾ ਹੁੰਦਾ ਹੈ, ਜਿੱਕੁਰ ਫੁਲ ਦੀ ਵਾਸ਼ਨਾਂ ਨਾਲ ਭੌਰੇ ਦਾ ਪਿਆਰ ਹੁੰਦਾ ਹੈ, ਜਿੱਕੁਰ ਕੋਕਿਲ ਨੂੰ ਅੰਬ ਦੇ ਬੂਟੇ ਦਾ ਫਲ ਪਜਾਰਾ ਹੁੰਦਾ ਹੈ ਤਿਕੁਰ ਮੇਰੇ ਮਨਨੂੰ ਵਾਹਿਗੁਰੂ ਪਜਾਰਾ ਹੈ

***ਚਕਵੀ ਕਉ ਜੈਸੇ ਸੂਰੁ ਬਾਲਹਾ ਮਾਨ ਸਰੋਵਰ ਹੰਸੁਲਾ ॥**

---

*ਹਿੰਦੂ ਮਤ ਦੇ ਪੁਸਤਕਾਂ ਵਿਚ ਲਿਖਿਆ ਹੋਇਆ ਹੈ ਕਿ ਚੱਕਵੀ ਨੂੰ ਰਾਮਚੰਦ੍ਰ ਜੀ ਦਾ ਸਰਾਪ ਹੋਇਆ ੨ ਹੈ ਇਸ ਲਈ ਓਹ ਰਾਤ ਨੂੰ ਆਪਣੇ ਪਤੀ ਚੱਕਵੇ ਪਾਸੋਂ ਵਿਛੜ ਜਾਂਦੀ ਹੈ ਅਤੇ ਸੂਰਜ ਨੂੰ ਪਿਆਰਾ ਸਮਝਦੀ ਹੈ ਕਿ ਕਦ ਦਿਨ ਭਾਗੀ ਭਰਿਆ ਚੜ੍ਹੇ ਅਤੇ ਕਦ ਮੈਂ ਆਪਣੇ ਪਤੀ ਨੂੰ ਮਿਲਾਂ ॥

ਕਬੀਰ ਚਕਈ ਜਉ ਨਿਸਿ ਬੀਛਰੈ ਆਇ ਮਿਲੈ ਪਰਭਾਤ ॥
ਜੋ ਨਰ ਬਿਛਰੇ ਰਾਮ ਸਿਉ ਨਾ ਦਿਨ ਮਿਲੇ ਨ ਰਾਤ ॥

**ਜਿਉ ਤਰਣੀ ਕਉ ਕੰਤੁ ਬਾਲਹਾ**
**ਤਿਉ ਮੇਰੈ ਮਨਿ ਰਾਮਈਆ ॥ ੩ ॥**

ਤਰੁਣੀ = ਇਸਤ੍ਰੀ।

ਚਕਵੀ ਨੂੰ ਜਿੱਕੁਰ ਸੂਰਜ ਪਿਆਰਾ ਹੈ, ਮਾਨ ਸਰੋਵਰ ਹੰਸ ਨੂੰ ਜਿੱਕੁਰ ਇਸਤ੍ਰੀ ਨੂੰ ਪਤੀ ਪਿਆਰਾ ਹੈ ਤਿੱਕੁਰ ਮੇਰੇ ਮਨ ਨੂੰ ਵਾਹਿਗੁਰੂ ਪਿਆਰਾ ਹੈ ॥

**ਬਾਰਿਕ ਕਉ ਜੈਸੇ ਖੀਰੁ ਬਾਲਹਾ ਚਾਤ੍ਰਿਕ*ਮੁਖ ਜੈਸੇ ਜਲ ਧਰਾ ॥ ਮਛੁਲੀ ਕਉ ਜੈਸੇ ਨੀਰੁ ਬਾਲਹਾ ਤਿਉ ਮੇਰੈ ਮਨਿ ਰਾਮਈਆ ॥ ੪ ॥**

ਖੀਰੁ = ਦੁਧ। ਜਲਧਰਾ = ਬੱਦਲ। ਨੀਰੁ = ਪਾਣੀ।

ਬਾਲਕ ਨੂੰ ਜਿੱਕੁਰ ਦੁਧ ਪਿਆਰਾ ਹੈ, ਚਾਤ੍ਰਿਕ (ਜਿੱਕੁਰ) ਬੱਦਲ ਵਲ ਮੂੰਹ ਚੁੱਕੀ ਰੱਖਦਾ ਹੈ ਭਾਵ ਜਿੱਕੁਰ ਪਪੀਹੇ ਨੂੰ ਬੱਦਲ ਪਿਆਰਾ ਹੈ, ਮੱਛੀ ਨੂੰ ਜਿੱਕੁਰ ਪਾਣੀ ਪਿਆਰਾ ਹੈ ਤਿੱਕੁਰ ਹੀ ਮੇਰੇ ਮਨ ਨੂੰ ਵਾਹਿਗੁਰੂ ਪਿਆਰਾ ਹੈ ॥

**ਸਾਧਿਕ ਸਿਧ ਸਗਲ ਮੁਨਿ ਚਾਹਹਿ ਬਿਰਲੇ ਕਾਹੂ ਡੀਠੁਲਾ ॥ ਸਗਲ ਭਵਣ ਤੇਰੋ ਨਾਮੁ ਬਾਲਹਾ ਤਿਉ ਨਾਮੇ ਮਨਿ ਬੀਠੁਲਾ ॥ ੫ ॥ ੩ ॥**

ਸਾਧਿਕ ਸਿਧ ਸਾਰੇ ਹੀ ਮੁਨੀ ਤੈਨੂੰ ਚਾਹੁੰਦੇ ਹਨ ਪਰ ਵਿਰਲੇ ਹੀ ਕਿਸੇ ਨੇ ਤੈਨੂੰ ਦੇਖਿਆ ਹੈ ਸਾਰਿਆਂ ਭਵਣਾਂ ਵਿਚ ਤੇਰਾ ਨਾਮ ਹੀ ਪਿਆਰਾ ਹੈ ਤਿੱਕੁਰ ਹੀ ਨਾਮੇ ਦੇ ਮਨ ਨੂੰ ਵਾਹਿਗੁਰੂ ਪਿਆਰਾ ਹੈ।

(ਸੰਸਾਰ ਦੀ ਉਤਪਤੀ)

**ਪਹਿਲ ਪੁਰੀਏ ਪੁੰਡਰਕ†ਵਨਾ ॥**

ਪੁਰੀਏ = ਪੂਰਨ। ਪੁੰਡਰਕ = ਪੁੰਡਰੀਕ। ਵਨਾ = ਉਤਪਤ ਹੋਇਆ।

ਪਹਿਲ ਪਹਿਲ ਪੂਰਨ ਪ੍ਰਮਾਤਮਾਂ ਤੋਂ ਕੌਲ ਫੁਲ ਬਣਿਆਂ ॥

**ਤਾਚੇ ਹੰਸਾ ਸਗਲੇ ਜਨਾਂ ॥**

*ਮੁਖ = ਮੁਖੀ, ਸਿਰੋਮਣੀ ਪਿਆਰ ਦਾ। ਬੱਦਲ ਦਾ ਗਰਜਨਾਂ ਵੀ ਕਹਦੇ ਹਨ।

†ਪੁੰਡਰੀਕ = ਸ਼ੇਰ ਨੂੰ ਵੀ ਆਖਦੇ ਹਨ।

ਤਾਚੇ = ਤਿਸਤੋਂ ॥

ਤਿਸ ਕਮਲ ਤੋਂ ਹੰਸ ਤੇ ਚੜਨ ਵਾਲਾ ਬ੍ਰਹਮਾਂ ਹੋਇਆ, ਤਿਸ ਬ੍ਰਹਮਾਂ ਤੋਂ ਅੱਗੇ ਸਾਰੇ ਆਦਮੀ ਹੋਏ (ਸ਼ੰਕਾ) "ਵਿਸ਼ਨੂੰ ਬ੍ਰਹਮਾਂ ਤੋਂ ਪਹਿਲੇ ਕਿੱਕੁਰ ਹੋਇਆ"? (ਉੱਤਰ"ਉਸ ਵਾਹਿਗੁਰੂ ਦੀ ਸ਼ਕਤੀ ਕਰਕੇ") ॥

## ਕ੍ਰਿਸ੍ਨਾ*ਤੇ ਜਾਨਉ ਹਰਿ ਹਰਿ ਨਾਚੰਤੀ ਨਾਚਨਾ ॥ ੧ ॥

ਕ੍ਰਿਸਨਾ = ਮਾਇਆ । ਨਾਚੰਤੀ = ਨਚਦੀ ਹੈ ॥ ਨਾਚਨਾ = ਨਾਚਾਂ ਨੂੰ

ਜਾਣ ਲਵੋ ਤਿਸ ਵਾਹਿਗੁਰੂ ਦੀ ਮਾਇਆ ਤੋਂ ਹੀ ਸਭ ਸ੍ਰਿਸ਼ਟੀ ਹੋਈ ਜੋਹੜੀ ਹਰ ਹਰ ਤਰ੍ਹਾਂ ਦੀ ਹੈ ਅਤੇ ਨਾਚਾਂ ਵਿੱਚ ਨੱਚ ਰਹੀ ਹੈ ਭਾਵ ਕੰਮ ਕਰ ਰਹੀ ਹੈ (ਸ਼ੰਕਾ)ਮਾਇਆ ਤੋਂ ਸ੍ਰਿਸ਼ਟੀ ਕਿੱਕੁਰ ਹੋਈ ? (ਉੱਤਰ)ঃ—

## ਪਹਿਲ ਪੁਰਸਾ ਬਿਰਾ ॥

ਬਿਰਾ = ਬਾਣੀ ॥

ਪਹਿਲੇ ਪਹਿਲ ਅਕਾਲ ਪੁਰਖ ਨੇ ਬਾਣੀ ਉਚਾਰੀ ਭਾਵ ਇੱਛਾ ਕੀਤੀ ਕਿ ਮੈਂ ਇਕ ਤੋਂ ਬਹੁਤ ਹੋਵਾਂ ॥

## ਅਥੋਨ ਪੁਰਸਾ ਦਮਰਾ ॥

ਅਥੋਨ = ਤਿਸ ਦੇ ਪਿਛੋਂ ॥ ਦਮਰਾ = ਮਾਇਆ ॥

ਤਦਨੰਤਰ ਓਸੇ ਹੀ ਅਕਾਲ ਪੁਰਖ ਤੋਂ ਮਾਇਆ ਹੋਈ (ਉਸ ਮਾਇਆ ਤੋਂ ਸਾਰੀ ਸ੍ਰਿਸ਼ਟੀ ਹੋਈ) ॥

## ਅਸਗਾ ਅਸ ਉਸਗਾ ॥

ਅਸਗਾ = ਇਸ ਦਾ ॥ ਅਸ = ਹੈ ॥ ਉਸਗਾ = ਉਸ ਦਾ ॥

ਇਸ ਮਾਇਆ ਦਾ ਸੁਭਾਵ ਵਾਹਿਗੁਰੂ ਵਿੱਚ ਆਇਆ ਅਤੇ ਉਸ ਅਕਾਲ ਪੁਰਖ ਦਾ ਸੁਭਾਵ ਸ਼ਕਤੀ ਵਿੱਚ ਗਿਆ ਭਾਵ ਇਹ ਓਹ ਦੋਵੇਂ ਹੀ ਇੱਕ ਰੂਪ ਹਨ ।

*ਭਗਤ ਜੀ ਨੇ ਪੰਡਤ ਲੋਕਾਂ ਦਾ ਮਤ ਜੋਹੜਾ ਕਿ ਪੁਰਾਣਾਂ ਵਿੱਚ ਲਿਖਿਆ ਹੋਇਆ ਹੈ ਪ੍ਰਗਟ ਕੀਤਾ ਹੋਇਆ ਹੈ, ਆਪ ਭਗਤ ਜੀ ਆਖਦੇ ਹਨ ਕਿ ਇਹ ਕੀ ਕਿਸੇ ਨੂੰ ਪਤਾ ਹੈ ਕਿ ਕਦੋਂ ਅਤੇ ਕਿਸ ਨੇ ਧਰਤੀ ਦੁਨੀਆਂ ਬਣਾਈ ਵੱਡੇ ਲੋਕਾਂ ਨੂੰ ਭਾਵੇਂ ਆਉਂਦਾ ਵੀ ਹੋਵੇ ਫੇਰ ਵੀ ਹੰਕਾਰ ਨਾਲ ਨਹੀਂ ਆਖਦੇ ਸਗੋਂ ਨਿਮ੍ਰਤਾ ਨਾਲ ਦਸਦੇ ਹਨ ॥

ਸਾਚੇ ਤੇ ਪਵਨਾ ਭਇਆ ਪਵਨੈ ਤੇ ਜਲੁ ਹੋਇ ।<br>
ਜਲ ਤੇ ਤ੍ਰਿਭਵਣ ਸਾਜਿਆ ਘਟ ਘਟ ਜੋਤ ਸਮੋਇ ॥<br>
(ਹੋਰ) ਜਾ ਕਰਤਾ ਸਿਰਠੀ ਕਉ ਸਾਜੇ ਆਪੇ ਜਾਣੈ ਸੋਈ ॥

(ਤਿਨ੍ਹਾਂ ਦੋਹਾਂ ਦੇ ਮੇਲ ਕਰਕੇ ਏਹ ਸਾਰਾ ਸੰਸਾਰ ਹੋਇਆ)

**ਹਰਿ ਕਾ ਬਾਗਰਾ ਨਾਚੈ ਪਿੰਧੀ ਮਹਿ ਸਾਗਰਾ ॥ ੧ ॥ ਰਹਾਉ ॥**

ਬਾਗਰਾ = ਸੈਰ ਕਰਨ ਵਾਲਾ ਬਾਗ । ਪਿੰਧੀ = ਟਿੰਡਾਂ । ਸਾਗਰ = ਸਮੁੰਦਰ ।

ਇਹ ਸਾਰਾ ਸੰਸਾਰ ਵਾਹਿਗੁਰੂ ਦਾ ਬਾਗ ਹੈ ਭਾਵ ਇਨ੍ਹਾਂ ਜੀਵਾਂ ਵਿੱਚ ਵਾਹਿਗੁਰੂ ਆਪ ਹੀ ਨਾਚ ਕਰ ਰਿਹਾ ਹੈ, ਜਿਕੁਰ ਖੂਹ ਦੀਆਂ ਟਿੰਡਾਂ ਵਿੱਚ ਪਾਣੀ ਹੁੰਦਾ ਹੈ ਭਾਵ ਜਿਕੁਰ ਖੂਹ ਦੀਆਂ ਟਿੰਡਾਂ ਵਿਚ ਪਾਣੀ ਨਚਦਾ ਹੈ ਇੱਕੁਰ ਹੀ ਵਾਹਿਗੁਰੂ ਸਾਰਿਆਂ ਵਿਚ ਹੈ ॥

(ਕਿੱਕੁਰ ਦਾ ਓਹ ਹੈ ?)

**ਨਾਚੰਤੀ ਗੋਪੀ ਜੰਨਾ ॥**

ਗੋਪੀ = ਗੋਪੀਆਂ, ਇੰਦ੍ਰੀਆਂ ॥

ਉਸੇ ਵਾਹਿਗੁਰੂ ਦੀ ਸੱਤਾ ਕਰਕੇ ਸਾਰੀਆਂ ਇੰਦ੍ਰੀਆਂ ਨੱਚ ਰਹੀਆਂ ਹਨ, ਭਾਵ ਨੇਤ੍ਰ ਵੇਖਦੇ ਹਨ, ਹੱਥ ਪੈਰ ਹਿਲਦੇ ਹਨ।

(ਉਸਦੀ ਸੱਤਾ ਤੋਂ ਬਿਨਾਂ ਕਿਉਂ ਨਹੀਂ ?)

**ਨਈਆ ਤੇ ਬੈਰੇ ਕੰਨਾ ॥**

ਨਈਆਤੇ = ਪਰੇਰਕ ਤੋਂ । ਬੈਰੇ = ਬਗੈਰ ਵ ਦੂਜਾ ਰੇ ਭਾਈ । ਕੰਨਾ = ਕੌਣ ਹੈ

ਤਿਸ ਵਾਹਿਗੁਰੂ ਤੋਂ ਬਗੈਰ ਹੋਰ ਕੌਣ ਹੈ (ਜਿਸਦੀ ਸੱਤਾ ਕਰਕੇ ਨਿਰਤ ਕਾਰੀ ਕਰਨ) ।

**ਤਰਕੁ ਨ ਚਾ ॥**

ਤਰਕ = ਨਿਸਚਾ, ਦੂਰ ਕਰਨ ਵਾਲੀ ਯੁਗਤੀ ॥ ਚਾ = ਪੁਨਾ ॥

ਇਸ ਗਲ ਵਿਚ, ਪੁਨਾ ਤਰਕ ਨਾ ਕਰ ਜੇ ਕੁਝ ਤੈਨੂੰ ਇਸ ਵਿਚ ਵੀ ।

**ਭ੍ਰਮੀ ਆਚਾ ॥**

ਭ੍ਰਮ ਹੈ ਭਾਵ ਸ਼ੱਕ ਹੈ ।

**ਕੇਸਵਾ ਬਚਉਨੀ ਅਈਏ ਮਈਏ ਏਕ ਆਨ ਜੀਉ ॥ ੨ ॥**

ਅਈਏ = ਏਹੁ ਸੰਸਾਰ । ਮਈਏ = ਮੇਰਾ ਰੂਪ ।

ਇਹੁ ਸੰਸਾਰ ਮੇਰਾ ਹੀ ਰੂਪ ਹੈ ਏਹ ਵਾਹਿਗੁਰੂ ਦਾ ਬਚਨ ਹੈ ਇਸ ਇਕ ਗਲ ਨੂੰ ਸੱਚਾ ਜਾਣਕੇ ਰਿਦ ਵਿਚ ਲਿਆ (ਹੇ ਭਾਈ) ।

(ਜਿਸਨੂੰ ਮੁਕਤਿ ਹੋਣ ਦੀ ਲੋੜ ਹੈ ਉਹ ਗੁਰਾਂ ਅਗੇ ਇੱਕੁਰ ਬੇਨਤੀ ਕਰੇ)

**ਪਿੰਧੀ ਉਭ ਕਲੇ ਸੰਸਾਰਾ ॥**

**ਭ੍ਰਮਿ ਭ੍ਰਮਿ ਆਏ ਤੁਮਚੇ ਦੁਆਰਾ ॥**

ਪਿੰਧੀ = ਟਿੰਡਾਂ। ਊਭ = ਉਚੀਆਂ। ਕਾਲੇ = ਕਲਾ।

ਜਿਕੁਰ ਖੂਹ ਰੂਪ ਕਲਾ ਕਰਕੇ ਟਿੰਡਾਂ ਹੇਠਾਂ ਉਤਾਹਾਂ ਖੂਹ ਵਿੱਚ ਮਾਹਲ ਨਾਲ ਭੌਂਦੀਆਂ ਹਨ, ਤਿੱਕੁਰ ਹੀ ਅਸੀਂ ਜਨਮ ੨ ਵਿੱਚ ਭੌਂਦੇ ਹੋਏ ਸੰਸਾਰ ਵਿੱਚ ਤੁਹਾਡੇ ਬੂਹੇ ਤੇ ਆਏ ਹਾਂ॥

**ਤੂ ਕੁਨੁ ਰੇ ਮੈ ਜੀ ਨਾਮਾ॥**

ਤੂੰ ਕੌਣ ਹੈਂ ? (ਤੂੰ ਕੇਹੜਾ ਹੈ) "ਤਾਂ ਫਿਰ ਜੀਵ ਇੱਕੁਰ ਬੇਨਤੀ ਕਰੇ" ਮੈਂ ਜੀ ਨਾਮਾ ਹਾਂ॥

(ਕੀ ਚਾਹੁੰਦਾ ਹੈਂ ?)

**ਹੋ ਜੀ ਆਲਾ ਤੇ ਨਿਵਾਰਣਾ ਜਮ ਕਾਰਣਾ॥ ੩॥੪॥**

ਆਲਾ = ਘਰ।

ਹੇ ਜੀ ਸੰਸਾਰ ਰੂਪ ਅੰਨੇ ਘਰ ਤੋਂ ਕਢ ਲਵੋ, ਇਹੁ ਜਮ ਦੀ ਤਾੜਨਾ ਦਾ ਵਾ ਜਨਮ ਮਰਨ ਦਾ ਕਾਰਣ ਹੈ।

(ਸਨਮੁਖ ਬੇਨਤੀ)

**ਪਤਿਤ ਪਾਵਨ ਮਾਧਉ ਬਿਰਦੁ ਤੇਰਾ॥ ਧੰਨਿ ਤੇ ਵੈ ਮੁਨਿ ਜਨ ਜਿਨ ਧਿਆਇਓ ਹਰਿ ਪ੍ਰਭੁ ਮੇਰਾ॥ ੧॥**

ਪਤਿਤ = ਪਾਪੀ

ਹੇ ਵਾਹਿਗੁਰੂ ਤੇਰਾ ਧਰਮ ਪਾਪੀਆਂ ਨੂੰ ਪਵਿਤ੍ਰ ਕਰਨ ਵਾਲਾ ਹੈ। ਤੇ ਉਹ ਧੰਨ ਆਦਮੀ ਅਤੇ ਮੁਨੀ ਹਨ ਜਿਨਾਂ ਨੇ ਮੇਰਾ ਵਾਹਿਗੁਰੂ ਸੁਆਮੀ ਧਿਆਇਆ ਹੈ॥

**ਮੇਰੈ ਮਾਥੈ ਲਾਗੀ ਲੇ ਧੂਰਿ ਗੋਬਿੰਦ ਚਰਨਨ ਕੀ॥**

ਮੇਰੇ ਮੱਥੇ ਤੇ ਵਾਹਿਗੁਰੂ ਦੇ ਚਰਨਾਂ ਦੀ ਧੂੜ ਲਗੀ ਹੈ।

**ਸੁਰਿ ਨਰ ਮੁਨਿ ਜਨ ਤਿਨਹੂ ਤੇ ਦੂਰਿ॥ ੧॥ ਰਹਾਉ॥**

ਦੇਵਤੇ, ਆਦਮੀ, ਮੁਨੀ, ਦਾਸ (ਉਹ ਧੂੜੀ) ਤਿਨ੍ਹਾਂ ਤੋਂ ਦੂਰ ਹੈ ਭਾਵ ਉਨ੍ਹਾਂ ਨੂੰ ਉਹ ਧੂੜ ਪ੍ਰਾਪਤ ਨਹੀ ਹੋਈ ਵਾ ਉਹ ਧੂੜ ਤੋਂ ਦੂਰ ਹਨ।

**ਦੀਨ ਕਾ ਦਇਆਲੁ ਮਾਧੌ ਗਰਬ ਪਰਹਾਰੀ॥ ਚਰਨ ਸਰਨ ਨਾਮਾ ਬਲਿ ਤਿਹਾਰੀ॥ ੨॥ ੫॥**

ਪਰਹਾਰੀ = ਪਰੇ ਸੁੱਟਣਾ।

ਹੇ ਵਾਹਿਗੁਰ ਤੂੰ ਗਰੀਬਾਂ ਤੇ ਦਿਆਲੂ ਅਤੇ ਹਕਾਰੀਆਂ ਦਾ ਹੰਕਾਰ ਦੂਰ ਕਰਨ ਵਾਲਾ ਹੈਂ। ਨਾਮਾ ਤੇਰੇ ਚਰਨਾਂ ਦੀ ਸ਼ਰਨ ਆਯਾ ਹੈ, ਅਤੇ

ਬਲਿਹਾਰ ਜਾਂਦਾ ਹੈ ॥

(ਸਨਮੁਖ ਬੇਨਤੀ)

## ਧਨਾਸਰੀ ਭਗਤ ਰਵਿਦਾਸ ਜੀ ਕੀ

**ੴ ਸਤਿਗੁਰਪ੍ਰਸਾਦਿ ॥ ਹਮ ਸਰਿ ਦੀਨੁ ਦਇਆਲੁ ਨ ਤੁਮ ਸਰਿ ਅਬ ਪਤੀਆਰੁ ਕਿਆ ਕੀਜੈ ॥**

ਦੀਨੁ = ਗਰੀਬ। ਸਰਿ = ਬਰਾਬਰ, ਸਰੀਖਾ, ਵਰਗਾ।
ਪਤੀਆਰ = ਪਰਖ ਕੇ ਨਿਸਚਾ ਕਰਣਾਂ ॥

ਹੇ ਵਾਹਿਗੁਰੂ ਮੇਰੇ ਵਰਗਾ ਕੋਈ ਗਰੀਬ ਨਹੀਂ ਅਤੇ ਤੁਹਾਡੇ ਵਰਗਾ ਦਯਾਲੂ ਨਹੀਂ "ਇਸ ਗਲ ਨੂੰ ਸਭ ਕੋਈ ਜਾਣਦਾ ਹੈ" ਹੁਣ ਪਰਖ ਕੇ ਨਿਸਚੇ ਕਰਨਾ ਕਿਆ ਹੈ।

**ਬਚਨੀ ਤੋਰ ਮੋਰ ਮਨੁ ਮਾਨੈ ਜਨ ਕਉ ਪੂਰਨੁ ਦੀਜੈ ॥ ੧ ॥**

(ਇਕ ਏਹ ਬੇਨਤੀ ਹੈ) ਕਿ ਤੇਰੇ ਬੱਚਨਾਂ ਵਿਚ ਮੇਰਾ ਮਨ ਮੰਨ ਜਾਵੇ ਇਹ ਦਾਸ ਨੂੰ ਪੂਰਾ ਭਰੋਸਾ ਦਿਓ ॥

**ਹਉ ਬਲਿ ਬਲਿ ਜਾਉ ਰਮਈਆ ਕਾਰਨੇ ॥ ਕਾਰਨ ਕਵਨ ਅਬੋਲ ॥ ਰਹਾਉ ॥**

ਹੇ ਵਾਹਿਗੁਰੂ ਮੈਂ ਆਪਦੇ ਵਾਸਤੇ ਬਲਿਹਾਰ ਜਾਂਦਾ ਹਾਂ, ਕੀ ਕਾਰਨ ਹੈ ਆਪ ਅਬੋਲ ਹੋ ਰਹੇ ਹੋ ?

**ਬਹੁਤ ਜਨਮ ਬਿਛੁਰੇ ਥੇ ਮਾਧਉ ਇਹੁ ਜਨਮੁ ਤੁਮ੍ਹਾਰੇ ਲੇਖੇ ॥ ਕਹਿ ਰਵਿਦਾਸ ਆਸ ਲਗਿ ਜੀਵਉ ਚਿਰ ਭਇਓ ਦਰਸਨੁ ਦੇਖੇ ॥ ੨ ॥ ੧ ॥**

ਹੇ ਵਾਹਿਗੁਰੂ ਬਹੁਤੇ ਜਨਮਾਂ ਦੇ ਤੇਰੇ ਪਾਸੋਂ ਵਿਛੜੇ ਰਹੇ ਸੀ ਇਹ ਜਨਮ ਤੁਹਾਡੇ ਲੇਖੇ ਲਾ ਦਿਤਾ ਹੈ। ਰਵਿਦਾਸ ਜੀ ਕਹਿੰਦੇ ਹਨ ਮੈਂ ਤਾਂ ਤੁਹਾਡੀ ਹੀ ਆਸ਼ਾ ਵਿੱਚ ਲੱਗਾ ਹੋਇਆ ਜੀਉਂਦਾ ਸੀ, ਚਿਰ ਹੋਇਆ ਹੈ ਆਪ ਦੇ ਦਰਸ਼ਨ ਕੀਤੇ ਨੂੰ ॥

**ਚਿਤ ਸਿਮਰਨੁ ਕਰਉ ਨੈਨ ਅਵਿਲੋਕਨੋ ਸ੍ਰਵਨ ਬਾਨੀ ਸੁਜਸੁ ਪੂਰਿ ਰਾਖਉ ॥**

ਅਵਿਲੋਕਨੋ = ਵੇਖਣਾਂ। ਸ੍ਰਵਨ = ਕੰਨ ॥

ਚਿੱਤ ਕਰਕੇ ਤੇਨੂੰ ਯਾਦ ਕਰਾਂ, ਨੇਤ੍ਰਾਂ ਕਰਕੇ ਦੇਖਾਂ, ਕੰਨਾਂ ਵਿਚ ਆਪ

ਦ ਮ੍ਰਿਸ਼ਟ ਯਸ਼ ਵਾਲੀ ਬਾਣੀ ਪੂਰਨ ਹੋਵਾਂ।

**ਮਨੁ ਸੁ ਮਧੁਕਰੁ ਕਰਉ ਚਰਨ ਹਿਰਦੇ ਧਰਉ**
**ਰਸਨ ਅੰਮ੍ਰਿਤ ਰਾਮ ਨਾਮ ਭਾਖਉ ॥ ੧ ॥**

ਮਧੁਕਰੁ = ਭੌਰਾ ॥

ਫਿਰ ਆਪਣੇ ਮਨ ਨੂੰ ਸ੍ਰੇਸ਼ਟ ਭੌਰਾ ਕਰਾਂ, ਚਰਨ ਕਮਲ ਹਿਰਦੇ ਵਿੱਚ ਰੱਖਾਂ, ਰਸਨਾ ਕਰਕੇ ਹੇ ਵਾਹਿਗੁਰੂ ਤੇਰਾ ਨਾਮ ਅੰਮ੍ਰਿਤ ਉਚਾਰਨ ਕਰਾਂ।

**ਮੇਰੀ ਪ੍ਰੀਤਿ ਗੋਬਿੰਦ ਸਿਉ ਜਿਨਿ ਘਟੈ ॥**
**ਮੈ ਤਉ ਮੋਲਿ ਮਹਗੀ ਲਈ ਜੀਅ ਸਟੈ ॥ ੧ ॥ ਰਹਾਉ ॥**

ਜਿਨਿ = ਮਿਤ ॥ ਸਟੈ = ਵੱਟੇ ਸਟੇ ਬਦਲੇ ॥

ਮੇਰੀ ਪ੍ਰੀਤਿ ਵਾਹਿਗੁਰੂ ਨਾਲੋਂ ਨਾ ਘਟੇ, "ਕਿਉਂਕਿ" ਮੈਂ ਤਾਂ ਜੀਅ ਦੇ ਵੱਟੇ ਸਟੇ ਮਹਿੰਗੀ ਮੁਲ ਲਈ ਹੈ।

**ਸਾਧ ਸੰਗਤਿ ਬਿਨਾ ਭਾਉ ਨਹੀ ਉਪਜੈ ਭਾਵ ਬਿਨੁ ਭਗਤਿ ਨਹੀ ਹੋਇ ਤੇਰੀ ॥ ਕਹੈ ਰਵਿਦਾਸੁ ਇਕ ਬੇਨਤੀ ਹਰਿ ਸਿਉ ਪੈਜ ਰਾਖਹ ਰਾਜਾ ਰਾਮ ਮੇਰੀ ॥ ੨ ॥ ੨ ॥**

ਸਾਧ ਸੰਗਤ ਤੋਂ ਬਿਨਾਂ ਪ੍ਰੇਮ ਨਹੀਂ ਉਪਜਦਾ, ਪ੍ਰੇਮ ਤੋਂ ਬਿਨਾਂ ਹੇ ਵਾਹਿਗੁਰੂ ਤੇਰੀ ਭਗਤੀ ਨਹੀਂ ਹੁੰਦੀ ਰਵਿਦਾਸ ਜੀ ਕਹਿੰਦੇ ਹਨ ਮੇਰੀ ਇਕ ਵਾਹਿਗੁਰੂ ਅਗੇ ਬੇਨਤੀ ਹੈ ਕਿ ਹੇ ਪ੍ਰਕਾਸ਼ਕ ਵਾਹਿਗੁਰੂ ਮੇਰੀ ਲਜਿਆ ਰਖੋ।

**ਨਾਮੁ ਤੇਰੋ ਆਰਤੀ ਮਜਨੁ ਮੁਰਾਰੇ ॥**
**ਹਰਿ ਕੇ ਨਾਮ ਬਿਨੁ ਝੂਠੇ ਸਗਲ ਪਾਸਾਰੇ ॥ ੧ ॥ ਰਹਾਉ ॥**

ਮੁਰਾਰੇ = ਹੰਕਾਰ ਰੂਪ ਮੁਰਦੈਂਤ ਵੈਰੀ ॥ ਮਜਨ = ਇਸ਼ਨਾਨ ॥

ਹੇ ਮੁਰਾਰੇ ਵਾਹਿਗੁਰੂ ਤੇਰਾ ਨਾਮ ਹੀ ਆਰਤੀ ਹੈ ਅਤੇ ਨਾਮ ਹੀ ਇਸ਼ਨਾਨ ਹੈ ਵਾਹਿਗੁਰੂ ਦੇ ਨਾਮ ਤੋਂ ਬਿਨਾ ਹੋਰ ਸਾਰੇ (ਆਰਤੀ ਦੇ) ਝੂਠੇ ਪਸਾਰ ਹਨ।

**ਨਾਮੁ ਤੇਰੋ ਆਸਨੋ ਨਾਮੁ ਤੇਰੋ ਉਰਸਾ**
**ਨਾਮੁ ਤੇਰਾ ਕੇਸਰੋ ਲੇ ਛਿਟਕਾਰੇ ॥**

ਉਰਸਾ = ਚੰਦਨ ਆਦਿਕ ਰਗੜਨ ਵਾਲਾ ਪੱਥਰ ॥ ਛਿਟਕਾਰੇ = ਛਿੱਟਾਂ ॥

ਨਾਮ ਹੀ ਤੇਰਾ ਆਸਣ ਹੈ ਨਾਮ ਹੀ ਤੇਰਾ ਉਰਸਾ ਹੈ ਨਾਮ ਹੀ ਤੇਰਾ

ਕੇਸਰ ਲੈਕੇ ਛਿੱਟਾ ਦੇਂਦਾ ਹਾਂ ॥

**ਨਾਮੁ ਤੇਰਾ ਅੰਭੁਲਾ ਨਾਮੁ ਤੇਰੋ ਚੰਦਨੋ**
**ਘਸਿ ਜਪੇ ਨਾਮੁ ਲੇ ਤੁਝਹਿ ਕਉ ਚਾਰੇ ॥ ੧ ॥**

ਅੰਭੁਲਾ = ਹੱਛਾ ਪਾਣੀ।

ਨਾਮ ਹੀ, ਤੇਰਾ ਹੱਛਾ ਪਾਣੀ ਹੈ, ਨਾਮ ਹੀ ਤੇਰਾ ਚੰਦਨ ਰਗੜਕੇ ਜਪਦਾ ਹਾਂ, ਭਾਵ ਨਾਮ ਹੀ ਤੇਰਾ ਚੰਦਨ ਦਾ ਰਗੜਕੇ ਚੜ੍ਹਾਉਣਾਂ ਜਪਣਾਂ ਸਮਝਦਾ ਹਾਂ ਅਤੇ ਨਾਮ ਹੀ ਜੇਹੜਾ ਤੇਰਾ ਲੈਂਦਾ ਹਾਂ (ਏਹ ਤੈਨੂੰ ਚੰਦਨ ਚਾਰੇ) ਚਾੜ੍ਹਨਾ (ਅਰਪਨ) ਕਰਦਾ ਹਾਂ ॥

**ਨਾਮੁ ਤੇਰਾ ਦੀਵਾ ਨਾਮੁ ਤੇਰੋ ਬਾਤੀ**
**ਨਾਮੁ ਤੇਰੋ ਤੇਲੁ ਲੇ ਮਾਹਿ ਪਸਾਰੇ ॥**

ਨਾਮ ਹੀ ਤੇਰਾ ਦੀਵਾ ਹੈ ਨਾਮ ਹੀ ਤੇਰਾ ਵੱਟੀ ਅਤੇ ਨਾਮ ਹੀ ਤੇਰਾ ਤੇਲ ਲੇਕੇ ਤਿਸ ਦੀਵੇ ਵਿੱਚ ਪਾਉਂਦਾ ਹਾਂ ਭਾਵ ਨਾਮ ਹੀ ਤੇਰਾ ਦੀਵੇ ਵਿੱਚ ਤੇਲ ਪਾਇਆ ਹੈ ॥

**ਨਾਮ ਤੇਰੇ ਕੀ ਜੋਤਿ ਲਗਾਈ**
**ਭਇਓ ਉਜਿਆਰੋ ਭਵਨ ਸਗਲਾਰੇ ॥ ੨ ॥**

ਜੋਤਿ = ਅਗਨੀ ॥ ਭਵਨ = ਘਰ ॥

ਨਾਮ ਹੀ ਤੇਰਾ ਦੀਵੇ ਦੀ ਵੱਟੀ ਨੂੰ ਅੱਗ ਲਾਈ ਹੈ ਅਤੇ ਭਗਤਾਂ ਦੇ ਰਿਦੇ ਰੂਪ ਘਰਾਂ ਸਾਰਿਆਂ ਵਿੱਚ ਚਾਨਣ ਹੋਇਆ ਹੈ ॥

**ਨਾਮੁ ਤੇਰੋ ਤਾਗਾ ਨਾਮੁ ਫੂਲ ਮਾਲਾ ਭਾਰ ਅਠਾਰਹ*ਸਗਲ ਜੂਠਾਰੇ ॥ ਤੇਰੋ ਕੀਆ ਤੁਝਹਿ ਕਿਆ ਅਰਪਉ ਨਾਮੁ ਤੇਰਾ ਤੁਹੀ ਚਵਰ ਢੋਲਾਰੇ ॥ ੩ ॥**

ਨਾਮ ਹੀ ਤੇਰਾ ਧਾਗਾ ਹੈ ਨਾਮ ਹੀ ਤੇਰਾ ਫੁੱਲਾਂ ਦੀ ਮਾਲਾ ਹੈ ਅਤੇ ਹੋਰ ਅਠਾਰਾਂ ਭਾਰ ਬਨਾਸਪਤੀ ਸਾਰੀ ਜੂਠੀ ਹੈ ਭਾਵ ਸਭ ਫੁੱਲ ਭੌਰਿਆਂ ਨੇ ਜੂਠੇ ਕੀਤੇ ਹੋਏ ਹਨ ॥ ਤੇਰਾ ਕੀਤਾ ਹੋਇਆ ( ਜੋ ਸਾਰਾ ਸੰਸਾਰ ਹੈ ਇਸ

---

*ਪਿਆਰੇ ਖਾਲਸਾ ਜੀ ਤੁਸਾਂ ਸਾਫ ਹੀ ਦੇਖ ਲਿਆ ਹੈ ਜੋ ਰਵਿਦਾਸ ਜੀ ਨੇ ਕਿੱਥਰ ਦੀ ਆਰਤੀ ਕੀਤੀ ਹੈ, ਪਰ ਅਫਸੋਸ ! ਕਈ ਪੁਜਾਰੀ ਅਜੇ ਵੀ ਦੀਵੇ ਨਹੀਂ ਛੱਡਦੇ। ਖੜੋਕੇ ਆਰਤੀ ਕਰਨੀ ਹਿੰਦੂਆਂ ਦੀ ਨਕਲ ਕੀਤੀ ਹੋਈ ਹੈ, ਗੁਰਮਤ ਤੋਂ ਵਿਰੁੱਧ ਹੈ ॥

ਵਿੱਚ ਸਭ ਚੀਜ਼ਾਂ ਵੀ ਤੇਰੀਆਂ ਹੋਈਆਂ ਹਨ) ਤੈਨੂੰ ਕੀ ਅਰਪਾਂ, ਨਾਮ ਹੀ ਤੇਰਾ ਤੇਰੇ ਚੌਰ (ਢੋਲ਼ਾਰੇ) ਕਰਦਾ ਹਾਂ॥

**ਦਸ ਅਠਾ ਅਠਸਠੇ ਚਾਰੇ ਖਾਣੀ ਇਹੈ ਵਰਤਣਿ ਹੈ ਸਗਲ ਸੰਸਾਰੇ॥ ਕਹੈ ਰਵਿਦਾਸੁ ਨਾਮੁ ਤੇਰੋ ਆਰਤੀ ਸਤਿਨਾਮੁ ਹੈ ਹਰਿ ਭੋਗ ਤੁਹਾਰੇ॥ ੪॥ ੩॥**

੧੦-੮-ਅਠਾਰਾਂ ਪੁਰਾਣ, ਅਠਾਹਠ ਤੀਰਥ, ਚਾਰੇ ਖਾਣੀਆਂ ਵਾਲਾ ਜੇਹੜਾ ਸੰਸਾਰ ਹੈ ਉਸ ਵਿੱਚ ਉਪ੍ਰੋਕਤ ਦੀਵੇ ਫੁੱਲਾਂ ਆਦਿਕ ਦੀ ਆਰਤੀ ਕਰਨ ਦਾ ਵਰਤਣ ਸਾਰੇ ਸੰਸਾਰ ਦਾ ਹੈ ਭਾਵ ਸਾਰਾ ਸੰਸਾਰ ਓਹੋ ਜੇਹੀ ਆਰਤੀ ਕਰਦਾ ਹੈ ਅਥਵਾ ਚਾਰੇ ਖਾਣੀ ਰੂਪ ਜੇਹੜਾ ਸੰਸਾਰ ਹੈ ਇਹ ਅਠਾਰਾਂ ਪੁਰਾਣਾਂ ਵਿਚੋਂ ਸੁਣਕੇ ਅਠਾਹਠ ਤੀਰਥਾਂ ਤੇ ਆਰਤੀਆਂ ਕਰਦੇ ਹਨ ਪਰ ਰਵਿਦਾਸ ਜੀ ਕਹਿੰਦੇ ਹਨ ਹੇ ਵਾਹਿਗੁਰੂ ਤੇਰਾ ਨਾਮ ਹੀ ਸੱਚੀ ਆਰਤੀ ਅਤੇ ਨਾਮ ਹੀ ਤੈਨੂੰ ਭੋਗ ਲਗਾਉਣਾਂ ਸਮਝਦਾ ਹਾਂ।

## ਧਨਾਸਰੀ ਬਾਣੀ ਭਗਤਾਂ ਕੀ ਤ੍ਰਿਲੋਚਨ

**੧ਓ ਸਤਿਗੁਰਪ੍ਰਸਾਦਿ॥**

ਕਈ ਤਾਂ ਅੰਤ੍ਰਜਾਮੀ ਦੀ ਸਾਖੀ ਲਾਉਂਦੇ ਹਨ ਪਰ ਇਹ ਠੀਕ ਹੈ ਜੋ ਕਿਸੇ ਵੇਲੇ ਤ੍ਰਿਲੋਚਨ ਜੀ ਦੀ ਇਸਤ੍ਰੀ ਪ੍ਰਮਾਤਮਾਂ ਦੀ ਨਿੰਦਿਆ ਕਰਨ ਲੱਗ ਪਈ ਕਿ ਅਸੀਂ ਨਾਮ ਜਪਦੇ ਹਾਂ ਫਿਰ ਵੀ ਸਾਨੂੰ ਵਾਹਿਗੁਰੂ ਰੱਜਕੇ ਖਾਣ ਨੂੰ ਨਹੀ ਦੇਂਦਾ, ਸਾਡੇ ਕਰਮ ਹੀ ਏਹੋ ਜਹੇ ਹਨ, ਤਿਸ ਪ੍ਰਥਾਇ ਭਗਤਜੀ ਆਖਿਆ

**ਨਾਰਾਇਣ ਨਿੰਦਸਿ ਕਾਇ ਭੂਲੀ ਗਵਾਰੀ॥**

ਹੇ ਭੁੱਲੀ ਹੋਈ ਗਵਾਰੀ ਇਸਤ੍ਰੀ ਤੂੰ ਵਾਹਿਗੁਰੂ ਦੀ ਨਿੰਦਿਆ ਕਿਉਂ ਕਰਦੀ ਹੈਂ?

**ਦੁਕ੍ਰਿਤੁ ਸੁਕ੍ਰਿਤੁ ਥਾਰੋ ਕਰਮੁ ਰੀ॥ ੧॥ ਰਹਾਉ॥**

ਦੁਕ੍ਰਿਤੁ = ਪਾਪ। ਸੁਕ੍ਰਿਤੁ = ਪੁੰਨ।

ਰੀ ਇਸਤ੍ਰੀ ਜੇਹੜੇ ਤੂੰ ਪਿੱਛੇ ਪਾਪ ਪੁੰਨ ਕੀਤੇ ਹੋਏ ਹਨ ਉਨ੍ਹਾਂ ਦੇ ਅਨੁਸਾਰ ਏਹ ਜੇਹੜਾ ਤੈਨੂੰ ਮਾੜਾ ਚੰਗਾ ਫਲ ਮਿਲਿਆ ਹੈ ਸੋ ਤੇਰੇ ਕਰਮਾਂ ਦੇ ਅਨੁਸਾਰ ਹੀ ਹੈ। (ਹੋਰ ਵੇਖ)

**ਸੰਕਰਾ ਮਸਤਕਿ*ਬਸਤਾ ਸੁਰਸਰੀ ਇਸਨਾਨ ਰੇ॥**

---

*ਹਿੰਦੂ ਮਤ ਦੇ ਪੁਸਤਕਾਂ ਵਿਚ ਲਿਖਿਆ ਹੋਇਆ ਹੈ ਕਿ ਸ਼ਿਵਜੀ ਦੀਆਂ ਜਟਾਂ ਵਿਚੋਂ ਗੰਗਾ ਨਿਕਲੀ ਹੈ ਭਾਵ ਰਹਿੰਦੀ ਹੈ।

ਸੰਕਰਾ = ਸ਼ਿਵਜੀ। ਸੁਰਸਰੀ = ਗੰਗਾ ਨਦੀ।

"ਚੰਦ੍ਰਮਾ" ਸ਼ਿਵਜੀ ਦੇ ਮੱਥੇ ਤੇ ਵਸਦਾ ਹੈ ਅਤੇ ਗੰਗਾ ਵਿਚ ਇਸ਼ਨਾਨ ਕਰਦਾ ਹੈ।

**ਕੁਲ ਜਨ ਮਧੇ ਮਿਲ੍ਯ੍ਯੋ ਸਾਰਿਗਪਾਨ ਰੇ ॥**
**ਕਰਮ ਕਰਿ †ਕਲੰਕੁ ਮਫੀਟਸਿ ਰੀ ॥ ੧ ॥**

ਸਾਰਿਗਪਾਨ = ਧਨੁਖ ਹਥ ਵਿਚ ਲੈਣ ਵਾਲਾ।

ਉਸ ਚੰਦ੍ਰਮਾ ਦੀ ਚੰਦ੍ਰਬੰਸੀ ਕੁਲ ਦੇ ਆਦਮੀਆਂ ਵਿਚ ਕ੍ਰਿਸ਼ਨ ਜੀ ਨੂੰ ਜਨਮ ਵੀ ਮਿਲਿਆ ਪਰ ਫਿਰ ਵੀ ਉਹ ਚੰਦ੍ਰਮਾ ਦਾ ਕਲੰਕ ਅਮਿਟ ਹੀ ਰਿਹਾ। ਭਾਵ ਕ੍ਰਿਸ਼ਨ ਵੀ ਚੰਦ੍ਰਮਾ ਦਾ ਕਲੰਕ (ਗੁਰੂ ਦੀ ਇਸਤ੍ਰੀ ਨੂੰ ਰਮਨ ਕਰਨ ਵਾਲਾ) ਹਟਾ ਨਾ ਸਕਿਆ। (ਫੇਰ ਦੇਖ)

**ਬਿਸ੍ਵ ਕਾ ਦੀਪਕੁ ਸ੍ਵਾਮੀ ਤਾਚੇਰੇ ਸੁਆਰਥੀ**
**ਪੰਖੀ ਰਾਇ ਗਰੁੜ ਤਾਚੇ ਬਾਧਵਾ ॥**
**ਕਰਮ ਕਰਿ ਅਰੁਣ ਪਿੰਗੁਲਾਰੀ ॥ ੨ ॥**

ਬਿਸ੍ਵ = ਸੰਸਾਰ। ਦੀਪਕ = ਦੀਵਾ। ਤਾਚੇ = ਤਿਸਦਾ।
ਬਾਧਵਾ = ਸੱਕਾ ਭਰਾ। ਅਰਣ = ਸੂਰਜ ਦਾ ਰਥਵਾਹੀ।

ਸਾਰੇ ਸੰਸਾਰ ਦਾ ਜੇਹੜਾ ਸੂਰਜ ਸੁਆਮੀ ਦੀਵਾ ਹੈ ਤਿਸਦਾ ਰਥਵਾਹੀ ਅਰਣ ਹੈ ਅਤੇ ਉਸਦਾ ਸੱਕਾ ਭਰਾ ਸਾਰੇ ਪੰਛੀਆਂ ਦਾ ਰਾਜਾ ਗਰੁੜ

†ਸਿੰਧੁ ਪੰਕ ਅਗ ਧੂਪ ਦਾਨ ਰੱਛ ਛਾਹਿ ਸੁਛਿਤ ਕਰ।
ਗਣਪਤਿ ਸਿਰ ਮ੍ਰਿਗ ਸਜਾਮ ਗਰਲ ਤਮ ਸ੍ਰੀਪਤਿ ਉਰ ਧਰ।
ਰਾਹੁ ਚੋਟ ਹਿਆ ਖੋਟ ਕਾਹੂ ਕਰ ਨਜ਼ਰ ਬਸਨ ਮੁਨਿ।
ਸਾਰ ਭਾਗ ਰਤਿ ਛੀਨ ਛਿਦ੍ਰ ਨਭ ਦਰਸਤ ਕਹਿ ਗੁਨਿ।
ਭਟ ਚਵਜੋ ਸਹਾਇਕ ਮਦਨ ਕਰ ਖੜਗ ਚੰਦ੍ਰਿਕਾ ਸਿਪਰ ਕਲ।
ਨਹਿ ਅੰਕ ਕਾਲ ਗੁਰਸਿੰਘ ਸਸਿ ਅਸਿਤ ਸਮਸ੍ਰ ਸਜਤ ਭਲ।

ਇਹ ਛਪਾ ਸੀ ਯੁਤਿ ਕਵਿਰਾਜ ਨਿਹਾਲ ਸਿੰਘ ਗੋਬਿੰਦ ਮੰਦਰ ਲਾਹੌਰ ਨਿਵਾਸੀ ਜੀ ਦੇ ਗੁਰ ਸਿੱਖੀ ਪ੍ਰਭਾਕਰ ਜਾਂ ਨਿਰਮਲ ਪ੍ਰਭਾਕਰ ਦੇ ੨੭੨ ਪੰਨੇ ਤੇ ਹੈ ਜਿਸ ਵਿਚ ਚੰਦ੍ਰਮਾਂ ਦੇ ਸਾਰੇ ਕਲੰਕ ਵੱਖੋ ਵੱਖ ਆਪੋ ਆਪਣੇ ਖਿਆਲ ਅਨੁਸਾਰ ਸਾਰੇ ਵਿੱਦਵਾਨਾਂ ਨੇ ਦਸੇ ਪਰ ਕਵੀਰਾਜ ਜੀ ਆਖਦੇ ਹਨ ਇਹ ਕੋਈ ਗਲ ਨਹੀਂ ਜਦੋਂ ਗੁਰੂ ਜੀ ਅੰਮ੍ਰਿਤ ਛਕਾਯਾ ਸੀ ਤਦੋਂ ਚੰਦ੍ਰਮਾਂ ਨੇ ਭੀ ਅੰਮ੍ਰਿਤ ਛਕਕੇ ਦਾੜ੍ਹਾ ਰਖ ਲਿਆ। ਬਿਸ਼ਨ ਸਿੰਘ ਗਜ਼ਾਨੀ

ਹੈ ਪਰ ਅਫਸੋਸ ਉਸ ਕਾਰਣ ਦਾ ਪਿਛਲੇ ਕਰਮਾਂ ਦੇ ਅਨੁਸਾਰ ਕਰਮ ਨਾ ਮਿਟਿਆ ਓਹ ਪਿੰਗਲਾ ਹੀ ਰਿਹਾ। (ਹੋਰ ਦੇਖ)

**ਅਨਿਕ ਪਾਤਿਕ ਹਰਤਾ ਤ੍ਰਿਭਵਣ ਨਾਥੁ ਰੀ**
**ਤੀਰਥਿ ਤੀਰਥਿ ਭ੍ਰਮਤਾ ਲਹੈ ਨ ਪਾਰੁ ਰੀ॥**
**ਕਰਮ ਕਰਿ ਕਪਾਲੁ*ਮਫੀਟਸਿ ਰੀ॥ ੩॥**

ਪਾਤਕ = ਪਾਪ॥ ਕਪਾਲ = ਸਿਰ॥ ਮਫੀਟਸਿ ਰੀ = ਹੀ ਇਸਤ੍ਰੀ ਅਮਿਟ ਜੋੜਨਾ ਦੂਰ ਨਾ ਹੋਵੇ।

"ਆਪ" ਸ਼ਿਵਜੀ ਲੋਕਾਂ ਦੇ ਅਨੇਕਾਂ ਪਾਪਾਂ ਨੂੰ ਦੂਰ ਕਰਦਾ ਹੈ ਅਤੇ ਅਰੀ ਇਸਤ੍ਰੀ ਤਿੰਨਾਂ ਭਵਨਾਂ ਦਾ ਮਾਲਕ ਹੈ "ਪਰ ਅਫਸੋਸ" ਤੀਰਥਾਂ ਤੀਰਥਾਂ ਤੇ ਭਟਕਦਾ ਹੋਇਆ ਅੰਤ ਨਹੀਂ ਲੈਂਦਾ ਓਨਾਂ ਕਰਮਾਂ ਕਰਕੇ ਸਿਰ ਹੀ ਸ਼ਿਵਜੀ ਨੂੰ ਗਲ ਵਿਚ ਪੌਣ ਨੂੰ ਮਿਲੇ ਏਹ ਦੋਸ਼ ਦੂਰ ਨਾ ਹੋਯਾ।

**ਅੰਮ੍ਰਿਤ ਸਸੀਅ ਧੇਣ ਲਛਿਮੀ ਕਲਪਤਰ**
**ਸਿਖਰਿ ਸੁਨਾਗਰ ਨਦੀ ਚੇ ਨਾਥੰ॥**
**ਕਰਮ ਕਰਿ ਖਾਰੁ ਮਫੀਟਸਿ ਰੀ॥ ੪॥**

ਸਸੀਅ = ਚੰਦ੍ਰਮਾ। ਧੇਨ = ਗਊ। ਸਿਖਰਿ = ਉਚ ਸ੍ਰਵਾ, ਸੂਰਜ ਦਾ ਘੋੜਾ। ਸੁਨਾਗਰ = ਬੜਾ ਚਤਰ।

ਜਿਸ ਸਮੰਦਰ ਵਿਚੋਂ ਅੰਮ੍ਰਿਤ, ਚੰਦ੍ਰਮਾਂ, ਕਾਮਧੇਨ ਗਊ, ਵਿਸ਼ਨੂ ਦੀ ਇਸਤ੍ਰੀ ਕਲਪ ਬ੍ਰਿਛ, ਉੱਚ ਸ੍ਰਵਾ ਸੂਰਜ ਦਾ ਘੋੜਾ, ਬੜਾ ਚਤਰ ਧਨੰਤਰ ਵੈਦ ਆਦਿਕ ਰਤਨ ਨਿਕਲੇ ਹਨ ਓਹ ਸਮੁੰਦਰ ਨਦੀਆਂ ਦਾ ਮਾਲਕ ਹੈ, ਪਰ ਅਫਸੋਸ! ਕਰਮ ਕਰਕੇ ਉਸਦੀ †ਖਾਰ ਦੂਰ ਨਹੀ ਹੋਈ। (ਹੋਰ ਦੇਖੋ)

**ਦਾਧੀਲੇ ਲੰਕਾ ਗੜੁ ਉਪਾੜੀਲੇ**
**ਰਾਵਣ ਬਣ ਸਲਿ ਬਿਸਲਿ ਆਣਿ ਤੋਖੀਲੇ ਹਰੀ॥**

*ਆਖਦੇ ਹਨ ਕਿ ਬ੍ਰਹਮਾ ਆਪਣਾ ਪੁਤ੍ਰੀ ਉਤੇ ਭੁਲ ਗਿਆ ਸੀ ਅਤੇ ਉਸਦੇ ਪੰਜਵੇਂ ਸਿਰ ਵਧਦੇ ਨੂੰ ਵੇਖਕੇ ਸ਼ਿਵਜੀ ਨੇ ਕੱਟਿਆ ਸੀ ਅਤੇ ਸੋਈ ਓਹੀ ਸਿਰ ਸ਼ਿਵਜੀ ਨੂੰ ਚੰਬੜਿਆ ਉਸਦੀ ਹੱਤਿਆ ਨਾ ਲੱਥੀ।

†ਆਖਦੇ ਹਨ ਸਮੁੰਦਰ ਨੇ ਟਟੀਰੀ ਦੇ ਬੱਚੇ ਰੋੜ੍ਹ ਦਿਤੇ ਸਨ ਇਸ ਲਈ ਅਗਸਤ ਮੁਨੀ ਨੇ ਪੀ ਕੇ ਪਿਸ਼ਾਬ ਕਰ ਦਿਤਾ ਸੀ।

**ਕਰਮ ਕਰਿ *ਕਛਉਟੀ ਮਫੀਟਸਿ ਰੀ ॥ ੫ ॥**

ਦ ਧੀਲੇ = ਸਾੜਿਆ। ਉਪਾੜੀਲੇ = ਪੁੱਟਿਆ। ਸਲਿ = ਜ਼ਖਮ। ਬਿਸਲਿ = ਜ਼ਖਮਾਂ ਤੋਂ ਬਿਨਾਂ ਕਰਨ ਵਾਲੀ ਬਿਸੱਲਿਆ = ਬੂਟੀ ਤੋਖੀ = ਪ੍ਰਸੰਨ। ਕਛਉਟੀ = ਕੱਛ। ਮਫੀਟਸਿ = ਨ ਮਿਟ।

ਜਿਸ ਹਨੂੰਮਾਨ ਨੇ ਲੰਕਾ ਗੜ ਨੂੰ ਸਾੜ ਦਿੱਤਾ, ਅਤੇ ਰਾਵਣ ਦੇ ਬਣ ਨੂੰ ਪੁਟ ਦਿਤਾ ਅਤੇ ਬਿਸੱਲਿਆ ਬੂਟੀ ਲਿਆਕੇ ਲੱਛਮਣ ਨੂੰ ਜੀਵਾਇਆ ਅਤੇ ਰਾਮਚੰਦ੍ਰ ਜੀ ਨੂੰ ਪ੍ਰਸੰਨ ਕੀਤਾ ਉਸ ਹਨੂੰਮਾਨ ਨੂੰ ਉਸ ਭਾਗਾਂ ਕਰਕੇ ਕੱਛ ਹੀ ਮਿਲੀ ॥

**ਪੂਰਬਲੋ ਕ੍ਰਿਤ ਕਰਮੁ ਨ ਮਿਟੈ ਰੀ**
**ਘਰ ਗੇਹਣਿ ਤਾਚੇ ਮੋਹਿ ਜਾਪੀਅਲੇ ਰਾਮ ਚੇ ਨਾਮੰ ॥**

ਤਾਚੇ = ਤਾਂਤੇ। ਪੂਰਬਲੋ = ਪਿਛਲਾ, ਕ੍ਰਿਤ ਕੀਤਾ ਹੋਇਆ। ਗੇਹਣਿ = ਇਸਤ੍ਰੀ।

ਹੇ ਘਰ ਦੀ ਇਸਤ੍ਰੀ ਪਿੱਛਲੇ ਕੀਤੇ ਹੋਏ ਮਾੜੇ ਚੰਗੇ ਕਰਮ ਵਡਿਆਂ ੨ ਪਾਸੋਂ ਵੀ ਨਹੀਂ ਮਿਟੇ, ਇਸ ਲਈ ਮੈਂ ਵਾਹਿਗੁਰੂ ਦਾ ਨਾਮ ਜਪਿਆ ਹੈ।

**ਬਦਤਿ ਤ੍ਰਿਲੋਚਨ ਰਾਮ ਜੀ ॥ ੬ ॥ ੧ ॥**

ਤ੍ਰਿਲੋਚਨ ਜੀ ਕਹਿੰਦੇ ਹਨ ਤੂੰ ਵੀ ਵਾਹਿਗੁਰੂ ਦਾ ਨਾਮ ਜਪ (ਹੇ ਵਾਹਿਗੁਰੂ ਜੀ ੨ ਜਪ)

**ਸ੍ਰੀਸੈਣੁ ॥ † ਧੂਪ ਦੀਪ ਘ੍ਰਿਤ ਸਾਜਿ ਆਰਤੀ ॥**
**ਵਾਰਨੇ ਜਾਉ ਕਮਲਾਪਤੀ ॥ ੧ ॥**

ਕਮਲਾਪਤੀ = ਮਾਇਆ ਦੇ ਮਾਲਕ।

ਹੇ ਵਾਹਿਗੁਰੂ ਮੈਂ ਲੋਕਾਂ ਵਾਕੂੰ ਧੂਪ ਦੀਵਿਆਂ ਦਾ ਸਾਜਨਾਂ ਪਾਖੰਡ ਛੱਡਕੇ ਤੇਰਾ ਨਾਮ ਹੀ ਧੂਪ ਹੈ ਅਤੇ ਤੇਰਾ ਨਾਮ ਹੀ ਦੀਵਾ ਹੈ ਅਤੇ ਤੇਰਾ ਨਾਮ ਹੀ ਘਿਓ ਹੈ, ਏਹ ਮੈਂ ਆਰਤੀ ਸਾਜਣੀ ਕੀਤੀ ਹੈ ਹ ਵਾਹਿਗੁਰੂ ਮੈਂ ਤੇਰੇ ਉਤੋਂ

---

*ਦੇਖੋ ਕੱਛ ਆਦ ਤੋਂ ਸੂਰਮਿਆਂ ਦਾ ਪਹਿਰਾਵਾ ਚਲਿਆ ਆਉਂਦਾ ਹੈ ਰਾਮਚੰਦ੍ਰ ਜੀ ਉਸ ਵਕਤ ਨੂੰ ਉਂਦੇ ਸਨ ਉਨਾਂ ਨੇ ਓਦੋਂ ਹਨੂਮਾਨ ਜੀ ਨੂੰ ਕਛ ਹੀ ਦਿਤੀ ਇਸਦਾ ਭਾਵ ਏਹ ਹੈ ਕਿ ਓਹ ਇਕ ਕੱਛ ਹੀ ਰੱਖਦਾ ਹੈ ਇਸ ਲਈ ਹਰ ਇਕ ਮਾਈ ਭਾਈ ਨੂੰ ਕੱਛ ਪਾਉਣੀ ਚਾਹੀਦੀ ਹੈ।

†ਇਸ ਸਬਦ ਨੂੰ ਵੀ ਪਹਿਲੇ ਸਬਦ ਰਵਿਦਾਸ ਜੀ ਦੇ (ਏਸੇ ਰਾਗ ਵਿਚੋਂ) ਵਾਂਕੂ ਸਮਝ ਲੈਣਾ, ਹੋਰ ਦੀਪਮਾਲੀ ਆਰਤੀ ਨ ਸਮਝਣੀ ॥

ਦੀ ਵਾਰਨੇ ਜਾਂਦਾ ਹਾਂ।

**ਮੰਗਲਾ ਹਰਿ ਮੰਗਲਾ ॥**

**ਨਿਤ ਮੰਗਲੁ ਰਾਜਾ ਰਾਮ ਰਾਇ ਕੋ ॥ ੧ ॥ ਰਹਾਉ ॥**

ਹਰ ਇਕ ਮੰਗਲਾਂ ਵਿਚੋਂ ਮੰਗਲ, ਸਾਨੂੰ ਵਾਹਿਗੁਰੂ ਪ੍ਰਕਾਸ਼ਕ ਦਾ ਨਾਮ ਹੀ ਹੱਛਾ ਮੰਗਲ ਹੈ, ਭਾਵ ਸਾਰਿਆਂ ਅਨੰਦਾਂ ਵਿਚੋਂ ਸਾਨੂੰ ਵਾਹਿਗੁਰੂ ਦੇ ਨਾਮ ਨਾਲ ਹੀ ਅਨੰਦ ਹੈ।

**ਊਤਮ ਦੀਅਰਾ ਨਿਰਮਲ ਬਾਤੀ ॥**

**ਤੁਹੀ ਨਿਰੰਜਨੁ ਕਮਲਾ ਪਾਤੀ ॥ ੨ ॥**

ਨਿਰੰਜਨੁ = ਮਾਇਆ ਰਹਤ। ਕਮਲਾ ਪਤੀ = ਮਾਇਆ ਦਾ
ਪਤੀ ਵਾਹਿਗੁਰੂ ਵ ਕੌਲ ਫੁੱਲ ਤੇ ਪਤੇ।

ਏਹੋ ਨਾਮ ਰੂਪ ਹੀ ਉਤਮ ਦੀਵਾ ਹੈ ਜਿਸ ਵਿੱਚ ਸ਼ੁਧ ਪ੍ਰੇਮ ਵਾਲੀ ਵੱਟੀ ਦਿਤੀ ਹੈ ਤਿਸ ਵੱਟੀ ਦੇ ਚਾਨਣ ਨਾਲ ਸਾਨੂੰ ਤੂੰਹੀ ਮਾਇਆ ਤੋਂ ਰਹਤ ਵਾਹਿਗੁਰੂ ਨਜ਼ਰ ਆਉਂਦਾ ਹੈ, ਵਾ ਹੇ ਨਿਰੰਜਨ ਤੇਰਾ ਨਾਮ ਹੀ ਕਵਲਾਂ ਦੇ ਪਤੇ ਹਨ।

**ਰਾਮਾ ਭਗਤਿ ਰਾਮਾਨੰਦੁ ਜਾਨੈ ॥**

**ਪੂਰਨ ਪਰਮਾਨੰਦੁ ਬਖਾਨੈ ॥ ੩ ॥**

ਰਾਮਾਨੰਦ = ਗੁਰੂ।

ਹੇ ਵਾਹਿਗੁਰੂ ਤੇਰੀ ਭਗਤ ਹੀ ਆਰਤੀ ਆਪਣੇ ਅਰਾਮ ਦਾ ਕਾਰਨ ਮੇਰੇ ਗੁਰੂ ਸਮਝਦੇ ਹਨ, ਓਹ ਪੂਰੇ ਪਰਮ ਅਨੰਦ ਨੂੰ ਉਚਾਰਨ ਕਰਦੇ ਹਨ।

**ਮਦਨ ਮੂਰਤਿ ਭੈ ਤਾਰਿ ਗੋਬਿੰਦੇ ॥**

**ਸੈਨੁ ਭਣੈ ਭਜੁ ਪਰਮਾਨੰਦੇ ॥ ੪ ॥ ੧ ॥**

ਮਦਨ = ਕਾਮ ॥ ਭਣੈ = ਕਹੇ।

ਹੇ ਗੋਬਿੰਦੇ ਵਾਹਿਗੁਰੂ ਕਾਮਦੇਵ ਦੀ ਮੂਰਤੀ ਵਰਗੇ ਸੁੰਦਰ ਮੈਨੂੰ ਡਰੌਣੇ ਸੰਸਾਰ ਸਮੁੰਦਰ ਤੋਂ ਤਾਰ ਲੈ, ਸੈਣ ਜੀ ਕਹਿੰਦੇ ਹਨ ਹੇ ਵਾਹਿਗੁਰੂ ਪਰਮ ਅਨੰਦ ਵਾਲੇ ਇਸੀ ਹੀ ਵਾਸਤੇ ਮੈਂ ਆਪ ਨੂੰ (ਭਜ) ਯਾਦ ਕਰਦਾ ਹਾਂ ॥

**ਪੀਪਾ ॥ *ਕਾਯਉ ਦੇਵਾ ਕਾਇਅਉ ਦੇਵਲ**

---

*ਕਾਯਉ = ਕੀ ਹੈ ਭਾਵ ਕੁਝ ਨਹੀਂ ਅਤੇ ਕਾਇਆਂ ਦੇਹ, ਇਹ ਇਸਦੇ ਦੋ ਅਰਥ ਹਨ ॥

**ਕਾਇਅਉ ਜੰਗਮ ਜਾਤੀ ॥**

ਕਾਇਆਂ ਹੀ ਦੇਵਤਾ ਹੈ, ਕਾਇਆਂ ਹੀ ਠਾਕੁਰ ਦੁਆਰਾ ਹੈ ਕਾਇਆਂ ਹੀ ਜੰਘਾਂ ਵਾਲਾ ਠਾਕੁਰ ਦੁਆਰੇ ਜਾਣ ਵਾਲਾ ਯਾਤ੍ਰੀ ਹੈ ਵਾ ਕੀ ਹੈ ਦੇਵਤਾ ਕੀ ਹੈ ਠਾਕਰ ਦਵਾਰਾ ਕੀ ਹੈ ਜੰਗਮ ਆਦਿਕ ਭੇਖ ਧਾਰਕੇ ਓਨਾਂ ਦਾ ਯਾਤ੍ਰੀ ਹੋਣਾ ॥

**ਕਾਇਅਉ ਧੂਪ ਦੀਪ ਨਈ ਬੇਦਾ**
**ਕਾਇਅਉ ਪੂਜਉ ਪਾਤੀ ॥ ੧ ॥**

ਕਾਇਆਂ ਹੀ ਧੂਪ ਦੀਵਾ ਹੈ ਅਤੇ ਕਾਇਆਂ ਹੀ ਫਲ ਪੱਤ੍ਰ ਆਦਿਕ ਕਰਕੇ (ਨਈ ਵੇਦਾ) ਪੂਜਣੇ ਯੋਗ ਹੈ ਵਾ ਕੀ ਹੈ ਧੂਪ ਦੀਵਿਆਂ ਕਰਕੇ ਦੇਵਤਿਆਂ ਨੂੰ ਅਰਪਣਾ ਅਤੇ ਕੀ ਹੈ ਫੁੱਲ ਪੱਤ੍ਰ ਕਰਕੇ ਪੂਜਣਾਂ।

**ਕਾਇਆ ਬਹੁ ਖੰਡ ਖੋਜਤੇ ਨਵਨਿਧਿ ਪਾਈ ॥**
**ਨਾ ਕਛੁ ਆਇਬੋ ਨਾ ਕਛੁ ਜਾਇਬੋ**
**ਰਾਮ ਕੀ ਦੁਹਾਈ ॥ ੧ ॥ ਰਹਾਉ ॥**

ਖੰਡ = ਨੌ ਖੰਡ ਹੁੰਦੇ ਹਨ ਵ ਟੁਕੜੇ, ਜਗ੍ਹਾ।

ਬਹੁਤਿਆਂ ਜੋੜਾਂ ਵਾਲੀ ਦੇਹੀ ਵਿਚੋਂ ਅਸਾਂ ਲਭਦਿਆਂ ਹੋਇਆਂ ਨੌ ਨਿਧੀ ਰੂਪ ਆਤਮ ਨਿਧੀ ਪਾਈ ਹੈ ਇਸ ਲਈ ਅਸਾਂ ਜਾਣ ਲਿਆ ਹੈ ਕਿ ਨਾ ਕੁਝ ਆਉਂਦਾ ਹੈ ਨਾ ਕੁਝ ਜਾਂਦਾ ਹੈ ਭਾਵ ਜੰਮਦਾ ਮਰਦਾ ਹੈ ਵਾਹਿਗੁਰੂ ਦੀ ਦੁਹਾਈ ਹੈ ਭਾਵ ਸਾਨੂੰ ਕਸਮ ਹੈ ॥

**ਜੋ ਬ੍ਰਹਮੰਡੇ ਸੋਈ ਪਿੰਡੇ ਜੋ ਖੋਜੈ ਸੋ ਪਾਵੈ ॥**
**ਪੀਪਾ ਪ੍ਰਣਵੈ ਪਰਮ ਤਤੁ ਹੈ ਸਤਿਗੁਰੁ ਹੋਇ ਲਖਾਵੈ ॥ ੨ ॥੧॥**

ਪਿੰਡੇ = ਸਰੀਰ। ਪ੍ਰਣਵੈ = ਨਮਸਕਾਰ ਕਰੇ।

ਜੇਹੜਾ ਵਾਹਿਗੁਰੂ ਸਾਰੇ ਬ੍ਰਹਮੰਡ ਵਿੱਚ ਵਿਆਪਕ ਹੈ ਸੋਈਓ ਹੀ ਹਰ ਇਕ ਸਰੀਰ ਵਿੱਚ ਹੈ ਜੇਹੜਾ ਖੋਜੇਗਾ ਓਹੋ ਹੀ ਉਸਨੂੰ ਲਭ ਲਵੇਗਾ ਪੀਪਾ ਜੀ ਕਹਿੰਦੇ ਹਨ ਓਹ ਪਰਮ ਤਤ ਸਰੂਪ ਵਾਹਿਗੁਰੂ ਅੰਦਰ ਹੀ ਹੈ ਪਰ ਜਿਸਨੂੰ ਸਤਿਗੁਰੂ ਮਿਲਦੇ ਹਨ ਉਸ ਨੂੰ (ਦਯਾਲੂ ਹੋਕੇ) ਦਸ ਦੇਂਦੇ ਹਨ।

**ਧੰਨਾ ॥ ਗੋਪਾਲ ਤੇਰਾ ਆਰਤਾ ॥ ਜੋ ਜਨ ਤੁਮਰੀ**
**ਭਗਤਿ ਕਰੰਤੇ ਤਿਨਕੇ ਕਾਜ ਸਵਾਰਤਾ ॥ ੧ ॥ ਰਹਾਉ ॥**

ਹੇ ਵਾਹਿਗੁਰੂ ਲੋਕੀ ਤੇਰੀ ਆਰਤੀ ਕਰਦੇ ਹਨ ਪਰ ਮੈਂ ਤੇਰਾ

ਆਰਤਾ ਕਰਦਾ ਹਾਂ ਭਾਵ ਸੰਸਾਰ ਵੱਲੋਂ ਦੁਖੀ ਹੋਇਆ ੨ ਕਾਹਲਾ ਹੋਇਆ ਹੋਇਆ ਬੇਨਤੀ ਕਰਦਾ ਹਾਂ ਕਿ ਜੇਹੜੇ ਭਗਤ ਤੇਰੀ ਭਗਤੀ ਕਰਦੇ ਹਨ ਓਨਾਂ ਦੇ ਤੂੰ ਕੰਮ ਸਵਾਰਦਾ ਹੈਂ ॥

(ਤੂੰ ਕੀ ਮੰਗਦਾ ਹੈਂ ?)

**ਦਾਲਿ ਸੀਧਾ ਮਾਗਉ ਘੀਉ ॥**
**ਹਮਰਾ ਖੁਸੀ ਕਰੈ ਨਿਤ ਜੀਉ ॥**

ਸੀਧਾ = ਆਟਾ । ਸੇਂਧਵ = ਲੂਣ ।

ਦਾਲ, ਆਟਾ, ਘਿਉ, ਮੰਗਦਾ ਹਾਂ ਜਿਨ੍ਹਾਂ ਦੇ ਛਕਣ ਕਰਕੇ ਸਾਡਾ ਜੀ ਖੁਸ਼ੀ ਹੋਕੇ ਤੇਰਾ ਭਜਨ ਕਰੇ ॥

**ਪਨ੍ਹੀਆ ਛਾਦਨੁ ਨੀਕਾ ॥ ਅਨਾਜੁ ਮਗਉ ਸਤਸੀਕਾ ॥ ੧ ॥**

ਪਨੀਆ = ਜੁਤੀ ॥ ਛਾਦਨੁ = ਸਰੀਰ ਢੱਕਣ ਵਾਲਾ ਕਪੜਾ ॥
ਨੀਕਾ = ਚੰਗਾ ॥ ਸਤਸੀਕਾ = ਸਤ ਵਾਰੀ ਕਿਆ ਸੌ ਵਾਰੀ
(ਸੀਕਾ) ਹਲ ਜਿਥੇ ਵਗਿਆ ਹੋਵੇ ਭਾਵ ਬਹੁਤੀਆਂ ਸੀਆਂ
ਲੱਗੀਆਂ ਹੋਨ ਕਰਕੇ ਚੰਗਾ ਅੰਨ ਉਰਦਾ ਹੈ ॥

ਜੁਤੀ ਕਪੜਾ ਚੰਗਾ ਮੰਗਦਾ ਹਾਂ ਅਤੇ ਅੰਨ ਨਵਾਂ ਤਾਜ਼ਾ ਮੰਗਦਾ ਹਾਂ ।

**ਗਊ ਭੈਸ ਮਗਉ ਲਾਵੇਰੀ ॥ ਇਕ ਤਾਜਨਿ ਤੁਰੀ ਚੰਗੇਰੀ ॥**

ਤਾਜਨਿ = ਤਾਜੀ, ਅਰਬ ਦੇਸ ਦੀ । ਤੁਰੀ = ਘੋੜੀ ।

ਗਾਂਈ ਮਹੀਂ ਲਵੇਰੀ ਮੰਗਦਾ ਹਾਂ ਅਤੇ ਇਕ ਅਰਬ ਦੇਸ ਦੀ ਚੰਗੀ ਤਾਜਨਿ ਘੋੜੀ ਮੰਗਦਾ ਹਾਂ ॥

**ਘਰ ਕੀ ਗੀਹਨਿ ਚੰਗੀ ॥**
***ਜਨੁ ਧੰਨਾ ਲੇਵੈ ਮੰਗੀ ॥ ੨ ॥ ੧ ॥**

ਗੀਹਨਿ = ਇਸਤ੍ਰੀ ॥

ਘਰ ਦੀ ਮਾਲਕਣਿ ਇਸਤ੍ਰੀ ਚੰਗੀ ਆਗਿਆਕਾਰ ਹੋਵੇ ਓਹ ਦਾਸ ਧੰਨਾ ਮੰਗ ਲੈਂਦਾ ਹੈ ਭਾਵ ਮੰਗਦਾ ਹੈ ।

*ਇਸ ਦਾ ਅੰਤ੍ਰੀਵ ਅਰਥ ਵੀ ਹੈ ਪਰ ਧਾਰਮਕ ਆਦਮੀਆਂ ਵਾਸਤੇ ਜੋ ਕੁਝ ਇਹ ਭਗਤ ਜੀ ਲਿਖਿਆ ਹੈ ਠੀਕ ਹੈ ਰਾਗੀ ਉਪਦੇਸ਼ਕ ਗਿਆਨੀਆਂ ਦੀ ਤਨਖਾਹ ੨੦੦) ੩੦੦) ੫੦੦) ਹੋਣੀ ਚਾਹੀਦੀ ਹੈ ॥

# ਰਾਗੁ ਜੈਤਸਰੀ

(ਵਿਨਤੀ)

## ਜੈਤਸਰੀ ਬਾਣੀ ਭਗਤਾ ਕੀ

**ੴ ਸਤਿਗੁਰਪ੍ਰਸਾਦਿ ॥ ਨਾਥ ਕਛੂਆ ਨ ਜਾਨਉ ॥**
**ਮਨੁ ਮਾਇਆ ਕੈ ਹਾਥਿ ਬਿਕਾਨਉ ॥੧॥ਰਹਾਉ ॥**

ਹੇ ਵਾਹਿਗੁਰੂ ਮੈਂ ਕੁਝ ਨਹੀਂ ਜਾਣਦਾ ਭਾਵ ਮੈਂ ਕੁਝ ਜਪ ਤਪ ਕਰਨਾ ਨਹੀਂ ਜਾਣਦਾ ਮਨ ਮੇਰਾ ਮਾਇਆ ਦੇ ਹੱਥ ਵਿਕਿਆ ਹੋਇਆ ਹੈ ਭਾਵ ਮਾਇਆ ਨੇ ਵਸ ਕੀਤਾ ਹੋਇਆ ਹੈ।

**ਤੁਮ ਕਹੀਅਤ ਹੌ ਜਗਤ ਗੁਰ ਸੁਆਮੀ ॥**
**ਹਮ ਕਹੀਅਤ ਕਲਿਜੁਗ ਕੇ ਕਾਮੀ ॥ ੧ ॥**

ਤੁਸੀ ਜਗਤ ਦੇ ਗੁਰੂ ਸੁਆਮੀ ਕਹੌਂਦੇ ਹੋ, ਅਸੀ ਕਲਜੁਗ ਦੇ ਕਾਮੀ ਕਹੌਂਦੇ ਹਾਂ।

**ਇਨ ਪੰਚਨ ਮੇਰੋ ਮਨੁ ਜੁ ਬਿਗਾਰਿਓ ॥**
**ਪਲੁ ਪਲੁ ਹਰਿ ਜੀ ਤੇ ਅੰਤਰੁ ਪਾਰਿਓ ॥ ੨॥**

ਅੰਤਰੁ = ਫਰਕ, ਜੁਦਾਈ।

ਏਨ੍ਹਾਂ ਪੰਜਾਂ ਕਾਮਾਦਿਕਾਂ ਨੇ ਮੇਰਾ ਮਨ ਵਿਗਾੜ ਦਿਤਾ ਹੈ ਹੇ ਵਾਹਿਗੁਰੂ ਮੇਰੀ ਏਹਨਾਂ ਨੇ ਤੇਰੇ ਨਾਲੋਂ ਇਕ ਛਿਨ ਛਿਨ ਦੀ ਸੰਗਿਆ ਕਰਕੇ ਜੁਦਾਈ ਕਰ ਦਿਤੀ ਹੈ ਭਾਵ ਤੇਰਾ ਮੇਰਾ ਫਰਕ ਪਾ ਦਿੱਤਾ ਹੈ ਨਾ ਮੈਨੂੰ ਤੇਰੇ ਨਾਲ ਮਿਲਣ ਦੇਂਦੇ ਨੇ ਨਾ ਤੈਨੂੰ।

**ਜਤ ਦੇਖਉ ਤਤ ਦੁਖ ਕੀ ਰਾਸੀ ॥**
**ਅਜੌਂ ਨ ਪਤ੍ਯਾਇ ਨਿਗਮ ਭਏ ਸਾਖੀ ॥ ੩ ॥**

ਰਾਸ = ਪੂੰਜੀ ਬਹੁਤ। ਨਿਗਮ = ਵੇਦ।

ਤੇਰੇ ਤੋਂ ਬਿਨਾਂ ਜਿਸ ਪਾਸੇ ਮੈਂ ਜਿਸ ਪਦਾਰਥ ਵੱਲ ਦੇਖਦਾ ਹਾਂ ਓਧਰ ਹੀ ਬਹੁਤ ਸਾਰਾ ਦੁੱਖ ਮੈਨੂੰ ਨਜ਼ਰ ਆਉਂਦਾ ਹੈ ਅਜੇ ਵੀ ਮੇਰਾ ਮਨ ਨਹੀਂ ਪਤੀਆਇਆ ਕਿ ਵੇਦ ਵੀ ਵਿਚ ਉਗਾਹੀ ਦੇਣ ਵਾਲੇ ਹੋਏ ਹਨ ਭਾਵ ਵੇਦਾਂ ਵਿਚ ਬਹੁਤ ਤਰਾਂ ਦੇ ਪੁਆੜੇ ਪਿੱਟੇ ਹੋਏ ਹਨ, ਇਸ ਲਈ ਮੇਰਾ ਮਨ ਨਹੀਂ ਜੰਮਿਆ ਮੈਂ ਤੈਨੂੰ ਕੀਕੂੰ ਮਿਲਾਂ (ਵੇਦਾਂ ਦੀ ਦਸ਼ਾ ਦਾ ਹਾਲ ਅਗੇ ਕਹਿੰਦੇ ਹਨ)

**ਗੋਤਮ ਨਾਰਿ ਉਮਾਪਤਿ ਸ੍ਵਾਮੀ ॥**
**ਸੀਸੁ ਧਰਨਿ ਸਹਸ ਭਗ ਗਾਮੀ ॥ ੪ ॥**

ਉਮਾਪਤਿ = ਸ਼ਿਵਜੀ। ਸੀਸ ਧਰਨ = ਸਿਰਾਂ ਨੂੰ ਚੁਕਣ ਵਾਲਾ ਸ਼ਿਵਜੀ।
ਸਹਸ = ਹਜਾਰ

ਗੋਤਮ ਰਿਖੀ ਦੀ ਇਸਤ੍ਰੀ ਪਿੱਛੇ ਸ੍ਵਰਗ ਦਾ ਸੁਆਮੀ ਇੰਦ੍ਰ ਹਜ਼ਾਰ ਭਗ ਗਾਮੀ (ਵਾਲਾ) ਹੋਇਆ ਅਤੇ ਬ੍ਰਹਮਾਂ ਆਪਣੀ ਪੁੱਤ੍ਰੀ ਉਤੇ ਭਰਮ ਗਿਆ ਸੀ ਇਸ ਲਈ ਸ਼ਿਵਜੀ ਨੇ ਉਸਦਾ ਪੰਜਵਾਂ ਸਿਰ ਧਰਿਆ ਹੋਇਆ ਕਟਿਆ, ਓਹੋ ਹੀ ਸਿਰ ਬ੍ਰਹਮ ਹੱਤਿਆ ਕਰਕੇ ਸ਼ਿਵਜੀ ਨੂੰ ਧਾਰਨਾ ਪਿਆ। ਭਾਵ ਏਹੁ ਕਾਮਾਦਿਕਾਂ ਨੇ ਹਾਲ ਕੀਤਾ ਹੈ।

**ਇਨ ਦੂਤਨ ਖਲੁ ਬਧੁ ਕਰਿ ਮਾਰਿਓ ॥**
**ਬਡੋ ਨਿਲਾਜੁ ਅਜਹੂ ਨਹੀ ਹਾਰਿਓ ॥ ੫ ॥**

ਖਲ = ਮੂਰਖ। ਬਧੁ = ਮਾਰਨਾ ਵਾ ਬੰਨ੍ਹਣਾ।

ਏਨਾਂ ਦੂਤਾਂ ਨੇ ਮੂਰਖ ਮਨ ਨੂੰ ਬੰਨ੍ਹ ਬੰਨ੍ਹ ਕੇ ਮਾਰਿਆ ਹੈ। ਪਰ ਅਫਸੋਸ! ਮਨ ਐਡਾ ਨਿਲੱਜ ਹੈ ਕਿ ਏਨ੍ਹਾਂ ਵਲੋਂ ਅਜੇ ਵੀ ਨਹੀਂ ਹਾਰਿਆ।

**ਕਹਿ ਰਵਿਦਾਸ ਕਹਾ ਕੈਸੇ ਕੀਜੈ ॥**
**ਬਿਨੁ ਰਘੁਨਾਥ ਸਰਨਿ ਕਾਕੀ ਲੀਜੈ ॥ ੬ ॥ ੧ ॥**

ਇਸ ਲਈ ਰਵਿਦਾਸ ਜੀ ਕਹਿੰਦੇ ਹਨ ਹੇ ਵਾਹਿਗੁਰੂ ਤੇਰੇ ਤੋਂ ਬਿਨਾਂ ਕਿੱਥੇ ਜਾਈਏ ਅਤੇ ਕੀ ਉਪਾਇ ਕਰੀਏ ਤੇਰੇ ਤੋਂ ਬਿਨਾਂ ਸ਼ਰਨ ਕਿਸ ਦੀ ਲਈਏ।

# ਰਾਗੁ ਟੋਡੀ

ਓਹ ਪ੍ਰਮਾਤਮਾਂ ਨ ਪੱਛਮ ਵਲ ਤੇ ਨ ਪੂਰਬ ਵਲ ਹੈ ਭਾਵ ਹਰ ਥਾਂ ਹੈ॥

## ਟੋਡੀ ਬਾਣੀ ਭਗਤਾਂ ਕੀ

**ੴ ਸਤਿਗੁਰਪ੍ਰਸਾਦਿ ॥ ਕੋਈ ਬੋਲੈ ਨਿਰਵਾ ਕੋਈ ਬੋਲੈ ਦੂਰਿ। ਜਲ ਕੀ ਮਾਛੁਲੀ ਚਰੈ ਖਜੂਰਿ ॥ ੧ ॥**

ਨਿਰਵਾ = ਨੇੜੇ ॥ ਚਰੈ = ਚੜ੍ਹਦੀ ਵਾ ਵਿਚਰਦੀ॥

ਕੋਈ ਵਾਹਿਗੁਰੂ ਨੂੰ ਨੇੜੇ ਬੋਲਦਾ ਹੈ ਕੋਈ ਦੂਰ॥ ਭਾਵ ਕੋਈ ਨੇੜੇ

ਦਸਦਾ ਹੈ ਕੋਈ ਦੂਰ, ਪਰ ਦੋਹਾਂ ਦਾ ਕਹਿਣਾਂ ਇੱਕੁਰ ਅਸੰਭਵ ਹੈ ਜਿੱਕੁਰ ਕੋਈ ਕਹੇ ਕਿ ਪਾਣੀ ਦੇ ਵਿੱਚ ਰਹਿਣ ਵਾਲੀ ਮੱਛੀ ਖਜੂਰ ਉਤੇ ਚੜ੍ਹਦੀ ਦੇਖੀ ਹੈ (ਸੋ ਅਤਜੰਤ ਹੀ ਅਸੰਭਵ ਹੈ)।

## ਕਾਂਇ ਰੇ ਬਕਬਾਦੁ ਲਾਇਓ ॥
## ਜਿਨਿ ਹਰਿ ਪਾਇਓ ਤਿਨਹਿ ਛਪਾਇਓ ॥ ੧ ॥ ਰਹਾਉ ॥

ਅਰੇ ਮੂਰਖ ਕਿਸ ਵਾਸਤੇ ਤੁਸਾਂ ਬਿਅਰਥ ਝਗੜਾ ਅਰੰਭ ਕੀਤਾ ਹੈ। ਜਿਸ ਨੇ ਵਾਹਿਗੁਰੂ ਨੂੰ ਪਾਇਆ ਹੈ ਓਸੇ ਹੀ ਛਪਾਇਆ ਹੈ। ਭਾਵ ਤੁਹਾਨੂੰ ਵਾਹਿਗੁਰੂ ਦਾ ਕੁਝ ਪਤਾ ਹੀ ਨਹੀਂ ਜਿਨਾਂ ਨੂੰ ਪਤਾ ਹੈ ਉਹ ਦਸਦੇ ਹੀ ਨਹੀਂ ॥

## ਪੰਡਿਤੁ ਹੋਇਕੈ ਬੇਦੁ ਬਖਾਨੈ ॥
## ਮੂਰਖੁ ਨਾਮਦੇਉ ਰਾਮਹਿ ਜਾਨੈ ॥ ੨ ॥ ੧ ॥

ਤੂੰ ਪੰਡਤ ਹੋਕੇ ਵੇਦਾਂ ਨੂੰ ਬਖਾਨਦਾ ਹੈਂ ਮੈਂ ਮੂਰਖ ਨਾਮਦੇਵ ਇਕ ਵਾਹਿਗੁਰੂ ਨੂੰ ਹੀ ਜਾਣਦਾ ਹਾਂ ॥

## ਕਉਨ ਕੋ ਕਲੰਕੁ ਰਹਿਓ ਰਾਮ ਨਾਮੁ ਲੇਤਹੀ॥
## ਪਤਿਤ ਪਵਿਤ ਭਏ ਰਾਮੁ ਕਹਤ ਹੀ ॥ ੧ ॥ ਰਹਾਉ ॥

ਪਤਿਤ = ਪਾਪੀ।

ਵਾਹਿਗੁਰੂ ਦਾ ਨਾਮ ਲੈਂਦਿਆਂ ਹੋਇਆਂ ਕਿਸ ਦਾ ਕਲੰਕ ਰਿਹਾ ਹੈ, ਵਾਹਿਗੁਰੂ ੨ ਉਚਾਰਕੇ ਪਾਪੀ ਵੀ ਪਵਿੱਤ੍ਰ ਹੋ ਗਏ ਹਨ।

## ਰਾਮ ਸੰਗਿ ਨਾਮਦੇਵ ਜਨ ਕਉ ਪ੍ਰਤਗਿਆ ਆਈ ॥
## ਏਕਾਦਸੀ ਬ੍ਰਤੁ ਰਹੈ ਕਾਹੇ ਕਉ ਤੀਰਥ ਜਾਈਂ ॥ ੧ ॥

ਮੈਨੂੰ ਨਾਮ ਦੇਵ ਦਾਸ ਨੂੰ ਵਾਹਿਗੁਰੂ ਦੇ ਨਾਮ ਨਾਲ ਹੀ ਪਰਤੀਤ ਆਈ ਹੈ, ਹੁਣ ਏਕਾਦਸੀ ਆਦਿਕ ਵਰਤ ਵੀ ਰਹਿ ਚੁਕੇ ਹਨ । ਭਾਵ ਵਰਤਾਂ ਦਾ ਸਿਆਪਾ ਵੀ ਅਸਾਂ ਛੱਡ ਦਿੱਤਾ ਹੈ, ਅਤੇ ਕਿਸ ਵਾਸਤੇ ਤੀਰਥਾਂ ਤ ਜਾਣਾਂ ਹੈ ॥

## ਭਨਤਿ ਨਾਮ ਦੇਉ ਸੁਕ੍ਰਿਤ ਸੁਮਤਿ ਭਏ ॥
## ਗੁਰਮਤਿ ਰਾਮੁ ਕਹਿ*ਕੋ ਕੋ ਨ ਬੈਕੁੰਠਿ ਗਏ ॥ ੨ ॥ ੨ ॥

ਭਨਤਿ = ਕਹਿੰਦੇ ॥ ਸੁਕ੍ਰਿਤ = ਪੁੰਨ ॥

---

*ਕੋ ਕੋ = ਜਾਨਵਰ ॥ ਇਸਦਾ ਏਹ ਵੀ ਅਰਥ ਕਰਦੇ ਹਨ ॥

ਨਾਮਦੇਵ ਜੀ ਕਹਿੰਦੇ ਹਨ ਸਾਡੀ ਸ੍ਰੇਸ਼ਟ ਅਕਲ ਹੁਣ ਚੰਗਾ ਕੰਮ ਕਰਨ ਵਾਲੀ ਹੋਈ ਹੈ ਗੁਰਾਂ ਦੀ ਸਿਖਿਆ ਕਰਕੇ ਵਾਹਿਗੁਰੂ ਵਾਹਿਗੁਰੂ ਕਹਿੰਦੇ ਕੌਣ ਵੈਕੁੰਠ ਨੂੰ ਨਹੀਂ ਗਏ। ਭਾਵ ਸਭ ਗਏ ਹਨ॥

## ਤੀਨਿ ਛੰਦੇ ਖੇਲੁ ਆਛੈ ॥ ੧॥ ਰਹਾਉ॥

## ਕੁੰਭਾਰ ਕੇ ਘਰ ਹਾਂਡੀ ਆਛੈ ਰਾਜਾ ਕੇ ਘਰ ਸਾਂਡੀ ਗੋ॥

ਹਾਂਡੀ = ਤੌੜੀ, ਭਾਂਡੇ। ਗੋ = ਕਹਿਣਾ। ਸਾਂਡੀ = ਸਾਡੀ, ਸੈਨਾ, ਨਯਾਇ, ਸਾਹਨਣੀ, ਰਾਜਨੀਤੀ। ਛੰਦੇ = ਛੰਦ, ਯਸ, ਹਿੱਸਾ।

ਇਸ ਛੰਦ ਵਿੱਚ ਤਿੰਨਾਂ ਤਿੰਨਾਂ ਹਿਸਿਆਂ ਦੇ ਚੰਗੇ ਪਰਸੰਗਾਂ ਦੇ ਖੇਲ ਗੁੰਥਨ ਕੀਤੇ ਹੋਏ ਆਉਣਗੇ, ਘੁਮਿਆਰ ਦੇ ਘਰ ਭਾਂਡੇ ਹਛੇ ਹੋਣ ਤਾਂ ਘੁਮਯਾਰ ਦਾ ਘਰ ਹੱਛਾ ਲਗਦਾ ਹੈ, ਅਤੇ ਰਾਜੇ ਦੇ ਘਰ ਸਾਹਨਣੀ, ਸੈਨਾਂ, ਰਾਜਨੀਤੀ ਹੱਛੀ ਹੋਵੇ ਤਾਂ ਰਾਜੇ ਦਾ ਘਰ ਹੱਛਾ ਲੱਗਦਾ ਹੈ॥

## ਬਾਮਨ ਕੇ ਘਰ ਰਾਂਡੀ ਆਛੈ ਰਾਂਡੀ ਸਾਂਡੀ ਹਾਂਡੀ ਗੋ॥ ੧॥

ਰਾਂਡੀ = ਵਿੱਦਯਾ, ਰੰਡੀ ਇਸਤ੍ਰੀ, ਪੱਤ੍ਰੀ।

ਬਾਹਮਨ ਦੇ ਘਰ ਵਿੱਦਯਾ ਪ੍ਰਸੰਗ ਹੋਵੇ ਤਾਂ ਬਾਮਨ ਦਾ ਘਰ ਹੱਛਾ ਲਗਦਾ ਹੈ ਇਹ ਰਾਂਡੀ ਸਾਂਡੀ ਹਾਂਡੀ ਦਾ (ਗੋ ਕਿਹਾ ਹੈ)॥

## ਬਾਣੀਏ ਕੇ ਘਰ ਹੀਂਗੁ ਆਛੈ ਭੈਸਰ ਮਾਥੈ ਸੀਂਗੁ ਗੋ॥

ਹੀਂਗੁ = ਹਿੰਗ ਆਦਿਕ ਦਵਾਈਆਂ, ਵਸਤੂਆਂ। ਗੋ = ਗੋ ਕੈਹਣਾ।

ਬਾਣੀਏ ਦੇ ਘਰ ਹਿੰਗ ਹੋਵੇ ਤਾਂ ਬਾਣੀਏਂ ਦਾ ਘਰ ਹੱਛਾ ਲੱਗਦਾ ਹੈ ਅਤੇ ਮਹੀਂ ਦੇ ਮਥੇ ਤੇ ਹਛੇ ਕੁੰਡੇ ਸਿੰਙ ਹੋਣ ਤਾਂ ਮਹਿੰ ਹੱਛੀ ਲਗਦੀ ਹੈ॥

## ਦੇਵਲ ਮਧੇ ਲੀਗੁ ਆਛੈ ਲੀਗੁ ਸੀਗੁ ਹੀਗੁ ਗੋ ॥ ੨॥

ਦੇਵਲ = ਠਾਕੁਰ ਦੁਆਰਾ॥ ਲੀਗੁ = ਸ਼ਿਵਲਿੰਗ॥ ਗੋ = ਕਿਹਾ॥

ਜਿਕੁਰ ਠਾਕੁਰ ਦੁਆਰੇ ਵਿਚ ਸ਼ਿਵਲਿੰਗ ਹੋਣ ਤਾਂ ਠਾਕਰ ਦੁਆਰਾ ਹੱਛਾ ਲੱਗਦਾ ਹੈ, ਇਹ ਲੀਗੁ ਸੀਗੁ ਹੀਗੁ ਦਾ ਪ੍ਰਸੰਗ ਕਿਹਾ ਹੈ।

## ਤੇਲੀ ਕੈ ਘਰ ਤੇਲੁ ਆਛੈ ਜੰਗਲ ਮਧੇ ਬੇਲ ਗੋ॥

ਮਧੇ = ਵਿਚ = ਗੋ ਕਹਿਣਾ॥

ਤੇਲੀ ਦੇ ਘਰ ਤੇਲ ਹੋਵੇ ਤਾਂ ਤੇਲੀ ਦਾ ਘਰ ਹੱਛਾ ਲਗਦਾ ਹੈ ਅਤੇ ਜੰਗਲ ਵਿੱਚ ਵੇਲਾਂ ਹੋਣ ਤਾਂ ਜੰਗਲ ਹੱਛਾ ਲਗਦਾ ਹੈ।

## ਮਾਲੀ ਕੇ ਘਰ ਕੇਲ ਆਛੈ ਕੇਲ ਬੇਲ ਤੇਲ ਗੋ। ੩॥

ਜਿਕੁਰ ਮਾਲੀ ਦੇ ਘਰ ਕੇਲੇ ਆਦਿਕ ਦਰਖਤ ਹੁੰਦੇ ਹਨ ਇਹੁ ਕੇਲੇ

ਵੇਲਾਂ ਤੇਲ ਦਾ ਪ੍ਰਸੰਗ ਕਿਹਾ ਹੈ ।

**ਸੰਤਾ ਮਧੇ ਗੋਬਿੰਦੁ ਆਛੈ ਗੋਕਲ ਮਧੇ ਸਿਆਮ ਗੋ ॥**

**ਨਾਮੇ ਮਧੇ ਰਾਮੁ ਆਛੈ ਰਾਮ ਸਿਆਮ ਗੋਬਿੰਦ ਗੋ ॥ ੪ ॥ ੩ ॥**

ਜਿੱਕੁਰ ਸਾਰਿਆਂ ਸੰਤਾਂ ਵਿੱਚ ਵਾਹਿਗੁਰੂ ਹੋਵੇ ਤਾਂ ਸੰਤ ਹੱਛੇ ਲੱਗਦੇ ਹਨ, ਅਤੇ ਗੋਕਲ ਨਗਰ ਵਿੱਚ ਜਿੱਕੁਰ ਕ੍ਰਿਸ਼ਨ ਹੱਛਾ ਲੱਗਦਾ ਹੈ ਇੱਕਰ ਹੀ ਨਾਮੇ ਵਿੱਚ ਵਾਹਿਗੁਰੂ ਹੱਛਾ ਲੱਗਦਾ ਹੈ, ਇਹ ਰਾਮ ਸਯਾਮ ਗੋਬਿੰਦ ਦਾ ਪਰਸੰਗ ਕਿਹਾ ਹੈ । ਇਸ ਸਾਰੇ ਸਬਦ ਦਾ ਭਾਵ ਏਹ ਹੈ ਕਿ ਜਿੱਕੁਰ ਏਹਨਾਂ ਉਪ੍ਰੋਕਤਾਂ ਦੇ ਘਰ ਏਹ ਚੀਜ਼ਾਂ ਹੱਛੀਆਂ ਹਨ ਇੱਕੁਰ ਹੀ ਮੇਰੇ ਹਿਰਦੇ ਵਿੱਚ ਵਾਹਿਗੁਰੂ ਦਾ ਨਾਮ ਹੱਛਾ ਹੈ ॥

# ਰਾਗੁ ਤਿਲੰਗ

## ਤਿਲੰਗ ਬਾਣੀ ਭਗਤਾ ਕੀ ਕਬੀਰ ਜੀ

**ੴ ਸਤਿਗੁਰਪ੍ਰਸਾਦਿ ॥**

**ਬੇਦ ਕਤੇਬ ਇਫਤਰਾ ਭਾਈ ਦਿਲ ਕਾ ਫਿਕਰੁ ਨ ਜਾਇ ॥**

ਇਫਤਰਾ = ਜਾਲ ਵਾ ਦਿਖਲਾਵਾ ਵਾ ਫੇਫ ਇਦਾ ॥

ਹੇ ਭਾਈ ਬੇਦ ਕਤੇਬ ਇਫਤਰਾ ਹੈ ਇੱਕੁਰ ਦਿਲ ਦਾ ਫਿਕਰ ਨਹੀਂ ਜਾਂਦਾ । ਭਾਵ ਵਦਾਂ ਕਤੇਬਾਂ ਦੇ ਬਚਨ ਠੱਗਾਂ ਵਾਂਙੂ ਹਨ, ਇਸ ਲਈ ਗੁਰਾਂ ਦੇ ਉਪਦੇਸ਼ ਤੋਂ ਬਿਨਾਂ ਦਿਲ ਦਾ ਸ਼ੱਕ ਨਹੀਂ ਜਾਂਦਾ ।

**ਟੁਕੁ ਦਮੁ ਕਰਾਰੀ ਜਉ ਕਰਹੁ ਹਾਜਿਰ ਹਜੂਰ ਖੁਦਾਇ ॥ ੧ ॥**

ਟੁਕੁ = ਥੋੜਾ ਜੇਹਾ ਚਿਰ । ਕਰਾਰੀ = ਇਸਥਿਤੀ, ਕਾਇਮ ॥

ਥੋੜ੍ਹਾ ਜੇਹਾ ਚਿਰ ਜੇ ਤੂੰ ਮਨ ਵਾਹਿਗੁਰੂ ਵਿੱਚ ਟਿਕਾਵੇਂ ਤਾਂ ਪਰਗਟ ਹੀ ਵਾਹਿਗੁਰੂ ਤੇਰੇ ਪਾਸ ਹੈ ॥

**ਬੰਦੇ ਖੋਜੁ ਦਿਲ ਹਰ ਖੋਜ ਨਾ ਫਿਰੁ ਪਰੇਸਾਨੀ ਮਾਹਿ ॥**

**ਇਹ ਜੁ ਦੁਨੀਆ ਸਿਹਰੁ ਮੇਲਾ**

**ਦਸਤਗੀਰੀ ਨਾਹਿ ॥ ੧ ॥ ਰਹਾਉ ॥**

ਪਰੇਸਾਨੀ = ਸ਼ਰਮਿੰਦਗੀ, ਵਿਆਕੁਲਤਾ । ਸਿਹਰ = ਇੰਦ੍ਰਜਾਲ, ਮਦਾਰੀ ਦਾ ਤਮਾਸ਼ਾ ॥ ਦਸਤ = ਹੱਥ ॥ ਗੀਰੀ = ਫੜਨਾ

ਹੇ ਬੰਦੇ ਤੂੰ ਵਾਹਿਗੁਰੂ ਨੂੰ ਆਪਣੇ ਦਿਲ ਵਿੱਚ ਹੀ ਹਰ ਰੋਜ ਖੋਜ

ਅਤੇ (ਸ਼ੰਸਿਆਂ ਵਿੱਚ) ਵਿਆਕੁਲਤਾਈ ਵਿੱਚ ਨਾ ਪੌ ਇਹ ਜੇਹੜੀ ਦੁਨੀਆਂ ਹੈ ਸੋ ਮਦਾਰੀ ਦਾ ਤਮਾਸ਼ਾ ਹੈ, ਹੱਥ ਵਿਚ ਫੜਨ ਨੂੰ ਕੁਝ ਨਹੀਂ ਹੈ ਭਾਵ ਝੂਠੀ ਹੈ ॥

**ਦਰੋਗੁ ਪੜਿ ਪੜਿ ਖੁਸੀ ਹੋਇ ਬੇਖਬਰ ਬਾਦੁ ਬਕਾਹਿ ॥**
**ਹਕੁ ਸਚੁ ਖਾਲਕੁ ਖਲਕ ਮਿਆਨੇ**
**ਸਿਆਮ ਮੂਰਤਿ ਨਾਹਿ ॥ ੨ ॥**

ਦਰੋਗੁ = ਝੂਠ ॥ ਹੱਕ ਸੱਚ ॥ ਖਾਲਕ = ਵਾਹਿਗੁਰੂ ॥ ਮਿਆਨੇ = ਵਿੱਚ ॥
ਸਿਆਮ = ਕਾਲਾ ।

ਜੇਹੜਾ ਤੂੰ ਵੇਦਾਂ ਕਤੇਬਾਂ ਵਿਚੋਂ ਝੂਠ ਪੜ੍ਹ ਪੜ੍ਹ ਕੇ ਖੁਸ਼ੀ ਹੋਇਆ ਹੈਂ ਸੋ ਤੂੰ ਭੁਲਕੇ ਬਿਅਰਥ ਹੀ ਬਕਵਾਸ ਬਕਦਾ ਹੈਂ ਵਾ ਬੇਖਬਰ ਬਕਵਾਦ ਬਕਦੇ ਹਨ ਅਤੇ ਉਨ੍ਹਾਂ ਵਿਚੋਂ ਝੂਠ ਨੂੰ ਪੜ੍ਹ ੨ ਕੇ ਖੁਸ਼ੀ ਹੁੰਦੇ ਹਨ, ਮੈਂ ਤੈਨੂੰ ਸੱਚ ਆਖਦਾ ਹਾਂ ਕਿ ਤੂੰ ਮੇਰੀ ਗੱਲ ਨੂੰ ਸੱਚ ਜਾਣ ਕਿ ਵਾਹਿਗੁਰੂ ਖਲਕਤ ਦੇ ਦਰਮਿਆਨ ਹੀ ਹੈ ਅਤੇ ਉਸਦੀ ਕੁਝ ਕਾਲੀ ਚਿਟੀ ਭੂਸਲੀ ਕ੍ਰਿਸ਼ਨ ਵਰਗੀ ਮੂਰਤੀ ਨਹੀਂ ਹੈ ਭਾਵ ਏਨ੍ਹਾਂ ਮੂਰਤੀਆਂ ਵਿੱਚ ਨਹੀਂ ਹੈ ॥

**ਅਸਮਾਨ ਮ੍ਹਿਾਨੇ ਲਹੰਗ ਦਰੀਆ ਗੁਸਲ ਕਰਦਨ ਬੂਦ ॥**

ਲਹੰਗ = ਗੁਜ਼ਰਨਾ ਭਾਵ ਵੇਖਣਾ । ਗੁਸਲ = ਇਸਨਾਨ ॥
ਕਰਦਨ = ਕਰਨਾ । ਬੂਦ = ਸੀ ।

ਰਿਦੇ ਰੂਪ ਅਸਮਾਨ ਵਿਚ ਵਾਹਿਗੁਰੂ ਰੂਪ ਦਰਿਆ ਨੂੰ ਵੇਖਕੇ ਤੁਸਾਂ ਇਸਨਾਨ ਕਰਨਾ ਸੀ ਸੋ ਅਫਸੋਸ ! ਤੁਸਾਂ ਨੇ ਨਾ ਕੀਤਾ, ਇਹ ਤੁਹਾਡੇ ਮੰਦ ਭਾਗ ਹਨ ਜੋ ਵੇਦਾਂ ਕਤੇਬਾਂ ਵਿੱਚ ਲੱਗਕੇ ਵਾਹਿਗੁਰੂ ਨੂੰ ਭੁਲਾ ਦਿਤਾ ॥

**ਕਰਿ ਫਕਰੁ ਦਾਇਮ ਲਾਇ ਚਸਮੇ ਜਹ ਤਹਾ ਮਉਜੂਦ ॥ ੩ ॥**

ਫਕਰੁ = ਸਾਧਪੁਣਾ ॥ ਦਾਇਮ = ਹਮੇਸ਼ਾਂ ॥ ਚਸ਼ਮੇ = ਨੇਤ੍ਰ ॥

ਹਮੇਸ਼ਾਂ ਸਾਧਪੁਣਾਂ ਧਾਰਕੇ ਉਸ ਵਿੱਚ ਨੇਤ੍ਰ ਲਾ ਰੱਖ ਮਨ ਬੁਧੀ ਨੇਤ੍ਰਾਂ ਵਿੱਚ ਗੁਰਾਂ ਦਾ ਉਪਦੇਸ਼ ਵ ਗਿਆਨ ਸੁਰਮਾਂ ਜਦ ਲਗਾਵੇਂਗਾ ਤਾਂ ਓਹ ਦੂਰ ਨਹੀਂ ਫਿਰ ਦੇਖੇਂਗਾ ਕਿਉਂਕਿ ਓਹ ਜਿਥੇ ਕਿਥੇ ਹਰ ਇਕ ਜਗਾ ਵਿਚ ਪ੍ਰਗਟ ਹੈ ॥

**ਅਲਾਹ ਪਾਕੰ ਪਾਕ ਹੈ ਸਕ ਕਰਉ ਜੇ ਦੂਸਰ ਹੋਇ ॥**
**ਕਬੀਰ ਕਰਮੁ ਕਰੀਮ ਕਾ ਉਹੁ ਕਰੈ ਜਾਨੈ ਸੋਇ ॥ ੪ ॥ ੧ ॥**

ਕਰਮੁ = ਕਿਰਪਾ । ਕਰੀਮ = ਦਿਆਲੂ ।

ਵਾਹਿਗੁਰੂ ਪਾਕ ਤੋਂ ਪਾਕ ਹੈ ਸ਼ੱਕ ਤਾਂ ਕਰੇ ਜੇ ਕੋਈ ਦੂਸਰਾ ਹੋਵੇ, ਭਾਵ ਸਾਰੀਆਂ ਵਸਤੂ ਵਿੱਚ ਫੈਲਣ ਕਰਕੇ ਆਪ ਅਪਵਿੱਤ੍ਰ ਨਹੀਂ ਹੋਇਆ ਸਗੋਂ ਪਵਿੱਤ੍ਰਾਂ ਨੂੰ ਵੀ ਪਵਿੱਤ੍ਰ ਕਰਨ ਵਾਲਾ ਹੈ । ਓਹ ਵਾਹਿਗੁਰੂ ਜਿਸ ਤੇ ਕਿਰਪਾ ਕਰਦਾ ਹੈ ਓਹੋ ਹੀ ਉਸ ਨੂੰ ਜਾਣਦਾ ਹੈ ॥

**ਨਾਮਦੇਵ ਜੀ ॥ ਮੈ ਅੰਧੁਲੇ ਕੀ ਟੇਕ ਤੇਰਾ ਨਾਮੁ ਖੁੰਦਕਾਰਾ ॥**
**ਮੈ ਗਰੀਬ ਮੈ ਮਸਕੀਨ ਤੇਰਾ ਨਾਮੁ ਹੈ ਅਧਾਰਾ ॥ ੧ ॥ ਰਹਾਉ॥**

ਖੁੰਦਕਾਰਾ = ਸਹਾਰਾ, ਸੋਟੀ ।

ਮੈਂ ਅੰਨ੍ਹੇ ਦੀ ਓਟ ਤੇਰਾ ਨਾਮ ਹੀ ਸੋਟੀ ਹੈ, ਮੈਂ ਗਰੀਬ ਹਾਂ, ਮੈਂ ਬਹੁਤ ਮਸਕੀਨ ਹਾਂ ਮੈਨੂੰ ਤੇਰੇ ਨਾਮ ਦਾ ਹੀ ਆਸਰਾ ਹੈ ॥

**ਕਰੀਮਾਂ ਰਹੀਮਾਂ ਅਲਾਹ ਤੂ ਗਨੀ ॥**
**ਹਾਜਰਾ ਹਜੂਰਿ ਦਰਿ ਪੇਸਿ ਤੂ ਮਨੀ ॥ ੧ ॥**

ਗਨੀ = ਧਨੀ ।

ਹੇ ਵਾਹਿਗੁਰੂ ਤੂੰ ਕਿਰਪਾਲੂ ਦਯਾਲੂ ਦੌਲਤਮੰਦ ਹੈਂ ਪਾਸ ਤੇ ਪਾਸ ਹੀ ਪ੍ਰਗਟ ਤੂੰ ਅਗੇ ਮੇਰੇ ਹੈਂ ॥

**ਦਰੀਆਉ ਤੂ ਦਿਹੰਦ ਤੂ ਬਿਸੀਆਰ ਤੂ ਧਨੀ ॥**
**ਦੇਹਿ ਲੇਹਿ ਏਕੁ ਤੂ ਦਿਗਰ ਕੋ ਨਹੀ ॥ ੨ ॥**

ਦਿਹੰਦ = ਦਾਤਾ । ਬਿਸੀਆਰ = ਬਹੁਤਾ । ਦਿਗਰ = ਦੂਜਾ ।

ਤੂੰ ਦਰੀਆ ਤੂੰ ਦਾਤਾ ਤੂੰ ਬਾਹਲਾ ਧਨੀ ਹੈਂ ਦੇਣ ਵਾਲਾ ਇਕੋ ਤੂੰ ਹੀ ਹੈਂ ਹੋਰ ਦੂਸਰਾ ਕੋਈ ਨਹੀਂ ॥

**ਤੂੰ ਦਾਨਾਂ ਤੂੰ ਬੀਨਾਂ ਮੈ ਬਿਚਾਰੁ ਕਿਆ ਕਰੀ ॥**
**ਨਾਮੇ ਚੇ ਸੁਆਮੀ ਬਖਸੰਦ ਤੂੰ ਹਰੀ ॥ ੩ ॥ ੧ ॥ ੨ ॥**

ਬੀਨਾ = ਦੇਖਣਾ ।

ਤੂੰ ਦਾਨਾ ਹੈਂ ਤੂੰ ਬੀਨਾ ਹੈਂ ਭਾਵ ਅੰਦਰ ਬਾਹਰ ਦੀ ਗੱਲ ਜਾਨਣ ਵੇਖਣ ਵਾਲਾ ਹੈਂ ਮੈਂ ਕੀ ਵਿਚਾਰ ਕਰਾਂ ਨਾਮੇ ਦਾ ਸੁਆਮੀ ਇਕ ਤੂੰ ਹੀ ਬਖਸ਼ਨ ਵਾਲਾ ਵਾਹਿਗੁਰੂ ਹੈਂ ॥

ਇਕ ਮੁਗਲ ਮੁਸਲਮਾਨ ਦੀ ਵਗਾਰ ਵਿੱਚ ਫਸਿਆਂ ਹੋਇਆਂ ਇਹ ਅਗਲਾ ਸ਼ਬਦ ਉਚਾਰਿਆ । ਭਗਤਾਂ ਸਾਰੇ ਲੋਕਾਂ ਨੂੰ ਵਾਹਿਗੁਰੂ ਦਾ ਰੂਪ ਜਾਤਾ ਹੋਇਆ ਸੀ ॥

***ਹਲੇ ਯਾਰਾਂ ਹਲੇ ਯਾਰਾਂ ਖੁਸਿ ਖਬਰੀ ॥**

ਹੇ ਮਿਤ੍ਰ ਹੇ ਮਿੱਤ੍ਰ ਖੁਸ਼ਖਬਰੀ ਹੈ ਭਾਵ ਪ੍ਰਸੰਨ ਹੈਂ ?

**ਬਲਿ ਬਲਿ ਜਾਂਉ ਹਉ ਬਲਿ ਬਲਿ ਜਾਂਉ ॥**

**ਨੀਕੀ ਤੇਰੀ ਬਿਗਾਰੀ ਆਲੇ ਤੇਰਾ ਨਾਉ ॥ ੧ ॥ ਰਹਾਉ ॥**

ਨੀਕੀ = ਚੰਗੀ ॥ ਆਲੇ = ਘਰ ॥ ਆਲੇ ਬੇਗ = ਮੁਗਲ ਦਾ ਨਾਮ ॥

ਮੈਂ ਚਾਰ ਵਾਰੀ ਬਲਿਹਾਰਨੇ ਜਾਂਦਾ ਹਾਂ ਏਹ ਤੇਰੀ ਵਿਗਾਰ ਵੀ ਮੈਨੂੰ ਚੰਗੀ ਲੱਗਦੀ ਹੈ ਅਤੇ ਤੇਰਾ ਨਾਮ ਵੀ ਆਲਾ ਵੱਡਾ ਹੈ ਭਾਵ ਚੰਗਾ ਲਗਦਾ ਹੈ ॥

**ਕੁਜਾ ਆਮਦ ਕੁਜਾ ਰਫਤੀ ਕੁਜਾ ਮੇਰਵੀ ॥**

**ਦ੍ਵਾਰਿਕਾ ਨਗਰੀ ਰਾਸਿ ਬੁਗੋਈ ॥ ੨ ॥**

ਕੁਜਾ = ਕਿਧਰੋਂ ॥ ਬਗੋਈ = ਕਹਿਣਾ ॥ ਆਮਦ = ਆਯਾ ॥ਭੂਤ ਕਾਲ ।

ਰਫਤੀ = ਜਾਵੇਂਗਾ । ਭਵਿੱਖਤ ਕਾਲ ॥

ਮੇਰਵੀ = ਜਾਂਦਾ ਹੈ । ਵਰਤਮਾਨ ਕਾਲ ॥

ਹੇ ਵਾਹਿਗੁਰੂ ਜੋ ਤੂੰ ਪ੍ਰਗਟ ਹੋਇਆ, ਨਹੀਂ ਮਾਲੂਮ, ਕਿ ਤੂੰ ਭੂਤ ਕਾਲ ਵਿਖੇ ਕਿਥੇ ਸੀ ਅਤੇ ਮੈਨੂੰ ਏਹ ਵੀ ਮਾਲੂਮ ਨਹੀਂ ਜੋ ਤੂੰ ਭਵਿੱਖਤ ਕਾਲ ਵਿਚ ਕਿਥੇ ਜਾਇੰਗਾ ਹੇ ਅਕਾਲ ਪੁਰਖ ਪਰਮ ਪਿਆਰੇ ਹੁਣ ਮੈਨੂੰ ਛਡਕੇ ਤੂੰ ਕਿਥੇ ਜਾਂਦਾ ਹੈਂ ਭਾਵ ਕਿਥੋਂ ਆਏ ਹੋ, ਕਿਥੇ ਗਏ ਸਾਓ ਅਰ ਕਿਧਰ ਨੂੰ ਜਾਓਗੇ ਹੇ ਦਵਾਰਕਾ ਨਗਰੀ ਦੇ ਵਾਸੀ ਤੂੰ ਮੈਨੂੰ ਸਚ ਕਹੋ ਅਰਥਾਤ ਹੇ ਸਰਬ ਵਿਆਪੀ ਵਾਹਿਗੁਰੂ ਤੂੰ ਮੈਨੂ ਸੱਚ ਕਹੋ ॥

**ਖੂਬੁ ਤੇਰੀ ਪਗਰੀ ਮੀਠੇ ਤੇਰੇ ਬੋਲ ॥**

**ਦ੍ਵਾਰਿਕਾ ਨਗਰੀ ਕਾਹੇ ਕੇ ਮਗੋਲ ॥ ੨ ॥**

ਸੋਹਣੀ ਤਰੀ ਪਗੜੀ ਹੈ, ਮਿਠੇ ਤੇਰੇ ਬੋਲ ਹਨ, ਦੁਆਰਕਾ ਨਗਰੀ ਵਿਚ ਮੁਗਲ ਕਿਸਤਰਾਂ ਹੋ ਸਕਦਾ ਹੈ ਭਾਵ ਦੁਆਰਕਾ ਨਗਰੀ ਵਿਚ ਮੁਗਲ ਕਿਥੋਂ ਆਏ ?

**ਚੰਦੀਂ ਹਜਾਰ ਆਲਮ ਏਕ ਲਖਾਨਾਂ ॥**

**ਹਮ ਚਿਨੀ ਪਾਤਿਸਾਹ ਸਾਂਵਲੇ ਬਰਨਾਂ ॥ ੩ ॥**

---

* ਭਗਤ ਜੀ ਕਪੜੇ ਧੋਕੇ ਚਲੇ ਆਉਂਦੇ ਸਨ ਤਾਂ ਦਿਲ ਵਿਚ ਚਾਹਿਆ ਇਕ ਘੋੜੀ ਹੋਵੇ ਸੋ ਵਛੇਰੀ ਚੁਕਣੀ ਪਈ ।

ਚੰਦੋ = ਕਈ ॥ ਆਲਮ = ਦੁਨੀਆਂ । ਲਖਾਨਾਂ = ਜਾਨਣਾ ॥

ਹਮ ਚਿਨੀ = ਅਜੇਹਾ ਅਥਵਾ ਅਸਚਰਜ ॥ ਬਰਨਾਂ = ਕਥਨ ਕਰਾਂ ।

ਕਈ ਹਜ਼ਾਰ ਸ੍ਰਿਸ਼ਟੀ ਜੇਹੜੀ ਕੇਵਲ ਤੈਨੂੰ ਜਾਣ ਰਹੀ ਹੈ ਹੇ ਸਾਵਲੇ ਰੰਗ ਵਾਲੇ ਮੇਰੇ ਅਦਭੁਤ ਪਾਤਸ਼ਾਹ ਭਾਵ ਸਾਰੀ ਦੁਨੀਆਂ ਵਿੱਚ ਮੈਂ ਤੈਨੂੰ ਇਕ ਨੂੰ ਹੀ ਜਾਣਿਆਂ । ਐਸੇ ਅਨੋਖੇ ਸਾਂਵਲੇ ਰੰਗ ਵਾਲਾ ਪਾਤਸ਼ਾਹ ਤੂੰ ਹੈਂ ।

**ਅਸਪਤਿ ਗਜ ਪਤਿ ਨਰਹ ਨਰਿੰਦ ॥**

**ਨਾਮੇ ਕੇ ਸੁਾਮੀ ਮੀਰ ਮੁਕੰਦ ॥ ੪ ॥ ੨ ॥ ੩ ॥**

ਅਸ = ਘੋੜੇ ॥ ਗਜ = ਹਾਥੀ । ਨਰਿੰਦ = ਰਾਜਾ ॥

(ਸੱਤਾਂ ਮੂੰਹਾਂ ਵਾਲੇ ਘੋੜੇ ਦਾ ਪਤੀ) ਸੂਰਜ (ਐਰਾਵਤ ਹਾਥੀ ਦਾ ਪਤੀ) ਇੰਦ੍ਰ ਆਦਮੀਆਂ ਦਾ ਰਾਜਾ ਨਾਮੇ ਦਾ ਸੁਆਮੀ ਵਾਹਿਗੁਰੂ ਸਾਰਿਆਂ ਦਾ ਹੀ ਮੀਰ ਪਾਤਸ਼ਾਹ ਕਿਆ ਪਾਤਸ਼ਾਹਾਂ ਦਾ ਪਾਤਸ਼ਾਹ ਵੱਡਾ ਪਾਤਸ਼ਾਹ ਮੁਕਤੀ ਦਾ ਦਾਤਾ ਹੈ ।

# ਰਾਗ ਸੂਹੀ

## ਰਾਗੁ ਸੂਹੀ ਬਾਣੀ ਸ੍ਰੀ ਕਬੀਰ ਜੀਉ ॥ ਤਥਾ ਸਭਨਾ ਭਗਤਾ ਕੀ ਕਬੀਰ ਕੇ

**ੴ ਸਤਿਗੁਰਪ੍ਰਸਾਦਿ ॥ ਅਵਤਰਿ ਆਇ ਕਹਾ ਤੁਮ ਕੀਨਾ ॥ ਰਾਮ ਕੋ ਨਾਮੁ ਨ ਕਬਹੂ ਲੀਨਾ ॥ ੧ ॥**

ਅਵਤਰਿ = ਮਨੁਖਾ ਜਨਮ ਵਿੱਚ ਉਤਰਨਾ ॥

ਹੇ ਭੈੜੇ ਆਦਮੀ ਅਮੋਲਕ ਮਨੁਖਾ ਦੇਹ ਵਿੱਚ ਉਤਰਕੇ ਭਾਵ ਜਨਮ ਲੈਕੇ ਤੂੰ ਕੀ ਕੀਤਾ ਹੈ, ਵਾਹਿਗੁਰੂ ਦਾ ਨਾਮ ਕਦੀ ਵੀ ਨਹੀਂ ਲਿਆ ।

**ਰਾਮ ਨ ਜਪਹੁ ਕਵਨ ਮਤਿ ਲਾਗੇ ॥**

**ਮਰਿ ਜਇਬੇ ਕਉ ਕਿਆ ਕਰਹੁ ਅਭਾਗੇ ॥ ਰਹਾਉ ॥**

ਵਾਹਿਗੁਰੂ ੨ ਨਹੀਂ ਜਪਦੇ, ਕੇਹੜੀ ਸਿਖਿਆ (ਭੈੜੀ ਅਕਲ) ਵਿੱਚ ਲਗੇ ਹੋਏ ਹੋ, ਹੇ ਅਭਾਗੇ ਆਦਮੀ ਮਰ ਜਾਣ ਵਾਲਿਆਂ ਕੰਮਾਂ ਨੂੰ ਕੀ ਕਰਦਾ ਹੈਂ ਭਾਵ ਜਨਮ ਮਰਨ ਵਿਚ ਪੌਣ ਵਾਲੇ ਕੰਮਾਂ ਨੂੰ ਕਿਆ ਕਰਦਾ ਹੈਂ ਵਾ ਮਰ ਜਾਣ ਦੇ ਵੇਲੇ ਕੀ ਕਰੇਂਗਾ ਭਾਵ ਮੌਤ ਤੋਂ ਬਚਣ ਦਾ ਕੇਹੜਾ ਉਪਾਉ ਕਰੇਂਗਾ ?

## ਦੁਖ ਸੁਖ ਕਰਿਕੈ ਕੁਟੰਬੁ ਜੀਵਾਇਆ ॥
## ਮਰਤੀ ਬਾਰ ਇਕਸਰ ਦੁਖੁ ਪਾਇਆ ॥ ੨ ॥

ਇਕ ਸਰ = ਏਕ ਸਾਰ, ਇਕ ਰਸ ਬਹੁਤ ।

ਜਿਨ੍ਹਾਂ ਨੇ ਦੁਖ ਸੁਖ (ਬੜੇ ਔਖੇ ਹੋਕੇ ਕੰਮ) ਕਰਕੇ ਆਪਣੇ ਕੁਟੰਬ ਨੂੰ ਜੀਵਾਲਿਆ ( ਪਾਲਿਆ ) ਹੈ ਉਨ੍ਹਾਂ ਨੇ ਮਰਨ ਦੇ ਵੇਲੇ ਹੱਦੋਂ ਬਾਹਰਾ ਦੁੱਖ ਪਾਇਆ ॥

## ਕੰਠ ਗਹਨ ਤਬ ਕਰਨ ਪੁਕਾਰਾ ॥
## ਕਹਿ ਕਬੀਰ ਆਗੇ ਤੇ ਨ ਸੰਮ੍ਾਰਾ ॥ ੩ ॥ ੧ ॥

ਗਹਨ = ਪਕੜਨ । ਸੰਮਾਰਾ = ਯਾਦ ।

ਜਦੋਂ ਜਮਦੂਤ ਤੁਹਾਨੂੰ ਗਲੋਂ ਫੜਨਗੇ ਤਦੋਂ ਤੁਸੀਂ ਪੁਕਾਰੋ ਗੇ, ਭਾਵ ਸਬੰਧੀਆਂ ਨੂੰ ਵਾਜਾਂ ਮਾਰੋਗੇ ਕਬੀਰ ਜੀ ਕਹਿੰਦੇ ਹਨ ਤਦ ਓਹ ਜਮਦੂਤ ਤੁਹਾਨੂੰ ਕਹਿਣਗੇ ਕਿ ਹੇ ਨੀਚੋ ! ਇਸ ਦੁਖ ਤੋਂ ਤੁਹਾਨੂੰ ਵਾਹਿਗੁਰੂ ਦਾ ਨਾਮ ਛੁਡਾਉਂਣ ਵਾਲਾ ਸੀ ਸੋ ਤੁਸਾਂ ਇਸ ਦੁਖ ਤੋਂ ਅਗੇ ਪਹਿਲੇ ਯਾਦ ਨਾ ਕੀਤਾ ॥

(ਬਿਸ੍ਰਵਧ ਨ ਵੌਢਾ ਨਾਇਕਾ ਰੂਪ ਜਗਜਾਸੂ)

## ਸੂਹੀ ਕਬੀਰ ਜੀ ॥*ਥਰ ਹਰ ਕੰਪੈ ਬਾਲਾ ਜੀਉ ॥
## ਨਾ ਜਾਨਉ ਕਿਆ ਕਰਸੀ ਪੀਉ ॥ ੧ ॥

ਥਰ = ਇਸਤ੍ਰੀ, ਧੀਰਜ । ਹਰ = ਨਾਸ, ਰਹਤ ।

ਬਾਲਾ = ਬੇਸਮਝ ਇਸਤੀ ।

ਧੀਰਜ ਤੋਂ ਰਹਤ ਹੋਇਆ ੨ ਬੇ ਸਮਝ ਜੀਵ ਕੰਬਦਾ ਹੈ ਮੈਂ ਨਹੀਂ ਜਾਣਦਾ ਕਿ ਵਾਹਿਗੁਰੂ ਮੇਰੇ ਨਾਲ ਕੀ ਕਰੇਗਾ ॥

## ਰੈਨਿ ਗਈ ਮਤ ਦਿਨੁ ਭੀ ਜਾਇ ॥
## †ਭਵਰ ਗਏ ਬਗ ਬੈਠੇ ਆਇ ॥ ੧ ॥ ਰਹਾਉ ॥

ਰੈਨਿ = ਰਾਤ । ਮਤ = ਨਾ ॥ ਭਵਰ = ਭੌਰੇ, ਕਾਲੇ ਵਾਲ ।

ਬਗ = ਬਗਲੇ, ਚਿਟੇ ਵਾਲ ।

---

*ਬਾਣੀ ਵਿੱਚ ਪਾਣੀ ਕੰਪਦਾ ਵੀ ਅਰਥ ਕਰਦੇ ਹਨ ॥

†ਉਪਮਾਨ ਹੈ ਅਤੇ ਉਪਮੇਯ ਨਹੀਂ, ਇਸ ਲਈ ਏਹ ਉਪਮੇਯ ਲੁਪਤਾਲੰਕਾਰ ਹੈ ॥

ਜੁਆਨੀ ਰੂਪ ਰਾਤ ਐਂਵੇ ਹੀ ਚਲੀ ਗਈ ਹੈ ਇੱਕੁਰ ਹੀ ਬੁਢੇਪਾ ਰੂਪ ਦਿਨ ਵਾਹਿਗੁਰੂ ਦੇ ਭਜਨ ਤੋਂ ਬਿਨਾਂ ਐਂਵੇਂ ਨਾ ਚਲਿਆ ਜਾਵੇ, ਭਵਰੇ ਉੱਡ ਗਏ ਹਨ ਬਗਲੇ ਆਣ ਬੈਠੇ ਹਨ, ਭਾਵ ਕਾਲੇ ਵਾਲ ਦੂਰ ਹੋ ਗਏ ਹਨ ਚਿੱਟੇ ਵਾਲ ਆ ਗਏ ਹਨ।

## ਕਾਚੈ ਕਰਵੈ ਰਹੈ ਨ ਪਾਨੀ ॥
## ਹੰਸੁ ਚਲਿਆ ਕਾਇਆ ਕੁਮਲਾਨੀ ॥ ੨ ॥

ਕਰਵੈ = ਭਾਂਡੇ।

ਜਿੱਕੁਰ ਕੱਚੇ ਭਾਂਡੇ ਵਿੱਚ ਪਾਣੀ ਨਹੀਂ ਠੈਹਰਦਾ ਇੱਕੁਰ ਹੀ ਜੀਵ ਆਤਮਾਂ ਜਦ ਚਲਿਆ ਜਾਵੇਗਾ, ਤਦ ਏਹ ਕਾਂਇਆ ਸੁੱਕ ਜਾਵੇਗੀ ॥

( ਮਨਮੁਖ ਇਸਤ੍ਰੀ )

## ਕੁਆਰ ਕੰਨਿਆ ਜੈਸੇ ਕਰਤ ਸੀਗਾਰਾ ॥
## ਕਿਉ ਰਲੀਆ ਮਾਨੈ ਬਾਝੁ ਭਤਾਰਾ ॥ ੩ ॥

ਭਤਾਰਾ = ਪਤੀ। ਰਲੀਆ = ਖੁਸ਼ੀਆਂ।

ਜਿੱਕੁਰ ਕੁਆਰੀ ਕੰਨਿਆ ਸ਼ਿੰਗਾਰ ਕਰੇ ( ਵਾ ਕਰਦੀ ਹੈ ) ਪਰ ਪਤੀ ਤੋਂ ਬਿਨਾਂ ਖੁਸ਼ੀਆਂ ਕਿੱਕੁਰ ਮਾਣੇ, ਭਾਵ ਵਿਆਹੀਆਂ ਹੋਈਆਂ ਇਸਤ੍ਰੀਆਂ ਵਾਂਙੂ ਓਹ ਅਨੰਦ ਨਹੀਂ ਲੈ ਸਕਦੀ ( ਇੱਕੁਰ ਹੀ ਮਨਮੁਖ )

## ਕਾਗ ਉਡਾਵਤ ਭੁਜਾ ਪਿਰਾਨੀ ॥
## ਕਹਿ ਕਬੀਰ ਇਹ ਕਥਾ ਸਿਰਾਨੀ॥ ੪ ॥ ੨ ॥

ਪਿਰਾਨੀ = ਪੀੜਾ ਸੰਯੁਕਤ ਥਕ ਗਈ॥

ਭੁਜਾ = ਬਾਹਾਂ ॥ ਸਿਰਾਨੀ = ਪੂਰੀ ਹੋਈ ॥

ਕਾਂ ਉਡਾਉਂਦੀ ਦੀਆਂ ਬਾਂਹਾਂ ਵੀ ਥਕ ਗਈਆਂ ਭਾਵ ਭਾਂਵੇਂ ਓਹ ਇਸਤ੍ਰੀ ਕਿੰਨੇ ਹੀ ਸਾਧਨ ਕਰੇ ਪਰ ਫਿਰ ਭੀ ਉਸਨੂੰ ਅਨੰਦ ਨਹੀਂ ਹੁੰਦਾ, ਕਬੀਰ ਜੀ ਕਹਿੰਦੇ ਹਨ ਇੱਕੁਰ ਓਸ ਮਨਮੁਖ ਇਸਤ੍ਰੀ ਦੇ ਸਮੇਂ ਦੀ ਸਾਰੀ ਉਮਰ ਦੁਖਾਂ ਵਿਚ ਬਿਅਰਥ ਬੀਤੀ ॥

## ਸੂਹੀ ਕਬੀਰ ਜੀਉ ॥ ਅਮਲੁ ਸਿਰਾਨੋ ਲੇਖਾ ਦੇਨਾ ॥
## ਆਏ ਕਠਿਨ ਦੂਤ ਜਮ ਲੇਨਾ ॥

ਅਮਲੁ = ਚੰਗੇ ਕੰਮ। ਸਿਰਾਨੋ = ਪੂਰੇ ਹੋਏ, ਮੁੱਕ ਗਏ । ਬੀਤ ਗਏ ॥

ਚੰਗੇ ਕੰਮ ਕੀਤੇ ਹੋਏ ਮੁੱਕ ਗਏ ਹਨ ਇਸ ਲਈ ਹੁਣ ਲੇਖਾ ਦੇਣਾ ਪਵੇਗਾ, ਬੁਰਾ ਹਾਲ ਕਰਨ ਵਾਲੇ ਜਮਦੂਤ ਲੈਣ ਵਾਸਤੇ ਆਏ ਹਨ ॥

( ਕਹਿੰਦੇ ਹਨ )

**ਕਿਆ ਤੈ ਖਟਿਆ ਕਹਾ ਗਵਾਇਆ ॥**
**ਚਲਹੁ ਸਿਤਾਬ ਦੀਬਾਨਿ ਬੁਲਾਇਆ ॥ ੧ ॥**

ਕੀ ਤੂੰ ਖਟਿਆ ਹੈ ਅਤੇ ਕਿਥੇ ਓਹ ਗਵਾ ਦਿਤਾ ਹਈ, ਭਾਵ ਮਨੁਖਾ ਜਨਮ ਜੇਹੜਾ ਤੈਨੂੰ ਮਿਲਿਆ ਸੀ ਉਸ ਵਿਚ ਤੂੰ ਕੀ ਖੱਟਿਆ ਹੈ ਅਤੇ ਓਹ ਕਿਥੇ ਗਵਾਇਆ ਈ ? ਭਵ ਵਿਸ਼ਿਆਂ ਵਿੱਚ ਸਮਾਂ ਬਿਤਾਇਆ ਹੈ, ਇਸ ਲਈ ਤੂੰ ਹੁਣ ਉਠ ਤੁਰ ਛੇਤੀ ਦੀਵਾਨ ਧਰਮ ਰਾਜਾ ਨੇ ਤੈਨੂੰ ਬੁਲਾਇਆ ਹੈ ਵਾ ਧਰਮ ਰਾਜਾ ਦ ਦੀਵਾਨ ਵਿਚ ਚਿੱਤ੍ਰ ਗੁਪਤਾਂ ਸਦਿਆ ਹੈ ॥

**ਚਲੁ ਦਰਹਾਲੁ ਦੀਵਾਨਿ ਬੁਲਾਇਆ ॥**
**ਹਰਿ ਫੁਰਮਾਨੁ ਦਰਗਹ ਕਾ ਆਇਆ ॥ ੧ ॥ ਰਹਾਉ ॥**

ਦਰਹਾਲ = ਛੇਤੀ । ਜਿਸ ਹਾਲ ਵਿੱਚ ਪਿਆ ਹੈਂ ॥

ਜਿਸ ਹਾਲ ਵਿੱਚ ਪਿਆ ਹੋਇਆ ਹੈਂ ਛੇਤੀ ਚਲ ਵਾਹਿਗੁਰੂ ਦੇ ਵੱਡੇ ਦੀਵਾਨ ਸਾਹਿਬ ਨੇ ਤੈਨੂੰ ਬੁਲਾਇਆ ਹੈ (ਕੇਵਲ ਤੈਨੂੰ ਧਰਮ ਰਾਜਾ ਨੇ ਹੀ ਨਹੀਂ ਬੁਲਾਇਆ) ਖਾਸ ਵਾਹਿਗੁਰੂ ਦੀ ਦਰਗਾਹ ਦਾ ਨਾਲ ਫੁਰਮਾਨ ਆਇਆ ਹੈ ॥

(ਜੀਵ)

**ਕਰਉ ਅਰਦਾਸਿ ਗਾਵ ਕਿਛੁ ਬਾਕੀ ॥**
**ਲੇਉ ਨਿਬੇਰਿ ਆਜੁ ਕੀ ਰਾਤੀ ॥**

ਮੈਂ ਬੇਨਤੀ ਕਰਦਾ ਹਾਂ ਕਿ ਇਸ ( ਸਰੀਰ ਰੂਪ ) ਪਿੰਡ ਵਿੱਚ ਮੇਰਾ ਕੁਝ ਲੇਖਾ ਲੋਕਾਂ ਵੱਲ ਬਾਕੀ ਲੱਗਦਾ ਹੈ, ਉਹ ਮੈਨੂੰ ਅੱਜ ਦੀ ਰਾਤ ਵਿੱਚ ਨਿਬੇੜ ਲੈਣ ( ਖਾ ਲੈਣ ) ਦਿਓ ।

**ਕਿਛੁ ਭੀ ਖਰਚੁ ਤੁਮ੍ਹਾਰਾ ਸਾਰਉ ॥**
**ਸੁਬਹ ਨਿਵਾਜ ਸਰਾਇ ਗੁਜਾਰਉ ॥ ੨ ॥**

ਕੁਛ ਥੋੜਾ ਜੇਹਾ ਖਰਚ ਉਸ ਵਿੱਚੋਂ ਤੁਹਾਡੇ ਵੀ ਪੇਸ਼ ਕਰਾਂਗਾ ਭਾਵ ਤੁਹਾਨੂੰ ਦੇਅ ਗਾ ਅਤੇ ਸਵੇਰ ਦੀ ਨਿਮਾਜ ਰਸਤੇ ਦੀ ਸਰਾਇ ਵਿੱਚ ਕਰਾਂਗਾ, ਭਾਵੇਂ ਇੱਕੁਰ ਦੀ ਬੇਨਤੀ ਵੀ ਕਰੇਂਗਾ ਪਰ ਫਿਰ ਵੀ ਜਮਦੂਤਾਂ ਨਹੀਂ ਛਡਣਾਂ । ਵਾ ਜੇਹੜੀ ਨਿਮਾਜ ਸਵਰ ਦੀ ਹੁੰਦੀ ਹੈ ਓਹ ਮੈਂ ਤੁਹਾਡੇ ਨਾਲ ਉਸ ਸਰਾਂ ਵਿਚ ਪੜ੍ਹਾਂਗਾ ਦੂਤ ਕਹਿੰਦੇ ਹਨ ਅਸਾਂ ਓਥੇ ਨਿਮਾਜ ਪੜ੍ਹਨੀ ਹੈ ।

**ਸਾਧ ਸੰਗਿ ਜਾਕਉ ਹਰਿ ਰੰਗ ਲਾਗਾ ॥**

**ਧਨੁ ਧਨੁ ਸੋ ਜਨੁ ਪੁਰਖੁ ਸਭਾਗਾ ॥**

ਸੰਤਾਂ ਦੇ ਸੰਗ ਕਰਕੇ ਜਿਸ ਆਦਮੀ ਨੂੰ ਵਾਹਿਗੁਰੂ ਦਾ ਪ੍ਰੇਮ ਲਗਾ ਹੈ ਓਹ ਸ੍ਰੇਸ਼ਟ ਭਾਗਾਂ ਵਾਲਾ ਆਦਮੀ ਧੰਨ ਧੰਨਤਾ ਯੋਗ ਹੈ।

**ਈਤ ਊਤ ਜਨ ਸਦਾ ਸੁਹੇਲੇ ॥**

**ਜਨਮੁ ਪਦਾਰਥੁ ਜੀਤਿ ਅਮੋਲੇ ॥ ੩ ॥**

ਇਧਰ ਉਧਰ (ਲੋਕ ਪ੍ਰਲੋਕ) ਵਿਚ ਉਹ ਭਗਤ ਜਨ ਸਦਾ ਹੀ ਸੁਖੀ ਹਨ ਕਿਉਂਕਿ ਉਨ੍ਹਾਂ ਨੇ ਅਮੋਲਕ ਜਨਮ ਰੂਪ ਪਦਾਰਥ ਜਿੱਤ ਲਿਆ ਹੈ।

**ਜਾਗਤੁ ਸੋਇਆ ਜਨਮੁ ਗਵਾਇਆ ॥**

**ਮਾਲੁ ਧਨੁ ਜੋਰਿਆ ਭਇਆ ਪਰਾਇਆ ॥**

ਜੇਹੜਾ ਜਾਗਦਾ ਹੋਇਆ ਹੀ ਸਉਂ ਗਿਆ ਹੈ ਉਸਨੇ ਜਨਮ ਗਵਾ ਲਿਆ ਹੈ ਓਹ ਜੇਹੜਾ ਮਾਲ (ਡੰਗਰ ਵੱਛਾ) ਧਨ ਕੱਠਾ ਕੀਤਾ ਸੀ ਸੋ ਸਭ ਪਰਾਇਆ ਹੋ ਗਿਆ।

**ਕਹੁ ਕਬੀਰ ਤੇਈ ਨਰ ਭੂਲੇ ॥**

**ਖਸਮੁ ਬਿਸਾਰਿ ਮਾਟੀ ਸੰਗਿ ਰੂਲੇ ॥ ੪ ॥ ੩ ॥**

ਕਬੀਰ ਜੀ ਕਹਿੰਦੇ ਹਨ ਓਹੋ ਹੀ ਆਦਮੀ ਭੁਲੇ ਹਨ ਜੇਹੜੇ ਪਿਛੇ ਕਹੇ ਹਨ ਸੋ ਉਹ ਵਾਹਿਗੁਰੂ ਨੂੰ ਭੁਲਾਕੇ ਮਿਟੀ ਨਾਲ ਰੁਲ ਗਏ ਹਨ।

**ਸੂਹੀ ਕਬੀਰ ਜੀਉ ਲਲਿਤ ॥**

**ਥਾਕੇ ਨੈਨ ਸ੍ਰਵਨ ਸੁਨਿ ਥਾਕੇ ਥਾਕੀ ਸੁੰਦਰਿ ਕਾਇਆ ॥**

**ਜਰਾ ਹਾਕ ਦੀ ਸਭ ਮਤਿ ਥਾਕੀ ਏਕ ਨ ਥਾਕਸਿ ਮਾਇਆ ॥੧॥**

ਲਲਿਤ = ਜਾਤੀ, ਸੁੰਦਰ। ਜਰਾ = ਬੁਢੇਪਾ। ਸ੍ਰਵਨ = ਕੰਨ।

ਹੇ ਲੋਕੋ ਤੁਹਾਡੇ ਨੇਤ੍ਰ ਵੀ ਥੱਕ ਗਏ ਹਨ, ਕੰਨ ਵੀ ਸੁਣ ਸੁਣਕੇ ਥੱਕ ਗਏ ਹਨ, ਸੁੰਦਰ ਕਾਇਆਂ ਵੀ ਥੱਕ ਗਈ ਹੈ। ਅਤੇ ਬੁਢੇਪੇ ਵਾਲੀ ਉਮਰ ਵੀ ਵਾਜਾਂ ਮਾਰਦੀ ਚਲੀ ਆਉਂਦੀ ਹੈ, ਅਤੇ ਸੁਆਦ ਲੈਣ ਵਲੋਂ ਸਾਰੀ ਅਕਲ ਵੀ ਥੱਕ ਗਈ ਹੈ ਵਾ ਬੁਢੇਪੇ ਦੀ ਉਮਰ ਨੂੰ ਹਿੱਕਦੀ ਵਧੌਂਦੀ ਅਕਲ ਸਾਰੀ ਥੱਕ ਗਈ ਹੈ ਪਰ ਅਫਸੋਸ ਮਨ ਤੋਂ ਇਕ ਮਾਇਆ ਨਹੀਂ ਥਕੀ।

**ਬਾਵਰੇ ਤੈ ਗਿਆਨ ਬੀਚਾਰੁ ਨ ਪਾਇਆ ॥**

**ਬਿਰਥਾ ਜਨਮੁ ਗਵਾਇਆ ॥ ੧ ॥ ਰਹਾਉ ॥**

ਹੇ ਬੌਰੇ ਤੂੰ ਗਿਆਨ ਦਣ ਵਾਲਾ ਵਿਚਾਰ ਨ ਪਾਇਆ ਅਤੇ ਬਿਅਰਥ ਹੀ ਜਨਮ ਗਵਾ ਲਿਆ ।

**ਤਬ ਲਗੁ ਪ੍ਰਾਨੀ ਤਿਸੈ ਸਰੇਵਹੁ ਜਬ ਲਗੁ ਘਟ ਮਹਿ ਸਾਸਾ ॥**
**ਜੇ ਘਟੁ ਜਾਇ ਤ ਭਾਉ ਨ ਜਾਸੀ ਹਰਿਕੇ ਚਰਨ ਨਿਵਾਸਾ॥੨॥**

ਸਰੇਵਹੁ = ਸੇਵੋ ॥ ਭਾਉ = ਪ੍ਰੇਮ ॥ ਘਟ = ਘੜਾ, ਸਰੀਰ ॥

ਹੇ ਪ੍ਰਾਣੀ ਓਨਾਂ ਚਿਰ ਵਾਹਿਗੁਰੂ ਨੂੰ ਸੇਂਵਦੇ ਰਹੋ ਜਿੰਨਾਂ ਚਿਰ ਸਰੀਰ ਵਿੱਚ ਸੁਾਸ ਹਨ। ਜੇ ਸਰੀਰ ਚਲਿਆ ਜਾਵੇ ਤਾਂ ਬੇਸ਼ਕ ਜਾਣ ਦੇਣਾਂ ਪਰ ਪ੍ਰੇਮ ਨ ਜਾਵੇ, ਵਾਹਿਗੁਰੂ ਦੇ ਚਰਨਾਂ ਵਿਚ ਹੀ ਨਿਵਾਸ ਕਰਦੇ ਰਹਿਣਾਂ।

**ਜਿਸ ਕਉ ਸਬਦੁ ਬਸਾਵੈ ਅੰਤਰਿ ਚੂਕੈ ਤਿਸਹਿ ਪਿਆਸਾ ॥**
**ਹੁਕਮੈ ਬੂਝੈ ਚਉਪੜਿ ਖੇਲੈ ਮਨੁ ਜਿਣਿ ਢਾਲੇ ਪਾਸਾ ॥ ੩ ॥**

ਜਿਣਿ = ਜਿਤ ॥

ਜਿਸਦੇ ਅੰਦਰ ਗੁਰਾਂ ਦੇ ਉਪਦੇਸ਼ ਨੂੰ ਵਾਹਿਗੁਰੂ ਵਸਾਵੇ ਉਸਦੀ ਪਿਆਸ ਦੂਰ ਹੋ ਜਾਂਦੀ ਹੈ। ਵਾਹਿਗੁਰੂ ਦਾ ਹੁਕਮ ਮੰਨੇ "ਏਹੋ ਹੀ ਚੌਪੜ ਖੇਡੇ" ਮਨ ਨੂੰ ਜਿੱਤੇ "ਏਹ ਪਾਸਾ ਢਾਲੇ"

**ਜੋ ਜਨ ਜਾਨਿ ਭਜਹਿ ਅਬਿਗਤ ਕਉ ਤਿਨਕਾ ਕਛੂ ਨ ਨਾਸਾ ॥ ਕਹੁ ਕਬੀਰ ਤੇ ਜਨ ਕਬਹੁ ਨ ਹਾਰਹਿ ਢਾਲਿ ਜੁ ਜਾਨਹਿ ਪਾਸਾ ॥ ੪ ॥ ੪ ॥**

ਜੇਹੜੇ ਆਦਮੀ ਵਾਹਿਗੁਰੂ ਨੂੰ ਅਵਿਗਤ ਜਾਣ ਕਰ ਯਾਦ ਕਰਦੇ ਹਨ ਉਨ੍ਹਾਂ ਦਾ ਕੁਝ ਨਹੀਂ ਨਾਸ ਹੁੰਦਾ। ਕਬੀਰ ਜੀ ਕਹਿੰਦੇ ਹਨ ਉਹ ਆਦਮੀ ਇਸ ਸੰਸਾਰ ਰੂਪ ਬਾਜੀ ਵਿਚੋਂ ਕਦੀ ਵੀ ਨਹੀਂ ਹਾਰਦੇ ਜੇਹੜੇ ਪਾਸਾ ਢਾਲਣ ਜਾਣਦੇ ਹਨ।

## ਸੂਹੀ ਲਲਿਤ ਕਬੀਰ ਜੀਉ ॥

**ਏਕੁ ਕੋਟੁ ਪੰਚ ਸਿਕਦਾਰਾ ਪੰਚੇ ਮਾਗਹਿ ਹਾਲਾ ॥**
**ਜਿਮੀ ਨਾਹੀ ਮੈ ਕਿਸੀ ਕੀ ਬੋਈ ਐਸਾ ਦੇਨੁ ਦੁਖਾਲਾ ॥ ੧ ॥**

ਸਿਕਦਾਰਾ = ਸਰਦਾਰ ॥ ਬੋਈ = ਬੀਜੀ ॥ ਦੁਖਾਲਾ = ਔਖਾ ॥

ਇਕ ਸਰੀਰ ਰੂਪ ਕਿਲਾ ਹੈ । ਜਿਸ ਵਿੱਚ ਪੰਜ ਕਾਮਾਦਿਕ ਸਰਦਾਰ ਹਨ, ਪੰਜੇ ਹੀ ਮਾਮਲਾ ਮੰਗਦੇ ਹਨ, ਪਰ ਮੈਂ ਤਾਂ ਜ਼ਮੀਨ ਕਿਸੇ ਦੀ ਵੀ ਨਹੀਂ

ਬੀਜੀ। ਭਾਵ "ਮੈਂ ਤਾਂ ਕਿਸੇ ਨੂੰ ਵੀ ਆਦਰ ਨਹੀਂ ਦੇਂਦਾ" ਇਸ ਲਈ ਮੈਨੂੰ ਐਸਾ ਮਾਮਲਾ ਦੇਣਾਂ ਔਖਾ ਹੈ ॥

**ਹਰਿ ਕੇ ਲੋਗਾ ਮੋਕਉ ਨੀਤਿ ਡਸੈ ਪਟਵਾਰੀ ॥**
**ਊਪਰਿ ਭੁਜਾ ਕਰਿ ਮੈ ਗੁਰ ਪਹਿ ਪੁਕਾਰਿਆ**
**ਤਿਨਿ ਹਉ ਲੀਆ ਉਬਾਰੀ ॥ ੧ ॥ ਰਹਾਉ ॥**

ਭੁਜਾ = ਬਾਹਾਂ। ਡਸੈ = ਡੰਗ ਮਾਰੇ ॥

ਹੇ ਵਾਹਿਗੁਰੂ ਦੇ ਲੋਕੋ ਮੈਨੂੰ ਰੋਜ ਹੀ ਧਰਮ ਰਾਜਾ "ਪਟਵਾਰੀ" ਦੁਖ ਦੇਂਦਾ ਸੀ, ਮੈਂ ਉਚੀਆਂ ਬਾਹਾਂ ਕਰਕੇ ਗੁਰਾਂ ਪਾਸ ਪੁਕਾਰਿਆ ਓਨ੍ਹਾਂ ਨੇ ਮੈਨੂੰ ਰੱਖ ਲਿਆ ॥

**ਨਉ ਡਾਡੀ ਦਸ ਮੁੰਸਫ ਧਾਵਹਿ ਰਈਅਤਿ ਬਸਨ ਨ ਦੇਹੀ ॥**
**ਡੋਰੀ ਪੂਰੀ ਮਾਪਹਿ ਨਾਹੀ ਬਹੁ ਬਿਸਟਾਲਾ ਲੇਹੀ ॥ ੨ ॥**

ਡਾਡੀ = ਮਿਣਨ ਵਾਲਾ ਡੰਡਿਆਂ ਵਾਲਾ ॥
ਮਾਪਹਿ = ਮਿਣਦੇ। ਬਿਸਟਾਲਾ = ਵੱਢੀ, ਭੇਟਾ ॥

ਨੌ ਮਿਣਨ ਵਾਲੇ (ਗੋਲਕਾਂ) ਦਸ ਇਨਸਾਫ ਕਰਨ ਵਾਲੇ (ਇੰਦ੍ਰੇ) ਦੌੜਦੇ ਹਨ, ਚੰਗੇ ਗੁਣਾਂ ਰੂਪ ਰੱਯਤ ਨੂੰ ਵੱਸਣ ਨਹੀਂ ਦੇਂਦੇ। ਪੂਰੀ ਡੋਰੀ ਰੱਖ ਕੇ ਮਿਣਦੇ ਨਹੀਂ (ਭਾਵ ਆਪਣੇ ਕਰਮਾਂ ਤੇ ਸ਼ਾਕਰ ਨਹੀਂ ਰਹਿੰਦ) ਬਹੁਤ ਹੀ ਮਾਮਲਾ ਲੈਂਦੇ ਹਨ (ਭਾਵ ਅਤਰਮ ਕਰਦੇ ਹਨ, ਦੁਖ ਦੇਂਦ ਹਨ)

**ਬਹਤਰਿ ਘਰ ਇਕੁ ਪੁਰਖੁ ਸਮਾਇਆ**
**ਉਨਿ ਦੀਆ ਨਾਮੁ ਲਿਖਾਈ ॥**
**ਧਰਮਰਾਇ ਕਾ ਦਫਤਰੁ ਸੋਧਿਆ ਬਾਕੀ ਰਿਜਮ ਨ ਕਾਈ॥੩॥**

ਰਿਜਮ = ਰੰਚਕ, ਥੋੜ੍ਹਾ ॥

ਬਹਤ੍ਰ ਕੋਠੀਆਂ ਵਾਲੇ ਸਰੀਰ ਵਿਚ ਇੱਕ ਪੁਰਸ਼ ਸਮਾਯਾ ਹੋਯਾ ਹੈ ਉਸਦਾ ਮੈਨੂੰ ਗੁਰਾਂ ਨੇ ਨਾਮ ਦਸ ਦਿਤਾ ਹੈ ਫਿਰ ਮੈਂ ਧਰਮ ਰਾਜੇ ਦਾ ਦਫਤਰ ਸੋਧ ਲਿਆ ਓਥੋਂ ਮੇਰੇ ਵੱਲ ਕੋਈ ਰਿਜਮ ਵੀ ਬਾਕੀ ਨ ਨਿਕਲੀ ॥

**ਸੰਤਾ ਕਉ ਮਤਿ ਕੋਈ ਨਿੰਦਹੁ ਸੰਤ ਰਾਮੁ ਹੈ ਏਕੋ ॥**
**ਕਹੁ ਕਬੀਰ ਮੈ ਸੋ ਗੁਰੁ ਪਾਇਆ ਜਾਕਾ ਨਾਉ ਬਿਬੇਕੋ॥੪॥੫॥**

ਸੰਤਾਂ ਨੂੰ ਮਤ ਕੋਈ ਨਿੰਦੋ ਕਿਉਂਕਿ ਸੰਤ ਤੇ ਵਾਹਿਗੁਰੂ ਦੋਵੇਂ (੧) ਇਕ ਹਨ ਕਬੀਰ ਜੀ ਕਹਿੰਦੇ ਹਨ ਮੈਂ ਸੋ ਗੁਰੂ ਪਾਇਆ ਹੈ ਜਿਸਦਾ ਨਾਮ

ਦੋ ਤੋਂ ਇਕ ਹੈ ॥

ਰਾਗੁ ਸੂਹੀ ਬਾਣੀ ਸ੍ਰੀ ਰਵਿਦਾਸ ਜੀਉ ਕੀ
ੴ ਸਤਿਗੁਰ ਪ੍ਰਸਾਦਿ ॥ ਸਹ ਕੀ ਸਾਰ ਸੁਹਾਗਨਿ ਜਾਨੈ ॥
ਤਜਿ ਅਭਿਮਾਨੁ ਸੁਖ ਰਲੀਆ ਮਾਨੈ ॥

ਰਲੀਆ = ਖੁਸ਼ੀਆਂ ॥

ਪਤੀ ਦੀ ਸਾਰ ਸੁਹਾਗਣਾਂ ਜਾਣਦੀਆਂ ਹਨ । ਹੰਕਾਰ ਨੂੰ ਛੱਡਕੇ ਸੁਖਾਂ ਸਹਿਤ ਖੁਸ਼ੀਆਂ ਮਾਣਦੀਆਂ ਹਨ ।

ਤਨੁ ਮਨੁ ਦੇਇ ਨ ਅੰਤਰੁ ਰਾਖੈ ॥
ਅਵਰਾ ਦੇਖਿ ਨ ਸੁਨੈ ਅਭਾਖੈ ॥ ੧ ॥

ਅੰਤਰੁ = ਫਰਕ । ਅਭਾਖੈ = ਨਾ ਕਹਿਣਾਂ ।

ਤਨ ਮਨ ਸਭ ਪਤੀ ਨੂੰ ਦੇ ਦੇਂਦੀਆਂ ਹਨ, ਕੁਝ ਵੀ ਫਰਕ ਨਹੀਂ ਰਖਦੀਆਂ ਵਾ ਤਨ ਮਨ ਦੇ ਦੇਵੇ ਅਤੇ ਫਰਕ ਨ ਰਖੇ । ਹੋਰਨਾਂ ਨੂੰ ਵੇਖਕੇ ਨਾਂ ਓਨ੍ਹਾਂ ਪਾਸੋਂ ਕੁਝ ਸੁਣੇ ਅਤੇ ਨਾ ਕਹੇ, ਭਾਵ ਹੋਰਨਾਂ ਪਤੀਆਂ ਨੂੰ ਇਸ ੀ ਰੂਪ ਵੇਖੇ ਅਤੇ ਨਾ ਓਨ੍ਹਾਂ ਕੋਲੋਂ ਕੁਝ ਸੁਣੇ ਅਤੇ ਨਾ ਓਨ੍ਹਾਂ ਨਾਲ ਬੋਲੇ ॥

ਸੋ ਕਤ ਜਾਨੈ ਪੀਰ ਪਰਾਈ ॥
ਜਾਕੈ ਅੰਤਰਿ ਦਰਦੁ ਨ ਪਾਈ ॥ ੧ ॥ ਰਹਾਉ ॥

ਜਿਸਦੇ ਅੰਦਰ ਦਰਦ ਨਹੀਂ ਪਾਈਦੀ ਓਹ ਕਿਸੇ ਦੀ ਪੀੜਾ ਨੂੰ ਕਿਆ ਜਾਣਦਾ ਹੈ ॥

ਦੁਖੀ ਦੁਹਾਗਨਿ ਦੁਇ ਪਖ ਹੀਨੀ ॥
ਜਿਨਿ ਨਾਹ ਨਿਰੰਤਰਿ ਭਗਤਿ ਨ ਕੀਨੀ ॥

ਪਖ = ਪਾਸੇ ॥ ਨਾਹ = ਪਤੀ ॥ ਨਿਰੰਤਰਿ = ਇਕ ਰਸ ॥

ਛੁੱਟੜ ਇਸਤ੍ਰੀ ਦੋਹਾਂ ਪਾਸਿਆਂ (ਲੋਕ ਪ੍ਰਲੋਕ ਸਾਹੁਰੇ ਪੇਕੇ) ਦੇ ਸੁਖ ਵਲੋਂ ਰਹਿਤ ਹੈ ਇਸ ਲਈ ਦੁਖੀ ਰਹਿੰਦੀ ਹੈ ਜਿਸਨੇ ਪਤੀ ਦੀ ਇਕ ਰਸ ਭਗਤੀ ਨਹੀਂ ਕੀਤੀ ਭਾਵ ਵਾਹਿਗੁਰੂ ਨਾਲ ਅਭੇਦ ਨਹੀਂ ਹੋਈ॥

ਪੁਰਸਲਾਤ ਕਾ ਪੰਥੁ ਦੁਹੇਲਾ ॥
ਸੰਗਿ ਨ ਸਾਥੀ ਗਵਨੁ ਇਕੇਲਾ ॥ ੨ ॥

ਪੁਰਸਲਾਤ = ਪੁਲ, ਮੁਸਤਕਿਲ ॥ ਪੰਥ = ਰਸਤਾ ॥ ਗਵਨੁ = ਜਾਣਾਂ
ਉਸ ਪੁਲ ਦਾ ਰਸਤਾ ਬੜਾ ਔਖਾ ਹੈ, ਨਾਲ ਕੋਈ ਸਾਥੀ ਨਹੀਂ ਹੋਵੇਗਾ ।

ਅਕੱਲਾ ਜਾਣਾ ਪਵੇਗਾ ॥

ਦੁਖੀਆ ਦਰਦਵੰਦੁ ਦਰਿ ਆਇਆ ॥
ਬਹੁਤੁ ਪਿਆਸ ਜਬਾਬੁ ਨ ਪਾਇਆ ॥

ਹੇ ਦਰਦਵੰਦ ਵਾਹਿਗੁਰੂ ਮੈਂ ਦੁਖੀ ਹੋਕੇ ਤੇਰੇ ਬੂਹੇ (ਸਤਸੰਗ ਵਾ ਸੰਸਾਰ) ਤੇ ਆਇਆ ਹਾਂ, ਮੈਨੂੰ ਤੇਰੇ ਦਰਸ਼ਨ ਦੀ ਬਹੁਤ ਪਿਆਸ (ਇੱਛਾ) ਹੈ ਅਜੇ ਤਕ ਮੈਂ ਤੇਰੇ ਵੱਲੋਂ ਕੋਈ ਜਬਾਬ ਨਹੀਂ ਪਾਇਆ ॥

ਕਹਿ ਰਵਿਦਾਸ ਸਰਨਿ ਪ੍ਰਭ ਤੇਰੀ ॥
ਜਿਉ ਜਾਨਹੁ ਤਿਉ ਕਰੁ ਗਤਿ ਮੇਰੀ ॥੩॥੧॥

ਰਵਿਦਾਸ ਜੀ ਕਹਿੰਦੇ ਹਨ ਹੇ ਵਾਹਿਗੁਰੂ ਮੈਂ ਤੇਰੀ ਸ਼ਰਨ ਹਾਂ ਜਿੱਕੁਰ ਜਾਣਦੇ ਹੋ ਤਿੱਕੁਰ ਹੀ ਮੇਰੀ ਗਤੀ ਕਰੋ ।

ਸੂਹੀ ॥ ਜੋ ਦਿਨ ਆਵਹਿ ਸੋ ਦਿਨ ਜਾਹੀ ॥
ਕਰਨਾ ਕੂਚੁ ਰਹਨੁ ਥਿਰੁ ਨਾਹੀ ॥

ਜੇਹੜਾ ਦਿਨ ਚੜ੍ਹਦਾ ਹੈ ਸੋ ਬੀਤ ਜਾਂਦਾ ਹੈ, ਇੱਕੁਰ ਹੀ ਅਸਾਂ ਕੂਚ ਕਰਨਾ ਹੈ ॥ "ਥਿਰ ਨਹਾਂ ਰਹਿਣਾ"

ਸੰਗੁ ਚਲਤ ਹੈ ਹਮ ਭੀ ਚਲਨਾ ॥
ਦੂਰਿ ਗਵਨੁ ਸਿਰ ਊਪਰਿ ਮਰਨਾ ॥ ੧ ॥

ਗਵਨ = ਜਾਣਾਂ ॥

ਸਾਡਾ ਸਾਥ ਚਲਦਾ ਹੈ ਅਸਾਂ ਵੀ ਚਲਣਾ ਹੈ, ਪਹਿਲੇ ਜਿਸ ਮਰ ਜਾਣ ਨੂੰ ਅਸੀਂ ਦੂਰ ਜਾਣਦੇ ਸੀ ਓਹ ਹੁਣ ਸਿਰ ਤੇ ਖੜਾ ਜਾਣ ਲਿਆ ਹੈ।

ਕਿਆ ਤੂ ਸੋਇਆ ਜਾਗੁ ਇਆਨਾ ॥
ਤੈ ਜੀਵਨੁ ਜਗਿ ਸਚੁ ਕਰਿ ਜਾਨਾ ॥ ੧ ॥ ਰਹਾਉ ॥

ਕੀ ਤੂੰ ਸੁੱਤਾ ਹੈਂ ? ਜਾਗ ਇਆਣੇ। ਤੂੰ ਜਗ ਵਿੱਚ ਜੀਉਂਣਾ ਸੱਚਾ ਕਰਕੇ ਜਾਣਿਆਂ ਹੈ ॥

ਜਿਨਿ ਜੀਉ ਦੀਆ ਸੁ ਰਿਜਕੁ ਅੰਬਰਾਵੈ ॥
ਸਭ ਘਟ ਭੀਤਰਿ ਹਾਟੁ ਚਲਾਵੈ ॥

ਅੰਬਰਾਵੈ = ਪਹੁੰਚਾਵੈ ॥ ਭੀਤਰ = ਅੰਦਰ ।

ਜਿਸਨੇ ਦੇਹ ਵਿੱਚ ਜੀਉ ਨੂੰ ਅਸਥਿਰ ਕਰ ਦਿਤਾ ਹੈ ਸੋਈ ਰਿਜਕ

ਪਹੁੰਚਾਉਂਦਾ (ਵਾ ਪਹੁੰਚਾਵੇਗਾ) ਹੈ, ਸਾਰਿਆਂ ਘਟਾਂ ਦੇ ਅੰਦਰ ਹੱਟੀਆਂ ਚਲਾਉਂਦਾ ਹੈ ਭਾਵ ਸਭ ਦੇ ਅੰਦਰ ਅੰਨ ਪਹੁੰਚਾਂਵਦਾ ਹੈ ਏਹੋ ਹੀ ਓਹ ਟੱਟੀ ਚਲਾਉਂਦਾ ਹੈ।

**ਕਰਿ ਬੰਦਿਗੀ ਛਾਡਿ ਮੈ ਮੇਰਾ ॥**
**ਹਿਰਦੈ ਨਾਮੁ ਸਮ੍ਹਾਰਿ ਸਵੇਰਾ ॥ ੨ ॥**

ਉਸਦੀ ਬੰਦਗੀ ਕਰ ਅਤੇ ਇਹੁ ਮੈਂ ਆਪ ਹਾਂ ਇਹੁ ਮੇਰਾ ਪਦਾਰਥ ਹੈ ਇਹੁ ਛੱਡ ਦੇਹ ਅਤੇ ਵਾਹਿਗੁਰੂ ਦਾ ਨਾਮ ਸਵੇਰੇ (ਰੋਜ ਛੇਤੀ) ਰਿਦੇ ਵਿੱਚ ਯਾਦ ਕਰ ॥

**ਜਨਮੁ ਸਿਰਾਨੋ ਪੰਥੁ ਨ ਸਵਾਰਾ ॥**
**ਸਾਂਝ ਪਰੀ ਦਹਦਿਸ ਅੰਧਿਆਰਾ ॥**

ਸਿਰਾਨੋ = ਬੀਤ ਗਿਆ। ਪੰਥ = ਰਸਤਾ ॥

ਅਮੋਲਕ ਮਨੁਖਾ ਜਨਮ ਤੇਰਾ ਐਵੇਂ ਹੀ ਬੀਤ ਗਿਆ ਅਤੇ ਤੂੰ ਅਪਨਾ ਅਗਲਾ ਰਸਤਾ ਨਾ ਸਵਾਰਿਆ, ਹੁਣ ਸੰਧਿਆ ਹੋ ਗਈ "ਭਾਵ ਬੁਢੇਪਾ ਆ ਗਿਆ" ਦਸਾਂ ਹੀ ਦਿਸ਼ਾਂ ਵੱਲ ਅੰਧੇਰਾ ਹੋ ਗਿਆ ਭਾਵ ਮੌਤ ਆ ਗਈ ॥

**ਕਹਿ ਰਵਿਦਾਸ ਨਿਦਾਨਿ ਦਿਵਾਨੇ ॥**
**ਚੇਤਸਿ ਨਾਹੀ ਦੁਨੀਆ ਫਨ ਖਾਨੇ ॥ ੩ ॥੨ ॥**

ਨਿਦਾਨਿ = ਮੂਰਖ ॥ ਫਨ ਖਾਨੇ = ਫਨਾਹ ਰੂਪ ਘਰ ॥

ਰਵਿਦਾਸ ਜੀ ਕੈਂਹਦੇ ਹਨ ਹੇ ਮੂਰਖ ਦੀਵਾਨੇ, ਵਾਹਿਗੁਰੂ ਨੂੰ ਕਿਉਂ ਨਹੀਂ ਯਾਦ ਕਰਦਾ ਇਹ ਦੁਨੀਆਂ ਰੂਪ ਘਰ ਨਾਸਵੰਤ ਹੈ ॥

**ਸੂਹੀ ॥ ਊਚੇ ਮੰਦਰ ਸਾਲ ਰਸੋਈ ॥**
**ਏਕ ਘਰੀ ਫੁਨਿ ਰਹਨੁ ਨ ਹੋਈ ॥ ੧ ॥**

ਸਾਲ = ਥਾਂ ॥ ਫੁਨਿ = ਫੇਰ ॥

ਉਚੇ ਮੰਦਰ, ਸੁੰਦਰ ਰਸੋਈ ਦੀ ਥਾਂ, "ਮਰਨ ਦੇ ਵੇਲੇ" ਇਕ ਘੜੀ ਵੀ ਉਨ੍ਹਾਂ ਵਿੱਚ ਰਹਿਣਾਂ ਨਹੀਂ ਹੁੰਦਾ ॥

**ਇਹੁ ਤਨੁ ਐਸਾ ਜੈਸੇ ਘਾਸ ਕੀ ਟਾਟੀ ॥**
**ਜਲਿ ਗਇਓ ਘਾਸੁ ਰਲਿ ਗਇਓ ਮਾਟੀ ॥ ੧ ॥ ਰਹਾਉ ॥**

ਇਹ ਸਰੀਰ ਕਾਲ ਅਗਨੀ ਅੱਗੇ ਇਉਂ ਦਾ ਹੈ ਜਿਕੁਰ ਘਾਹ ਦੀ ਟੱਟੀ ਹੁੰਦੀ ਹੈ, ਘਾਹ ਸੜ ਗਿਆ ਅਤੇ ਮਿਟੀ ਵਿੱਚ ਰਲ ਗਿਆ ॥

ਭਾਈ ਬੰਧ ਕੁਟੰਬ ਸਹੇਰਾ ॥
ਓਇ ਭੀ ਲਾਗੇ ਕਾਢੁ ਸਵੇਰਾ ॥ ੨ ॥

ਸਵੇਰਾ = ਪ੍ਰਾਤਾ ਕਾਲ, ਛੇਤੀ । ਬੰਧ = ਸਰਬੰਧੀ ।
ਸਹੇਰਾ = ਸਹੇਲੇ, ਮਿ , ਸਹੇੜੇ ਹੋਏ ॥

ਭਾਈ, ਸਨਬੰਧੀ, ਕੁਟੰਬ, ਸਹੇਲੇ, ਓਹ ਵੀ ਕਹਿਣ ਲਗੇ ਕਿ ਛੇਤੀ ਕੱਢੋ ।

ਘਰ ਕੀ ਨਾਰਿ ਉਰਹਿ ਤਨ ਲਾਗੀ ॥
ਉਹ ਤਉ ਭੂਤੁ ਭੂਤੁ ਕਰਿ ਭਾਗੀ ॥ ੩ ॥

ਉਰਹਿ = ਰਿਦਾ ॥ ਤਨ = ਸਰੀਰ, ਨਾਲ ।

ਜੇਹੜੀ ਘਰ ਦੀ ਇਸਤ੍ਰੀ ਰਿਦੇ ਨਾਲ ਲਗੀ ਰਹਿੰਦੀ ਸੀ ਉਹ ਤਾਂ ਭੂਤ ਭੂਤ ਕਹਿਕੇ ਦੌੜੀ ॥

ਕਹਿ ਰਵਿਦਾਸ ਸਭੈ ਜਗੁ ਲੂਟਿਆ ॥
ਹਮ ਤਉ ਏਕ ਰਾਮ ਕਹਿ ਛੂਟਿਆ ॥ ੪ ॥ ੩ ॥

ਰਵਿਦਾਸ ਜੀ ਕਹਿੰਦੇ ਹਨ ਸਾਰਾ ਜੱਗ ਹੀ ਲੁਟਿਆ ਗਿਆ ਹੈ, ਮੈਂ ਇਕ ਵਾਹਿਗੁਰੂ ਨੂੰ ਕਹਿਕੇ ਛੁਟਿਆ ਹਾਂ ॥

ਰਾਗੁ ਸੂਹੀ ਬਾਣੀ ਸੇਖ ਫਰੀਦ ਜੀ ਕੀ
ੴ ਸਤਿਗੁਰਪ੍ਰਸਾਦਿ ॥ ਤਪਿ ਤਪਿ ਲੁਹਿ ਲੁਹਿ ਹਾਥ ਮਰੋਰਉ ॥ ਬਾਵਲਿ ਹੋਈ ਸੋ ਸਹੁ ਲੋਰਉ ॥

ਤਪਿ ਤਪਿ = ਤਪਸਿਆ ਕਰਦਾ ਹੋਯਾ (ਤਪ ਤਪਦਾ ਹੋਯਾ)
ਲੁਹਿ ਲੁਹਿ = ਝੁਲਸਝੁਲਸਿ ਕੇ (ਵ ਲੁਹੜਾ = ਲੁਹੜਾ)

"ਤਪਿ ਤਪਿ ਲੁਹਿ ਲੁਹਿ" ਹੱਥ ਮਰੋੜਦਾ ਹਾਂ ਬਾਵਲੀ ਹੋਈ ਹੋਈ ਸੋ ਸ਼ਹੁ ਨੂੰ ਲੋੜਦੀ ਹਾਂ ।

ਤੈ ਸਹਿ ਮਨ ਮਹਿ ਕੀਆ ਰੋਸੁ ॥
ਮੁਝੁ ਅਵਗਨ ਸਹ ਨਾਹੀ ਦੋਸੁ ॥ ੧ ॥

ਤੈਂ ਪਤੀ ਨੇ ਮਨ ਵਿੱਚ ਗੁੱਸਾ ਕੀਤਾ ਹੈ ਮੇਰੇ ਵਿੱਚ ਹੀ ਔਗੁਣ ਹਨ ਪਤੀ ਨੂੰ ਕੋਈ ਦੋਸ਼ ਨਹੀਂ ।

ਤੈ ਸਾਹਿਬ ਕੀ ਮੈ ਸਾਰ ਨ ਜਾਨੀ ॥

**ਜੋਬਨੁ ਖੋਇ ਪਾਛੈ ਪਛੁਤਾਨੀ ॥ ੧ ॥ ਰਹਾਉ ॥**

ਤੈਂ ਸਾਹਿਬ ਦੀ ਮੈਂ ਸਾਰ ਨਹੀਂ ਜਾਣੀ। ਜੋਬਨ ਨੂੰ ਨਾਸ ਕਰਕੇ ਪਿਛੋਂ ਪਛਤਾਈ ਹਾਂ ॥

**ਕਾਲੀ ਕੋਇਲ ਤੂ ਕਿਤ ਗੁਨ ਕਾਲੀ ॥**
**ਅਪਨੇ ਪ੍ਰੀਤਮ ਕੇ ਹਉ ਬਿਰਹੈ ਜਾਲੀ ॥**

(ਪ੍ਰਸ਼ਨ) ਹੇ ਕਾਲੀ ਕੋਇਲ ਤੂੰ ਕਿਸ ਗੁਣ ਕਰਕੇ ਕਾਲੀ ਹੋਈ ਹੈਂ?
(ਉਤਰ) ਆਪਣੇ ਪਿਆਰੇ ਦੇ ਵਿਛੋੜੇ ਵਿੱਚ ਮੈਂ ਸੜੀ ਹੋਈ ਹਾਂ ॥

**ਪਿਰਹਿ ਬਿਹੂਨ ਕਤਹਿ ਸੁਖੁ ਪਾਏ ॥**
**ਜਾ ਹੋਇ ਕ੍ਰਿਪਾਲੁ ਤਾ ਪ੍ਰਭੂ ਮਿਲਾਏ ॥ ੨ ॥**

ਆਪਣੇ ਪਤੀ ਤੋਂ ਬਿਨਾਂ ਕਿਥੇ ਸੁੱਖ ਪਾਵੇ ਜੇ ਉਹੁ ਪ੍ਰਭੂ ਵਾਹਿਗੁਰੂ ਹੀ ਕ੍ਰਿਪਾਲੂ ਹੋਵੇ ਤਾਂ ਆਪਣੇ ਨਾਲ ਮਿਲਾ ਲੈਂਦਾ ਹੈ ॥

**ਵਿਧਣ ਖੂਹੀ ਮੁੰਧ ਇਕੇਲੀ ॥ ਨਾ ਕੋ ਸਾਥੀ ਨਾ ਕੋ ਬੇਲੀ ॥**

ਵਿਧਣ = ਬਹੁਤ ਦੁਖਾਂ ਨਾਲ ਵਿੰਨ੍ਹਿਆਂ ਹੋਇਆ। ਮੁੰਧ = ਮੂਰਖ ॥

ਸੰਸਾਰ ਰੂਪ ਖੂਹੀ ਬਹੁਤ ਦੁਖਦਾਈ ਹੈ ਤਿਸ ਉਤੇ ਜੀਵ ਰੂਪ ਮੂਰਖ ਇਸਤ੍ਰੀ ਇਕੇਲੀ ਹੈ, ਨਾ ਕੋਈ ਸਾਥੀ ਹੈ ਨਾ ਕੋਈ ਬੇਲੀ ਹੈ।

**ਕਰਿ ਕਿਰਪਾ ਪ੍ਰਭਿ ਸਾਧ ਸੰਗਿ ਮੇਲੀ ॥**
**ਜਾ ਫਿਰਿ ਦੇਖਾ ਤਾ ਮੇਰਾ ਅਲਹੁ ਬੇਲੀ ॥ ੩ ॥**

ਜਦ ਵਾਹਿਗੁਰੂ ਨੇ ਕਿਰਪਾ ਕਰਕੇ ਸਾਧ ਸੰਗਤ ਮਿਲਾਈ (ਤਾਂ ਫਿਰ ਮੈਂ) ਜਿਧਰ ਦੇਖਾਂ ਓਧਰ ਹੀ ਮੇਰਾ ਅੱਲਾ ਬੇਲੀ ਨਜ਼ਰ ਆਇਆ ॥

**ਵਾਟ ਹਮਾਰੀ ਖਰੀ ਉਡੀਣੀ ॥**
**ਖੰਨਿਅਹੁ ਤਿਖੀ ਬਹੁਤੁ ਪਿਈਣੀ ॥**

ਖਰੀ = ਬਹੁਤ। ਉਡੀਣੀ = ਉਦਾਸੀਨ ॥ ਖੰਨਿਅਹੁ = ਖੰਡੇ, ਤਲਵਾਰ ॥ ਪਿਈਣੀ = ਤਿੱਖੀ ਪਤਲੀ ॥

ਮੇਰੀ ਵਾਟ ਬਹੁਤ ਹੀ ਔਖੀ, ਖੰਡੇ ਨਾਲੋਂ ਤਿੱਖੀ ਅਤੇ ਬਹੁਤ ਹੀ ਪਤਲੀ ਹੈ।

**ਉਸੁ ਊਪਰਿ ਹੈ ਮਾਰਗੁ ਮੇਰਾ ॥**
**ਸੇਖ ਫਰੀਦਾ ਪੰਥੁ ਸਮ੍ਹਾਰਿ ਸਵੇਰਾ ॥ ੪ ॥ ੧ ॥**

ਮਾਰਗ = ਪੰਥ, ਰਸਤਾ ॥ ਸਵੇਰਾ = ਸਵੇਰ, ਮਨੁੱਖਾ ਜਨਮ, ਕਲਜੁਗ, ਛੇਤੀ

ਉਸ ਉਤੇ ਮੇਰਾ ਚਲਣਾ ਹੈ, ਸ਼ੇਖ ਬਰੀਦ ਜੀ ਕਹਿੰਦੇ ਹਨ ਉਸ ਰਸਤੇ ਨੂੰ ਛੇਤੀ ਯਾਦ ਕਰ।

(ਅੰਨਜੋਕਤੀ ਉਪਦੇਸ਼)

**ਸੂਹੀ ਲਲਿਤ॥ ਬੇੜਾ ਬੰਧਿ ਨ ਸਕਿਓ ਬੰਧਨ ਕੀ ਵੇਲਾ॥**

ਤੂੰ ਬੇੜੇ ਨੂ ਬੰਨ੍ਹ ਨ ਸਕਿਓਂ ਤਰੀ ਬੰਨਣ ਦੀ ਵੇਲਾ ਸੀ ਭਾਵ ਸਾਧਨ ਕਰਕੇ ਗਿਆਨ ਨੂੰ ਨਾ ਪੱਕਾ ਕੀਤਾ।

**ਭਰਿ ਸਰਵਰੁ ਜਬ ਊਛਲ ਤਬ ਤਰਣੁ ਦੁਹੇਲਾ॥ ੧॥**

ਸਰਵਰੁ = ਤਾਲ। ਦੁਹੇਲਾ = ਔਖਾ॥

ਜਦ ਭਰਕੇ ਸਮੁੰਦਰ ਉਛਲੇਗਾ ਤਦ ਤੈਨੂੰ ਤਰਨਾਂ ਔਖਾ ਹੋ ਜਾਵੇਗਾ। ਭਾਵ ਜਦ ਤੈਨੂੰ ਬੁਢੇਪਾ ਆਵੇਗਾ ਤਾਂ (ਸੰਸਾਰ ਤੋਂ ਤੈਨੂੰ) ਵਾਹਿਗੁਰੂ ਨਾਲ ਮਿਲਣਾ ਔਖਾ ਹੋ ਜਾਵੇਗਾ।

**ਹਥੁ ਨ ਲਾਇ ਕਸੁੰਭੜੈ ਜਲਿ ਜਾਸੀ ਢੋਲਾ॥ ੧॥ਰਹਾਉ॥**

ਕਸੁੰਭੜੈ = ਅੱਗ ਵ ਕਸੁੰਭਾ॥ ਢੋਲਾ = ਹੇ ਪਿਆਰਾ॥

ਜਲ ਜਾਸੀ = ਸੜ ਜਾਵੇਗਾ ਵ ਪਾਣੀ ਦੇ ਉਤੋਂ ਦੀ ਵਗ ਜਾਣ ਨਾਲ॥

ਹੇ ਪਿਆਰੇ ਇਹੁ ਸੰਸਾਰ ਜੋ ਤੈਨੂੰ ਕਸੁੰਭੇ ਵਤ ਸੁੰਦਰ ਪਰਤੀਤ ਹੁੰਦਾ ਹੈ ( ਵਾਸਤਵ ਵਿਚ ਇਹ ਵਿਸ਼ੇ ਵਿਕਾਰ ਅਗਨੀ ਰੂਪ ਹੈ) ਇਸ ਵਿਚ ਪੈਕੇ ਤੂੰ ਦਗਧ ਹੋ ਜਾਏਂਗਾ।

**ਇਕ ਆਪੀਨ੍ਹੈ ਪਤਲੀ ਸਹ ਕੇਰੇ ਬੋਲਾ॥**

ਪਤਲੀ = ਇਜਤ ਰੱਖ ਲਈ।

ਇਕਨਾਂ ਵਾਹਿਗੁਰੂ ਦੇ ਬਚਨ ਸੁਣਕੇ ਆਪਣੀ ਇਜਤ ਰਖ ਲਈ॥

**ਦੁਧਾ ਥਣੀ ਨ ਆਵਈ ਫਿਰਿ ਹੋਇ ਨ ਮੇਲਾ॥ ੨॥**

ਜਿਕੁਰ ਥਣਾਂ ਵਿਚੋਂ ਦੁਧ ਨਿਕਲਿਆ ਹੋਇਆ ਫਿਰ ਉਸ ਰਸਤੇ ਨਹੀਂ ਆਉਂਦਾ, ਤਿਕੁਰ ਹੀ ਸੰਸਾਰ ਉਤੇ ਮਨੁਖਾ ਦੇਹ ਨਾਲ ਤੇਰਾ ਮੇਲ ਨਹੀਂ ਹੋਣਾਂ।

**ਕਹੈ ਫਰੀਦੁ ਸਹੇਲੀਹੋ ਸਹੁ ਅਲਾਏਸੀ॥**
**ਹੰਸੁ ਚਲਸੀ ਡੁੰਮਣਾ ਅਹਿ ਤਨੁ ਢੇਰੀ ਥੀਸੀ॥ ੩॥ ੨॥**

ਅਲਾਇ = ਕਹਿਣਾ। ਡੁੰਮਣਾ = ਉਦਾਸ ਦੁਮਨਾਂ ( ਦੁਚਿਤਾ )

ਫਰੀਦ ਜੀ ਕਹਿੰਦੇ ਹਨ ਹੇ ਪਿਆਰਿਓ ਜਦੋਂ ਵਾਹਗੁਰੂ ਧਰਮ ਰਾਜਾ ਨੂੰ ਹੁਕਮ ਦੇਕੇ ਤੁਹਾਨੂੰ ਬੁਲਾਵੇਗਾ ਤਦੋਂ ਤੁਹਾਡਾ ਜੀਵ ਆਤਮਾਂ ਉਦਾਸ ਹੋਕੇ ਚਲੇਗਾ ਅਤੇ ਇਹ ਸਰੀਰ ਸੁਆਹ ਦੀ ਢੇਰੀ ਹੋ ਜਾਵੇਗਾ।

# ਰਾਗੁ ਬਿਲਾਵਲੁ

## ਬਿਲਾਵਲੁ ਬਾਣੀ ਭਗਤਾ ਕੀ ਕਬੀਰ ਜੀਉ ਕੀ

ੴ ਸਤਿਨਾਮੁ ਕਰਤਾ ਪੁਰਖੁ ਗੁਰਪ੍ਰਸਾਦਿ ॥

**ਐਸੋ ਇਹੁ ਸੰਸਾਰੁ ਪੇਖਨਾ ਰਹਨੁ ਨ ਕੋਊ ਪਈ ਹੈ ਰੇ ॥**

ਪੇਖਨਾ = ਵੇਖਣ, ਖਡੌਣਾ = ਤਮਾਸ਼ਾ।

ਇੱਕੁਰ ਦਾ ਇਹੁ ਸੰਸਾਰ ਝੂਠਾ ਹੈ ਕੋਈ ਵੀ ਇਸਤੇ ਰਹਿਣਾ ਨਹੀਂ ਪੌਂਦਾ।

**ਸੂਧੇ ਸੂਧੇ ਰੇਗਿ ਚਲਹੁ ਤੁਮ**
**ਨਤਰ ਕੁਧਕਾ ਦਿਵਈ ਹੈ ਰੇ ॥ ੧॥ ਰਹਾਉ ।**

ਰੇਗਿ = ਤੁਰੇ ਚਲੋ । ਨਤਰ = ਨਹੀਂ ਤਾਂ। ਕੁਧਕਾ = ਧੱਕਾ, ਮਾੜਾ = ਧੱਕਾ।

ਸਿੱਧੇ ਸਿੱਧੇ ਵਾਹਿਗੁਰੂ ਦੇ ਰਸਤੇ ਤੁਰੇ ਚਲੋ ਨਹੀਂ ਤਾਂ ਵਾਹਿਗੁਰੂ ਤੁਹਾਨੂੰ ਧਰਮ ਰਾਜਾ ਪਾਸੋਂ ਨਰਕ ਵਿਚ ਧੱਕਾ ਦਿਵਾਵੇਗਾ।

**ਬਾਰੇ ਬੂਢੇ ਤਰੁਨੇ ਭਈਆ ਸਭਹੂ ਜਮੁ ਲੈ ਜਈ ਹੈ ਰੇ॥**
**ਮਾਨਸੁ ਬਪੁਰਾ ਮੂਸਾ ਕੀਨੋ ਮੀਚੁ ਬਿਲਈਆ ਖਈ ਹੈ ਰੇ ॥ ੧ ॥**

ਬਾਰੇ = ਬਾਰਕ। ਤਰੁਨੇ = ਜਵਾਨ। ਬਪੁਰਾ = ਵਿਚਾਰਾ। ਮੂਸਾ = ਚੂਹਾ।
ਮੀਚ = ਮੌਤ । ਬਿਲਈਆ = ਬਿਲੀ।

ਬਾਲਕ ਬੁੱਢੇ, ਜਵਾਨ (ਹੇ ਭਾਈ) ਸਾਰਿਆਂ ਨੂੰ ਜਮ ਲੈ ਜਾਵੇਗਾ, ਮਨੁਖ ਵਿਚਾਰਾ ਚੂਹਾ ਕੀਤਾ ਹੈ ਅਤੇ ਮੌਤ ਬਿੱਲੀ ਖਾਂਦੀ ਹੈ।

**ਧਨਵੰਤਾ ਅਰੁ ਨਿਰਧਨ ਮਨਈ ਤਾ ਕੀ ਕਛੂ ਨ ਕਾਨੀ ਰੇ ॥**
**ਰਾਖਾ ਪਰਜਾ ਸਮ ਕਰਿ ਮਾਰੈ ਐਸੋ ਕਾਲੁ ਬਡਾਨੀ ਰੇ ॥ ੨ ॥**

ਮਨਈ = ਮਨੁਖ। ਕਾਨੀ = ਕਨੌਡ, ਕੁਸ਼ਾਮਤ। ਸਮ = ਬਰਾਬਰ।
ਬਡਾਨੀ = ਅਸਚਰਜ।

ਧਨ ਵਾਲੇ ਅਤੇ ਗਰੀਬ ਜੇਹੜੇ ਮਨੁਖ ਹਨ ਤਿਨਾਂ ਦੀ ਤਿਸ ਨੂੰ ਕੁਝ ਕੁਸ਼ਾਮਤ ਨਹੀਂ ਰਾਜਾ ਪਰਜਾ ਨੂੰ ਬਰਾਬਰ ਜਾਣ ਕੇ ਮਾਰਦਾ ਹੈ, ਇੱਕੁਰ ਦਾ ਕਾਲ ਅਸਚਰਜ (ਜ਼ੋਰਾਵਰ) ਹੈ।

**ਹਰਿ ਕੇ ਸੇਵਕ ਜੋ ਹਰਿ ਭਾਏ ਤਿਨ ਕੀ ਕਥਾ ਨਿਰਾਰੀ ਰੇ ॥**

**ਆਵਹਿ ਨ ਜਾਹਿ ਨ ਕਬਹੂ ਮਰਤੇ ਪਾਰਬ੍ਰਹਮ ਸੰਗਾਰੀ ਰੇ ॥੩॥**

ਵਾਹਿਗੁਰੂ ਦੇ ਦਾਸ ਜੇਹੜੇ ਵਾਹਿਗੁਰੂ ਨੂੰ ਹੱਛੇ ਲਗੇ ਹਨ, ਉਨ੍ਹਾਂ ਦੀ ਕਥਾ ਸੰਸਾਰੀਆਂ ਨਾਲੋਂ ਵਖਰੀ ਹੈ, ਨਾ ਔਂਦੇ ਨਾ ਜਾਂਦੇ ਨ ਕਦੇ ਮਰਦੇ ਹਨ ਓਹ ਵਾਹਿਗੁਰੂ ਦੇ ਨਾਲ ਹੀ ਰਹਿੰਦੇ ਹਨ।

**ਪੁਤ੍ਰ ਕਲਤ੍ਰ ਲਛਿਮੀ ਮਾਇਆ ਇਹੈ ਤਜਹੁ ਜੀਅ ਜਾਨੀ ਰੇ॥ ਕਹਤ ਕਬੀਰ ਸੁਨਹੁ ਰੇ ਸੰਤਹੁ ਮਿਲਿ ਹੈ ਸਾਰਿਗ ਪਾਨੀ ਰੇ ॥ ੪ ॥ ੧ ॥**

ਕਲਤ੍ਰ = ਇਸਤ੍ਰੀ ॥ ਮਾਇਆ = ਛਲ ਰੂਪ ॥
ਸਾਰੰਗਪਾਨੀ = ਧਨੁਖਧਾਰੀ ਵਾਹਿਗੁਰੂ ॥

ਪੁਤ੍ਰ, ਇਸਤ੍ਰੀ, ਦੌਲਤ, ਏਹੁ ਜੇਹੜੀ ਸੱਚੀ ਤੁਸਾਂ ਜੀਅ ਵਿਚ ਜਾਣੀ ਹੈ ਸੋ ਇਹੁ ਛਲ ਜਾਣ ਵਾਲੀ ਹੈ, ਇਸ ਲਈ ਇਸਨੂੰ ਛਡੋ, ਕਬੀਰ ਜੀ ਕਹਿੰਦੇ ਹਨ ਹੇ ੰਤੋ ਸੁਣੋਂ ਤੁਸੀ ਵਾਹਿਗੁਰੂ ਨੂੰ ਮਿਲ ਜਾਵੋਗੇ ਵਾ ਤੁਹਾਨੂੰ ਵਾਹਿਗੁਰੂ ਮਿਲ ਜਾਵੇਗਾ ॥

**ਬਿਲਾਵਲੁ ॥ ਬਿਦਿਆ ਨ ਪਰਉ ਬਾਦੁ ਨਹੀ ਜਾਨਉ ॥ ਹਰਿ ਗੁਨ ਕਥਤ ਸੁਨਤ ਬਉਰਾਨੋ ॥ ੧ ॥**

ਵਿਦਿਆ ਮੈਂ ਨਹੀਂ ਪੜ੍ਹਦਾ, ਝਗੜਾ ਮੈਂ ਨਹੀਂ ਜਾਣਦਾ, ਵਾਹਿਗੁਰੂ ਦੇ ਗੁਣ ਕਹਿੰਦਾ ਸੁਣਦਾ ਬੌਰਾ ਹੋਯਾ ਹਾਂ ॥

**ਮੇਰੇ ਬਾਬਾ ਮੈ ਬਉਰਾ ਸਭ ਖਲਕ ਸੈਆਨੀ ਮੈ ਬਉਰਾ ॥ ਮੈ ਬਿਗਰਿਓ ਬਿਗਰੈ ਮਤਿ ਅਉਰਾ ॥ ੧ ॥ ਰਹਾਉ ॥**

ਹੇ ਮੇਰੇ ਬਾਬਾ ਮੈਂ ਬੌਰਾ ਹਾਂ ਅਤੇ ਸਾਰੀ ਖਲਕਤ ਸਿਆਣੀ ਹੈ (ਮੈਂ ਬੌਰਾ ਹਾਂ) ਮੈਂ ਵਿਗੜ ਗਿਆ ਹਾਂ, ਹੋਰ ਕੋਈ ਮੇਰੇ ਵਤ (ਮੇਰੇ ਨਾਲ) ਮਤ ਵਿਗੜੇ ॥

**ਆਪਿ ਨ ਬਉਰਾ ਰਾਮ ਕੀਓ ਬਉਰਾ ॥ ਸਤਿਗੁਰੁ ਜਾਰਿ ਗਇਓ ਭ੍ਰਮੁ ਮੋਰਾ ॥ ੨ ॥**

ਮੈਂ ਆਪ ਜਾਣਕੇ ਬੌਰਾ ਨਹੀਂ ਹੋਯਾ ਮੈਨੂੰ ਵਾਹਿਗੁਰੂ ਨੇ ਬੌਰਾ ਕੀਤਾ ਹੈ, ਸਤਿਗੁਰੂ ਮੇਰਾ ਭਰਮ ਸਾੜ ਗਿਆ ਹੈ ॥

**ਮੈ ਬਿਗਰੇ ਅਪਨੀ ਮਤਿ ਖੋਈ ॥**

**ਮੇਰੇ ਭਰਮਿ ਭੂਲਉ ਮਤਿ ਕੋਈ ॥ ੩ ॥**

ਮੈਂ ਵਿਗੜ ਕੇ ਆਪਣੀ ਇੱਜ਼ਤ ਦੂਰ ਕਰ ਲਈ ਹੈ ਤੁਸੀ ਭਰਮ ਕਰਕੇ ਮੇਰੇ ਵਾਂਙੂ ਮਤ ਕੋਈ ਭੁਲਿਓ, ਭਾਵ ਵਿਸ਼ਿਆਂ ਵਿਚ ਲਗੇ ਰਹੋ ॥

**ਸੋ ਬਉਰਾ ਜੋ ਆਪੁ ਨ ਪਛਾਨੈ ॥**

**ਆਪੁ ਪਛਾਨੈ ਤ ਏਕੈ ਜਾਨੈ ॥੪॥**

ਸੋ ਬੌਰਾ ਹੈ ਜੇਹੜਾ ਆਪਣੇ ਆਪ ਨੂੰ ਨਹੀਂ ਪਛਾਣਦਾ ਜੇ ਆਪਣੇ ਆਪ ਨੂੰ ਪਛਾਣ ਲਏ ਤਾਂ ਇਕ ਵਾਹਿਗੁਰੂ ਨੂੰ ਜਾਣ ਲੈਂਦਾ ਹੈ ।

**ਅਬਹਿ ਨ ਮਾਤਾ ਸੁ ਕਬਹੁ ਨ ਮਾਤਾ ॥**

**ਕਹਿ ਕਬੀਰ ਰਾਮੈ ਰੰਗਿ ਰਾਤਾ ॥ ੫ ॥ ੨ ॥**

ਜੇਹੜਾ ਹੁਣ ਮਨੁਖਾ ਜਨਮ ਵਿਚ ਵਾਹਿਗੁਰੂ ਦੀ ਭਗਤੀ ਵਿਚ ਨਹੀਂ ਮਸਤ ਹੋਇਆ, ਓਹ ਜਾਣੋਂ ਕਦੀ ਵੀ ਕਿਤੇ ਨਹੀਂ ਮਸਤ ਹੋਵੇਗਾ ॥ ਕਬੀਰ ਜੀ ਵਾਹਿਗੁਰੂ ਦੇ ਪ੍ਰੇਮ ਵਿਚ ਰੱਤਾ ਹੋਇਆ ਆਖਦਾ ਹੈ ॥

"ਜੰਗਲ ਵਿੱਚ ਜਾਣਾ ਚੰਗਾ ਨਹੀਂ ਹੈ ॥"

**ਬਿਲਾਵਲੁ ॥ ਗ੍ਰਿਹੁ ਤਜਿ ਬਨ ਖੰਡ ਜਾਈਐ**

**ਚੁਨਿ ਖਾਈਐ ਕੰਦਾ ॥**

**ਅਜਹੁ ਬਿਕਾਰ ਨ ਛੋਡਈ ਪਾਪੀ ਮਨੁ ਮੰਦਾ ॥ ੧ ॥**

ਗ੍ਰਿਹੁ = ਘਰ । ਖੰਡ = ਟੁਕੜਾ ॥ ਕੰਦਾ = ਜਿਮੀਕੰਦ ॥

ਘਰ ਨੂੰ ਛਡ ਕੇ ਬਣ ਦੇ ਕਿਸੇ ਟੁਕੜੇ ਵਿਚ ਜਾ ਬੈਠੀਏ ਅਤੇ ਕੰਦ ਮੂਲ ( ਫਲ ਫੁਲ ) ਚੁਣ ਕੇ ਖਾਈਏ ਹੇ ਵਾਹਿਗੁਰੂ ਇੱਕੁਰ ਦਾ ਪਾਪੀ ਮਨ ਮੰਦਾ ਹੈ ਕਿ ਅਜੇ ਵੀ ਵਿਕਾਰਾਂ ਨੂੰ ਨਹੀਂ ਛਡਦਾ ॥

**ਕਿਉ ਛੂਟਉ ਕੈਸੇ ਤਰਉ ਭਵਜਲ ਨਿਧਿ ਭਾਰੀ ॥**

**ਰਾਖੁ ਰਾਖੁ ਮੇਰੇ ਬੀਠੁਲਾ ਜਨੁ ਸਰਨਿ ਤੁਮ੍ਹਾਰੀ ॥ ੧ ॥ ਰਹਾਉ॥**

ਭਵ = ਡਰਾਉਣਾ ਸੰਸਾਰ । ਜਲਨਿਧਿ = ਸਮੁੰਦਰ

ਬੀਠੁਲਾ = ਪਿਆਰਾ ਵਾਹਿਗੁਰੂ ॥

ਕਿੱਕੁਰ ਛੁਟਾਂ ਕਿਸਤਰਾਂ ਤਰਾਂ ਸੰਸਾਰ ਸਮੁੰਦਰ ਭਾਰੀ ਹੈ, ਰਖ ਲੈ ੨ ਮੇਰੇ ਪਿਆਰੇ ਵਾਹਿਗੁਰੂ, ਦਾਸ ਆਪ ਦੀ ਸ਼ਰਨ ਹੈ ॥

**ਬਿਖੈ ਬਿਖੈ ਕੀ ਬਾਸਨਾ ਤਜੀਅ ਨਹ ਜਾਈ ॥**

**ਅਨਿਕ ਜਤਨ ਕਰਿ ਰਾਖੀਐ ਫਿਰਿ ਫਿਰਿ ਲਪਟਾਈ ॥ ੨ ॥**

ਵਖੋ ਵਖ ਵਿਸ਼ਿਆਂ ਦੀ ਜੇਹੜੀ ਵਾਸ਼ਨਾ ਹੈ ਸੋ ਛੱਡੀ ਨਹੀਂ ਜਾਂਦੀ, ਅਨੇਕਾਂ ਯਤਨ ਕਰਕੇ ਜੇ ਇਸਨੂੰ ਰਖੀਏ ਤਾਂ ਫਿਰ ਵੀ ਇਹੁ ਨੀਚ ਮਨ ਉਨ੍ਹਾਂ ਨਾਲ ਹੀ ਚੰਮੜਦਾ ਹੈ ॥

**ਜਰਾ ਜੀਵਨ ਜੋਬਨੁ ਗਇਆ ਕਿਛੁ ਕੀਆ ਨ ਨੀਕਾ ॥**
**ਇਹੁ ਜੀਅਰਾ ਨਿਰਮੋਲਕੋ ਕਉਡੀ ਲਗਿ ਮੀਕਾ ॥ ੩ ॥**

ਜਰਾ = ਬੁਢੇਪਾ । ਨੀਕਾ = ਚੰਗਾ । ਮੀਕਾ = ਬਰਾਬਰ ॥

ਜੋਬਨ ਦਾ ਜੀਉਣਾ, ਬਿਅਰਥ ਚਲਿਆ ਗਿਆ ਅਤੇ ਬੁਢੇਪਾ ਆ ਗਿਆ ਵਾ ਜੋਬਨ ਤੋਂ ਲੈਕੇ ਬੁਢੇਪੇ ਪ੍ਰਯੰਤ ਉਮਰ ਐਵੇਂ ਹੀ ਚਲੀ ਗਈ ਪਰ ਅਫਸੋਸ ! ਮੈਂ ਕੋਈ ਚੰਗਾ ਕੰਮ ਨਾ ਕੀਤਾ । ਹਾਇ ਅਫਸੋਸ ! ਏਹੁ ਮੇਰਾ ਜੀਵਣਾਂ ਅਮੋਲਕ ਹੀਰੇ ਵਤ ਸੀ ਪਰ ਵਿਸ਼ਿਆਂ ਨਾਲ ਲਗਕੇ ਕੌਡੀ ਦੇ ਤੁਲ ਹੋ ਗਿਆ ॥

**ਕਹੁ ਕਬੀਰ ਮੇਰੇ ਮਾਧਵਾ ਤੂ ਸਰਬ ਬਿਆਪੀ ॥**
**ਤੁਮ ਸਮਸਰਿ ਨਾਹੀ ਦਇਆਲੁ**
**ਮੋਹਿ ਸਮਸਰਿ ਪਾਪੀ ॥ ੪ ॥ ੩ ॥**

ਮਾਧਵਾ = ਲਖਮੀ ਦੇ ਪਤੀ (ਵਾਹਿਗੁਰੂ) ॥ ਸਮਸਰਿ = ਬਰਾਬਰ ॥

ਕਬੀਰ ਜੀ ਕਹਿੰਦੇ ਹਨ ਹੇ ਮੇਰੇ ਵਾਹਿਗੁਰੂ ਤੂੰ ਸਰਬ ਵਿਆਪੀ ਹੈਂ ਤੇਰੇ ਸਮਾਨ ਕੋਈ ਦਯਾਲੂ ਨਹੀਂ, ਮੇਰੇ ਸਮਾਨ ਪਾਪੀ ॥

(ਕਬੀਰ ਦੀ ਬਾਬਤ ਕਬੀਰ ਜੀ ਦੀ ਮਾਈ ਆਖਦੀ ਹੈ)

**ਬਿਲਾਵਲੁ ॥ ਨਿਤ ਉਠਿ ਕੋਰੀ ਗਾਗਰਿ ਆਨੈ**
**ਲੀਪਤ ਜੀਉ ਗਇਓ ॥**
**ਤਾਨਾ ਬਾਨਾ ਕਛੂ ਨ ਸੂਝੈ ਹਰਿ ਹਰਿ ਰਸਿ ਲਪਟਿਓ ॥ ੧ ॥**

ਤਾਨਾ ਬਾਨਾ = ਤਾਣਾਂ ਪੇਟਾ ਵ ਤਾਣੀ ਦਾ ਉਣਨਾਂ ॥

ਰੋਜ਼ ਹੀ ਸਵੇਰੇ ਉਠਕੇ ਕੋਰੀ ਘੜੀ ਦਰਿਆਓਂ ਭਰਕੇ ਲਿਆਉਂਦਾ ਹੈ "ਜਿਸ ਜਗਾ ਕਬੀਰ ਬੈਠਦਾ ਹੈ ਉਸ ਜਗਾ ਨੂੰ" ਸਾਡਾ ਲਿੰਬਦੀਆਂ ਦਾ ਜੀਅ ਵੀ ਸੜ ਗਿਆ ਹੈ, ਵਾ ਕਬੀਰ ਦਾ ਲਿੰਬਣ ਵਿੱਚ ਹੀ ਜੀਅ ਗਿਆ (ਲਗਾ) ਹੋਇਆ ਹੈ ਅਤੇ ਤਾਣਾਂ ਬਾਣਾਂ ਕਝ ਨਹੀਂ ਸੁਝਦਾ, 'ਵਹਿਗੁਰੂ ਵਾਹਿਗੁਰੂ' ਇਸ ਅਨੰਦ ਵਿਚ ਲਪਟਿਆ ਰਹਿੰਦਾ ਹੈ ॥

**ਹਮਾਰੇ ਕੁਲ ਕਉਨੈ ਰਾਮੁ ਕਹਿਓ ॥ ਜਬ ਕੀ ਮਾਲਾ ਲਈ**

**ਨਿਪੂਤੇ ਤਬਤੇ ਸੁਖੁ ਨ ਭਇਓ ॥੧॥ ਰਹਾਉ ॥**

ਸਾਡੀ ਕੁਲ ਵਿੱਚ ਕਿਸੇ ਨੇ ਵੀ ਵਾਹਿਗੁਰੂ ਨਹੀਂ ਕਿਹਾ ਜਦੋਂ ਦੀ ਇਸ ਨਪੁੱਤੇ ਨੇ (ਰਾਮਾ ਨੰਦ ਪਾਸੋਂ) ਮਾਲਾ ਫੜ ਲਈ ਹੈ ਓਦੋਂ ਦਾ ਸਾਨੂੰ ਸੁਖ ਨਹੀਂ ਹੋਇਆ ॥

**ਸੁਨਹੁ ਜਿਠਾਨੀ ਸੁਨਹੁ ਦਿਰਾਨੀ ਅਚਰਜੁ ਏਕੁ ਭਇਓ ॥**
**ਸਾਤ ਸੂਤ ਇਨਿ ਮੁੰਡੀਂਏ ਖੋਏ**
**ਇਹੁ ਮੁਡੀਆ ਕਿਉ ਨ ਮੁਇਓ ॥ ੨ ॥**

ਸੁਣੋਂ ਹੇ ਜਿਠਾਨੀ, ਸੁਣੋਂ ਹੇ ਦਿਰਾਨੀ ਇਕ ਹੋਰ ਬੜਾ ਅਸਚਰਜ ਹੋਇਆ ਹੈ। ਸੱਤਾਂ ਰੰਗਾਂ ਦੇ ਸੂਤਰ ਇਸ ਮੁੰਡੇ ਨੇ (ਸੰਤਾਂ ਵਾਸਤੇ) ਵੇਚਕੇ ਨਾਸ ਕਰ ਦਿਤੇ ਹਨ, ਇਹੁ ਮੁੰਡਾ ਕਿਉਂ ਨ ਮਰ ਗਿਆ ॥

(ਕਬੀਰ)

**ਸਰਬ ਸੁਖਾ ਕਾ ਏਕੁ ਹਰਿ ਸੁਆਮੀ ਸੋ ਗੁਰਿ ਨਾਮੁ ਦਇਓ ॥**
**ਸੰਤ ਪ੍ਰਹਲਾਦ ਕੀ ਪੈਜ ਜਿਨਿ ਰਾਖੀ**
**ਹਰਨਾਖਸੁ ਨਖ ਬਿਦਰਿਓ ॥ ੩ ॥**

ਨਖ = ਨਹੁੰ। ਬਿਦਰਿਓ = ਪਾੜਿਆ ॥

ਸਾਰਿਆਂ ਸੁਖਾਂ ਦਾ ਘਰ ਇਕ ਵਾਹਿਗੁਰੂ ਸਾਡਾ ਸੁਆਮੀ ਹੈ, ਤਿਸਦਾ ਸੋ ਗੁਰਾਂ ਨੇ ਮੈਨੂੰ ਨਾਮ ਦਿਤਾ ਹੈ ਸੰਤ ਪ੍ਰਹਲਾਦ ਦੀ ਜਿਸ ਨੇ ਪੈਜ ਰਖੀ ਹੈ ਅਤੇ ਹਰਨਾਕਸ਼ ਨੂੰ ਨਵਾਂ ਨਾਲ ਨਾਸ ਕੀਤਾ ਹੈ।

***ਘਰ ਕੇ ਦੇਵ ਪਿਤਰ ਕੀ ਛੋਡੀ ਗੁਰਕੋ ਸਬਦੁ ਲਇਓ ॥**
**ਕਹਤ ਕਬੀਰ ਸਗਲ ਪਾਪ ਖੰਡਨੁ**
**ਸੰਤਹ ਲੈ ਉਧਰਿਓ ॥ ੪ ॥ ੪ ॥**

ਘਰ ਕੇ ਦੇਵ = ਘਰ ਦੇ ਪਰੋਹਤ "ਸੁਕਰ ਦੇ ਪੁਤ੍ਰ ਮੰਡਾ ਮਰਕਾ"
ਪਿਤਰ = ਪਿਤਾ ॥ ਗੁਰੂ = ਨਾਰਦ। ਸਬਦ = ਉਪਦੇਸ਼ ॥
ਖੰਡਨੁ = ਨਾਸ। ਉਧਰਿਓ = ਤਾਰਿਆ ॥

ਸੰਡੇ ਮਰਕੇ ਦੀ ਸਿਖਿਆ, ਪਿਓ ਦੀ ਰਾਜਨੀਤ ਛਡ ਦਿਤੀ ਅਤੇ

---

*ਘਰ ਦੇ ਦੇਵਤਿਆਂ ਤੇ ਵਡਿਆਂ ਵਡੇਰਿਆਂ ਪਿਤਰਾਂ ਦਾ ਅਸਾਂ ਸਾਰੀ ਰਹੁ ਰੀਤੀ ਛਡਕੇ ਗੁਰੂ ਦਾ ਉਪਦੇਸ਼ ਲਿਆ (ਕਬੀਰ ਜੀ ਕਹਿੰਦੇ ਹਨ ਇੱਕਥ ਵੀ ਅਰਥ ਲਾਉਂਦੇ ਹਨ।

ਨਾਰਦ ਦਾ ਉਪਦੇਸ਼ ਲਿਆ। ਕਬੀਰ ਜੀ ਕਹਿੰਦੇ ਹਨ ਸਾਰਿਆਂ ਪਾਪਾਂ ਦੇ ਨਾਸ ਕਰਨ ਵਾਲਾ ਜੋ ਵਾਹਿਗੁਰੂ ਹੈ ਓਹ ਆਪਣੇ ਸੰਤ ਭਗਤ ਨੂੰ ਨਾਲ ਲੈਕੇ ਉਸ ਦੇ ਪਿਤਾ ਨੂੰ ਤਾਰਦਾ ਹੋਇਆ ਵਾ ਆਪਣੇ ਭਗਤ ਨੂੰ ਪਿਤਾ ਦੇ ਕੋਪ ਤੋਂ ਬਚਾਇ ਲਿਆ।

**ਬਿਲਾਵਲੁ॥ ਕੋਊ ਹਰਿ ਸਮਾਨਿ ਨਹੀ ਰਾਜਾ॥**
**ਏ ਭੂਪਤਿ ਸਭ ਦਿਵਸਿ ਚਾਰਿ ਕੇ**
**ਝੂਠੇ ਕਰਤ ਦਿਵਾਜਾ॥ ੧ ॥ ਰਹਾਉ॥**

ਭੂਪਤਿ = ਧਰਤੀ ਦੇ ਪਤੀ (ਰਾਜੇ)। ਦਿਵਾਜਾ = ਦਾਵੇ ਵ ਦਿਖਲਾਵੇ।

ਵਾਹਿਗੁਰੂ ਸਮਾਨ ਕੋਈ ਰਾਜਾ ਨਹੀਂ। ਏ ਰਾਜੇ ਸਾਰੇ ਚਾਰ ਦਿਨ ਦੇ ਨੇ ਝੂਠੇ ਦਾਵੇ ਕਰਦੇ ਹਨ।

**ਤੇਰੋ ਜਨੁ ਹੋਇ ਸੋਇ ਕਤ ਡੋਲੈ ਤੀਨਿ ਭਵਨ ਪਰ ਛਾਜਾ॥**
**ਹਾਥੁ ਪਸਾਰਿ ਸਕੈ ਕੋ ਜਨ ਕਉ ਬੋਲਿ ਸਕੈ ਨ ਅੰਦਾਜਾ॥੧॥**

ਭਵਨ = ਘਰ॥ ਛਾਜਾ = ਵਿਰਾਜਦਾ॥ ਅੰਦਾਜਾ = ਪਰਮਾਣ॥

ਹੇ ਵਾਹਿਗੁਰੂ ਤੇਰਾ ਦਾਸ ਜੇਹੜਾ ਹੋਵੇ ਓਹ ਕਿਥੇ ਡੋਲ ਸਕਦਾ ਹੈ ਓਹੁ ਤਿੰਨਾਂ ਲੋਕਾਂ ਉਤੇ ( ਵਿਰਾਜਦਾ ) ਹੁਕਮ ਕਰਦਾ ਹੈ। ਹੋਰ ਦੂਜਾ ਕੇਹੜਾ ਇੱਕੁਰ ਦਾ ਜੰਮਿਆ ਹੈ ਜੋ ਤੇਰੇ ਦਾਸ ਨੂੰ ਹਥ ਪਸਾਰ ਕੇ ਫੜ ਸਕੇ, ਨਿਰਾਦਰੀ ਦਾ ਬੋਲ ਹੀ ਨਹੀਂ ਬੋਲ ਸਕਦਾ।

**ਚੇਤਿ ਅਚੇਤ ਮੂੜ ਮਨ ਮੇਰੇ ਬਾਜੇ ਅਨਹਦ ਬਾਜਾ॥**
**ਕਹਿ ਕਬੀਰ ਸੰਸਾ ਭ੍ਰਮੁ ਚੂਕੋ ਧ੍ਰੂ ਪ੍ਰਹਿਲਾਦ ਨਿਵਾਜਾ॥ ੨ ॥ ੫॥**

ਹੇ ਮੂਰਖ ਅਚੇਤ ਮਨ ਮੇਰੇ ਤੂੰ=ਇੱਕੁਰ ਦੇ ਵਾਹਿਗੁਰੂ ਨੂੰ ਯਾਦ ਕਰ ਤੇਰਾ ਤਿੰਨਾਂ ਲੋਕਾਂ ਵਿਚ ਇਕ ਰਸ (ਜਸ ਰੂਪ)ਵਾਜਾ ਵੱਜੇਗਾ ਕਬੀਰ ਜੀ ਕਹਿੰਦੇ ਹਨ ਮੇਰਾ ਤਾਂ ਭਰਮ ਸੰਸਾ ਦੂਰ ਹੋ ਗਿਆ ਹੈ ਸਾਨੂੰ ਤਾਂ ਵਾਹਿਗੁਰੂ ਨੇ ਧ੍ਰੂ ਪ੍ਰਹਿਲਾਦ ਵਾਙੂ ਇਜ਼ਜ਼ਤ ਕੀਤਾ ਹੈ।

(ਸਨਮੁਖ ਬੇਨਤੀ)

**ਬਿਲਾਵਲੁ॥ ਰਾਖਿ ਲੇਹੁ ਹਮ ਤੇ ਬਿਗਰੀ॥**
**ਸੀਲੁ ਧਰਮੁ ਜਪੁ ਭਗਤਿ ਨ ਕੀਨੀ**
**ਹਉ ਅਭਿਮਾਨ ਟੇਢ ਪਗਰੀ॥ ੧ ॥ ਰਹਾਉ॥**

ਪਗਰੀ = ਪੱਗ ਵ ਪਕੜੀ॥

ਹੇ ਵਾਹਿਗੁਰੂ ਸਾਨੂੰ ਰਖ ਲੈ ਕਿਉਂਕਿ ਸਾਡੇ ਪਾਸੋਂ ਬਹੁਤ ਅਵਗਜਾ ਹੋਈ ਹੈ, ਸੀਲ ਸੁਭਾਵ, ਧਰਮ, ਜਪ, ਨੌ ਤਰਾਂ ਦੀ ਭਗਤੀ ਨਹੀਂ ਕੀਤੀ ਹੈ, ਹੰਕਾਰੀ ਦੀ ਵਿੰਗੀ ਪੱਗ ਹੈ ਭਾਵ ਮੈਂ ਕਟਲਤਾਈ ਫੜੀ ਹੋਈ ਹੈ।

**ਅਮਰ ਜਾਨਿ ਸੰਚੀ ਇਹ ਕਾਇਆ ਇਹ ਮਿਥਿਆ ਕਾਚੀ ਗਗਰੀ ॥ ਜਿਨਹਿ ਨਿਵਾਜਿ ਸਾਜਿ ਹਮ ਕੀਏ ਤਿਸਹਿ ਬਿਸਾਰਿ ਅਵਰ ਲਗਰੀ ॥ ੧ ॥**

ਅਮਰ = ਨਾ ਮਰਨਾ ॥ ਸੰਚੀ = ਕੱਠੀ ਕੀਤੀ, ਪਾਲੀ ॥

ਅਸਾਂ ਅਮਰ ਜਾਣਕੇ ਇਹ ਕਾਇਆਂ ਪਾਲੀ ਹੈ ਪਰ ਇਹ ਝੂਠੀ ਕੱਚੀ ਘੜੀ ਵਾਂਙੂ ਹੈ, ਜਿਸ ( ਤੈਂਨੇ ) ਸਾਨੂੰ ਸਾਜਕੇ ਨਿਵਾਜਿਆ ਹੈ ਤਿਸ (ਤੈਨੂੰ)ਭੁਲਾਕੇ ਅਸੀਂ ਹੋਰ ਪਦਾਰਥਾਂ ਵਿਚ ਲਗ ਰਹੇ ਹਾਂ।

**ਸੰਧਿਕ ਤੋਹਿ ਸਾਧ ਨਹੀ ਕਹੀਅਉ ਸਰਨਿ ਪਰੇ ਤੁਮਰੀ ਪਗਰੀ ॥ ਕਹਿ ਕਬੀਰ ਇਹ ਬਿਨਤੀ ਸੁਨੀਅਹੁ ਮਤ ਘਾਲਹੁ ਜਮ ਕੀ ਖਬਰੀ ॥ ੨ ॥ ੬ ॥**

ਸੰਧਿਕ = ਚੋਰ। ਪਗਰੀ = ਪੈਰੀ, ਪਕੜੀ। ਘਾਲਹੁ = ਪਾਉ ॥
ਖਬਰੀ = ਖੱਬੜੀ, ਝੱਬੂ ਛਿਕਾ, ਖਵਰ ॥

ਭਾਵੇਂ ਅਸੀਂ ਤੇਰੇ ਚੋਰ ਹਾਂ ਸਾਧ ਨਹੀਂ ਕਹੀਦੇ ਪਰ ਤੇਰੀ ਪੈਰੀਂ ਪਏ ਹਾਂ (ਤੇਰੀ ਸਰਣ ਪਕੜੀ ਹੈ ) ਕਬੀਰ ਜੀ ਕਹਿੰਦੇ ਹਨ ਹੇ ਵਾਹਿਗੁਰੂ ਇਹ ਇਕ ਸਾਡੀ ਬੇਨਤੀ ਸੁਣ ਕਿ ਮਤ ਪਾ ਸਾਨੂੰ ਜਮ ਦੀ ਫਾਹੀ ਵਾ ਜਮ ਨੂੰ ਖਬਰ ਹੀ ਨਾ ਕਰ।

**ਬਿਲਾਵਲੁ ॥ ਦਰਮਾਦੇ ਠਾਢੇ ਦਰਬਾਰਿ ॥ ਤੁਝ ਬਿਨੁ ਸੁਰਤਿ ਕਰੈ ਕੋ ਮੇਰੀ ਦਰਸਨੁ ਦੀਜੈ ਖੋਲਿ ਕਿਵਾਰ ॥ ੧ ॥ ਰਹਾਉ ।**

ਦਰਮਾਦੇ = ਖੜੋਤੇ ਵਾ ਦਰਵਾਜ਼ਾ, ਰੋਗੀ। ਠਾਢੇ = ਖੜੋਤੇ ॥

ਹੇ ਵਾਹਿਗੁਰੂ ਅਸੀਂ ਮਾਂਦਗੀ ਦੇ ਵਿਚ ਗ੍ਰਸੇ ਹੋਏ ਤੇਰੇ ਦਰਬਾਰ ਦੇ ਬੂਹੇ ਅਗੇ ਖੜੋਤੇ ਹਾਂ ਤੇਰੇ ਬਿਨਾਂ ਮੇਰੀ ਕੌਣ ਸੁਰਤ ਲਏ। ਬੂਹੇ ਖੋਹਲਕੇ ਦਰਸ਼ਨ ਦਿਓ।

**ਤੁਮ ਧਨ ਧਨੀ ਉਦਾਰ ਤਿਆਗੀ ਸ੍ਰਵਨਨ ਸੁਨੀਅਤੁ ਸੁਜਸੁ ਤੁਮ੍ਾਰ ॥ ਮਾਗਉ ਕਾਹਿ ਰੰਕ ਸਭ ਦੇਖਉ ਤੁਮ੍ਹੀ ਤੇ ਮੇਰੋ ਨਿਸਤਾਰੁ ॥ ੧ ॥**

ਸ੍ਰਵਨਨ = ਕੰਨੀ । ਉਦਾਰ = ਸਖੀ । ਰੰਕ = ਕੰਗਾਲ ।

ਤੁਸੀ ਧਨ ਦੇ ਧਨੀ ਸਖੀ, ਤਿਆਗੀ ਹੋ, ਤੁਹਾਡਾ ਯਸ ਕੰਨੀ ਸੁਣੀਂਦਾ ਹੈ, ਕਿਦੇ ਪਾਸੋਂ ਮੈਂ ਮੰਗਾ ਸਾਰੇ ਹੀ ਮੈਨੂੰ ਕੰਗਾਲ ਦਿਸਦੇ ਹਨ, ਤੇਰੇ ਪਾਸੋਂ ਹੀ ਮੇਰਾ ਨਿਸਤਾਰਾ ਹੈ ।

**ਜੈਦੇਉਨਾਮਾ ਬਿਪਸੁਦਾਮਾ ਤਿਨਕਉ ਕ੍ਰਿਪਾ ਭਈ ਹੈ ਅਪਾਰ॥**
**ਕਹਿ ਕਬੀਰ ਤੁਮ ਸੰਮ੍ਰਥ ਦਾਤੇ**
**ਚਾਰਿ ਪਦਾਰਥ ਦੇਤ ਨ ਬਾਰ ॥ ੨ ॥ ੭ ॥**

ਬਿਪ = ਬ੍ਰਾਹਮਣ । ਬਾਰ = ਦੇਰ ।

ਜੈ ਦੇਉ ਨਾਮ ਦੇਉ, ਬ੍ਰਾਹਮਣ ਸੁਦਾਮਾਂ, ਤਿਨ੍ਹਾਂ ਨੂੰ ਬੜੀ ਕ੍ਰਿਪਾ ਹੋਈ ਹੈ, ਭਾਵ ਓਨ੍ਹਾਂ ਉਤੇ ਤੁਸਾਂ ਬਹੁਤ ਕ੍ਰਿਪਾ ਕੀਤੀ ਹੈ ਕਬੀਰ ਜੀ ਕਹਿੰਦੇ ਹਨ ਤੁਸੀਂ ਸਾਮ੍ਰਥ ਦਾਤੇ ਹੋ ਚਾਰ ਪਦਾਰਥ (ਧਰਮ ਅਰਥ ਕਾਮ ਮੋਖ) ਦੇਂਦੇ ਹੋਏ ਦੇਰੀ ਨਹੀਂ ਕਰਦੇ ।

**ਬਿਲਾਵਲੁ ॥ ਡੰਡਾ ਮੁੰਦ੍ਰਾ ਖਿੰਥਾ ਆਧਾਰੀ ॥**
**ਭ੍ਰਮ ਕੈ ਭਾਇ ਭਵੈ ਭੇਖ ਧਾਰੀ ॥ ੧ ॥**

ਖਿੰਥਾ = ਖਫਨੀ । ਆਧਾਰੀ = ਝੋਲੀ । ਭਵੈ = ਭੌਂਦਾ । ਭਾਇ = ਅਨੁਸਾਰ ।

ਹੱਥ ਵਿਚ ਡੰਡਾ, ਕੰਨਾਂ ਵਿੱਚ ਮੁੰਦਰਾਂ, ਗਲ ਵਿੱਚ ਖਫਨੀ, ਬਗਲੀ ਪਾਈ ਹੋਈ ਜੇ, ਭਰਮ ਦੇ ਅਨੁਸਾਰ ਭੌਂਦੇ ਹੋ, ਅਸਲ ਵਿੱਚ ਤੁਸੀਂ ਜੋਗੀ ਨਹੀਂ ਭੇਖ ਧਾਰੀ ਹੋ ।

**ਆਸਨੁ ਪਵਨ ਦੂਰਿ ਕਰਿ ਬਵਰੇ ॥**
**ਛੋਡਿ ਕਪਟੁ ਨਿਤ ਹਰਿ ਭਜੁ ਬਵਰੇ ॥ ੧ ॥ ਰਹਾਉ ॥**

ਹੇ ਬੌਰੇ ! ਆਸਣ ਲਾਉਣਾਂ, ਸ੍ਵਾਸ ਰੋਕਣੇ, ਦੂਰ ਕਰ, ਹੇ ਬੌਰੇ ! ਛੱਡ ਕਪਟ, ਰੋਜ ਹੀ ਵਾਹਿਗੁਰੂ ਨੂੰ ਯਾਦ ਕਰ ॥

**ਜਿਹ ਤੂ ਜਾਚਹਿ ਸੋ ਤ੍ਰਿਭਵਣ ਭੋਗੀ ॥**
**ਕਹਿ ਕਬੀਰ ਕੇਸੌ ਜਗਿ ਜੋਗੀ ॥ ੨ ॥ ੮ ॥**

ਭੋਗੀ = ਜੂਠੀ ।

ਜਿਸ ਮਾਯਾ ਨੂੰ ਤੂੰ ਮੰਗਦਾ ਫਿਰਦਾ ਹੈਂ ਓਹ ਤਿੰਨਾਂ ਭਵਣਾਂ ਦੀ ਭੋਗੀ ਹੋਈ ਹੈ, ਕਬੀਰ ਜੀ ਕਹਿੰਦੇ ਹਨ ਹੇ ਜੋਗੀ ! ਤੂੰ (ਕੇਸ਼ਵ) ਵਾਹਿਗੁਰੂ (ਜੇਹੜਾ ਸਾਰੇ ਸੰਸਾਰ ਵਿੱਚ ਮਿਲਿਆ ਹੋਯਾ ਹੈ) ਨੂੰ ਯਾਦ ਕਰ ।

(ਸਨਮੁਖ ਬੇਨਤੀ)

**ਬਿਲਾਵਲੁ ॥ ਇਨਿ ਮਾਇਆ ਜਗਦੀਸ ਗੁਸਾਈ ਤੁਮਰੇ ਚਰਨ ਬਿਸਾਰੇ ॥ ਕਿੰਚਤ ਪ੍ਰੀਤਿ ਨ ਉਪਜੈ ਜਨ ਕਉ ਜਨ ਕਹਾ ਕਰਹਿ ਬੇਚਾਰੇ ॥ ੧ ॥ ਰਹਾਉ ॥**

ਕਿੰਚਤਿ = ਥੋੜੀ।

ਹੇ ਜਗਦੀਸ ਗੁਸਾਈਂ ਵਾਹਿਗੁਰੂ ! ਇਸ ਮਾਯਾ ਨੇ ਤੁਹਾਡੇ ਚਰਨ ਭੁਲਾ ਦਿਤੇ ਹਨ। ਥੋੜੀ ਜਹੀ ਵੀ ਪ੍ਰੀਤ ਦਾਸਾਂ ਨੂੰ ਨਹੀ ਉਪਜਦੀ ਦਾਸ ਵਿਚਾਰੇ ਕਿਆ ਕਰਨ।

**ਧ੍ਰਿਗੁ ਤਨੁ ਧ੍ਰਿਗੁ ਧਨੁ ਧ੍ਰਿਗੁ ਇਹ ਮਾਇਆ ਧ੍ਰਿਗੁ ਧ੍ਰਿਗੁ ਮਤਿ ਬੁਧਿ ਫੰਨੀ ॥ ਇਸ ਮਾਇਆ ਕਉ ਦ੍ਰਿੜੁ ਕਰਿ ਰਾਖਉ ਬਾਂਧੇ ਆਪ ਬਚੰਨੀ ॥ ੧ ॥**

ਫੰਨੀ = ਚਤਰਾਈਆਂ, ਫੰਦਾਂ ਫਰੇਬਾਂ ਵਾਲੀ।

ਧ੍ਰਿਗ ਇਹ ਸਰੀਰ, ਧ੍ਰਿਗ ਧਨ, ਧ੍ਰਿਗ ਇਹ ਮਾਇਆ ਅਤੇ ਧ੍ਰਿਗੁ ਧ੍ਰਿਗੁ ਹੈ ਮਤੀ = ਬੁਧੀ ਚਤਰਾਈਆਂ (ਛਲ ਵਲ) ਕਰਨ ਵਾਲੀ ਨੂੰ, ਭਾਵ ਜੇਹੜੀ ਅਕਲ ਬਹੁਤ ਤਰਾਂ ਦੀਆਂ ਚਤਰਾਈਆਂ ਕਰਦੀ ਹੈ ਹੇ ਵਾਹਿਗੁਰੂ ਇਸ ਮਾਇਆ ਨੂੰ ਆਪਣੇ ਪਾਸ ਤਕੜੀ ਕਰਕੇ ਕਾਬੂ ਕਰ ਛਡੋ ਕਿਉਂਕਿ ਏਹ ਆਪਦੇ ਹੁਕਮ ਕਰਕੇ ਜੀਵਾਂ ਨੂੰ ਬੰਨ੍ਹਦੀ ਹੈ ਵਾ ਜੀਵ ਇਸ ਨੂੰ ਪੱਕੀ ਕਰਕੇ ਰਖਦੇ ਹਨ ਤੇ ਆਪਣੇ ਬਚਨਾਂ ਕਰਕੇ ਆਪ ਹੀ ਬੰਨ੍ਹੇ ਜਾਂਦੇ ਹਨ।

**ਕਿਆ ਖੇਤੀ ਕਿਆ ਲੇਵਾ ਦੇਈ ਪਰਪੰਚ ਝੂਠੁ ਗੁਮਾਨਾ ॥ ਕਹਿ ਕਬੀਰ ਤੇ ਅੰਤਿ ਬਿਗੂਤੇ ਆਇਆ ਕਾਲੁ ਨਿਦਾਨਾ ॥ ੨ ॥੯॥**

ਬਿਗੂਤੇ = ਖਰਾਬ ਹੋਏ।

ਕੀ ਖੇਤੀ ਅਤੇ ਕੀ ਲੈਣਾਂ ਦੇਣਾ, ਹੰਕਾਰ ਕਰਕੇ ਸਾਰਾ ਸੰਸਾਰ ਹੀ ਝੂਠਾ ਹੈ ਕਬੀਰ ਜੀ ਕਹਿੰਦੇ ਹਨ ਜਦੋਂ ਉਨ੍ਹਾਂ ਮੂਰਖਾਂ ਦੇ ਸਿਰ ਤੇ ਕਾਲ ਆਯਾ ਹੈ ਓਦੋਂ ਉਹ ਅੰਤ ਨੂੰ ਬੜੇ ਖਰਾਬ ਹੋਏ ਹਨ।

**ਬਿਲਾਵਲੁ ॥ ਸਰੀਰ ਸਰੋਵਰ ਭੀਤਰੇ ਆਛੈ ਕਮਲ ਅਨੂਪ ॥ ਪਰਮ ਜੋਤਿ ਪੁਰਖੋਤਮੋ ਜਾਕੈ ਰੇਖ ਨ ਰੂਪ ॥ ੧ ॥**

ਭੀਤਰੇ = ਵਿੱਚ

ਸਰੀਰ ਰੂਪ ਤਾਲ ਵਿਚ ਇੱਕ ਹੱਛਾ ਅਨੂਪਮ ਰਿਦਾ ਕਮਲ ਹੈ ਤਿਸ ਵਿੱਚ ਪਰਮ ਜੋਤੀ ਸਰੂਪ ਪੁਰਖਾਂ ਵਿਚੋਂ ਉਤਮ ਵਾਹਿਗੁਰੂ ਹੈ ਉਸਦਾ ਕੋਈ ਨਿਸ਼ਾਨ ਕਾਲਾ ਪੀਲਾ ਰੂਪ ਨਹੀਂ ।

**ਰੇ ਮਨ ਹਰਿਭਜੁ ਭ੍ਰਮੁ ਤਜਹੁ ਜਗਜੀਵਨ ਰਾਮ ॥ ੧ ॥ ਰਹਾਉ॥**

ਹੇ ਮਨ ਵਾਹਿਗੁਰੂ ਨੂੰ ਯਾਦ ਕਰ ਅਤੇ ਭਰਮ ਨੂੰ ਛਡ ਤਾਂ ਤੈਨੂੰ ਜਗ ਜੀਵਨ ਵਾਹਿਗੁਰੂ ਦੀ ਪ੍ਰਾਪਤੀ ਹੋਵੇਗੀ ॥

**ਆਵਤ ਕਛੂ ਨ ਦੀਸਈ ਨਹ ਦੀਸੈ ਜਾਤ ॥**
**ਜਹ ਉਪਜੈ ਬਿਨਸੈ ਤਹੀ ਜੈਸੇ *ਪੁਰਿਵਨ ਪਾਤ ॥ ੨ ॥**

ਬਿਨਸੈ = ਨਾਸ । ਪੁਰਿਵਨ ਪਾਤ = ਚੁਪੱਤੀ ਦੇ ਪੱਤੇ ।

ਨਾ ਕੁਝ ਔਂਦਾ ਦਿਸਦਾ ਹੈ ਨਾ ਕੁਝ ਜਾਂਦਾ ਦਿਸਦਾ ਹੈ ਜਿਸ ਵਾਹਿਗੁਰੂ ਤੋਂ (ਵਾ ਪੰਜਾਂ ਤਤਾਂ ਤੋਂ) ਜੀਵ ਉਪਜਦਾ ਹੈ ਨਾਸ ਹੋਕੇ ਉਸ ਵਿਚ ਇੱਕੁਰ ਲੀਨ ਹੋ ਜਾਂਦਾ ਹੈ ਜਿਕੁਰ ਚੁਪੱਤੀ ਦੇ ਪਤੇ ਪਾਣੀ ਵਿਚੋਂ ਪ੍ਰਗਟ ਹੋਕੇ ਵਿਚੇ ਹੀ ਲੀਨ ਹੋ ਜਾਂਦੇ ਹਨ ।

**ਮਿਥਿਆ ਕਰਿ ਮਾਇਆ ਤਜੀ ਸੁਖ ਸਹਜ ਬੀਚਾਰਿ ॥**
**ਕਹਿ ਕਬੀਰ ਸੇਵਾ ਕਰਹੁ ਮਨ ਮੰਝਿ ਮੁਰਾਰਿ ॥ ੩ ॥੧੦॥**

ਮੰਝਿ = ਵਿਚ । ਮੁਰਾਰਿ = ਮੁਰੁ, ਹੰਕਾਰ ਦੇ ਵੈਰੀ ॥

ਜਿਸਨੇ ਮਾਇਆ ਝੂਠੀ ਜਾਣਕੇ ਛੱਡੀ ਹੈ ਤਿਸ ਨੂੰ ਸਹਜੇ ਹੀ ਗਿਆਨ (ਵਿਚਾਰ) ਦਾ ਸੁਖ ਹੋਇਆ ਹੇ ਕਬੀਰ ਜੀ ਕਹਿੰਦੇ ਹਨ ਹੇ ਭਾਈ ਮਨ ਵਿਚ (_ਰਾਰ) ਵਾਹਿਗੁਰੁ ਦੀ ਸੇਵਾ ਕਰੋ ।

**ਬਿਲਾਵਲੁ ॥ ਜਨਮ ਮਰਨ ਕਾ ਭ੍ਰਮੁ ਗਇਆ**
**ਗੋਬਿਦ ਲਿਵ ਲਾਗੀ**
**ਜੀਵਤ ਸੁੰਨ ਸਮਾਨਿਆ ਗੁਰ ਸਾਖੀ ਜਾਗੀ ॥ ੧ ॥ ਰਹਾਉ ॥**

ਲਿਵ = ਬਿਰਤੀ । ਸੁੰਨ = ਅਫੁਰ ਵਾਹਿਗੁਰੂ
ਸਾਖੀ = ਉਗ੍ਰਾਹੀ, ਸਿਖਿਆ ॥ ਜਾਗੀ = ਪ੍ਰਕਾਸੀ ॥

ਜਨਮ ਮਰਨ ਦਾ ਭਰਮ ਦੂਰ ਹੋ ਗਿਆ ਹੈ ਕਿਉਂਕਿ ਵਾਹਿਗੁਰੂ ਵਿਚ ਸਾਡੀ ਬਿਰਤੀ ਲੱਗੀ ਹੈ, ਜੀਉਂਦੇ ਹੀ ਅਸੀ ਤਿਸ ਅਫੁਰ ਵਾਹਿਗੁਰੂ

*ਪੁਰਵਾ = ਪੂਰਬ ਵੱਲ "ਪੁਰਵਾ" ਪਤਲੇ ਕੁਜੇ ਨੂੰ ਆਖਦੇ ਹਨ ਜਿੱਕੁਰ ਮਿਟੀ ਦੇ ਪਤਲੇ ਕੁਜੇ ਮਿਟੀ ਤੋਂ ਪ੍ਰਗਟ ਹੋਕੇ ਉਸ ਵਿਚ ਹੀ ਲੀਨ ਹੋ ਜਾਂਦੇ ਹਨ ਇੱਕੁਰ ਹੀ ਜੀਵ ਵਾਹਿਗੁਰੂ ਵਿਚ ਉਪਜਦੇ ਬਿਨਸਦੇ ਹਨ ।

ਵਿਚ ਸਮਾ ਗਏ ਹਾਂ ਕਿਉਂਕਿ ਗੁਰਾਂ ਦੀ ਸਿਖਿਆ ਸਾਨੂੰ ਪ੍ਰਕਾਸ਼ੀ ਹੈ।

**ਕਾਸੀ ਤੇ ਧੁਨਿ ਊਪਜੈ ਧੁਨਿ ਕਾਸੀ ਜਾਈ ॥**
**ਕਾਸੀ ਫੂਟੀ ਪੰਡਿਤਾ ਧੁਨਿ ਕਹਾਂ ਸਮਾਈ ॥ ੧ ॥**

ਕਾਸੀ = ਕੈਂਹਾਂ, ਘੜਿਆਲ॥

ਘੜਿਆਲ ਤੋਂ ਹੀ ਅਵਾਜ ਪ੍ਰਗਟ ਹੁੰਦੀ ਹੈ ਅਤੇ ਘੜਿਆਲ ਵਿਚ ਹੀ ਸਮਾ ਜਾਂਦੀ ਹੈ ਭਾਵ ਜਦ ਕੈਂਹੇ ਆਦਿਕ ਦਾ ਬਰਤਨ ਟੁਟ ਜਾਂਦਾ ਹੈ ਤਾਂ ਅਵਾਜ ਵੀ ਉਸਦੀ ਨਾਲ ਹੀ ਲੀਨ ਹੋ ਜਾਂਦੀ ਹੈ, ਹੇ ਪੰਡਤ ਜਦ ਕਾਂਸੀ ਟੁਟ ਜਾਂਦੀ ਹੈ ਤਾਂ ਉਸਦੀ ਅਵਾਜ਼ ਕਿਥੇ ਸਮਾ ਜਾਂਦੀ ਹੈ ਭਾਵ ਵਿਚ ਹੀ ਕਾਂਸੀ ਦੇ, ਇਕੁਰ ਹੀ ਅਸੀਂ ਉਪਾਧੀ ਦੁਆਰਾ ਵੱਖਰੇ ਸੀ ਹੁਣ ਉਸ ਵਿਚ ਹੀ ਸਮਾ ਗਏ ਹਾਂ।

**ਤ੍ਰਿਕੁਟੀ ਸੰਧਿ ਮੈ ਪੇਖਿਆ ਘਟ ਹੂ ਘਟ ਜਾਗੀ ॥**
**ਐਸੀ ਬੁਧਿ ਸਮਾਚਰੀ ਘਟ ਮਾਹਿ ਤਿਆਗੀ ॥ ੨ ॥**

ਤ੍ਰਿਕੁਟੀ = ਇੜਾ, ਪਿੰਗਲਾ, ਸੁਖਮਨਾ ॥ ਸੰਧਿ = ਮਲੌਣੀ ॥ ਪੇਖਿਆ = ਵੇਖਿਆ ॥ ਜਾਗੀ = ਪ੍ਰਕਾਸ਼ੀ। ਸਮਾਚਰੀ = ਚੰਗੀ ਤਰਾਂ ਵਿਚਾਰੀ ਹੈ ॥

ਜਿਸਦੀ ਜੋਤਿ ਘਟਾਂ ਘਟਾਂ ਵਿਚ ਪ੍ਰਕਾਸ਼ੀ ਹੋਈ ਹੈ ਤਿਸਨੂੰ ਦਸਵੇਂ ਦੁਆਰ ਦੀ ਤ੍ਰਿਕੁਟੀ ਵਿਚ ਮਿਲਿਆ ਹੋਇਆ ਵੇਖਿਆ ਹੈ। ਇਕੁਰ ਦੀ ਅਕਲ ਪ੍ਰਗਟ ਹੋਈ ਹੈ, ਤਿਸ ਕਰਕੇ ਰਿਦੇ ਵਿਚੋਂ ਦ੍ਵੈਤਾ ਤਿਆਗੀ।

**ਆਪ ਆਪ ਤੇ ਜਾਨਿਆ ਤੇਜ ਤੇਜੁ ਸਮਾਨਾ ॥**
**ਕਹੁ ਕਬੀਰ ਅਬ ਜਾਨਿਆ ਗੋਬਿਦ ਮਨੁ ਮਾਨਾ ॥ ੩ ॥ ੧੧ ॥**

ਜਿਕੁਰ ਪਾਣੀ ਨਾਲ ਪਾਣੀ ਤੇ ਅੱਗ ਨਾਲ ਅੱਗ ਮਿਲ ਜਾਂਦੀ ਹੈ ਉੱਕਰ ਹੀ ਉਸ ਵਾਹਿਗੁਰੂ ਵਰਗਾ ਜਦੋਂ ਅਸਾਂ ਆਪਣਾ ਆਪ ਸਰੂਪ ਜਾਣਿਆ ਤਦੋਂ ਜੋਤੀ ਵਿਚ ਜੋਤ ਸਾਡੀ ਮਿਲ ਗਈ, ਭਾਵ 'ਰਾਮ ਕਬੀਰਾ ਏਕ ਭਏ ਹੈ' ਕਬੀਰ ਜੀ ਕਹਿੰਦੇ ਹਨ ਹੁਣ ਮੈਂ ਜਾਣਿਆ ਹੈ ਕਿਉਂਕਿ ਵਾਹਿਗੁਰੂ ਵਿਚ ਮੇਰਾ ਮਨ ਮੰਨਿਆਂ ਹੈ।

**ਬਿਲਾਵਲੁ॥ਚਰਨ ਕਮਲ ਜਾ ਕੈ ਰਿਦੈ ਬਸਹਿ ਸੋ ਜਨੁ ਕਿਉ ਡੋਲੈ ਦੇਵ ॥ ਮਾਨੌ ਸਭ ਸੁਖ ਨਉ ਨਿਧਿ ਤਾ ਕੈ ਸਹਜਿ ਸਹਜਿ ਜਸੁ ਬੋਲੈ ਦੇਵ ॥ ਰਹਾਉ ॥**

ਜਿਸ ਜਨ ਦੇ ਰਿਦੇ ਵਿਚ ਵਾਹਿਗੁਰੂ ਦੇ ਚਰਨ ਕਮਲ ਵਸੇ ਹਨ ਓਹ ਕਦ ਡੋਲ ਸਕਦਾ ਹੈ ਭਾਵ ਓਹ ਪਦਾਰਥਾਂ ਵਲ ਕਿਸਤਰਾਂ ਭਰਮ ਸਕਦਾ

ਹੈ ਮੰਨ ਲਵੋ ਤੁਸੀ ਸਾਰੇ ਸੁਖ ਨੌ ਨਿਧੀਆਂ ਤਿਸ ਦੇ ਬੂਹੇ ਤੇ ਸਹਜੇ ੨ ਤਿਸ ਦਾ ਜੱਸ ਉਚਾਰਦੀਆਂ ਹਨ ਭਾਵ ਸਭ ਰਿਧੀਆਂ ਸਿਧੀਆਂ ਤਿਸਨੂੰ ਪ੍ਰਾਪਤ ਹੋ ਗਈਆਂ ਹਨ। ਵਾ ਨਿਧੀਆਂ ਤੋਂ ਲੈਕੇ ਸਾਰੇ ਸੁਖ ਬਹੁਤਾ ਚਿਰ ਤਕ ਉਸਦੇ ਘਰ ਹੀ ਬੋਲੋ ਜਾਂਦੇ ਹਨ।

**ਤਬ ਇਹ ਮਤਿ ਜਉ ਸਭ ਮਹਿ ਪੇਖੈ ਕੁਟਲ ਗਾਂਠਿ ਜਬ ਖੋਲੈ*ਦੇਵ ॥ ਬਾਰੰ ਬਾਰ ਮਾਇਆ ਤੇ ਅਟਕੈ ਲੈ ਨਰਜਾ ਮਨੁ ਤੋਲੈ ਦੇਵ ॥ ੧ ॥**

ਪੇਖੈ = ਵੇਖੇ।

ਟੇਢੀ ਗੰਢ ਨੂੰ ਖੋਲੇ ਜਦ ਤਦ ਹੀ ਏਹੁ ਚੰਗੀ ਹੱਛੀ ਅਕਲ ਹੈ ਜੋ ਸਾਰਿਆਂ ਵਿੱਚ ਇਕ ਵਾਹਿਗੁਰੂ ਨੂੰ ਵੇਖੇ, ਬਾਰ ਬਾਰ ਇਸ ਮਾਇਆ ਵਲੋਂ ਮਨ ਨੂੰ (ਅਟਕੈ) ਰੋਕੇ ਅਤੇ ਵਿਚਾਰ ਰੂਪ (ਲੈ ਨਰਜਾ) ਤੱਕੜ ਲੈਕੇ ਆਪਣੇ ਮਨ ਵਿੱਚ (ਤੋਲੈ) ਵਿਚਾਰੇ ॥

**ਜਹ ਉਹੁ ਜਾਇ ਤਹੀ ਸੁਖੁ ਪਾਵੈ ਮਾਇਆ ਤਾਸੁ ਨ ਝੋਲੈ ਦੇਵ ॥ ਕਹਿ ਕਬੀਰ ਮੇਰਾ ਮਨੁ ਮਾਨਿਆ ਰਾਮ ਪ੍ਰੀਤਿ ‡ ਕੀ ਓਲੈ ਦੇਵ ॥ ੨ ॥ ੧੨ ॥**

ਤਾਸ = ਤਿਸ। ਝੋਲੈ = ਪੜਦੇ ਅੰਦਰ।

ਜਿਥੇ ਓਹ ਜਾਂਦਾ ਹੈ ਓਥੇ ਹੀ ਸੁਖ ਪੌਂਦਾ ਹੈ, ਮਾਇਆ ਤਿਸਨੂੰ ਦੁਖ ਨਹੀਂ ਦੇਂਦੀ ਕਬੀਰ ਜੀ ਕਹਿੰਦੇ ਹਨ ਮੇਰਾ ਮਨ ਵਾਹਿਗੁਰੂ ਦੀ ਪ੍ਰੀਤ ਦੇ (ਅੰਦਰ) ਆਸਰੇ ਮੰਨਿਆ ਹੈ।

## ਬਿਲਾਵਲੁ ਬਾਣੀ ਭਗਤ ਨਾਮਦੇਵ ਜੀ ਕੀ

**ੴ ਸਤਿਗੁਰਪ੍ਰਸਾਦਿ ॥ ਸਫਲ ਜਨਮੁ ਮੋਕਉ ਗੁਰ ਕੀਨਾ ॥ ਦੁਖ ਬਿਸਾਰਿ ਸੁਖ ਅੰਤਰਿ ਲੀਨਾ ॥ ੧ ॥**

ਮੇਰਾ ਜਨਮ ਗੁਰਾਂ ਨੇ ਸਫਲ ਕਰ ਦਿੱਤਾ ਹੈ ਕਿਉਂਕਿ ਦੁਖਾਂ ਨੂੰ ਦੂਰ ਕਰਕੇ ਸੁਖ ਸਰੂਪ ਵਾਹਿਗੁਰੂ ਦੇ ਅੰਦਰ ਲੀਨ ਹੋਇਆ ਹਾਂ, ਵਾ ਅੰਦਰ ਹੀ ਸੁਖ ਲਿਆ ਹੈ ॥

**ਗਿਆਨ ਅੰਜਨੁ ਮੋਕਉ ਗੁਰਿ ਦੀਨਾ ॥**

---

*ਦੇਵ = ਪ੍ਰਕਾਸ਼ਕ ਵਾਹਿਗੁਰੂ ਵਾ ਕਿਸੇ ਪੰਡਤ ਦਾ ਸੰਬੋਧਨ ਪਦ ਹੈ।

‡ਵਾ ਕੀਓ ਲੈ = ਕਰਕੇ ਵੀ ਕਰਦੇ ਹਨ ॥

**ਰਾਮ ਨਾਮ ਬਿਨੁ ਜੀਵਨੁ ਮਨ ਹੀਨਾ ॥ ੧ ॥ ਰਹਾਉ ॥**

ਗਿਆਨ ਰੂਪ ਸੁਰਮਾਂ ਮੈਨੂੰ ਗੁਰਾਂ ਨੇ ਦਿੱਤਾ ਉਸ ਦਿਨ ਤੋਂ ਹੁ ਮੈਂ ਠੀਕ ਮਨ ਵਿੱਚ ਜਾਣ ਲਿਆ ਹੈ ਕਿ ਜੋ ਵਾਹਿਗੁਰੂ ਦੇ ਨਾਮ ਤੋਂ ਬਿਨਾਂ ਮੇਰਾ ਪਿਛੇ ਜਿਨਾਂ ਕੁ ਜੀਵਣ ਬੀਤਿਆ ਹੈ ਸੋ ਸਭ ਹੀ ਬਿਅਰਥ ਹੈ।

**ਨਾਮਦੇਇ ਸਿਮਰਨੁ ਕਰਿ ਜਾਨਾਂ ॥**
**ਜਗ ਜੀਵਨ ਸਿਉ ਜੀਉ ਸਮਾਨਾਂ ॥ ੨ ॥ ੧ ॥**

ਨਾਮਦੇਉ ਨੇ ਸਿਮਰਨ ਕਰਕੇ ਜਾਣਿਆ ਹੈ ਜਗ ਜੀਵਨ ਵਾਹਿਗੁਰੂ ਨਾਲ ਮੇਰਾ ਜੀਉ ਸਮਾ ਗਿਆ ਹੈ ॥

**ਬਿਲਾਵਲੁ ਬਾਣੀ ਰਵਿਦਾਸ ਭਗਤ ਕੀ**

**੧ ਓ ਸਤਿਗੁਰਪ੍ਰਸਾਦਿ ॥**

**ਦਾਰਿਦੁ ਦੇਖਿ ਸਭ ਕੋ ਹਸੈ ਐਸੀ ਦਸਾ ਹਮਾਰੀ ॥**
**ਅਸਟਦਸਾ ਸਿਧਿ ਕਰ ਤਲੈ ਸਭ ਕ੍ਰਿਪਾ ਤੁਮਾਰੀ ॥੧॥**

ਕਰ = ਹੱਥ । ਤਲੈ = ਤਲੀ

ਹੇ ਵਾਹਿਗੁਰੂ ਪਹਿਲੇ ਸਾਡੀ ਇੱਕੁਰ ਦੀ ਦਸ਼ਾ ਸੀ ਕਿ ਸਾਡੇ ਘਰ ਦਰਿਦ੍ਰ ਦੇਖਕੇ ਹਰ ਕੋਈ ਸਾਨੂੰ ਹੱਸਦਾ ਸੀ, ਪਰ ਹੁਣ ਅਠਾਰਾਂ ਸਿਧੀਆਂ ਹੱਥ ਦੀ ਹਥੇਲੀ ਉਤੇ ਹਨ ਏਹ ਸਭ ਕਿਰਪਾ ਤੁਹਾਡੀ ਹੈ ॥

**ਤੂ ਜਾਨਤ ਮੈ ਕਿਛੁ ਨਹੀ ਭਵਖੰਡਨ ਰਾਮ ॥**
**ਸਗਲ ਜੀਅ ਸਰਨਾਗਤੀ ਪ੍ਰਭ ਪੂਰਨ ਕਾਮ ॥ ੧ ॥ ਰਹਾਉ ॥**

ਭਵ = ਸੰਸਾਰ ।

ਹੇ ਸੰਸਾਰ ਦੇ ਡਰ ਦੂਰ ਕਰਨ ਵਾਲੇ ਵਾਹਿਗੁਰੂ ਤੂੰ ਸਭ ਕੁਝ ਜਾਣਦਾ ਹੈਂ ਤੇਰੇ ਅਗੇ ਮੈਂ ਨਹੀਂ ਜਾਣਦਾ ਸਾਰੇ ਜੀਵ ਤੇਰੀ ਸ਼ਰਨ ਆਏ ਹਨ ਹੇ ਪ੍ਰਭੂ ਤੂੰ ਸਭ ਦੀਆਂ ਕਾਮਣਾਂ ਪੂਰਨ ਕਰਨ ਵਾਲਾ ਹੈਂ ।

**ਜੋ ਤੇਰੀ ਸਰਨਾਗਤਾ ਤਿਨ ਨਾਹੀ ਭਾਰੁ ॥**
**ਊਚ ਨੀਚ ਤੁਮਤੇ ਤਰੇ ਆਲਜੁ ਸੰਸਾਰੁ ॥ ੨ ॥**

ਆਲਜੁ = ਸਭਨਾਂ ਪਾਸਿਆਂ ਵਲੋਂ ਬੰਨਣ ਵਾਲੀ ਪੱਕੀ ਰੱਸੀ ਵਾ ਲਏ ਹੋਏ ਵ ਨਿਰਲੱਜ ॥

ਹੇ ਵਾਹਿਗੁਰੂ ਜੇਹੜੇ ਤੇਰੀ ਸ਼ਰਨ ਆਏ ਹਨ ਉਨ੍ਹਾਂ ਦੇ ਸਿਰ ਤੇ ਜਨੀਆਂ ਦਾ ਭਾਰ ਨਹੀਂ ਰਿਹਾ, ਏਹ ਜੇਹੜਾ ਸੰਸਾਰ ਪੱਕੀ ਰੱਸੀ ਵਾਂਙੂ

ਜੰਜਾਲ ਹੈ ਇਸ ਵਿੱਚ ਉਚ ਨੀਚ ਸਭ ਤੇਰੇ ਹੀ ਆਸਰੇ ਹਨ।

**ਕਹਿ ਰਵਿਦਾਸ ਅਕਥ ਕਥਾ ਬਹੁ ਕਾਇ ਕਰੀਜੈ ॥**
**ਜੈਸਾ ਤੂ ਤੈਸਾ ਤੁਹੀ ਕਿਆ ਉਪਮਾ ਦੀਜੈ ॥ ੩ ॥ ੧ ॥**

ਰਵਿਦਾਸ ਜੀ ਕਹਿੰਦੇ ਹਨ ਹੇ ਅਕਥ ਵਾਹਿਗੁਰੂ ਤੇਰੀ ਬਹੁਤ ਕਥਾ ਕਿਆ ਕਰੀਏ, ਜਿੱਕੁਰ ਦਾ ਤੂੰ ਹੈਂ ਤਿੱਕੁਰ ਦਾ ਤੂੰਹੇਂ ਹੀ ਹੈਂ ਤੈਨੂੰ (ਕਿਸਦੀ) ਕੇਹੜੀ ਉਪਮਾਂ ਦੇਈਏ ॥

**ਬਿਲਾਵਲੁ ॥ ਜਿਹ ਕੁਲ ਸਾਧੁ ਬੈਸਨੌ ਹੋਇ ॥**
**ਬਰਨ ਅਬਰਨ ਰੰਕੁ ਨਹੀ ਈਸਰੁ**
**ਬਿਮਲ ਬਾਸੁ ਜਾਨੀਐ ਜਗਿ ਸੋਇ ॥ ੧ ॥ ਰਹਾਉ ॥**

ਬਰਨ = ਖੱਤ੍ਰੀ, ਬ੍ਰਾਹਮਣ, ਸੂਦ, ਵੈਸ਼ ॥ ਅਬਰਨ = ਨੀਚ ਚੂਹੜੇ ਚਮਾਰ ਆਦਿਕ ॥ ਰੰਕ = ਕੰਗਾਲ ॥ ਬਿਮਲ = ਨਿਰਮਲ ॥

ਜਿਸ ਕਿਸੇ ਕੁਲ ਵਿੱਚ ਸ੍ਰੇਸ਼ਟ ਵਾਹਿਗੁਰੂ ਦਾ ਭਗਤ ਹੋਵੇ ਚਾਹੇ (ਸੋਇ) ਓਹੁ ਹੱਛੇ ਬਰਨਾਂ ਵਿਚੋਂ ਹੋਵੇ ਚਾਹੇ ਨੀਚਾਂ ਵਿਚੋਂ ਹੋਵੇ ਉਹ ਕੰਗਾਲ ਨਹੀਂ ਹੈ ਭਾਵ ਈਸ਼ਰ ਹੈ, ਇੱਕੁਰ ਦਾ ਨਿਰਮਲ (ਕੀਰਤੀ) ਵਾਸ਼ਨਾ (ਭਗਤੀ) ਵਾਲਾ ਜਗਤ ਵਿਚ ਜਾਣੀਦਾ ਹੈ।

**ਬ੍ਰਾਮਨ ਬੈਸ ਸੂਦ ਅਰੁ ਖ੍ਯ੍ਤ੍ਰੀ ਡੋਮ ਚੰਡਾਰ ਮਲੇਛ ਮਨ ਸੋਇ ॥ ਹੋਇ ਪੁਨੀਤ ਭਗਵੰਤ ਭਜਨ ਤੇ ਆਪੁ ਤਾਰਿ ਤਾਰੇ ਕੁਲ ਦੋਇ ॥ ੧ ॥**

ਪੁਨੀਤ = ਪਵਿੱਤ੍ਰ ॥

(ਭਾਵੇਂ) ਬ੍ਰਾਹਮਨ, ਵੈਸ਼, ਸੂਦ੍ਰ, ਅਤੇ ਖਤ੍ਰੀ, ਡੂਮ, ਚੰਡਾਲ ਮਲੇਛ, ਮੰਨ ਲਵੋ (ਸੋਇ) ਓਹੁ ਭਗਤ ਆਦਮੀ ਹੋਵੇ ਪਰ ਓਹ ਵਾਹਿਗੁਰੂ ਦੇ ਭਜਨ ਕਰਕੇ ਪਵਿਤ੍ਰ ਹੁੰਦਾ ਹੈ ਅਤੇ ਆਪ ਵੀ ਆਪਨੇ ਆਪ ਨੂੰ ਤਾਰ ਲੈਂਦਾ ਹੈ ਅਤੇ ਦੋ ਕੁਲਾਂ (ਨਾਨਕੇ ਦਾਦਕੇ) ਵੀ ਤਾਰ ਦੇਂਦਾ ਹੈ ॥

**ਧੰਨਿ ਸੁ ਗਾਉ ਧੰਨਿ ਸੋ ਠਾਉ ਧੰਨਿ ਪੁਨੀਤ ਕੁਟੰਬ ਸਭ ਲੋਇ ॥ ਜਿਨਿ ਪੀਆ ਸਾਰ ਰਸੁ ਤਜੇ ਆਨ ਰਸ ਹੋਇ ਰਸ ਮਗਨ ਡਾਰੇ ਬਿਖੁ ਖੋਇ ॥ ੨ ॥**

ਪੁਨੀਤ = ਪਵਿੱਤ੍ਰ ॥ ਸਾਰ = ਸ੍ਰੇਸ਼ਟ ॥ ਆਨ = ਹੋਰ ॥ ਮਗਰ = ਮਸਤ ॥ ਬਿਖ = ਵਿਹੁ, ਵਿਸ਼ੇ। ਖੋਇ = ਦੂਰ ॥

ਜਿਥ ੨ ਭਗਤ ਪ੍ਰਗਟ ਹੋਏ ਹਨ ਓਹ ਪਿੰਡ ਵੀ ਧੰਨ ਹਨ, ਓਹ ਜਗਾ ਵੀ ਧੰਨ ਹਨ, ਉਸ ਪਵਿਤ੍ਰ ਕੁਲ ਦੇ ਸਭ ਲੋਕੀ ਵੀ ਧੰਨ ਹਨ ਜਿਸਨੇ ਵਾਹਿਗੁਰੂ ਦਾ ਮਿਸ਼ਟ ਨਿਰਮਲ ਅੰਮ੍ਰਿਤ ਰਸ ਪੀਤਾ ਹੈ ਉਸਨੇ ਹੋਰ ਰਸ ਛੱਡ ਦਿਤੇ ਹਨ ਅਤੇ ਉਸ ਵਾਹਿਗੁਰੂ ਦੇ ਰਸ ਵਿਚ ਮਸਤ ਹੋਕੇ ਵਿਸ਼ਿਆਂ ਦੇ ਰਸ ਦੂਰ ਕਰ ਦਿਤੇ ਹਨ।

**ਪੰਡਿਤ ਸੂਰ ਛਤ੍ਰਪਤਿ ਰਾਜਾ ਭਗਤ ਬਰਾਬਰਿ ਅਉਰੁ ਨ ਕੋਇ ॥ ਜੈਸੇ ਪੁਰੈਨ ਪਾਤ ਰਹੈ ਜਲ ਸਮੀਪ ਭਨਿ ਰਵਿਦਾਸ ਜਨਮੇ ਜਗਿ ਓਇ ॥ ੩ ॥ ੨ ॥**

ਪੁਰੈਨ = ਚੁਪੱਤੀ। ਪਾਤ = ਪੱਤੇ। ਸਮੀਪ = ਪਾਸ। ਭਨਿ = ਕਹਿੰਦਾ।

ਪੰਡਤ, ਸੂਰਮਾ, ਚੱਕਰ ਵਰਤੀ ਰਾਜਾ, ਵਾਹਿਗੁਰੂ ਦੇ ਭਗਤ ਬਰਾਬਰ ਹੋਰ ਕੋਈ ਨਹੀਂ, ਓਹ ਭਗਤ ਘਰ ਵਿੱਚ ਰੈਹਕੇ ਇੱਕੁਰ ਅਸੰਗ ਰਹੇ ਹਨ ਜਿੱਕੁਰ ਚੁਪੱਤੀ ਦੇ ਪੱਤੇ ਪਾਣੀ ਦੇ ਪਾਸ ਹੀ ਰਹਿੰਦੇ ਹਨ ਪਰ ਓਨ੍ਹਾਂ ਨੂੰ ਪਾਣੀ ਕੁਝ ਨਹੀਂ ਕਰ ਸਕਦਾ, ਇੱਕੁਰ ਹੀ ਭਗਤਾਂ ਨੂੰ ਪਦਾਰਥ ਕੁਝ ਨਹੀਂ ਕਰ ਸਕਦੇ ਰਵਿਦਾਸ ਜੀ ਕਹਿੰਦੇ ਹਨ ਜਗ ਤੇ ਜੰਮਣਾਂ ਸਫਲ ਓਨ੍ਹਾਂ ਦਾ ਹੀ ਹੈ।

{ ਕਾਜੀਆਂ ਦੀ ਸ਼ਰਾਰਤ ਕਰਕੇ ਪਾਤਸ਼ਾਹ ਨੇ ਸਧਨੇ ਜੀ ਨੂੰ ਬੁਰਜ ਵਿੱਚ ਚਿਣਨਾਂ ਸ਼ੁਰੂ ਕੀਤਾ ਤਾਂ ਭਗਤ ਜੀ ਵਾਹਿਗੁਰੂ ਅਗੇ ਬੇਨਤੀ ਕਰਦੇ ਹਨ }

## ਬਾਣੀ ਸਧਨੇ ਕੀ ਰਾਗੁ ਬਿਲਾਵਲੁ

**ੴ ਸਤਿਗੁਰਪ੍ਰਸਾਦਿ ॥**

***ਨ੍ਰਿਪ ਕੰਨਿਆ ਕੇ ਕਾਰਨੈ ਇਕੁ ਭਇਆ ਭੇਖ ਧਾਰੀ**

---

*ਇਕ ਰਾਜੇ ਦੀ ਲੜਕੀ ਨੇ ਪ੍ਰਣ ਕਰ ਲਿਆ ਸੀ ਕਿ ਮੈਂ ਵਿਸ਼ਨ ਭਗਵਾਨ ਦੇ ਨਾਲ ਵਿਆਹ ਕਰਾਉਣਾ ਹੈ ਉਸੀ ਵਕਤ ਇਕ ਤਰਖਾਣ ਦੇ ਪੁੱਤ੍ਰ ਨੇ ਠਾਕਰ ਦਾ ਭੇਖ ਕਰਕੇ ਵਿਆਹ ਲਈ, ਕਿਸੇ ਦਿਨ ਉਸ ਰਾਜੇ ਤੇ ਕੋਈ ਹੋਰ ਰਾਜਾ ਚੜ੍ਹਕੇ ਆਇਆ ਇਹ ਗਲ ਸੁਣਕੇ ਓਹ ਪਾਖੰਡੀ ਤਰਖਾਣ ਨੱਸ ਗਿਆ ਅਤੇ ਦੇਵਨੇਤ ਵਾਹਿਗੁਰੂ ਨੇ ਇਸ ਰਾਜੇ ਦੀ ਜਿੱਤ ਕੀਤੀ ਤਿਸ ਪਰਥਾਇ ਹਿੰਦੂ ਮਤ ਦੀ ਸਾਖੀ ਲੈਕੇ ਸਧਨਾ ਜੀ ਕਹਿੰਦੇ ਹਨ। ਦੇਖੋ ਸ਼ਿਵਨਾਥ ਕ੍ਰਿਤ ਪੰਚ ਤੰਤ੍ਰ ਦਾ ਪਹਿਲਾ ਤੰ੍ਰ, ੫ ਕਥਾ ਸਫਾ ੬੩ ਤੋਂ ਲੈਕੇ ੭੦ ਤਕ। ਕਈ ਨ੍ਰਿਪ ਕੰਨਯਾਂ ਮੀਰਾਂ ਬਾਈ ਦੀ ਸਾਖੀ ਲਾਉਂਦੇ ਹਨ ਅਤੇ ਆਖਦੇ ਹਨ ਓਸ ਪਾਸ ਗਿਰਧਰ ਸਾਂਗ ਧਾਰਕੇ ਆਯਾ ਸੀ।

**ਕਾਮਾਰਥੀ ਸੁਆਰਥੀ ਵਾਕੀ ਪੈਜ ਸਵਾਰੀ ॥ ੧ ॥**

ਨ੍ਰਿਪ = ਰਾਜਾ। ਕਾਮਾਰਥੀ = ਕਾਮ ਦਾ ਪ੍ਰਯੋਜਨੀ।
ਸੁਆਰਥੀ = ਅਪਨੇ ਮਤਲਬ ਵਾਲਾ।

ਰਾਜੇ ਦੀ ਪੁਤ੍ਰੀ ਵਾਸਤੇ ਇਕ ਭੇਖ ਧਾਰੀ (ਤਰਖਾਣ ਦਾ ਪੁਤ੍ਰ) ਹੋਯਾ ਕਾਮ ਦਾ ਹੀ ਉਸਦਾ ਮਤਲਬ ਸੀ ਅਤੇ ਕੇਵਲ ਓਹ ਆਪਣੇ ਹੀ ਪਰਯੋਜਨ ਵਾਲਾ ਸੀ ਹੇ ਵਾਹਿਗੁਰੂ ਉਸ ਭੇਖ ਧਾਰੀ ਦੀ ਤੂੰ ਪੈਜ ਰਖੀ।

(ਤੇਰੇ ਕਰਮ ਹੀ ਇਕੁਰ ਦੇ ਹਨ)

**ਤਵਗੁਨ ਕਹਾ ਜਗਤ ਗੁਰਾ ਜਉ ਕਰਮੁ ਨ ਨਾਸੈ ॥**
**ਸਿੰਘ ਸਰਨ ਕਤ ਜਾਈਐ ਜਉ ਜੰਬੁਕੁ ਗ੍ਰਾਸੈ ॥ ੧ ॥ ਰਹਾਉ॥**

ਜੰਬੁਕੁ = ਗਿਦੜ।

ਹੇ ਜਗਤ ਗੁਰਾ ਤੇਰਾ ਗੁਣ ਕਿਆ ਹੈ (ਭਾਵਤੇਰੀ ਵਡਿਆਈ ਕਿਆ ਹੈ, ਮੈਨੂੰ ਕੀ ਗੁਣ ਹੋਇਆ ਤੇਰੀ ਭਗਤੀ ਦਾ ?) ਜੋ ਸਾਡੇ ਪਿਛਲੇ ਲਿਖੇ ਹੋਏ ਕਰਮ ਨਾ ਦੂਰ ਹੋਏ, "ਦੇਖ" ਸ਼ੇਰ ਦੀ ਸ਼ਰਨ ਕਿਸ ਵਾਸਤੇ ਜਾਈਏ ਜੇ ਉਠਕੇ ਗਿਦੜ ਬੁਰਕ ਕਰ ਲਵੇ।

(ਮੁਕਤਿ ਮਿਲੇਗੀ)

**ਏਕ ਬੂੰਦ ਜਲ ਕਾਰਨੇ ਚਾਤ੍ਰਿਕੁ ਦੁਖੁ ਪਾਵੈ ॥**
**ਪ੍ਰਾਨ ਗਏ ਸਾਗਰੁ ਮਿਲੈ ਫੁਨਿ ਕਾਮਿ ਨ ਆਵੈ ॥੨ ॥**

ਸਾਗਰੁ = ਸਮੁੰਦ੍ਰ। ਫੁਨਿ = ਫੇਰ।

ਇਕ ਪਾਣੀ ਦੀ ਛਿਟ ਵਾਸਤੇ ਚਾਤ੍ਰਿਕ ਦੁਖ ਪਾਉਂਦਾ ਹੈ ਪ੍ਰਾਣ ਗਿਆਂ ਦੇ ਪਿਛੋਂ ਜੇ ਸਮੁੰਦ੍ਰ ਵੀ ਮਿਲ ਜਾਵੇ ਤਾਂ ਉਸਦੇ ਕਿਸੇ ਕੰਮ ਨਹੀਂ ਔਂਦਾ "ਇੱਹੁਰ ਹੀ ਮੈਂ ਮੁਕਤੀ ਛੱਡੀ ਤੁਸੀਂ ਮੇਰੀ ਸਹਾਇਤਾ ਕਰੋ"

(ਠੈਹਰ ਠੈਹਰ)

**ਪ੍ਰਾਨ ਜੁ ਥਾਕੇ ਥਿਰੁ ਨਹੀ ਕੈਸੇ ਬਿਰਮਾਵਉ ॥**
**ਬੂਡਿ ਮੂਏ ਨਉਕਾ ਮਿਲੈ ਕਹੁ ਕਾਹਿ ਚਢਾਵਉ ॥ ੩ ॥**

ਬਿਰਮਾਉ = ਪਰਚਿਆ ਰਹਾਂ, ਧੀਰਜ ਕਰਾਂ।

ਪ੍ਰਾਣ ਢੱਕ (ਮੁਕ) ਗਏ ਹਨ ਚਿਤ ਖੜੌਂਦਾ ਨਹੀਂ ਮੈਂ ਤੁਹਾਡਾ ਪ੍ਰਚਾਇਆ ਹੋਇਆ ਕਿੱਕੁਰ ਧੀਰਜ ਕਰਾਂ, ਡੁਬ ਮੋਏ ਨੂੰ ਜੇ ਬੇੜੀ ਮਿਲੇ ਤਾਂ ਦਸੋ ਖਾਂ (ਮਹਾਰਾਜ ਜੀ) ਕਿਸਨੂੰ ਉਤੇ ਚੜ੍ਹਾਵੋਗੇ, ਭਾਵ ਮੁਰਦੇ ਨੂੰ ?

(ਸਨਿਮ੍ਰਤ ਬੇਨਤੀ)

**ਮੈ ਨਾਹੀ ਕਛੁ ਹਉ ਨਹੀ ਕਿਛੁ ਆਹਿ ਨ ਮੋਰਾ ॥**
**ਅਉਸਰ ਲਜਾ ਰਾਖਿ ਲੇਹੁ ਸਧਨਾ ਜਨੁ ਤੋਰਾ ॥ ੪ ॥ ੧ ॥**

ਨਾ ਕੁਝ ਮੇਰਾ ਹੈ ਨਾ ਕੁਝ ਮੈਂ ਆਪਣਾ ਮੰਨਿਆਂ ਹੋਇਆ ਹੈ ਨਾ ਕੋਈ ਮੇਰਾ ਸਹਾਈ ਹੈ ਇਸ ਵੇਲੇ ਲੱਜਿਆ ਰੱਖ ਲੈ ਸਧਨਾ ਦਾਸ ਤੇਰਾ ਹੈ।

# ਰਾਗੁ ਗੋਂਡ

## ਰਾਗੁ ਗੋਂਡ ਬਾਣੀ ਭਗਤਾ ਕੀ ॥ ਕਬੀਰ ਜੀ ਘਰੁ ੧

**ੴ ਸਤਿਗੁਰਪ੍ਰਸਾਦਿ ॥ ਸੰਤੁ ਮਿਲੈ ਕਿਛੁ ਸੁਨੀਐ ਕਹੀਐ ॥ ਮਿਲੈ ਅਸੰਤੁ ਮਸਟਿ ਕਰਿ ਰਹੀਐ ॥ ੧ ॥**

ਮਸਟਿ = ਚੁੱਪ।

ਜੇ ਕੋਈ ਹਛਾ ਸੰਤ ਮਿਲੇ ਤਾਂ ਕੁਝ ਉਸਤੋਂ ਸੁਣੀਏਂ, ਕੁਝ ਸੁਣਾਈਏ ਵਾ ਵੱਡੇ ਤੋਂ ਸੁਣੀਏ, ਛੋਟੇ ਨੂੰ (ਉਪਦੇਸ਼) ਕਰੀਏ। ਜੇ ਅਸੰਤ ਮਿਲੇ ਤਾਂ ਚੁਪ ਕਰ ਰਹੀਏ।

**ਬਾਬਾ ਬੋਲਨਾ ਕਿਆ ਕਹੀਐ ॥**
**ਜੈਸੇ ਰਾਮ ਨਾਮ ਰਵਿ ਰਹੀਐ ॥ ੧ ॥ ਰਹਾਉ ॥**

ਰਵਿ = ਉਚਾਰਨਾ, ਮਿਲ = ਰਹਿਣਾਂ।

ਹੇ ਭਾਈ ਬੋਲਣਾਂ ਕਿਆ ਕਹੀਏ, "ਇਕੁਰ ਦਾ ਬੋਲਣਾਂ ਚਾਹੀਦਾ ਹੈ ਜਿੱਕੁਰ ਵਹਿਗੁਰੂ ਦੇ ਨਾਮ ਨਾਲ ਹੀ ਮਿਲ ਰਹੀਏ"।

**ਸੰਤਨ ਸਿਉ ਬੋਲੇ ਉਪਕਾਰੀ ॥**
**ਮੂਰਖ ਸਿਉ ਬੋਲੇ ਝਖ ਮਾਰੀ ॥ ੨ ॥**

ਸੰਤਾਂ ਨਾਲ ਬੋਲਣ ਨਾਲ ਉਪਕਾਰੀ ਬਣੀਦਾ ਹੈ ਭਾਵ ਸਾਰਿਆਂ ਲੋਕਾਂ ਨੂੰ ਫਾਇਦਾ ਪਹੁੰਚਦਾ ਹੈ, ਮੂਰਖ ਨਾਲ ਬੋਲਣ ਨਾਲ ਝਖ ਮਾਰੀਦੀ ਹੈ ਭਾਵ ਸਿਰ ਖਪੌਣਾਂ ਪੈਂਦਾ ਹੈ॥

**ਬੋਲਤ ਬੋਲਤ ਬਢਹਿ ਬਿਕਾਰਾ ॥**
**ਬਿਨੁ ਬੋਲੇ ਕਿਆ ਕਰਹਿ ਬੀਚਾਰਾ ॥ ੩ ॥**

ਬੋਲਦਿਆਂ ੨ ਵਿਕਾਰ ਰੂਪ ਕ੍ਰੋਧ ਦੁਖ ਹੀ ਵਧਦਾ ਹੈ ਭਾਵ ਮੂਰਖ

ਨਾਲ ਚੁਪ ਹੀ ਚੰਗੀ ਹੈ, ਬਿਨਾਂ ਬੋਲੇ ਤੋਂ ਵਿਚਾਰਾ ਮੂਰਖ ਕੀ ਕਰੇਗਾ ਭਾਵ ਚੁਪ ਕਰ ਜਾਵੇਗਾ ਵਾ ਸੰਤਾਂ ਨਾਲ ਬੋਲੇ ਤੋਂ ਬਿਨਾ ਸ਼ੁਭ ਅਸ਼ੁਭ ਦੀ ਵਿਚਾਰ ਕਿੱਕੁਰ ਕਰ ਸਕੀਦੀ ਹੈ ਭਾਵ ਸੰਤਾਂ ਨਾਲ ਬੋਲਣਾਂ ਹੱਛਾ ਹੈ ॥

**ਕਹੁ ਕਬੀਰ ਛੂਛਾ ਘਟੁ ਬੋਲੈ ॥**

**ਭਰਿਆ ਹੋਇ ਸੁ ਕਬਹੁ ਨ ਡੋਲੈ ॥ ੪ ॥ ੧ ॥**

ਛੂਛਾ = ਖਾਲੀ। ਘਟ = ਘੜਾ, ਰਿਦਾ ॥

ਕਬੀਰ ਜੀ ਕਹਿੰਦੇ ਹਨ ਖਾਲੀ ਘੜੇ ਵਤ ਜੇਹੜਾ ਮੂਰਖ ਨਿਰਗੁਣ ਹੁੰਦਾ ਹੈ ਓਹ ਅੰਦਰੋਂ ੋਲਦਾ ਹੈ ਅਤੇ ਜੇਹੜਾ ਭਰਿਆਂ ਹੋਇਆਂ ਘੜਿਆਂ ਵਾਂਙੂ ਸੰਤ ਹੋਵੇ ਓਹੁ ਕਦੀ ਵੀ ਨਹੀਂ ਡੋਲਦਾ (ਡੁਲਦਾ) ''ਬੋਲਦਾ'' ਹੈ।

**ਗੋਂਡ ॥ ਨਰੂ ਮਰੈ ਨਰੁ*ਕਾਮਿ ਨ ਆਵੈ ॥**

**ਪਸੂ ਮਰੈ ਦਸ ਕਾਜ ਸਵਾਰੈ ॥ ੧ ॥**

ਆਦਮੀ ਮਰਦਾ ਹੈ ਤਾਂ ਆਦਮੀਆਂ ਦੇ ਕੰਮ ਨਹੀਂ ਆਉਂਦਾ ਪਸੂ ਮਰੇ ਤਾਂ ਬਹੁਤ ਕੰਮ ਸਵਾਰਦਾ ਹੈ ॥

**ਅਪਨੇ ਕਰਮ ਕੀ ਗਤਿ ਮੈ ਕਿਆ ਜਾਨਉ ॥**

**ਮੈ ਕਿਆ ਜਾਨਉ ਬਾਬਾ ਰੇ ॥ ੧ ॥ ਰਹਾਉ ॥**

ਹੇ ਭਾਈ ਆਪਣੇ ਕਰਮਾਂ ਦੀ ਗਤੀ ਮੈਂ ਕਿਆ ਜਾਣਾਂ ॥

**ਹਾਡ ਜਲੇ ਜੈਸੇ ਲਕਰੀ ਕਾ ਤੂਲਾ ॥**

**ਕੇਸ ਜਲੇ ਜੈਸੇ ਘਾਸ ਕਾ ਪੂਲਾ ॥੨॥**

ਤੂਲਾ = ਪੰਡ, ਭਰੀ ॥

ਹੱਡ ਇੱਕੁਰ ਸੜਦੇ ਹਨ ਜਿੱਕੁਰ ਲਕੜੀ ਦਾ ਭਾਰ ਸੜਦਾ ਹੈ, ਕੇਸ ਇੱਕਰ ਸੜਦੇ ਹਨ ਜਿੱਕੁਰ ਘਾਹ ਦਾ ਪੂਲਾ ਸੜਦਾ ਹੈ ॥

**ਕਹੁ ਕਬੀਰ ਤਬਹੀ ਨਰੁ ਜਾਗੈ ॥**

**ਜਮ ਕਾ ਡੰਡੁ ਮੂੰਡ ਮਹਿ ਲਾਗੈ ॥ ੩ ॥ ੨ ॥**

ਕਬੀਰ ਜੀ ਕਹਿੰਦੇ ਹਨ ਇਹੁ ਆਦਮੀ ਤਦ ਸੁਤਾ ਉਠੇਗਾ ਜਦ ਇਸਦੇ ਸਿਰ ਵਿਚ ਜਮ ਦਾ ਡੰਡਾ ਪਏਗਾ ॥

**ਗੋਂਡ ॥ ਆਕਾਸਿ ਗਗਨੁ ਪਾਤਾਲਿ ਗਗਨੁ ਹੈ ਚਹੁ**

---

*ਭਾਈ ਗੁਰਦਾਸ ਜੀ ਦੇ ਕਬਿਤ ਸਵੈਯੇ ਸਟੀਕ ਗਿਆਨੀ ਬਿਸ਼ਨ ਸਿੰਘ ਖਾਲਸਾ ਕਾਲਜ ਵਾਲਾ ਨੰ: ਕਬਿਤ ੨੦੦ ੨੦੧, ੨੦੨ ਵੇਖੋ।

**ਦਿਸਿ ਗਗਨੁ ਰਹਾਇਲੇ ॥ ਆਨਦ ਮੂਲੁ ਸਦਾ ਪੁਰਖੋਤਮੁ ਘਟੁ ਬਿਨਸੈ ਗਗਨੁ ਨ ਜਾਇਲੇ ॥ ੧ ॥**

ਗਗਨੁ = ਅਕਾਸ ॥

ਉਪਰਲੇ ਅਕਾਸ ਵਿਚ ਵੀ ਅਕਾਸ ਹੈ ਤਲੇ ਪਤਾਲ ਵਿਚ ਵੀ ਅਕਾਸ ਹੈ, ਚਵਾਂ ਹੀ ਦਿਸ਼ਾਂ ਵਲ ਅਕਾਸ਼ ਵਿਆਪਕ ਹੈ। ਅਨੰਦ ਦਾ ਮੁਢ ਸਦਾ ਹੀ ਪੁਰਖਾਂ ਵਿਚੋਂ ਉੱਤਮ ਹੈ ਜਿੱਕੁਰ ਘੜਾ ਭੱਜ ਜਾਂਦਾ ਹੈ ਤਾਂ ਅਕਾਸ਼ ਨਹੀਂ ਜਾਂਦਾ ਤਿੱਕੁਰ ਹੀ ਜਦ ਸਾਰੇ ਜੀਵ ਮਰ ਜਾਂਦੇ ਹਨ ਤਾਂ ਵਾਹਿਗੁਰੂ ਨਹੀਂ ਮਰਦਾ ॥

**ਮੋਹਿ ਬੈਰਾਗੁ ਭਇਓ ॥**
**ਇਹੁ ਜੀਉ ਆਇ ਕਹਾ ਗਇਓ ॥ ੧ ॥ ਰਹਾਉ ॥**

ਹੇ ਗੁਰੂ ਜੀ, ਮੈਨੂੰ ਬਹੁਤ ਵੈਰਾਗ ਹੋਯਾ ਹੈ ਕਿ ਏਹੁ ਜੀਵ ਕਿਥੋਂ ਔਂਦਾ ਹੈ ਅਤੇ ਕਿਥੇ ਚਲਿਆ ਜਾਂਦਾ ਹੈ ਵਾ ਇਸ ਦੇਹ ਨਾਲ ਜੇਹੜਾ ਜੀਵ ਆਯਾ ਸੀ ਉਹ ਇਸ ਨੂੰ ਛਡ ਕੇ ਕਿਥੇ ਚਲਿਆ ਗਿਆ ?

**ਪੰਚ ਤਤੁ ਮਿਲਿ ਕਾਇਆ ਕੀਨੀ ਤਤੁ ਕਹਾ ਤੇ ਕੀਨੁ ਰੇ ॥ ਕਰਮ ਬਧ ਤੁਮ ਜੀਉ ਕਹਤ ਹੌ ਕਰਮਹਿ ਕਿਨਿ ਜੀਉ ਦੀਨੁ ਰੇ ॥ ੨ ॥**

ਠੀਕ ਜੇ ਤੁਸੀ ਏਹ ਮੰਨਦੇ ਹੋ ਕਿ ਪੰਜਾਂ ਤਤਾਂ ਨੂੰ ਮਿਲਾਕੇ ਕਾਂਯਾਂ ਕੀਤੀ ਹੈ ਤਾਂ ਦਸੋ ਖਾਂ ਓਹ ਤਤ ਕਿਥੋਂ ਬਣਾਏ ਹਨ ? (ਤਤਾਂ ਦਾ ਕਾਰਨ ਦਸੋ) ਜੇ ਕਰਮਾਂ ਦਾ ਬੰਨ੍ਹਿਆ ਹੋਯਾ ਤੁਸੀ ਜੀਉ ਕਹਿੰਦੇ ਹੋ ਪਰ ਮੈਂ ਪੁਛਦਾ ਹਾਂ ਕਿ ਕਰਮਾਂ ਨੂੰ ਕਿਸ ਨੇ ਜੀਅ ਦਿਤਾ ਹੈ (ਉਨਾਂ ਕਰਮਾਂ ਨੂੰ) ਕਿਸੇ ਨੇ ਸੱਤਾ ਦਿਤੀ ਹੀ ਹੈ ? ਵਾਹਿਗੁਰੂ ਨੇ, ਵਾਹਿਗੁਰੂ ਬਿਨਾਂ ਕਿਸੇ ਨਹੀਂ ॥

**ਹਰਿ ਮਹਿ ਤਨੁ ਹੈ ਤਨ ਮਹਿ ਹਰਿ ਹੈ ਸਰਬ ਨਿਰੰਤਰਿ ਸੋਇਰੇ ॥ ਕਹਿ ਕਬੀਰ ਰਾਮ ਨਾਮੁ ਨ ਛੋਡਉ ਸਹਜੇ ਹੋਇ ਸੁ ਹੋਇਰੇ ॥ ੩ ॥ ੩ ॥**

ਓਹ ਹੇ ਭਾਈ ਵਾਹਿਗੁਰੂ ਵਿਚ ਤਨ ਹਨ ਤਨਾਂ ਵਿਚ ਵਾਹਿਗੁਰੂ ਹੈ ਸਾਰਿਆਂ ਜੀਵਾਂ ਵਿਚ ਵਾਹਿਗੁਰੂ ਇਕ ਰਸ ਵਿਆਪਕ ਹੈ ਕਬੀਰ ਜੀ ਕਹਿੰਦੇ ਹਨ ਮੈਂ ਵਾਹਿਗੁਰੂ ਦਾ ਨਾਮ ਨਹੀਂ ਛਡਾਂਗਾ ਜੋ ਕੁਝ ਹੁੰਦਾ ਹੈ ਸੋ ਸਹਜੇ ਹੀ ਪਿਆ ਹੋਵੇ ॥

{ ਕਾਜੀਆਂ ਦੀ ਸ਼ਰਾਰਤ ਕਰਕੇ ਸਕੰਦਰ ਲੋਦੀ ਪਾਤਸ਼ਾਹ ਨੇ ਜੋ ਕਬੀਰ ਜੀ ਨੂੰ ਦੁਖ ਦਿਤਾ ਸੀ ਓਹ ਆਪ ਵਰਨਨ ਕਰਕੇ ਸੁਣੌਂਦੇ ਹਨ }

ਰਾਗੁ ਗੋਂਡ ਬਾਣੀ ਕਬੀਰ ਜੀਉ ਕੀ ਘਰੁ ੨
ੴ ਸਤਿਗੁਰਪ੍ਰਸਾਦਿ ॥ ਭੁਜਾ ਬਾਂਧਿ ਭਿਲਾ ਕਰਿ ਡਾਰਿਓ ॥ ਹਸਤੀ ਕ੍ਰੋਪਿ ਮੂੰਡ ਮਹਿ ਮਾਰਿਓ ॥

ਭੁਜਾ ਬਾਹਾਂ। ਭਿਲਾ = ਮਿੱਟੀ ਦੀ ਢੇਮ ਵਾਂਙੂ ਵਾ ਪੰਡ ਬੰਨ੍ਹਕੇ।
ਕ੍ਰੋਪਿ = ਕ੍ਰੋਧ।

ਮੇਰੀਆਂ ਲੱਤਾਂ ਬਾਹਾਂ ਦੀਆਂ ਮੁਸ਼ਕਾਂ ਬੰਨ੍ਹਕੇ (ਅਕੱਠਾ) ਕਰਕੇ ਹਾਥੀ ਅੱਗੇ ਸੁਟ ਦਿਤਾ, ਪਾਤਸ਼ਾਹ ਦੇ ਹੁਕਮ ਅਨੁਸਾਰ ਮਹਾਵਤ ਨੇ ਹਾਥੀ ਦੇ ਸਿਰ ਵਿੱਚ ਕੁੰਡਾ ਮਾਰਿਆ।

ਹਸਤਿ ਭਾਗਿ ਕੈ ਚੀਸਾ ਮਾਰੈ ॥
ਇਆ ਮੂਰਤਿ ਕੈ ਹਉ ਬਲਿਹਾਰੈ ॥ ੧ ॥

ਹਾਥੀ ਦੌੜਕੇ ਚੀਕਾਂ ਮਾਰੇ ਅਤੇ ਕਹੇ ਕਿ ਮੈਂ ਇਸ ਮੂਰਤਿ ਦੇ ਬਲਿਹਾਰਨੇ ਜਾਂਦਾ ਹਾਂ।

ਆਹਿ ਮੇਰੇ ਠਾਕੁਰ ਤੁਮਰਾ ਜੋਰੁ ॥
ਕਾਜੀ ਬਕਿਬੋ ਹਸਤੀ ਤੋਰੁ ॥ ੧ ॥ ਰਹਾਉ ॥

ਹੇ ਮੇਰੇ ਵਾਹਿਗੁਰੂ ਮੈਨੂੰ ਤੇਰਾ ਹੀ ਜੋਰ ਹੈ, ਕਾਜੀ (ਮਹਾਵਤ ਨੂੰ) ਬਕਦਾ ਹੈ ਕਿ ਹਾਥੀ ਨੂੰ ਅੱਗੇ ਤੋਰ।

ਰੇ ਮਹਾਵਤ ਤੁਝੁ ਡਾਰਉ ਕਾਟਿ ॥
ਇਸਹਿ ਤੁਰਾਵਹੁ ਘਾਲਹੁ ਸਾਟਿ ॥

ਸਾਟਿ = ਚੋਟ। ਘਾਲਹੁ = ਲਗਾਵੋ ॥

ਅਰੇ ਮਹਾਵਤ ਤੈਨੂੰ ਮੈਂ ਮਾਰ ਸੁਟਾਂਗਾ। ਇਸ ਨੂੰ ਤੁੜਾਇ ਸੱਟ ਲਗਾਇ (ਮਾਰਕੇ ਪਰੇ ਸੁਟ ਦੇ)।

ਹਸਤਿ ਨ ਤੋਰੈ ਧਰੈ ਧਿਆਨੁ ॥
ਵਾਕੈ ਰਿਦੈ ਬਸੈ ਭਗਵਾਨੁ ॥ ੨ ॥

ਹਾਥੀ ਮੈਨੂੰ ਨਾ ਤੋੜੇ ਸਗੋਂ ਉਹ ਧਿਆਨ ਧਰੇ (ਮੇਰਾ ਵ ਵਾਹਿਗੁਰੂ ਦਾ) ਕਿਉਂਕਿ ਉਹਦੇ ਰਿਦੇ ਵਿੱਚ ਵਾਹਿਗੁਰੂ ਵਸਦਾ ਸੀ।

**ਕਿਆ ਅਪਰਾਧੁ ਸੰਤ ਹੈ ਕੀਨ੍ਹਾ ॥**
**ਬਾਂਧਿ ਪੋਟ ਕੁੰਚਰ ਕਉ ਦੀਨਾ ॥**

ਕੁੰਚਰ = ਹਾਥੀ ।

ਇਸ ਸੰਤ ਨੇ ਕਿਆ ਅਪਰਾਧ ਕੀਤਾ ਹੈ ਪੰਡ ਬੰਨ੍ਹਕੇ ਹਾਥੀ ਨੂੰ ਦੇ ਦਿਤਾ ਹੈ । ਭਾਵ ਹਾਥੀ ਦੇ ਅੱਗੇ ਸੁਟ ਦਿੱਤਾ ਹੈ ।

**ਕੁੰਚਰੁ ਪੋਟ ਲੈ ਲੈ ਨਮਸਕਾਰੈ ॥**
**ਬੂਝੀ ਨਹੀ ਕਾਜੀ ਅੰਧਿਆਰੈ ॥ ੩ ॥**

ਕੁੰਚਰ = ਹਾਥੀ

ਹਾਥੀ ਪੰਡ ਨੂੰ ਚੁਕ ਚੁਕ ਕੇ ਨਮਸਕਾਰ ਕਰੇ । ਇਹ ਗੱਲ ਕਾਜੀ ਅੰਨ੍ਹੇ ਨੇ ਨਾ ਸਮਝੀ ।

**ਤੀਨਿ ਬਾਰ ਪਤੀਆ ਭਰਿ ਲੀਨਾ ॥**
**ਮਨ ਕਠੋਰੁ ਅਜਹੂ ਨ ਪਤੀਨਾ ॥**

ਤਿੰਨ ਵਾਰੀ ਰੱਜਕੇ ਪਰਖ ਲਿਆ ਇਕੁਰ ਦਾ ਕਾਜੀ ਮਨ ਤੋਂ ਕਰੜਾ ਹੈ ਅਜੇ ਵੀ ਪ੍ਰਤੀਤ ਨਹੀਂ ਆਈ । (ਪਤੀਜਿਆ)

**ਕਹਿ ਕਬੀਰ ਹਮਰਾ ਗੋਬਿੰਦੁ ॥**
**ਚਉਥੇ ਪਦ ਮਹਿ ਜਨ ਕੀ ਜਿੰਦੁ ॥ ੪ ॥ ੧ ॥ ੪ ॥**

ਕਬੀਰ ਜੀ ਕਹਿੰਦੇ ਹਨ ਸਾਡਾ ਵਾਹਿਗੁਰੂ ਸੀ ਤੁਰੀਆ ਪਦ ਵਿਚ ਦਾਸ ਦੀ ਜਿੰਦ ਸੀ ।

(ਜੇਹੜਾ ਸਰੀਰ ਵਿਚ ਹੈ ਸੋ ਕੌਣ ਹੈ?)

**ਗੋਂਡ ॥ ਨਾ ਇਹੁ ਮਾਨਸੁ ਨਾ ਇਹੁ ਦੇਉ ॥**
**ਨਾ ਇਹੁ ਜਤੀ ਕਹਾਵੈ ਸੇਉ ॥**

ਸੇਉ = ਪੂਜਣੇ ਯੋਗ ਵ ਸ਼ਿਵ ਉਪਾਸ਼ਕ ।

ਨਾ ਇਹ ਮਨੁਖ ਹੈ, ਨਾ ਇਹ ਦੇਵਤਾ ਹੈ, ਨਾ ਇਹ ਜਤੀ ਹੈ, ਨਾ ਇਹ ਪੂਜਣੇ ਯੋਗ ਕਹੌਂਦਾ ਹੈ ।

**ਨਾ ਇਹੁ ਜੋਗੀ ਨਾ ਅਵਧੂਤਾ ॥**
**ਨਾ ਇਸੁ ਮਾਇ ਨ ਕਾਹੂ ਪੂਤਾ ॥ ੧ ॥**

ਨਾ ਇਹ ਜੋਗੀ ਹੈ ਨਾ ਅਵਧੂਤ ਹੈ ਨਾ ਇਸ ਦੀ ਕੋਈ ਮਾਂ ਹੈ ਨਾਂ ਇਹ ਕਿਸੇ ਦਾ ਪੁਤ ਹੈ ।

**ਇਆ ਮੰਦਰ ਮਹਿ ਕੌਨ ਬਸਾਈ॥**
**ਤਾਕਾ ਅੰਤੁ ਨ ਕੋਊ ਪਾਈ ॥ ੧ ॥ ਰਹਾਉ ॥**

ਇਸ ਘਰ ਵਿਚ ਕੌਣ ਰਹਿੰਦਾ ਹੈ ਤਿਸਦਾ ਅੰਤ ਕੋਈ ਨਹੀਂ ਪਾਉਂਦਾ।

**ਨਾ ਇਹੁ ਗਿਰਹੀ ਨਾ ਓਦਾਸੀ ॥**
**ਨਾ ਇਹੁ ਰਾਜ ਨ ਭੀਖ ਮੰਗਾਸੀ ॥**

ਨਾਂ ਇਹ ਗ੍ਰਹਸਤੀ ਹੈ ਨਾ ਇਹ ਉਦਾਸੀ ਹੈ ਨਾ ਇਹ ਰਾਜਾ ਹੈ ਨ ਇਹ ਭਿਖਿਆ ਮੰਗਣ ਵਾਲਾ ਹੈ।

**ਨਾ ਇਸੁ ਪਿੰਡੁ ਨਾ ਰਕਤੂ ਰਾਤੀ ॥**
**ਨਾ ਇਹੁ ਬ੍ਰਹਮਨੁ ਨਾ ਇਹੁ ਖਾਤੀ ॥ ੨ ॥**

ਪਿੰਡੂ = ਸਰੀਰ ॥ ਰਕਤੂ = ਰਕਤ ਆਦਿਕ ਧਾਂਤ। ਰਾਤੀ = ਥੋੜ੍ਹੀ

ਨਾ ਇਸਦਾ ਕੋਈ ਸਰੀਰ ਹੈ ਨਾ ਇਹ ਰੱਤੀ ਮਾਤ੍ਰ ਰੱਤ ਹੈ, ਨਾਂ ਇਹ ਬ੍ਰਾਹਮਣ ਹੈ ਨਾ ਇਹ ਖਤ੍ਰੀ ਹੈ।

**ਨਾ ਇਹੁ ਤਪਾ ਕਹਾਵੈ ਸੇਖੁ ॥**
**ਨਾ ਇਹੁ ਜੀਵੈ ਨ ਮਰਤਾ ਦੇਖੁ ॥**

ਨਾ ਇਹ ਤਪਾ ਕਹਾਉਂਦਾ ਹੈ ਨਾ ਸ਼ੇਖ ਨਾ ਇਹ ਜੀਉਂਦਾ ਹੈ ਨਾ ਮਰਦਾ ਦੇਖੀਦਾ ਹੈ।

**ਇਸੁ ਮਰਤੇ ਕਉ ਜੇ ਕੋਊ ਰੋਵੈ ॥**
**ਜੋ ਰੋਵੈ ਸੋਈ ਪਤਿ ਖੋਵੈ ॥ ੩ ॥**

ਇਸਨੂੰ ਮਰਤਾ ਜਾਣਕੇ ਜੇ ਕੋਈ ਰੋਂਦਾ ਹੈ, ਤਾਂ ਜੋ ਰੋਂਦਾ ਹੈ, ਸੋ ਆਪਣੀ ਇਜ਼ਤ ਦੂਰ ਕਰਦਾ ਹੈ।

**ਗੁਰਪ੍ਰਸਾਦਿ ਮੈ ਡਗਰੋ ਪਾਇਆ ॥**
**ਜੀਵਨ ਮਰਨੁ ਦੋਊ ਮਿਟਵਾਇਆ॥**

ਡਗਰੋ = ਰਸਤਾ॥

ਗੁਰਾਂ ਦੀ ਕਿਰਪਾ ਨਾਲ ਮੈਂ ਰਸਤਾ ਪਾ ਲਿਆ ਹੈ ਜੀਵਣਾਂ ਮਰਣਾਂ ਦੋਹਾਂ ਨੂੰ ਦੂਰ ਕਰ ਦਿਤਾ ਹੈ॥

**ਕਹੁ ਕਬੀਰ ਇਹੁ ਰਾਮ ਕੀ ਅੰਸੁ ॥**
**ਜਸ ਕਾਗਦ ਪਰ ਮਿਟੈ ਨ ਮੰਸੁ ॥ ੪ ॥ ੨ ॥ ੫ ॥**

ਮੰਸੁ = ਮੱਸ ਸਿਆਹੀ

ਕਬੀਰ ਜੀ ਕਹਿੰਦੇ ਹਨ ਇਹ ਤਾਂ ਵਾਹਿਗੁਰੂ ਦੀ ਅੰਸੁ ਹੈ ਭਾਵ ਕਹਿਣ ਮਾਤ੍ਰ ਟੁੱਕੜਾ ਹੈ ਵਾ ਇੱਕੁਰ ਦੀ ਇਹ ਵਾਹਿਗੁਰੂ ਦੀ ਅੰਸ ਹੈ ਜਿੱਕੁਰ ਕਾਗਜ਼ ਉਤੇ ਸਿਆਹੀ ਨਹੀਂ ਮਿਟਦੀ।

**ਗੌਂਡ॥ ਤੂਟੇ ਤਾਗੇ ਨਿਖੁਟੀ ਪਾਨਿ॥**

**ਦੁਆਰ ਊਪਰਿ ਝਿਲਕਾਵਹਿ ਕਾਨ॥**

ਕਾਨ = ਕਾਨੇ

ਧਾਗੇ ਟੁੱਟੇ ਰਹਿੰਦੇ ਹਨ ਪਾਣ ਮੁੱਕੀ ਰਹਿੰਦੀ ਹੈ ਕਾਨੇ ਬੂਹੇ ਤੇ ਤਾਣੀ ਤੋਂ ਬਿਨਾਂ ਨੰਗੇ ਚਿਲਕਦੇ ਰਹਿੰਦੇ ਹਨ।

**ਕੂਚ ਬਿਚਾਰੇ ਫੂਏ ਫਾਲ॥**

**ਇਆ ਮੁੰਡੀਆ ਸਿਰ ਚਢਿਬੋ ਕਾਲ॥ ੧॥**

ਕੁਚ ਵਿਚਾਰੇ ਫੁਲੇ ਫੱਲੇ (ਟੁੱਟੇ ਫੁਟੇ) ਰਹਿੰਦੇ ਹਨ ਮਾਨੋ ਇਹੁ ਮੁੰਡੇ ਕਬੀਰ ਦੇ ਸਿਰ ਤੇ ਕਾਲ ਚੜ੍ਹਕੇ ਆਏ ਹਨ॥

**ਇਹੁ ਮੁੰਡੀਆ ਸਗਲੁ ਦ੍ਰਬੁ ਖੋਈ॥**

**ਆਵਤ ਜਾਤ ਨਾਕਸਰ ਹੋਈ॥ ੧॥ ਰਹਾਉ॥**

ਨਾਕਸਰ = ਨੱਕ ਤਕ।

ਏਨ੍ਹਾਂ ਮੁੰਡਿਆਂ ਨੇ ਸਾਡਾ ਸਾਰਾ ਧਨ ਨਾਸ ਕਰ ਦਿਤਾ ਹੈ ਏਹੁ ਮੇਰੇ ਪਤੀ ਪਾਸ ਰਾਤ ਦਿਨੇ ਔਂਦੇ ਜਾਂਦੇ ਰੈਂਹਦੇ ਹਨ ਮੇਰੀ ਨੱਕ ਜਾਨ ਆ ਗਈ ਹੈ,ਵਾ ਇਸ ਵਿਚ ਕੋਈ ਕਸਰ ਨਹੀਂ ਰਹੀ।

**ਤੁਰੀ ਨਾਰਿ ਕੀ ਛੋਡੀ ਬਾਤਾ॥**

**ਰਾਮ ਨਾਮ ਵਾਕਾ ਮਨੁ ਰਾਤਾ॥**

ਤੁਰੀ = ਜਿਸ ਉਤੇ ਕਪੜਾ ਵਲੇਟੀਦਾ ਹੈ। ਨਾਰ = ਨਾਲਾਂ।

ਤੁਰ ਨਾਲਾਂ ਦੀ ਗੱਲ ਹੀ ਛੱਡ ਦਿੱਤੀ ਹੈ ਵਾਹਿਗੁਰੂ ੇ ਨਾਮ ਵਿਚ ਉਸਦਾ ਮਨ ਰੱਤਾ ਹੈ।

**ਲਰਿਕੀ ਲਰਿਕਨ ਖੈਬੋ ਨਾਹਿ॥**

**ਮੁੰਡੀਆ ਅਨਦਿਨੁ ਧਾਪੇ ਜਾਹਿ॥ ੨॥**

ਧਾਪੇ = ਰੱਜੇ

ਲੜਕੀ ਲੜਕਿਆਂ ਦੇ ਖਾਣ ਵਾਸਤੇ ਨਹੀਂ ਸਾਧ ਰਾਤ ਦਿਨੇ

(ਸਾਡੇ ਘਰੋਂ) ਰਜੇ ਜਾਂਦੇ ਹਨ ॥

**ਇਕ ਦੁਇ ਮੰਦਰਿ ਇਕ ਦੁਇ ਬਾਟ ॥**
**ਹਮ ਕਉ ਸਾਥਰੁ ਉਨ੍ ਕਉ ਖਾਟ ॥**

ਖਾਟ = ਮੰਜੀ।

ਇਕ ਦੋ ਘਰ ਵਿਚ ਹੁੰਦੇ ਹਨ, ਇਕ ਦੋ ਰਸਤੇ ਵਿਚ ਚਲੇ ਆਉਂਦੇ ਹਨ ਸਾਨੂੰ ਭੁੰਜੇ ਸੌਣਾਂ ਪੈਂਦਾ ਹੈ ਉਨ੍ਹਾਂ ਨੂੰ ਮੰਜੀਆਂ ਮਿਲਦੀਆਂ ਹਨ ॥

**ਮੂਡ ਪਲੋਸਿ ਕਮਰ ਬਧਿ ਪੋਥੀ ॥**
**ਹਮ ਕਉ ਚਾਬਨੁ ਉਨ ਕਉ ਰੋਟੀ ॥ ੩ ॥**

ਸਿਰ ਤੇ ਹੱਥ ਫੇਰਦੇ ਆਉਂਦੇ ਹਨ ਲੱਕ ਨਾਲ ਪੋਥੀਆਂ ਬੰਨ੍ਹੀਆਂ ਹੋਈਆਂ ਹੁੰਦੀਆਂ ਹਨ, ਸਾਨੂੰ ਦਾਣੇ ਚੱਬਣ ਨੂੰ ਮਿਲਦੇ ਹਨ ਉਨ੍ਹਾਂ ਨੂੰ ਰੋਟੀਆਂ।

**ਮੁੰਡੀਆ ਮੁੰਡੀਆ ਹੂਏ ਏਕ ॥**
**ਏ ਮੁੰਡੀਆ ਬੂਡਤ ਕੀ ਟੇਕ ॥**

ਸਾਰੇ ਸਾਧ ਇਕ ਹੋਏ (ਰਹਿੰਦੇ) ਹਨ ਏਨਾਂ ਮੁੰਡਿਆਂ ਨੇ ਡੁੱਬਣ ਦਾ ਆਸਰਾ ਲਿਆ ਹੈ ॥

**ਸੁਨਿ*ਅੰਧਲੀ ਲੋਈ ਬੇਪੀਰਿ ॥**
**ਇਨ੍ ਮੁੰਡੀਅਨ ਭਜਿ ਸਰਨਿ ਕਬੀਰ ॥ ੪ ॥ ੩ ॥ ੬ ॥**

ਕਬੀਰ ਜੀ ਕਹਿੰਦੇ ਹਨ, ਸੁਣ ਅੰਨ੍ਹੀ ਲੋਈ ਬੇਪੀਰ, ਏਨ੍ਹਾਂ ਸਾਧਾਂ ਦੀ ਤੂੰ ਵੀ ਸਰਨ ਲੈ ਭਾਵ ਸੇਵਾ ਕਰ ॥

**ਗੋਂਡ ॥ ਖਸਮੁ ਮਰੈ ਤਉ ਨਾਰਿ ਨ ਰੋਵੈ ॥**
**ਉਸੁ ਰਖਵਾਰਾ ਅਉਰੋ ਹੋਵੈ ॥**

ਸੂਮ ਮਰ ਜਾਵੇ ਤਾਂ ਦੌਲਤ ਨਹੀਂ ਰੋਂਦੀ ਉਸ ਦਾ ਰਖਵਾਲਾ ਹੋਰ ਹੋ ਜਾਂਦਾ ਹੈ ॥

**ਰਖਵਾਰੇ ਕਾ ਹੋਇ ਬਿਨਾਸ ॥**
**ਆਗੈ ਨਰਕੁ ਈਹਾ ਭੋਗ ਬਿਲਾਸ ॥ ੧ ॥**

---

*ਦੇਖੋ ਆਦਿ ਤੋਂ ਹੀ ਭਗਤਾਂ ਨੂੰ ਇਸਤੀਆਂ ਤੰਗ ਕਰਦੀਆਂ ਰਹੀਆਂ ਹਨ ਜਿਸ ਦੀ ਚੰਗੀ ਇਸਤ੍ਰੀ ਹੋਵੇ ਉਸਦੇ ਧੰਨ ਭਾਗ।

(ਜਦ) ਉਸ ਰਖਵਾਲੇ ਦਾ ਵੀ ਨਾਸ ਹੁੰਦਾ ਹੈ (ਤਾਂ) ਅਗੇ ਨਰਕ ਏਥੇ ਭੋਗ ਬਿਲਾਸ ॥

**ਏਕ ਸੁਹਾਗਨਿ ਜਗਤ ਪਿਆਰੀ ॥**
**ਸਗਲੇ ਜੀਅ ਜੰਤ ਕੀ ਨਾਰੀ ॥ ੧ ॥ ਰਹਾਉ ॥**

ਇਕ ਮਾਇਆ ਜਗਤ ਨੂੰ ਪਿਆਰੀ ਹੈ ਸਾਰਿਆਂ ਜੀਆਂ ਜੰਤਾਂ ਦੀ ਨਾਰੀ ਹੈ ॥

**ਸੋਹਾਗਨਿ ਗਲਿ ਸੋਹੈ ਹਾਰੁ ॥**
**ਸੰਤ ਕਉ ਬਿਖੁ ਬਿਗਸੈ ਸੰਸਾਰੁ ॥**

ਬਿਖੁ = ਵਿਹੁ । ਬਿਗਸੈ = ਖਿੜੇ ॥

ਮਾਇਆ ਦੇ ਗਲ ਵਿਚ ਹਾਰ ਸੋਭਦਾ ਹੈ (ਓਹ ਮਾਇਆ) ਸੰਤਾਂ ਨੂੰ ਵਿਹੁ ਵਾਂਗੂੰ ਹੈ ਪਰ ਸੰਸਾਰ (ਉਸ ਨੂੰ) ਵੇਖਕੇ ਖਿੜਦਾ (ਹਸਦਾ) ਹੈ ।

**ਕਰਿ ਸੀਗਾਰੁ ਬਹੈ ਪਖਿਆਰੀ ॥**
**ਸੰਤ ਕੀ ਠਿਠਕੀ ਫਿਰੈ ਬਿਚਾਰੀ ॥ ੨ ॥**

ਪਖਿਆਰੀ = ਵੇਸਵਾ ॥ ਠਿਠਕੀ = ਝਿੜਕੀ ॥

ਸਿੰਗਾਰ ਕਰਕੇ ਮਾਇਆ ਬੈਂਹਦੀ ਹੈ ਪਰ ਸੰਤਾਂ ਦੀ ਫਿਟਕਾਰੀ ਹੋਈ ਵਿਚਾਰੀ ਫਿਰਦੀ ਹੈ ।

**ਸੰਤ ਭਾਗਿ ਓਹ ਪਾਛੈ ਪਰੈ ॥ ਗੁਰ ਪਰਸਾਦੀ ਮਾਰਹੁ ਡਰੈ ॥**

ਓਹੋ ਮਾਇਆ ਦੌੜਕੇ ਸੰਤਾਂ ਦੇ ਪਿਛੇ ਪੈਂਦੀ ਹੈ ਭਾਵ ਮਗਰ ਹੋ ਜਾਂਦੀ ਹੈ ਗੁਰਾਂ ਦੀ ਕਿਰਪਾ ਕਰਕੇ ਮਾਰੋਂ ਡਰਦੀ ਹੈ ।

**ਸਾਕਤ ਕੀ ਓਹ ਪਿੰਡ ਪਰਾਇਣਿ ॥**
**ਹਮ ਕਉ ਦ੍ਰਿਸਟਿ ਪਰੈ ਤ੍ਰਖਿ ਡਾਇਣਿ ॥੩॥**

ਪਿੰਡ = ਸਰੀਰ ॥ ਤ੍ਰਖਿ = ਤਿੱਖੀ ਵਾ ਤਰਖ, ਤ੍ਰਿਟੰਗੇ ਉਤੇ ॥

ਪਰਾਇਣਿ = ਪ੍ਰਾਣ ਵਾ ਪਰਮ ਘਰ ।

ਸਾਕਤ ਆਦਮੀ ਦੇ ਸਰੀਰ ਦਾ ਤੇ ਓਹੁ ਮਾਯਾ ਪ੍ਰਾਣ (ਵਾ ਅੱਛਾ ਘਰ) ਬਣ ਰਹੀ ਹੈ "ਪਰ" ਸਾਡੀ ਓਹੁ ਤਿੱਖੀ ਡੈਣ (ਵਾ ਤ੍ਰਿਟੰਗੇ ਜਾਨਵਰ ਉਤੇ ਚੜ੍ਹਨ ਵਾਲੀ) ਦ੍ਰਿਸ਼ਟੀ ਮਤ ਪਵੇ (ਵਾ ਤਿੱਖੀ ਦਿਸਦੀ ਹੈ)

**ਹਮ ਤਿਸਕਾ ਬਹੁ ਜਾਨਿਆ ਭੇਉ ॥**
**ਜਬ ਹੂਏ ਕ੍ਰਿਪਾਲ ਮਿਲੇ ਗੁਰ ਦੇਉ ॥**

ਅਸਾਂ ਤਿਸਦਾ ਬਹੁਤ ਸਾਰਾ ਭੇਦ ਜਾਣ ਲਿਆ ॥ ਜਦ ਕਿਰਪਾਲੁ ਹੋਕੇ ਗੁਰਦੇਵ ਮਿਲੇ ॥

**ਕਹੁ ਕਬੀਰ ਅਬ ਬਾਹਰਿ ਪਰੀ ॥**
**ਸੰਸਾਰੈ ਕੈ ਅੰਚਲਿ ਲਰੀ । ੪ ॥ ੪ ॥ ੭ ॥**

ਅੰਚਲ = ਕਪੜੇ ਦਾ ਪੱਲਾ (ਲੜ)। ਲਰੀ = ਲੜੀ ਵਾ ਲੱਗੀ ਵਾ ਚਮਟ ਗਈ ॥

ਕਬੀਰ ਜੀ ਕਹਿੰਦੇ ਹਨ ਹੁਣ ਸਾਡੇ ਰਿਦੇ ਤੋਂ ਓਹ ਬਾਹਿਰ ਹੋ ਗਈ ਹੈ ਸੰਸਾਰੀਆਂ ਦੇ ਲੜ ਨਾਲ ਚੰਬੜ ਗਈ ਹੈ ॥

**ਗੋਂਡ ॥ ਗ੍ਰਿਹਿ ਸੋਭਾ ਜਾਕੈ ਰੇ ਨਾਹਿ ॥**
**ਆਵਤ ਪਹੀਆ ਖੂਧੇ ਜਾਹਿ ॥**

ਪਹੀਆ = ਪਰਾਹੁਣੇ ॥ ਖੂਧੇ = ਭੁਖੇ ॥ ਗ੍ਰਿਹਿ = ਘਰ ॥

(ਹੇ ਭਾਈ) ਜਿਸਦੇ ਘਰ ਵਿਚ (ਮਾਇਆ ਦੇ ਦਾਨ ਕਰਨ ਦੀ) ਸੋਭਾ ਨਹੀਂ, ਆਉਂਦੇ ਪਰਾਹੁਣੇ ਭੁਖੇ ਜਾਂਦੇ ਹਨ ॥

**ਵਾਕੈ ਅੰਤਰਿ ਨਹੀ ਸੰਤੋਖੁ ॥**
**ਬਿਨੁ ਸੋਹਾਗਨਿ ਲਾਗੈ ਦੋਖੁ ॥ ੧ ॥**

(ਠੀਕ ਹੈ) ਓਹਨਾਂ (ਪਰਾਹੁਣਿਆਂ) ਦੇ ਅੰਦਰ (ਅੰਨ ਖਾਧੇ ਬਿਨਾ) ਸੰਤੋਖ ਨਹੀਂ ਆਉਂਦਾ, ਬਿਨਾ ਮਾਇਆ ਤੋਂ ਦੋਖ ਲਗਦਾ ਹੈ ਭਾਵ ਜਿਸਦੇ ਘਰ ਮਾਇਆ ਹੈ ਅਤੇ ਓਹ ਹੱਛੇ ਬੰਨੇ ਨਹੀਂ ਲਾਂਉਦਾ ਇਸ ਲਈ ਉਸ ਨੂੰ ਪਰਾਹੁਣਿਆਂ ਸੰਤਾਂ ਦੀਆਂ ਬਦ ਅਸੀਸਾਂ ਲਗਦੀਆਂ ਹਨ ॥

**ਧਨੁ ਸੋਹਾਗਨਿ ਮਹਾ ਪਵੀਤ ॥**
**ਤਪੇ ਤਪੀਸਰ ਡੋਲੈ ਚੀਤ ॥ ੧ ॥ ਰਹਾਉ ॥**

ਪਵੀਤ = ਪਵਿਤ੍ਰ ।

ਧੰਨ ਸੁਹਾਗਣਿ ਮਹਾਂ ਪਵਿਤ੍ਰ ਹੈ ਜਿਸ ਦੇ ਬਦਲੇ ਤਪ ਕਰਦਿਆਂ ਤਪੀਸਰਾਂ ਦੇ ਚਿੱਤ ਵੀ ਡੋਲ ਜਾਂਦੇ ਹਨ ॥

**ਸੋਹਾਗਨਿ ਕਿਰਪਨ ਕੀ ਪੂਤੀ ॥**
**ਸੇਵਕ ਤਜਿ ਜਗਤ ਸਿਉ ਸੂਤੀ ॥**

ਸੋਹਾਗਣਿ ਸੂਮ ਦੀ ਪੁਤਰੀ ਹੈ, ਵਾਹਿਗੁਰੂ ਦੇ ਦਾਸਾਂ ਨੂੰ ਛਡਕੇ ਜਗਤ ਨਾਲ ਸੂਤੀ ਹੈ ਭਾਵ ਜਗਤ ਨੂੰ ਵਸ ਕੀਤਾ ਸੂ ॥

**ਸਾਧੂ ਕੈ ਠਾਢੀ ਦਰਬਾਰਿ ॥**
**ਸਰਨਿ ਤੇਰੀ ਮੋਕਉ ਨਿਸਤਾਰਿ ॥ ੨ ॥**

ਸਾਧੂ ਦੇ ਬੂਹੇ ਤੇ ਖੜੋਤੀ ਹੈ, ਮੈਂ ਤੇਰੀ ਸ਼ਰਨ ਹਾਂ ਮੈਨੂੰ ਤਾਰ ।

**ਸੋਹਾਗਨਿ ਹੈ ਅਤਿ ਸੁੰਦਰੀ ॥**
**ਪਗ ਨੇਵਰ ਛਨਕ ਛਨਹਰੀ ॥**

ਨੇਵਰ = ਝਾਂਜਰਾਂ ।

ਸੁਹਾਗਣਿ ਬਹੁਤ ਹੀ ਸੁੰਦਰੀ ਹੈ ਪੈਰੀਂ ਝਾਂਜਰਾਂ ਛਣਕ ੨ ਕਰਦੀਆਂ ਹਨ ਜਿਨ੍ਹਾਂ ਦਾ ਅਵਾਜ ਸੁਣਕੇ ਮੂਰਖਾਂ ਦਾ ਮਨ ਇਕ ਛਿਨ ਵਿਚ ਹਰਿਆ ਜਾਂਦਾ ਹੈ ।

**ਜਉ ਲਗੁ ਪ੍ਰਾਨ ਤਉ ਲਗੁ ਸੰਗੇ ॥**
**ਨਾਹਿ ਤ ਚਲੀ ਬੇਗਿ ਉਠਿ ਨੰਗੇ ॥ ੩ ॥**

ਜਿੰਨਾਂ ਚਿਰ ਪ੍ਰਾਣ ਜੀਵਾਂ ਦੇ ਨਾਲ ਹਨ ਓਨਾਂ ਚਿਰ ਏਹ ਮਾਇਆ ਵੀ ਏਨ੍ਹਾਂ ਦੇ ਨਾਲ ਹੈ ਜਦ ਪ੍ਰਾਣ ਨਹੀਂ ਰਹਿੰਦੇ ਤਾਂ ਮਾਇਆ ਵੀ ਜੀਵਾਂ ਨੂੰ ਨੰਗਿਆਂ ਛਡਕੇ ਛੇਤੀ ਨਾਲ ਉਠਕੇ ਚਲੀ ਜਾਂਦੀ ਹੈ ॥

**ਸੋਹਾਗਨਿ ਭਵਨ ਤ੍ਰੈ ਲੀਆ ॥**
**ਦਸ ਅਠ ਪੁਰਾਣ ਤੀਰਥ ਰਸ ਕੀਆ ॥**

ਭਵਨ = ਘਰ ॥

ਤਿੰਨੇ ਲੋਕ ਸੁਹਾਗਣ ਨੇ ਵਸ ਕਰ ਲਏ ਹਨ, ਅਠਾਰਾਂ ਪੁਰਾਣਾਂ ਦੇ ਕਰਤਿਆਂ ਤੀਰਥ ਨਿਵਾਸੀਆਂ ਦੇ ਮਨ ਵਿਚ ਇਸਨੇ ਆਪਣਾਂ ਅਨੰਦ ਪਰਵੇਸ਼ ਕੀਤਾ ਹੈ (ਵਾਹਿਗੁਰੂ ਦਾ ਅਨੰਦ ਨਹੀਂ ਰਹਿਣ ਦਿਤਾ) ।

**ਬ੍ਰਹਮਾ ਬਿਸਨੁ ਮਹੇਸਰ ਬੇਧੇ ॥**
**ਬਡੇ ਭੂਪਤਿ ਰਾਜੇ ਹੈ ਛੇਧੇ ॥ ੪ ॥**

ਬੇਧੇ = ਵਿੰਨ੍ਹੇ, ਬੰਨ੍ਹੇ ਮਿਲੇ ਹੋਏ ਹਨ

ਬ੍ਰਹਮਾ, ਬਿਸ਼ਨ, ਮਹੇਸ਼ (ਵਰਗੇ ਇਸਨੇ) ਵਿੰਨ੍ਹ ਸੁੱਟੇ ਹਨ ਵਡੇ ਵਡੇ ਧਰਤੀ ਦੇ ਰਾਜੇ ਇਸਨੇ ਛਿਲ ਸੁਟੇ ਹਨ ॥

ਪਾਂਚ = ਪੰਚ ਇੰਦ੍ਰੇ ॥ ਨਾਰਦ = ਮੁਨੀ, ਮੁਰਾਦ ਨੱਚਣ ਵਾਲਾ ।

**ਸੋਹਾਗਨਿ ਉਰਵਾਰਿ ਨ ਪਾਰਿ ॥**
**ਪਾਂਚ ਨਾਰਦ ਕੈ ਸੰਗਿ ਬਿਧਵਾਰਿ ॥**

ਉਰਵਾਰਿ = ਉਰਲਾ ਬੰਨਾਂ। ਬਿਧ ਵਾਰਿ = ਮਿਲ ਰਹੀ ਹੈ

ਸੁਹਾਗਣ ਦਾ ਕੋਈ ਆਦਿ ਅੰਤ ਨਹੀਂ ਭਾਵ ਜੀਵਾਂ ਨੂੰ ਆਪਣੇ ਪਾਸੇ ਹੀ ਲਾ ਛਡਿਆ ਸੂ ਪਰ ਵਾਹਿਗੁਰੂ ਵੱਲ ਨਹੀਂ ਜਾਣ ਦੇਂਦੀ, ਪੰਜਾਂ ਗਿਆਨ ਇੰਦ੍ਰੀਆਂ ਦੇ ਨਾਲ ਮਿਲੀ ਹੋਈ ਹੈ ਭਾਵ ਵਸ ਕੀਤਾ ਹੋਇਆ ਸੂ ਅਤੇ ਛੇਵੇਂ ਨੱਚਣ ਵਾਲੇ ਮਨ ਨੂੰ ਵੀ ਵੱਸ ਕੀਤਾ ਸੂ ॥

**ਪਾਂਚ ਨਾਰਦ ਕੇ ਮਿਟਵੇ ਫੂਟੇ ॥**

**ਕਹੁ ਕਬੀਰ ਗੁਰ ਕਿਰਪਾ ਛੂਟੇ ॥ ੫ ॥ ੫ ॥ ੮ ॥**

ਪਾਂਚ = ਪੰਜ ਇੰਦ੍ਰੇ ॥ ਨਾਰਦ = ਮੁਨੀ,ਮਨ ॥ ਮਿਟਵੇ = ਵਾਜੇ ॥

ਪੰਜਾਂ ਇੰਦ੍ਰਿਆਂ ਛੇਵੇਂ ਮਨ ਦੇ ਵਾਜੇ (ਵਿਸ਼ੇ ਦੂਰ ਹੋਏ ਹਨ) ਟੁੱਟ ਗਏ ਹਨ ਕਬੀਰ ਜੀ ਕਹਿੰਦੇ ਹਨ ਗੁਰਾਂ ਦੀ ਕਿਰਪਾ ਕਰਕੇ ਅਸੀਂ ਛੁੱਟ ਗਏ ਹਾਂ ॥

**ਗੋਂਡ ॥ ਜੈਸੇ ਮੰਦਰ ਮਹਿ ਬਲਹਰ ਨਾ ਠਾਹਰੈ ॥**

**ਨਾਮ ਬਿਨਾ ਕੈਸੇ ਪਾਰਿ ਉਤਰੈ ॥**

ਬਲ = ਵਲਾ, ਥੰਮਾ ॥ ਹਰ = ਨਾਸ, ਖਿਚਣਾਂ ॥

ਜਿੱਕੁਰ ਮਕਾਨ ਵਿੱਚੋਂ ਥੰਮਾ ਖਿਚਿਆ ਜਾਵੇ ਤਾਂ ਮਕਾਨ ਨਹੀਂ ਠੈਹਰਦਾ ਇੱਕੁਰ ਹੀ ਜੀਵ ਨਾਮ ਤੋਂ ਬਿਨਾਂ ਕਿੱਕੁਰ ਪਾਰ ਉਤਰੇ (ਵਾਹਿਗੁਰੂ ਨੂੰ ਮਿਲੇ)

**ਕੁੰਭ ਬਿਨਾ ਜਲੁ ਨਾ ਟੀਕਾਵੈ ॥**

**ਸਾਧੂ ਬਿਨੁ ਐਸੇ ਅਬਗਤੁ ਜਾਵੈ ॥ ੧ ॥**

ਕੁੰਭ = ਘੜਾ ॥

ਜਿੱਕੁਰ ਘੜੇ ਤੋਂ ਬਿਨਾ ਪਾਣੀ ਕੋਈ ਨਹੀਂ ਟਕਾ ਸਕਦਾ ਇੱਕੁਰ ਹੀ ਸਾਧੂ ਤੋਂ ਬਿਨਾਂ ਜੀਵ ਅਵਗਤਾ ਜਾਂਦਾ ਹੈ ॥

**ਜਾਰਉ ਤਿਸੈ ਜੁ ਰਾਮੁ ਨ ਚੇਤੈ ॥**

**ਤਨ ਮਨ ਰਮਤ ਰਹੈ ਮਹਿ ਖੇਤੈ ॥ ੧ ॥ ਰਹਾਉ ॥**

ਰਮਤ = ਰਮਿਆ, ਲਗਾ ਹੋਯਾ ॥

ਸਰੀਰ ਰੂਪ ਖੇਤ ਵਿਚ ਹੀ ਜਿਸਦਾ ਮਨ ਲਗਾ ਰਹਿੰਦਾ ਹੈ ਅਤੇ ਵਾਹਿਗੁਰੂ ਨੂੰ ਯਾਦ ਨਹੀਂ ਕਰਦਾ ਉਸ ਨੂੰ ਮੈਂ ਸਾੜ ਸੁੱਟਾਂ ॥

**ਜੈਸੇ ਹਲਹਰ ਬਿਨਾ ਜਿਮੀ ਨਹੀ ਬੋਈਐ ॥**

**ਸੂਤ ਬਿਨਾ ਕੈਸੇ ਮਣੀ ਪਰੋਈਐ ॥**

ਹਲਹਰ = ਹਲਧਰ, ਹਲ ਚੁਕਣ ਵਾਲਾ
ਜ਼ਿਮੀਦਾਰ, ਵਾ ਬੱਦਲ ਵਾ ਹਲ ਪਾਣੀ ।

ਜਿਕੁਰ ਜ਼ਿਮੀਦਾਰ ਤੋਂ ਬਿਨਾ ਜ਼ਿਮੀ ਨਹੀਂ ਬੀਜੀ ਜਾਂਦੀ, ਜਿੱਕੁਰ ਧਾਗੇ ਤੋਂ ਬਿਨਾਂ ਮਣਕੇ ਕਿੱਕੁਰ ਪਰੋਈਏ ਭਾਵ ਧਾਗੇ ਮਣਕੇ ਬਿਨਾ ਮਾਲਾ ਨਹੀਂ ਬਣਦੀ ॥

**ਘੁੰਡੀ ਬਿਨੁ ਕਿਆ ਗੰਠਿ ਚੜ੍ਹਾਈਐ ॥**
**ਸਾਧੂ ਬਿਨੁ ਤੈਸੇ ਅਬਗਤੁ ਜਾਈਐ ॥ ੨ ॥**

ਘੁੰਡੀ ਤੋਂ ਬਿਨਾਂ ਗੰਢ ਕਿੱਕੁਰ ਚੜ੍ਹਾਈ ਜਾਂਦੀ ਹੈ ਤਿੱਕੁਰ ਹੀ ਸਾਧੂ ਤੋਂ ਬਿਨਾ ਅਵਗਤ ਜਾਈਦਾ ਹੈ ॥

**ਜੈਸੇ ਮਾਤ ਪਿਤਾ ਬਿਨੁ ਬਾਲੁ ਨ ਹੋਈ ॥**
**ਬਿੰਬ ਬਿਨਾ ਕੈਸੇ ਕਪਰੇ ਧੋਈ ॥**

ਬਿੰਬ = ਪਾਣੀ ॥

ਜਿੱਕੁਰ ਮਾਂ ਪਿਓ ਤੋਂ ਬਿਨਾ ਬਾਲਕ ਨਹੀਂ ਹੁੰਦਾ, ਜਿੱਕੁਰ ਪਾਣੀ ਤੋਂ ਬਿਨਾਂ ਕਪੜੇ ਕਿੱਕੁਰ ਧੋਤੇ ਜਾਣ ਭਾਵ ਨਹੀਂ ਧੋਤੇ ਜਾਂਦੇ ॥

**ਘੋਰ ਬਿਨਾ ਕੈਸੇ ਅਸਵਾਰ ॥**
**ਸਾਧੂ ਬਿਨੁ ਨਾਹੀ ਦਰਵਾਰ ॥ ੩ ॥**

(ਜਿੱਕੁਰ) ਘੋੜੇ ਤੋਂ ਬਿਨਾਂ ਕਿੱਕੁਰ ਅਸਵਾਰ ਹੋ ਸਕਦਾ ਹੈ, (ਤਿੱਕੁਰ) ਸਾਧੂ ਤੋਂ ਬਿਨਾ ਵਾਹਿਗੁਰੂ ਦੇ ਦਰਬਾਰ ਦੀ ਪ੍ਰਾਪਤੀ ਨਹੀਂ ਹੁੰਦੀ ॥

**ਜੈਸੇ ਬਾਜੇ ਬਿਨੁ ਨਹੀ ਲੀਜੈ ਫੇਰੀ ॥**
**ਖਸਮਿ ਦੁਹਾਗਨਿ ਤਜਿ ਅਉਹੇਰੀ ॥**

ਅਉਹੇਰੀ = ਦੇਖੀ ।

ਜਿੱਕੁਰ ਵਾਜੇ ਤੋਂ ਬਿਨਾਂ ਭੁਆਟਨੀ ਨਹੀਂ ਲਈ ਜਾਂਦੀ, ਜਿੱਕੁਰ ਖਸਮ ਛਡੇ ਤੋਂ ਬਿਨਾ ਦੁਹਾਗਣ ਇਸਤ੍ਰੀ ਨਹੀਂ ਵੇਖਦੀ ਭਾਵ ਜੇ ਖਸਮ ਨੂੰ ਛਡੇ ਤਾਂ ਦੁਹਾਗਣਿ ਹੁੰਦੀ ਹੈ ॥

**ਕਹੈ ਕਬੀਰ ਏਕੈ ਕਰਿ ਕਰਨਾ ॥**
**ਗੁਰਮੁਖਿ ਹੋਇ ਬਹੁਰਿ ਨਹੀ ਮਰਨਾ ॥ ੪ ॥ ੬ ॥ ੯ ॥**

ਕਰਨਾ = ਕਿਰਪਾ ।

ਕਬੀਰ ਜੀ ਕਹਿੰਦੇ ਹਨ ਹੇ ਵਾਹਿਗੁਰੂ ਇਕ ਸਾਡੇ ਤੇ ਕਿਰਪਾ ਕਰ ਜੋ ਅਸੀਂ ਗੁਰਮੁਖ ਹੋਈਏ ਅਤੇ ਸਾਡਾ ਫਿਰ ਜਨਮ ਨਾਂ ਹੋਵੇ।

( ਨਿੰਦਕਾਂ ਨੂੰ ਉਪਦੇਸ਼ )

**ਗੋਂਡ ॥ ਕੂਟਨੁ ਸੋਇ ਜੁ ਮਨ ਕਉ ਕੂਟੈ ॥**

**ਮਨ ਕੂਟੈ ਤਉ ਜਮ ਤੇ ਛੂਟੈ ॥**

ਕੁੱਟਣ ਸੋ ਕਹੀਦਾ ਹੈ ਜੋ ਮਨ ਨੂੰ ਮਾਰੇ ਮਨ ਨੂੰ ਮਾਰੇ ਤਾਂ ਜਮ ਤੋਂ ਛੁਟ ਜਾਂਦਾ ਹੈ।

**ਕੁਟਿ ਕੁਟਿ ਮਨੁ ਕਸਵਟੀ ਲਾਵੈ ॥**

**ਸੋ ਕੂਟਨੁ ਮੁਕਤਿ ਬਹੁ ਪਾਵੈ ॥ ੧ ॥**

ਮਨ ਨੂੰ ਕੁੱਟ ਕੁੱਟ ਕੇ ( ਭਗਤੀ ਰੂਪ ) ਕਸਵਟੀ ਉਤੇ ਲਾਵੇ, ਓਹ ਮਨ ਨੂੰ ਕੁੱਟਣ ਵਾਲਾ ਵਡੀ ਮੁਕਤੀ ਨੂੰ ਪਾ ਲੈਂਦਾ ਹੈ।

**ਕੂਟਨ ਕਿਸੈ ਕਹਹੁ ਸੰਸਾਰ ॥**

**ਸਗਲ ਬੋਲਨ ਕੇ ਮਾਹਿ ਬੀਚਾਰ ॥ ੧ ॥ ਰਹਾਉ ॥**

ਹੇ ਲੋਕੋ ਤੁਸੀ ਕੁੱਟਣ ਵਾਲਾ ਕਿਸ ਨੂੰ ਕਹਿੰਦੇ ਕਿਉਂਕਿ ਵਿਚਾਰਵਾਨਾਂ ਦੇ ਤਾਂ ਸਾਰਿਆਂ ਬੋਲਾਂ ਵਿਚੋਂ ਚੰਗਾ ਵਿਚਾਰ ਨਿਕਲਦਾ ਹੈ।

**ਨਾਚਨੁ ਸੋਇ ਜੁ ਮਨ ਸਿਉ ਨਾਚੈ ॥**

**ਝੂਠਿ ਨ ਪਤੀਐ ਪਰਚੈ ਸਾਚੈ ॥**

ਅਸਲ ਨੱਚਣ ਵਾਲਾ ਓਹ ਹੈ ਜੇਹੜਾ ਮਨ ਨਾਲ ( ਵਾਹਿਗੁਰੂ ਵਾਸਤੇ ) ਨੱਚੇ, ਝੂਠਿਆਂ ਵਿੱਚ ਨਾ ਪਤੀਜੇ ਸੱਚੇ ਪਰਚੇ ਵਿੱਚ ਪਰਚੇ।

**ਇਸੁ ਮਨ ਆਗੇ ਪੂਰੈ ਤਾਲ ॥**

**ਇਸੁ ਨਾਚਨ ਕੇ ਮਨ ਰਖਵਾਲ ॥ ੨ ॥**

ਇਸ ਮਨ ਅੱਗੇ ਤਾਲ ਪੂਰੇ, ਇਸਤਰਾਂ ਦੇ ਨੱਚਣ ਵਾਲੇ ਦਾ ਮਨ ਕਰਕੇ ਵਾਹਿਗੁਰੂ ਰਖਵਾਲਾ ਹੁੰਦਾ ਹੈ ਵਾ ਮਨ ਦਾ ਰਾਖਾ ਹੁੰਦਾ ਹੈ।

**ਬਜਾਰੀ ਸੋ ਜੁ ਬਜਾਰਹਿ ਸੋਧੈ ॥**

**ਪਾਂਚ ਪਲੀਤਹ ਕਉ ਪਰਬੋਧੈ ॥**

ਮਸਕਰਾ ਸੋ ਹੈ ਜੋ ਆਪਣੇ ਬਾਜ਼ਾਰ ਵਤ ਵਿਸ਼ਿਆਂ ਨੂੰ ਸੋਧੇ ਪੰਜਾਂ ਅਪਵਿਤ੍ਰ ਇੰਦ੍ਰੀਆਂ ਨੂੰ ( ਵਾਹਿਗੁਰੂ ਦੇ ਗਿਆਨ ) ਉਪਦੇਸ਼ ਦੇਵੇ।

**ਨਉ ਨਾਇਕ ਕੀ ਭਗਤਿ ਪਛਾਨੈ ।**
**ਸੋ ਬਾਜਾਰੀ ਹਮ ਗੁਰ ਮਾਨੇ ॥ ੩ ॥**

ਜੇਹੜਾ ਸੁਆਮੀ ਵਾਹਿਗੁਰੂ ਦੀ ਨੌਂ ਤਰਾਂ ਦੀ ਭਗਤੀ ਪਛਾਣੇ ਤਿਸ ਮਸਕਰੇ ਨੂੰ ਅਸੀਂ ਗੁਰੂ ਮੰਨਦੇ ਹਾਂ।

**ਤਸਕਰੁ ਸੋਇ ਜਿ ਤਾਤਿ ਨ ਕਰੈ ॥**
**ਇੰਦ੍ਰੀ ਕੈ ਜਤਨਿ ਨਾਮੁ ਉਚਰੈ ॥**

ਤਸਕਰੁ = ਚੋਰ। ਤਾਤਿ = ਇੱਛਾ ।

ਚੋਰ ਉਹ ਹੈ ਜੇਹੜਾ ਕਿਸੇ ਚੀਜ ਦੀ ਇੱਛਾ ਹੀ ਨਾ ਕਰੇ ਤਕੜੇ ਯਤਨ ਨਾਲ ਇੰਦ੍ਰੀਆਂ ਨੂੰ ਰੋਕਕੇ ਵਾਹਿਗੁਰੂ ਦਾ ਨਾਮ ਉਚਾਰੇ।

**ਕਹੁ ਕਬੀਰ ਹਮ ਐਸੇ ਲਖਨ ॥**
**ਧੰਨੁ ਗੁਰਦੇਵ ਅਤਿ ਰੂਪ ਬਿਚਖਨ ॥ ੪ ॥ ੭ ॥ ੧੦ ॥**

ਬਿਚਖਨ = ਚਤਰ।

ਕਬੀਰ ਜੀ ਕਹਿੰਦੇ ਹਨ ਹੇ ਲੋਕੋ ਸਾਡੇ ਵਿੱਚ ਇੱਕੁਰ ਦੇ ਲੱਛਨ ਹਨ ਧੰਨ ਸਾਡੇ ਗੁਰਦੇਵ ਹਨ ਜਿਨਾਂ ਦੀ ਕਿਰਪਾ ਕਰਕੇ ਅਸੀਂ ਬਾਹਲੇ ਰੂਪ ਵਾਲੇ ਚਤਰ ਹੋ ਗਏ ਹਾਂ।

(ਅੰਨ ਨੂੰ ਛਡਿਆਂ ਰੱਬ ਨਹੀਂ ਮਿਲਦਾ)

**ਗੋਂਡ ॥ ਧੰਨੁ ਗੁਪਾਲ ਧੰਨੁ ਗੁਰਦੇਵ ॥**
**ਧੰਨੁ ਅਨਾਦਿ ਭੂਖੇ ਕਵਲੁ ਟਹਕੇਵ ॥**

ਅਨਾਦਿ = ਅੰਨ। ਕਵਲੁ = ਕੌਲ ਫੁੱਲ, (ਰਿਦਾ। ਟਹਕੇਵ = ਖਿੜਦਾ ਹੈ।)

ਧੰਨ ਵਾਹਿਗੁਰੂ ਹੈ, ਧੰਨ ਗੁਰਦੇਵ ਹਨ, ਧੰਨ ਅੰਨ ਹੈ ਜੇਹੜਾ ਭੁੱਖੇ ਦਾ ਰਿਦਾ ਪ੍ਰਸੰਨ ਕਰ ਦੇਂਦਾ ਹੈ।

**ਧਨੁ ਓਇ ਸੰਤ ਜਿਨ ਐਸੀ ਜਾਨੀ ॥**
**ਤਿਨ ਕਉ ਮਿਲਿਬੋ ਸਾਰਿੰਗਪਾਨੀ ॥ ੧ ॥**

ਸਾਰਿੰਗ = ਧਨਖ, ਪਪੀਹਾ। ਪ੍ਰਾਣੀ = ਹੱਥ ਵਾ ਜਲ।

ਧੰਨ ਉਹ ਸੰਤ ਹਨ ਜਿਨਾਂ ਨੇ ਇਕੁਰ ਦੀ (ਵਾਹਿਗੁਰੂ ਦੀ ਭਗਤੀ ਕਰਨੀ) ਜਾਣੀ ਹੈ ਤਿਨਾਂ ਨੂੰ ਹੀ ਵਾਹਿਗੁਰੂ ਮਿਲੇਗਾ।

**ਆਦਿ ਪੁਰਖ ਤੇ ਹੋਇ ਅਨਾਦਿ ॥**
**ਜਪੀਐ ਨਾਮੁ ਅੰਨ ਕੈ ਸਾਦਿ ॥ ੧ ॥ ਰਹਾਉ ॥**

ਵਾਹਿਗੁਰੂ ਤੋਂ ਹੀ ਅੰਨ ਹੋਇਆ ਹੈ, ਅੰਨ ਦੇ ਸੁਆਦ ਨਾਲ ਹੀ ਨਾਮ ਜਪਿਆ ਜਾਂਦਾ ਹੈ ਭਾਵ ਅੰਨ ਦੇ ਖਾਣ ਨਾਲ।

**ਜਪੀਐ ਨਾਮੁ ਜਪੀਐ ਅੰਨੁ ॥**

**ਅੰਭੈ ਕੈ ਸੰਗਿ ਨੀਕਾ ਵੰਨੁ ॥**

ਅੰਭੈ = ਪਾਣੀ ॥ ਨੀਕਾ = ਚੰਗਾ। ਵੰਨੁ = ਰੰਗ ॥

ਨਾਮ ਨੂੰ ਜਪੀਏ, ਅੰਨ ਨੂੰ ਵੀ ਨਾਮ ਵਾਂਙੂ ਜਪੀਏ ਪਾਣੀ ਕਰਕੇ ਅੰਨ ਦਾ ਚੰਗਾ ਰੰਗ ਹੋ ਜਾਂਦਾ ਹੈ ॥

**ਅੰਨੈ ਬਾਹਰਿ ਜੋ ਨਰ ਹੋਵਹਿ ॥**

**ਤੀਨਿ ਭਵਨ ਮਹਿ ਅਪਨੀ ਖੋਵਹਿ ॥ ੨ ॥**

ਜੇਹੜਾ ਆਦਮੀ ਅੰਨ ਤੋਂ ਬਿਨਾਂ ਹੁੰਦਾ ਹੈ ਓਹੁ ਤਿੰਨਾਂ ਲੋਕਾਂ ਵਿਚ ਆਪਣੀ ਇੱਜ਼ਤ ਬਰਦਾਦ ਕਰ ਲੈਂਦਾ ਹੈ ॥

**ਛੋਡਹਿ ਅੰਨੁ ਕਰਹਿ ਪਾਖੰਡ ॥**

**ਨਾ ਸੋਹਾਗਨਿ ਨਾ ਓਹਿ ਰੰਡ ॥**

ਜੇਹੜੇ ਅੰਨ ਛਡਕੇ (ਦੂਧਾਧਾਰੀ) ਪਾਖੰਡ ਕਰਦੇ ਹਨ ਓਹੁ ਨਾ ਸੁਹਾਗਣਾਂ ਵਾਂਙੂ ਹਨ ਨਾ ਰੰਡੀਆਂ ਵਾਂਙੂ ਹਨ ਭਾਵ ਨਾ ਉਨ੍ਹਾਂ ਨੂੰ ਵਾਹਿਗੁਰੂ ਮਿਲਿਆ ਅਤੇ ਨਾ ਓਹਨਾ ਦਾ ਨਾਮ ਰੰਡੀਆਂ ਵਿਚ ਲਿਖਿਆ ਗਿਆ ॥

**ਜਗ ਮਹਿ ਬਕਤੇ ਦੂਧਾਧਾਰੀ ॥**

**ਗੁਪਤੀ ਖਾਵਹਿ ਵਟਿ ਕਾਸਾਰੀ ॥ ੩ ॥**

ਵਟਿ = ਲੱਡੂ ਵਟਕੇ ॥ ਕਾਸਾਰੀ = ਪੰਜੀਰੀ।

ਜਗ ਵਿਚ ਬਕਦੇ ਹਨ ਕਿ ਅਸੀ ਦੂਧਾਧਾਰੀ ਹਾਂ ਰਾਤ ਨੂੰ ਗੁਪਤੀ ਲੱਡੂ ਪੰਜੀਰੀ (ਆਦਿਕ ਦੇ ਵੱਟੀ ਵੱਟੀ ਸੇਰ ਸੇਰ ਮਹੂੰਡੇ ਵੱਟਕੇ) ਖਾ ਜਾਂਦੇ ਹਨ।

**ਅੰਨੈ ਬਿਨਾ ਨ ਹੋਇ ਸੁਕਾਲੁ ॥**

**ਤਜਿਐ ਅੰਨਿ ਨ ਮਿਲੈ ਗੁਪਾਲੁ ॥**

ਅੰਨ ਤੋਂ ਬਿਨਾਂ ਸੁਕਾਲ (ਚੰਗਾ ਸਮਾ) ਨਹੀਂ ਹੁੰਦਾ ਅੰਨ ਨੂੰ ਛੱਡਣ ਨਾਲ ਵਾਹਿਗੁਰੂ ਨਹੀਂ ਮਿਲਦਾ ॥

**ਕਹੁ ਕਬੀਰ ਹਮ ਐਸੇ ਜਾਨਿਆ ॥**

**ਧੰਨੁ ਅਨਾਦਿ ਠਾਕੁਰ ਮਨੁ ਮਾਨਿਆ ॥ ੪ ॥ ੮ ॥ ੧੧ ॥**

ਕਬੀਰ ਜੀ ਕਹਿੰਦੇ ਹਨ ਮੈਂ ਇੱਕੁਰ ਜਾਣਿਆਂ ਹੈ ਕਿ ਧੰਨ ਅੰਨ ਹੈ

ਜਿਸ ਕਰਕੇ ਅਸਾਂ ਜੀਵਾਂ ਦਾ ਮਨ ਵਾਹਿਗੁਰੂ ਵਿਚ ਮੰਨਦਾ ਹੈ ਵਾ ਵਾਹਿਗੁਰੂ ਨੇ ਵੀ ਅੰਨ ਨੂੰ ਚੰਗਾ ਮਨ ਵਿਚ ਮੰਨਿਆਂ ਹੈ ॥

ਰਾਗੁ ਗੋਂਡ ਬਾਣੀ ਨਾਮਦੇਉ ਜੀ ਕੀ ਘਰੁ ੧

੧ ਓ ਸਤਿਗੁਰਪ੍ਰਸਾਦਿ ॥

**ਅਸੁਮੇਧ ਜਗਨੇ ॥ ਤੁਲਾ ਪਰਖ ਦਾਨੇ ॥ ਪ੍ਰਾਗ ਇਸਨਾਨੇ ॥੧॥**

**ਤਉ ਨ ਪੁਜਹਿ ਹਰਿ ਕੀਰਤਿ ਨਾਮਾ ॥**

**ਅਪੁਨੇ ਰਾਮਹਿ ਭਜੁ ਰੇ ਮਨ ਆਲਸੀਆ ॥ ੧ ॥ ਰਹਾਉ ॥**

(ਭਾਵੇਂ ਕੋਈ) ੧ ਅਸਮੇਧ ਜਗ ਕਰੇ, ੨ ਭਾਵੇਂ ਕੋਈ ਆਦਮੀ ਆਪਣੇ ਬਰਾਬਰ ਸੋਨਾ ਆਦਿਕ ਤੋਲਕੇ ਦਾਨ ਕਰੇ ਵਾ ਪੁਰਖ ਦੇ ਅੰਗ ਸੋਨੇ ਨਾਲ ਮੜ੍ਹਕੇ ਦਾਨ ਕਰੇ, ੩ ਪ੍ਰਾਗ ਆਦਿਕ ਤੀਰਥਾਂ ਦਾ ਇਸ਼ਨਾਨ ਕਰੇ ੪ ਫਿਰ ਵੀ ਨਾਮ ਦੇਵ ਜੀ ਕਹਿੰਦੇ ਹਨ ਉਪਰੋਕਤ (ਦਾਨ ਕਰਨ ਵਾਲੇ ਵਾ) ਦਾਨ ਵਾਹਿਗੁਰੂ ਦੇ ਕੀਰਤਨ (ਵਾ ਭਗਤ) ਬਰਾਬਰ ਨਹੀਂ ਹੋ ਸਕਦੇ, ੫ ਹੇ ਮਨ ਆਲਸੀਆ ਆਪਣੇ ਵਾਹਿਗੁਰੂ ਨੂੰ ਯਾਦ ਕਰ ॥

**ਗਇਆ ਪਿੰਡੁ ਭਰਤਾ ॥ ਬਨਾਰਸਿ ਅਸਿ ਬਸਤਾ ॥**

**ਮੁਖਿ ਬੇਦ ਚਤੁਰ ਪੜਤਾ ॥ ੨ ॥**

ਅਸਿ = ਹੈ । ਵਾ = ਐਸਾ ॥

(ਭਾਵੇਂ ਕੋਈ) ੧ ਗਇਆ ਤੇ ਜਾਕੇ ਪਿਤਰਾਂ ਵਾਸਤੇ ਪਿੰਡ ਭਰੌਂਦਾ ਫਿਰੇ, ੨ ਕਾਂਸ਼ੀ ਵਿਚ (ਇਕੁਰ) ਵਸੇ, ੩ ਮੂੰਹੋਂ ਚਵਾਂ ਵੇਦਾ ਦਾ ਉਚਾਰਨ ਵਾਲਾ ਹੋਵੇ ॥

**ਸਗਲ ਧਰਮ ਅਛਿਤਾ ॥ ਗੁਰ ਗਿਆਨ ਇੰਦ੍ਰੀ ਦ੍ਰਿੜਤਾ ॥**

**ਖਟੁ ਕਰਮ ਸਹਿਤ ਰਹਤਾ ॥ ੩ ॥**

ਅਛਿਤਾ = ਰਹਤ, ਸੰਯੁਕਤਿ ॥

ਸਾਰਿਆਂ ਧਰਮਾਂ ਦੇ ਸੰਯੁਕਤਿ (ਭਾਵੇਂ) ਹੋਵੇ, ਗੁਰਾਂ ਦੇ ਉਪਦੇਸ਼ ਕਰਕੇ ਇੰਦ੍ਰੀਆਂ ਨੂੰ ਰੋਕਣ ਵਾਲਾ ਵੀ ਹੋਵੇ, ਛੇ ਤਰਾਂ ਦੇ ਕਰਮਾਂ ਦੀ ਰਹਤ ਦੇ ਸੰਯੁਕਤਿ ਹੋਵੇ ॥

**ਸਿਵਾ ਸਕਤਿ ਸੰਬਾਦੰ ॥ ਮਨ ਛੋਡਿ ਛੋਡਿ ਸਗਲ ਭੇਦੰ ॥**

**ਸਿਮਰਿ ਸਿਮਰਿ ਗੋਬਿੰਦੰ ॥**

**ਭਜੁ ਨਾਮਾ ਤਰਸਿ ਭਵ ਸਿੰਧੰ ॥ ੪ ॥ ੧ ॥**

ਭਵ = ਸੰਸਾਰ। ਸਿੰਧੰ = ਸਮੁੰਦ੍ਰ।

ਸ਼ਿਵਜੀ ਪਾਰਬਤੀ ਦਾ ਝਗੜਾ (ਰਾਮਾਇਣ) ਵੀ ਜਾਣਦਾ ਹੋਵੇ (ਪਰ ਨਾਮ ਬਿਨਾ ਨਹੀਂ ਤਰ ਸਕਦਾ) ਇਸ ਲਈ ਹੇ ਮਨ ਸਾਰੇ ਭੇਦਾਂ ਨੂੰ ਛੱਡ ਦੇ, ਵਾਹਿਗੁਰੂ ਨੂੰ ਬਾਰ ਬਾਰ ਯਾਦ ਕਰ, ਨਾਮਦੇਵ ਜੀ ਕਹਿੰਦੇ ਹਨ ਨਾਮ ਨੂੰ ਯਾਦ ਕਰ ਅਤੇ ਸੰਸਾਰ ਸਮੁੰਦ੍ਰ ਤੋਂ ਤਰ ॥

## ਗੋਂਡ ॥ ਨਾਦ ਭ੍ਰਮੇ ਜੈਸੇ ਮਿਰਗਾਏ ॥
## ਪ੍ਰਾਨ ਤਜੇ ਵਾਕੋ ਧਿਆਨੁ ਨ ਜਾਏ ॥ ੧ ॥

ਨਾਦ = ਸ਼ਬਦ ॥ ਮਿਰਗਾਏ = ਹਰਨ ॥

ਜਿੱਕੁਰ ਘੰਡੇ ਹੇੜੇ ਦੀ ਆਵਾਜ਼ ਵਲ ਹਰਨ ਭੌਂਦਾ ਹੈ ਅਤੇ ਪ੍ਰਾਣ ਦੇ ਦੇਂਦਾ ਹੈ ਪਰ ਉਸ ਹਰਨ ਦਾ ਉਸ ਸਬਦ ਵਲੋਂ ਧਿਆਨ ਨਹੀਂ ਜਾਂਦਾ ਭਾਵ ਮਰਦਾ ਹੋਯਾ ਭੀ ਓਧਰ ਧਿਆਨ ਰਖਦਾ ਹੈ।

## ਐਸੇ ਰਾਮਾ ਐਸੇ ਹੇਰਉ ॥ ਰਾਮ ਛੋਡਿ ਚਿਤੁ ਅਨਤ ਨ ਫੇਰਉ ॥ ੧ ॥ ਰਹਾਉ ॥

ਹੇਰਉ = ਵੇਖ ॥ ਅਨਤ = ਹੋਰ ਪਾਸੇ ॥

ਹੇ ਮਨ (ਉਸ ਘੰਡੇ ਹੇੜੇ ਦੇ ਸ਼ਬਦ ਵਾਕੂੰ ਪਿਆਰੇ) ਇੱਕੁਰ ਦੇ ਵਾਹਿਗੁਰੂ ਨੂੰ ਇੱਕੁਰ ਦੇਖ, ਵਾਹਿਗੁਰੂ ਨੂੰ ਛੱਡਕੇ ਚਿਤ ਹੋਰ ਪਾਸੇ ਵਲ ਨ ਫੇਰ॥

## ਜਿਉ ਮੀਨਾ ਹੇਰੈ ਪਸੂਆਰਾ ॥
## ਸੋਨਾ ਗਢਤੇ ਹਿਰੈ ਸੁਨਾਰਾ ॥ ੨ ॥

ਮੀਨਾ = ਮੱਛ ॥ ਹੇਰੈ = ਵੇਖੈ ॥ ਪਸੂਆਰਾ = ਦੁਤੀਰਾ ਜਾਨਵਰ।
ਵਾ ਪੰਛੀਆਂ ਨੂੰ ਮਾਰਨ ਵਾਲਾ ॥ ਹਿਰੈ = ਵੇਖੇ, ਚੁਰਾਵੇ ॥

ਜਿੱਕੁਰ ਬਗਲਾ ਮੱਛੀਆਂ ਨੂੰ ਵੇਖਦਾ ਹੈ, ਜਿੱਕੁਰ ਸੋਨਾ ਘੜਦਾ ਹੋਇਆ ਸੁਨਿਆਰ ਸੋਨੇ ਨੂੰ ਵੇਖਦਾ ਹੈ ਭਾਵ ਉਸਦਾ "ਦਾ" ਚੁਰੌਣ ਤੇ ਹੁੰਦਾ ਹੈ।

## ਜਉ ਬਿਖਈ ਹੇਰੈ ਪਰ ਨਾਰੀ ॥
## ਕਉਡਾ ਡਾਰਤ ਹਿਰੈ ਜੁਆਰੀ ॥ ੩ ॥

ਹੇਰੈ, ਹਿਰੈ = ਵੇਖੇ ॥

ਜਿਕੁਰ ਵਿਸ਼ਈ ਪਰਾਈ ਇਸਤੀ ਨੂੰ ਵੇਖਦਾ ਹੈ ਜਿੱਕੁਰ ਜੁਆਰੀਆ ਕੌਡੀਆਂ ਨੂੰ ਸੁਟਦਾ ਹੋਇਆ ਆਪਣੇ ਦਾ ਨੂੰ ਵੇਖਦਾ ਹੈ ॥

## ਜਹ ਜਹ ਦੇਖਉ ਤਹ ਤਹ ਰਾਮਾ ॥

**ਹਰਿ ਕੇ ਚਰਨ ਨਿਤ ਧਿਆਵੈ ਨਾਮਾ ॥ ੪ ॥ ੨ ॥**

ਇਕੁਰ ਹੀ ਮੈਂ ਜਿਥੇ ਜਿਥੇ ਵੇਖਦਾ ਹਾਂ ਓਥੇ ਓਥੇ ਵਾਹਿਗੁਰੂ ਹੈ ਵਾਹਿਗੁਰੂ ਦੇ ਚਰਨ ਰੋਜ ਹੀ ਨਾਮਾ ਧਿਔਂਦਾ ਹੈ ॥

(ਬੇਨਤੀ)

**ਗੋਂਡ ॥ ਮੋਕਉ ਤਾਰਿ ਲੇ ਰਾਮਾ ਤਾਰਿ ਲੇ ॥**
**ਮੈ ਅਜਾਨੁ ਜਨੁ ਤਰਿਬੇ ਨ ਜਾਨਉ**
**ਬਾਪ ਬੀਠੁਲਾ ਬਾਹ ਦੇ ॥ ੧ ॥ ਰਹਾਉ ॥**

ਹੇ ਵਾਹਿਗੁਰੂ ਮੈਨੂੰ ਤਾਰ ਲੈ ਤਾਰ ਲੈ । ਮੈਂ ਬੇਸਮਝ ਦਾਸ ਤਰਨ ਨਹੀਂ ਜਾਣਦਾ ਹੇ ਪਿਆਰੇ ਪਿਤਾ ਬਾਂਹ ਫੜਾ ॥

(ਗੁਰਾਂ ਦੀ ਕਿਰਪਾ ਨਾਲ)

**ਨਰ ਤੇ ਸੁਰ ਹੋਇ ਜਾਤ ਨਿਮਖ ਮੈ ਸਤਿਗੁਰ ਬੁਧਿ ਸਿਖ-**
**ਲਾਈ ॥ ਨਰ ਤੇ ਉਪਜਿ ਸੁਰਗ ਕਉ ਜੀਤਿਓ**
**ਸੋ ਅਵਖਧ ਮੈ ਪਾਈ ॥ ੧ ॥**

ਸੁਰ = ਦੇਵਤਾ ॥

ਆਦਮੀ ਤੋਂ ਦੇਵਤਾ ਇਕ ਛਿਨ ਵਿਚ ਹੋ ਜਾਂਦਾ ਹੈ, ਇੱਕੁਰ ਦੀ ਗੁਰਾਂ ਨੇ ਮੈਨੂੰ ਅਕਲ ਦਿਤੀ ਹੈ (ਭਾਵ ਗੱਲ ਦਸੀ ਹੈ) ਸੋ ਮੈਂ ਮਨੁਖ ਜਨਮਾ ਵਿਚੋਂ ਪ੍ਰਗਟ ਹੋਕੇ ਸੁਰਗ ਨੂੰ ਜਿਤ ਲਿਆ (ਤੁਛ ਜਾਣਿਆਂ) ਹੈ ਏਹ ਦਵਾਈ ਮੈਂ ਗੁਰਾਂ ਪਾਸੋਂ ਪਾਈ ਹੈ ।

**ਜਹਾ ਜਹਾ ਧੂਅ ਨਾਰਦੁ ਟੇਕੇ ਨੈਕੁ ਟਿਕਾਵਹੁ ਮੋਹਿ ॥**
**ਤੇਰੇ ਨਾਮ ਅਵਿਲੰਬਿ ਬਹੁਤੁ ਜਨ ਉਧਰੇ**
**ਨਾਮੇ ਕੀ ਨਿਜ ਮਤਿ ਏਹ ॥ ੨ ॥ ੩ ॥**

ਅਵਿਲੰਬਿ = ਆਸਰਾ ॥ ਨੈਕ = ਥੋੜ੍ਹਾ ਜੇਹਾ ॥ ਨਿਜ = ਆਪਣੀ ।

ਜਿਥੇ ਜਿਥੇ (ਧ੍ਰੂ ਨਾਰਦ ਵਰਗਿਆਂ) ਨੂੰ ਟਿਕਾਯਾ ਜੇ ਓਥੇ ਥੋੜ੍ਹਾ ਜਿਹਾ ਮੈਨੂੰ ਵੀ ਟਿਕਾਵੇਂ, ਕਿਉਂਕਿ ਤੇਰੇ ਨਾਮ ਦੇ ਆਸਰੇ ਬਹੁਤ ਆਦਮੀ ਤਰ ਗਏ ਹਨ, ਏਹ ਨਾਮੇਂ ਦੀ ਆਪਣੀ ਅਕਲ ਹੈ ਭਾਵ ਇਹ ਮੇਰੀ ਸਮਝ ਵਿਚ ਗਲ ਆਈ ਹੈ ॥

**ਗੋਂਡ ॥ ਮੋਹਿ ਲਾਗਤੀ* ਤਾਲਾ ਬੇਲੀ॥**

*ਘਬਰਾਹਟ, ਤੜਫਣਾ ਵੀ ਅਰਥ ਕਰਦੇ ਹਨ

**ਬਛਰੇ ਬਿਨੁ ਗਾਇ ਅਕੇਲੀ ॥ ੧ ॥**

ਬੇਲੀ = ਪਿਆਰਾ । ਤਾਲਾ = ਜਲਨਤਾ', ਇੱਛਾ ।

ਹੇ ਪਿਆਰੇ ਵਾਹਿਗੁਰੂ "ਮੈਨੂੰ ਇੱਕੁਰ ਤੇਰੀ ਇੱਛਾ ਲੱਗ ਰਹੀ ਹੈ" ਜਿਕੁਰ ਵੱਛੇ ਤੋਂ ਬਿਨਾਂ ਅਕੇਲੀ ਗਾਂ ਨੂੰ ਜਲਨਤਾ ਲਗਦੀ ਹੈ ॥

**ਪਾਨੀਆ ਬਿਨੁ ਮੀਨੁ ਤਲਫੈ ॥**

**ਐਸੇ ਰਾਮ ਨਾਮਾ ਬਿਨੁ ਬਾਪਰੋ ਨਾਮਾ ॥ ੧ ॥ ਰਹਾਉ ॥**

ਮੀਨ = ਮੱਛੀ ।

ਜਿੱਕੁਰ ਮੱਛੀ ਪਾਣੀ ਤੋਂ ਬਿਨਾਂ ਤੜਫਦੀ ਹੈ ਇਕੁਰ ਵਿਚਾਰਾ ਨਾਮਾ ( ਭਗਤ ) ਵਾਹਿਗੁਰੂ ਦੇ ਨਾਮ ਤੋਂ ਬਿਨਾਂ ਤੜਫਦਾ ਹੈ ॥

**ਜੈਸੇ ਗਾਇ ਕਾ ਬਾਛਾ ਛੂਟਲਾ ॥**

**ਥਨ ਚੋਖਤਾ †ਮਾਖਨੁ ਘੂਟਲਾ ॥ ੨ ॥**

ਜਿੱਕੁਰ ਗਾਂ ਦਾ ਵੱਛਾ (ਜਦ) ਛੁਟ ਜਾਂਦਾ ਹੈ (ਤਾਂ) ਥਣਾਂ ਨੂੰ ਚੁੰਘਦਾ ਅਤੇ ਦੁਧ ਨੂੰ ਘੁਟ ਲੈਂਦਾ ਹੈ ਭਾਵ ਪੀ ਲੈਂਦਾ ਹੈ ਵਾ ਮੱਖਣ ਵਾਲੇ ਦੁਧ ਦੇ ਘੁਟ ਭਰਦਾ ਹੈ ॥

**ਨਾਮਦੇਉ ਨਾਰਾਇਨੁ ਪਾਇਆ ॥**

**ਗੁਰੁ ਭੇਟਤ ਅਲਖੁ ਲਖਾਇਆ ॥ ੩ ॥**

ਨਾਮਦੇਵ ਨੇ ਵਾਹਿਗੁਰੂ ਨੂੰ ਪਾ ਲਿਆ ਹੈ ( ਪਰ ਜਦ) ਗੁਰੂ ਮਿਲੇ ਤਾਂ ਵਾਹਿਗੁਰੂ ਨੂੰ ਦੱਸ ਦਿਤਾ ॥

**ਜੈਸੇ ਬਿਖੈ ਹੇਤ ਪਰ ਨਾਰੀ ॥**

**ਐਸੇ ਨਾਮੇ ਪ੍ਰੀਤਿ ਮੁਰਾਰੀ ॥ ੪ ॥**

ਜਿੱਕੁਰ ਵਿਸ਼ੇ ਵਾਸਤੇ ਆਦਮੀ ਦੀ ਪਰਾਈ ਇਸਤ੍ਰੀ ਵਿੱਚ ਪ੍ਰੀਤੀ ਹੁੰਦੀ ਹੈ ਇਕੁਰ ਹੀ ਨਾਮਦੇਵ ਦੀ ਵਾਹਿਗੁਰੂ ਨਾਲ ਪੀਤੀ ਹੈ ॥

**ਜੈਸੇ ਤਾਪ ਤੇ ‡ਨਿਰਮਲ ਘਾਮਾ ॥**

**ਤੈਸੇ ਰਾਮ ਨਾਮਾ ਬਿਨੁ ਬਾਪਰੋ ਨਾਮਾ ॥ ੫ ॥ ੪ ॥**

ਘਾਮਾ = ਧੁੱਪ ।

---

†ਮੱਖਨ = ਇਸ ਜਗਾ ਮੱਖਨ ਦੁਧ ਦਾ ਬੋਧਕ ਹੈ ॥

‡ਸਾਫ ਭਾਵ ਬੜੀ ਭਾਰੀਧੁਪ ਵਿਚ ਜੀਕਣ ਆਦਮੀ ਤਪਦਾ ਹੈ ॥

ਜਿੱਕੁਰ ਨਿਰਮਲ ਧੁੱਪ ਦੀ ਤਪਸ਼ ਤੇ ਆਦਮੀ ਦੀ ਪ੍ਰੀਤੀ ਬਿਰਛ ਦੀ ਛਾਇਆ ਨਾਲ ਹੁੰਦੀ ਹੈ ਤਿਕੁਰ ਹੀ ਵਿਚਾਰਾ ਨਾਮਾ ਵਾਹਿਗੁਰੂ ਦੇ ਨਾਮ ਤੋਂ ਬਿਨਾਂ ਹੈ। ਭਾਵ ਤਿਕੁਰ ਹੀ ਮੈਨੂੰ ਨਾਮ ਦੀ ਪ੍ਰੀਤੀ ਲਗੀ ਹੋਈ ॥

## ਰਾਗੁ ਗੋਂਡ ਬਾਨੀ ਨਾਮਦੇਉ ਜੀਉ ਕੀ ਘਰੁ ੨

ੴ ਸਤਿਗੁਰਪ੍ਰਸਾਦਿ ॥

**ਹਰਿ ਹਰਿ ਕਰਤ ਮਿਟੇ ਸਭਿ ਭਰਮਾ ॥**
**ਹਰਿ ਕੋ ਨਾਮੁ ਲੈ ਊਤਮ ਧਰਮਾ ॥**

ਵਾਹਿਗੁਰੂ ਵਾਹਿਗੁਰੂ ਕਰਦਿਆਂ ਸਾਰੇ ਭਰਮ ਦੂਰ ਹੋ ਜਾਂਦੇ ਹਨ ਵਾਹਿਗੁਰੂ ਦਾ ਨਾਮ ਲੈਣਾ ਇਹੋ ਵਡਾ ਧਰਮ ਹੈ ॥

**ਹਰਿ ਹਰਿ ਕਰਤ ਜਾਤਿ ਕੁਲ ਹਰੀ ॥**
**ਸੋ ਹਰਿ ਅੰਧੁਲੇ ਕੀ ਲਾਕਰੀ ॥ ੧ ॥**

ਵਾਹਿਗੁਰੂ ਵਾਹਿਗੁਰੂ ਕਰਦਿਆਂ ਨੀਚ ਜਾਤੀ, ਨੀਚ ਕੁਲ ਦੂਰ ਹੋ ਜਾਂਦੀ ਹੈ। ਭਾਵ ਨੀਚ ਉਚੇ ਬਣ ਜਾਂਦੇ ਹਨ ਸੋ ਵਾਹਿਗੁਰੂ ( ਮੈਂ ) ਅੰਨ੍ਹੇ ( ਰੂਪ ) ਦੀ ਸੋਟੀ ( ਰੂਪ ਆਸਰਾ ) ਹੈ ॥

**ਹਰਏ ਨਮਸਤੇ ਹਰਏ ਨਮਹ ॥**
**ਹਰਿ ਹਰਿ ਕਰਤ ਨਹੀ ਦੁਖੁ ਜਮਹ ॥ ੧ ॥ ਰਹਾਉ ॥**

ਤਿਸ ਵਾਹਿਗੁਰੂ ਨੂੰ ਬਾਰ ਬਾਰ ਨਮਸਕਾਰ ਹੈ। ਵਾਹਿਗੁਰੂ ੨ ਕਰਦਿਆਂ ਜਮਾਂ ਦਾ ਦੁਖ ਨਹੀ ਹੁੰਦਾ ॥

**ਹਰਿ ਹਰਨਾਖਸ ਹਰੇ ਪਰਾਨ॥**
**ਅਜੈਮਲ ਕੀਓ ਬੈਕੁੰਠਹਿ ਥਾਨ ॥**

ਹਰੇ = ਨਾਸ।

ਵਾਹਿਗੁਰੂ ਨੇ ਹਰਨਾਖਸ ਦੇ ਪ੍ਰਾਣ ਕੱਢੇ, ਅਜਾਮਲ ਨੇ ਬੈਕੁੰਠ ਵਿਚ ਥਾਂ ਕੀਤਾ ॥

**ਸੂਆ ਪੜਾਵਤ ਗਨਿਕਾ ਤਰੀ ॥**
**ਸੋ ਹਰਿ ਨੈਨਹੁ ਕੀ ਪੂਤਰੀ ॥ ੨ ॥**

ਸੂਆ = ਤੋਤਾ।

ਗਨਿਕਾ ਤੋਤੇ ਨੂੰ ਪੜ੍ਹੌਂਦੀ ਹੋਈ ਤਰ ਗਈ। ਸੋ ਵਾਹਿਗੁਰੂ ਮੇਰੇ ਨੇਤਰਾਂ ਦੀ ਪੁਤਰੀ ਹੈ ਭਾਵ ਮੈਨੂੰ ਬਹੁਤ ਪਿਆਰਾ ਹੈ।

**ਹਰਿ ਹਰਿ ਕਰਤ ਪੂਤਨਾ ਤਰੀ ॥**

***ਬਾਲ ਘਾਤਨੀ ਕਪਟਹਿ ਭਰੀ॥**

ਵਾਹਿਗੁਰੂ ਵਾਹਿਗੁਰੂ ਕਰਦਿਆਂ ਪੂਤਨਾਂ ਰਾਖਸ਼ਨੀ (ਕ੍ਰਿਸ਼ਨ ਦੀ ਵੈਰਨ) ਤਰ ਗਈ, ਬਾਲਕਾਂ ਨੂੰ ਮਾਰਨ ਵਾਲੀ ਕਪਟ ਨਾਲ ਭਰੀ ਹੋਈ ਸੀ।

**ਸਿਮਰਨ ਦ੍ਰੋਪਦ ਸੁਤ ਉਧਰੀ ॥**

**ਗਊਤਮ ਸਤੀ ਸਿਲਾ ਨਿਸਤਰੀ ॥ ੩ ॥**

ਵਾਹਿਗੁਰੂ ਦਾ ਸਿਮਰਨ ਕਰਦੀ ਹੋਈ ਦ੍ਰੋਪਦ ਰਾਜਾ ਦੀ ਪੁਤਰੀ ਦ੍ਰੋਪਦੀ ਤਰ ਗਈ (ਤੇ ਵਾਹਿਗੁਰੂ ਦਾ ਸਿਮਰਨ ਕਰੇਂਦੀ ਹੋਈ ਹੋਰ) ਗੋਤਮ ਰਿਖੀ ਦੀ ਸਤੀ (ਇਸਤ੍ਰੀ ਜੇਹੜੀ ਸਿਲਾ ਰੂਪ ਹੋਈ ਹੋਈ ਸੀ) ਤਰ ਗਈ।

**ਕੇਸੀ ਕੰਸ ਮਥਨੁ ਜਿਨਿ ਕੀਆ ॥**

**ਜੀਅ ਦਾਨੁ ਕਾਲੀ ਕਉ ਦੀਆ॥**

ਮਥਨੁ = ਰਿੜਕਨਾਂ, ਮਲਨਾ।

(ਕੇਸੀ) ਕੰਸ ਦੇ ਭਰਾ ਨੂੰ ਅਤੇ ਕੰਸ ਨੂੰ ਜਿਸਨੇ ਮਾਰਿਆ, ਕਾਲੀ ਨਾਗ ਨੂੰ ਜਿਸਨੇ ਪ੍ਰਾਨ ਦਾਨ ਦਿੱਤਾ ਭਾਵ ਬਚਾ ਲਿਆ।

**ਪ੍ਰਣਵੈ ਨਾਮਾ ਐਸੋ ਹਰੀ ॥**

**ਜਾਸੁ ਜਪਤ ਭੈ ਅਪਦਾ ਟਰੀ॥ ੪ ॥ ੧ ॥੫॥**

ਨਾਮਦੇਵ ਜੀ ਕਹਿੰਦੇ ਹਨ ਉਹ ਇੱਕੁਰ ਦਾ ਵਾਹਿਗੁਰੂ ਹੈ ਜਿਸਨੂੰ ਜਪਦਿਆਂ ਹੋਯਾਂ ਪੂਰਬੋਕਿਤ ਸਾਰਿਆਂ ਦੀ ਭੈ ਦਾਯਕ ਅਪਦਾ ਟਲ ਗਈ।

**ਗੋਂਡ ॥ ਭੈਰਉ ਭੂਤ ਸੀਤਲਾ ਧਾਵੈ ॥**

**ਖਰ ਬਾਹਨ ਉਹੁ ਛਾਰ ਉਡਾਵੈ ॥ ੧ ॥**

ਜੇਹੜਾ ਭੈਰੋਂ ਨੂੰ ਜਪਦਾ ਹੈ ਉਹ ਉਸਦਾ ਬਾਹਨ ਕੁਤਾ ਬਣਦਾ ਹੈ, ਜੇਹੜਾ ਭੂਤਾਂ ਨੂੰ ਸੇਂਵਦਾ ਹੈ ਉਹ ਭੂਤਨਾ ਹੋਕੇ ਸੁਆਹ ਉਡੌਂਦਾ ਹੈ, ਜੇਹੜੀ ਇਸਤ੍ਰੀ ਵਾ ਆਦਮੀ ਦੇਵੀ ਨੂੰ ਪੂਜਦਾ ਹੈ ਉਹ ਖੋਤਾ ਹੁੰਦਾ ਹੈ।

*ਕੰਸ ਦੀ ਭੇਜੀ ਹੋਈ ਕ੍ਰਿਸ਼ਨ ਜੀ ਨੂੰ ਮਾਰਨ ਆਈ ਸੀ ਸੋ ਗੋਦੀ ਵਿਚ ਕ੍ਰਿਸ਼ਨ ਨੂੰ ਲੈਕੇ ਮੰਮਾਂ ਦੇਣ ਲੱਗੀ ਹੀ ਕ੍ਰਿਸ਼ਨ ਜੀ ਨੇ ਮਾਰ ਸੁਟੀ।

## ਹਉ ਤਉ ਏਕ ਰਮਈਆ ਲੈਹਉ ॥
## ਆਨ ਦੇਵ*ਬਦਲਾਵਨਿ ਦੈਹਉ ॥ ੧ ॥ ਰਹਾਉ ॥

ਆਨ = ਹੋਰ । ਬਦਲਾਵਨਿ = ਬਦਲੌਣਾਂ, ਬਦਲੀ ਕਰਨੀ ।

ਮੈਂ ਤਾਂ ਇਕ ਵਾਹਿਗੁਰੂ ਦਾ ਨਾਮ ਲਵਾਂਗਾ ਹੋਰ ਦੇਵਤਿਆਂ ਨੂੰ ਰਿਦੇ ਵਿਚੋਂ ਬਦਲੀ ਦਿਆਂਗਾ ॥

## ਸਿਵ ਸਿਵ ਕਰਤੇ ਜੋ ਨਰੁ ਧਿਆਵੈ ॥
## ਬਰਦ ਚਢੇ ਡਉਰੂ ਢਮਕਾਵੈ ॥ ੨ ॥

ਬਰਦ = ਬੈਲ । ਢਮਕਾਵੈ = ਵਜਾਵੇ ।

ਜੇਹੜੇ ਆਦਮੀ ਸ਼ਿਵਜੀ ਨੂੰ ਧਿਆਉਂਦੇ ਹਨ ਅਤੇ ਸ਼ਿਵ ੨ ਕਰਦੇ ਫਿਰਦੇ ਹਨ ਉਹ ਅੰਤ ਨੂੰ ਮਰਕੇ ਗਲ ਵਿਚ ਸਿਰਾਂ ਦੀ ਮਾਲਾ ਪਾਕੇ ਮੂੰਹ ਸਿਰ ਸੁਆਹ ਨਾਲ ਭਰਕੇ ਬੈਲ ਤੇ ਚੜ੍ਹਕੇ ਜਰੂਰ ਡੌਰੂ ਵਜੌਂਦੇ ਹਨ ਵਾ ਬੈਲ ਦੀ ਜੂਨੇ ਅਵੱਸ਼ ਹੀ ਪੈਂਦੇ ਹਨ ।

## ਮਹਾ ਮਾਈ ਕੀ ਪੂਜਾ ਕਰੈ ॥
## ਨਰ ਸੈ ਨਾਰਿ ਹੋਇ ਅਉਤਰੈ ॥ ੩ ॥

ਜੇਹੜਾ ਆਦਮੀ ਦੇਵੀ ਪੂਜਾ ਕਰਦਾ ਹੈ ਉਹ ਆਦਮੀ ਤੋਂ ਇਸਤ੍ਰੀ ਹੋਕੇ (ਉਤਰਦਾ) ਜੰਮਦਾ ਹੈ ਭਾਵ ਭੇੜੀ ਜੂਨ ਵਿਚ ਪੈਂਦਾ ਹੈ ।

## ਤੂ ਕਹੀਅਤ ਹੀ ਆਦਿ†ਭਵਾਨੀ ॥
## ਮੁਕਤਿ ਕੀ ਬਰੀਆ ਕਹਾ ਛਪਾਨੀ ॥ ੪ ॥

ਤੂੰ ਤਾਂ ਆਦਿ ਭਵਾਨੀ ਕਹਾਉਂਦੀ ਹੈਂ, ਮੁਕਤਿ ਦੇ ਵੇਲੇ ਕਿਥੇ ਛਪ ਗਈ ਹੈਂ ?

## ਗੁਰਮਤਿ ਰਾਮ ਨਾਮ ਗਹੁ ਮੀਤਾ ॥

---

*ਹੇ ਲੋਕੋ ਤੁਹਾਨੂੰ ਬਦਲੇ, ਵੱਟੇ ਮੱਟੇ, ਹੋਰ ਦੇਵਤਿਆਂ ਦੇ ਬਦਲੇ ਮੈਂ ਇਕ ਵਾਹਿਗੁਰੂ ਨੂੰ ਨਹੀਂ ਦਿਆਂਗਾ ਇੱਕੁਰ ਵੀ ਅਰਥ ਕਰਦੇ ਹਨ ।

†ਪੀਪਾ ਭਗਤ ਟੋਡਰਪੁਰ ਦਾ ਰਾਜਾ ਸੀ ਉਹ ਦੇਵੀ ਦੀ ਪੂਜਾ ਕਰਦਾਹੁੰਦਾ ਸੀ ਅੰਤ ਨੂੰ ਮੁਕਤੀ ਦੇ ਵੇਲੇ ਉਸ ਪਾਸੋਂ ਛਪ ਬੈਠੀ ਤਾਂ ਉਸਦਾ ਪ੍ਰਸੰਗ ਨਾਮ ਦੇਵ ਜੀ ਨੇ ਕਿਹਾ । ਹੇ ਹਿੰਦੂ ਸਿੱਖ ਵੀਰੋ ਇਸਤੋਂ ਸਿੱਖਿਆ ਲਵੋ ਤੇ ਦੇਵੀਆਂ ਪੂਜਣੀਆਂ ਛੱਡਕੇ ਅਕਾਲ ਪੁਰਖ ਨੂੰ ਸਿਮਰੋ ਹਾਂ ਜੇ ਦੇਵੀਆਂ ਦਾ ਦਰਸ਼ਨ ਕਰਨਾ ਹੈ ਤਾਂ ਮਾਈ ਭਾਗੋ ਵੱਲ ਵੇਖੋ ।

**ਪ੍ਰਣਵੈ ਨਾਮਾ ਇਉ ਕਹੈ ਗੀਤਾ ॥ ੫ ॥ ੨ ॥ ੬ ॥**

ਗਹੁ = ਫੜ।

ਹੇ ਮਿਤ੍ਰ ਗੁਰਾਂ ਦੀ ਸਿਖਿਆ ਕਰਕੇ ਵਾਹਿਗੁਰੂ ਦਾ ਨਾਮ ਫੜ ਇੱਕੁਰ ਨਾਮਾ ਗੀਤ ਕਹਿੰਦਾ ਹੈ ॥

(ਗਾਯਤ੍ਰੀ)

**ਬਿਲਾਵਲੁ ਗੋਂਡ ॥ ਆਜੁ ਨਾਮੇ ਬੀਠਲੁ ਦੇਖਿਆ ਮੂਰਖ ਕੋ ਸਮਝਾਊ ਰੇ ॥ ਰਹਾਉ ॥**

ਅੱਜ ਨਾਮੇ ਨੇ ਪਿਆਰੇ ਵਾਹਿਗੁਰੂ ਨੂੰ ਵੇਖਿਆ ਹੈ ਹੇ ਭਾਈ ਮੂਰਖ ਨੂੰ ਸਮਝਾਉਂਦਾ ਹਾਂ ॥

**ਪਾਂਡੇ ਤੁਮਰੀ *ਗਾਇਤ੍ਰੀ**

---

*ਇਹ ਇਕ ਕਥਾ ਪੁਰਾਣਾਂ ਵਿਚ ਇਸਤਰਾਂ ਲਿਖੀ ਹੋਈ ਹੈ ਕਿ ਵਸ਼ਿਸ਼ਟ ਵਿਸਵਾ ਮਿਤ੍ਰ ਨੂੰ ਰਾਜ ਰਿਸ਼ੀ ਆਖਿਆ ਕਰਦਾ ਸੀ ਅਤੇ ਓਹ ਅਗੋਂ ਇਸ ਗੱਲ ਦਾ ਬੜਾ ਗੁੱਸਾ ਕਰਦਾ ਹੁੰਦਾ ਸੀ ਏਸ ਗੁੱਸੇ ਕਰਕੇ ਵਿਸਵਾ ਮਿਤ੍ਰ ਵਸ਼ਿਸ਼ਟਦਾ ਇਕ ਪੁਤ੍ਰ ਰੋਜ ਦਾ ਮਾਰ ਜਾਂਦਾ ਹੁੰਦਾ ਸੀ ਏਸੇਤਰਾਂ ਓਸ ਨੇ ਸੌ ਯਾ ਇਕੋਤ੍ਰ ਸੌ ਪੁਤਰ ਮਾਰ ਦਿਤਾ ਅਤੇ ਆਪ ਗਾਇਤ੍ਰੀ ਪੜ੍ਹਕੇ ਪਾਪਾਂ ਨੂੰ ਉਤਾਰ ਛਡਿਆ ਕਰੇ, ਸੋ ਗਾਇਤ੍ਰੀ ਠੀਕ ਓਸ ਵੇਲੇ ਵਿਸਵਾ ਮਿਤ੍ਰ ਦੇ ਪਾਪਾਂ ਦਾ ਖੇਤ ਖਾਂਦੀ ਰਹੀ ਭਾਵ ਓਸਨੂੰ ਪਾਪਾਂ ਤੋਂ ਨਿਰਭੈ ਕਰਦੀ ਰਹੀ। ਏਸ ਗਲ ਦਾ ਪਤਾ ਵਸਿਸਟ ਨੂੰ ਲੱਗਾ ਜੋ ਮੇਰੇ ਏਸਨੇ ਐਤਨੇ ਪੁਤ੍ਰ ਮਾਰ ਦਿਤੇ ਹਨ ਅਜ ਤਕ ਏਸ ਨੂੰ ਕੋਈ ਪਾਪ ਨਹੀਂ ਲੱਗਾ ਓਸੇ ਵੇਲੇ ਵਸਿਸ਼੍ਰ ਨੇ ਗਾਇਤ੍ਰੀ ਦਾ ਇਕ ਪਦ ਤੋੜ ਦਿਤਾ, ਅਗੇ ਚਾਰ ਚਰਨ ਸੀ ਫੇਰ ਬਾਕੀ ੩ ਰਹਿ ਗਏ, ਸੋ ਦੂਜਾ ਭਾਵ ਇਹ ਵੀ ਹੈ ਕਿ ਵਿਸ਼ਿਸਟ ਦੇ ਪੁਤ੍ਰਾਂ ਰੂਪ ਖੇਤ ਨੂੰ ਗਾਇਤ੍ਰੀ ਖਾਂਦੀ ਹੁੰਦੀ ਸੀ ਵਿਸ਼ਵਾ ਮਿਤ੍ਰ ਨੂੰ ਕੋਈ ਪਾਪ ਨਹੀਂ ਸੀ ਲਗਣ ਦੇਂਦੀ, ਪਰ ਭਗਤ ਜੀ ਆਖਦੇ ਹਨ ਹੇ ਪਾਂਡਿਆ ਹੁਣ ਓਸ ਵਿਚ ਕੋਈ ਸਤਿਆ ਨਹੀਂ ਰਹੀ ਕਿਉਂਕਿ ਵਸਿਸ਼ਟ ਨੇ ਇਕ ਪਦ ਵਿਚੋਂ ਕਢ ਛਡਿਆ ਹੈ ਹੁਣ ਤਾ ਲੰਙੀ ੨ ਲੰਗਾਂਦੀ ੨ ਜਾਂਦੀ ਹੈ ਲੋਕਾਂ ਤੇ ਕੁਝ ਅਸਰ ਨਹੀਂ ਕਰ ਸਕਦੀ ॥

ਇਕ ਹੋਰ ਸਾਖੀ ਲਾਉਂਦੇ ਹਨ, ਇਕ ਦਿਨ ਚੰਦ੍ਰਮਾਂ ਰੁਸ ਬੈਠਾ ਚੜ੍ਹਿਆ ਨਾ, ਰਿਸ਼ੀਆਂ ਨੇ ਗਾਇਤ੍ਰੀ ਨੂੰ ਚੰਦ੍ਰਮਾਂ ਵਲ ਘਲਿਆ ਪਰ ਚੰਦ੍ਰਮਾਂ ਨਾ ਮੰਨਿਆਂ ਗਾਇਤ੍ਰੀ ਚੰਦ੍ਰਮਾਂ ਨੂੰ ਆਪਣੇ ਪੰਜਿਆਂ ਤੇ ਚੁੰਝ ਵਿਚ ਫੜਕੇ ਅਸਮਾਨ ਨੂੰ ਉਡ ਗਈ ਓਸੇ ਵੇਲੇ ਇਕ ਜੱਟ ਚੰਦ੍ਰਮਾਂ ਦਾ ਪਹਿਰੇਦਾਰ ਖੜੋਤਾ ਸੀ ਓਸਨੇ ਤੀਰ ਮਾਰਕੇ ਖੱਬੀ ਲੱਤ ਦਾ ਨਹੁੰ ਵੱਢ ਸੁਟਿਆ ਸੋ ਲੰਗਾਂਦੀ ੨ ਜਾਂਦੀ ਹੈ।

***ਲੋਧੇ ਕਾ ਖੇਤੁ ਖਾਤੀ ਥੀ॥**

**ਲੈਕਰਿ ਠੇਗਾ ਟਗਰੀ ਤੋਰੀ ਲਾਂਗਤ ਲਾਂਗਤ ਜਾਤੀ ਥੀ॥ ੧ ॥**

ਹੇ ਪਾਂਡੇ ਤੇਰੀ ਗਾਇਤ੍ਰੀ ਵੇਖੀ ਹੈ ਲੋਧੇ ਜੱਟ ਦਾ ਖੇਤ ਖਾਂਦੀ ਸੀ ਲਾਠੀ ਲੈਕੇ "ਵਸਿਸ਼ਟ ਜਟ ਨੇ" ਟੰਗ ਤੋੜ ਦਿਤੀ ਲੰਗੜੀ ਲੰਘੜੀ ਤੁਰੀ ਜਾਂਦੀ ਸੀ।

**ਪਾਂਡੇ ਤੁਮਰਾ ਮਹਾਦੇਉ**

**ਧਉਲੇ ਬਲਦ ਚੜਿਆ ਆਵਤ ਦੇਖਿਆ ਥਾ ॥**

ਹੇ ਪਾਂਡੇ ਤੇਰਾ ਮਹਾ ਦੇਉ ਬੀ ਚਿਟੇ ਬੈਲ ਤੇ ਚੜਿਆ ਆਉਂਦਾ ਦੇਖਿਆ ਸੀ॥

**†ਮੋਦੀ ਕੇਘਰ ਖਾਣਾ ਪਾਕਾ**

**ਵਾਕਾ ਲੜਕਾ ਮਾਰਿਆ ਥਾ ॥ ੨ ॥**

ਮੋਦੀ ਦੇ ਘਰ ਖਾਣਾ ਪੱਕਾ ਉਸਦਾ ਲੜਕਾ ਸ਼ਿਵਜੀ ਜੀ ਨੇ ਮਾਰਿਆ ਸੀ

**ਪਾਂਡੇ ਤੁਮਰਾ ‡ਰਾਮਚੰਦੁ ਸੋ ਭੀ ਆਵਤੁ ਦੇਖਿਆ ਥਾ ॥**

**ਰਾਵਨ ਸੇਤੀ ਸਰਬਰ ਹੋਈ ਘਰ ਕੀ ਜੋਇ ਗਵਾਈ ਥੀ॥ ੩ ॥**

ਸਰਬਰ = ਬਰਾਬਰੀ ॥ ਜੋਇ = ਇਸਤ੍ਰੀ ॥

---

*ਜਿਮੀਦਾਰ ਦਾ ਨਾਮ ਹੈ ਜੇਹੜੇ ਕਾਂਸ਼ੀ ਵਲ ਵਾਹੀ ਕਰਦੇ ਹਨ ਉਨ੍ਹਾਂ ਵਿਚੋਂ ਕਿਸੇ ਇਕ ਕੌਮ ਦਾ ਨਾਮ ਹੈ, ਬ੍ਰਹਮਾ ਨੇ ਇਕ ਦਿਨ ਆਪਣੀ ਇਸਤ੍ਰੀ ਗਾਇਤ੍ਰੀ ਨੂੰ ਸ੍ਰਾਪ ਦੇ ਦਿਤਾ ਸੋ ਗੰਗਾ ਦੇ ਕਿਨਾਰੇ ਆਕੇ ਬੈਠ ਗਈ ਕਿਸੇ ਆਦਮੀ ਨੇ ਉਸਨੂੰ ਵਰਨਾ ਚਾਹਿਆ ਓਹ ਗਾਂ ਬਣਕੇ ਇਕ ਖੇਤ ਵਿਚ ਚੁਗਣ ਜਾ ਰਹੀ ਲੋਧੇ ਜੱਟ ਨੇ ਵੇਖਿਆ ਕਿ ਇਹ ਤਾਂ ਮੇਰਾ ਖੇਤ ਨਾਸ ਕਰਨ ਰਹੀ ਹੋਈ ਹੈ ਓਸੇ ਵੇਲੇ ਲਾਠੀ ਲੈਕੇ ਉਸਦੀ ਲੱਤ ਉਤੇ ਮਾਰੀ ਅਤੇ ਲੱਤ ਤੋੜ ਦਿਤੀ ਸੋ ਲੰਙਾਂਦੀ ੨ ਭੱਜ ਗਈ।

†ਮੋਦੀ ਅਨੰਦ ਦੇਣ ਵਾਲੀ ਇਸਤ੍ਰੀ ਨੂੰ ਆਖਦੇ ਹਨ ਸੋ ਆਪਣੀ ਇਸਤ੍ਰੀ ਪਾਰਬਤੀ ਦਾ ਪੁਤਰ ਗਣੇਸ਼ ਹੀ ਜਿਸ ਕਰੋਧੀ ਨੇ ਮਾਰ ਦਿਤਾ ਸੀ। ਅਥਵਾ ਕੋਈ ਸ਼ਿਵਜੀ ਦਾ ਉਪਾਸ਼ਕ ਮੋਦੀ ਸਿਖ ਸੀ।

‡ਜੇਹੜੇ ਸਾਡੇ ਭਰਾ ਭਗਤਾਂ ਨੂੰ ਅਤੇ ਗੁਰੂ ਸਾਹਿਬਾਂ ਨੂੰ ਸ੍ਰੀ ਰਾਮਚੰਦਰ ਕ੍ਰਿਸ਼ਨ ਉਪਾਸ਼ਕ ਮੰਨਦੇ ਹਨ ਓਹ ਇਸ ਸ਼ਬਦ ਤੋਂ ਸਿਖਿਆ ਲੈਣ, ਦੇਖੋ "ਅੰਧੁਲੇ ਦਹਸਿਰ ਮੂੰਡ ਕਟਾਇਆ ਰਾਵਨ ਮਾਰ ਕਿਆ ਵਡਾ ਭਇਆ"

(ਆਸਾ ਗੁਰੂ ੧)

ਹੇ ਪਾਂਡੇ ਜੇਹੜਾ ਤੇਰਾ ਰਾਮਚੰਦ ਹੈ ਸੋ ਵੀ ਆਉਂਦਾ ਦੇਖਿਆ ਸੀ ਉਸਨੇ ਆਪਣੀ ਘਰ ਦੀ ਇਸਤ੍ਰੀ ਹੀ ਗਵਾ ਲਈ ਸੀ, ਇਸ ਲਈ ਰਾਵਣ ਨਾਲ ਲੜਾਈ ਹੋਈ ॥

**ਹਿੰਦੂ ਅੰਨ੍ਹਾ ਤੁਰਕੂ ਕਾਣਾ ॥ ਦੁਹਾਂ ਤੇ ਗਿਆਨੀ ਸਿਆਣਾ ॥**

ਹਿੰਦੂ ਅੰਨ੍ਹਾ, ਤੁਰਕ ਕਾਣਾ, ਦੁਹਾਂ ਤੇ ਗਿਆਨੀ ਸਿਆਣਾ ਹੈ॥

**ਹਿੰਦੂ ਪੂਜੈ ਦੇਹੁਰਾ ਮੁਸਲਮਾਣੁ ਮਸੀਤ ॥**
**ਨਾਮੇ ਸੋਈ ਸੇਵਿਆ ਜਹ ਦੇਹੁਰਾ ਨ ਮਸੀਤਿ ॥ ੪॥੩॥ ੭ ॥**

ਹਿੰਦੂ ਦੇਹੁਰਾ ਪੂਜਦਾ ਹੈ ਮੁਸਲਮਾਣ ਮਸੀਤ, ਨਾਮੇ ਨੇ ਓ ਸੇਵਿਆ ਹੈ ਜਿਸਦਾ ਨਾ ਠਾਕੁਰ ਦੁਆਰਾ ਨਾ ਮਸੀਤ ਹੈ ॥

**ਰਾਗੁ ਗੋਂਡ ਬਾਣੀ ਰਵਿਦਾਸ ਜੀਉ ਕੀ ਘਰੁ ੨**

**੧ ੴ ਸਤਿਗੁਰਪ੍ਰਸਾਦਿ ॥ ਮੁਕੰਦ ਮੁਕੰਦ ਜਪਹੁ ਸੰਸਾਰ ॥**
**ਬਿਨੁ ਮੁਕੰਦ ਤਨੁ ਹੋਇ ਅਉਹਾਰ ॥**

ਅਉ = ਫੇਰ ॥ ਮੁਕੰਦ = ਮੁਕਤੀ ਦੇਣ ਵਾਲਾ ॥ ਹੇ ਸੰਸਾਰੀਓ ਵਾਹਿਗੁਰੂ ਵਾਹਿਗੁਰੂ ਜਪੋ, ਬਿਨਾ ਵਾਹਿਗੁਰੂ ਤੋਂ ਤੁਹਾਡਾ ਸਰੀਰ ਨਾਸ ਹੋ ਜਾਵੇਗਾ ॥

**ਸੋਈ ਮੁਕੰਦੁ ਮੁਕਤਿ ਕਾ ਦਾਤਾ ॥**
**ਸੋਈ ਮੁਕੰਦੁ ਹਮਰਾਪਿਤ ਮਾਤਾ ॥੧ ॥**

ਸੋਈ ਵਾਹਿਗੁਰੂ ਮੁਕਤੀ ਦਾ ਦਾਤਾ ਹੈ, ਸੋਈ ਵਾਹਿਗੁਰੂ ਸਾਡਾ ਪਿਤਾ ਮਾਤਾ ਹੈ ॥

**ਜੀਵਤ ਮੁਕੰਦੇ ਮਰਤ ਮੁਕੰਦੇ ॥**
**ਤਾਕੇ ਸੇਵਕ ਕਉ ਸਦਾ ਅਨੰਦੇ ॥ ੧ ॥ ਰਹਾਉ ॥**

ਅਸੀਂ ਜੀਉਂਦੇ ਵੀ ਵਾਹਿਗੁਰੂ ਨੂੰ ਅਤੇ ਮੋਏ ਵੀ ਵਾਹਿਗੁਰੂ ਨੂੰ ਜਪਦੇ ਹਾਂ, ਤਿਸ ਵਾਹਿਗੁਰੂ ਦੇ ਸੇਵਕਾਂ ਨੂੰ ਸਦਾ ਹੀ ਅਨੰਦ ਹੈ ।

**ਮੁਕੰਦ ਮੁਕੰਦ ਹਮਾਰੇ ਪ੍ਰਾਨੰ ॥**
**ਜਪਿ ਮੁਕੰਦ ਮਸਤਕਿ*ਨੀਸਾਨੰ ॥**

---

*ਨਿਸ਼ਾਨਾ ਤਿਲਕ, ਨੂਰ, ਪ੍ਰਕਾਸ਼ ਭਾਵ ਜੇਹੜਾ ਵਾਹਿਗੁਰੂ ਨੂੰ ਜਪਦਾ ਹੈ ਓਹ ਸਾਰੇ ਸੰਸਾਰ ਵਿਚ ਪ੍ਰਗਟ ਹੋ ਜਾਂਦਾ ਹੈ ਵਾ ਮਥੇ ਤੇ ਨਾਮ ਦਾ ਨਿਸ਼ਾਨ ਪੈ ਜਾਂਦਾ ਹੈ ਲੋਕ ਜਾਣਦੇ ਹਨ ਇਹ ਨਾਮੀ ਹੈ ।

ਵਾਹਿਗੁਰੂ ਵਾਹਿਗੁਰੂ (ਇੱਕੁਰ ਆਖਣਾਂ) ਸਾਡੇ ਪ੍ਰਾਣ ਹਨ ਪਰ ਮਥ ਦੇ ਲੇਖਾਂ ਕਰਕੇ ਵਾਹਿਗੁਰੂ ਨੂੰ ਜਪੀਦਾ ਹੈ।

**ਸੇਵ ਮੁਕੰਦ ਕਰੈ ਬੈਰਾਗੀ ॥**
**ਸੋਈ ਮੁਕੰਦੁ ਦੁਰਬਲ ਧਨ ਲਾਧੀ ॥ ੨ ॥**

ਵੈਰਾਗਵਾਨ ਵਾਹਿਗੁਰੂ ਦੀ ਸੇਵਾ ਕਰਦੇ ਹਨ, ਸੋਈ ਵਾਹਿਗੁਰੂ ਅਜਿਹਾਂ ਆਦਮੀਆਂ ਨੂੰ ਧਨ ਦੀ ਖਾਣ ਲੱਭੀ ਹੈ ॥

**ਏਕੁ ਮੁਕੰਦੁ ਕਰੈ ਉਪਕਾਰੁ ॥ ਹਮਰਾ ਕਹਾ ਕਰੈ ਸੰਸਾਰੁ ॥**

ਇਕ ਵਾਹਿਗੁਰੂ ਸਾਡੀ ਸਹਾਇਤਾ ਕਰਦਾ ਹੈ, ਸੰਸਾਰ ਸਾਡਾ ਕੀ ਕਰ ਸਕਦਾ ਹੈ ॥

**ਮੇਟੀ ਜਾਤਿ ਹੂਏ ਦਰਬਾਰਿ ॥**
**ਤੁਹੀ ਮੁਕੰਦ ਜੋਗ ਜੁਗਤਾਰਿ ॥ ੩ ॥**

ਜਾਤੀ ਨੂੰ ਦੂਰ ਕਰਕੇ ਵਾਹਿਗੁਰੂ ਦੇ ਬੂਹੇ ਤੇ ਪ੍ਰਾਪਤ ਹੋਏ ਹਾਂ ਹੇ ਵਾਹਿਗੁਰੂ ਤੂੰਹੇਂ ਹੀ ਜੁਗਾਂ ਜੁਗਾਂ ਵਿੱਚ ਜੀਵਾਂ ਨੂੰ ਤਾਰਨ ਵਾਲਾ ਹੈਂ।

**ਉਪਜਿਓ ਗਿਆਨੁ ਹੂਆ ਪਰਗਾਸ ॥**
**ਕਰਿ ਕਿਰਪਾ ਲੀਨੇ ਕੀਟ ਦਾਸ ॥**

ਸਾਨੂੰ ਗਿਆਨ ਉਪਜਿਆ ਤਾਂ ਪ੍ਰਕਾਸ਼ ਹੋਇਆ (ਵਾਹਿਗੁਰੂ ਨੇ) ਕਿਰਪਾ ਕਰਕੇ ਆਪਣੇ ਦਾਸ ਕਰ ਲਏ ਹਨ।

**ਕਹੁ ਰਵਿਦਾਸ ਅਬ ਤ੍ਰਿਸਨਾ ਚੂਕੀ ॥**
**ਜਪਿ ਮੁਕੰਦ ਸੇਵਾ ਤਾਹੂ ਕੀ ॥ ੪ ॥ ੧ ॥**

ਰਵਿਦਾਸ ਜੀ ਕਹਿੰਦੇ ਹਨ ਹੁਣ ਤ੍ਰਿਸ਼ਨਾ ਦੂਰ ਹੋ ਗਈ ਹੈ ਇਸ ਲਈ ਅਸੀਂ ਵਾਹਿਗੁਰੂ ਨੂੰ ਹੀ ਜਪਦੇ ਹਾਂ ਅਤੇ ਤਿਸਦੀ ਹੀ ਸੇਵਾ ਕਰਦੇ ਹਾਂ।

(ਨਿੰਦਕ)

**ਗੋਂਡ ॥ ਜੇ ਓਹੁ ਅਠਿ ਸਠਿ ਤੀਰਥ ਨ੍ਹਾਵੈ ॥**
**ਜੇ ਓਹੁ ਦੁਆਦਸ ਸਿਲਾ ਪੂਜਾਵੈ ॥**

ਜੇ ਉਹੁ ਅਠਾਹਠ ਤੀਰਥਾਂ ਉਤੇ ਇਸ਼ਨਾਨ ਕਰੇ, ਜੇ ਓਹੁ ਬਾਰਾਂ ਸਿਲਾਂ (ਸ਼ਿਵਲਿੰਗਾਂ ਦੀਆਂ) ਪੂਜੇ ॥

**ਜੇ ਓਹੁ ਕੂਪ*ਤਟਾ ਦੇਵਾਵੈ ॥**
**ਕਰੈ ਨਿੰਦ ਸਭ ਬਿਰਥਾ ਜਾਵੈ ॥੧॥**

ਕੂਪ = ਖੂਹ । ਤਟਾ = ਕਿਨਾਰੇ, ਤਾਲ ।

ਜੇ ਓਹੁ ਖੂਹ ਤਾਲ ਲਵਾਕੇ (ਲੋਕਾਂ ਨੂੰ) ਦੇਵੇ ਜੇ ਨਿੰਦਿਆ ਕਰੇ ਤਾਂ ਸਭ (ਦਾਨ) ਬਿਅਰਥ ਜਾਂਦੇ ਹਨ ।

**ਸਾਧ ਕਾ ਨਿੰਦਕੁ ਕੈਸੇ ਤਰੈ ॥**
**ਸਰਪਰ ਜਾਨਹੁ ਨਰਕ ਹੀ ਪਰੈ ॥ ੧ ॥ ਰਹਾਉ ॥**

ਸਰਪਰ = ਜ਼ਰੂਰ ।

ਸਤਾਂ ਦਾ ਨਿੰਦਕ ਕਿਸਤਰਾਂ ਤਰ ਸਕਦਾ ਹੈ, ਜਰੂਰ ਹੀ ਜਾਣੋ ਨਰਕ ਵਿੱਚ ਪਏਗਾ ॥

**ਜੇ ਓਹੁ ਗ੍ਰਹਨ ਕਰੈ ਕੁਲਖੇਤਿ ॥**
**ਅਰਪੈ ਨਾਰਿ ਸੀਗਾਰ ਸਮੇਤਿ ॥**

ਜੇ ਉਹੁ ਕੁਰਖੇਤਰ ਉਤੇ ਜਾਕੇ ਸੂਰਜ ਗ੍ਰਹਨ ਵਿਚ ਇਸ਼ਨਾਨ ਕਰੇ ਅਤੇ ਸਿੰਗਾਰ ਸਮੇਤ ਆਪਣੀ ਇਸਤ੍ਰੀ ਵੀ ਮਣਸ ਦੇਵੇ ॥

**ਸਗਲੀ ਸਿੰਮ੍ਰਿਤਿ ਸ੍ਰਵਨੀ ਸੁਨੈ ॥**
**ਕਰੈ ਨਿੰਦ ਕਵਨੈ ਨਹੀ ਗੁਨੈ ॥ ੨ ॥**

ਸਾਰੀਆਂ ਸਿੰਮ੍ਰਤੀਆਂ ਕੰਨੀ ਸੁਣੇ, ਜੇ ਨਿੰਦਿਆ ਕਰੇ ਤਾਂ ਕਿਸੇ ਗੁਣ ਨਹੀਂ ॥

**ਜੇ ਓਹੁ ਅਨਿਕ ਪ੍ਰਸਾਦ ਕਰਾਵੈ ॥**
**ਭੂਮਿ ਦਾਨ ਸੋਭਾ ਮੰਡਪਿ ਪਾਵੈ ॥**

ਜੇ ਓਹ ਅਨੇਕ ਤਰਾਂ ਦੇ (ਸੰਤਾਂ ਨੂੰ) ਪ੍ਰਸ਼ਾਦ ਖੁਲਾਵੇ । ਧਰਤੀ ਦਾਨ ਕਰੇ ਅਤੇ ਆਪਣੀ ਸੋਭਾ ਵਾਸਤੇ ਬੜੇ ਬੜੇ ਮੰਦਰ ਲੋਕਾਂ ਨੂੰ ਪਵਾ ਦੇਵੇ ॥

**ਅਪਨਾ ਬਿਗਾਰਿ ਬਿਰਾਨਾ ਸਾਂਢੈ ॥**
**ਕਰੈ ਨਿੰਦ ਬਹੁ ਜੋਨੀ ਹਾਂਢੈ ॥ ੩ ॥**

ਬਿਰਾਨਾ = ਬਗਾਨਾ । ਸਾਂਢੈ = ਸਵਾਰੇ । ਹਾਂਢੈ = ਫਿਰੇ ।

ਆਪਣਾ ਕੰਮ ਵਿਗਾੜ ਕੇ ਬਗਾਨਾ ਸਵਾਰੇ ਪਰ ਜੇ ਨਿੰਦਿਆ ਕਰੇ

*ਖੂਹ ਦੀ ਮਣ ਅਥਵਾ ਖੜੀ

ਤਾਂ ਬਹੁਤ ਜੂਨੀਆਂ ਵਿਚ ਫਿਰੇਗਾ ॥

**ਨਿੰਦਾ ਕਹਾ ਕਰਹੁ ਸੰਸਾਰਾ ॥**
**ਨਿੰਦਕ ਕਾ ਪਰਗਟਿ ਪਾਹਾਰਾ॥**

ਪਾਹਾਰਾ = ਸੁਨਿਆਰੇ ਦਾ ਪਾਹਾਰਾ ਹੁੰਦਾ ਹੈ, ਮੁਰਾਦ ਸੰਸਾਰ ਪਸਾਰੇ ਤੇ ਹੈ।

ਹੇ ਸੰਸਾਰੀਓ ਨਿੰਦਿਆ ਕਿਆ ਕਰਦੇ ਹੋ, ਨਿੰਦਿਆ ਕਰਨ ਵਾਲੇ ਦਾ ਪਰਗਟ ਹੀ ਸੰਸਾਰ ਵਿੱਚ (ਦੁਖ ਫਲ) ਇਹ ਨਿਬੇੜਾ ਹੈ ॥

**ਨਿੰਦਕੁ ਸੋਧਿ ਸਾਧਿ ਬੀਚਾਰਿਆ ॥**
**ਕਹੁ ਰਵਿਦਾਸ ਪਾਪੀ ਨਰਕਿ ਸਿਧਾਰਿਆ**
**॥ ੪ ॥ ੨ ॥ ੧੧ ॥ ੭ ॥ ੨ ॥ ੪੯ ॥ ਜੋੜੁ ॥**

ਸੰਤਾਂ ਨੇ ਚੰਗੀ ਤਰਾਂ ਵਿਚਾਰਿਆ ਹੈ "ਰਵਿਦਾਸ ਜੀ ਕਹਿੰਦੇ ਹਨ" ਪਾਪੀ ਨਰਕਾਂ ਨੂੰ ਜਾਂਦਾ ਹੈ ॥

ਸ਼ਰਾਬ ਪੀਣੀ ਬਹੁਤ ਭੈੜੀ ਹੈ ਦੇਖੋ ਅਗੇ ਕਬੀਰ ਜੀ ਦਾ ਬਚਨ

# ਰਾਗੁ ਰਾਮਕਲੀ

## ਰਾਮਕਲੀ ਬਾਣੀ ਭਗਤਾ ਕੀ ਕਬੀਰ ਜੀਉ

**ੴ ਸਤਿਗੁਰਪ੍ਰਸਾਦਿ ॥**

**ਕਾਇਆ ਕਲਾਲਨਿ ਲਾਹਨਿ ਮੇਲਉ ਗੁਰ ਕਾ ਸਬਦੁ ਗੁੜੁ ਕੀਨੁ ਰੇ ॥ ਤ੍ਰਿਸਨਾ ਕਾਮੁ ਕ੍ਰੋਧੁ ਮਦ ਮਤਸਰ ਕਾਟਿ ਕਾਟਿ ਕਸੁ ਦੀਨੁ ਰੇ ॥ ੧ ॥**

ਲਾਹਨਿ = ਜਿਸਦੇ ਵਿਚੋਂ ਸ਼ਰਾਬ ਕੱਢੀ ਦੀ ਹੈ ॥

ਕਲਾਲਨਿ = ਸ਼ਰਾਬ ਖਿੱਚਣ ਵਾਲੀ ਮੱਟੀ।

ਮਤਸਰ = ਈਰਖਾ। ਮਦ = ਹੰਕਾਰ। ਕਸੁ = ਸਕ ਵ ਕਸ ਕਸਕੇ

(ਹੇ ਜੋਗੀ! ਕਾਇਆਂ ਰੂਪ ਮੱਟੀ ਹੈ ਗੁਰਾਂ ਦਾ ਉਪਦੇਸ਼ ਰੂਪ ਗੁੜ ਕੀਤਾ ਹੈ (ਇਹ ਸਾਰੀ ਮੁੱਢਲੀ ਸਾਮੱਗ੍ਰੀ ਲਾਹਣ ਮੇਲੀ ਹੈ)

੧. ਤ੍ਰਿਸ਼ਨਾ, ੨. ਕਾਮ, ੩. ਕ੍ਰੋਧ, ੪. ਹੰਕਾਰ, ੫. ਈਰਖਾ ਕੱਟ ਕੱਟਕੇ ਕਿੱਕਰ ਦੇ ਸੱਕ ਪਾਏ ਹਨ ॥

**ਕੋਈ ਹੈ ਰੇ ਸੰਤੁ ਸਹਜ ਸੁਖ ਅੰਤਰਿ ਜਾਕਉ ਜਪੁ ਤਪੁ ਦੇਉ ਦਲਾਲੀ ਰੇ। ਏਕ ਬੂੰਦ ਭਰਿ ਤਨੁ ਮਨੁ ਦੇਵਉ ਜੋ ਮਦੁ ਦੇਇ ਕਲਾਲੀ ਰੇ ॥ ੧ ॥ ਰਹਾਉ ॥**

ਕੋਈ ਇੱਕਰ ਦਾ ਮੰਤ ਹੈ ਜਿਸਦੇ ਅੰਦਰ ਅਚੱਲ ਸੁਖ ਹੈ ਤਿਸਨੂੰ ਮੈਂ ਆਪਣਾ ਜਪ ਤਪ ਰੂਪ ਦਲਾਲੀ ਦਿਆਂ, ਜੇਹੜਾ ਇੱਕ ਛਿਟ ਭਰਕੇ (ਉਪ੍ਰੋਕਤਿ ਸ਼ਰਾਬ ਦੀ) ਮੇਰੀ ਕਾਇਆਂ ਰੂਪ ਮੱਟੀ ਵਿੱਚ ਪਾ ਦੇਵੇ ਉਸ ਨੂੰ ਮੈਂ ਆਪਣਾ ਤਨ ਮਨ ਅਰਪਣ ਕਰ ਦਿਆਂਗਾ ॥

**ਭਵਨ ਚਤੁਰ ਦਸ ਭਾਠੀ ਕੀਨ੍ਹੀ ਬ੍ਰਹਮ ਅਗਨਿ ਤਨਿ ਜਾਰੀ ਰੇ ॥ ਮੁਦ੍ਰਾ*ਮਦਕ ਸਹਜ ਧੁਨਿ ਲਾਗੀ ਸੁਖਮਨ ਪੋਚਨ ਹਾਰੀ ਰੇ ॥ ੨ ॥**

ਮੁਦ੍ਰਾ = ਬੰਦ ਕਰਕੇ ॥ ਮਦਕ = ਨਾਲ।

ਚੌਦਾਂ ਭੌਂਣ ਭੱਠੀ ਕੀਤੀ ਹੈ, ਭਾਵ ਚੌਦਾਂ ਲੋਕਾਂ ਵਿਚ ਵੀ ਇਸਨੂੰ ਨਾਸ ਰੂਪ ਸਮਝਿਆ ਹੈ ਬ੍ਰਹਮ ਰੂਪ ਅਗਨੀ ਇਸ ਤਨ ਵਿਚ ਪ੍ਰਕਾਸ਼ੀ ਹੈ। ਮੱਟੀ ਦਾ ਮੂੰਹ ਬੰਦ ਕਰਨ ਵਾਲੀ ਮੈਂ ਬਾਣੀ ਬਣਾ ਰੱਖੀ ਹੈ, ਰਿਦੇ ਵਿਚ ਵਾਹਿਗੁਰੂ ਦਾ ਰਸ ਪਹੁੰਚਾਉਂਣ ਵਾਲੀ ਨਾਲ ਸਹਜੇ ਹੀ ਧੁਨੀ ਮੇਰੀ ਲਗੀ ਹੋਈ ਹੈ, ਸੁਖਮਨਾਂ ਨਾੜੀ ਰੂਪ ਮੇਰੀ ਪੋਚਾ ਫੇਰਨ ਵਾਲੀ ਭਗਤੀ ਲੀਰ ਹੈ।

**ਤੀਰਥ ਬਰਤ ਨੇਮ ਸੁਚਿ ਸੰਜਮ ਰਵਿ ਸਸਿ ਗਹਨੈ ਦੇਉ ਰੇ ॥ ਸੁਰਤਿ ਪਿਆਲ ਸੁਧਾ ਰਸੁ ਅੰਮ੍ਰਿਤੁ ਏਹੁ ਮਹਾ ਰਸੁ ਪੇਉ ਰੇ ॥ ੩ ॥**

---

*ਮਦਕ ਦਾ ਅਰਥ ਪੰਡਤ ਤਾਰਾ ਸਿੰਘ ਜੀ ਨੇ ਆਪਣੀ ਸਟੀਕ ਬਾਨੀ ਭਗਤਾਂ ਵਿਚ 'ਨਾਲ' ਕੀਤਾ ਹੈ ਅਤੇ ਮੁਦਾ ਦਾ ਅਰਥ ਮੂੰਹ ਬੰਦ ਕਰਕੇ। ਅਤੇ ਫੇਰ ਪੰਡਤ ਜੀ ਨੇ ਆਪਣੇ ਕੋਸ਼ ਸ੍ਰੀ ਗੁਰੂ ਗਿਰਾਰਥ ਵਿਚ ਮਦਕ ਦਾ ਅਰਥ ਮੁੰਦਣਾਂ ਕੀਤਾ ਹੈ ਭਾਵ ਮਦ ਦਾ ਬੰਦ ਕਰਨਾ ਕੀ ਹੈ ॥ ਪਰ ਬੜੀ ਅਸ-ਚਰਜ ਦੀ ਗੱਲ ਹੈ ਜੋ ਮਦਕ ਦਾ ਅਰਥ ਕੋਸ਼ ਵਿਚ ਨਾਲ ਨਹੀਂ ਕੀਤਾ ਅ ਬਾਣੀ ਭਗਤਾਂ ਵਿਚ ਮਦਕ ਦਾ ਨਾਲੀ ਅਰਥ ਕੀਤਾ ਹੈ ਪੰਡਤ ਜੀ ਨੇ ਆਪਣੇ ਗ੍ਰੰਥਾਂ ਵਿਚ ਹੀ ਸੰਦੇਹ ਪਾ ਦਿਤਾ ਹੈ ॥

ਭਾਈ ਭਗਵਾਨ ਸਿੰਘ ਜੀ ਗਿਆਨੀ ਨੇ ਵੀ "ਮਦ ਦਾ ਮੁੰਦਣਾਂ ਕਿਆ ਹੈ" ਏਹੋ ਹੀ ਅਰਥ ਕੀਤਾ ਹੇ ॥

ਰਵਿ = ਸੂਰਜ ॥ ਸਸਿ = ਚੰਦ੍ਰਮਾ ॥ ਸੁਧਾ = ਅੰਮ੍ਰਿਤ ॥

ਤੀਰਥਾਂ ਦੇ ਇਸ਼ਨਾਨ, ਵਰਤ, ਨੇਮ, ਪਵਿਤ੍ਰਤਾ, ਇੰਦ੍ਰੀਆਂ ਨੂੰ ਰੋਕਣਾਂ, ਸੂਰਜ, ਚੰਦ੍ਰਮਾਂ ਸਾਰੇ ਏਹ ਮੈਂ ਗਹਿਣੇ ਰੱਖਦਾ, ਅਰਥਾਤ ਉਸਨੂੰ ਦੇਂਦਾ ਹਾਂ ਜੇਹੜਾ ਸੂਰਤਿ ਰੂਪ ਪਿਆਲਾ ਅੰਮ੍ਰਿਤ ਦਾ ਏਹ ਵੱਡਾ ਭਾਰਾ ਮਹਾਂ ਸੁਆਦੀ ਅੰਮ੍ਰਿਤ ਮੈਨੂੰ ਪੀਣ ਨੂੰ ਦੇਵੇ ਵਾ ਪੀਆਂਗਾ ॥

**ਨਿਝਰ ਧਾਰ ਚੁਐ ਅਤਿ ਨਿਰਮਲ ਇਹ ਰਸ ਮਨੂਆ ਰਾਤੋ ਰੇ ॥ ਕਹਿ ਕਬੀਰ ਸਗਲੇ ਮਦ ਛੂਛੇ*ਇਹੈ ਮਹਾ ਰਸੁ ਸਾਚੋ ਰੇ ॥ ੪ ॥ ੧ ॥**

ਹੇ ਜੋਗੀ ਉਸਦੀ ਇਕ ਰਸ ਅਤਯੰਤ ਹੀ ਨਿਰਮਲ ਧਾਰ ਚੋ ਰਹੀ ਹੈ ਇਸ ਰਸ ਵਿਚ ਮੇਰਾ ਮਨ ਰੱਤਾ ਹੈ, ਕਬੀਰ ਜੀ ਕਹਿੰਦੇ ਹਨ ਹੋਰ ਸਾਰੇ ਹੀ ਮੱਦ ਤੁਛ ਹਨ ਏਹ ਵਾਹਿਗੁਰੂ ਦਾ ਮਹਾਂ ਰਸ ਸੱਚਾ ਹੈ ॥

(ਪੁਨਾ)

**ਗੁੜੁ ਕਰਿ ਗਿਆਨੁ ਧਿਆਨੁ ਕਰਿ ਮਹੂਆ ਭਉ ਭਾਠੀ ਮਨ ਧਾਰਾ ॥ ਸੁਖਮਨ ਨਾਰੀ ਸਹਜ ਸਮਾਨੀ ਪੀਵੈ ਪੀਵਨਹਾਰਾ ॥ ੧ ॥**

ਵਾਹਿਗੁਰੂ ਦਾ ਗਿਆਨ ਗੁੜ ਕਰ ਵਾਹਿਗੁਰੂ ਦਾ ਧਿਆਨ ਮਹੂਏ ਦਾ ਫੁੱਲ ਬਣਾ ਵਾਹਿਗੁਰੂ ਦਾ (ਡਰ) ਹੁਕਮ (ਧਾਰਨ ਕਰਨਾ) ਮਨ ਵਿਚ ਮੰਨਣਾਂ ਇਹ ਭੱਠੀ ਕਰ ਵਾ ਮੈਂ ਕੀਤੀ ਹੈ, ਸੁਖਮਨਾ ਨਾੜੀ ਜੇਹੜੀ ਸਹਿਜ ਵਿਚ ਸਮਾਈ ਰਹਿੰਦੀ ਹੈ ਏਹ ਨਾਲੀ ਬਣਾਈ ਹੈ ਅਤੇ ਪੀਣ ਵਾਲਾ ਪੀਂਦਾ ਹੈ ॥

**ਅਉਧੂ ਮੇਰਾ ਮਨੁ ਮਤਵਾਰਾ ॥ ਉਨਮਦ†ਚਢਾ ਮਦਨ ਰਸੁ**

---

*ਜੇਹੜੇ ਆਦਮੀ ਸ਼ਰਾਬ ਪੀਂਦੇ ਹਨ ਉਨ੍ਹਾਂ ਨੂੰ ਕਬੀਰ ਜੀ ਨੇ ਸਿੱਖਿਆ ਦਿਤੀ ਹੈ ਖਾਲਸਾ ਜੀ ਨੂੰ ਚਾਹੀਦਾ ਹੈ ਕਿ ਇਸ ਭੈੜੀ ਚੰਦਰੀ ਨੂੰ ਛੱਡ ਦੇਣ ਜੇਹੜੇ ਸਾਡੇ ਭਰਾ ਆਪ ਪੀਂਦੇ ਹਨ ਅਤੇ ਹੋਰਨਾਂ ਨੂੰ ਇਸਦਾ ਉਪਦੇਸ਼ ਦੇਂਦੇ ਹਨ ਓਹ ਬੜੇ ਭੈੜੇ ਹਨ ॥

†ਓਹਨਾਂ ਮਦਾਂ ਵੱਲੋਂ ਮਨ ਚੜ ਗਿਆ ਉਪਰਾਮ ਹੋਕੇ ਹਟ ਗਿਆ ਕਿ ਗਿਲਾਨੀ ਕਰ ਗਿਆ ਹੈ ਅਤੇ "ਮਦਨ" ਜੇਹੜਾ ਕਾਮਦੇਵ ਨਾਲੋਂ ਵੀ ਸੁੰਦਰ ਨਿਰੰਕਾਰ ਹੈ ਓਸਦੇ ਭਜਨ ਦਾ ਅਨੰਦ ਚਖਿਆ ਹੈ ਏਸੇ ਵਾਸਤੇ ਤਿੰਨਾਂ ਲੋਕਾਂ ਦਾ ਵਾ ਤਿੰਨਾਂ ਲੋਕਾਂ ਵਿਚ ਚਾਨਣ ਹੋਯਾ ਹੈ ॥

**ਚਾਖਿਆ ਤ੍ਰਿਭਵਨ ਭਇਆ ਉਜਿਆਰਾ ॥ ੧ ॥ ਰਹਾਉ ॥**

ਮਦਨ = ਕਾਮ

ਹੇ ਅਉਧੂ ਮੇਰਾ ਮਨ ਮਸਤ ਹੋ ਰਿਹਾ ਹੈ ਉਸ ਸ਼ਰਾਬ ਦੇ ਮਦ ਚੜ੍ਹਨ ਕਰਕੇ ਲੋਕਾਂ ਨੇ ਕਾਮ ਦਾ ਰਸ ਚਖਿਆ ਹੈ ਅਤੇ ਮੈਨੂੰ ਇਸ ਸ਼ਰਾਬ ਦੇ ਪੀਣ ਕਰਕੇ ਤਿੰਨਾਂ ਭਵਨਾਂ ਦਾ ਚਾਨਣ ਹੋਯਾ ਹੈ।

**ਦੁਇ ਪੁਰ ਜੋਰਿ ਰਸਾਈ ਭਾਠੀ ਪੀਉ ਮਹਾ ਰਸੁ ਭਾਰੀ ॥**
**ਕਾਮੁ ਕ੍ਰੋਧੁ ਦੁਇ ਕੀਏ ਜਲੇਤਾ ਛੂਟਿ ਗਈ ਸੰਸਾਰੀ ॥ ੨ ॥**

ਜਲੇਤਾ = ਸਾੜਨ ਵਾਲੇ ਮੋਛੇ।

ਮੈਂ ਦੋਵੇਂ ਪੁੜ ਕੇਹੜੇ ਜੋੜੇ ਹਨ ਜੇਹੜਾ ਜੀਵ ਈਸ਼ਰ ਨੂੰ ਇਕ ਰੂਪ ਜਾਣਿਆਂ ਹੈ ਏਹ ਭੱਠੀ ਰਸਾਈ ਹੈ ਅਤੇ ਭਾਰੀ ਮਹਾਂ ਰਸ ਪੀਤਾ ਹੈ ਕਾਮ ਕ੍ਰੋਧ ਦੋਵੇਂ ਸਾੜਨ ਵਾਸਤੇ ਲਕੜੀਆਂ ਬਣਾਈਆਂ ਹਨ ਤੇ ਸਾਰੀ ਸੰਸਾਰੀ ਰੀਤ ਸਾਡੇ ਕੋਲੋਂ ਛੁਟ ਗਈ ਹੈ।

**ਪ੍ਰਗਟ ਪ੍ਰਗਾਸ ਗਿਆਨ ਗੁਰ ਗੰਮਿਤ**
**ਸਤਿਗੁਰ ਤੇ ਸੁਧਿ ਪਾਈ ॥**

ਗੰਮਿਤ = ਪ੍ਰਾਪਤਿ।

ਵਾਹਿਗੁਰੂ ਨੂੰ ਪਹੁੰਚੇ ਹੋਏ ਗੁਰਾਂ ਦੀ ਕਿਰਪਾ ਕਰਕੇ ਸਾਨੂੰ ਪ੍ਰਗਟ ਹੀ ਗਿਆਨ ਪ੍ਰਕਾਸ਼ਿਆ ਹੈ ਏਹ ਸਤਿਗੁਰਾਂ ਤੋਂ ਅਸਾਂ ਸੋਝੀ ਪਾਈ ਹੈ।

**ਦਾਸੁ ਕਬੀਰੁ ਤਾਸੁ ਮਦ ਮਾਤਾ**
**ਉਚਕਿ ਨ ਕਬਹੂ ਜਾਈ ॥ ੩ ॥ ੨ ॥**

ਤਾਸੁ = ਤਿਸ।

ਕਬੀਰ ਦਾਸ ਤਿਸ ਦੇ ਮਦ ਵਿਚ ਮੱਤਾ ਹੈ ਕਦੀ ਵੀ ਉਟਕ ਨਹੀਂ ਜਾਂਦਾ। ਅਥਵਾ ਵਾਹਿਗੁਰੂ ਦੇ ਮਤ ਦਾ ਰਸ ਚਖਦੇ ਸਾਰ ਹੀ ਅਮਲ ਚੜ੍ਹ ਗਿਆ ਤੇ ਅਨੰਦ ਵਿਚਮਸਤ ਹੋ ਗਏ।ਅਥਵਾ ਓਨ੍ਹਾਂ ਸ਼ਰਾਬ ਆਦਿਕਾਂ ਦੇ ਨਸ਼ੇ ਨਾਲੋਂ ਇਹ ਵਾਹਿਗੁਰੂ ਦੇ ਅਨੰਦ ਦਾ ਰਸ ਚੜ੍ਹਦਾ ਕੀ ਚੰਗਾ ਰਸ ਹੈ।

(ਬੇਨਤੀ)

**ਤੂੰ ਮੇਰੋ ਮੇਰੁ ਪਰਬਤੁ ਸੁਆਮੀ ਓਟ ਗਹੀ ਮੈ ਤੇਰੀ ॥ ਨਾ ਤੁਮ ਡੋਲਹੁ ਨਾ ਹਮ ਗਿਰਤੇ ਰਖਿ ਲੀਨੀ ਹਰਿ ਮੇਰੀ ॥ ੧ ॥**

ਗਹੀ = ਫੜੀ। ਮੇਰੁ = ਸੁਮੇਰ ਪਹਾੜ।

(ਹੇ ਸੁਆਮੀ) ਤੂੰ ਮੇਰਾ ਉਚਾ ਸੋਨੇ ਦਾ ਪਹਾੜ ਹੈਂ ਮੈਂ ਤੇਰੀ ਓਟ ਲਈ ਹੈ। ਨਾ ਤੁਸੀਂ ਕੰਬਦੇ ਹੋ ਨਾ ਅਸੀਂ ਡਿਗਦੇ ਹਾਂ ਹੇ ਵਾਹਿਗੁਰੂ ਤੂੰ ਮੇਰੀ ਇਜ਼ਤ ਰੱਖ ਲਈ ਹੈ।

**ਅਬ ਤਬ ਜਬ ਕਬ ਤੁਹੀ ਤੁਹੀ ॥**
**ਹਮ ਤੁਅ ਪਰਸਾਦ ਸੁਖੀ ਸਦਹੀ ॥ ੧ ॥ ਰਹਾਉ ॥**

ਹੁਣ "ਵਰਤਮਾਨ" ਫਿਰ "ਭੂਤ ਕਾਲ" ਜਦੋਂ ਕਦੋਂ "ਭਵਿਖਜਤ ਕਾਲ" ਤੂੰਹੇਂ ਤੂੰਹੇਂ ਹੈਂ ਅਸੀਂ ਤੇਰੀ ਕਿਰਪਾ ਕਰਕੇ ਸਦਾ ਹੀ ਸੁਖੀ ਹਾਂ।

**ਤੋਰੇ ਭਰੋਸੇ ਮਗਹਰ ਬਸਿਓ ਮੇਰੇ ਤਨ ਕੀ ਤਪਤਿ ਬੁਝਾਈ ॥**
**ਪਹਿਲੇ ਦਰਸਨੁ ਮਗਹਰ ਪਾਇਓ ਫੁਨਿ ਕਾਸੀ ਬਸੇ ਆਈ ॥ ੨ ॥**

ਹੇ ਵਾਹਿਗੁਰੂ ਤੇਰੇ ਹੀ ਭਰੋਸੇ ਮੈਂ ਮਗਹਰ ਦੇਸ ਵਿਚ ਜਾ ਵਸਿਆ ਸੀ ਓਥੇ ਤੂੰ ਮੇਰੇ ਸਰੀਰ ਦੀ ਸੜਨ ਬੁਝਾਈ ਸੀ, ਪਹਿਲੇ ਮੈਂ ਤੇਰਾ ਦਰਸ਼ਨ ਮਗਹਰ ਵਿਚ ਪਾਇਆ ਸੀ ਫੇਰ ਕਾਸ਼ੀ ਵਿੱਚ ਜਾ ਵਸਿਆ ਸੀ।

**ਜੈਸਾ ਮਗਹਰੁ ਤੈਸੀ ਕਾਸੀ ਹਮ ਏਕੈ ਕਰਿ ਜਾਨੀ ॥ ਹਮ ਨਿਰਧਨ ਜਿਉ ਇਹੁ ਧਨੁ ਪਾਇਆ ਮਰਤੇ ਫੂਟਿ ਗੁਮਾਨੀ॥੩॥**

(ਸਾਨੂੰ) ਜਿਕੁਰ ਮਗਹਰ ਹੈ ਤਿਕੁਰ ਹੀ ਕਾਸ਼ੀ ਹੈ ਅਸੀਂ ਇਕ ਕਰਕੇ ਜਾਣੀ ਹੈ, ਅਸੀ ਨਿਰਧਨੀਆਂ ਵਾਕੂੰ ਵਾਹਿਗੁਰੂ ਰੂਪ ਧਨ ਪਾਇਆ ਹੈ ਅਤੇ ਹੰਕਾਰੀ ਇਸ ਧਨ ਨੂੰ ਪਾਕੇ ਫੁੱਟ ਮਰਦੇ ਹਨ।

**ਕਰੈ ਗੁਮਾਨ ਚੁਭਹਿ ਤਿਸੁ ਸੂਲਾ ਕੋ ਕਾਢਨ ਕਉ ਨਾਹੀ ॥**
**ਅਜੈਸੁ ਚੋਭ ਕਉ ਬਿਲਲ ਬਿਲਾਤੇ ਨਰਕੇ ਘੋਰ ਪਚਾਹੀ ।੪॥**

ਬਿਲਲ ਬਿਲਾਤੇ = ਵਿਰਲਾਪ ਕਰਦੇ ॥ ਘੋਰ = ਭੈ ਦਾਯਕ ॥
ਪਚਾਹੀ = ਖਪਦੇ, ਮਰਦੇ ॥

ਉਹ ਹੰਕਾਰ ਕਰਦੇ ਹਨ ਇਸ ਲਈ ਓਨ੍ਹਾਂ ਨੂੰ ਸੂਲਾਂ ਚੁਭਦੀਆਂ ਹਨ ਕੋਈ ਕਢਨ ਨੂੰ ਨਹੀਂ ਹੁੰਦਾ, ਅਜੇ ਤਕ ਉਸ ਚੋਭ ਨੂੰ ਯਾਦ ਕਰਕੇ ਵਲੱਲਿਆਂ ਵਾਂਕੂੰ ਬਾਰ ਬਾਰ ਰੋਂਦੇ ਹਨ ਅਤੇ ਭਿਆਨਕ ਨਰਕ ਵਿਚ ਪੈਂਦੇ ਹਨ।

**ਕਵਨੁ ਨਰਕੁ ਕਿਆ ਸੁਰਗੁ ਬਿਚਾਰਾ ਸੰਤਨ ਦੋਊ ਰਾਦੇ ॥**
**ਹਮ ਕਾਹੂ ਕੀ ਕਾਣਿ ਨ ਕਢਤੇ ਅਪਨੇ ਗੁਰ ਪਰਸਾਦੇ ॥ ੫ ॥**

ਨਰਕ ਕਿਆ ਹੈ ਅਤੇ ਸੁਰਗ ਵਿਚਾਰਾ ਕਿਆ ਹੈ ਸੰਤਾਂ ਨੇ ਦੋਵੇਂ ਹੀ ਰੱਦ ਦਿਤੇ ਹਨ ਅਸੀਂ ਆਪਣੇ ਗੁਰਾਂ ਦੀ ਕਿਰਪਾ ਕਰਕੇ ਕਿਸੇ ਦੀ ਖੁਸ਼ਾਮਦ ਨਹੀਂ ਰਖਦੇ ॥

**ਅਬ ਤਉ ਜਾਇ ਚਢੇ ਸਿੰਘਾਸਨਿ ਮਿਲੇ ਹੈ ਸਾਰਿੰਗ ਪਾਨੀ ॥**
**ਰਾਮ ਕਬੀਰਾ ਏਕ ਭਏ ਹੈ ਕੋਇ ਨ ਸਕੈ ਪਛਾਨੀ ॥ ੬ ॥ ੩ ॥**

ਸਾਰਿੰਗ = ਪਪੀਹਾ, ਧਨੁਖ ਆਦੀ ॥ ਪਾਨੀ = ਹਥ ਜਲ ॥

ਹੁਣ ਵਾਹਿਗੁਰੂ ਰੂਪ ਤਖਤ ਤੇ ਜਾ ਚੜੇ ਹਾਂ, ਵਾਹਿਗੁਰੂ ਮਿਲ ਪਿਆ ਹੈ ਵਾਹਿਗੁਰੂ ਤੇ ਕਬੀਰ ਇਕ ਹੋ ਗਏ ਹਨ ਕੋਈ ਪਛਾਣ ਨਹੀਂ ਸਕਦਾ ॥

(ਬੇਨਤੀ)

**ਸੰਤਾ ਮਾਨਉ ਦੂਤਾ ਡਾਨਉ ਇਹ ਕੁਟਵਾਰੀ ਮੇਰੀ ॥**
**ਦਿਵਸ ਰੈਨਿ ਤੇਰੇ ਪਾਉ ਪਲੋਸਉ**
**ਕੇਸ ਚਵਰ ਕਰਿ ਫੇਰੀ ॥ ੧ ॥**

ਦੂਤਾ = ਕਾਮਾਦਿਕਾਂ ॥ ਡਾਨਉ = ਡੰਨ, ਮਾਮਲਾ ॥ ਰੈਨਿ = ਰਾਤ ॥

ਸੰਤਾਂ ਨੂੰ ਮੰਨਾਂ, ਦੂਤਾਂ ਨੂੰ ਡੰਨ ਦਿਆਂ, ਇਹ ਕੁਟਵਾਰੀ ਮੇਰੀ ਬਣੀ ਰਹੇ, ਰਾਤ ਦਿਨੇ ਤੇਰੇ ਸੰਤਾਂ ਦੇ ਪੈਰ ਘੁਟਾਂ, ਕੇਸਾਂ ਦਾ ਚੌਰ ਕਰਾਂ ॥

**ਹਮ ਕੂਕਰ ਤੇਰੇ ਦਰਬਾਰਿ ॥**
**ਭਉਕਹਿ ਆਗੈ ਬਦਨੁ ਪਸਾਰਿ ॥ ੧ ॥ ਰਹਾਉ ॥**

ਬਦਨੁ = ਮੂੰਹ ॥

ਮੈਂ ਤੇਰੇ ਦਰਬਾਰ ਦਾ ਕੁਤਾ ਹਾਂ, ਤੇਰੇ ਤੋਂ ਭੁਲਿਆਂ ਹੋਇਆਂ ਦੇ ਅਗੇ ਮੂੰਹ ਟੱਡ ਕੇ ਭੌਂਕਦਾ ਹਾਂ ॥

**ਪੂਰਬ ਜਨਮ ਹਮ ਤੁਮ੍ਹਰੇ ਸੇਵਕ ਅਬ ਤਉ ਮਿਟਿਆ ਨ ਜਾਈ ॥ ਤੇਰੇ ਦੁਆਰੈ ਧੁਨਿ ਸਹਜਕੀ ਮਾਥੈ ਮੇਰੇ ਦਗਾਈ ॥੨॥**

ਦਗਾਈ = ਚਮਕੀ ।

ਪਹਿਲੇ ਹੀ ਜਨਮ ਦੇ ਅਸੀਂ ਤੇਰੇ ਦਾਸ ਹਾਂ, ਹੁਣ ਹਟਿਆ ਨਹੀਂ ਜਾਂਦਾ, ਤੇਰੇ ਸਤਿਸੰਗ ਰੂਪ ਦਰਵਾਜੇ ਉਤੇ ਜੇਹੜੀ ਸਹਜੇ ਹੀ (ਗਿਆਨ ਵਾਲੀ) ਸੰਤਾਂ ਦੇ ਮੂੰਹੋਂ ਅਵਾਜ ਨਿਕਲਦੀ ਹੈ ਉਹ ਮੇਰੇ ਅੰਦਰ ਵਸਦੀ ਹੈ ਅਤੇ ਉਸਦਾ ਪ੍ਰਕਾਸ਼ ਮਥੇ ਉਤੇ ਪ੍ਰਕਾਸ਼ ਰਿਹਾ ਹੈ ਭਾਵ ਤੇਰੇ ਦਰਬਾਰ ਜਾਣ ਦਾ ਏਹ ਮੇਰੇ ਮੱਥੇ ਤੇ ਨਿਸ਼ਾਨ ਹੈ ॥

**ਦਾਗੇ ਹੋਹਿ ਸੁ ਰਨ ਮਹਿ ਜੂਝਹਿ ਬਿਨੁ ਦਾਗੇ ਭਗਿ ਜਾਈ ॥**
**ਸਾਧੂ ਹੋਇ ਸੁ ਭਗਤਿ ਪਛਾਨੈ ਹਰਿ ਲਏ ਖਜਾਨੈਪਾਈ ॥ ੩ ॥**

ਦਾਗੇ = ਦਾਗ ਲਗੇ ਦਾ ਨਾਮ ਹੈ, ਮੁਰਾਦ ਨਸ਼ਾਨ ਵਾਲੇ ਤੋਂ ਹੈ।

ਚੁਣੇ ਹੋਏ ਸੂਰਮੇਂ ਰਣ ਵਿਚ ਜੂਝਦੇ ਹਨ ਜੇਹੜੇ ਬਿਨਾਂ ਨਿਸ਼ਾਨ ਤੋਂ ਹੁੰਦੇ ਹਨ ਓਹੁ ਦੌੜ ਜਾਂਦੇ ਹਨ, ਤਿੱਕੁਰ ਹੀ ਜੇਹੜਾ ਸਾਧੂ ਹੋਵੇ ਓਹੁ ਭਗਤੀ ਦੀ ਸਾਰ ਜਾਣਦਾ ਹੈ ਤਿਸਨੂੰ ਵਾਹਿਗੁਰੂ ਆਪਣੇ ਨਾਲ ਮੇਲ ਲੈਂਦਾ ਹੈ ॥

**ਕੋਠਰੇ ਮਹਿ ਕੋਠਰੀ ਪਰਮ ਕੋਠੀ ਬੀਚਾਰਿ ॥**
**ਗੁਰਿ ਦੀਨੀ ਬਸਤੁ ਕਬੀਰ ਕਉ ਲੇਵਹੁ ਬਸਤੁ ਸਮ੍ਾਰਿ ॥ ੪ ॥**

ਸਰੀਰ ਰੂਪ ਕੋਠੇ ਵਿੱਚ, ਬੁਧੀ ਰੂਪ ਕੋਠੀ ਹੈ ਅਗੇ ਬੜੀ ਹੱਛੀ ਕੋਠੀ ਵਿਚਾਰ ਹੈ, ਉਸ ਕੋਠੀ ਵਿਚੋਂ ਗੁਰਾਂ ਨੇ ਕਬੀਰ ਨੂੰ ਇਕ ਆਤਮ ਵਸਤੂ ਦਿਤੀ ਤੇ ਨਾਲ ਹੀ ਕਿਹਾ ਹੇ ਕਬੀਰ ਇਸ ਚੀਜ਼ ਨੂੰ ਸਾਂਭ ਲੈ ॥

**ਕਬੀਰ ਦੀਈ ਸੰਸਾਰ ਕਉ ਲੀਨੀ ਜਿਸੁ ਮਸਤਕਿ ਭਾਗੁ ॥**
**ਅੰਮ੍ਰਿਤ ਰਸੁ ਜਿਨਿ ਪਾਇਆ ਥਿਰੁ ਤਾਕਾ ਸੁਹਾਗੁ ॥ ੫ ॥ ੪ ॥**

ਕਬੀਰ ਨੇ ਸੰਸਾਰ ਨੂੰ ਦਿਤੀ, ਜਿਸਦੇ ਮੱਥੇ ਤੇ ਭਾਗ ਸੀ ਉਸਨੇ ਲਈ ਅੰਮ੍ਰਿਤ ਰਸ ਜਿਸਨੇ ਪਾਇਆ ਹੈ ਉਸਦਾ ਸੁਹਾਗ ਇਸਥਿਤ ਹੈ।

**ਜਿਹ ਮੁਖ ਬੇਦੁ ਗਾਇਤ੍ਰੀ ਨਿਕਸੈ ਸੋ ਕਿਉ ਬ੍ਰਹਮਨੁ ਬਿਸਰੁ ਕਰੈ ॥ ਜਾਕੈ ਪਾਇ ਜਗਤੁ ਸਭੁ ਲਾਗੈ**
**ਸੋ ਕਿਉ ਪੰਡਿਤੁ ਹਰਿ ਨ ਕਹੈ ॥ ੧ ॥**

ਜਿਸ ਵਾਹਿਗੁਰੂ ਦੇ ਮੂੰਹੋਂ ਵੇਦ ਗਾਇਤ੍ਰੀ ਆਦਿਕ ਨਿਕਲੇ ਹਨ, ਸੋ ਤਿਸਨੂੰ ਹੇ ਬ੍ਰਾਹਮਨ ਕਿਉਂ ਭੁਲਾਉਂਦਾ ਹੈਂ ॥ ਜਿਸਦੀ ਪੈਰੀਂ ਸਾਰਾ ਜਗਤ ਲਗਦਾ ਹੈ ਸੋ ਤਿਸ ਵਾਹਿਗੁਰੂ ਨੂੰ ਹੇ ਪੰਡਤ ਤੂੰ ਕਿਉਂ ਨਹੀਂ ਕੈਂਹਦਾ ॥

**ਕਾਹੇ ਮੇਰੇ ਬਾਮ੍ਨ ਹਰਿ ਨ ਕਹਹਿ ॥**
**ਰਾਮੁ ਨ ਬੋਲਹਿ ਪਾਡੇ ਦੋਜਕੁ ਭਰਹਿ ॥ ੧ ॥ ਰਹਾਉ ॥**

ਹੇ ਮੇਰੇ ਬਾਹਮਨ ਤੁਸੀਂ ਵਾਹਿਗੁਰੂ ਨੂੰ ਕਿਉਂ ਨਹੀਂ ਕੈਂਹਦੇ। ਹੇ ਪਾਂਡੇ ਵਾਹਿਗੁਰੂ ਨੂੰ ਨਹੀਂ ਉਚਾਰਦੇ, ਦੋਜ਼ਕ ਭਰਦੇ ਹੋ ॥

**ਆਪਨ ਊਚ ਨੀਚ ਘਰਿ ਭੋਜਨੁ ਹਠੇ ਕਰਮ ਕਰਿ ਉਦਰੁ**

**ਭਰਹਿ ॥ ਚਉਦਸ ਅਮਾਵਸ ਰਚਿ ਰਚਿ ਮਾਂਗਹਿ ਕਰ ਦੀਪਕੁ ਲੈ ਕੂਪ ਪਰਹਿ ॥ ੨ ॥**

ਉਦਰੁ = ਪੇਟ । ਅਮਾਵਸ = ਮਸਿਆ । ਦੀਪਕ = ਦੀਵਾ।
ਕਰ = ਹਥ । ਕੂਪ = ਖੂਹ ।

ਆਪ ਉੱਚੇ ਬਣਦੇ ਹੋ (ਨਾਲੇ) ਨੀਚਾਂ ਦੇ ਘਰੀਂ ਜਾਕੇ ਅੰਨ ਖਾਂਦੇ ਹੋ, ਹਠ ਵਾਲਾ ਕੰਮ ਕਰਕੇ ਪੇਟ ਭਰਦੇ ਹੋ, ਚੌਦੇਂ ਤੇ ਮਸਿਆ ਵਾਲੇ ਦਿਨ ਰਜ ਰਜ ਕੇ ਮੰਗਦੇ ਹੋ । ਹਾਇ ! ਹੱਥ ਵਿਚ ਦੀਵਾ ਲੈਕੇ ਖੂਹ ਵਿਚ ਪੈਂਦੇ ਹੋ ।

**ਤੂ ਬ੍ਰਹਮਨੁ ਮੈ ਕਾਸੀ ਕਾ ਜੁਲਹਾ ਮੁਹਿ ਤੋਹਿ ਬਰਾਬਰੀ ਕੈਸੇ ਕੈ ਬਨਹਿ ॥ ਹਮਰੇ ਰਾਮ ਨਾਮ ਕਹਿ ਉਬਰੇ ਬੇਦੁ ਭਰੋਸੇ ਪਾਂਡੇ ਡੂਬਿ ਮਰਹਿ ॥ ੩ ॥ ੫ ॥**

ਤੂੰ ਕਾਂਸ਼ੀ ਦਾ ਬ੍ਰਾਹਮਨ ਹੈਂ ਮੈਂ ਜੁਲਾਹਾ ਹਾਂ, ਮੇਰੀ ਤੇਰੀ ਬਰਾਬਰ ਕਿੱਕੁਰ ਬਣੇ, ਸਾਡੇ ਚਾਟੜੇ ਤਾਂ ਵਾਹਿਗੁਰੂ ਦਾ ਨਾਮ ਕਹਿਕੇ ਤਰ ਗਏ ਹਨ ਅਤੇ ਵੇਦ ਦੇ ਭਰੋਸੇ ਤੁਹਾਡੇ ਵਡੇ ੨ ਪਾਂਡੇ ਡੁਬ ਮੋਏ ਹਨ ॥

**ਤਰਵਰੁ ਏਕੁ ਅਨੰਤ ਡਾਰ ਸਾਖਾ ਪੁਹਪ ਪਤ੍ਰ ਰਸ ਭਰੀਆ ॥ ਇਹ ਅੰਮ੍ਰਿਤ ਕੀ ਬਾੜੀ ਹੈ ਰੇ ਤਿਨਿ ਹਰਿ ਪੂਰੈ ਕਰੀਆ ॥ ੧ ॥**

ਤਰਵਰੁ = ਬ੍ਰਿਛ ।ਪੁਹਪ = ਫੁਲ

(੧) ਬ੍ਰਿਛ ਸੰਸਾਰ (ਤਿਸਦਾ) (੨) ਮੁੱਢ ਵਾਹਿਗੁਰੂ (੩) ਅਨੇਕਾਂ ਹੀ ਵੱਡੀਆਂ ਛੋਟੀਆਂ ਬ੍ਰਹਮਾਂ ਆਦਿਕ ਟਾਹਣੀਆਂ ਹਨ । (੪) ਫੁੱਲ ਧਰਮ ਅਧਰਮ ਹਨ । (੫) ਪੱਤੇ ਜੀਵ (੬) ਸੁਖ ਦੁਖ ਰਸਾਂ ਦਾ ਭਰਿਆ ਹੋਯਾ ਹੈ ਇਹ ਅੰਮ੍ਰਿਤ ਦੀ ਵਾੜੀ ਹੈ ਤਿਸ ਵਾਹਿਗੁਰੂ ਪੂਰੇ ਨੇ ਇਸਨੂੰ ਕੀਤਾ ਹੈ ॥

**ਜਾਨੀ ਜਾਨੀ ਰੇ ਰਾਜਾ ਰਾਮ ਕੀ ਕਹਾਨੀ ॥ ਅੰਤਰਿ ਜੋਤਿ ਰਾਮ ਪਰਗਾਸਾ ਗੁਰਮੁਖਿ ਬਿਰਲੈ ਜਾਨੀ ॥ ੧ ॥ ਰਹਾਉ ॥**

(ਪ੍ਰਸ਼ਨ) ਨਾਸ ਰੂਪ ਤੇ ਦੁੱਖਾਂ ਦੀ ਖਾਣ ਨੂੰ ਤੁਸਾਂ ਅੰਮ੍ਰਿਤ ਦੀ ਵਾੜੀ ਕੀਕੁਣ ਕਿਹਾ ਹੈ (ਉਤਰ)

(ਮੈਂ) ਜਾਨੀ ਪ੍ਰਕਾਸ਼ਕ ਵਾਹਿਗੁਰੂ ਦੀ ਕਹਾਣੀ ਜਾਣੀ ਹੈ । ਵਾਹਿਗੁਰੂ ਦੀ ਜੋਤ ਦਾ ਮੇਰੇ ਅੰਦਰ ਪ੍ਰਕਾਸ਼ ਹੋਇਆ ਹੈ ਇਕੁਰ ਦੀ ਗੱਲ ਕਿਸੇ ਵਿਰਲੇ ਹੀ ਗੁਰਮੁਖ ਨੇ ਜਾਣੀ ਹੈ ।

**ਭਵਰੁ ਏਕੁ ਪੁਹਪ ਰਸ ਬੀਧਾ *ਬਾਰਹ ਲੇ ਉਰ-ਧਰਿਆ ॥ †ਸੋਰਹ ਮਧੇ ਪਵਨੁ ਝਕੋਰਿਆ ਆਕਾਸੇ ‡ਫਰੁ ਫਰਿਆ ॥ ੨ ॥**

ਪਵਨ = ਸ੍ਵਾਸਾਂ ਦੀ ਪੌਣ ॥ ਝਕੋਰਿਆ = ਝੋਲਾ ਮਾਰਿਆ, ਹਿਲਾਯਾ ।
ਭਵਰ = ਭੌਰਾ । ਪੁਹਪ = ਫੁਲ ॥ ਬੀਧਾ = ਵਿੰਨ੍ਹਿਆਂ, ਮਿਲਿਆ ॥
ਉਰ = ਰਿਦਾ । ਫਰ ਫਰਿਆ = ਫਲ ਫਲਿਆ ਵਾ ਫੜਿਆ ॥

ਜਗਜਾਸੂ ਰੂਪ ਭੌਰਾ ਵਾਹਿਗੁਰੂ ਰੂਪ ਫੁੱਲ ਦੇ ਸੁਆਦ ਵਿਚ ਵਿੰਨ੍ਹਿਆਂ ੧੨ ਵਾਰੀ ਨਾਮ ਲੈਕੇ ਰਿਦੇ ਵਿਚ ਰਖਿਆ ਫਿਰ ੧੬ ਵਿਚ ਸ੍ਵਾਸਾਂ ਨੂੰ ਹਲਾਯਾ (ਰੋਕਿਆ) ਫਿਰ ਰਿਦੇ ਵਿਚ ਹੀ ਵਾਹਿਗੁਰੂ ਰੂਪ ਫਲ ਫਲ ਪਿਆ (ਪਾਲਿਆ) ।

**ਸਹਜ ਸੁੰਨਿ ਇਕੁ ਬਿਰਵਾ ਉਪਜਿਆ ਧਰਤੀ ਜਲ ਹਰੁ §ਸੋਖਿਆ ॥ ਕਹਿ ਕਬੀਰ ਹਉ ਤਾਕਾ ਸੇਵਕੁ ਜਿਨਿ ਇਹੁ ਬਿਰਵਾ ਦੇਖਿਆ ॥ ੩ ॥ ੬ ॥**

ਬਿਰਵਾ = ਬੂਟਾ ॥ ਹਰ = ਨਾਸ ॥

ਗਿਆਨ ਦੇ ਪ੍ਰਤਾਪ ਨਾਲ ਵਾਹਿਗੁਰੂ ਰੂਪ ਬੂਟਾ ਇਕ ਉਗਿਆ ਬੁਧੀ ਰੂਪ ਧਰਤੀ ਵਿਚੋਂ ਪਦਾਰਥਾਂ ਰੂਪ ਜਲ (ਵਿਸ਼ੇ ਰੂਪ ਜੀਵ) (ਜੇਹੜਾ ਨਾਸ ਕਰਨ ਵਾਲਾ ਸੀ ਉਸਨੂੰ) ਸੁਕਾਇ ਦਿਤਾ, ਕਬੀਰ ਜੀ ਕਹਿੰਦੇ ਹਨ ਮੈਂ ਉਸਦਾ ਦਾਸ ਹਾਂ ਜਿਸਨੇ ਏਹ ਬੂਟਾ ਦੇਖਿਆ ਹੈ ॥

( ਜੋਗੀ ਨੂੰ ਉਪਦੇਸ਼ )

**ਮੁੰਦ੍ਰਾ ਮੋਨਿ ਦਇਆ ਕਰਿ ਝੋਲੀ ਪਤ੍ਰ ਕਾ ਕਰਹੁ ਬੀਚਾਰੁ ਰੇ ॥ ਖਿੰਥਾ ਇਹੁ ਤਨੁ ਸੀਅਉ ਅਪਨਾ ਨਾਮੁ ਕਰਉ ਆਧਾਰੁ ਰੇ ॥ ੧ ॥**

ਮੋਨਿ = ਚੁਪ ॥

ਹੇ ਜੋਗੀ ਚੁੱਪ ਕਰਨਾ ਮੁੰਦ੍ਰਾ, ਦਯਾ ਝੋਲੀ, ਵਿਚਾਰ ਦਾ ਖੱਪਰ ਕਰੋ, ਏਸ ਸਰੀਰ ਨੂੰ ਹੀ ਖਫਨੀ ਸਮਝੋ ਇਸ ਵਿਚ ਮਨ ਨੂੰ ਸੀਵੋਂ ( ਰੋਕੋ )

---

*ਬਾਰਾਂ ਮਾਤ੍ਰਾਂ ਪ੍ਰਯੰਤ ਪ੍ਰਾਨ ਅੰਦਰ ਦੇ ਪਾਸੇ ਵੱਲ ਖਿੱਚੇ ।

†ਵਿਸ਼ੁਧੀ ਚੱਕ੍ਰ ਜੇਹੜਾ ਗਲ ਵਿਚ ਹੈ ਏਸ ਨੂੰ ਸੋਲਾਂ ਕਲਾਂ ਵਾਲਾ ਆਖਦੇ ਹਨ ।

‡ਦਸਮ ਦ੍ਵਾਰ ਵਿਚ ਜਾਕੇ ਪਰ ਮਾਰੇ । §ਪਾਣੀ ਖਿੱਚਕੇ ਸੁਕਾਇਆ

ਨਾਮ ਦਾ ਆਧਾਰ ਕਰੋ।

**ਐਸਾ ਜੋਗੁ ਕਮਾਵਹੁ ਜੋਗੀ॥**
**ਜਪ ਤਪ ਸੰਜਮੁ ਗੁਰਮੁਖਿ ਭੋਗੀ॥ ੧ ॥ ਰਹਾਉ ॥**

ਹੇ ਜੋਗੀ ਇਕੁਰ ਦਾ ਜੋਗ ਕਮਾਵੇ, ਜਪ, ਤਪ, ਇੰਦ੍ਰਿਆਂ ਨੂੰ ਰੋਕਣਾਂ, ਗੁਰਮੁਖਾਂ ਵਾਂਙੂ ਏਹੁ ਅੰਨ ਖਾਣ ਵਾਲੇ ਬਣੋ॥

**ਬੁਧਿ ਬਿਭੂਤਿ ਚਢਾਵਉ ਅਪਨੀ ਸਿੰਗੀ ਸੁਰਤਿ ਮਿਲਾਈ॥ ਕਰਿ ਬੈਰਾਗੁ ਫਿਰਉ ਤਨਿ ਨਗਰੀ ਮਨ ਕੀ ਕਿੰਗੁਰੀ ਬਜਾਈ॥ ੨ ॥**

ਆਪਣੀ ਅਕਲ ਨੂੰ ਵਾਹਿਗੁਰੂ ਵੱਲ ਕਰਨਾ ਇਹੁ ਸੁਆਹ ਮਲੋ ਹੱਛੀ ਪ੍ਰੀਤੀ ਵਾਹਿਗੁਰੂ ਨਾਲ ਮਿਲਾਵੋ ਇਹੁ ਸਿੰਙੀ ਕਰੋ, ਵੈਰਾਗ ਕਰਕੇ ਕਾਯਾਂ ਰੂਪ ਨਗਰੀ ਵਿਚ ਫਿਰੋ ਮਨ ਦੀ ਕਿੰਗੁਰੀ ਵਜਾਵੋ॥

***ਪੰਚ ਤਤੁ ਲੈ ਹਿਰਦੈ ਰਾਖਹੁ ਰਹੈ ਨਿਰਾਲਮ ਤਾੜੀ॥ ਕਹਤੁ ਕਬੀਰੁ ਸੁਨਹੁ ਰੇ ਸੰਤਹੁ ਧਰਮੁ ਦਇਆ ਕਰਿ ਬਾੜੀ॥ ੩ ॥ ੭ ॥**

ਪੰਚ = ਪੰਜ, ਪੈਂਚ ਸੰਤ। ਤਤ = ਅਕਾਸ ਪਾਣੀ ਆਦਿਕ ਪੰਜ
ਤਤ ਵਾ (ਵਾਹਿਗੁਰੂ) ਸੱਚ।

ਪੰਜਾਂ ਤੱਤਾਂ ਦੀ ਰਹਤ ਵਾ ਸੰਤਾਂ ਦੁਆਰਾ ਵਾਹਿਗੁਰੂ ਨੂੰ ਰਿਦੇ ਵਿਚ ਫੜ ਰਖੋ ਅਤੇ ਸਭ ਤੋਂ ਨਿਰਲੇਪ ਰਹੋ ਇਹ ਤਾੜੀ ਲਾ ਰਖੋ, ਕਬੀਰ ਜੀ ਕਹਿੰਦੇ ਹਨ ਸੁਣੋਂ ਹੇ ਸੰਤੋ ਧਰਮ ਦਯਾ ਵਾੜੀ ਕਰੋ॥

(ਸਨਮੁਖ ਬੇਨਤੀ)

**ਕਵਨ ਕਾਜ ਸਿਰਜੇ ਜਗ ਭੀਤਰਿ ਜਨਮਿ ਕਵਨ ਫਲੁ ਪਾਇਆ॥ ਭਵ ਨਿਧਿ ਤਰਨ ਤਾਰਨ ਚਿੰਤਾਮਨਿ ਇਕ ਨਿਮਖ ਨ ਇਹੁ ਮਨੁ ਲਾਇਆ॥ ੧ ॥**

---

*ਸੰਤਾਂ ਪਾਸੋਂ ਸਾਰ ਠੀਕ ਵਸਤੂ ਲੈਕੇ ਰਿਦੇ ਵਿਚ ਰਖੋ ਵਾ ਪੰਜਾਂ ਤੱਤਾਂ ਦੇ ਰਹਤ ਭਾਵ ਜੀਵਨ ਪਾਣੀ ਦਾ ਗੁਣ ਸੀਤਲ ਹੈ ਲੈਕੇ ਰਿਦੇ ਵਿਚ ਰਖੋ ਵਾ ਪੰਜਾਂ ਤੱਤਾਂ ਤੋਂ ਜੋ ਉਲਟ ਗਰਮੀ ਤਤ ਤਮੋ ਗੁਣ ਹੈਨ ਇਨ੍ਹਾਂ ਨੂੰ ਰਿਦੇ ਤੋਂ ਬਾਹਰ ਰਖੋ॥

ਸਿਰਜੇ = ਰਚੇ। ਭੀਤਰ = ਅੰਦਰ। ਭਵ = ਸੰਸਾਰ। ਨਿਧਿ = ਸਮੁੰਦਰ ਤਰਨ = ਜਹਾਜ।

ਹੇ ਵਾਹਿਗੁਰੂ ਤੂੰ ਸਾਨੂੰ ਕਿਸ ਕੰਮ ਵਾਸਤੇ ਉਤਪੰਨ ਕੀਤਾ ਸੀ, ਜੱਗ ਵਿਚ ਜੰਮਣ ਦਾ ਅਸਾਂ ਕੀ ਫਲ ਪਾਯਾ ਭਾਵ ਕੁਝ ਨਹੀਂ। ਕਿਉਂਕਿ ਸੰਸਾਰ ਸਮੁੰਦਰ ਤੋਂ ਤਾਰਨ ਵਾਲਾ ਜਹਾਜ ਰੂਪ ਚਿੰਤਾਮਣੀ ਆਪ ਦਾ ਨਾਮ ਸੋ ਤਿਸ ਨਾਲ ਅਸਾਂ ਇਕ ਨਿਮਖ ਵੀ ਮਨ ਨਾ ਲਾਯਾ ॥

**ਗੋਬਿੰਦ ਹਮ ਐਸੇ ਅਪਰਾਧੀ ॥ ਜਿਨਿ ਪ੍ਰਭਿ ਜੀਉ ਪਿੰਡੁ ਥਾ ਦੀਆ ਤਿਸਕੀ ਭਾਉ ਭਗਤਿ ਨਹੀ ਸਾਧੀ ॥ ੧ ॥ ਰਹਾਉ ॥**

ਪਿੰਡੁ = ਸਰੀਰ।

ਹੇ ਵਾਹਿਗੁਰੂ ਅਸੀਂ ਇਕੁਰ ਦੇ ਅਪਰਾਧੀ ਹਾਂ, ਜਿਸ ਵਾਹਿਗੁਰੂ ਨੇ ਸਾਡੇ ਸਰੀਰ ਨੂੰ ਜੀਅ ਦਾਨ ਦਿਤਾ ਸੀ ਉਸਦੀ ਪ੍ਰੇਮ ਨਾਲ ਭਗਤੀ ਨਹੀਂ ਕੀਤੀ ॥

**ਪਰ ਧਨ ਪਰ*ਤਨ ਪਰ ਤੀ ਨਿੰਦਾ ਪਰ †ਅਪਬਾਦੁ ਨ ਛੂਟੈ ॥ ਆਵਾ ਗਵਨੁ ਹੋਤੁ ਹੈ ਫੁਨਿ ਫੁਨਿ ਇਹੁ ਪਰਸੰਗੁ ਨ ਤੂਟੈ ॥ ੨ ॥**

ਤਨ = ਪੁੱਤ੍ਰ। ਤੀ = ਇਸਤ੍ਰੀ। ਅਪਵਾਦ = ਝਗੜਾ। ਆਵਾ = ਔਣਾ। ਗਵਨ = ਜਾਣਾ। ਫੁਨਿ ਫੁਨਿ = ਫੇਰ ਫੇਰ।

ਪਰਾਯਾ ਧਨ, ਪਰਾਯਾ ਪੁਤ੍ਰ, ਪਰਾਈ ਇਸਤ੍ਰੀ, ਪਰਾਈ ਨਿੰਦਯਾ, ਝਗੜਾ, ਸਾਡੇ ਕੋਲੋਂ ਇਹ ਨਹੀਂ ਛੁਟਦਾ, ਇਸ ਲਈ ਸਾਡਾ ਬਾਰ ਬਾਰ ਜੰਮਣਾ ਮਰਨਾ ਹੁੰਦਾ ਹੈ, ਏਹ ਪ੍ਰਸੰਗ ਤੁਟਦਾ ਹੀ ਨਹੀਂ ॥

**ਜਿਹ ਘਰ ਕਥਾ ਹੋਤ ਹਰਿ ਸੰਤਨ ਇਕ ਨਿਮਖ ਨ ਕੀਨੋ ਮੈ ਫੇਰਾ ॥ ਲੰਪਟ ਚੋਰ ਦੂਤ ਮਤਵਾਰੇ ਤਿਨ ਸੰਗਿ ਸਦਾ ਬਸੇਰਾ ॥ ੩ ॥**

ਲੰਪਟ = ਚੰਬੜ ਜਾਣਾ।

ਜਿਸ ਸੰਤਾਂ ਦੇ ਘਰ ਵਿਚ ਵਾਹਿਗੁਰੂ ਦੀ ਕਥਾ ਹੁੰਦੀ ਸੀ ਓਥੇ ਮੈਂ ਇਕ ਪਲ ਵੀ ਫੇਰਾ ਨਾ ਪਾਯਾ। (ਉਲਟਾ ਸਗੋਂ) ਜੇਹੜੇ ਇਸ ਥੀਂ ਲੰਪਟ

*ਪਰਾਏ ਸਰੀਰ ਤੋਂ ਕੰਮ ਕਰਾਕੇ ਮਜੂਰੀ ਨਾ ਦੇਣੀ ਭਾਵ ਆਦਮੀ ਨੂੰ ਵਗਾਰੀ ਫੜੀ ਰਖਣਾਂ ॥

†ਆਪੋ ਵਿੱਚ ਦੀ ਝਗੜਾ ਅਥਵਾ ਵਿਰੋਧ।

ਚੋਰ, ਚੁਗਲ, ਮਤਵਾਲੇ ਸੀ ਉਨ੍ਹਾਂ ਨਾਲ ਸਦਾ ਹੀ ਵਸਣਾ ਕੀਤਾ।

**ਕਾਮ ਕ੍ਰੋਧ ਮਾਇਆ ਮਦ ਮਤਸਰ ਏ ਸੰਪੈ ਮੋ ਮਾਹੀ ॥**
**ਦਇਆ ਧਰਮੁ ਅਰੁ ਗੁਰ ਕੀ ਸੇਵਾ**
**ਏ ਸੁਪਨੰਤਰਿ ਨਾਹੀ ॥ ੪ ॥**

ਮਤਸਰ = ਈਰਖਾ। ਸੰਪੈ = ਸਾਮੱਗਰੀ। ਸੁਪਨੰਤਰਿ = ਸੁਪਨੇ ਅੰਦਰ ॥

ਕਾਮ, ਕ੍ਰੋਧ, ਛਲ, ਹੰਕਾਰ, ਈਰਖਾ, ਏਹ ਅਕੱਠ ਮੇਰੇ ਵਿਚ ਜਮਾਂ ਹੋਗਿਆ। ਦਯਾ, ਧਰਮ ਅਤੇ ਗੁਰਾਂ ਦੀ ਸੇਵਾ ਏਹ ਸੁਪਨੇ ਵਿਚ ਵੀ ਨਹੀਂ ॥

**ਦੀਨ ਦਇਆਲ ਕ੍ਰਿਪਾਲ ਦਮੋਦਰ ਭਗਤਿ ਵਛਲ ਭੈ**
**ਹਾਰੀ ॥ ਕਹਤ ਕਬੀਰ ਭੀਰ ਜਨ ਰਾਖਹੁ ਹਰਿ ਸੇਵਾ**
**ਕਉ ਤੁਮ੍ਹਾਰੀ ॥ ੫ ॥ ੮ ॥**

ਦਮੋਦਰ = ਮਾਯਾ ਰੂਪ ਦਾਮ ਜਿਸਦੇ ਪੇਟ ਨਾਲ ਹੋਵੇ। ਭੀਰ = ਕਾਰਯ ਵਾ ਭੀੜ।

ਹੇ ਗਰੀਬਾਂ ਤੇ ਦਯਾਲੂ ਕ੍ਰਿਪਾਲੂ ਵਾਹਿਗੁਰੂ ਭਗਤਾਂ ਦੇ ਪਿਆਰੇ, ਡਰ ਦੂਰ ਕਰਨ ਵਾਲੇ, ਕਬੀਰ ਜੀ ਕਹਿੰਦੇ ਹਨ ਮੈਂ ਮਾੜਾ ਹਾਂ ਏਹ ਕਾਮਾਦਿਕ ਤਕੜੇ ਹਨ (ਏਨ੍ਹਾਂ ਦੀ ਮੇਰੇ ਦੁਵਾਲੇ ੨ ਬਾਹਲੀ ਭੀੜ ਹੋ ਰਹੀ ਹੈ) ਦਾਸਨੂੰ ਰੱਖ ਲਵੋ, ਮੈਂ ਤੁਹਾਡੀ ਸੇਵਾ ਕਰਾਂਗਾ ॥

**ਜਿਹ ਸਿਮਰਨਿ ਹੋਇ ਮੁਕਤਿ ਦੁਆਰੁ ॥**
**ਜਾਹਿ ਬੈਕੁੰਠਿ ਨਹੀ ਸੰਸਾਰਿ ॥**

ਜਿਸ ਦੇ ਯਾਦ ਕਰਨ ਨਾਲ ਮੁਕਤੀ ਦਾ ਬੂਹਾ ( ਗਿਆਨ ) ਮਿਲਦਾ ਹੈ, ਜਿਸ ਨਾਮ ਦੇ ਸਿਮਰਨ ਨਾਲ ਭਗਤ ਵੈਕੁੰਠ ਨੂੰ ਜਾਂਦੇ ਹਨ ਅਤੇ ਫਿਰ ਸੰਸਾਰ ਵਿੱਚ ਫੇਰਾ ਨਹੀਂ ਹੁੰਦਾ ॥

**ਨਿਰਭਉ ਕੈ ਘਰਿ ਬਜਾਵਹਿ ਤੂਰ ॥**
**ਅਨਹਦ ਬਜਹਿ ਸਦਾ ਭਰਪੂਰ ॥ ੧ ॥**

ਤੂਰ = ਵਾਜੇ ॥

(ਓਹ ਸੰਤ) ਨਿਰਭਉ ਵਾਹਿਗੁਰੂ ਦੇ ਘਰ ਵਿੱਚ ਵਾਜੇ ਵਜੌਂਦੇ ਹਨ ਇਕ ਰਸ ਭਰੀ ਹੋਈ ਓਨਾਂ ਵਾਜਿਆਂ ਦੀ ਅਵਾਜ਼ ਸਦਾ ਹੀ ਵਜ ਰਹੀ ਹੈ ॥

**ਐਸਾ ਸਿਮਰਨੁ ਕਰਿ ਮਨ ਮਾਹਿ ॥**
**ਬਿਨੁ ਸਿਮਰਨ ਮੁਕਤਿ ਕਤ ਨਾਹਿ ॥ ੧ ॥ ਰਹਾਉ ॥**

ਹੇ ਭਾਈ ਇੱਕਰ ਦਾ ਸਿਮਰਨ ਤੂੰ ਵੀ ਮਨ ਵਿੱਚ ਕਰ, ਬਿਨਾ

ਸਿਮਰਨ ਤੋਂ ਮੁਕਤਿ ਕਿਤੇ ਨਹੀਂ ਹੋਵੇਗਾ ॥

**ਜਿਹ ਸਿਮਰਨ ਨਾਹੀ ਨਨਕਾਰੁ ॥**

**ਮੁਕਤਿ ਕਰੈ ਉਤਰੈ ਬਹੁ ਭਾਰੁ ॥**

ਨਨਕਾਰ = ਰੋਕ, ਨਿਰਾਦਰ ॥

ਜਿਸ ਸਿਮਰਨ ਕਰਕੇ (ਤੈਨੂੰ ਵਾ ਓਥੇ ਸੰਤਾਂ ਨੂੰ) ਰੋਕ ਨਹੀਂ ਹੁੰਦੀ ਓਹ ਸਿਮਰਨ ਮੁਕਤਿ ਕਰਦਾ ਹੈ, ਜਨਾਂ ਦਾ ਬਾਹਲਾ ਭਾਰ ਉੱਤਰ ਜਾਂਦਾ ਹੈ।

**ਨਮਸਕਾਰੁ ਕਰਿ ਹਿਰਦੈ ਮਾਹਿ**

**ਫਿਰਿ ਫਿਰਿ ਤੇਰਾ ਆਵਨੁ ਨਾਹਿ ॥ ੨ ॥**

ਤਿਸ ਸਿਮਰਨ ਨੂੰ ਰਿਦੇ ਵਿੱਚ ਨਿਮਸਕਾਰ ਕਰ ਫਿਰ ਫਿਰ ਤੇਰਾ (ਜਾਣਾ) ਔਣਾ ਨਾ ਹੋਵੇਗਾ ॥

**ਜਿਹ ਸਿਮਰਨਿ ਕਰਹਿ ਤੂ ਕੇਲ ॥**

**ਦੀਪਕੁ ਬਾਂਧਿ ਧਰਿਓ ਬਿਨੁ ਤੇਲ ॥**

ਜਿਸ ਸਿਮਰਨ ਦੇ ਪਰਤਾਪ ਕਰਕੇ ਤੂੰ ਅਨੰਦ ਕਰਦਾ ਹੈਂ ਗਿਆਨ ਰੂਪ ਦੀਵਾ ਬਿਨਾਂ ਤੇਲ ਤੋਂ ਤੇਰੇ ਰਿਦੇ ਵਿੱਚ ਬੰਨ੍ਹਕੇ ਰਖਿਆ ਹੈ।

**ਸੋ ਦੀਪਕੁ ਅਮਰਕੁ ਸੰਸਾਰਿ॥**

**ਕਾਮ ਕ੍ਰੋਧ ਬਿਖੁ ਕਾਢੀ ਲੇ ਮਾਰਿ ॥ ੩ ॥**

ਸੋ ਦੀਵਾ ਸੰਸਾਰ ਵਿੱਚ ਮੌਤ ਤੋਂ ਬਿਨਾਂ ਕਰ ਦੇਂਦਾ ਹੈ। ਕਾਮ, ਕਰੋਧ ਵਿਹੁ ਨੂੰ ਮਾਰਕੇ ਵਿਚੋਂ ਕਢ ਲੈਂਦਾ ਹੈ॥

**ਜਿਹ ਸਿਮਰਨਿ ਤੇਰੀ ਗਤਿ ਹੋਇ ॥**

**ਸੋ ਸਿਮਰਨੁ ਰਖੁ ਕੰਠਿ ਪਰੋਇ ॥**

ਜਿਸ ਸਿਮਰਨ ਕਰਕੇ ਤੇਰੀ ਗਤੀ ਹੋਵੇ ਤਿਸ ਸਿਮਰਨ ਨੂੰ ਗਲ ਵਿਚ ਪਰੋਇ ਰੱਖ ॥

**ਸੋ ਸਿਮਰਨੁ ਕਰਿ ਨਹੀ ਰਾਖੁ ਉਤਾਰਿ ॥**

**ਗੁਰ ਪਰਸਾਦੀ ਉਤਰਹਿ ਪਾਰਿ ॥ ੪ ॥**

ਸੋ ਸਿਮਰਨ ਕਰ, ਗਲੋਂ ਉਤਾਰਕੇ ਨ ਰੱਖ ਗੁਰਾਂ ਦੀ ਕਿਰਪਾ ਕਰਨੇ ਪਾਰ ਉਤਰ ਜਾਵੇਂਗਾ।

**ਜਿਹ ਸਿਮਰਨਿ ਨਾਹੀ ਤੁਹਿ ਕਾਨਿ ॥**

**ਮੰਦਰਿ ਸੋਵਹਿ ਪਟੰਬਰ ਤਾਨਿ ॥**

ਕਾਨਿ = ਕਨੌਡ,ਖੁਸ਼ਾਮਤ । ਪਟੰਬਰ = ਰੇਸ਼ਮ ਦਾ ਕਪੜਾ

ਜਿਸ ਸਿਮਰਨ ਕਰਕੇ ਤੈਨੂੰ ਕਿਸੇ ਦੀ ਖੁਸ਼ਾਮਤ ਨਾ ਹੋਵੇਗੀ, ਆਪਣੇ ਸਰੂਪ ਘਰ ਵਿਚ ਨਿਰਭਉ ਰੂਪ ਬਸਤਰ ਤਾਨਕੇ ਸੁੱਤਾ ਰਹੇਂਗਾ ।

**ਸੇਜ ਸੁਖਾਲੀ ਬਿਗਸੈ ਜੀਉ ॥**
**ਸੋ ਸਿਮਰਨੁ ਤੂ ਅਨਦਿਨ ਪੀਉ ॥੫॥**

ਬਿਗਸੈ = ਖਿੜੇ । ਅਨ = ਰਾਤ । ਪੀਉ = ਪੀਵਾ ਪਤੀ ।

ਅੰਤਸ਼ ਕਰਨ ਰੂਪ ਸੇਜ ਤੇਰੀ ਸੁਖੀ ਹੋਵੇਗੀ ਜੀਅ ਤੇਰਾ ਪਸੰਨ ਹੋਵੇਗਾ ਸੋ ਸਿਮਰਨ ਰੂਪ ਅੰਮ੍ਰਿਤ ਤੂੰ ਰਾਤ ਦਿਨੇ ਪੀ ।

**ਜਿਹ ਸਿਮਰਨਿ ਤੇਰੀ ਜਾਇ ਬਲਾਇ ॥**
**ਜਿਹ ਸਿਮਰਨਿ ਤੁਝੁ ਪੋਹੈ ਨ ਮਾਇ ॥**

ਪੋਹੈ = ਦਬਾਵੇ ।

ਜਿਸ ਸਿਮਰਨ ਕਰਕੇ ਤੇਰੀ ਬਲਾ ਚਲੀ ਜਾਵੇਗੀ, ਜਿਸ ਸਿਮਰਨ ਕਰਕੇ ਤੈਨੂੰ ਮਾਯਾ ਨਾ ਦੱਬੇਗੀ ।

**ਸਿਮਰਿ ਸਿਮਰਿ ਹਰਿ ਹਰਿ ਮਨਿ ਗਾਈਐ ॥**
**ਇਹੁ ਸਿਮਰਨੁ ਸਤਿਗੁਰ ਤੇ ਪਾਈਐ ॥ ੬ ॥**

ਯਾਦ ਕਰ ਕਰਕੇ ਵਾਹਿਗੁਰੂ ਵਾਹਿਗੁਰੂ ਹੀ ਮਨ ਨਾਲ ਗਾਈਏ ਇਹ ਸਿਮਰਨ ਗੁਰਾਂ ਪਾਸੋਂ ਪਾਯਾ ਜਾਂਦਾ ਹੈ ।

**ਸਦਾ ਸਦਾ ਸਿਮਰਿ ਦਿਨੁ ਰਾਤਿ ॥**
**ਊਠਤ ਬੈਠਤ ਸਾਸਿ ਗਿਰਾਸਿ ॥**

ਉਠਦਿਆਂ, ਬੈਠਦਿਆਂ, ਸਾਸ, ਗਰਾਸ, ਦਿਨੇ, ਰਾਤ ਸਦਾ ਸਦਾ ਯਾਦ ਕਰ ।

**ਜਾਗੁ*ਸੋਇ ਸਿਮਰਨ ਰਸ ਭੋਗ ॥**
**ਹਰਿ ਸਿਮਰਨੁ ਪਾਈਐ ਸੰਜੋਗ ॥ ੭ ॥**

ਜਾਗਦਾ, ਸੁੱਤਾ, ਸਿਮਰਨ ਕਰ, ਇਸ ਅਨੰਦ ਨੂੰ ਲੈ ਵਾਹਿਗੁਰੂ ਦਾ ਸਿਮਰਨ ਗੁਰਾਂ ਦੇ ਮਿਲਾਪ ਕਰਕੇ ਪਾਈਦਾ ਹੈ ।

---

*ਉਸ ਵਾਹਿਗੁਰੂ ਦੇ ਸਿਮਰਨ ਵਿੱਚ ਜਾਗ ਤੇ ਸਿਮਰਨ ਦਾ ਆਨੰਦ ਲੈ ਇਸ ਤਰਾਂ ਵੀ ਅਰਥ ਕਰਦੇ ਹਨ ।

**ਜਿਹ ਸਿਮਰਨ ਨਾਹੀ ਤੁਝੁ ਭਾਰ ॥**
**ਸੋ ਸਿਮਰਨੁ ਰਾਮ ਨਾਮ ਅਧਾਰੁ ॥**

ਜਿਸ ਸਿਮਰਨ ਕਰਕੇ ਤੈਨੂੰ ਚੁਰਾਸੀ ਦਾ ਭਾਰ ਨਹੀਂ ਰਹੇਗਾ, ਸੋ ਸਿਮਰਨ ਵਾਹਿਗੁਰੂ ਦਾ ਨਾਮ ਆਸਰਾ ਕਰ।

**ਕਹਿ ਕਬੀਰ ਜਾਕਾ ਨਹੀ ਅੰਤੁ ॥**
**ਤਿਸਕੇ ਆਗੇ ਤੰਤੁ ਨ ਮੰਤੁ ॥ ੮ ॥ ੯ ॥**

ਕਬੀਰ ਜੀ ਕਹਿਦੇ ਹਨ ਜਿਸਦਾ ਕਦੀ ਅੰਤ ਨਹੀਂ ਹੁੰਦਾ, ਤਿਸ ਵਾਹਿਗੁਰੂ ਦੇ ਅੱਗੇ ਤੰਤ੍ਰ ਮੰਤ੍ਰ ਸਭ ਤੁਛ ਹਨ।

**ਰਾਮਕਲੀ ਘਰੁ ੨ ਬਾਣੀ ਕਬੀਰ ਜੀ ਕੀ**
**ੴ ਸਤਿਗੁਰਪ੍ਰਸਾਦਿ ॥*ਬੰਧਚਿ ਬੰਧਨੁ ਪਾਇਆ ॥**
**†ਮੁਕਤੈ ਗੁਰਿ ਅਨਲੁ ਬੁਝਾਇਆ ॥**

ਬੰਧਚਿ = ਬੰਨਣ, ਪੁਨਾ। ਅਨਲੁ = ਪੌਣ, ਅੱਗ।

ਮੁਕਤਿ ਰੂਪ ਗੁਰਾਂ ਨੇ ਜਦ ਸਾਨੂੰ ਸਵਾਸਾਂ ਦਾ ਰੋਕਣਾ ਦਸਿਆ ਤਾਂ ਅਸੀਂ ਬੰਨ੍ਹਣ ਵਾਲੇ (ਸਵਾਸਾਂ) ਨੂੰ ਪੁਨਾ ਬੰਨ੍ਹਣਾ (ਰੋਕਣਾ) ਪਾਯਾ।

**ਜਬ ਨਖ ਸਿਖ ਇਹੁ ਮਨੁ ਚੀਨ੍ਾ ॥**
**ਤਬ ਅੰਤਰਿ ਮਜਨੁ ਕੀਨ੍ਾ ॥ ੧ ॥**

ਨਖ = ਨਹੁੰ। ਸਿਖ = ਚੋਟੀ। ਚੀਨਾ = ਜਾਣਿਆਂ। ਮਜਨੁ = ਇਸ਼ਨਾਨ।

ਜਦੋਂ ਨਖ ਸਿਖ ਪ੍ਰਯੰਤ ਇਸ ਮਨ ਨੂੰ ਰੁਕਿਆ ਹੋਯਾ ਦੇਖਿਆ ਤਾਂ ਅੰਦਰ ਹੀ ਇਸ਼ਨਾਨ ਕੀਤਾ।

**ਪਵਨ ਪਤਿ ਉਨ੍ ਮਨਿ ਰਹਨੁ ਖਰਾ ॥**
**ਨਹੀ ਮਿਰਤੁ ਨ ਜਨਮੁ ਜਰਾ ॥੧ ॥ ਰਹਾਉ ॥**

ਪਵਨਪਤਿ = ਵਾਹਿਗੁਰੂ ਵਾ ਆਤਮਾਂ। ਉਨਮਨਿ = ਉਲਟਣਾਂ।
ਜਰਾ = ਬੁਢੇਪਾ।

ਸੰਸਾਰ ਵਲੋਂ ਉਲਟਕੇ ਪ੍ਰਾਣਾਂ ਦੇ ਪਤੀ ਵਾਹਿਗੁਰੂ ਵਿੱਚ ਸਾਡਾ ਚੰਗਾ ਆਸਣ ਹੋਯਾ ਉਸ ਜਗਾ ਨਾ ਮੌਤ ਨਾ ਜੰਮਣਾਂ ਨਾ ਬਢੇਪਾ ਹੈ।

---

*ਹਠ ਯੋਗ ਦੇ ਬੰਨ੍ਹਣ ਪਾਉਣ ਵਾਲੇ ਨੇ ਸਾਨੂੰ ਬੰਨ੍ਹਣ ਪਾ ਦਿੱਤਾ।
†ਮੁਕਤ ਹੋਏ ਹੋਏ ਗੁਰੂ ਨੇ ਸਾਡੀ ਤ੍ਰਿਸ਼ਨਾਂ ਅਗਨੀ ਬੁਝਾ ਦਿੱਤੀ।

**ਉਲਟੀ ਲੇ ਸਕਤਿ ਸਹਾਰੰ ॥ ਪੈਸੀ ਲੇ ਗਗਨ ਮਝਾਰੰ ॥**

ਉਲਟੀਲੇ = ਉਲਟਾ ਲਿਆ, ਰੋਕਿਆ। ਸਕਤਿ = ਜੋਰ।
ਸਹਾਰੰ = ਖਿੱਚਿਆ, ਸਹਾਰਿਆ, ਰੋਕਿਆ। ਪੈਸੀਲੇ = ਪ੍ਰਵੇਸ਼ ਹੋਣਾ।
ਗਗਨ = ਅਕਾਸ

ਆਪਣੀ ਸ਼ਕਤੀ ਨਾਲ ਸੁਆਸਾਂ ਨੂੰ ਉਲਟਾਕੇ ਜਦ ਅਸਾਂ ਖਿੱਚਿਆ ਤਾਂ ਦਸਵੇਂ ਦੁਆਰ ਵਿਚ ਲੰਘ ਗਏ।

**ਬੇਧੀਅਲੇ ਚਕ੍ਰ*ਭੁਅੰਗਾ॥ਭੇਟੀਅਲੇ ਰਾਇ ਨਿਸੰਗਾ ॥ ੨ ॥**

ਭੁਅੰਗਾ = ਸੱਪ ॥

ਸੱਪ ਵਾਂਗੂ ਵਿੰਗੇ ਚੱਕਰਾਂ ਨੂੰ ਵਿੰਨ੍ਹ ਸੁਟਿਆ, (ਤਦ ਓਥੋਂ ਸਾਨੂੰ) ਨਿਸੰਗ ਹੀ ਪ੍ਰਕਾਸ਼ਕ ਵਾਹਿਗੁਰੂ ਮਿਲ ਪਿਆ ॥

**ਚੂਕੀਅਲੇ ਮੋਹ ਮਇਆਸਾ॥†ਸਸਿ ਕੀਨੋ ਸੂਰ ਗਿਰਾਸਾ ॥**

ਸਸਿ = ਚੰਦ੍ਰਮਾਂ। ਸੂਰ = ਸੂਰਜ ॥ ਮਇ = ਰੂਪ ॥

ਮੋਹ ਰੂਪ ਆਸਾ ਚੁਕੀ ਗਈ ਚੰਦ੍ਰਮਾਂ ਰੂਪ ਠੰਡੀ ਨਾੜੀ ਦੁਆਰਾ ਸੂਰਜ ਰੂਪ ਤੱਤੀ ਨਾੜੀ ਦਾ ਗਰਾਸ ਕੀਤਾ ਭਾਵ ਸ਼ਾਂਤੀ ਨੇ ਤਪਸ਼ ਨੂੰ ਨਾਸ ਕੀਤਾ ॥

**ਜਬ ਕੁੰਭਕੁ ਭਰਿ ਪੁਰਿ ਲੀਣਾ ॥**
**ਤਹ ਬਾਜੇ ਅਨਹਦ ਬੀਣਾ ॥ ੩ ॥**

ਕੁੰਭਕ = ਘੜਾ, ਸੁਖਮਨਾ ਨਾੜੀ।

ਜਦੋਂ ਤਿਸ ਸੁਖਮਨਾ ਨਾੜੀ ਵਿਚ ਅਤਯੰਤ ਰੱਜਕੇ ਸਾਡਾ ਮਨ ਲੀਨ ਹੋਇਆ ਤਾਂ ਓਥੇ ਇਕ ਰਸ ਬੀਨ ਵਾਜੇ ਵਜੇ।

**ਬਕਤੈ ਬਕਿ ਸਬਦੁ ਸੁਨਾਇਆ ॥**

---

*ਗੁਦਾ ਲਿੰਗ ਦੇ ਵਿਚ "ਅਧਾਰ ਚੱਕਰ ੧" ਲਿੰਗ ਵਿਚ "ਸਵਾ ਧਿਸ਼ਟਾਨ ਚੱਕਰ ੨" ਨਾਭੀ ਵਿਚ "ਮਲਿ ਪੂਰਕ ਚੱਕਰ ੩" ਰਿਦੇ ਵਿਚ "ਅਨਾਹਤ ਚੱਕਰ ੪" ਕੰਠਦੇਸ ਵਿਚ "ਬਿਸੁਧ ਚੱਕਰ ੫" ਤ੍ਰਿਕੁਟੀ ਵਿਚ 'ਆਗਯਾ ਚਕਰ ੬'

†ਸੰਘ ਵਿਚਲੀ ਮੋਰੀ ਦੇ ਉਪਰ ਖੋਪਰੀ ਵਿਚ ਜੋ ਚੰਦ੍ਰਮਾ ਹੈ ਓਸਦੇ ਵਿਚੋਂ ਅੰਮ੍ਰਿਤ ਹੇਠਾਂ ਨੂੰ ਡਿਗਦਾ ਹੈ ਜੇਹੜਾ ਧੁੰਨੀ ਦੇ ਪਾਸ ਸੂਰਜ (ਭਾਵ ਤਪਤ ਜਾਂ ਗਰਮ) ਵਸਦਾ ਹੈ ਓਹ ਓਸ ਰਸ ਨੂੰ ਸਾੜ ਸੁਟਦਾ ਹੈ ਜੋਗੀ ਏਸਨੂੰ ਡਿਗਣ ਤੋਂ ਪਹਿਲੇ ਪਹਿਲੇ ਪੀ ਜਾਂਦੇ ਹਨ ॥

**ਸੁਨਤੈ ਸੁਨਿ ਮੰਨਿ ਬਸਾਇਆ ॥**

ਬਕਤੈ = ਉਚਾਰਨ ਵਾਲੇ। ਬਕਿ = ਮੂੰਹ, ਉਚਾਰ ॥

ਜਦੋਂ ਗੁਰਾਂ ਨੇ ਮੂੰਹੋਂ, ਉਚਾਰਕੇ ਸ਼ਬਦ ਸੁਨਾਇਆ ਤਾਂ ਸੁਣਨ ਵਾਲੇ ਨੇ ਸੁਣਕੇ ਮਨ ਵਿਚ ਵਸਾਇਆ ॥

***ਕਰਿ ਕਰਤਾ ਉਤਰਸਿ ਪਾਰੰ ॥**

**ਕਹੈ ਕਬੀਰਾ ਸਾਰੰ ॥ ੪ ॥ ੧ ॥੧੦ ॥**

ਜਿਸ ਕੰਮ ਨੂੰ ਕਰਕੇ ਮੈਂ ਸੰਸਾਰ ਸਮੁੰਦਰ ਤੋਂ ਪਾਰ ਉਤਰਿਆ ਹਾਂ, ਕਬੀਰ ਜੀ ਸਚੀ ਗੱਲ ਕਹਿੰਦੇ ਹਨ ॥

**†ਚੰਦੁ ਸੂਰਜੁ ਦੁਇ ਜੋਤਿ ਸਰੂਪੁ ॥**

**ਜੋਤੀ ਅੰਤਰਿ ਬ੍ਰਹਮੁ ਅਨੂਪੁ ॥ ੧ ॥**

ਚੰਦ੍ਰਮਾਂ ਸੂਰਜ ਦੋਵੇਂ ਚਾਨਣ ਕਰਨ ਵਾਲੇ ਹਨ ਚਾਨਣ ਕਰਨ ਵਾਲਿਆਂ ਵਿਚ ਸੁੰਦਰ ਵਾਹਿਗੁਰੂ ਹੈ।

**ਕਰੁ ਰੇ ਗਿਆਨੀ ਬ੍ਰਹਮ ਬੀਚਾਰੁ ॥**

**ਜੋਤੀ ਅੰਤਰਿ ਧਰਿਆ ਪਸਾਰੁ ॥ ੧ ॥ਰਹਾਉ ॥**

ਹੇ ਗਿਆਨੀ ਉਸ ਵਾਹਿਗੁਰੂ ਦਾ ਵਿਚਾਰ ਕਰ ਜਿਸਨੇ ਆਪਣਾ ਜੋਤੀਆਂ ਦੇ ਅੰਦਰ ਪਸਾਰਾ ਰਖਿਆ ਹੈ ॥

**ਹੀਰਾ ਦੇਖਿ ਹੀਰੇ ਕਰਉ ਆਦੇਸੁ ॥**

**ਕਹੈ ਕਬੀਰ ਨਿਰੰਜਨ ਅਲੇਖੁ ॥ ੨ ॥ ੨ ॥ ੧੧ ॥**

ਜੇਹੜਾ ਹੀਰਾ ਵਾਹਿਗੁਰੂ ਹੈ ਉਸ ਹੀਰੇ ਨੂੰ ਵੇਖਕੇ ਨਮਸਕਾਰ ਕਰੋ ਕਬੀਰ ਜੀ ਕਹਿੰਦੇ ਹਨ ਓਹ ਮਾਯਾ ਤੋਂ ਰਹਤ ਅਲੇਖ ਹੈ ॥

**ਦੁਨੀਆ ਹੁਸੀਆਰ ਬੇਦਾਰ ਜਾਗਤ ਮੁਸੀਅਤ ਹਉ ਰੇ**

*ਅਮਲ ਕਰਨ ਵਾਲਾ ਆਪਣੇ ਦਿਲ ਵਿਚ ਜਮਾਕੇ ਮੰਨਕੇ ਗੁਰਾਂ ਪਾਸੋਂ ਸੁਣਕੇ ਫੇਰ ਆਪ ਕਮਾਕੇ ਹੀ ਪਾਰ ਉਤਰੇਗਾ।

†ਚੰਦ੍ਰਮਾਂ ਸੂਰਜ ਦੇ ਵਿਚ ਜਿਸ ਵਾਹਿਗੁਰੂ ਦੀ ਜੋਤ ਹੈ ਉਸਦਾ ਵਿਚਾਰ ਕਰ ਦੇਖੋ ਅਸੀਂ ਹਨੇਰੇ ਵਿਚ ਕੁਝ ਨਹੀਂ ਵੇਖ ਸਕਦੇ ਸਾਡੀਆਂ ਅਖਾਂ ਵਿਚ ਸੂਰਜ ਚੰਦ੍ਰਮਾਂ ਦੇ ਆਸਰੇ ਚਾਨਣ ਹੁੰਦਾ ਹੈ ਅਤੇ ਸੂਰਜ ਚੰਦ੍ਰਮਾਂ ਦੀ ਜੋਤ ਵਿਚ ਉਸ ਜੋਤ ਦਾ ਚਾਨਣ ਹੈ ਜਿਸਨੇ ਸਾਰਾ ਜਗਤ ਬਣਾਇਆ ਹੈ ॥

**ਭਾਈ ॥ ਨਿਗਮ ਹੁਸੀਆਰ ਪਹਰੂਆ ਦੇਖਤ ਜਮੁ ਲੇ ਜਾਈ ॥ ੧ ॥ ਰਹਾਉ ॥**

ਬੇਦਾਰ = ਖਬਰਦਾਰ, ਜਾਗੋ । ਮੁਸੀਅਤ = ਲੁੱਟੇ । ਨਿਗਮ = ਵੇਦ

ਹੇ ਦੁਨੀਆਂ ਦੇ ਲੋਕੋ ਤੁਸੀਂ ਹੁਸ਼ਿਆਰ ਹੋਕੇ ਜਾਗੋ ਭਾਵ ਤਕੜੇ ਹੋਵੋ, ਕਿਉਂਕਿ ਤੁਸੀ ਜਾਗਦੇ ਹੀ ਹੇ ਭਾਈ ਕਾਮਾਦਿਕ ਚੋਰਾਂ ਕਰਕੇ ਲੁਟੇ ਜਾਂਦੇ ਹੋ ਤੁਸੀਂ ਜਾਣਦੇ ਹੋ ਕਿ ਅਸੀ ਬੇਦ ਪੜ੍ਹੇ ਹੋਏ ਹਾਂ ਪਰ ਨਹੀਂ ਬੇਦ ਰੂਪ ਹੁਸ਼ਿਆਰ ਪੈਹਰੇ ਦਾਰਾਂ ਦੇ ਦੇਖਦਿਆਂ ਹੀ ਤੁਹਾਨੂੰ ਜਮ ਲੈ ਜਾਵੇਗਾ ਵਾ ਲਈ ਜਾਂਦਾ ਹੈ ।

**ਨੀਬੁ ਭਇਓ*ਆਂਬੁ ਆਂਬੁ ਭਇਓ ਨੀਬਾ ਕੇਲਾ ਪਾਕਾ ਝਾਰਿ ॥ ਨਾਲੀਏਰ ਫਲੁ ਸੇਬਰਿ ਪਾਕਾ ਮੂਰਖ ਮੁਗਧ ਗਵਾਰ ॥ ੧ ॥**

ਨਿੰਮ ਵਤ ਮਾੜੇ ਕੰਮ ਤੁਹਾਨੂੰ ਅੰਬ ਵਤ ਹੋ ਰਹੇ ਹਨ ਅਤੇ ਅੰਬ ਵਤ ਚੰਗੇ ਕੰਮ ਤੁਹਾਨੂੰ ਨਿੰਮ ਵਾਂਙੂ ਕੌੜੇ ਲਗਦੇ ਹਨ, ਪੱਕੇ ਹੋਏ ਕੇਲੇ ਵਤ ਵਾਹਿਗੁਰੂ ਦਾ ਨਾਮ ਤੁਹਾਨੂੰ ਝਾੜ ਕੰਡਿਆਂ ਵਾਲੇ ਮਲ੍ਹੇ ਵਤ ਪਰਤੀਤ ਹੁੰਦਾ ਹੈ "ਨਲੀਏਰ" ਸਤ ਸੰਗ (ਜਿਸ ਦਾ ਫਲ ਹੱਛਾ ਹੈ) ਓਹ ਤੁਹਾਨੂੰ ਸਿੰਮਲ ਰੁਖ ਪੱਕੇ ਹੋਏ (ਨਕੰਮਾਂ) ਵਾਂਙੂੰ ਜਾਪਦਾ ਹੈ ਇਸ ਲਈ ਤੁਸੀ ਅਤਜੰਤ ਮੂਰਖ ਗਵਾਰ ਹੋ ।

**ਹਰਿ ਭਇਓ ਖਾਂਡੁ ਰੇਤੁ ਮਹਿ ਬਿਖਰਿਓ ਹਸਤੀ ਚੁਨਿਓ ਨ ਜਾਈ ॥ ਕਹਿ ਕਮੀਰ ਕੁਲ ਜਾਤਿ ਪਾਂਤਿ ਤਜਿ ਚੀਟੀ ਹੋਇ ਚੁਨਿ ਖਾਈ ॥ ੨ ॥ ੩ ॥ ੧੨ ॥**

ਵਾਹਿਗੁਰੂ ਖੰਡ ਹੋਇਆ ਹੈ ਅਤੇ ਰੇਤ (ਜਗਤ) ਵਿਚ ਖਿਲਰ ਗਿਆ (ਮਿਲ ਰਿਹਾ) ਹੈ "ਓਹ ਖੰਡ ਹਾਥੀ ਹੰਕਾਰੀ ਕੋਲੋਂ ਚੁਣੀ ਨਹੀਂ ਜਾਂਦੀ" ਕਬੀਰ ਜੀ ਕਹਿੰਦੇ ਹਨ ਕੁਲ, ਜਾਤਿ, ਪਾਤਿ ਨੂੰ ਛੱਡ ਦੇ ਅਤੇ ਕੀੜੀ ਵਤ (ਨਿੰਮ੍ਰਤਾ ਵਾਲਾ) ਹੋਕੇ ਚੁਣ ਖਾ ॥

*ਅੰਮ੍ਰਿਤ ਕਉਰਾ ਬਿਖਿਆ ਮੀਠੀ ।
ਸਾਕਤ ਕੀ ਬਿਧ ਨੈਨਹੁ ਡੀਠੀ ।

(ਕੰਮ ਕਰਦਾ ਵੀ ਇਕੁਰ ਵਾਹਿਗੁਰੂ ਨੂੰ ਯਾਦ ਕਰ)

**ਬਾਣੀ ਨਾਮਦੇਉ ਜੀਉ ਕੀ ਰਾਮਕਲੀ ਘਰੁ ੧**

**ੴ ਸਤਿਗੁਰਪ੍ਰਸਾਦਿ ॥ †ਆਨੀਲੇ ਕਾਗਦੁ ਕਾਟੀਲੇ ਗੂਡੀ ਆਕਾਸ ਮਧੇ ਭਰਮੀਅਲੇ ॥ ਪੰਚ ਜਨਾ ਸਿਉ ਬਾਤ ਬਤਊਆ ਚੀਤੁ ਡੋਰੀ ਰਾਖੀਅਲੇ ॥ ੧ ॥**

ਕਾਗਦ ਲਿਆਕੇ ਗੁੱਡੀ ਕੱਟਦੇ ਹਨ ਅਤੇ ਅਕਾਸ ਵਿੱਚ ਉਡੌਂਦੇ ਹਨ ਭਾਵੇਂ ਓਹ ਮੁੰਡਾ ਪੰਜਾਂ ਛੇਆਂ ਮੁੰਡਿਆਂ ਨਾਲ ਗੱਲਾਂ ਕਰਦਾ ਹੈ ਪਰ ਮਨ ਡੋਰ ਵਿੱਚ ਰਖਦਾ ਹੈ ॥

**ਮਨੁ ਰਾਮ ਨਾਮਾ ਬੇਧੀਅਲੇ ॥**

**ਜੈਸੇ ਕਨਿਕ ਕਲਾ ਚਿਤੁ ਮਾਂਡੀਅਲੇ ॥ ੧ ॥ ਰਹਾਉ ॥**

ਕਨਿਕ = ਸੋਨਾ । ਕਲਾ = ਸੱਚਾ ॥

ਇੱਕੁਰ ਹੀ ਮੇਰਾ ਮਨ ਵਾਹਿਗੁਰੂ ਦੇ ਨਾਮ ਵਿੱਚ ਮਿਲ ਰਿਹਾ ਹੈ ਜਿੱਕੁਰ ਸੋਨੇ ਦੇ ਘੜਨ ਵਿੱਚ ਸੁਨਿਆਰੇ ਦਾ ਚਿੱਤ ਲਗਾ ਹੁੰਦਾ ਹੈ ॥

**ਆਨੀਲੇ ਕੁੰਭ ਭਰਾਈਲੇ ਊਦਕ ਰਾਜ ਕੁਆਰਿ ਪੁਰੰਦ-ਰੀਏ ॥ ਹਸਤ ਬਿਨੋਦ ਬੀਚਾਰ ਕਰਤੀ ਹੈ ਚੀਤੁ ਸੁ ਗਾਗਰਿ ਰਾਖੀਅਲੇ ॥ ੨ ॥**

ਬਿਨੋਦ = ਤਮਾਸ਼ਾ । ਕੁੰਭ = ਘੜਾ । ਊਦਕ = ਪਾਣੀ ।

ਪਰੁੰਦਰੀਏ = ਪੁਰ ਅੰਦਰ ਵਾ ਗ੍ਰਸਤੀਆਂ ਦੀਆਂ ਉੱਤਮ ਇਸਤ੍ਰੀਆਂ ।

ਘੜਾ ਲਿਆਕੇ ਜਲਦਾ ਭਰਕੇ ਰਾਜੇ ਦੀਆਂ ਦਾਸੀਆਂ ਪੁਰੀ ਦੇ ਅੰਦਰ ਲਿਆਉਂਦੀਆਂ ਹਨ ਹਸਦੀਆਂ ਖੇਡਦੀਆਂ ਘਰ ਦੀਆਂ ਵਿਚਾਰਾਂ ਕਰਦੀਆਂ ਆਉਂਦੀਆਂ ਹਨ, ਪਰ ਚਿਤ ਗਾਗਰ ਵਿੱਚ ਰੱਖਦੀਆਂ ਹਨ ।

**ਮੰਦਰੁ ਏਕੁ ਦੁਆਰ ਦਸ ਜਾਕੇ ਗਊ ਚਰਾਵਨ ਛਾਡੀਲੇ॥ ਪਾਂਚਕੋਸ ਪਰ ਗਊ ਚਰਾਵਤ ਚੀਤੁ ਸੁ ਬਛਰਾ ਰਾਖੀਅਲੇ॥੩॥**

ਜਿੱਕੁਰ ਕੋਈ ਇਕ ਮੰਦਰ ਹੋਵੇ ਅਤੇ ਉਸਦੇ ਬਹੁਤ ਦਰਵਾਜੇ ਹੋਣ ਓਥੋਂ ਵਾਗੀ ਗਊਆਂ ਛੱਡਦੇ ਹਨ ਪੰਜਾਂ ਛੀਆਂ ਕੋਹਾਂ ਉਤੇ ਚੁਗਣੀਆਂ ਲੈ ਜਾਂਦੇ ਹਨ ਪਰ ਓਹ ਗਊਆਂ ਚਿੱਤ ਵੱਛਿਆਂ ਵਿੱਚ ਰੱਖਦੀਆਂ

†ਨਾਮ ਦੇਵ ਨੂੰ ਤ੍ਰਿਲੋਚਨ ਨੇ ਕਿਹਾ ਤੂੰ ਤਾਂ ਘਰ ਦੇ ਧੰਧਿਆਂ ਵਿੱਚ ਹੀ ਲੱਗਾ ਰਹਿੰਦਾ ਹੈਂ ਨਾਮ ਨਹੀਂ ਜਪਦਾ ਤਿਸ ਪਰ ਨਾਮਦੇਵ ਜੀ ਨੇ ਆਖਿਆ ।

ਹਨ। ਇੱਕੁਰ ਹੀ ਅਸੀ ਵਾਹਿਗੁਰੂ ਵਿੱਚ ਚਿਤ ਰਖਦੇ ਹਾਂ ॥

**ਕਹਤ ਨਾਮ ਦੇਉ ਸੁਨਹੁ ਤਿਲੋਚਨ ਬਾਲਕੁ ਪਾਲਨ ਪਉਢੀਅਲੇ ॥ ਅੰਤਰਿ ਬਾਹਰਿ ਕਾਜ ਬਿਰੂਧੀ ਚੀਤੁ ਸੁ ਬਾਰਿਕ ਰਾਖੀਅਲੇ ॥ ੪ ॥ ੧ ॥**

ਪਾਲਨ = ਭੰਗੂੜਾ। ਪਉਢੀਅਲੇ = ਸੌਣਾਂ ॥

"ਹੇ ਤਿਲੋਚਨ ਜੀ ਸੁਣੋ" ਨਾਮਦੇਵ ਜੀ ਕਹਿੰਦੇ ਹਨ ਮਾਤਾ ਆਪਣੇ ਪੁਤ੍ਰ ਨੂੰ ਭੰਗੂੜੇ ਉਤੇ ਸੁਲਾ ਛੱਡਦੀ ਹੈ, ਘਰ ਦੇ ਅੰਦਰ ਬਾਹਰ ਕੰਮ ਵਿਚ ਰੁਕੀ ਰਹਿੰਦੀ ਹੈ ਪਰ ਚਿੱਤ ਬਾਲਕ ਵਿਚ ਰਖਦੀ ਹੈ।

**ਬੇਦ ਪੁਰਾਨ ਸਾਸਤ੍ਰ ਆਨੰਤਾ ਗੀਤ ਕਬਿਤ ਨ ਗਾਵਉਗੋ ॥ ਅਖੰਡ ਮੰਡਲ ਨਿਰੰਕਾਰ ਮਹਿ ਅਨਹਦ ਬੇਨੁ ਬਜਾਵਉਗੋ ॥ ੧ ॥**

ਬੇਨ = ਬੀਨ, ਮੁਰਲੀ।

ਵੇਦ, ਪੁਰਾਨ, ਸ਼ਾਸਤ੍ਰ, ਜੇਹੜੇ ਬਾਹਲੇ ਸਾਰੇ ਹਨ ਅਤੇ ਰਾਗ ਦੇ ਗੀਤ, ਕਬਿੱਤ ਨਹੀਂ ਗਾਵਾਂਗਾ ਨਾ ਨਾਸ ਹੋਣ ਵਾਲੇ ਥਾਂ ਨਿਰੰਕਾਰ ( ਵਾਹਿਗੁਰੂ ) ਵਿਚ ਪਹੁੰਚਕੇ ਇਕ ਰਸ ਬ੍ਰਿਤੀ ਲਾਵਾਂਗਾ।

**ਬੈਰਾਗੀ ਰਾਮਹਿ ਗਾਵਉਗੋ ॥ ਸਬਦਿ ਅਤੀਤ ਅਨਾਹਦਿ ਰਾਤਾ ਆਕੁਲ ਕੈ ਘਰਿ ਜਾਉਗੋ ॥ ੧ ॥ ਰਹਾਉ ॥**

ਹੇ ਬੈਰਾਗੀ ਵਾਹਿਗੁਰੂ ਦੇ ਗੁਣ ਗਾਵਾਂਗਾ, ਬਾਣੀ ਦੀ ਪਰਵਿਰਤੀ ਤੋਂ ਹੀਨ ਸਰੂਪ ਵਿਚ ਇਕ ਰਸ ਰਤਾ ਹੋਇਆ ਕੁਲ ਤੋਂ ਰਹਿਤ ਵਾਹਿਗੁਰੂ ਦੇ ਘਰ ਜਾਵਾਂਗਾ।

**ਇੜਾ ਪਿੰਗਲਾ ਅਉਰੁ ਸੁਖਮਨਾ ਪਉਨੈ ਬੰਧਿ ਰਹਾਉਗੋ ॥ ਚੰਦੁ ਸੂਰਜੁ ਦੁਇ ਸਮ ਕਰਿ ਰਾਖਉ ਬ੍ਰਹਮ ਜੋਤਿ ਮਿਲਿ ਜਾਉਗੋ ॥ ੨ ॥**

ਸਮ = ਬਰਾਬਰ।

ਇੜਾ, ਪਿੰਗਲਾ ਅਤੇ ਸੁਖਮਨਾ ਏਹਨਾਂ ਦੇ ਬੰਧਾਨ ਵਲੋਂ ਸਵਾਸਾਂ ਨੂੰ ਰੋਕ ਰਖਾਂਗਾ। ਭਾਵ ਏਹੁ ਪਾਖੰਡ ਨਾਂ ਕਰਾਂਗਾ ਚੰਦ੍ਰਮਾਂ ਸੂਰਜ, ਭਾਵ ਸੱਜੇ ਖੱਬੇ ਦੋਹਾਂ ਸੁਰਾਂ ਨੂੰ ਸਾਂਤ ਕਰ ਰੱਖਾਂਗਾ ਭਾਵ ਚੜ੍ਹਾਉਣਾਂ ਉਤਾਰਨਾ ਦੂਰ ਕਰ ਦਿਆਂਗਾ, ਵਾਹਿਗੁਰੂ ਦੀ ਜੋਤ ਨਾਲ ਮਿਲ ਜਾਵਾਂਗਾ।

**ਤੀਰਥ ਦੇਖਿ ਨ ਜਲ ਮਹਿ ਪੈਸਉ ਜੀਅ ਜੰਤ ਨ ਸਤਾਵਉਗੋ ॥ ਅਠਸਠਿ ਤੀਰਥ ਗੁਰੂ ਦਿਖਾਏ ਘਟ ਹੀ ਭੀਤਰਿ ਨ੍ਹਾਉਗੋ ॥ ੩ ॥**

ਪੈਸਉ = ਪਰਵੇਸ਼ ਕਰਨਾ । ਭੀਤਰਿ = ਵਿਚ ।

ਤੀਰਥ ਦੇਖਕੇ ਜਲ ਵਿਚ ਨਹੀਂ ਵੜਾਂਗਾ ਅਤੇ ਛੋਟਿਆਂ ਵਡਿਆਂ ਜੀਆਂ ਨੂੰ ਨਹੀਂ ਸਤਾਵਾਂਗਾ ਕਿਉਂਕਿ ਅਠਾਹਠ ਤੀਰਥ ਮੈਨੂੰ ਗੁਰਾਂ ਨੇ ਰਿਦੇ ਦੇ ਅੰਦਰ ਹੀ ਦਿਖਾ ਦਿਤੇ ਹਨ ਉਨ੍ਹਾਂ ਵਿਚ ਮੈਂ ਨ੍ਹਾਵਾਂਗਾ ।

***ਪੰਚ ਸਹਾਈ ਜਨ ਕੀ ਸੋਭਾ ਭਲੋ ਭਲੋ ਨ ਕਹਾਵਉਗੋ ॥ ਨਾਮਾ ਕਹੈ ਚਿਤੁ ਹਰਿ ਸਿਉ ਰਾਤਾ ॥ ਸੁੰਨ ਸਮਾਧਿ ਸਮਾਉਗੋ ॥ ੪ ॥ ੨ ॥**

ਪੈਂਚਾਂ ਵਾਂਗੂ ਜਨਾਂ ਦਾ ਸਹਾਈ ਹੋਕੇ ਵ ਕਈਕੁ ਜੇਹੜੇ ਮੇਰੇ ਸਹਾਈ ਹਨ, ਓਹਨਾਂ ਸੰਤ ਜਨਾਂ ਦੀ ਸੋਭਾ ਜੇਹੜੀ ਲੋਕਾਂ ਨੇ ਕੀਤੀ ਹੋਈ ਹੈ, ਉਸ ਸੋਭਾ ਨੂੰ ਆਪਣੇ ਵਲ ਲੈਕੇ ਭਲਾ ਭਲਾ ਨਾ ਕਹਾਂਗਾ, ਨਾਮਾਂ ਜੀ ਕਹਿੰਦੇ ਹਨ ਮੇਰਾ ਮਨ ਵਾਹਿਗੁਰੂ ਨਾਲ ਰੱਤਾ ਹੋਇਆਹੈ ਮੈਂ ਅਫੁਰ ਸਮਾਧੀ ਵਿਚ ਸਮਾਵਾਂਗਾ

ਕਈ ਕਰਮਾਂ ਤੋਂ ਕਈ ਪੰਜਾਂ ਭੂਤਾਂ ਤੋਂ ਜਗਤ ਦੀ ਉਤਪਤੀ ਦਾ ਕਾਰਨ ਮੰਨਦੇ ਹਨ ਕਈ ਆਖਦੇ ਹਨ ਬੰਦੇ ਤੋਂ ਬੰਦਾ ਹੁੰਦਾ ਹੈ ਓਸ ਅਜੇਹੇ ਨਾਸਤਕ ਦੇ ਅਗੇ ਭਗਤ ਜੀ ਸਵਾਲ ਕਰਦੇ ਹਨ ॥

**ਮਾਇ ਨ ਹੋਤੀ ਬਾਪੁ ਨ ਹੋਤਾ ਕਰਮੁ ਨ ਹੋਤੀ ਕਾਇਆ ॥ ਹਮ ਨਹੀ ਹੋਤੇ ਤੁਮ ਨਹੀ ਹੋਤੇ ਕਵਨੁ ਕਹਾਂ ਤੇ ਆਇਆ ॥ ੧ ॥**

ਤਦੋਂ ਮਾਂ ਨਹੀਂ ਸੀ ਹੁੰਦੀ, ਬਾਪ ਨਹੀਂ ਸੀ ਹੁੰਦਾ, ਕਰਮ ਨਹੀਂ ਸੀ ਹੁੰਦਾ, ਕਾਇਆਂ ਨਹੀ ਸੀ ਹੁੰਦੀ, ਅਸੀ ਤੁਸੀ ਨਹੀਂ ਸੀ ਹੁੰਦੇ ਉਸ ਵੇਲੇ ਕੇਹੜਾ ਜੀਵ ਸੀ ਅਤੇ ਜੀ ਕਿਥੋਂ ਆਯਾ ਸੀ ? ਭਾਵ ਜੰਮਿਆਂ ਸੀ ?

**ਰਾਮ ਕੋਇ ਨ ਕਿਸ ਹੀ ਕੇਰਾ ॥ ਜੈਸੇ ਤਰਵਰ ਪੰਖਿ ਬਸੇਰਾ ॥ ੧ ॥ ਰਹਾਉ ॥**

ਤਰਵਰ = ਬ੍ਰਿਛ ।

---

*ਪੈਂਚਾਂ ਸੰਤਾਂ ਮੁਖੀਆਂ ਮਹਾਤਮਾਂ ਤੋਂ ਅਤੇ ਸਹਾਇਤਾ ਕਰਨ ਵਾਲਿਆਂ ਮਿਤ੍ਰਾਂ ਤੋਂ ਆਪਣੀ ਸੋਭਾ ਨਹੀਂ ਕਰਾਵਾਂਗਾ ॥

ਹੇ ਭਾਈ ਕੋਈ ਭੀ ਕਿਸੇ ਦਾ ਨਹੀਂ ਇਹੁ ਸੰਸਾਰ ਦਾ ਮੇਲ ਇਹੋ ਜਿਹਾ ਹੈ ਜਿੱਕੁਰ ਦਾ ਪੰਛੀਆਂ ਦਾ ਬ੍ਰਿਛ ਤੇ ਬਸੇਰਾ ਹੁੰਦਾ ਹੈ ॥

**ਚੰਦੁ ਨ ਹੋਤਾ ਸੂਰੁ ਨ ਹੋਤਾ ਪਾਨੀ ਪਵਨੁ ਮਿਲਾਇਆ ॥**
**ਸਾਸਤੁ ਨ ਹੋਤਾ ਬੇਦੁ ਨ ਹੋਤਾ ਕਰਮੁ ਕਹਾਂ ਤੇ ਆਇਆ ॥ ੨॥**

ਚੰਦ ਵੀ ਨਹੀਂ ਸੀ ਹੁੰਦਾ, ਸੂਰਜ ਵੀ ਨਹੀਂ ਸੀ ਹੁੰਦਾ, ਪਾਣੀ ਪੌਣ (ਪੰਜ ਤੱਤ) ਵੀ ਮਿਲਾਏ ਹੋਏ ਨਹੀਂ ਸਨ, ਸ਼ਾਸਤ੍ਰ ਵੀ ਨਹੀਂ ਸੀ ਹੁੰਦਾ ਵੇਦ ਵੀ ਨਹੀਂ ਸੀ ਹੁੰਦਾ ਓਦੋਂ ਕਰਮ ਕਿਥੋਂ ਆਯਾ ਸੀ ?

**ਖੇਚਰ ਭੂਚਰ ਤੁਲਸੀ ਮਾਲਾ ਗੁਰ ਪਰਸਾਦੀ ਪਾਇਆ ॥**
**ਨਾਮਾ ਪ੍ਰਣਵੈ ਪਰਮ ਤਤੁ ਹੈ**
**ਸਤਿਗੁਰ ਹੋਇ ਲਖਾਇਆ ॥ ੩ ॥ ੩ ॥**

ਖੇਚਰ = ਤਾਲੂ ਵਿਚ ਜੀਭ ਲੌਣ ਦਾ ਨਾਮ ਖੇਚਰੀ ਮੁੰਦਾ ਹੈ।
ਭੂਚਰ = ਭਰਵਟਿਆਂ ਵਿੱਚ ਦ੍ਰਿਸ਼ਟੀ ਲੌਣੀ ਭੂਚਰੀ ਮੁੰਦ੍ਰਾ ਹੈ।

ਅਕਾਸ ਵਿੱਚ ਵਿਚਰਨ ਵਾਲਿਆਂ ਨੇ ਧਰਤੀ ਤੇ ਵਿਚਰਨ ਵਾਲਿਆਂ ਨੇ ਤੁਲਸੀ ਦੀ ਮਾਲਾ ਪੌਣ ਵਾਲਿਆਂ ਇਤਯਾਦਿਕ ਨੇ ਗੁਰਾਂ ਦੀ ਕਿਰਪਾ ਕਰਕੇ ਵਾਹਿਗੁਰੂ ਨੂੰ ਪਾਯਾ ਹੈ, ਨਾਮਾ ਜੀ ਕਹਿੰਦੇ ਹਨ ਜੇਹੜਾ ਪਰਮ ਤਤ ਵਾਹਿਗੁਰੂ ਹੈ ਉਸਨੇ ਜਿਸਨੂੰ ਆਪਣਾ ਆਪ ਦਸਣਾ ਚਾਹਿਆ ਹੈ ਸੋ ਸਤਿਗੁਰਾਂ ਦੁਆਰਾ ਦਸਿਆ ਹੈ।

**ਰਾਮਕਲੀ ਘਰੁ ੨ ॥ ਬਾਨਾਰਸੀ ਤਪੁ ਕਰੈ ਉਲਟਿ**
**ਤੀਰਥ ਮਰੈ ਅਗਨਿ ਦਹੈ ਕਾਇਆ *ਕਲਪੁ ਕੀਜੈ ॥**
**ਅਸੁਮੇਧ ਜਗੁ ਕੀਜੈ †ਸੋਨਾ ਗਰਭ ਦਾਨੁ ਦੀਜੈ**
**ਰਾਮ ਨਾਮ ਸਰਿ ਤਊ ਨ ਪੂਜੈ ॥ ੧ ॥**

ਦਹੈ = ਸਾੜੇ। ਕਲਪੁ = ਬਹੁਤ ਚਿਰ। ਸਰ = ਬਰਾਬਰ।

( ਭਾਵੇਂ ) ਕਾਂਸ਼ੀ ਵਿਚ ਤਪ ਕਰੇ, ਪੁੱਠਾ ਹੋਕੇ ਤੀਰਥਾਂ ਤੇ ਮਰੇ, ਕਾਯਾਂ ਨੂੰ ਅਗਨੀ ਨਾਲ ਸਾੜੇ, ਬਾਹਲਾ ਚਿਰ ਜੀਉਣਾ ਕਰੇ ਅਸਮੇਧ ਜਗ ਕਰੇ, ਪੇਠੇ ਆਦਿਕ ਫਲਾਂ ਦੇ ਗਰਭ ਵਿਚ ਰਖਕੇ ਸੋਨਾ ਦਾਨ ਕਰੇ,

*ਸਰੀਰ ਨੂੰ ਬਹੁਤ ਚਿਰ ਰੱਖਣ ਵਾਸਤੇ ਇਲਾਜ ਕਰਨਾ।

†ਜਿਸ ਵੇਲੇ ਬੱਚਾ ਜੰਮਦਾ ਹੈ ਇਸ ਨਾਲ ਤੋਲ ਕੇ ਸੋਨਾ ਦਾਨ ਕਰਨਾ ਅਥਵਾ ਫਲ ਅੰਨ ਆਦਿਕ ਵਿਚ ਗੁਪਤ ਸੋਨਾ ਦਾਨ ਕਰਨਾ।

ਪਰ ਅਫਸੋਸ, ਵਾਹਿਗੁਰੂ ਦੇ ਨਾਮ ਬਰਾਬਰ ਫਿਰ ਵੀ ਨਹੀਂ ਪੁਜਦਾ।

**ਛੋਡਿ ਛੋਡਿ ਰੇ ਪਾਖੰਡੀ ਮਨ ਕਪਟੁ ਨ ਕੀਜੈ ॥**
**ਹਰਿ ਕਾ ਨਾਮੁ ਨਿਤ ਨਿਤਹਿ ਲੀਜੈ ॥ ੧ ॥ ਰਹਾਉ ॥**

ਛਡ ਛਡ ਰੇ ਪਾਖੰਡੀ ਮਨ ਵਿਚ ਕਪਟ ਨਾ ਕਰ ਵਾਹਿਗੁਰੂ ਦਾ ਨਾਮ ਰੋਜ ਰੋਜ ਲੈ।

**ਗੰਗਾ ਜਉ ਗੋਦਾਵਰਿ ਜਾਈਐ ਕੁੰਭਿ ਜਉ ਕੇਦਾਰ ਨ੍ਹਾਈਐ ਗੋਮਤੀ ਸਹਸ ਗਊ ਦਾਨੁ ਕੀਜੈ ॥ ਕੋਟਿ ਜਉ ਤੀਰਥ ਕਰੈ ਤਨੁ ਜਉ ਹਿਵਾਲੇ ਗਾਰੈ ਰਾਮ ਨਾਮ ਸਰਿ ਤਊ ਨ ਪੂਜੈ ॥੨॥**

ਸਹਜ = ਹਜਾਰ। ਸਰ = ਬਰਾਬਰ।

ਜੇ ਗੰਗਾ, ਗੋਦਾਵਰੀ ਜਾਈਏ, ਕੁੰਭ ਦੇ ਵੇਲੇ ਜੇ ਕਿਦਾਰ ਨਾਥ ਜਾਕੇ ਨ੍ਹਾਈਏ, ਗੋਮਤੀ ਉਤੇ ਹਜਾਰ ਗਊ ਦਾਨ ਕਰੀਏ, ਕਰੋੜਾਂ ਹੀ ਜੇ ਤੀਰਥ ਕਰੇ ਸਰੀਰ ਨੂੰ ਜੇ ਬਰਫ ਵਾਲੇ ਪਰਬਤ ਵਿਚ ਗਾਲੇ ਵਾਹਿਗੁਰੂ ਦੇ ਨਾਮ ਬਰਾਬਰ ਫਿਰ ਭੀ ਨਹੀਂ ਪੁਜੇ।

**ਅਸੁ ਦਾਨੁ ਗਜ ਦਾਨ ਸਿਹਜਾ ਨਾਰੀ ਭੂਮਿ ਦਾਨ ਐਸੋ ਦਾਨੁ ਨਿਤ ਨਿਤਹਿ ਕੀਜੈ ॥ ਆਤਮ ਜਉ ਨਿਰਮਾਇਲੁ ਕੀਜੈ ਆਪ ਬਰਾਬਰਿ ਕੰਚਨੁ ਦੀਜੈ ਰਾਮ ਨਾਮ ਸਰਿ ਤਊ ਨ ਪੂਜੈ ॥ ੩ ॥**

ਘੋੜੇ ਦਾਨ, ਹਾਥੀ ਦਾਨ, ਸੇਹਜਾ ਸਮੇਤ ਇਸਤ੍ਰੀ ਦਾਨ, ਭੂਮੀ ਦਾਨ ਇੱਕੁਰ ਦਾਨ ਰੋਜ਼ ਰੋਜ਼ ਕਰੇ ਆਪਣੇ ਆਤਮਾਂ ਨੂੰ ਜੇ ਨਿਰਮਲ ਕਰੇ ਅਰ ਆਪਣੇ ਬਰਾਬਰ ਤੋਲਕੇ ਸੋਨਾ ਦਾਨ ਕਰੇ, ਵਾਹਿਗੁਰੂ ਦੇ ਨਾਮ ਬਰਾਬਰ ਫਿਰ ਵੀ ਨਹੀਂ ਪੁਜਦਾ।

**ਮਨਹਿ ਨ ਕੀਜੈ ਰੋਸੁ ਜਮਹਿ ਨ ਦੀਜੈ ਦੋਸੁ ਨਿਰਮਲ ਨਿਰਬਾਨ ਪਦ ਚੀਨਿ ਲੀਜੈ॥ਜਸਰਥ ਰਾਇ*ਨੰਦ ਰਾਜਾ**

*ਇਸਦਾ ਮਿੱਟਾ ਏਹ ਹੈ ਕਿ ਰਾਜਾ ਦਸਰਥ ਆਪਣੇ ਪੁਤ੍ਰ ਰਾਮ ਚੰਦ ਨੂੰ ਪੁਕਾਰਦਾ ਪੁਕਾਰਦਾ ਮਰ ਗਿਆ ਸੀ ਕਿ ਹੇ ਮੇਰੇ ਪੁਤ੍ਰ ਆ, ਹੇ ਮੇਰੇ ਪੁਤ੍ਰ ਆ, ਇਕੁਰ ਹੀ ਤੁਸੀਂ ਜੇਵੇਂ ਵਾਹਿਗੁਰੂ ਦਾ ਨਾਮ ਲਵੋ, ਉਨ੍ਹਾਂ—

**ਮੇਰਾ ਰਾਮਚੰਦੁ ਪ੍ਰਣਵੈ ਨਾਮਾ ਤਤੁ ਰਸੁ ਅੰਮ੍ਰਿਤੁ ਪੀਜੈ॥੪॥੪॥**

ਮਨ ਵਿੱਚ ਗੁੱਸਾ ਨ ਕਰ, ਜਨ ਨੂੰ ਦੋਸ਼ ਨ ਦੇ, ਨਿਰਮਲ ਦੁਖਾਂ ਤੋਂ ਰਹਿਤ ਪਦ ਵਾਹਿਗੁਰੂ ਨੂੰ ਜਾਣ ਲੈ, ਜਸਰਥਰਾਇ ਦੇ ਨੰਦ ਦਾ ਰਾਜਾ ਸੋ ਮੇਰਾ ਰਾਮਚੰਦ ਹੈ ਨਾਮਾ ਜੀ ਕਹਿੰਦੇ ਹਨ ਤਤ ਰਸ ਅੰਮ੍ਰਿਤ ਨੂੰ ਪੀ ਭਾਵ ਉਸਨੂੰ ਜਪ।

## ਰਾਮਕਲੀ ਬਾਨੀ ਰਵਿਦਾਸ ਜੀ ਕੀ

**ੴ ਸਤਿਗੁਰਪ੍ਰਸਾਦਿ॥ ਪੜੀਐ ਗੁਨੀਐ ਨਾਮੁ ਸਭੁ ਸੁਨੀਐ ਅਨਭਉ ਭਾਉ ਨ ਦਰਸੈ॥ ਲੋਹਾ ਕੰਚਨੁ ਹਿਰਨ ਹੋਇ ਕੈਸੇ ਜਉ ਪਾਰਸਹਿ ਨ ਪਰਸੈ॥ ੧ ॥**

ਭਾਉ = ਪ੍ਰੇਮ ਗਿਆਨ, ਪ੍ਰਕਾਸ਼। ਕੰਚਨ = ਸੋਨਾ।
ਹਿਰਨ = ਬਾਰਾਂ ਵੰਨੀਆਂ ਦਾ ਸੋਨਾ॥

ਭਾਵੇਂ ਕਿੰਨਾਂ ਹੀ ਵੇਦਾਂ ਪੁਰਾਣਾਂ ਨੂੰ ਪੜੀਏ, ਵਿਚਾਰੀਏ ਅਤੇ ਵੇਦਾਂ ਪੁਰਾਣਾਂ ਦੇ ਕਹੇ ਹੋਏ ਪਰਮਾਤਮਾਂ ਦੇ ਨਾਮ ਵੀ ਸੁਣੀਏ (ਵਾ ਪੜ੍ਹੀਦਾ ਸੁਣੀਦਾ ਵਿਚਾਰੀਦਾ ਵੀ ਨਾਮ ਸਾਰਾ ਹੈ) ਪਰ ਯਥਾਰਥ ਗਿਆਨ ਨਹੀਂ ਹੁੰਦਾ ਜਿੱਕੁਰ ਲੋਹਾ ਜਿੰਨਾਂ ਚਿਰ ਪਾਰਸ ਨਾਲ ਨ ਲਗੇ ਉਨਾਂ ਚਿਰ ਓਹ ਹਿਰਨ ਵੰਨੀ ਦਾ ਸੋਨਾ ਕਿੱਕੁਰ ਹੋ ਸਕਦਾ ਹੈ, ਇੱਕੁਰ ਹੀ ਗੁਰੂ ਮਿਲਨ॥

**ਦੇਵ ਸੰਸੈ ਗਾਂਠਿ ਨ ਛੂਟੈ ॥ਕਾਮ ਕ੍ਰੋਧ ਮਾਇਆ ਮਦ ਮਤਸਰ ਇਨ ਪੰਚਹੁ ਮਿਲਿ ਲੂਟੈ ॥ ੧ ॥ ਰਹਾਉ ॥**

ਮਤਸਰ = ਈਰਖਾ।

ਹੇ ਭਾਈ ਸੰਸੇ ਰੂਪ ਗੰਢ ਨਹੀਂ ਖੁਲਦੀ, ਕਾਮ ਕ੍ਰੋਧ ਛਲ, ਹੰਕਾਰ, ਈਰਖਾ ਏਨ੍ਹਾਂ ਪੰਜਾਂ ਨੇ ਮਿਲਕੇ ਲੁਟ ਲਿਆ ਹੈ॥

---

—ਮੂਰਖਾਂ ਉਤੇ ਬਹੁਤ ਬਹੁਤ ਅਫਸੋਸ ਹੈ ਜੋ ਭਗਤਾਂ ਨੂੰ ਤੇ ਗੁਰੂ ਸਾਹਿਬਾਂ ਨੂੰ ਅਵਤਾਰਾਂ ਦੇ ਮੰਨਣ ਵਾਲੇ ਕਹਿੰਦੇ ਹਨ। ਰਾਗ ਗੌਂਡ ਵਿਚੋਂ ਨਾਮਦੇਵ ਜੀ ਦਾ ਸ਼ਬਦ ਦੇਖੋ ਤੇ ਹੋਰ ਮਾਰੂ ਸੋਲਹੇ ਮ: ੫ ਸ੍ਰੀ "ਰਾਮ ਚੰਦ ਜਿਸ ਰੂਪ ਨ ਰੇਖਿਆ" ਅਰ ਅੰਧਲੇ ਦਹਸਿਰ ਮੂੰਡ ਕਟਾਇਆ ਰਾਵਣ ਮਾਰ ਕਿਆ ਵਡਾ ਭਇਆ" (ਆਸਾ ਗੁਰੂ ੧)

ਦਸਰਥ ਰਾਜਾ ਦੇ ਪੁਤ ਦਾ ਜੇਹੜਾ ਵਾਹਿਗੁਰੂ ਰਾਜਾ ਮਾਲਕ ਹੈ ਓਹ ਮੇਰਾ ਰਾਮਚੰਦ ਭਾਵ ਰਮਿਆ ਹੋਇਆ ਚੰਦ ਵਾਂਕੂ ਸੀਤਲ ਗੁਣਾਂ ਵਾਲਾ। ਦੇਖੋ "ਰਾਮ ਰਾਮ ਸਭਕੋ ਕਹੈ ਕਹਿਐ ਰਾਮ ਨ ਹੋਇ ॥ ਗੁਰਪਰਸਾਦੀ ਰਾਮ ਮਨਿ ਵਸੈ ਤਾ ਫਲ ਪਾਵੈ ਕੋਇ" (ਗੂਜਰੀ ਗੁਰੂ ੩)

**ਹਮ ਬਡ ਕਬਿ ਕੁਲੀਨ ਹਮ ਪੰਡਿਤ ਹਮ ਜੋਗੀ ਸੰਨਿਆਸੀ ॥ ਗਿਆਨੀ ਗੁਨੀ ਸੂਰ ਹਮ ਦਾਤੇ ਇਹ ਬੁਧਿ ਕਬਹਿ ਨ ਨਾਸੀ ॥ ੨ ॥**

ਅਸੀਂ ਵਡੇ ਕਵੀ, ਉਚੀ ਕੁਲ ਵਾਲੇ ਹਾਂ, ਅਸੀਂ ਪੰਡਤ ਹਾਂ ਅਸੀਂ ਜੋਗੀ ਸੰਨਿਆਸੀ ਹਾਂ, ਅਸੀਂ ਗਿਆਨੀ ਗੁਣੀ ਸੂਰਮੇਂ ਦਾਤੇ ਹਾਂ ਇੱਕੁਰ ਦੀ ਅਕਲ ਕਦੀ ਵੀ ਦੂਰ ਨ ਹੋਈ ॥

**ਕਹੁ ਰਵਿਦਾਸ ਸਭੈ ਨਹੀ ਸਮਝਸਿ ਭੂਲਿ ਪਰੇ ਜੈਸੇ ਬਉਰੇ ॥ ਮੋਹਿਅਧਾਰੁ ਨਾਮੁ ਨਾਰਾਇਨ ਜੀਵਨ ਪ੍ਰਾਨਧਨ ਮੋਰੇ॥੩॥ ੧॥**

ਰਵਿਦਾਸ ਜੀ ਕਹਿੰਦੇ ਹਨ ਸਾਰੇ ਜੀਵ ਨਹੀਂ ਸਮਝਦੇ ਇੱਕੁਰ ਭੁਲੇ ਪਏ ਹਨ ਜਿੱਕੁਰ ਬੌਰੇ ਹੁੰਦੇ ਹਨ ਮੈਨੂੰ ਵਾਹਿਗੁਰੂ ਦੇ ਨਾਮ ਦਾ ਆਸਰਾ ਹੈ ਅਤੇ ਮੇਰੇ ਪ੍ਰਾਣਾਂ ਦਾ ਜੀਵਨ ਬੀ ਨਾਮ ਧਨ ਹੀ ਹੈ ।

## ਰਾਮਕਲੀ ਬਾਣੀ ਬੇਣੀ ਜੀਉ ਕੀ

**ੴ ਸਤਿਗੁਰਪ੍ਰਸਾਦਿ ॥ ਇੜਾ ਪਿੰਗਲਾ ਅਉਰ ਸੁਖਮਨਾ ਤੀਨਿ ਬਸਹਿ ਇਕ ਠਾਈ॥ ਬੇਣੀ ਸੰਗਮੁ ਤਹ ਪਿਰਾਗੁ ਮਨੁ ਮਜਨੁ ਕਰੇ ਤਿਥਾਈ ॥ ੧ ॥**

ਬੇਣੀ = ਤ੍ਰਿਬੇਣੀ ਨਦੀ । ਸੰਗਮ = ਪਾਣੀ ਕੱਠਾ ਹੋਣਾ ॥ ਮੱਜਨ = ਇਸਨਾਨ

ਇੜਾ, ਪਿੰਗਲਾ, ਅਤੇ ਸੁਖਮਨਾਂ ਏਹ ਤਿੰਨੇ ਇਕ ਜਗਾ ਵਸਦੀਆਂ ਹਨ, ਤ੍ਰਿਬੇਣੀ ਨਦੀ ਦਾ ਮਿਲਾਪ ਓਥੇ ਪਰਾਗ ਤੀਰਥ ਹੈ ਓਥੇ ਇਹ ਮਨ ਇਸ਼ਨਾਨ ਕਰੇ ॥

**ਸੰਤਹੁ ਤਹਾ ਨਿਰੰਜਨ ਰਾਮੁ ਹੈ ॥**
**ਗੁਰ ਗਮਿ ਚੀਨੈ ਬਿਰਲਾ ਕੋਇ ॥**
**ਤਹਾ ਨਿਰੰਜਨੁ ਰਮਈਆ ਹੋਇ ॥ ੧ ॥ ਰਹਾਉ ॥**

ਨਿਰੰਜਨ = ਮਾਯਾ ਤੋਂ ਬਿਨਾਂ।ਗਮਿ = ਪਹੁੰਚਣਾ । ਚੀਨੈ = ਜਾਨਣਾਂ

ਹੇ ਸੰਤੋ ਓਥੇ ਮਾਯਾ ਤੋਂ ਰਹਿਤ ਵਾਹਿਗੁਰੂ ਹੈ ਗੁਰਾਂ ਦੀ ਕਿਰਪਾ ਨਾਲ ਓਥੇ ਪਹੁੰਚਕੇ ਕੋਈ ਵਿਰਲਾ ਹੀ ਜਾਣਦਾ ਹੈ, ਠੀਕ ਓਥੇ ਮਾਇਆ ਤੋਂ ਰਹਤ ਵਾਹਿਗੁਰੂ ਹੁੰਦਾ ਹੈ ॥

**ਦੇਵ ਸਥਾਨੈ ਕਿਆ ਨੀਸਾਣੀ ॥**

**ਤਹ ਬਾਜੇ ਸਬਦ ਅਨਾਹਦ ਬਾਣੀ ॥**

(ਪ੍ਰਸ਼ਨ)

ਉਸ ਵਾਹਿਗੁਰੂ ਦੇ ਥਾਂ ਦੀ ਕੀ ਨਿਸ਼ਾਨੀ ਹੈ ? (ਉਤ੍ਰ) ਓਥੇ ਇਕ ਰਸ ਅਵਾਜ਼ ਵਾਲੀ ਬਾਣੀ ਸੁਣਾਈ ਦਿੰਦੀ ਹੈ ।

**ਤਹ ਚੰਦੁ ਨ ਸੂਰਜੁ ਪਉਣੁ ਨ ਪਾਣੀ ॥**
**ਸਾਖੀ ਜਾਗੀ ਗੁਰਮੁਖਿ ਜਾਣੀ ॥ ੨ ॥**

ਓਥੇ ਚੰਦ੍ਰਮਾਂ ਸੂਰਜ ਕੋਈ ਪ੍ਰਕਾਸ਼ਕ ਨਹੀਂ ਹੈ ਅਤੇ ਪੰਜਾਂ ਤੱਤਾਂ ਵਿਚੋਂ ਕੋਈ ਪੌਣ ਪਾਣੀ ਓਥੇ ਜਾਣ ਦਾ ਬਲ ਨਹੀਂ ਰਖਦਾ, ਜਿਨ੍ਹਾਂ ਗੁਰਮੁਖਾਂ ਦੀ ਬਿਰਤੀ ਗੁਰ ਉਪਦੇਸ਼ ਦੁਆਰਾ ਜਾਗੀ ਹੈ ਓਨਾਂ ਨੇ ਏਹੁ ਗਲ ਜਾਣੀ ਹੈ ।

**ਉਪਜੈ ਗਿਆਨੁ ਦੁਰਮਤਿ ਛੀਜੈ ॥**
**ਅੰਮ੍ਰਿਤ ਰਸਿ ਗਗਨੰਤਰਿ ਭੀਜੈ ॥**

ਗਗਨੰਤਰਿ = ਅਕਾਸ਼, ਅੰਦਰ ।

ਓਹ ਗਿਆਨ ਜਿਸਨੂੰ ਉਪਜਦਾ ਹੈ ਉਸਦੀ ਦੁਰਮਤਿ ਦੂਰ ਹੋ ਜਾਂਦੀ ਹੈ ਅਤੇ ਅੰਮ੍ਰਿਤ ਰਸ ਨਾਲ ਹਿਰਦਾ ਉਸਦਾ ਅੰਦਰੋਂ ਭਿਜਦਾ ਹੈ ।

**ਏਸੁ ਕਲਾ ਜੋ ਜਾਣੈ ਭੇਉ ॥**
**ਭੇਟੈ ਤਾਸੁ ਪਰਮ ਗੁਰ ਦੇਉ ॥ ੩ ॥**

ਭੇਟੈ = ਮਿਲੇ । ਤਾਸ = ਤਿਸ

ਇਸ ਕਲਾ ਦਾ ਜੇਹੜਾ ਭੇਦ ਜਾਣਦਾ ਹੈ ਉਸਨੂੰ ਪਰਮ ਗੁਰਦੇਵ ਮਿਲਦੇ ਹਨ ।

**ਦਸਮ ਦੁਆਰਾ ਅਗਮ ਅਪਾਰਾ ਪਰਮ ਪੁਰਖ ਕੀ ਘਾਟੀ ॥**
**ਊਪਰਿ ਹਾਟੁ ਹਾਟ ਪਰਿ ਆਲਾ ਆਲੇ ਭੀਤਰਿ ਥਾਤੀ ॥ ੪ ॥**

ਘਾਟੀ = ਜਗਾ । ਭੀਤਰਿ = ਵਿਚ । ਥਾਤੀ = ਥੈਲੀ ।

ਦਸਮ ਦੁਆਰਾ ਜੇਹੜਾ ਅਗਮ ਅਪਾਰਾ ਹੈ ਓਹੁ ਪਰਮ ਪੁਰਖ (ਵਾਹਿਗੁਰੂ) ਦੇ ਮਿਲਣ ਦੀ ਘਾਟੀ ਹੈ, ਉਸ ਦਸਵੇਂ ਦੁਆਰ ਉਤੇ ਹੱਟੀ ਹੈ ਹੱਟੀ ਵਿਚ ਆਲਾ, ਆਲੇ ਵਿਚ ਥੈਲੀ ਹੈ ॥

**ਜਾਗਤੁ ਰਹੈ ਸੁ ਕਬਹੁ ਨ ਸੋਵੈ ॥**
**ਤੀਨ ਤਿਲੋਕ ਸਮਾਧਿ ਪਲੋਵੈ ॥**

ਪਲੋਵੈ = ਪੁਗਾਵੇ । ਦੌੜਾਵੇ, ਨਾਸ ਕਰੇ ।

ਓਥੇ ਜਾਗਦਾ ਰਹੇ, ਕਦੀ ਵੀ ਨ ਸਵੇਂ, ਫਿਰ ਉਸ ਸਮਾਧੀ ਵਿਚ ਤਿੰਨਾਂ ਗੁਣਾਂ ਨੂੰ ਤੇ ਤਿੰਨਾਂ ਲੋਕਾਂ ਨੂੰ ਅਭਾਵ ਕਰੇ।

**ਬੀਜ ਮੰਤ੍ਰ ਲੈ ਹਿਰਦੈ ਰਹੈ ॥**
**ਮਨੂਆ ਉਲਟਿ ਸੁੰਨ ਮਹਿ ਗਹੈ ॥ ੫ ॥**

ਗਹੈ = ਫੜੇ।

ਬੀਜ ਮੰਤ੍ਰ ਨੂੰ ਰਿਦੇ ਵਿਚ ਲੈ ਰਖੇ, ਮਨ ਨੂੰ ਸੰਸਾਰ ਵੱਲੋਂ ਉਲਟਾਕੇ ਅਫੁਰ ਵਾਹਿਗੁਰੂ ਵਿਚ ਫੜ ਰਖੇ ॥

**ਜਾਗਤੁ ਰਹੈ ਨ ਅਲੀਆ ਭਾਖੈ ॥**
**ਪਾਂਚਉ ਇੰਦ੍ਰੀ ਬਸਿ ਕਰਿ ਰਾਖੈ ॥**

ਭਾਖੈ = ਕਹੇ। ਅਲੀਆ = ਭੌਰੇ, ਮੁਰਾਦ ਝੂਠਾ।

ਜਾਗਦਾ ਰਹੇ ਝੂਠ ਨਾ ਬੋਲੇ, ਪੰਜਾਂ ਇੰਦ੍ਰੀਆਂ ਨੂੰ ਵਸ ਕਰ ਰਖੇ ॥

**ਗੁਰ ਕੀ ਸਾਖੀ ਰਾਖੈ ਚੀਤਿ ॥**
**ਮਨੁ ਤਨੁ ਅਰਪੈ ਕ੍ਰਿਸਨ ਪਰੀਤਿ ॥ ੬ ॥**

ਗੁਰਾਂ ਦੀ ਸਾਖੀ ਚਿਤ ਵਿਚ ਰਖੇ, ਮਨ ਤਨ ਨੂੰ ਵਾਹਿਗੁਰੂ ਦੀ ਪ੍ਰੀਤ ਵਾਸਤੇ ਅਰਪ ਦੇਵੇ।

**ਕਰ ਪਲਵ ਸਾਖਾ ਬੀਚਾਰੇ ॥**
**ਅਪਨਾ ਜਨਮੁ ਨ ਜੂਐ ਹਾਰੇ ॥**

ਪਲਵ = ਪੱਤੇ। ਸਾਖਾ = ਉਗਾਹੀਆਂ, ਟਾਹਣੀਆਂ।

ਤਰਨ ਵਾਸਤੇ ਸੰਤਾਂ ਦੀਆਂ ਸਾਖੀਆਂ ਜਹਾਜ ਵਿਚਾਰੇ, ਵਾ ਓਹਨਾਂ ਪੱਤਿਆਂ ਟਾਹਣੀਆਂ ਨੂੰ ਵਿਚਾਰੇ ਅਤੇ ਆਪਣੇ ਜਨਮ ਨੂੰ ਜੂਏ ਵਿਚ ਨ ਹਾਰੇ ਅਥਵਾ ਸੰਸਾਰ ਨੂੰ ਵਾਹਿਗੁਰੂ ਰੂਪ ਮੂਲ ਦੀਆਂ ਟਾਹਣੀਆਂ ਤੇ ਪੱਤੇ ਜਾਣੇ ਏਸ ਗੱਲ ਨੂੰ ਜਾਣਦਾ ਹੋਯਾ ਆਪਣਾ ਜਨਮ ਜੂਏ ਵਿਚ ਨ ਹਾਰੇ।

**ਅਸੁਰ ਨਦੀ ਕਾ ਬੰਧੈ ਮੂਲੁ ॥**
**ਪਛਿਮ ਫੇਰਿ ਚੜਾਵੈ ਸੂਰੁ ॥**

ਸੂਰ = ਸੁਰ। ਅਸੁਰ = ਦੈਤ ॥

ਥਲੇ ਜਾਣ ਵਾਲੀ ਅਪਾਨ ਵਾਯੂ ਦੀ ਧਾਰਾ ਦੀ ਥਾਂ ਜੇਹੜਾ ਮੂਲ ਗੁਦਾ ਵਿਚ ਚੱਕਰ ਹੈ ਤਿਸਨੂੰ ਬੰਨ੍ਹੇ, ਫੇਰ ਉਸ ਵਾਯੂ ਨੂੰ ਪਿਛਾਂਹ ਨੂੰ ਫੇਰਕੇ ਦਸਵੇਂ ਦੁਆਰ ਵਲ ਚੜ੍ਹਾਵੇ। ਮਾੜੇ ਖਿਆਲਾਂ ਦੇ ਪ੍ਰਵਾਹ ਨੂੰ ਰੋਕੇ ਫੇਰ ਪ੍ਰਾਣਾਂ

ਨੂੰ ਸੂਰਜ ਸੁਰ ਵਲ ਚੜ੍ਹਾਏ।

**ਅਜਰੁ ਜਰੈ ਸੁ ਨਿਝਰੁ ਝਰੈ ॥**

**ਜਗੰਨਾਥ ਸਿਉ ਗੋਸਟਿ ਕਰੈ ॥ ੭ ॥**

ਅਜਰ = ਜੇਹੜੇ ਨਾ ਸਹਾਰੇ ਜਾਣ। ਜਰੇ = ਸਹਾਰੇ, ਰੋਕੇ।

ਸੁਾਸਾਂ ਨੂੰ ਰੋਕੇ ਅਤੇ ਓਥੋਂ ਜੇਹੜਾ ਇਕ ਰਸ ਅੰਮ੍ਰਿਤ ਡਿਗੇ ਉਸ ਨੂੰ ਪਾਵੇ ਅਤੇ ਫਿਰ ਵਾਹਿਗੁਰੂ ਨਾਲ ਚਰਚਾ ਕਰੇ।

**ਚਉ ਮੁਖ ਦੀਵਾ ਜੋਤਿ ਦੁਆਰ॥**

**ਪਲੂ ਅਨਤ ਮੂਲੁ ਬਿਚਕਾਰ ॥**

ਪਲੂ = ਪੱਤੇ। ਅਨਤ = ਬਹੁਤ। ਮੂਲ = ਮੁਢ।

ਚੌ ਮੁਖੀ ਦੀਵੇ ਵਤ ਉਸ ਦਰਵਾਜੇ ਤੇ ਵਾਹਿਗੁਰੂ ਦੀ ਜੋਤਿ ਪ੍ਰਕਾਸ਼ ਰਹੀ ਹੈ (ਵਾ ਚਵਾਂ ਮੂੰਹਾਂ ਵਿਚੋਂ ਚਾਰ ਜੋਤਾਂ ਨਿਕਲ ਰਹੀਆਂ ਹਨ) ਓਥੇ ਪੱਤੇ ਬਹੁਤ ਹਨ ਅਤੇ ਵਿਚਕਾਰ ਮੁਢ ਹੈ।

**ਸਰਬ ਕਲਾ ਲੇ ਆਪੇ ਰਹੈ ॥**

**ਮਨੁ ਮਾਣਕੁ ਰਤਨਾ ਮਹਿ ਗੁਹੈ ॥ ੮ ॥**

ਗੁਹੈ = ਗੁੰਦੇ।

ਸਾਰੀਆਂ ਸ਼ਕਤੀਆਂ ਲਕੇ ਓਥੇ ਆਪ ਹੀ ਵਾਹਿਗੁਰੂ ਰਹਿੰਦਾ ਹੈ ਜਿਸਨੂੰ ਉਸਦੇ ਲੱਭਣ ਦੀ ਲੋੜ ਹੈ ਓਹ ਮਨ ਰੂਪ ਮਾਣਕ ਨੂੰ ਸਵਾਸਾਂ ਰੂਪ ਰਤਨਾਂ ਵਿਚ ਪਰੋਣਾ ਕਰੇ ॥

**ਮਸਤਕਿ ਪਦਮੁ ਦੁਆਲੈ ਮਣੀ ॥**

**ਮਾਹਿ ਨਿਰੰਜਨੁ ਤ੍ਰਿਭਵਣ ਧਣੀ ॥**

ਪਦਮ = ਕੌਲ ਫੁਲ ਭਾਵ ਸਹੱਸ੍ਰ ਦਲ ਕਮਲ।

ਮੱਥੇ ਵਿਚ ਕੌਲ ਫੁਲ ਹੈ ਉਸਦੇ ਆਲੇ ਦੁਆਲੇ ਖੰਭੜੀਆਂ ਮਣੀਆਂ ਵਤ ਪ੍ਰਕਾਸ਼ ਕਰ ਰਹੀਆਂ ਹਨ, ਉਸ ਵਿਚ ਤਿੰਨਾਂ ਲੋਕਾਂ ਦਾ ਮਾਲਕ ਮਾਯਾ ਤੋਂ ਰਹਿਤ ਵਾਹਿਗੁਰੂ ਹੈ ॥

***ਪੰਚ ਸਬਦ ਨਿਰਮਾਇਲ ਬਾਜੇ ॥**

---

*ਤੱਤ ੧, ਬਿਤੱਤ ੨, ਘਨ ੩, ਨਾਦ ੪, ਸੁਖਰ ੫, ਏਹ ਪੰਜ ਤਰ ਦੇ ਸ਼ਬਦ ਹਨ। ਤੱਤ = ਬੀਨ, ਸਤਾਰ ਆਦਿਕ ਤੋਂ ਹੋਣ ਵਾਲੇ ਤੰਤ ਦੇ ਸ਼ਬਦ ਦਾ ਨਾਮ ਹੈ। ਬਿਤੱਤ = ਤੁਤੀਆਂ ਆਦਿਕ ਤੋਂ ਹੋਣ ਵਾਲੇ ਚੰਮ ਦੇ ਸ਼ਬਦ ਦਾ ਨਾਮ-

ਫੁਨਿਕੇ ਚਵਰ ਸੰਖ ਘਨ ਗਾਜੇ ॥

ਪੰਜ ਤਰਾਂ ਦੇ ਸ਼ਬਦ ਅਤਯੰਤ ਹੀ ਨਿਰਮਲ ਵਜਦੇ ਹਨ ( ਜੋਗੀ ਦਾ ਮਨ ਸੁਧ ਰੂਪ ਤੇਜ ਦੀਆਂ ਕਿਰਣਾ ਜੇਹੜੀਆਂ ਫੈਲੀਆਂ ਹਨ ) ਏਹੋ ਹੀ ਮਾਨੋਂ ਵਾਹਿਗੁਰੂ ਤਿਤੇ ਚੌਰ ਹੋ ਰਿਹਾ ਹੈ ਅਤੇ ਸੁਵਾਸਾਂ ਦੀ ਬਹੁਤ ਅਵਾਜ ਹੋ ਰਹੀ ਹੈ ਏਹੋ ਹੀ ਮਾਨੋਂ ਬਹੁਤ ਸੰਖ ਵੱਜਦੇ ਹਨ।

ਦਲਿ*ਮਲਿ ਦੈਤਹੁ ਗੁਰਮੁਖਿ ਗਿਆਨੁ ॥
ਬੇਣੀ†ਜਾਚੈ ਤੇਰਾ ਨਾਮੁ ॥ ੯ ॥ ੧ ॥

ਜਿਸ ਗੁਰਮੁਖ ਨੇ ਦੈਂਤਾਂ ਮਨ ਆਦਿਕਾਂ ਨੂੰ ਦਲ ਮਲ ਸੁਟਿਆ ਹੈ ਉਸਨੂੰ ਗਿਆਨ ਹੋ ਗਿਆ ਹੈ ਪਰ ਏਹ ਜੋਗ ਦਾ ਕੰਮ ਬੜਾ ਔਖਾ ਹੈ, ਇਸ ਲਈ ਬੇਣੀ ਜੀ ਹੇ ਵਾਹਿਗੁਰੂ ਤੇਰਾ ਨਾਮ ਹੀ ਮੰਗਦੇ ਹਨ ॥

# ਰਾਗੁ ਮਾਲੀ ਗਉੜਾ

## ਮਾਲੀਗਉੜਾ ਬਾਣੀ ਭਗਤ ਨਾਮਦੇਵ ਜੀ ਕੀ

੧ ਓ ਸਤਿਗੁਰਪ੍ਰਸਾਦਿ ॥ ॥ ‡ਧਨਿ ਧੰਨਿ ਓ ਰਾਮ

---

——ਹੈ। ਘਨ = ਛੈਣੇਂ ਆਦਿਕ ਤੋਂ ਹੋਣ ਵਾਲੇ ਕੈਹੇਂ ਧਾਤ ਦੇ ਸਬਦ ਦਾ ਨਾਮ ਹੈ। ਨਾਦ = ਘੜੇ ਆਦਿਕ ਤੋਂ ਹੋਣ ਵਾਲੇ ਮਿੱਟੀ ਦੇ ਸ਼ਬਦ ਦਾ ਨਾਮ ਹੈ। ਸੁਖਰ = ਸੰਖਾਦੀ ਤੋਂ ਹੋਣ ਵਾਲੇ ਸੁਵਾਸਾਂ ਦੇ ਸ਼ਬਦ ਦਾ ਨਾਮ ਹੈ ॥

*ਇਸ ਸ਼ਬਦ ਦਾ ਅਰਥ ਗਿਆਨੀ ਇਕ ਹੋਰ ਵੀ ਕਰਦੇ ਹਨ ਸੋ ਤੁਸੀਂ ਆਪਣੀ ਅਕਲ ਅਨੁਸਾਰ ਕਰੋ ॥

†ਹਠ ਯੋਗ ਆਦਿਕ ਨੂੰ ਛੱਡਕੇ ਗੁਰਮੁਖ ਨਾਮ ਹੀ ਮੰਗਦੇ ਹਨ ਓਹ ਮਹਾਂ ਅਗਿਆਨੀ ਹਨ ਜੇਹੜੇ ਗੁਰ ਸਿੱਖਾਂ ਨੂੰ ਇਕੁਰ ਦੇ ਉਪਦੇਸ਼ ਦੇਂਦੇ ਹਨ ਕਿ ਤੁਸੀ ਵੀ ਯੋਗ ਕਰੋ, ਭਗਤ ਬੇਣੀ ਜੀ ਸਾਫ ਹੀ ਇਸ ਪੁਆੜੇ ਨੂੰ ਛੱਡਕੇ ਨਾਮ ਮੰਗਦੇ ਹਨ। ਵਾਹਿਗੁਰੂ ਦੀ ਪ੍ਰਾਪਤੀ ਵਾਸਤੇ ਹਠ ਯੋਗ ਠੀਕ ਨਹੀਂ, ਹਠ ਯੋਗ ਇਕ ਕੰਮ ਜਾਂ ਵਿੱਦਜਾ ਹੈ ਇਕੁਰ ਦੀ ਵਿਦਯਾ ਨਾਲ ਮਨ ਟਿਕ ਜਾਂਦਾ ਹੈ ਪਰ ਵਾਹਿਗੁਰੂ ਦੀ ਪ੍ਰਾਪਤੀ ਨਾਮ ਕਰਕੇ ਹੁੰਦੀ ਹੈ, ਨਾਮ ਜਪਣਾ ਵੱਡਾ ਦਰਜਾ ਹੈ ॥

‡ਏਸ ਸ਼ਬਦ ਵਿਚ ਸਰਗੁਣ ਰੂਪ ਕਰਕੇ ਨਿਰੰਕਾਰ ਦੀ ਉਪਮਾ ਕੀਤੀ ਹੈ ਵਾਸਤਵ ਵਿਚ ਭਗਤ ਜੀ ਕੋਈ ਕ੍ਰਿਸ਼ਨ ਜੀ ਦੇ ਉਪਾਸ਼ਕ ਨਹੀਂ ਸਨ। ਕਈ ਆਖਦੇ ਨੇ ਕਿ ਇਹ ਸ਼ਬਦ ਭਗਤ ਜੀ ਦੀ ਪਹਿਲੀ ਹਾਲਤ ਬਾਲਕ ਉਮਰ ਦਾ ਉਚਾਰਿਆ ਹੋਇਆ ਹੈ, ਕਈ ਆਖਦੇ ਹਨ ਜੋ ਏਸ ਸ਼ਬਦ ਵਿੱਚ ਭਗਤ

**ਬੇਨੁ ਬਾਜੈ ॥ ਮਧੁਰ ਮਧੁਰ ਧੁਨਿ ਅਨਹਤ ਗਾਜੈ॥੧॥ ਰਹਾਉ ॥**

ਬੇਨੁ = ਬੀਨ, ਬੰਸਰੀ । ਰਾਮ = ਕ੍ਰਿਸ਼ਨ ।

ਧੰਨ ਧੰਨ ਓਹੁ ਬੰਸਰੀ ਹੈ ਜੇਹੜੀ ਕ੍ਰਿਸ਼ਨ ਦੇ ਮੂੰਹੋਂ ਵੱਜਦੀ ਸੀ ਮਿੱਠੀ ਮਿੱਠੀ ਇਕ ਰਸ ਗੱਜਦੀ ਹੋਈ ਸੁਣਨ ਵਾਲਿਆਂ ਨੂੰ ਆਨੰਦ ਦੇਂਦੀ ਸੀ।

**ਧਨਿ ਧਨਿ ਮੇਘਾ ਰੋਮਾਵਲੀ ॥**

**ਧਨਿ ਧਨਿ ਕ੍ਰਿਸਨ ਓਢੈ ਕਾਂਬਲੀ ॥ ੧ ॥**

ਮੇਘਾ = ਭੇਡੂ । ਰੋਮਾਵਲੀ = ਉਨ ਵਾਲਾਂ ਦੀ ਪੰਕਤੀ ਵਾ ਬੱਦਲਾਂ ਦੀਆਂ ਕਾਲੀਆਂ ਘਟਾਂ ਵਾਂਙੂ ਕ੍ਰਿਸ਼ਨ ਦਾ ਰੰਗ । ਓਢੈ = ਉਤ ਲੇਣੀ ॥

ਧੰਨ ਧੰਨ ਉਸ ਭੇਡੂ ਦੇ ਬਾਹਲੇ ਵਾਲਾਂ ਦੀ ਲੋਈ ਹੈ ਅਤੇ ਧੰਨ ਧੰਨ ਕ੍ਰਿਸ਼ਨ ਜੀ ਉਤੇ ਲੈਣ ਵਾਲੇ ਹਨ ॥

**ਧਨਿ ਧਨਿ ਤੂ ਮਾਤਾ ਦੇਵਕੀ ॥**

**ਜਿਹ ਗ੍ਰਿਹ ਰਮਈਆ ਕਵਲਾਪਤੀ ॥ ੨ ॥**

ਗ੍ਰਿਹ = ਘਰ । ਕਵਲਾਪਤੀ = ਲੱਛਮੀ ਦੇ ਪਤੀ।

ਧੰਨ ਧੰਨ ਤੂੰ ਹੇ ਮਾਤਾ ਦੇਵਕੀ ਹੈਂ ਜਿਸਦੇ ਘਰ ਵਿਚ ਕਵਲਾ ਦੇ ਪਤੀ ਕ੍ਰਿਸ਼ਨ ਜੀ ਨੇ ਅਵਤਾਰ ਲਿਆ ਹੈ॥

**ਧਨਿ ਧਨਿ ਬਨ ਖੰਡ ਬਿੰਦ੍ਰਾਬਨਾ ॥**

**ਜਹ ਖੇਲੈ ਸ੍ਰੀ ਨਾਰਾਇਨਾ ॥ ੩ ॥**

ਧੰਨ ਧੰਨ ਓਹੁ ਬਿੰਦ੍ਰਾਬਨ ਜੰਗਲ ਦਾ ਟੁਕੜਾ (ਥਾਂ) ਹੈ ਜਿਥੇ ਸ੍ਰੀ ਨਾਰਾਇਣ ਜੀ ਰਾਧਾ ਸਹਿਤ ਖੇਲੇ ਹਨ ॥

**ਬੇਨੁ ਬਜਾਵੈ ਗੋਧਨੁ ਚਰੈ॥**

**ਨਾਮੇ*ਕਾ ਸੁਆਮੀ ਆਨਦ ਕਰੈ ॥ ੪ ॥ ੧ ॥**

—ਜੀ ਨੇ ਚੌਥੀ ਭੂਮਿਕਾ ਵਿਚ ਜਾਕੇ ਆਪਣੇ ਨਿਰੰਕਾਰ ਦੀ ਸਿਫਤ ਕੀਤੀ ਹੈ, ਜੇਹੜੀ ਕਿ ਓਸ ਵੇਲੇ ਲੋਕ ਕ੍ਰਿਸ਼ਨ ਜੀ ਦੀ ਇੱਜ਼ਤ ਨਾਲ ਕਰਦੇ ਸਨ ਓਸੇ ਤਰਾਂ ਓਨਾਂ ਅਖਰਾਂ ਦੁਆਰਾ ਵਾਹਿਗੁਰੂ ਦੀ ਸਿਫਤ ਕੀਤੀ ਹੈ ।

*ਇਸਦਾ ਅਸਲੀ ਸਿਟਾ ਏਹ ਹੈ ਕਿ ਇੱਕਰ ਦਾ ਪਿਆਰ ਵਾਹਿਗੁਰੂ ਨਾਲ ਕਰਨਾ ਚਾਹੀਦਾ ਹੈ, ਭਗਤ ਜੀ ਨੇ ਏਹੁ ਆਪਣੀ ਪਹਿਲੀ ਹਾਲਤ ਦੀ ਗੱਲ ਕੀਤੀ ਹੈ।

ਗੋਧਨ = ਗਊਆਂ ॥

ਬੰਸਰੀ ਵਜਾਉਂਦੇ ਸਨ ਗਊਆਂ ਨੂੰ ਚੁਗਾਉਂਦੇ ਸਨ ਨਾਮੇ ਦਾ ਸੁਆਮੀ ਅਨੰਦ ਕਰਦਾ ਸੀ ॥

**ਮੇਰੋ*ਬਾਪੁ ਮਾਧਉ ਤੂ ਧਨੁ ਕੇਸੌ**
**ਸਾਂਵਲੀਓ ਬੀਠੁਲਾਇ ॥ ੧ ॥ ਰਹਾਉ ॥**

ਮਾਧਉ = ਲੱਛਮੀ ਦਾ ਪਤੀ ।

ਮੇਰਾ ਪਿਤਾ ਲੱਛਮੀ ਦਾ ਪਤੀ ਤੂੰ ਕੇਸ਼ਵ ਸਾਵਲੇ ਰੰਗ ਵਾਲਾ ਪਿਆਰਾ ਧੰਨ ਹੈਂ, "ਜਿੱਕੁਰ ਤੂੰ ਪਿਛੇ ਆਪਣੇ ਪਿਆਰਿਆਂ ਦੀ ਸਹਾਇਤਾ ਕੀਤੀ ਹੈ ਇੱਕੁਰ ਮੈਂ ਦੱਸਦਾ ਹਾਂ" ॥

**ਕਰ ਧਰੇ ਚਕ੍ਰ ਬੈਕੁੰਠ ਤੇ ਆਏ**
**†ਗਜ ਹਸਤੀ ਕੇ ਪ੍ਰਾਨ ਉਧਾਰੀਅਲੇ ॥**

ਕਰ = ਹੱਥ ।

ਹੱਥ ਵਿਚ ਚੱਕਰ ਫੜਕੇ, ਅਤੇ ਗੱਜਕੇ ਤੁਸੀ ਬੈਕੁੰਠ ਵਿਚੋਂ ਆਏ, ਉਸ ਹਾਥੀ ਦੇ ਪ੍ਰਾਣ ਤੰਦੂਏ ਪਾਸੋਂ ਬਚਾ ਲਏ ।

**ਦੁਹਸਾਸਨ ਕੀ ਸਭਾ ਦ੍ਰੋਪਤੀ ਅੰਬਰ**
**ਲੇਤ ਉਬਾਰੀਅਲੇ ॥ ੧ ॥**

ਦੁਹਸਾਸਨ = ਕਰੜੀ ਤਾੜਨਾ ਦੇਣ ਵਾਲੇ । ਅੰਬਰ = ਕਪੜੇ । ਲੇਤ = ਲੈਂਦੇ

ਦੁਰਯੋਧਨ ਆਦਿਕਾਂ ਦੀ ਸਭਾ ਵਿਚ ਜਦ ਦੁਸ਼ਟ ਆਦਮੀ ਦ੍ਰੋਪਦੀ ਦੇ ਕਪੜੇ ਲਾਹੁੰਦੇ ਸਨ ਤਾਂ ਤੁਸੀਂ ਦ੍ਰੋਪਦੀ ਨੂੰ ਉਨਾਂ ਪਾਸੋਂ ਬਚਾ ਲਿਆ ਭਾਵ ਉਸਦਾ ਪੜਦਾ ਰਖ ਲਿਆ ॥

*ਇਸ ਸ਼ਬਦ ਵਿਚ ਵਿਸ਼ਨ ਹਰੀ ਦੇ ਅਵਤਾਰ ਜੋ ਸ੍ਰੀ ਰਾਮਚੰਦ੍ਰ ਜੀ ਸ੍ਰੀ ਕ੍ਰਿਸ਼ਨ ਜੀ ਹੋਏ ਹਨ ਉਨਾਂ ਦੇ ਕੰਮ ਦਸੇ ਹਨ ਜੋ ਉਹ ਭਗਤਾਂ ਦੀ ਰਖਿਆ ਕਰਦੇ ਰਹੇ, ਭਗਤ ਜੀ ਦਾ ਆਪਣਾ ਖਿਆਲ ਨਿਰੰਕਾਰ ਵਲ ਹੈ ਦੇਖੋ ਏਸਤੋਂ ਅਗਲਾ ਸ਼ਬਦ ।

†ਗਜ = ਹਾਥੀ ਦਾ ਨਾਮ ਹੈ ਪਰ ਨਾਲ ਹੀ ਹਸਤੀ ਪਦ ਦਾ ਫੇਰ ਸਬੰਧ ਹੈ ਇਸ ਲਈ ਇਸਦਾ ਅਰਥ ਗਜਕੇ ਕੀਤਾ ਗਿਆ ਹੈ । ਗਜਹਸਤੀ = ਸਿਰੋਮਣੀ ਹਾਥੀ ਨੂੰ ਵੀ ਕਹਿੰਦੇ ਹਨ ।

**ਗੋਤਮ*ਨਾਰਿ ਅਹਲਿਆ ਤਾਰੀ†ਪਾਵਨ ਕੇਤਕ ਤਾਰੀ-ਅਲੇ ॥ ਐਸਾ ਅਧਮੁ ਅਜਾਤਿ ਨਾਮ ਦੇਉ ਤਉ ਸਰਨਾਗਤਿ ਆਈਅਲੇ ॥ ੨ ॥ ੨ ॥**

ਅਧਮ = ਪਾਪੀ।

ਗੋਤਮ ਰਿਖੀ ਦੀ ਅਹੱਲਿਆ ਇਸਤੀ ਤਾਰੀ ਅਤੇ ਪੈਰਾਂ ਨਾਲ ਕਿੰਨੇ ਹੀ ਤਾਰ ਦਿੱਤੇ ਇੱਕੁਰ ਦਾ ਪਾਪੀ ਖੋਟੀ ਜਾਤ ਵਾਲਾ ਨਾਮ ਦੇਉ ਆਪ ਦੀ ਸ਼ਰਣ ਆਯਾ ਹੈ।

**‡ਸਭੈ ਘਟ ਰਾਮੁ ਬੋਲੈ ਰਾਮਾ ਬੋਲੈ ॥ ਰਾਮ ਬਿਨਾ ਕੋ ਬੋਲੈ ਰੇ ॥ ੧ ॥ ਰਹਾਉ ॥**

(ਹੇ ਭਾਈ) ਸਾਰਿਆਂ ਸਰੀਰ ਰੂਪ ਘੜਿਆਂ ਵਿਚ ਵਾਹਿਗੁਰੂ ਹੀ ਬੋਲਦਾ ਹੈ (ਵਾਹਿਗੁਰੂ ਹੀ ਬੋਲਦਾ ਹੈ) ਹੇ ਭਾਈ ਵਾਹਿਗੁਰੂ ਤੋਂ ਬਿਨਾਂ ਹੋਰ ਕੌਣ ਬੋਲਦਾ ਹੈ (ਤੂੰ ਆਪ ਹੀ ਦਸ ?)

**ਏਕਲ ਮਾਟੀ ਕੁੰਜਰ ਚੀਟੀ ਭਾਜਨ ਹੈਂ ਬਹੁ ਨਾਨ੍ਹਾ ਰੇ ॥ ਅਸ-ਥਾਵਰ ਜੰਗਮ ਕੀਟ ਪਤੰਗਮ ਘਟਿ ਘਟਿ ਰਾਮੁ ਸਮਾਨਾ ਰੇ॥ ੧॥**

ਕੁੰਜਰ = ਹਾਥੀ। ਚੀਟੀ = ਕੀੜੀ। ਅਸਥਾਵਰ = ਬ੍ਰਿਛ ਆਦਿਕ। ਜੰਗਮ = ਕੀੜੇ ਪਤੰਗੇ ਆਦਿਕ ॥

ਜਿਕੁਰ ਇਕ ਹੀ ਮਿੱਟੀ ਤੋਂ ਹਾਥੀ ਕੀੜੀ ਹੋਰ ਨਾਨਾ ਤਰਾਂ ਦੇ ਭਾਂਡੇ ਹੁੰਦੇ ਹਨ, ਇੱਕੁਰ ਹੀ ਜੜ੍ਹ ਚੇਤਨ ਅਨੇਕਾਂ ਕੀੜਿਆਂ ਪਤੰਗਿਆਂ ਵਿੱਚ

*ਇਹ ਸਾਰੇ ਪਿਛਲੇ ਅਵਤਾਰਾਂ ਦੇ ਪਰਸੰਗ ਦਸੇ ਹਨ ਆਪਣੀ ਭਗਤ ਜੀਦੀ ਵਾਹਿਗੁਰੂ ਅਗੇ ਹੀ ਬੇਨਤੀ ਹੈ। ਇਕੁਰ ਦੇ ਪ੍ਰਸੰਗ ਸੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਹੋਰ ਵੀ ਬਹੁਤ ਜਗਾ ਹਨ।

†ਹੇ ਪਵਿਤ੍ਰ ਵਾਹਿਗੁਰੂ ਵੀ ਕਰਦੇ ਹਨ ਅਤੇ ਪਾਹਨ (ਪੱਥਰ) ਵੀ ਪਾਠ ਹੁੰਦਾ ਹੈ ਸੋ ਪੱਥਰ ਵਤ ਕਠੋਰ ਪਾਪੀ ਤਾਰ ਦਿਤੇ ਅਰਥ ਕਰ ਲੈਣਾ।

‡ਏਸ ਸਬਦ ਤੋਂ ਇਹ ਸਿੱਧ ਹੋ ਗਿਆ ਕਿ ਭਗਤ ਜੀ ਸਾਰੇ ਸੰਸਾਰ ਵਿਚ ਰਮੇ ਹੋਏ ਨਿਰੰਕਾਰ ਦੇ ਉਪਾਸ਼ਕ ਸਨ। ਦੇਖੋ ਤਿਲੰਗ ਵਿਚ ਏਹਨਾਂ ਹੀ ਭਗਤਾਂ ਦਾ ਸਬਦ ਹੈ ਜਿਸ ਵਿਚ ਸਾਫ ਹੀ ਹੈ ਕਿ ਮੁਸਲਮਾਨ ਪਠਾਨਾਂ ਨੂੰ ਨਿਰੰਕਾਰ ਰੂਪ ਜਾਤਾ ਏਸ ਸਬਦ ਤੋਂ ਪਹਿਲੇ ਜੇਹੜੇ ਦੋ ਸ਼ਬਦ ਹਨ ਉਹ ਵੀ ਨਿਰੰਕਾਰ ਦੀ ਉਪਾਸ਼ਨਾਂ ਦੇ ਹਨ।

ਇਕ ਹੀ ਵਾਹਿਗੁਰੂ ਹੇ ਭਾਈ ਸਮਾਯਾ ਹੋਯਾ ਹੈ।

**ਏਕਲ ਚਿੰਤਾ ਰਾਖੁ ਅਨੰਤਾ ਅਉਰ ਤਜਹੁ ਸਭ ਆਸਾ ਰੇ ॥**
**ਪ੍ਰਣਵੈ ਨਾਮਾ ਭਏ ਨਿਹਕਾਮਾ ਕੋ ਠਾਕੁਰੁ ਕੋ ਦਾਸਾ ਰੇ ॥੨॥੩॥**

ਅਨੰਤਾ = ਵਾਹਿਗੁਰੂ।

ਹੇ ਭਾਈ ਇਕ ਅਕੱਲੇ ਵਾਹਿਗੁਰੂ ਦੀ ਹੀ ਚਿੰਤਾ ਰਖੋ ਭਾਵ ਉਸਨੂੰ ਹੀ ਯਾਦ ਕਰੋ ਹੋਰ ਸਾਰੀਆਂ ਆਸਾਂ ਛਡ ਦਿਓ, ਨਾਮ ਦੇਉ ਜੀ ਕਹਿੰਦੇ ਹਨ ਜਦ ਤੁਸੀਂ ਇੱਕੁਰ ਕਰੋਗੇ ਤਾਂ ਕਾਮਨਾ ਤੋਂ ਰਹਿਤ ਹੋ ਜਾਵੋਗੇ, ਅਤੇ ਫਿਰ ਨਹੀਂ ਪਛਾਣਿਆ ਜਾਵੇਗਾ ਕਿ ਕੌਣ ਸੁਆਮੀ ਹੈ ਅਤੇ ਕੌਣ ਦਾਸ ਹੈ ਇੱਕੁਰ ਤੁਹਾਡੀ ਵਾਹਿਗੁਰੂ ਨਾਲ ਅਭੇਦਤਾ ਹੋ ਜਾਵੇਗੀ।

# ਰਾਗ ਮਾਰੂ

**ਰਾਗੁ ਮਾਰੂ ਬਾਣੀ ਕਬੀਰ ਜੀਉ ਕੀ**

**ੴ ਸਤਿਗੁਰਪ੍ਰਸਾਦਿ ॥ ਪਡੀਆ ਕਵਨ ਕੁਮਤਿ ਤੁਮ ਲਾਗੇ ॥ ਬੂਡਹੁਗੇ ਪਰਵਾਰ ਸਕਲ ਸਿਉ ਰਾਮੁ ਨ ਜਪਹੁ ਅਭਾਗੇ ॥ ੧ ॥ ਰਹਾਉ ॥**

ਹੇ ਪਾਂਡੇ ਕੇਹੜੀ ਖੋਟੀ ਮਤਿ ਵਿਚ ਤੁਸੀਂ ਲਗੇ ਹੋ ਭਾਵ ਕਿਆ ਭੈੜੇ ਕੰਮ ਕਰਦੇ ਹੋ ਹੇ ਅਭਾਗੇ ਵਾਹਿਗੁਰੂ ਨੂੰ ਕਿਉਂ ਨਹੀਂ ਜਪਦੇ ਤੁਸੀਂ ਆਪਣੇ ਸਾਰੇ ਪਰਵਾਰ ਦੇ ਸੰਯੁਕਤ ਸੰਸਾਰ ਸਮੁੰਦ੍ਰ ਵਿੱਚ ਡੁੱਬ ਜਾਵੋਗੇ।

**ਬੇਦ ਪੁਰਾਨ ਪੜੇ ਕਾ ਕਿਆ ਗੁਨੁ ਖਰ ਚੰਦਨ ਜਸ ਭਾਰਾ ॥**
**ਰਾਮ ਨਾਮ ਕੀ ਗਤਿ ਨਹੀ ਜਾਨੀ ਕੈਸੇ ਉਤਰਸਿ ਪਾਰਾ ॥ ੧ ॥**

ਖਰ = ਖੋਤਾ

ਵੇਦਾਂ ਪੁਰਾਣਾਂ ਦੇ ਪੜ੍ਹਿਆਂ ਦਾ ਤੁਹਾਨੂੰ ਕੀ ਗੁਣ ਹੈ ਭਾਵ ਵੇਦ ਪੁਰਾਣ ਪੜ੍ਹੇ ਤੁਹਾਨੂੰ ਇਕੁਰ ਹਨ ਜਿਕੁਰ ਖੋਤੇ ਉਤੇ ਚੰਦਨ ਭਾਰ ਲਦਿਆ ਹੁੰਦਾ ਹੈ, ਵਾਹਿਗੁਰੂ ਦੇ ਨਾਮ ਦੀ ਤੁਸੀਂ ਕੋਈ ਗਤੀ ਨਹੀਂ ਜਾਣੀ ਕਿੱਕੁਰ ਸੰਸਾਰ ਸਮੁੰਦ੍ਰ ਤੋਂ ਪਾਰ ਉਤਰੋਗੇ ?

**ਜੀਅ*ਬਧਹੁ ਸੁ ਧਰਮੁ ਕਰਿ ਥਾਪਹੁ ਅਧਰਮੁ ਕਹਹੁ ਕਤ**

---

*ਜੀਆਂ ਉਤ ਦਯਾ ਕਰਨੀ ਚਾਹੀਦੀ ਹੈ ਮਾਸ ਖਾਣ ਦਾ ਜਾਂ ਨ ਖਾਣ ਦਾ ਏਥੇ ਝਗੜਾ ਨਹੀਂ ਹੈ।

**ਭਾਈ ॥ ਆਪਸ ਕਉ ਮੁਨਿ ਵਰ ਕਰਿ ਥਾਪਹੁ ਕਾਕਉ ਕਹਹੁ ਕਸਾਈ ॥ ੨ ॥**

(ਹੇ ਭਾਈ) ਜੱਗ ਵਿੱਚ ਜੀਆਂ ਨੂੰ ਮਾਰਦੇ ਹੋ, ਅਤੇ ਚੰਗਾ ਧਰਮ ਕਰਕੇ ਥਾਪਨ ਕਰਦੇ ਹੋ ਪਰ ਅਫਸੋਸ, ਮੈਂ ਪੁਛਦਾ ਹਾਂ ਤੁਸੀ ਅਧਰਮ ਕਿਸ ਨੂੰ ਆਖਦੇ ਹੋ ਆਪਣੇ ਆਪ ਨੂੰ ਤੁਸੀ ਚੰਗੇ ਮੁਨੀਆਂ ਵਾਕਰ ਜਾਣਦੇ ਹੋ ਅਤੇ ਕਿਸ ਨੂੰ ਕਸਾਈ ਕਹਿੰਦੇ ਹੋ ਭਾਵ ਆਪ ਹੀ ਬੜੇ ਕਸਾਈ ਹੋ ॥

**ਮਨ ਕੇ ਅੰਧੇ ਆਪਿ ਨ ਬੂਝਹੁ ਕਾਹਿ*ਬੁਝਾਵਹੁ ਭਾਈ ॥ਮਾਇ-ਆ ਕਾਰਨ ਬਿਦਿਆ † ਬੇਚਹੁ ਜਨਮੁ ਅਬਿਰਥਾ ਜਾਈ ॥ ੩ ॥**

ਮਨ ਦੇ ਅੰਨ੍ਹਿਓਂ ਆਪ ਤੁਸੀ ਨਹੀਂ ਕੁਛ ਜਾਣਦੇ ਅਤੇ ਹੇ ਭਾਈ ਕਿਆ ਹੋਰਨਾਂ ਲੋਕਾਂ ਨੂੰ ਉਪਦੇਸ਼ ਦੇਂਦੇ ਹੋ (ਤੁਹਾਡਾ) ਕੁਝ ਅਸਰ ਨਹੀਂ ਹੋਣਾ। ਮਾਇਆ ਵਾਸਤੇ ਵਿੱਦਿਆ ਨੂੰ ਵੇਚਦੇ ਹੋ ਹਾਇ ਅਫਸੋਸ ! ਤੁਸਾਡਾ ਜਨਮ ਬਿਅਰਥ ਹੀ ਜਾਂਦਾ ਹੈ ॥

**ਨਾਰਦ ਬਚਨ ਬਿਆਸੁ ਕਹਤ ਹੈ ਸੁਕ ਕਉ ਪੂਛਹੁ ਜਾਈ ॥ ਕਹਿ ਕਬੀਰ ਰਾਮੈ ਰਮਿ ਛੂਟਹੁ ਨਾਹਿ ਤ ਬੂਡੇ ਭਾਈ ॥ ੪ ॥੧॥**

ਰਮਿ = ਉਚਾਰਨਾ ॥

ਨਾਰਦ ਦੇ ਬਚਨ ਬਿਆਸ ਕਹਿੰਦਾ ਹੈ ਸੁਕਦੇਵ ਕੋਲੋਂ ਪੁਛ ਲੌ ਵਾ ਨਾਰਦ ਦੇ ਬਚਨ ਬਿਆਸ ਨੂੰ ਕਹੇ ਹੋਏ ਤੇ ਬਿਆਸ ਦੇ ਸੁਕ ਨੂੰ ਕਹੇ ਹੋਏ ਭਾਵ ਤੁਸੀ ਏਨਾਂ ਤਿੰਨਾਂ ਕੋਲੋਂ ਪੁਛਕੇ ਦੇਖ ਲਵੋ, ਏਨਾਂ ਦੇ ਬਣਾਏ ਹੋਏ ਗ੍ਰੰਥ ਪੜ੍ਹ ਲਵੋ, ਕਬੀਰ ਜੀ ਕਹਿੰਦੇ ਹਨ ਵਾਹਿਗੁਰੂ ਨੂੰ ਉਚਾਰਕੇ ਹੀ ਛੁਟੋਗੇ ਨਹੀਂ ਤਾਂ ਹੇ ਭਾਈ ਡੁਬ ਜਾਵੋਗੇ ॥

**‡ਬਨਹਿ ਬਸੇ ਕਿਉ ਪਾਈਐ ਜਉ ਲਉ ਮਨਹ ਨ ਤਜਹਿ**

*ਜੇਹੜੇ ਸਾਡੇ ਭਰਾ ਆਪ ਮੰਦਗਤੀ ਤੇ ਚਲਦੇ ਹਨ ਅਤੇ ਲੋਕਾਂ ਨੂੰ ਉਪਦੇਸ਼ ਦੇਂਦੇ ਹਨ ਓਨਾਂ ਦਾ ਕੁਝ ਅਸਰ ਨਹੀਂ ਹੁੰਦਾ ॥

†ਜੇਹੜੇ ਸਾਡੇ ਭਰਾਂ ੨—੨—੩—੩—ਰੁਪੱਯੇ ਮਹੀਨਾ ਲੈਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਯਾ ਹੋਰ ਧਾਰਮਿਕ ਵਿਦਿਆ ਪੜ੍ਹੌਂਦੇ ਹਨ ਓਹ ਮਹਾਂ ਅਗਿਆਨੀ ਹਨ ॥

‡ਜੇਹੜੇ ਘਰ ਨੂੰ ਛੱਡਕੇ ਜੰਗਲ ਵਿਚ ਜਾਂਦੇ ਹਨ ਓਹ ਅਨੇਕ ਤਰਾਂ ਦੇ ਆਪਣੇ ਮਨ ਨੂੰ ਹੋਰ ਵਿਕਾਰ ਲਾ ਲੈਂਦੇ ਹਨ ॥

**ਬਿਕਾਰ ॥ *ਜਿਹ ਘਰੁ ਬਨੁ ਸਮਸਰਿ ਕੀਆ ਤੇ ਪੂਰੇ ਸੰਸਾਰ ॥ ੧ ॥**

ਬਣ ਵਿਚ ਵੱਸਕੇ ਕਿੱਕੁਰ ਵਾਹਿਗੁਰੂ ਨੂੰ ਪਾਈਏ ਭਾਵ ਨਹੀਂ ਪਾਯਾ ਜਾਂਦਾ ਜਿੰਨਾਂ ਚਿਰ ਮਨੋਂ ਵਿਕਾਰ ਨਾਂ ਛਡੇ। ਜਿਨਾਂ ਗੁਰਮੁਖਾਂ ਨੇ ਆਪਣੇ ਘਰ ਨੂੰ ਹੀ ਬਣ ਦੇ ਬਰਾਬਰ ਕਰ ਲਿਆ ਹੈ ਓਹ ਸੰਸਾਰ ਵਿੱਚ ਪੂਰੇ ਆਦਮੀ ਹਨ ॥

**ਸਾਰ ਸੁਖੁ ਪਾਈਐ ਰਾਮਾ ॥**
**ਰੰਗਿ ਰਵਹੁ ਆਤਮੈ ਰਾਮ ॥ ੧ ॥ ਰਹਾਉ ॥**

ਸਾਰ = ਚੰਗਾ। ਰੰਗਿ = ਪ੍ਰੇਮ। ਰਵਹੁ = ਉਚਾਰੋ।

ਹੇ ਪ੍ਰੇਮੀ ਜਨ ਹੱਛਾ ਸੁਖ ਤਦ ਹੀ ਪਾਈਦਾ ਹੈ ਜੇ ਆਪਣੇ ਆਤਮਾਂ ਦੇ ਪ੍ਰੇਮ ਕਰਕੇ ਵਾਹਿਗੁਰੂ ਨੂੰ ਉਚਾਰੀਏ।

**ਜਟਾ ਭਸਮ ਲੇਪਨ ਕੀਆ ਕਹਾ ਗੁਫਾ ਮਹਿ ਬਾਸੁ ॥ ਮਨੁ ਜੀਤੇ ਜਗੁ ਜੀਤਿਆ ਜਾਤੇ ਬਿਖਿਆ ਤੇ ਹੋਇ ਉਦਾਸੁ ॥ ੨ ॥**

ਲੇਪਨ = ਲਿੰਬਣਾਂ।

ਜਟਾਂ ਉਤੇ ਸੁਆਹ ਦਾ ਪੋਚਾ ਫੇਰ ਲਿਆ ਤਾਂ ਕਿਆ ਹੈ (ਵਾ ਫੇਰਕੇ) ਜੇ ਕੰਦਰਾਂ ਵਿਚ ਵਸਣਾਂ ਕੀਤਾ ਤਾਂ ਕਿਆ ਫਾਇਦਾ ਹੈ, ਮਨ ਦੇ ਜਿੱਤਣ ਨਾਲ ਜਨਮ ਮਰਨ ਜਿਤਿਆ ਜਾਂਦਾ ਹੈ। ਜਿਸ ਕਰਕੇ ਸਾਰੇ ਵਿਸ਼ਿਆਂ ਤੋਂ ਉਦਾਸ ਹੋ ਜਾਈਦਾ ਹੈ।

**ਅੰਜਨੁ ਦੇਇ ਸਭੈ ਕੋਈ ਟੁਕੁ ਚਾਹਨ ਮਾਹਿ ਬਿਡਾਨੁ ॥**
**ਗਿਆਨ ਅੰਜਨੁ ਜਿਹ ਪਾਇਆ ਤੇ ਲੋਇਨ ਪਰਵਾਨੁ ॥ ੩ ॥**

ਅੰਜਨੁ = ਸੁਰਮਾਂ। ਟੁਕ = ਥੋੜਾ। ਚਾਹਨ = ਇੱਛਾ।
ਬਡਾਨ = ਵੱਡਾ ਅਸਚਰਜ ਹੈ। ਲੋਇਨ = ਨੇਤ੍ਰ।

ਗਿਆਨ ਰੂਪ ਸੁਰਮਾਂ ਮਨ ਬੁਧੀ ਨੇਤਰਾਂ ਵਿਚ ਸਭ ਕੋਈ ਆਖਦਾ ਹੈ ਕਿ ਮੈਂ ਗੁਰਾਂ ਨੂੰ ਮਿਲਕੇ ਪਾਇਆ ਹੈ, ਪਰ ਥੋੜੇ ਥੋੜੇ ਪਦਾਰਥਾਂ ਦੀ ਇੱਛਾ ਵਿਚ ਫਸ ਰਹੇ ਹਨ ਇਹ ਮੈਨੂੰ ਬੜਾ ਅਚਰਜ ਲਗਾ ਹੋਯਾ ਹੈ ਠੀਕ ਗਿਆਨ ਸੁਰਮਾਂ ਜਿਸਨੇ ਆਪਣੇ ਨੇਤਰਾਂ ਵਿਚ ਪਾਯਾ ਹੈ ਉਸਦੇ ਨੇਤਰ ਪ੍ਰਮਾਣੀਕ ਹਨ ॥

---

*ਦੇਖੋ ਸ੍ਰੀ ਕਲਗੀਧਰ ਜੀ ਨੇ ਅਪਣੇ ਸਿੱਖਾਂ ਨੂੰ ਏਸੇਤਰਾਂ ਹੀ ਉਪਦੇਸ਼ ਕੀਤਾ ਹੈ ਕਿ "ਬਨ ਸੇ ਸਦਨ ਸਬੈ ਕਰ ਸਮਝਹੁ ਮਨ ਹੀ ਮਾਹਿ ਉਦਾਸਾ"।

**ਕਹਿ ਕਬੀਰ ਅਬ ਜਾਨਿਆ ਗੁਰਿ ਗਿਆਨੁ ਦੀਆ ਸਮਝਾਇ ॥ ਅੰਤਰਗਤਿ ਹਰਿ ਭੇਟਿਆ ਅਬ ਮੇਰਾ ਮਨੁ ਕਤਹੂ ਨ ਜਾਇ ॥ ੪ ॥ ੨ ॥**

ਕਬੀਰ ਜੀ ਕਹਿੰਦੇ ਹਨ ਹੁਣ ਮੈਂ ਜਾਣ ਲਿਆ ਹੈ ਕਿਉਂਕਿ ਗੁਰਾਂ ਨੇ ਗਿਆਨ ਦੇਕੇ ਮੈਨੂੰ ਸਮਝਾ ਦਿਤਾ ਹੈ, ਅੰਦਰ ਗਤੀ ਹੀ ਸਾਨੂੰ ਵਾਹਿਗੁਰੂ ਮਿਲ ਪਿਆ ਹੈ ਹੁਣ ਮੇਰਾ ਮਨ ਕਿਧਰੇ ਨਹੀਂ ਜਾਂਦਾ ॥

***ਰਿਧਿ ਸਿਧਿ ਜਾਕਉ ਫੁਰੀ ਤਬ ਕਾਹੂ ਸਿਉ ਕਿਆ ਕਾਜ ॥ ਤੇਰੇ ਕਹਨੇ ਕੀ ਗਤਿ ਕਿਆ ਕਹਉ ਮੈ ਬੋਲਤ ਹੀ ਬਡ ਲਾਜ ॥ ੧ ॥**

ਜਿਸਨੂੰ ਰਿਧੀ ਸਿਧੀ ਫੁਰੀ ਹੈ ਉਸਦਾ ਹੋਰ ਕਿਸੇ ਨਾਲ ਕਿਆ ਕੰਮ ਹੈ ਹੇ ਪਾਂਡੇ ਤੇਰੇ ਕਹਿਣੇ ਦੀ ਗਤੀ ਉਤੇ ਮੈਂ ਕਿਆ ਕਰਾਂ ਭਾਵ ਤੂੰ ਬਹੁਤ ਝੂਠ ਬੋਲਦਾ ਹੈਂ ਇਸ ਲਈ ਮੈਨੂੰ ਤੇਰੇ ਨਾਲ ਬੋਲਦਿਆਂ ਹੀ ਬੜੀ ਲੱਜਿਆ ਆਂਵਦੀ ਹੈ ॥

**ਰਾਮੁ ਜਿਹ ਪਾਇਆ ਰਾਮ ॥ ਤੇ ਭਵਹਿ ਨ ਬਾਰੈ ਬਾਰ ॥ ੧ ॥ ਰਹਾਉ ॥**

ਹੇ ਭਾਈ ਜਿਨਾਂ ਨੇ ਵਾਹਿਗੁਰੂ ਨੂੰ ਪਾਇਆ ਹੈ ਓਹ ਤੇਰੇ ਵਾਂਗੂੰ ਬਾਰ ਬਾਰ ਲੋਕਾਂ ਦੇ ਬੂਹਿਆਂ ਉਤੇ ਨਹੀ ਭੌਂਦੇ ॥

**ਝੂਠਾ ਜਗੁ ਡਹਕੈ ਘਨਾ ਦਿਨ ਦੁਇ ਬਰਤਨ ਕੀ ਆਸ ॥ ਰਾਮ ਉਦਕੁ ਜਿਹ ਜਨ ਪੀਆ ਤਿਹਿ ਬਹੁਰਿ ਨ ਭਈ ਪਿਆਸ ॥ ੨ ॥**

ਡਹਿਕੈ = ਭਰਮੇ ਵਾ ਠੱਗੇ । ਘਨਾ = ਬਹੁਤ ।

ਤੇਰੇ ਵਾਂਗੂੰ ਇੱਕੁਰ ਦੇ ਪਦਾਰਥਾਂ ਵਾਸਤੇ ਝੂਠਾ ਜਗਤ ਬਹੁਤ ਭਰਮਦਾ ਹੈ ਓਨਾਂ ਪਦਾਰਥਾਂ ਦੀ ਆਸਾ ਵੀ ਦੋ ਦਿਨ ਦੀ ਵਰਤਨ ਹੈ, ਭਾਵ ਓਹ ਪਦਾਰਥ ਵੀ ਦੁਖਦਾਈ ਹੋ ਜਾਂਦੇ ਹਨ ਜਿਸ ਆਦਮੀ ਨੇ ਵਾਹਿਗੁਰੂ ਰੂਪ ਪਾਣੀ ਪੀਤਾ ਹੈ ਉਸਨੂੰ ਫੇਰ ਪਿਆਸ ਨਹੀਂ ਲਗੀ ॥

**ਗੁਰ ਪ੍ਰਸਾਦਿ ਜਿਹ ਬੂਝਿਆ ਆਸਾ ਤੇ ਭਇਆ**

*ਕੋਈ ਆਦਮੀ ਕਬੀਰ ਜੀ ਨੂੰ ਆਖਦਾ ਸੀ ਕਿ ਮੇਰੇ ਵੱਸ ਰਿੱਧੀਆਂ ਸਿੱਧੀਆਂ ਹਨ ਮੈਂ ਲੋਕਾਂ ਨੂੰ ਵਿਖਾ ਸਕਦਾ ਹਾਂ ਤਿਸਨੂੰ ਕਬੀਰ ਜੀ ਕਿਹਾ ।

**ਨਿਰਾਸੁ ॥ ਸਭੁ ਸਚੁ ਨਦਰੀ ਆਇਆ ਜਉ ਆਤਮ ਭਇਆ ਉਦਾਸੁ ॥ ੩ ॥**

ਗੁਰਾਂ ਦੀ ਕਿਰਪਾ ਕਰਕੇ ਜਿਸਨੇ ਸਮਝਿਆ ਹੈ ਓਹ ਆਸਾ ਰੂਪ ਸੰਸਾਰ ਵਿਚੋਂ ਨਿਰਾਸ ਹੋਯਾ ਹੈ ਜੇਹੜਾ ਆਤਮਾ ਕਰਕੇ ਉਦਾਸ ਹੋਯਾ ਹੈ ਉਸਨੂੰ ਸਭ ਸੱਚ ਨਜ਼ਰ ਆਯਾ ਹੈ ॥

**ਰਾਮ ਨਾਮ ਰਸੁ ਚਾਖਿਆ ਹਰਿ ਨਾਮਾ ਹਰ ਤਾਰਿ ॥ ਕਹੁ ਕਬੀਰ ਕੰਚਨੁ ਭਇਆ ਭ੍ਰਮੁ ਗਇਆ ਸਮੁਦ੍ਰੈ ਪਾਰਿ ॥ ੪ ॥੩॥**

ਕੰਚਨ = ਸੋਨਾ।

ਵਾਹਿਗੁਰੂ ਦਾ ਨਾਮ ਰਸ ਜਿਸ ਨੇ ਚੱਖਿਆ ਹੈ ਉਸਨੇ ਇਹ ਸਮਝ ਲਿਆ ਹੈ ਕਿ ਵਾਹਿਗੁਰੂ ਦਾ ਨਾਮ ਹੀ ਹਰ ਇਕ ਨੂੰ ਤਾਰਨ ਵਾਲਾ ਹੈ ਕਬੀਰ ਜੀ ਕਹਿੰਦੇ ਹਨ (ਲੋਹਾ ਗੁਰੂ ਰੂਪ ਪਾਰਸ ਨਾਲ ਲੱਗਕੇ) ਨਿਰਮਲ ਸੋਨਾ ਹੋ ਗਿਆ ਅਤੇ ਭਰਮ ਤਿਸਦਾ ਸਮੁੰਦਰੋਂ ਪਾਰ ਕਿਆ ਬਹੁਤ ਦੂਰ ਚਲਿਆ ਗਿਆ ਹੈ ॥

(ਆਪਣੀ ਹਾਲਤ)

**ਉਦਕ ਸਮੁੰਦ ਸਲਲ ਕੀ ਸਾਖਿਆ ਨਦੀ ਤਰੰਗ ਸਮਾਵਹਿਗੇ ॥ ਸੁੰਨਹਿ ਸੁੰਨੁ ਮਿਲਿਆ ਸਮਦਰਸੀ ਪਵਨ ਰੂਪ ਹੋਇ ਜਾਵਹਿਗੇ ॥ ੧ ॥**

ਉਦਕ = ਪਾਣੀ। ਸਾਖਿਆ = ਸੰਖਿਆ, ਗਿਣਤੀ। ਸਲਲ = ਪਾਣੀ।

ਪਾਣੀ ਦੀ ਬਹੁਤ ਗਿਣਤੀ ਹੈ ਜਿੱਕੁਰ ਸਮੁੰਦਰ ਦਾ ਪਾਣੀ, ਨਦੀ ਦਾ (ਤਰੰਗ) ਪਾਣੀ ਇਕ ਹੈ ਇੱਕੁਰ ਅਸੀ ਵਾਹਿਗੁਰੂ ਨਾਲ ਮਿਲ ਜਾਵਾਂਗੇ ਜਿੱਕੁਰ ਸੁੰਨ ਵਾਹਿਗੁਰੂ ਵਿਚ ਨਿਰਵਿਕਲਪ ਹੋਕੇ ਸਮਦਰਸੀ ਮਿਲਿਆ ਹੋਇਆ ਹੈ ਇੱਕੁਰ ਹੀ ਅਸੀਂ ਵਾਹਿਗੁਰੂ ਨਾਲ ਪੌਣ ਰੂਪ ਹੋ ਜਾਵਾਂਗੇ ॥

**ਬਹੁਰਿ ਹਮ ਕਾਹੇ ਆਵਹਿਗੇ ॥ ਆਵਨ ਜਾਨਾ ਹੁਕਮੁ ਤਿਸੈ ਕਾ ਹੁਕਮੈ ਬੂਝਿ ਸਮਾਵਹਿਗੇ ॥ ੧ ॥ ਰਹਾਉ ॥**

ਫਿਰ ਅਸੀਂ ਕਿਸ ਵਾਸਤੇ ਆਵਾਂਗੇ, ਆਉਣਾ ਜਾਣਾਂ ਤਿਸਦਾ ਹੁਕਮ ਹੈ, ਹੁਕਮ ਬੁਝ ਕੇ ਅਸੀ ਸਮਾ ਜਾਵਾਂਗੇ ॥

**ਜਬ ਚੂਕੈ ਪੰਚ ਧਾਤੁ ਕੀ ਰਚਨਾ ਐਸੇ ਭਰਮੁ ਚੁਕਾਵਹਿਗੇ ॥ ਦਰਸਨੁ ਛੋਡਿ ਭਏ ਸਮਦਰਸੀ ਏਕੋ ਨਾਮੁ ਧਿਆਵਹਿਗੇ ॥**

ਜਦੋਂ ਪੰਜਾਂ ਤੱਤਾਂ ਦੀ ਰਚਨਾਂ ਚੁਕ ਜਾਵੇਗੀ ਓਦੋਂ ਅਸੀਂ ਇੱਕੁਰ ਭਰਮ ਨੂੰ ਚੁਕਾ ਦਿਆਂਗੇ (ਛਿਆਂ ਦਰਸ਼ਨਾਂ ਦਾ ਹੰਕਾਰੀ) ਦੇਖਣਾਂ ਛਡਕੇ ਅਸੀਂ ਸਮਦਰਸੀ ਹੋਏ ਹਾਂ, ਇਕੋ ਹੀ ਨਾਮ ਧਿਆਵਾਂਗੇ।

**ਜਿਤ ਹਮ ਲਾਏ ਤਿਤ ਹੀ ਲਾਗੇ ਤੈਸੇ ਕਰਮ ਕਮਾਵਹਿਗੇ॥ ਹਰਿ ਜੀ ਕ੍ਰਿਪਾ ਕਰੇ ਜਉ ਅਪਨੀ ਤੌ ਗੁਰ ਕੇ ਸਬਦਿ ਸਮਾਵਹਿਗੇ॥ ੩॥**

ਜਿਧਰ ਸਾਨੂੰ ਵਾਹਿਗੁਰੂ ਨੇ ਲਾਇਆ ਹੈ ਓਧਰ ਹੀ ਅਸੀਂ ਲਗੇ ਹਾਂ ਤਿੱਕੁਰ ਦੇ ਹੀ ਅਸੀਂ ਕਰਮ ਕਰਾਂਗੇ, ਜੇ ਵਾਹਿਗੁਰੂ ਆਪਣੀ ਕ੍ਰਿਪਾ ਕਰੇਗਾ ਤਾਂ ਗੁਰਾਂ ਦੇ ਉਪਦੇਸ਼ ਵਿੱਚ ਸਮਾ ਜਾਵਾਂਗੇ॥

**ਜੀਵਤ ਮਰਹੁ ਮਰਹੁ ਫੁਨਿ ਜੀਵਹੁ ਪੁਨਰਪਿ ਜਨਮੁ ਨ ਹੋਈ॥ ਕਹੁ ਕਬੀਰ ਜੋ ਨਾਮਿ ਸਮਾਨੇ ਸੁੰਨ ਰਹਿਆ ਲਿਵ ਸੋਈ॥ ੪॥ ੪॥**

ਜੀਵਤ ਭਾਉ ਤੋਂ ਮਰੋ ਅਤੇ ਮਰੇ ਹੋਏ ਫੇਰ ਨਾ ਜੀਵੋ ਫੇਰ ਤੁਹਾਨੂੰ ਜਨਮ ਨਾ ਹੋਵੇਗਾ, ਕਬੀਰ ਜੀ ਕਹਿੰਦੇ ਹਨ ਜੇਹੜੇ ਨਾਮੀ ਵਾਹਿਗੁਰੂ ਵਿੱਚ ਸਮਾਏ ਹਨ ਓਹ ਅਫੁਰ ਵਾਹਿਗੁਰੂ ਵਿਚ ਬਿਰਤੀ ਲਾ ਰਹੇ ਹਨ।

***ਜਉ ਤੁਮ੍ ਮੋਕਉ ਦੂਰਿ ਕਰਤ ਹਉ ਤਉ ਤੁਮ ਮੁਕਤਿ ਬਤਾਵਹੁ॥ ਏਕ ਅਨੇਕ ਹੋਇ ਰਹਿਓ ਸਗਲ ਮਹਿ ਅਬ ਕੈਸੇ ਭਰਮਾਵਹੁ॥ ੧॥**

ਜੇ ਤੁਸੀਂ ਮੈਨੂੰ ਦੂਰ ਕਰਦੇ ਹੋ ਤੇ ਤਾਂ ਤੁਸੀਂ ਮੈਨੂੰ ਦਸੋ ਮੁਕਤੀ ਕੀ ਹੈ? ਇਕੋ ਹੀ ਸਾਰਿਆਂ ਵਿਚ ਮਿਲਕੇ ਅਨੇਕਾਂ ਰੂਪ ਹੋ ਰਿਹਾ ਹੈ, ਹੁਣ ਤੁਸੀਂ ਮੈਨੂੰ ਕਿੱਕੁਰ ਭਰਮਾਉਂਦੇ ਹੋ॥

**†ਰਾਮ ਮੋਕਉ ਤਾਰਿ ਕਹਾਂ ਲੈ ਜਈ ਹੈ॥ ਸੋਧਉ ਮੁਕਤਿ ਕਹਾ**

---

*ਇਸ ਸ਼ਬਦ ਵਿਚ ਮੁਕਤੀ ਦਾ ਖੰਡਨ ਕੀਤਾ ਹੈ॥ ਐਉਂ ਜਾਪਦਾ ਹੈ ਕਿਤੇ ਵਾਹਿਗੁਰੂ ਦੇ ਪ੍ਰਤੱਛ ਦਰਸ਼ਨ ਹੋਏ ਹਨ ਓਸ ਵੇਲੇ ਲਾਡ ਨਾਲ ਬਿਲਾਸ ਕੀਤਾ ਹੈ ਅਥਵਾ ਮੁਕਤੀ ਮੰਨਣ ਵਾਲੇ ਨੂੰ ਸਮਝਾਇਆ ਹੈ।

†ਰਾਮ = ਹੇ ਭਾਈ ਹੇ ਪਿਆਰੇ ਸੰਬੋਧਨ ਹੈ। ਕਿਸੇ ਆਦਮੀ ਭਾਵ ਪੰਡਤ ਨੂੰ ਕਬੀਰ ਜੀ ਸਮਝਾਂਦੇ ਹਨ ਅਥਵਾ ਹੇ ਵਾਹਿਗੁਰ ਹੇ ਰਾਮ ਬੜੀ ਹੈਰਾਨੀ ਨਾਲ ਆਖਦੇ ਹਨ ਹੇ ਪੰਡਤ ਦੱਸ ਖਾਂ ਓਹ ਕੇਹੋ ਜਹੀ ਕਿਸਤਰਾਂ ਦੀ—

**ਦੇਉ ਕੈਸੀ ਕਰਿ ਪ੍ਰਸਾਦੁ ਮੋਹਿ ਪਈ ਹੈ ॥ ੧ ॥ ਰਹਾਉ ॥**

ਹੇ ਫੈਲੇ ਹੋਏ ਮੈਨੂੰ ਤਾਰਕੇ ਕਿਥੇ ਲੈ ਜਾਓਗੇ ਅਤੇ ਵਿਚਾਰੋ ਕਿੱਥੇ ਲਿਜਾਕੇ ਕਿੱਕੁਰ ਦੀ ਮੁਕਤੀ ਦਿਓਗੇ। ਵਾ ਮੈਂ ਵਿਚਾਰਦਾ ਹਾਂ ਕਿ ਤੁਸੀ ਮੈਨੂੰ ਕਿੱਥੇ ਲਿਜਾਕੇ ਮੁਕਤੀ ਦੇਵੋਗੇ ਅਤੇ ਇਹ ਮੁਕਤੀ ਕੀਕੂੰ ਦੀ ਹੈ ? ਓਹੋ ! ਓਹ ਮੁਕਤੀ ਤੇ ਮੈਂ ਗੁਰਾਂ ਦੀ ਕਿਰਪਾ ਕਰਕੇ ਪਾ ਲਈ ਹੈ।

**ਤਾਰਨ ਤਰਨੁ ਤਬੈ ਲਗੁ ਕਹੀਐ ਜਬ ਲਗੁ ਤਤੁ ਨ ਜਾਨਿਆ॥ ਅਬ ਤਉ ਬਿਮਲ ਭਏ ਘਟ ਹੀ ਮਹਿ ਕਹਿ ਕਬੀਰ ਮਨੁ ਮਾਨਿਆ ॥ ੨ ॥ ੫ ॥**

ਤਾਰਨ ਵਾਲਾ ਤੇ ਤਰਨ ਵਾਲਾ ਓਨਾਂ ਚਿਰ ਹੀ ਕਹੀਦਾ ਹੈ ਜਿੰਨਾਂ ਚਿਰ ਤਤ ਨੂੰ ਨਹੀਂ ਜਾਣਿਆਂ, ਹੁਣ ਤਾਂ ਅਸੀਂ ਅੰਦਰ ਹੀ ਨਿਰਮਲ ਹੋ ਗਏ ਹਾਂ ਕਬੀਰ ਜੀ ਕਹਿੰਦੇ ਹਨ ਮਨ ਮੰਨ ਗਿਆ ਹੈ ॥

**ਜਿਨਿ ਗੜ ਕੋਟ ਕੀਏ ਕੰਚਨ ਕੇ ਛੋਡਿ ਗਇਆ ਸੋ ਰਾਵਨੁ ॥ ੧ ॥ ਕਾਹੇ ਕੀਜਤੁ ਹੈ ਮਨਿ ਭਾਵਨੁ ॥ ਜਬ ਜਮੁ ਆਇ ਕੇਸ ਤੇ ਪਕਰੈ ਤਹ ਹਰਿ ਕੋ ਨਾਮੁ ਛਡਾਵਨ ॥ ੧ ॥ ਰਹਾਉ॥**

ਕੰਚਨ = ਸੋਨਾ ॥

ਜਿਸਨੇ ਸੋਨੇ ਦੇ ਕਿਲੇ ਬਣਾਏ ਸਨ ਓਹ ਰਾਵਨ ਵੀ ਓਨਾਂ ਨੂੰ ਛੱਡ ਗਿਆ। ਕਿਉਂ ਕਰਦੇ ਹੋ ਮਨ ਭਾਉਂਦੀਆਂ, ਜਦੋਂ ਜਮ ਆਕੇ ਕੇਸਾਂ ਤੋਂ ਫੜੇਗਾ (ਤਦ) ਓਥੇ ਵਾਹਿਗੁਰੂ ਦਾ ਨਾਮ ਛੁਡਾਵੇਗਾ ॥

**ਕਾਲੁ ਅਕਾਲੁ ਖਸਮ ਕਾ ਕੀਨ੍ਹਾ ਇਹੁ ਪਰਪੰਚੁ ਬਧਾਵਨੁ ॥ ਕਹਿ ਕਬੀਰ ਤੇ ਅੰਤੇ ਮੁਕਤੇ ਜਿਨ੍ਹ ਹਿਰਦੈ ਰਾਮ ਰਸਾਇਨੁ ॥ ੨ ॥ ੬ ॥**

ਕਾਲ ਅਕਾਲ ਪੁਰਖ ਦਾ ਕੀਤਾ ਹੋਇਆ ਹੈ ਵਾ ਜਨਮ ਮਰਨ (ਖਸਮ) ਵਾਹਿਗੁਰੂ ਦਾ ਕੀਤਾ ਹੋਇਆ ਹੈ, ਇਸ ਸੰਸਾਰ ਨੂੰ ਵਧੌਣ ਵਾਸਤੇ (ਵਾ ਸੰਸਾਰ ਦੇ ਮਾਰਨ ਵਾਸਤੇ) ਕਬੀਰ ਜੀ ਕਹਿੰਦੇ ਹਨ ਓਹ ਅੰਤ ਨੂੰ ਮੁਕਤਿ ਹੋਣਗੇ ਜਿਨ੍ਹਾਂ ਦੇ ਰਿਦੇ ਵਿਚ ਰਸਾਂ ਦਾ ਘਰ ਵਾਹਿਗੁਰੂ ਹੈ ॥

**ਦੇਹੀ ਗਾਵਾ ਜੀਉ ਧਰ ਮਹਤਉ ਬਸਹਿ ਪੰਚ ਕਿਰਸਾਨਾ ॥**

---

—ਮੁਕਤੀ ਹੈ ਜਿਹੜੀ ਤੂੰ ਮੈਨੂੰ ਦੱਸਦਾ ਹੈਂ ਮੈਨੂੰ ਓਸ ਮਕਤੀ ਦੀ ਕੋਈ ਲੋੜ ਨਹੀਂ

**ਨੈਨੂ ਨਕਟੂ ਸ੍ਰਵਨੂ ਰਸਪਤਿ ਇੰਦ੍ਰੀ ਕਹਿਆ ਨ ਮਾਨਾ ॥ ੧ ॥**

ਧਰ = ਧਰਤੀ ॥ ਮਹਤਉ = ਮੁਕੱਦਮ ਜੀਵ ॥
ਕਿਰਸਾਨਾ = ਜੱਟ ॥ ਰਸਪਤਿ = ਰਸਨਾ ਰਸਾਂ ਦੀ ਮਾਲਕ

੧ ਸਰੀਰ ਗ੍ਰਾਮ ਹੈ, ੨ ਜੀਵ ਨੰਬਰਦਾਰ ਹੈ, ੩ ਸੁਭਾਸੁਭ ਪਦਾਰਥ ਧਰਤੀ ਹੈ ਉਸ ਵਿਚ ਪੰਜ ਜੱਟ ਗਿਆਨ ਇੰਦੇ ਵਸਦੇ ਹਨ (ਪੰਜਾਂ ਜੱਟਾਂ ਦੇ ਨਾਮ) ਨੇਤ੍ਰ ੧, ਨੱਕ ੨, ਕੰਨ ੩, ਰਸਨਾ ੪, ਤੁਚਾ ਇੰਦ੍ਰੀ ੫, ਏਹ ਮੇਰਾ ਨੰਬਰਦਾਰ ਦਾ ਕਿਹਾ ਨਹੀਂ ਮੰਨਦੇ।

**ਬਾਬਾ ਅਬ ਨ ਬਸਉ ਇਹ ਗਾਉ ॥ ਘਰੀ ਘਰੀ ਕਾ ਲੇਖਾ ਮਾਗੈ ਕਾਇਥੁ ਚੇਤੂ ਨਾਉ ॥ ੧ ॥ ਰਹਾਉ ॥**

ਕਾਇਥ = ਮੁਨਸ਼ੀ।

ਹੇ ਭਾਈ ਮੈਂ ਹੁਣ ਇਸ ਪਿੰਡ ਵਿਚ ਨਹੀਂ ਰਹਾਂਗਾ ਘੜੀ ਘੜੀ ਦਾ ਲੇਖਾ ਮੰਗਦੇ ਹਨ ਮੁਨਸ਼ੀ ਚਿਤ੍ਰ ਗੁਪਤ ਜਿਨ੍ਹਾਂ ਦਾ ਨਾਮ ਹੈ॥

**ਧਰਮ ਰਾਇ ਜਬ ਲਖਾ ਮਾਗੈ ਬਾਕੀ ਨਿਕਸੀ ਭਾਰੀ ॥ ਪੰਚ ਕ੍ਰਿਸਾਨਵਾ ਭਾਗਿ ਗਏ ਲੈ ਬਾਧਿਓ ਜੀਉ*ਦਰਬਾਰੀ॥੨॥**

ਦਰਬਾਰੀ = ਪਿਆ`

ਧਰਮ ਰਾਜਾ ਜਦ ਲੇਖਾ ਮੰਗਦਾ ਹੈ, ਤਾਂ ਬਾਕੀ ਬਹੁਤ ਨਿਕਲਦੀ ਹੈ ਓਦੋਂ ਓਹ ਪੰਜ ਜੱਟ (ਗਯਾਨ ਇੰਦ੍ਰੇ) ਦੌੜ ਗਏ ਅਤੇ ਓਨਾਂ ਜੱਟਾਂ ਦੇ ਨੰਬਰਦਾਰ ਨੇ ਜੀਵ ਨੂੰ ਫੜਕੇ ਬੰਨ੍ਹ ਲਿਆ॥

---

*ਕਾਇਆ ਹੰਸ ਕਿਆ ਪ੍ਰੀਤਿ ਹੈ ਜਿ ਪਇਆ ਹੀ ਛਡ ਜਾਇ।
ਇਸਨੋ ਕੂੜ ਬੋਲ ਕਿ ਖਵਾਲੀਐ ਜੇ ਚਲਦਿਆਂ ਨਾਲ ਨ ਜਾਇ।
ਕਾਇਆ ਮਿਟੀ ਅੰਧ ਹੈ ਪਉਣੈ ਪੁਛਹੁ ਜਾਇ ॥
ਹਉ ਤਾ ਮਾਇਆ ਮੋਹਿਆ ਫਿਰ ਫਿਰ ਆਵਾ ਜਾਇ ॥ (ਵਾਰ ੧ ਗੂਜਰੀ)

_ੂ ਜੀ ਦਾ ਆਸ਼ਾ ਇਹ ਹੈ ਕਿ ਜੀਵ ਆਤਮਾ ਵੀ ਨਿਰਦੋਸ਼ ਹੈ ਆਪ ਪਾਪ ਨਹੀਂ ਕਰਦਾ ਈਸ਼ਵਰ ਦਾ ਪ੍ਰੇਰਿਆ ਕਰਦਾ ਹੈ ਦੇਖੋ ਉਪਰਲਾ ਸਲੋਕ ਜਦੋਂ ਕਾਇਆਂ ਨੂੰ ਲੇਖਾ ਪੁਛਣ ਲਗੇ ਹਨ ਤਾਂ ਧਰਮ ਰਾਜ ਨੇ ਆਖਿਆ ਕਾਇਆਂ ਤਾਂ ਵਿਚਾਰੀ ਅੰਨ੍ਹੀ ਮਿੱਟੀ ਹੈ, ਸ੍ਵਾਸਾਂ ਭਾਵ ਜੀਵ ਆਤਮਾ ਤੋਂ ਲੇਖਾ ਪੁਛੋ, ਤਾਂ ਜੀਵ ਆਤਮਾ ਆਖਨ ਲਗਾ ਮੈਂ ਤਾਂ ਮਾਇਆ ਵਿਚ ਮੋਹਿਆ ਹੋਇਆ ਹਾਂ ਤੇ ਫਿਰ ਫਿਰ ਜੰਮਦਾ ਮਰਦਾ ਹਾਂ॥ "ਇਨ ਮਾਇਆ ਜਗਦੀਸ ਗੁਸਾਈ ਤੁਮਰੇ ਚਰਨ ਬਿਸਾਰੇ ॥" ਮੇਰਾ ਕੀ ਕਸੂਰ ੈ।

**ਕਹੈ ਕਬੀਰ ਸੁਨਹੁ ਰੇ ਸੰਤਹੁ ਖੇਤ ਹੀ ਕਰਹੁ ਨਿਬੇਰਾ॥ ਅਬਕੀ ਬਾਰ ਬਖਸਿ ਬੰਦੇ ਕਉ ਬਹੁਰਿ ਨ ਭਉਜਲਿ ਫੇਰਾ॥ ੩॥ ੭॥**

ਕਬੀਰ ਜੀ ਕਹਿੰਦੇ ਹਨ ਹੇ ਸੰਤੋ ਇਸ ਸਰੀਰ ਰੂਪ ਖੇਤ ਵਿਚ ਹੀ ਨਿਬੇੜਾ ਕਰੋ ਭਾਵ ਫਿਰ ਨ ਜਨਮ ਧਾਰਨਾ ਪਵੇ, ਹੇ ਵਾਹਿਗੁਰੂ ਹੁਣ ਇਸ ੇਰੀ ਮੈਂ ਬੰਦੇ ਨੂੰ ਬਖਸ਼ ਲੈ ਫਿਰ ਸੰਸਾਰ ਸਮੁੰਦ੍ਰ ਵਿਚ ਫੇਰਾ ਨ ਹੋਵੇ॥

## ਰਾਗੁ ਮਾਰੂ ਬਾਣੀ ਕਬੀਰ ਜੀਉ ਕੀ

**੧ ਓ ਸਤਿਗੁਰਪ੍ਰਸਾਦਿ॥ *ਅਨਭਉ ਕਿਨੈ ਨ ਦੇਖਿਆ ਬੈਰਾਗੀਅੜੇ॥ ਬਿਨੁ ਭੈ ਅਨਭਉ ਹੋਇ †ਵਣਾਹੰਬੈ॥ ੧॥**

ਹੇ ਬੈਰਾਗੀ ਵਾਹਿਗੁਰੂ ਕਿਸੇ ਨੂੰ ਨਹੀਂ ਦੇਖਿਆ ਬਿਨਾਂ (ਵਾਹਿਗੁਰੂ ਦਾ) ਡਰ ਧਾਰੇ ਤੋਂ ਨਿਰਭਉ ਰੂਪ ਦਾ ਦਰਸ਼ਨ ਹੋਣਾ ਬਣਦਾ ਹੈ ਭਾਵ ਨਹੀਂ।

**ਸਹੁ ਹਦੂਰਿ ਦੇਖੈ ਤਾ ਭਉ ਪਵੈ ਬੈਰਾਗੀਅੜੇ॥**
**ਹੁਕਮੈ ਬੂਝੈ ਤ ਨਿਰਭਉ ਹੋਇ ਵਣਾਹੰਬੈ॥ ੨॥**

ਹੇ ਬੈਰਾਗੀ ਵਾਹਿਗੁਰੂ ਨੂੰ ਪਾਸ ਹੀ ਆਪਣੇ ਜੀਵ ਦੇਖੇ ਤਾਂ ਹੀ ਪ੍ਰਗਟ ਹੁੰਦਾ ਹੈ, ਹੁਕਮ ਨੂੰ ਬੁਝੇ ਤਾਂ ਨਿਰਭਉ ਹੋਣਾਂ ਬਣਦਾ ਹੈ॥

**ਹਰਿ ਪਾਖੰਡੁ ਨ ਕੀਜਈ ਬੈਰਾਗੀਅੜੇ॥**
**ਪਾਖੰਡਿ ਰਤਾ ਸਭੁ ਲੋਕੁ ਵਣਾਹੰਬੈ॥ ੩॥**

ਹੇ ਬੈਰਾਗੀ ਵਾਹਿਗੁਰੂ ਨੂੰ ਮਿਲਨ ਵਾਸਤੇ ਪਾਖੰਡ ਨ ਕਰੀਏ ਕਿਉਂਕਿ ਪਾਖੰਡ ਵਿਚ ਸਾਰਾ ਸੰਸਾਰ ਰਤਾ ਹੋਇਆ (ਪਾਖੰਡੀ ਬਣ ਰਿਹਾ)

---

*ਇਕ ਵਿਰਾਗੀ ਕਬੀਰ ਜੀ ਨੂੰ ਆਖਨ ਲੱਗਾ ਮੈਂ ਨਿਰੰਕਾਰ ਦਾ ਦਰਸ਼ਨ ਤੀਰਥ ਯਾਤ੍ਰਾ ਕਰਨ ਗਿਆ ਕਰ ਆਇਆਂ ਹਾਂ। ਤਿਸਨੂੰ ਕਬੀਰ ਜੀ ਆਖਦੇ ਹਨ॥ "ਕੋਈ ਬੋਲੈ ਨਿਰਵਾ ਕੋਈ ਬੋਲੈ ਦੂਰਿ॥ ਜਲ ਕੀ ਮਾਛਲੀ ਚਰੈ ਖਜੂਰਿ॥ ਕਾਇ ਰੇ ਬਕਬਾਦ ਲਾਇਓ॥ ਜਿਨਿ ਹਰਿ ਪਾਇਓ ਤਿਨਹਿ ਛਪਾਇਓ"

†ਵਣਾਹੰਬੈ = ਬਣਦਾ ਹੈ, ਏਹ ਅੱਖਰ ਬੈਰਾਗੀ ਦੇ ਮਗਰੋਂ ਉੱਤਰ ਦੇ ਹਨ। ਭਾਵ ਜਿਤਨੀ ਗੱਲ ਕਬੀਰ ਜੀ ਕਰ ਲੈਂਦੇ ਹਨ ਤਾਂ ਬੈਰਾਗੀ ਨੂੰ ਪੁਛਦੇ ਹਨ ਹੇ ਬੈਰਾਗੀ ਏਹ ਗਲ ਠੀਕ ਹੈ ? ਤਾਂ ਉਹ ਅਗੋਂ ਆਖਦਾ ਹੈ ਜੀ ਠੀਕ, ਸੱਤ ਹੈ। ਇਸ ਸਬਦ ਵਿਚ ਕਬੀਰ ਜੀ ਤੇ ਇਕ ਵਿਰਾਗੀ ਦੇ ਸਵਾਲ ਜੁਵਾਬ ਹਨ।

ਹੈ, ਬੈਰਾਗੀ–ਠੀਕ ਹੈ।

**ਤ੍ਰਿਸਨਾ ਪਾਸੁ ਨ ਛੋਡਈ ਬੈਰਾਗੀਅੜੇ ॥**
**ਮਮਤਾ ਜਾਲਿਆ ਪਿੰਡੁ ਵਣਾਹੰਬੈ ॥ ੪ ॥**

ਪਾਸੁ = ਕੋਲ ਵ ਫਾਹੀ । ਪਿੰਡੁ = ਸਰੀਰ।
ਵਣਾਹੰਬੈ = ਬਣਦਾ, ਠੀਕ, ਸੱਤ ਹੈ ॥

ਹੇ ਬੈਰਾਗੀ ਤ੍ਰਿਸ਼ਨਾਂ ਏਨਾਂ ਦੀ ਸਮੀਪਤਾ ਨਹੀਂ ਛੱਡਦੀ ਵਾ ਏਹੁ ਤ੍ਰਿਸ਼ਨਾਂ ਨੂੰ ਪਾਸੋਂ ਦੂਰ ਨਹੀਂ ਕਰਦੇ, ਮਮਤਾ ਦਾ ਸਾੜਿਆ ਹੋਇਆ ਸਾਰਾ ਸਰੀਰ ਬਲ ਰਿਹਾ ਹੈ।

**ਚਿੰਤ: ਜਾਲਿ ਤਨੁ ਜਾਲਿਆ ਬੈਰਾਗੀਅੜੇ ॥**
**ਜੇ ਮਨੁ ਮਿਰਤਕੁ ਹੋਇ ਵਣਾਹੰਬੈ ॥ ੫ ॥**

ਜਾਲਿ = ਅਗਨੀ, ਲਾਟ, ਬਹੁਤ, ਫਾਹੀ।

ਹੇ ਬੈਰਾਗੀ ਚਿੰਤਾ ਰੂਪ ਅੱਗ ਨੇ ਸਰੀਰ ਨੂੰ ਸਾੜ ਦਿਤਾ ਹੈ ਜੇ ਮਨ ਜੀਵਤ ਭਾਉ ਤੋਂ ਮਰਨ ਵਾਲਾ ਹੋਵੇ ਤਾਂ ਵਾਹਿਗੁਰੂ ਵਲ ਜੀਵਣ ਵਾਲਾ ਬਣ ਜਾਂਦਾ ਹੈ ॥

**ਸਤਿਗੁਰ ਬਿਨੁ ਬੈਰਾਗੁ ਨ ਹੋਵਈ ਬੈਰਾਗੀਅੜੇ॥**
**ਜੇ ਲੋਚੈ ਸਭੁ ਕੋਇ ਵਣਾਹੰਬੈ ॥ ੬ ॥**

ਹੇ ਬੈਰਾਗੀ ਸਤਿਗੁਰਾਂ ਤੋਂ ਬਿਨਾਂ ਬੈਰਾਗ ਨਹੀਂ ਹੁੰਦਾ ( ਭਾਵੇਂ ) ਜੇ ਸਭ ਕੋਈ ਲੋੜੇ ਵਾ ਸਭ ਕੋਈ ਲੋੜਦਾ ਹੈ (ਬੈਰਾਗੀ) ਠੀਕ ਹੈ।

**ਕਰਮੁ ਹੋਵੈ ਸਤਿਗੁਰੁ ਮਿਲੈ ਬੈਰਾਗੀਅੜੇ ॥**
**ਸਹਜੇ ਪਾਵੈ ਸੋਇ ਵਣਾਹੰਬੈ ॥ ੭ ॥**

ਹੇ ਵੈਰਾਗੀ ਜੇ ਵਾਹਿਗੁਰੂ ਦੀ ਕਿਰਪਾ ਹੋਵੇ ਤਾਂ ਸਤਿਗੁਰੂ ਜੀ ਮਿਲਦੇ ਹਨ ਤਾਂ ਸਹਜੇ ਹੀ ਓਹੁ ਵਾਹਿਗੁਰੂ ਨੂੰ ਪਾ ਲੈਂਦਾ ਹੈ (ਠੀਕ ਹੈ)।

**ਕਹੁ ਕਬੀਰ ਇਕ ਬੇਨਤੀ ਬੈਰਾਗੀਅੜੇ ॥ ਮੋਕਉ**
**ਭਉਜਲੁ ਪਾਰਿ ਉਤਾਰਿ * ਵਣਾਹੰਬੈ ॥ ੮ ॥ ੧ ॥ ੮ ॥**

ਹੇ ਵੈਰਾਗੀ ਕਬੀਰ ਜੀ ਕਹਿੰਦੇ ਹਨ ਤੂੰ ਇ_ਰ ਬੇਨਤੀ ਕਰ ਕਿ ਹੇ ਵਾਹਿਗੁਰੂ ਮੈਨੂੰ ਸੰਸਾਰ ਸਮੁੰਦਰ ਤੋਂ ਪਾਰ ਉਤਾਰ ਲੈ ਏਹ ਠੀਕ ਬਣਦਾ ਹੈ ॥

---

*ਵਣਾ = ਬਣਦਾ। ਹੰਬੈ = ਹੈ ॥ ਇਹੁ ਮਾਰਵਾੜੀ ਬੋਲੀ ਹੈ।

(ਗੋਬਿੰਦ ਭਾਉ ਭਗਤ ਕਾ ਭੁਖਾ)

***ਰਾਜਨ ਕਉਨੁ ਤੁਮਾਰੇ ਆਵੈ ॥ ਐਸੋ ਭਾਉ ਬਿਦਰ ਕੋ ਦੇਖਿਓ ਓਹੁ ਗਰੀਬੁ ਮੋਹਿ ਭਾਵੈ ॥੧॥ ਰਹਾਉ**

ਹੇ ਹੰਕਾਰੀ ਹੇ ਰਾਜਨ ਆਪਦੇ ਘਰ ਕੌਣ ਆਵੇ, ਇੱਕੁਰ੍ਹ ਦਾ ਪ੍ਰੇਮ ਬਿਦਰ ਦਾ ਦੇਖਿਆ ਹੈ ਕਿ ਮੈਨੂੰ ਓਹੁ ਗਰੀਬ ਹੀ ਚੰਗਾ ਲਗਦਾ ਹੈ ॥

**ਹਸਤੀ ਦੇਖਿ ਭਰਮ ਤੇ ਭੂਲਾ ਸ੍ਰੀ ਭਗਵਾਨੁ ਨ ਜਾਨਿਆ ॥ ਤੁਮਰੋ ਦੂਧੁ ਬਿਦਰ ਕੋ †ਪਾਨੋ ਅੰਮ੍ਰਿਤੁ ਕਰਿ ਮੈ ਮਾਨਿਆ ॥ ੧ ॥**

ਤੂੰ ਹਾਥੀ ਆਦਿਕ ਆਪਣਾਂ ਐਸ਼ਵਰਯ ਦੇਖ, (ਭਰਮ) ਕਰਕੇ ਭੁੱਲਾ ਹੈਂ ਅਤੇ ਮੈਨੂੰ ਸ੍ਰੀ ਭਗਵਾਨ ਨ ਜਾਣਿਆ, ਤੇਰਾ ਦੁਧ, ਬਿਦਰ ਦਾ ਪਾਣੀ ਮੈਂ ਅੰਮ੍ਰਿਤ ਕਰਕੇ ਮੰਨਿਆ ਹੈ ਭਾਵ ਤੇਰੇ ਦੁਧ ਨਾਲੋਂ ਮੈਨੂੰ ਬਿਦਰ ਦਾ ਪਾਣੀਹੱਛਾ ਹੈ।

**ਖੀਰ ‡ਸਮਾਨਿ ਸਾਗੁ ਮੈ ਪਾਇਆ ਗੁਨ ਗਾਵਤ ਰੈਨਿ ਬਿਹਾਨੀ ॥ ਕਬੀਰ ਕੋ ਠਾਕੁਰੁ ਅਨਦ ਬਿਨੋਦੀ ਜਾਤਿ ਨ ਕਾਹੂ ਕੀ ਮਾਨੀ ॥੨॥੯॥**

ਰੈਨਿ = ਰਾਤ। ਬਿਨੋਦੀ = ਤਮਾਸਾ ਕਰਨ ਵਾਲਾ ॥

---

*ਇਹੁ ਹਿੰਦੂ ਪੌਰਾਣਕ ਮਤ ਇੱਕੁਰ ਹੈ ਕਿ:-ਇਕ ਦਿਨ ਸ੍ਰੀ ਕ੍ਰਿਸ਼ਨ ਜੀ ਦੁਰਜੋਧਨ ਵਲ ਆਏ ਪਰ ਅਗੋਂ ਦੁਰਜੋਧਨ "ਸਾਰੇ ਲੋਕਾਂ ਵਿਚ ਰਾਜ ਦਰਬਾਰ ਵਿਚੋਂ ਉਠਕੇ ਕ੍ਰਿਸ਼ਨ ਜੀ ਦਾ ਸਤਕਾਰ ਕਰਨਾ ਆਪਣੀ ਹੱਤਕ ਅਤੇ ਲੋਕਾਂ ਦਾ ਕ੍ਰਿਸ਼ਨ ਜੀ ਦਾ ਸਨਮਾਨ ਨ ਕਰਨਾ ਨਿਰਾਸ ਵਿਗਾੜ ਹੋਣਾ ਸਮਝਕੇ" ਆਪ ਉਠਕੇ ਹਾਥੀ ਘੋੜਿਆਂ ਦੇ ਤਬੇਲੇ ਵਲ ਚਲਿਆ ਗਿਆ, ਇਸ ਗੱਲ ਨੂੰ ਕ੍ਰਿਸ਼ਨ ਜੀ ਸੁਣਕੇ ਬਿਦਰ ਦੇ ਘਰ ਚਲੇ ਗਏ, ਉਸਨੇ ਅਗੋਂ ਬਹੁਤ ਸਤਕਾਰ ਕੀਤਾ ਬਿਦਰ ਅਤੇ ਬਿਦਰ ਦੀ ਇਸਤ੍ਰੀ ਇਕੁਰ ਪ੍ਰੇਮ ਵਿਚ ਮਗਨ ਹੋ ਗਏ ਕਿ ਸਾਗ ਵਿਚ ਲੂਣ ਪੌਣ ਦਾ ਵੀ ਚੇਤਾ ਨਾ ਰਿਹਾ ਅਗਲੇਰੇ ਦਿਨ ਜਦ ਕ੍ਰਿਸ਼ਨ ਜੀ ਗਏ ਤਾਂ ਦੁਰਜੋਧਨ ਨੇ ਕਿਹਾ ਤੁਸੀ ਪੈਹਲੇ ਮੇਰੇ ਘਰ ਨਹੀਂ ਆਏ ਅਤੇ ਮੇਰੇ ਦਾਸ ਦੇ ਚਲੇ ਗਏ ਹੋ ਇਸ ਗਲ ਨੂੰ ਸੁਣਕੇ ਸ੍ਰੀ ਕ੍ਰਿਸ਼ਨ ਜੀ ਨੇ ਕਿਹਾ। ਦੇਖੋ ਭਾਈ ਗੁਰਦਾਸ ਜੀ ਦੀਆਂ ਵਾਰਾਂ ਵਿਚੋਂ ਵਾਰ ੧੦ ਪੌੜੀ ੭॥

†ਪਾਨੋ = ਧਤੂਰੇ ਦੇ ਪੱਤਿਆਂ ਤੇ ਜਿਕੁਰ ਸ਼ਿਵ ਖੁਸ਼ੀ ਹੁੰਦੇ ਹਨ ਇਕੁਰ ਵੀ ਅਰਥ ਕਰਦੇ ਹਨ ॥ ‡ਸਾਗ ਵਿਚ ਲੂਣ ਪੌਣ ਦਾ ਚੇਤਾ ਨਹੀਂ ਸੀ ਰਿਹਾ ॥

ਖੀਰ ਵਾਂਗੂ ਮਿੱਠਾ ਸਾਗ ਮੈਂ ਖਾਧਾ, ਗੁਣ ਗਾਉਂਦਿਆਂ ਰਾਤ ਬੀਤੀ, ਕਬੀਰ ਦਾ ਠਾਕਰ ਅਨਦ ਬਿਨੋਦੀ ਹ ਉਸਨੇ ਕਿਸੇ ਦੀ ਵੀ ਜਾਤ ਨਹੀਂ ਮੰਨੀ।

**ਸਲੋਕ ਕਬੀਰ ॥ *ਗਗਨ ਦਮਾਮਾ ਬਾਜਿਓ ਪਰਿਓ ਨੀਸਾਨੈ ਘਾਉ ॥ ਖੇਤੁ ਜੁ ਮਾਂਡਿਓ†ਸੂਰਮਾ ਅਬ ਜੂਝਨ ਕੋ ਦਾਉ ॥ ੧ ॥**

ਗਗਨ = ਅਕਾਸ। ਮਾਂਡਿਓ = ਬਣਾਯਾ।

ਜਦੋਂ ਧੌਂਸੇ ਉਤੇ ਪ੍ਰਗਟ ਹੀ ਡੱਗਾ ਲਗਾ ਤਾਂ ਅਕਾਸ਼ ਤਕ ਅਵਾਜ਼ ਗਿਆ, ਸੂਰਮਿਆਂ ਨੇ ਜੇਹੜਾ ਜੁਧ ਰਚਿਆ ਹੈ ਹੁਣ ਉਨਾਂ ਦੇ ਮਰਨ ਦਾ ਵੇਲਾ ਹੈ।

**ਸੂਰਾ ਸੋ ਪਹਿਚਾਨੀਐ ਜੁ ਲਰੈ ਦੀਨ ਕੇ ਹੇਤ ॥**
**ਪੁਰਜਾ ਪੁਰਜਾ ਕਟਿ ਮਰੈ ਕਬਹੂ ਨ ‡ ਛਾਡੈ ਖੇਤੁ ॥ ੨ ॥ ੨ ॥**

ਸੂਰਮਾਂ ਉਹੋ ਹੀ ਜਾਣੀਦਾ ਹੈ ਜੇਹੜਾ ਆਪਣੇ ਧਰਮ ਵਾਸਤੇ ਲੜੇ ਵੈਰੀਆਂ ਨੂੰ ਮਾਰਦਾ ਹੋਯਾ "ਆਪ ਰਤਾ ਰਤਾ ਹੋਕੇ ਮਰ ਜਾਵੇ" ਪਰ ਜੰਗ ਨੂੰ ਨ ਛੱਡੇ, ਭਾਵ ਗਿਆਨ ਵਾਸਤੇ ਲੜੇ, ਕਾਮਾਦਿਕਾਂ ਨੂੰ ਮਾਰੇ ਭਾਵੇਂ ਕੱਟ ਕੱਟਕੇ ਆਪ ਕੱਟਿਆ ਜਾਵੇ ਪਰ ਪਿੱਛੇ ਨ ਹਟੇ।

*ਦਸਵੇਂ ਦੁਆਰ ਵਿਚ ਲਗਾਤਾਰ ਇਕ ਰਸ ਸ਼ਬਦ ਦੀ ਅਵਾਜ਼ ਵਾਲਾ ਹੁਣ ਦਮਾਮਾ ਵਜਿਆ ਹੈ ਅਤੇ ਨਿਸ਼ਾਨੇ ਉਤੇ ਚੋਟ ਲਗੀ ਹੈ ਜੇਹੜਾ ਸੂਰਮਾ ਕਾਮਾਦਿਕਾਂ ਨਾਲ ਲੜਨ ਵਾਸਤੇ ਮਦਾਨ ਵਿਚ ਆਯਾ ਹੈ ਉਸਦਾ ਲੜ ਮਰਨ ਦਾ ਵੇਲਾ ਹੈ, ਭਾਵ ਮਨੁਖਾ ਜਨਮ ਨੂੰ ਜਿੱਤਣ ਦਾ ਵੇਲਾ ਹੈ।

†ਜੇਹੜਾ ਸੂਰਮਾਂ ਜੁਧ ਭੂਮਿਕਾ ਵਿਚੋਂ ਡਰਕੇ ਭੱਜ ਆਵੇ ਉਹ ਕਾਯਰ ਹੁੰਦਾ ਹੈ ਇਕੁਰ ਹੀ ਇਸਦਾ ਅੰਤ੍ਰੀਵ ਭਾਵ ਏਹ ਹੈ ਕਿ ਜਦ ਗੁਰੂ ਵਾਹਿਗੁਰੂ ਦਾ ਉਪਦੇਸ਼ ਦੇਂਦੇ ਹਨ ਤਾਂ ਕਿਸੇ ਵਿਰਲੇ ਦੇ ਹੀ ਚਿੱਤ ਵਿਚ ਉਸ ਦੀ ਚੋਟ ਲਗਦੀ ਹੈ, ਉਹ ਫਿਰ ਇਉਂ ਕਹਿੰਦੇ ਹਨ ਕਿ ਹੁਣ ਅਸਾਂ ਜੁਧ ਨੂੰ ਜੋ ਰਚਿਆ ਹੈ ਤਾਂ ਹੁਣ ਮਨੁਖਾ ਜਨਮ ਵਿਚ ਹੀ ਵਿਕਾਰਾਂ ਨੂੰ ਮਾਰਕੇ ਸ਼ਹੀਦ ਹੋਣ ਦਾ ਵੇਲਾ ਹੈ।

‡ਪਿਛੇ ਇਕੁਰ ਦੇ ਸੂਰਮੇ ਹੋਏ ਹਨ ਕਿ ਹਨੂਮਾਨ ਨਾਟਿਕ ਵਿਚ ਲਿਖਿਆ ਹੈ ਕਿ ਰਾਵਣ ਮਰਨ ਲੱਗਾ ਜਾਨਵਰਾਂ ਨੂੰ ਆਖਣ ਲਗਾ ਹੇ ਪੰਛੀਓ ਮੇਰਾ ਮਾਸ ਤੁਸਾਂ ਰਾਮ ਚੰਦ ਵੱਲ ਲੈਕੇ ਉਡਨਾ ਪਰ ਲੰਕਾ ਵਲ ਨਾ ਜਾਣਾ ॥ "ਜਨਨੀ ਜਨੈ ਤੋ ਭਗਤ ਜਨ ਕੈ ਦਾਤਾ ਕੈ ਸੂਰ ॥ ਨਾਹਿ ਤੋ ਜਨਨੀ ਬਾਂਝ ਰਹੇ ਕਾਹ ਗਵਾਵੈ ਨੂਰ" ॥

# ਕਬੀਰ ਕਾ ਸਬਦੁ

ਰਾਗੁ ਮਾਰੂ ਬਾਣੀ ਨਾਮ ਦੇਉ ਜੀ ਕੀ

੧ ਓ ਸਤਿਗੁਰਪ੍ਰਸਾਦਿ ॥ ਚਾਰਿ *ਮੁਕਤਿ ਚਾਰੈ †ਸਿਧਿ ਮਿਲਕੈ ਦੂਲਹ ਪ੍ਰਭ ਕੀ ਸਰਨਿ ਪਰਿਓ ॥ ਮੁਕਤਿ ਭਇਓ ਚਉਹੂ ਜੁਗ ਜਾਨਿਓ ਜਸੁ ਕੀਰਤਿ ਮਾਥੈ ਛਤ੍ਰੁ ਧਰਿਓ ॥ ੧ ॥

ਚਾਰੇ ਮੁਕਤੀਆਂ ਅਤੇ ਚਾਰੇ ਸਿਧੀਆਂ ਮਿਲਕੇ ਉਸਦੇ ਬੂਹੇ ਤੇ ਪੁਕਾਰ-ਦੀਆਂ ਹਨ ਜੇਹੜਾ ਪਤੀ ਪਰਮਾਤਮਾ ਦੀ ਸ਼ਰਨ ਪਿਆ ਹੈ, ਉਹ ਚਵ੍ਹਾਂ ਹੀ ਜੁਗਾਂ ਵਿਚ ਮੁਕਤਿ ਹੋਯਾ ੨ ਜਾਣਿਆ ਜਾਂਦਾ ਹੈ, ਜਿਸਨੇ ਵਾਹਿਗੁਰੂ ਦਾ ਯਸ ਕਰਨਾ ਮੱਥੇ ਤੇ ਛਤ੍ਰ ਧਰਿਆ ਹੈ ਭਾਵ ਮਨ ਵਿਚ ਯਸ ਕਰਦਾ ਹੈ।

ਰਾਜਾ ਰਾਮ ਜਪਤ ਕੋ ਕੋਨ ਤਰਿਓ ॥ ਗੁਰ ਉਪਦੇਸਿ ਸਾਧ ਕੀ ਸੰਗਤਿ ਭਗਤੁ ਭਗਤੁ ਤਾਕੋ ਨਾਮੁ ਪਰਿਓ ॥ ੧ ॥ ਰਹਾਉ ॥

ਪ੍ਰਕਾਸ਼ਕ ਵਾਹਿਗੁਰੂ ਦਾ ਨਾਮ ਜਪਦਿਆਂ ਹੋਯਾਂ ਕੌਣ ਕੌਣ ਨਹੀਂ ਤਰਿਆ, ਭਾਵ ਸਭ ਤਰੇ ਹਨ। ਗੁਰਾਂ ਦੇ ਉਪਦੇਸ਼ ਦੁਆਰਾ ਜਿਸਨੇ ਨਾਮ ਲੈਕੇ ਸੰਤਾਂ ਦੀ ਸੰਗਤ ਵਿਚ ਬੈਠਕੇ ਜਪਿਆ ਉਸਦਾ ਨਾਮ ਜਗਤ ਵਿਚ ਭਗਤ ਭਗਤ ਪੈ ਗਿਆ ਹੈ॥

ਸੰਖ ਚਕ੍ਰ ਮਾਲਾ ਤਿਲਕੁ ਬਿਰਾਜਤ ਦੇਖਿ ਪ੍ਰਤਾਪੁ ਜਮੁ ਡਰਿਓ ॥ ਨਿਰਭਉ ਭਏ ਰਾਮ ਬਲ ਗਰਜਿਤ ਜਨਮ ਮਰਨ ਸੰਤਾਪ ਹਿਰਿਓ ॥ ੨ ॥

ਸੰਖ ਚੱਕਰ, ਗਲ ਵਿੱਚ ਮਾਲਾ ਮੱਥੇ ਤੇ ਜਸ ਰੂਪ ਤਿਲਕ ਲਗਾ

---

*ਸਮੀਪਜ, ਸਾਲੋਕਜ, ਸਾਰੂਪਜ, ਸਾਯੁਜਜ, ਏਹ ਚਾਰ ਮੁਕਤੀਆਂ ਦੇ ਨਾਮ ਹਨ।

† ਚਾਰ ਤੇ ਚਾਰ, ਅੱਠ ਸਿਧੀਆਂ, ਅਣਿਮਾਂ, ਮਹਿਮਾ, ਗਰਮਾ, ਲਘਿਮਾ, ਪ੍ਰਾਪਤ, ਬਸੀਕਰਨ, ਈਖਤ, ਏਹ ਹਨ। ਇਕ ਚਾਰ ਪਦ ਉਤੋਂ ਅਧਿਆਹਾਰ ਕਰਨਾ ਅਥਵਾ ਚਾਰ ਮੁਕਤੀਆਂ ਅਤੇ ਚਾਰ ਸਿੱਧੀਆਂ ਕਹਿਣ ਦਾ ਭਾਵ ਏਹ ਹੈ ਕਿ ਬਹੁਤ ਸਿਧੀਆਂ ਤੇ ਮੁਕਤੀਆਂ ਅਥਵਾ ਜਦੋਂ ਅਸੀਂ ਵਾਹਿਗੁਰੂ ਨੂੰ ਮਿਲੇ ਅਤੇ ਉਸਦੀ ਸ਼ਰਣ ਪਏ ਤਦੋਂ ਚਾਰੇ ਹੀ ਮੁਕਤੀਆਂ ਸਿਧ ਹੋ ਗਈਆਂ ਭਾਵ ਸਾਨੂੰ ਮਿਲ ਗਈਆਂ।

,ਇਆ ਹੁੰਦਾ ਹੈ ਉਸਨੂੰ ਦੇਖਕੇ ਜਮ ਡਰ ਜਾਂਦਾ ਹੈ। ਓਹ ਸੰਤ ਨਿਰਭਉ ਹੋਏ ਹੋਏ ਵਾਹਿਗੁਰੂ ਦੇ ਬਲ ਕਰਕੇ ਗੱਜਦੇ ਹਨ ਅਤੇ ਜਨਮ ਮਰਨ ਦਾ ਕਲੇਸ਼ ਉਨ੍ਹਾਂ ਨੇ ਦੂਰ ਕੀਤਾ ਹੈ॥

***ਅੰਬਰੀਕ ਕਉ ਦੀਓ ਅਭੈ ਪਦੁ ਰਾਜੁ†ਭਭੀਖਨ ਅਧਿਕ ਕਰਿਓ॥ ਨਉਨਿਧਿ ਠਾਕੁਰਿ ਦਈ‡ਸੁਦਾਮੈ §ਧ੍ਰੂਅ ਅਟਲੁ ਅਜਹੂ ਨ ਟਰਿਓ॥੩॥**

ਅੰਬਰੀਕ ਨੂੰ ਅਭੈ ਪਦ ਦਿਤਾ, ਭਭੀਖਨ ਨੇ ਬਹੁਤ ਰਾਜ ਕੀਤਾ, ਨੌਨਿਧੀ, ਠਾਕਰ ਨੇ ਸੁਦਾਮੇ ਨੂੰ ਦਿਤੀ, ਧ੍ਰੂਅ ਅਟੱਲ ਹੈ ਅਜੇ ਤਕ ਵੀ ਆਪਣੀ ਜਗਾ ਤੋਂ ਨਹੀਂ ਹਿਲਿਆ।

**ਭਗਤ ਹੇਤਿ ਮਾਰਿਓ ਹਰਨਾਖਸੁ ਨਰਸਿੰਘ ਰੂਪ ਹੋਇ ਦੇਹ ਧਰਿਓ॥ ਨਾਮਾ ਕਹੈ ਭਗਤਿ ਬਸ ਕੇਸਵ ਅਜਹੂੰ ਬਲਿ ਕੇ ਦੁਆਰ ਖਰੋ॥੪॥੧॥**

ਪ੍ਰਹਲਾਦ ਭਗਤ ਵਾਸਤੇ ਅੱਧਾ ਆਦਮੀ ਦਾ ਅੱਧਾ ਸ਼ੇਰ ਦਾ, ਸਰੀਰ ਦਾ ਰੂਪ ਧਾਰਕੇ ਹੋਇਆ ਅਤੇ ਹਰਨਾਖਸ਼ ਨੂੰ ਮਾਰਿਆ, ਨਾਮਦੇਉ ਜੀ ਕਹਿੰਦੇ ਹਨ ਵਾਹਿਗੁਰੂ ਭਗਤਾਂ ਦੇ ਵੱਸ ਹੈ ਅਜੇ ਤਕ ਬਲ ਰਾਜਾ ਦੇ ਬੂਹੇ ਤੇ ਖੜੋਤਾ ਹੈ।

**ਮਾਰੂ ਕਬੀਰ ਜੀਉ॥ ਦੀਨ ਬਿਸਾਰਿਓ ਰੇ ਦਿਵਾਨੇ**

*ਇਹ ਰਾਜਾ ਬੜਾ ਭਗਤ ਹੁੰਦਾ ਸੀ ਇਸਨੇ ਬਰਤ ਰਖਿਆ ਹੋਯਾ ਸੀ ਦੁਰਬਾਸ਼ਾ ਰਿਖੀ ਇਹਦੇ ਪਾਸ ਆਯਾ ਇਸਨੇ ਆਦਰ ਨ ਕੀਤਾ ਰਿਸ਼ੀ ਸਰਾਪ ਦੇਣ ਲੱਗਾ ਵਿਸ਼ਨ ਹਰੀ ਨੇ ਚੱਕਰ ਛੱਡਿਆ ਓੜਕ ਦੁਰਬਾਸ਼ਾ ਨੂੰ ਕਿਸੇ ਨ ਬਚਾਯਾ ਤੇ ਅੰਬਰੀਕ ਨੇ ਹੀ ਬਚਾਯਾ। ਦੇਖੋ ਵਾਰਾਂ ਭਾਈ ਗੁਰਦਾਸ ਜੀ ਵਾਰ ੧੦ ਪੌੜੀ ੪॥

†ਇਹ ਰਾਵਨ ਦਾ ਭਰਾ ਕੇਵਲ ਰਾਮ ਚੰਦ੍ਰ ਜੀ ਨਾਲ ਪਿਆਰ ਕਰਕੇ ਲੰਕਾ ਦਾ ਰਾਜਾ ਬਣ ਗਿਆ ਸੀ।

‡ ਇਹ ਕ੍ਰਿਸ਼ਨ ਦਾ ਜਮਾਤੀ ਸੀ ਕ੍ਰਿਸ਼ਨ ਨੇ ਇਸਦੇ ਘਰ ਨਵੇਂ ਬਣਾਕੇ ਧਨ ਨਾਲ ਭਰ ਦਿਤੇ ਸਨ। ਦੇਖੋ ਵਾਰ ੧੦ ਪੌੜੀ ੯।

§ ਦੇਖੋ ਵਾਰ ੧੦ ਪੌੜੀ ੧ ਭਾਈ ਗੁਰਦਾਸ ਜੀ ਦੀ, ਧ੍ਰੂਅ ਦਾ ਹਾਲ ਚੰਗੀ ਤਰਾਂ ਲਿਖਿਆ ਹੈ॥

**ਦੀਨੁ ਬਿਸਾਰਿਓ ਰੇ ॥ ਪੇਟੁ ਭਰਿਓ ਪਸੂਆ ਜਿਉ ਸੋਇਓ ਮਨੁਖੁ ਜਨਮੁ ਹੈ ਹਾਰਿਓ ॥ ੧ ॥ ਰਹਾਉ ॥**

ਹੇ ਬੌਰੇ ਤੂੰ ਆਪਣਾ ਧਰਮ ਵਿਸਾਰ ਦਿਤਾ ਹੈ, ਪਸੂ ਵਾਂਙੂ ਪੇਟ ਭਰਕੇ ਸੁੱਤਾ ਹੈਂ, ਮਨੁਖਾ ਜਨਮ ਹਾਰ ਦਿਤਾ ਈ ॥

**ਸਾਧ ਸੰਗਤਿ ਕਬਹੂ ਨਹੀ ਕੀਨੀ ਰਚਿਓ ਧੰਧੈ ਝੂਠ ॥ ਸੁਆਨ ਸੂਕਰ ਬਾਇਸ ਜਿਵੈ ਭਟਕਤੁ ਚਾਲਿਓ ਊਠਿ ॥ ੧ ॥**

ਸੁਆਨ = ਕੁੱਤਾ ॥ ਬਾਇਸ = ਕਾਂ ।

ਸਾਧਾਂ ਦੀ ਸੰਗਤ ਕਦੀ ਨ ਕੀਤੀ ਝੂਠੇ ਧੰਧਿਆਂ ਵਿੱਚ ਲਗਾ ਹੈਂ, ਕੁੱਤੇ, ਸੂਰ, ਕਾਂ, ਵਾਂਙੂ ਭਟਕਦਾ ਉਠ ਚਲਿਓਂ ਭਾਵ ਮਰ ਗਿਓਂ ।

**ਆਪਸ ਕਉ ਦੀਰਘ ਕਰਿ ਜਾਨੈ ਅਉਰਨ ਕਉ ਲਗ ਮਾਤ ॥ ਮਨਸਾ ਬਾਚਾ ਕਰਮਨਾ ਮੈ ਦੇਖੇ ਦੋਜਕ ਜਾਤ ॥ ੨ ॥**

ਦੀਰਘ = ਵੱਡਾ । ਲਗਮਾਤ = ਛੋਟਾ । ਮਨਸਾ = ਮਨ ।
ਬਾਚਾ = ਬਾਣੀ । ਕਰਮਨਾ = ਸਰੀਰ ।

ਆਪਣੇ ਆਪਨੂੰ ਵੱਡਾ ਕਰਕੇ ਜਾਣਦਾ ਹੈਂ ਹੋਰਨਾਂ ਨੂੰ ਛੋਟਾ, ਜੋ ਮਨ ਬਾਣੀ, ਸਰੀਰ ਕਰਕੇ ਹੰਕਾਰ ਕਰਦੇ ਹਨ ਸੋ ਮੈਂ ਨਰਕ ਨੂੰ ਜਾਂਦੇ ਦੇਖੇ ਹਨ ।

**ਕਾਮੀ ਕ੍ਰੋਧੀ ਚਾਤੁਰੀ ਬਾਜੀਗਰ ਬੇਕਾਮ ॥ ਨਿੰਦਾ ਕਰਤੇ ਜਨਮੁ ਸਿਰਾਨੋ ਕਬਹੂ ਨ ਸਿਮਰਿਓ ਰਾਮੁ ॥ ੩ ॥**

ਸਿਰਾਨੋ = ਗੁਜ਼ਰ ਗਿਆ ।

ਕਾਮੀ, ਕਰੋਧੀ, ਚਾਤਰੀ ਠੱਗੀ, ਬਿਅਰਥ ਕੰਮ ਨਿੰਦਿਆ ਕਰਦਿਆਂ ਹੀ ਜਨਮ ਬੀਤ ਗਿਆ, ਕਦੀ ਵੀ ਵਾਹਿਗੁਰੂ ਨ ਸਿਮਰਿਆ।

**ਕਹਿ ਕਬੀਰ ਚੇਤੈ ਨਹੀ ਮੂਰਖੁ ਮੁਗਧੁ ਗਵਾਰੁ ॥ ਰਾਮੁ ਨਾਮੁ ਜਾਨਿਓ ਨਹੀ ਕੈਸੇ ਉਤਰਸਿ ਪਾਰਿ ॥ ੪ ॥ ੧ ॥**

ਹੇ ਮੂਰਖ, ਮੁਗਧ, ਗਵਾਰ, ਤੁਹਾਨੂੰ ਚੇਤੇ ਨਹੀਂ "ਤੁਸੀ ਵਾਹਿਗੁਰੂ ਨੂੰ ਯਾਦ ਨਹੀਂ ਕਰਦੇ" ਹਾਇ ਅਫਸੋਸ ! ਵਾਹਿਗੁਰੂ ਦਾ ਨਾਮ ਜਾਣਿਆਂ ਨਹੀਂ ਕਿਸਤਰਾਂ ਏਹੁ ਪਾਰ ਉਤਰਨਗੇ ।

( ਇੱਕੁਰ ਦੇ ਹਠ ਯੋਗ ਪ੍ਰਦੀਪਕਾ ਤੋਂ ਭਗਤ ਜੀ
ਵਾਹਿਗੁਰੂ ਦਾ ਨਾਮ ਮੰਗਦੇ ਹਨ )

## ਰਾਗੁ ਮਾਰੂ ਬਾਣੀ ਜੈ ਦੇਉ ਜੀਉ ਕੀ

**ੴ ਸਤਿਗੁਰਪ੍ਰਸਾਦਿ ॥ *ਚੰਦ ਸਤ †ਭੇਦਿਆ ‡ਨਾਦ ਸਤ ਪੂਰਿਆ ਸੂਰ ਸਤਖੋੜਸਾ §ਦਤੁ ਕੀਆ ॥**

ਚੰਦ = ਖੱਬੀ ਸੁਰ । ਸਤ = ਪ੍ਰਾਣ । ਨਾਦ = ਸ਼ਬਦ, ਕੁੰਭਕ ॥
ਭੇਦਿਆ = ਮਿਲਾਯਾ, ਵਿੰਨਿਆਂ ॥ ਪੂਰਿਆ = ਭਰਿਆ । ਸੂਰ = ਸੂਰਜ,
ਸੱਜੀ ਸੁਰ ॥ ਖੋੜਸਾ = ਸੋਲ਼ਾਂ ॥ ਦਤ = ਦੇਣਾਂ ਕੀਤਾ ॥
ਆਦਤ = ਅਭਜਾਸ ਕੀਤਾ ॥

ਚੰਦ੍ਰਮਾਂ ਦੇ ਹੱਛੇ ਸੁਰ ਵਿਚ ਸੋਲਾਂ ਵਾਰੀ ਸ੍ਵਾਸ (ਪੂਰਕ) ਬਾਹਰ ਨੂੰ ਜਾਂਦੇ ਵਿੰਨ੍ਹਕੇ ਰੋਕੇ, ਤੇ ਸੁਖਮਨਾਂ ਸੁਰ ਵਿਚ (ਕੁੰਭਕ) ਸੋਲਾਂ ਵਾਰੀ ਰੋਕਕੇ ਖੜੇ ਕੀਤੇ, ਸੂਰਜ ਦੇ ਹਛੇ ਸੁਰ ਵਿਚ ਸੋਲਾਂ ਵਾਰੀ ਅੰਦਰੋਂ ਬਾਹਰ ਨੂੰ ਕੱਢਣਾ (ਰੇਚਕ) ਕੀਤਾ ਭਾਵ ਸੁਵਾਸਾਂ ਨੂੰ ਚੜ੍ਹਾਇਆ, ਠਹਿਰਾਇਆ, ਉਤਾਰਿਆ ॥

**ਅਬਲ ਬਲੁ ਤੋੜਿਆ ਅਚਲ ਚਲੁ ਥਪਿਆ ਅਘੜੁ ਘੜਿਆ ਤਹਾ ਅਪਿਉ ਪੀਆ ॥ ੧ ॥**

ਬਲ ਵਾਲੇ ਸਰੀਰ ਨੂੰ ਬਲਹੀਨ ਕਰਕੇ ਬਲ ਤੋੜਿਆ ਭਾਵ ਮਾੜਾ ਕੀਤਾ, ਚੰਚਲ ਸਵਾਸਾਂ ਨੂੰ ਅਚਲ ਇਸਥਿਤ ਕੀਤਾ ਅਘੜ ਮਨ ਨੂੰ ਘੜਿਆ ਓਥੇ ਅੰਮ੍ਰਿਤ ਪੀਤਾ ।

**ਮਨ ਆਦਿ ਗੁਣ ਆਦਿ ਵਖਾਨਿਆ ॥ ਤੇਰੀ ਦੁਬਿਧਾ ਦ੍ਰਿਸਟਿ ਸੰਮਾਨਿਆ ॥ ੧ ॥ ਰਹਾਉ ॥**

ਜੇਹੜਾ ਵਾਹਿਗੁਰੂ ਮਨ ਦਾ ਆਦੀ ਹੈ ਜਦੋਂ ਉਸਦੇ ਆਦੀ ਗੁਣਾਂ ਨੂੰ ਉਚਾਰਿਆ, ਉਦੋਂ ਇਕੁਰ ਕਰਨ ਵਾਲੇ ਆਦਮੀਆਂ ਦੀ ਤੇਰੀ ਮੇਰੀ ਦੁਬਿਧਾ ਵਾਲੀ ਦ੍ਰਿਸ਼ਟੀ ਸਮਾ ਜਾਂਦੀ ਹੈ ॥

---

*ਸੱਜੀ ਸੁਰ ਨਾਲ ਪ੍ਰਾਣਾਂ ਨੂੰ ਅੰਦਰ ਨੂੰ ਖਿਚਿਆ ॥ ਨਾਦ = ਅਨਾਹਦ ਚੱਕਰ ਵਿਚ ਪ੍ਰਾਣਾਂ ਨੂੰ ਰੋਕਿਆ ਖੱਬੀ ਸੁਰ ਦੁਆਰਾ ਪ੍ਰਾਣਾਂ ਨੂੰ ਬਾਹਰ ਵੱਲ ਕਢਿਆ ੧੬ ਮਾਤ੍ਰਾ ਪ੍ਰਯੰਤ ਇਸਦਾ ਅਭਜਾਸ ਕੀਤਾ ॥

†ਅੰਦਰ ਕੀਤਾ ।

‡ਜੇਹੜਾ ਸ਼ਬਦ ਅਨਾਹਦ ਚੱਕਰ ਵਿਚੋਂ ਨਿਕਲਦਾ ਹੈ ਓਸਦਾ ਨਾਮ ਜੋਗੀ ਨਾਦ ਆਖਦੇ ਹਨ ।

§ਖੋੜਸਾਦਤੁ = ਖੋੜਸ ਸੋਲਾਂ । ਆਦਤ = ਅਭਜਾਸ ਕਰਨਾ ।

**ਅਰਧਿ ਕਉ ਅਰਧਿਆ ਸਰਧਿ ਕਉ ਸਰਧਿਆ**
**ਸਲਲ ਕਉ ਸਲਲਿ ਸੰਮਾਨਿ ਆਇਆ ॥**

ਸਲਲ = ਪਾਣੀ ॥

ਅਰਾਧਣ ਵਾਲੇ ਨੂੰ ਅਰਾਧਿਆ ਸਰਧਾ ਯੋਗ ਵਿਚ ਸਰਧਾ ਕੀਤੀ, ਫੇਰ ਪਾਣੀ ਨਾਲ ਪਾਣੀ ਇਕ ਹੋ ਗਿਆ, "ਰਾਮ ਕਬੀਰਾ ਏਕ ਭਏ" ॥

**ਬਦਤਿ ਜੈਦੇਉ ਜੈਦੇਵ ਕਉ ਰੰਮਿਆ**
**ਬ੍ਰਹਮੁ ਨਿਰਬਾਣੁ ਲਿਵ ਲੀਣੁ ਪਾਇਆ ॥ ੧ ॥**

ਬਦਤਿ = ਕਹਿਣਾਂ ॥ ਰੰਮਿਆ = ਉਚਾਰਿਆ ॥

ਜੈ ਦੇਵ ਜੀ ਕਹਿੰਦੇ ਹਨ ਜਿਸ ਨੇ ਸਭ ਨੂੰ ਜਿੱਤਨ ਵਾਲੇ ਵਾਹਿਗੁਰੂ ਨੂੰ ਉਚਾਰਨ ਕੀਤਾ ਹੈ ਉਸ ਨੇ ਦੁਖਾਂ ਤੋਂ ਰਹਤ ਵਾਹਿਗੁਰੂ ਵਿਚ ਬਿਰਤੀ ਦਾ ਲੀਨ ਹੋਣਾਂ ਪਾਇਆ ਹੈ ॥

**ਕਬੀਰੁ ॥ ਰਾਮੁ ਸਿਮਰੁ ਪਛੁਤਾਹਿਗਾ ਮਨ॥ ਪਾਪੀ ਜੀਅਰਾ ਲੋਭੁ ਕਰਤੁ ਹੈ ਆਜੁ ਕਾਲਿ ਉਠਿ ਜਾਹਿਗਾ ॥ ੧ ॥ਰਹਾਉ ॥**

ਹੇ ਮਨ ਵਾਹਿਗੁਰੂ ਨੂੰ ਯਾਦ ਕਰ ਨਹੀਂ ਤਾਂ ਪਛਤਾਵੇਂਗਾ "ਪਾਪੀ ਜੀਵ ਲੋਭ ਕਰਦਾ ਹੈ" ਅੱਜ ਕੱਲ ਉਠ ਜਾਵੇਂਗਾ ਭਾਵ ਮਰ ਜਾਵੇਂਗਾ॥

**ਲਾਲਚ ਲਾਗੇ ਜਨਮੁ ਗਵਾਇਆ ਮਾਇਆ ਭਰਮ ਭੁਲਾਹਿਗਾ॥ ਧਨ ਜੋਬਨ ਕਾ ਗਰਬੁ ਨ ਕੀਜੈ ਕਾਗਦ ਜਿਉ ਗਲਿ ਜਾਹਿਗਾ ॥ ੧ ॥**

"ਹਾਇ" ਤੂੰ ਲਾਲਚ ਵਿਚ ਲੱਗਕੇ ਸਾਰਾ ਜਨਮ ਗਵਾ ਲਿਆ ਜੇ ਅਜੇ ਵੀ ਨਾਮ ਨ ਜਪੇਂਗਾ ਤਾਂ ਅੱਗੇ ਵਾਸਤੇ ਵੀ ਭਰਮ ਕਰਕੇ ਛਲ ਵਿਚ ਭੁੱਲਾ ਰਹੇਂਗਾ, ਧਨ ਜੋਬਨ ਦਾ ਹੰਕਾਰ ਨ ਕਰ, ਕਾਗਦ ਵਾਂਙੂ ਗਲ ਜਾਵੇਂਗਾ ॥

**ਜਉ ਜਮੁ ਆਇ *ਕੇਸ ਗਹਿ ਪਟਕੈ ਤਾ ਦਿਨ ਕਿਛੁ ਨ**

---

*ਦੇਖੋ ! ਕੇਸ ਆਦਿ ਤੋਂ ਹੀ ਰਿਸ਼ੀਆਂ ਮੁਨੀਆਂ ਮਹਾਤਮਾਂ ਦੇ ਹੁੰਦੇ ਸਨ, ਸ੍ਰੀ ਰਾਮਚੰਦ ਜੀ ਦਾ ਜੂੜਾ ਸੀ, ਏਸੇਤਰਾਂ ਹੀ ਹੋਰ ਤੁਸੀਂ ਕਈਆਂ ਮਹਾਤਮਾਂ ਦੀਆਂ ਤਸਵੀਰਾਂ ਦੇਖੋ ਸਭ ਕੇਸਾ ਧਾਰੀ ਹੋਏ ਹਨ ਪਹਿਲੇ ਜ਼ਮਾਨੇ ਵਿਚ ਕੇਸਾਂ ਨੂੰ ਕਟ ਦੇਣਾਂ ਇਕ ਬੜੀ ਭਾਰੀ ਸਜ਼ਾ ਸਮਝਦੇ ਸਨ । ਦੇਖੋ ਹਨੂਮਾਨ ਨਾਟਕ ਅੰਕ ੧ ਕਬਿਤ ੮੧ ॥ ਅਗੇ ਸਫ਼ਾ ੩੭੧ ਦੇਖੋ-

**ਬਸਾਹਿਗਾ ॥ ਸਿਮਰਨੁ ਭਜਨੁ ਦਇਆ ਨਹੀ ਕੀਨੀ ਤਉ ਮੁਖਿ ਚੋਟਾ ਖਾਹਿਗਾ ॥ ੨ ॥**

ਜਦੋਂ ਜਮ ਆਕੇ ਤੈਨੂੰ ਕੇਸਾਂ ਤੋਂ ਫੜਕੇ ਭੁੰਜੇ ਸੁਟੇਗਾ ਉਸ ਦਿਨ ਤੇਰਾ ਕੁਝ ਜ਼ੋਰ ਨਹੀਂ ਚਲਣਾਂ। ਸਿਮਰਨ, ਭਜਨ, ਦਇਆ ਨਹੀਂ ਕੀਤੀ ਇਸ ਲਈ ਤੂੰ ਮੂੰਹ ਤੇ ਚਪੇੜਾਂ ਖਾਵੇਂਗਾ।

***ਧਰਮਰਾਇ ਜਬ ਲੇਖਾ ਮਾਗੈ ਕਿਆ ਮੁਖੁ ਲੈਕੈ ਜਾਹਿਗਾ ॥ ਕਹਤੁ ਕਬੀਰੁ ਸੁਨਹੁ ਰੇ ਸੰਤਹੁ ਸਾਧ ਸੰਗਤਿ ਤਰਿ ਜਾਂਹਿਗਾ ॥ ੩ ॥ ੧ ॥**

ਧਰਮ ਰਾਜਾ ਜਦੋਂ ਲੇਖਾ ਮੰਗੇਗਾ ਤਦੋਂ ਤੂੰ ਕੀ ਮੂੰਹ ਲੈਕੇ ਜਾਵੇਂਗਾ। ਭਾਵ ਸਾਹਮਣੇ ਖਲੋ ਕੇ ਕੀ ਆਖੇਂਗਾ, ਕਬੀਰ ਜੀ ਕਹਿੰਦੇ ਹਨ ਹੇ ਸੰਤੋ ਸੁਣੋਂ ਇਹ ਜੀਵ ਸਾਧ ਸੰਗਤ ਵਿਚ ਤਰ ਜਾਵੇਗਾ।

( ਸਨਮੁਖ ਬੇਨਤੀ )

**ਰਾਗੁ ਮਾਰੂ ਬਾਣੀ ਰਵਿਦਾਸ ਜੀਉ ਕੀ**

**ੴ ਸਤਿਗੁਰਪ੍ਰਸਾਦਿ ॥ †ਐਸੀ ਲਾਲ ਤੁਝ ਬਿਨੁ**

---

ਬਾਕੀ ੩੭੦ ਸਫੇ ਦੀ ਪਰਸ ਰਾਮ ਕੇਸਾ ਧਾਰੀ ਸੂਰਮਾਂ, ਰਾਮਚੰਦ੍ਰ ਜੀ ਨਾਲ ਝਗੜ ਰਿਹਾ ਸੀ ਅੱਗੋਂ ਲਛਮਨ ਨੇ ਆਖਿਆ।

"ਕਹੋ ਬਾਂਧਿ ਡਾਰੋ ਕਹੋਂ ਦੇਸ ਤੇ ਨਿਕਾਰੋਂ ਕਹੋਂ ਬਾਰਧ ਉਤਾਰੋਂ ਕਹੋਂ ਜੂਰਾ ਕਾਟ ਲੀਜੀਐ।"

ਸਾਰੇ ਭਗਤ ਵੀ ਕੇਸਾ ਧਾਰੀ ਹੋਏ ਹਨ।

*ਧਰਮ ਰਾਜ ਸੰਸਾਰੀਆਂ ਪਾਪੀਆਂ ਲੋਕਾਂ ਪਾਸੋਂ ਲੇਖਾ ਮੰਗਦਾ ਹੈ ਅਤੇ ਭਗਤਾਂ ਸੰਤਾਂ ਦੀ ਬਾਬਤ ਧਰਮ ਰਾਜ ਆਪਣੇ ਦੂਤਾਂ ਨੂੰ ਇੱਕੁਰ ਆਖਦਾ ਹੈ।

"ਜਹ ਸਾਧੂ ਗੋਬਿੰਦ ਭਜਨ ਕੀਰਤਨ ਨਾਨਕ ਨੀਤ ॥ ਣਾ ਹਉ ਣਾ ਤੂੰ ਣਹਿ ਛੁਟਹਿ ਨਿਕਟਿ ਨ ਜਾਈਅਹੁ ਦੂਤ॥" ਗਉੜੀ ਬਾਵਨ ਅਖਰੀ ਸਲੋਕ ੩੧

"ਧਰਮਰਾਇ ਤਿਨਕਾ ਮਿਤ੍ਰੁ ਹੈ ਜਮਮਗਿ ਨ ਪਾਵੈ ॥"

(ਮਾਰੂ ਵਾਰ ੨ ਪੌੜੀ ੧੪)

†ਇਸਦੀ ਉਥਾਨਕਾ ਬਿਕੁਰ ਹੈ ਕਿ ਇਕ ਦਿਨ ਕਿਤੇ ਭੰਡਾਰਾ ਸੀ ਓਥੇ ਬਾਹਲੇ ਸਾਰੇ ਪੰਡਤ ਅਤੇ ਰਵਿਦਾਸ ਵੀ ਗਿਆ ਪੰਡਤਾਂ ਨੇ ਰਵਿਦਾਸ ਨੂੰ ਚਮਿਆਰ ਜਾਣਕੇ ਪੰਗਤ ਵਿਚੋਂ ਉਠਾ ਦਿਤਾ, ਦੇਵ ਨੇਤ ਉਸੇ ਵੇਲੇ ਬਹੁਤ ਸਾਰੇ ਰਵਿਦਾਸ ਬਣਕੇ ਪੰਗਤ ਵਿਚ ਆ ਬੈਠੇ ਤਾਂ ਪੰਡਤਾਂ ਨੇ—

**ਕਉਨੁ ਕਰੈ ॥ ਗਰੀਬ ਨਿਵਾਜੁ ਗੁਸਈਆ ਮੇਰਾ ਮਾਥੈ ਛਤ੍ਰੁ ਧਰੈ ॥ ੧ ॥ ਰਹਾਉ ॥**

ਹੇ ਮੇਰੇ ਪਿਆਰੇ ਵਾਹਿਗੁਰੂ ਇੱਕੁਰ ਤੇਰੇ ਬਿਨਾ ਕੌਣ ਕਰੇ, ਗਰੀਬਾਂ ਦੇ ਨਿਵਾਜਣ ਵਾਲਾ ਮੇਰਾ ਗੁਸਾਈਂ ਵਾਹਿਗੁਰੂ ਹੇ ਮੇਰੇ ਮੱਥੇ ਤੇ ਛਤ੍ਰ ਧਰਿਆ ਸੂ ਭਾਵ ਮੈਨੂੰ ਸਭ ਨਾਲੋਂ ਉਚਾ ਬਣਾ ਦਿਤਾ ਸੂ ।

**ਜਾਕੀ*ਛੋਤਿ ਜਗਤ ਕਉ ਲਾਗੈ ਤਾ ਪਰ ਤੁਹੀ ਢਰੈ ॥**

---

—— ਕਿਹਾ ਇਕ ਰਵਿਦਾਸ ਨੂੰ ਉਠਾਇਆ ਸੀ ਦੇਖੋ ਬਹੁਤ ਸਾਰੇ ਰਵਿਦਾਸ ਆ ਬੈਠੇ ਹਨ ਇਸ ਇਕ ਨੂੰ ਹੀ ਬਠਾਉਣਾ ਚੰਗਾ ਹੈ । ਉਸ ਵਕਤ ਪੰਡਤਾਂ ਨੇ ਰਵਿਦਾਸ ਜੀ ਨੂੰ ਮਾਨ ਨਾਲ ਪੰਗਤ ਵਿਚ ਬਠਾ ਲਿਆ । ਤਿਸ ਪ੍ਰਸੰਗ ਨੂੰ ਰਵਿਦਾਸ ਜੀ ਦਸਦੇ ਹਨ ।

*ਦੇਖੋ ਸੂਰਜ ਪ੍ਰਕਾਸ਼ ਐਨ ੧ ਅਧਜਾਇ ੧੮

ਦੋਹਰਾ—ਵਹਿਮੀ ਹੁਤੋ ਫਕੀਰ ਤਹਿ ਮੁਸਲਮਾਨ ਕੋ ਥਾਨ ।
ਗੋਰ ਬਨਾਈ ਦੀਰਘੀ ਮਿਣ ਨੌ ਹਾਥ ਪ੍ਰਮਾਣ ।

ਚੌਪਈ ॥ ਪ੍ਰਥਮ ਜੀਵਤੇ ਸੋ ਬਣਵਾਈ, ਲਾਇ ਰੇਖਤਾ ਦ੍ਰਿੜ੍ਹ ਕਰਵਾਈ ।
ਮੇਰੀ ਅਲਪ ਰਖੀ ਤਿਸ ਮਾਹੀ, ਮਰਨ ਲਗੇ ਪ੍ਰਵਿਸਨ ਬਿਚਤਾਈ ।
ਸੋ ਸਤਿਗੁਰ ਕੇ ਢਿਗ ਚਲ ਆਯੋ, ਪਦ ਪੰਕਜ ਪਰ ਸੀਸ ਨਿਵਾਯੋ ।
ਮਣ ਇਕ ਘ੍ਰਿਤ ਸੁ ਮਣ ਮਿਸਟਾਨ, ਮਣ ਮੈਦਾ ਦੀਨੋ ਤਿਸ ਆਨ ।
ਅਪਰ ਚੂਨ ਚਾਵਰ ਅਰ ਦਾਨਾ, ਦਿਰੇ ਬਿਨੈ ਯੁਤ ਖਾਨਰੁ ਪਾਨਾ ।
ਹਾਥ ਜੋੜ ਕਰ ਅਰਜ ਗੁਜਾਰੀ, ਪਰਜੋ ਆਨ ਮੈਂ ਸ਼ਰਨ ਤੁਮਾਰੀ ।
ਦਾਸ ਅਪਣੋ ਮੋਹ ਬਣਾਵੋ, ਕਰੋ ਸਿੰਘ ਪਾਹੁਲ ਛਕਵਾਵੋ ।
ਜਗਤ ਬਿਖੈ ਹੈਂ ਪੰਥ ਘਨੇਰੇ, ਭਲੀ ਪ੍ਰਕਾਰ ਸਰਬ ਮੈਂ ਹੇਰੇ ।
ਪ੍ਰਥਮ ਮੂੰਡ ਸਿਰ ਭੀਖ ਮੰਗਾਵੈਂ, ਭਲੇ ਭੇਸ ਤੇ ਬੁਰੋ ਬਨਾਵੈਂ ।
ਰਾਵਰ ਪੰਥ ਸਮਾਨ ਨ ਆਨ, ਮੈਂ ਪਰਖੀ ਸਭ ਰੀਤ ਪਛਾਨ ।
ਉੱਜਲ ਭੇਖ ਸੁ ਉੱਜਲ ਮਤਾ, ਸਿਮਰਨ ਸੱਤ ਨਾਮ ਚਿੱਤ ਰਤਾ ।
ਯਾਤੇ ਹੈ ਮੇਰੀ ਅਭਿਲਾਖਾ, ਬਨੋਂ ਸਿੰਘ ਮੈਂ ਯਾਤੇ ਭਾਖਾ ।
ਸੁਨ ਸ੍ਰੀ ਪ੍ਰਭ ਪ੍ਰਸੰਨਤਾ ਧਾਰੀ, ਪੂਰਬ ਭਲੀ ਰੀਤ ਤੈਂ ਡਾਰੀ ।
ਮੁਸਲਮਾਨ ਹੈ ਭਾਵਨਾ ਧਰੇ, ਮਿਲਨ ਪੰਥ ਮੈਂ ਜੋ ਹਿਤ ਕਰੇ ।
ਤੇ ਇਹ ਉਚਿਤ ਖਾਲਸੇ ਬੀਚ, ਪਾਹੁਲ ਲੈਹੁ ਊਚ ਕੈ ਨੀਚ ।
ਮਾਨ ਸਿੰਘ ਕੋ ਹੁਕਮ ਬਖਾਨਾ,ਖਰੋ ਹੋਹੁ ਕਰ ਸਿੰਘ ਸੁਜਾਨਾ ।
ਲੈ ਆਗਜਾ ਅੰਮ੍ਰਿਤ ਬਨਵਾਯੋ, ਖਰੋ ਹੋਇ ਤਤਕਾਲ ਛਕਾਯੋ ।

**ਨੀਚਹ ਊਚ ਕਰੈ ਮੇਰਾ ਗੋਬਿੰਦੁ ਕਾਹੂ ਤੇ ਨ ਡਰੈ ॥ ੧ ॥**

ਢਰੈ = ਢਲਿਆ, ਕਿਰਪਾ ਵਾਲਾ ਹੋਯਾ ॥

ਜਿਸਦੀ ਛੂਹ ਸਾਰੇ ਜੱਗ ਨੂੰ ਲਗਦੀ ਸੀ ਉਸ ਉਤੇ ਤੂੰਹੀ ਕ੍ਰਿਪਾਲੂ ਹੋਯਾ ਹੈਂ, ਮੇਰਾ ਵਾਹਿਗੁਰੂ ਕਿਸੇ ਕੋਲੋਂ ਨਹੀਂ ਡਰਦਾ ਅਤੇ ਨੀਚੋਂ ਉਚ ਕਰਦਾ ਹੈ।

**ਨਾਮਦੇਵ ਕਬੀਰੁ ਤਿਲੋਚਨੁ ਸਧਨਾ ਸੈਨੁ ਤਰੈ ॥ ਕਹਿ ਰਵਿ· ਦਾਸੁ ਸੁਨਹੁ ਰੇ ਸੰਤਹੁ ਹਰਿ ਜੀਉ ਤੇ ਸਭੈ ਸਰੈ ॥ ੨ ॥ ੧ ॥**

ਨਾਮਦੇਵ, ਕਬੀਰ, ਤ੍ਰਿਲੋਚਨ, ਸਧਨਾ, ਸੈਨ ਤਰ ਗਏ ਹਨ, ਰਵਿਦਾਸ ਜੀ ਕਹਿੰਦੇ ਹਨ ਹੇ ਸੰਤੋ ਸੁਣੋਂ ਵਾਹਿਗੁਰੂ ਪਾਸੋਂ ਸਭ ਸਰ (ਬਣ) ਆਉਂਦਾ ਹੈ।

**ਮਾਰੂ ॥ ਸੁਖ ਸਾਗਰ ਸੁਰਿਤਰੁ ਚਿੰਤਾਮਨਿ ਕਾਮਧੇਨ ਬਸਿ ਜਾਕੇ ਰੇ ॥ ਚਾਰਿ ਪਦਾਰਥ ਅਸਟ ਮਹਾ ਸਿਧਿ ਨਵ ਨਿਧਿ ਕਰਤਲ ਤਾਕੈ ॥ ੧ ॥**

ਸਾਗਰ = ਸਮੁੰਦ੍ਰ। ਸੁਰਿਤਰੁ = ਕਲਪ ਬ੍ਰਿਛ। ਕਾਮਧੇਨ = ਗਾਂ। ਕਰ = ਹੱਥ।

ਜਿਸ ਸੁਖਾਂ ਦੇ ਸਮੁੰਦ੍ਰ ਵਾਹਿਗੁਰੂ ਦੇ ਕਲਪ ਬ੍ਰਿਛ ਚਿੰਤਾਮਣੀ, ਗਊ ਵਸ ਹੈ ਚਾਰ ਪਦਾਰਥ, ਅਠਾਰਾਂ ਸਿਧੀਆਂ, ਨੌ ਨਿਧੀਆਂ ਤਿਸਦੀ ਹੱਥ ਦੀ ਹਥਾਲੀ ਤੇ ਹਨ।

**ਹਰਿ ਹਰਿ ਹਰਿ ਨ ਜਪਸਿ ਰਸਨਾ ॥**
**ਅਵਰ ਸਭ ਛਾਡਿ ਬਚਨ ਰਚਨਾ ॥ ੧ ॥ ਰਹਾਉ ॥**

ਹੇ ਜੀਵ, ਵਾਹਿਗੁਰੂ ਵਾਹਿਗੁਰੂ ਵਾਹਿਗੁਰੂ ਰਸਨਾ ਕਰਕੇ ਕਿਉਂ ਨਹੀਂ ਜਪਦਾ। ਜੇ ਬਚਣਾ ਹਈ ਤਾਂ ਹੋਰ ਬਚਨਾਂ ਦੀ ਰਚਨਾਂ ਛੱਡ ਦੇਣ, ਭਾਵ ਵਾਧੂ ਗਲਾਂ ਛੱਡ ਦੇਹ।

***ਨਾਨਾ ਖਿਆਨ ਪਰਾਨ ਬੇਦ ਬਿਧਿ ਚਉਤੀਸ ਅਛਰ**

---

--ਸ੍ਰੀ ਮੁਖ ਤੇ ਤਬ ਨਾਮ ਰਚਿਓ, ਸੁਭ ਅਜਮੇਰ ਸਿੰਘ ਤਹਿ ਕਰਿਓ।
ਵਾਹਿਗੁਰੂ ਜੀ ਕੀ ਕਹਿ ਫਤੇ, ਭਾ ਕਲਜਾਨ ਉਚਿਤ ਮੁਦ ਚਿਤੇ।
ਸਿਮਰਨ ਕਰਨ ਲਗੋ ਗੁਰ ਕੇਰਾ, ਗੁਰਬਾਣੀ ਪਠ ਸਾਂਝ ਸਵੇਰਾ।

ਇਸ ਪ੍ਰਸੰਗ ਤੋਂ ਇਹ ਸਿਧ ਹੋਯਾ ਹੈ ਕਿ ਮੁਸਲਮਾਨ ਵੀ ਅਮ੍ਰਿਤ ਛਕਕੇ ਸਿੰਘ ਸਜ ਸਕਦਾ ਹੈ।

*ਕਈਤਰਾਂ ਦੇ ਪ੍ਰਸੰਗ, ਪੁਰਾਨ, ਬਰਮਾਂ ਦੇ ਵੇਦ ਅਤੇ ਹੋਰ ਜੋ ਕੁਝ ਚੌਵੀ ਅੱਖਰਾਂ ਵਿਚ ਹੈ ਅ, ਇ, ਉ, ਮਿਲਾਯਾ ਦੇਵ ਨਾਗਰੀ ਦੇ ਚੌਤੀ ਅੱਖਰ ਹੁੰਦੇ ਹਨ।

ਮਾਹੀ ॥ ਬਿਆਸ ਬੀਚਾਰਿ ਕਹਿਓ ਪਰਮਾਰਥੁ ਰਾਮ ਨਾਮ ਸਰਿ ਨਾਹੀ ॥ ੨ ॥

ਖਿਆਨ = ਪ੍ਰਸੰਗ। ਬਿਧਿ = ਬ੍ਰਹਮਾ ਵਾ ਰੀਤੀ।

*ਨਾਨਾ ਵਿਧੀ ਦੇ ਵੇਦ, ਪੁਰਾਨ, ਸ਼ਾਸਤ੍ਰ ਚੌਤੀ ਅੱਖਰਾਂ ਵਿਚ ਹਨ, ਵਿਆਸ ਨੇ ਵਿਚਾਰਕੇ ਕਿਹਾ ਹੈ ਕਿ ਪਰਮ ਅਰਥ ਵਾਹਿਗੁਰੂ ਦੇ ਨਾਮ ਦੇ ਬਰਾਬਰ ਕੋਈ ਨਹੀਂ।

ਸਹਜ ਸਮਾਧਿ ਉਪਾਧਿ ਰਹਤ ਹੋਇ ਬਡੇ ਭਾਗਿ ਲਿਵ ਲਾਗੀ ॥ †ਕਹਿ ਰਵਿਦਾਸ ਉਦਾਸ ਦਾਸ ਮਤਿ ਜਨਮ ਮਰਨ ਭੈ ਭਾਗੀ ॥ ੨ ॥ ੩ ॥ ੧੫ ॥

ਸਭ ਉਪਾਧੀਆਂ ਤੋਂ ਰਹਿਤ ਹੋਕੇ ਜਿਸ ਵੱਡੇ ਭਾਗਾਂ ਵਾਲੇ ਦੀ ਬਿਰਤੀ ਲਗੀ ਹੈ ਉਹ ਸਹਜ ਸਮਾਧੀ ਵਾਲਾ ਸੁਖੀ ਹੈ, ਰਵਿਦਾਸ ਜੀ ਕਹਿੰਦੇ ਹਨ ਦਾਸ ਦੀ ਮਤਿ ਸੰਸਾਰ ਤੋਂ ਉਦਾਸ ਹੈ ਇਸ ਲਈ ਜਨਮ ਮਰਨ ਦਾ ਡਰ ਅਤੇ ਪੀੜਾ ਦੂਰ ਹੋ ਗਈ ਹੈ।

# ਰਾਗੁ ਕੇਦਾਰਾ

ਰਾਗੁ ਕੇਦਾਰਾ ਬਾਣੀ ਕਬੀਰ ਜੀਉ ਕੀ

੧ ਓ ਸਤਿਗੁਰਪ੍ਰਸਾਦਿ ॥ ਉਸਤਤਿ ਨਿੰਦਾ ਦੋਊ ਬਿਬਰਜਿਤ ਤਜਹ ਮਾਨ ਅਭਿਮਾਨਾ ॥ ਲੋਹਾ ‡ਕੰਚਨ ਸਮਕਰਿ

*ਵਿਆਸ ਨੂੰ ਵੇਦ ਸ਼ਾਸਤ੍ਰ ਪੜਨ ਨਾਲ ਸ਼ਾਂਤਿ ਨਾ ਆਈ ਨਾਰਦ ਦੇ ਉਪਦੇਸ਼ ਕਰਕੇ ਸ਼ਾਂਤੀ ਆਈ ਦੇਖੋ ਭਾਗਵਤ ਪੁਰਾਨ ਦਾ ਆਰੰਭ।

†ਇਹ ਸ਼ਬਦ ਰਵਿਦਾਸ ਜੀ ਦਾ ਸੋਰਠ ਰਾਗ ਵਿਚ ਆ ਚੁਕਾ ਹੈ, ਪਰ ਕੁਛ ਕੁਛ ਪਦਾਂ ਦਾ ਭੇਦ ਹੈ, ਦੇਖੋ ਏਸੇ ਪੁਸਤਕ ਦਾ ਸਫ਼ਾ ੨੨੮-੨੨੯।

‡"ਤੈਸਾ ਸੁਵਰਨ ਤੈਸੀ ਉਸੁ ਮਾਟੀ ॥" ਇਕ ਰਾਜਾ ਆਪਣੀ ਰਾਣੀ ਸਮੇਤ ਰਾਜ ਤਿਆਗਕੇ ਜੰਗਲ ਨੂੰ ਤੁਰਿਆ ਜਾਂਦਾ ਸੀ, ਰਾਹ ਵਿੱਚ ਮੋਹਰ ਪਈ ਦੇਖਕੇ ਉਸ ਉਤੇ ਮਿੱਟੀ ਪਾ ਦਿਤੀ, ਰਾਣੀ ਨੇ ਪੁਛਿਆ ਪਤੀ ਜੀ! ਉਹ ਕੀ ਸੀ ਜਿਸਤੇ ਆਪਨੇ ਮਿੱਟੀ ਪਾਈ ਸੀ? ਰਾਜਾ ਨੇ ਆਖਿਆ ਮੋਹਰ ਸੀ, ਮੈਂ ਜਾਤਾ ਤੇਰਾ ਦਿਲ ਨਾ ਭਰਮ ਜਾਇ ਇਸ ਵਾਸਤੇ ਮੈਂ ਮਿੱਟੀ ਪਾ ਦਿਤੀ, ਰਾਣੀ ਨੇ ਆਖਿਆ ਓਹ ਮੇਰੇ ਭੋਲੇ ਪਤੀ! ਮੈਂ ਤਾਂ ਸੋਨੇ ਚਾਂਦੀ ਆਦਿਕ ਪਦਾਰਥਾਂ ਨੂੰ —

**ਜਾਨਹਿ ਤੇ ਮੂਰਤਿ ਭਗਵਾਨਾ ॥ ੧ ॥**

ਕੰਚਨ = ਸੋਨਾ।

ਉਸਤਤਿ ਨਿੰਦਿਆ ਦੋਵੇਂ ਵਰਜੋ, ਆਦਰ ਹੰਕਾਰ ਨੂੰ ਛੱਡੋ, ਜੇਹੜਾ ਲੋਹੇ ਤੇ ਸੋਨੇ ਨੂੰ ਬਰਾਬਰ ਜਾਣਦਾ ਹੈ ਉਹ ਵਾਹਿਗੁਰੂ ਦਾ ਰੂਪ ਹੀ ਹੈ ॥

**ਤੇਰਾ ਜਨੁ ਏਕੁ ਆਧੁ ਕੋਈ ॥ ਕਾਮੁ ਕ੍ਰੋਧੁ ਲੋਭੁ ਮੋਹੁ ਬਿਬਰਜਿਤ ਹਰਿ ਪਦੁ ਚੀਨੈ ਸੋਈ ॥ ੧ ॥ ਰਹਾਉ ॥**

ਚੀਨੈ = ਜਾਣੇ ॥

ਹੇ ਵਾਹਿਗੁਰੂ ਤੇਰਾ ਕੋਈ ਇਕ ਅੱਧਾ ਹੀ ਦਾਸ ਹੈ, ਜੇਹੜਾ ਕਾਮ ਕਰੋਧ, ਲੋਭ, ਮੋਹ ਨੂੰ ਰੋਕੇ ਓਹ ਤੇਰੇ ਸਰੂਪ ਨੂੰ ਜਾਣ ਲੈਂਦਾ ਹੈ ॥

**ਰਜਗੁਣ ਤਮਗੁਣ ਸਤਗੁਣ ਕਹੀਐ ਏਹ ਤੇਰੀ ਸਭ ਮਾਇਆ॥ ਚਉਥੇ ਪਦ ਕਉ ਜੋ ਨਰੁ ਚੀਨੈ ਤਿਨਹੀ ਪਰਮਪਦੁ ਪਾਇਆ ॥ ੨ ॥**

ਰਜੋ, ਤਮੋ, ਸਤੋਗੁਣ, ਏਹ ਤੇਰੀ ਸਭ ਮਾਯਾ ਕਹੀਦੀ ਹੈ, ਇਸਨੂੰ ਛੱਡਕੇ ਜੇਹੜਾ ਚੌਥੇ ਪਦ ਨੂੰ ਜਾਣੇ ਉਸਨੇ ਪਰਮਪਦ ਪਾ ਲਿਆ ਹੈ ॥

**ਤੀਰਥ ਬਰਤ ਨੇਮ ਸੁਚਿ ਸੰਜਮ ਸਦਾ ਰਹੈ ਨਿਹਕਾਮਾ ॥ ਤ੍ਰਿਸਨਾ ਅਰੁ ਮਾਇਆ ਭ੍ਰਮੁ ਚੂਕਾ ਚਿਤਵਤ ਆਤਮ ਰਾਮਾ ॥ ੩ ॥**

ਸੰਜਮ = ਰੋਕਣਾ। ਚਿਤਵਤ = ਯਾਦ।

ਤੀਰਥ, ਵਰਤ, ਨਿਯਮ, ਪਵਿੱਤ੍ਰਤਾ, ਇੰਦ੍ਰੀਆਂ ਨੂੰ ਰੋਕਣਾਂ ਏਨਾਂ ਦੇ ਫਲਾਂ ਦੀ ਇੱਛਾ ਤੋਂ ਨਿਰਿੱਛਤ ਰਹਿੰਦਾ ਹੈ, ਤ੍ਰਿਸਨਾਂ ਅਤੇ ਛਲ, ਭਰਮ ਦੂਰ ਹੋ ਗਿਆ ਹੈ (ਉਹ) ਸਦਾ ਹੀ ਆਪਣੇ ਆਤਮਾ ਵਾਹਿਗੁਰੂ ਨੂੰ ਯਾਦ ਕਰਦਾ ਹੈ ॥

**ਜਿਹ ਮੰਦਰਿ ਦੀਪਕੁ ਪਰਗਾਸਿਆ ਅੰਧਕਾਰੁ ਤਹ ਨਾਸਾ ॥ ਨਿਰਭਉ ਪੂਰਿ ਰਹੇ ਭ੍ਰਮ ਭਾਗਾ ਕਹਿ ਕਬੀਰ ਜਨ ਦਾਸਾ॥੪॥੧॥**

—ਮਿੱਟੀ ਹੀ ਸਮਝਦੀ ਹਾਂ, ਆਪਦੀ ਦ੍ਰਿਸ਼ਟੀ ਵਿਚ ਅਜੇ ਮਿੱਟੀ ਨਾਲੋਂ ਸੋਨਾ ਵੱਖਰਾ ਪਿਆ ਹੋਯਾ ਜਾਪਦਾ ਹੈ (ਦੋਹਾਂ ਦੀ ਕਮਾਈ ਨੂੰ ਧੰਨ ਹੈ)॥

ਜਿਸ ਆਦਮੀ ਦੇ ਰਿਦੇ ਰੂਪ ਘਰ ਵਿਚ ਗਿਆਨ ਰੂਪ ਦੀਵਾ ਬਲਿਆ ਹੈ ਉਸਦਾ ਅਗਯਾਨ ਰੂਪ ਅੰਧੇਰਾ ਦੂਰ ਹੋ ਗਿਆ ਹੈ ( ਓਹ ) ਨਿਰਭਉ ਹੋਕੇ ਭਰਪੂਰ ਹੋ ਰਿਹਾ ਹੈ, ਭਰਮ ਦੌੜ ਗਿਆ ਹੈ, "ਦਾਸਨ ਦਾਸ ਕਬੀਰ ਕਹਿੰਦਾ ਹੈ" ॥

**ਕਿਨਹੀ ਬਨਜਿਆ ਕਾਂਸੀ ਤਾਂਬਾ ਕਿਨਹੀ ਲਉਗ ਸੁਪਾਰੀ ॥ ਸੰਤਹੁ ਬਨਜਿਆ ਨਾਮੁ ਗੋਬਿੰਦ ਕਾ ਐਸੀ ਖੇਪ† ਹਮਾਰੀ ॥੧॥**

ਕਿਸੇ ਨੇ ਕੈਂਹਾਂ ਤਾਂਬਾ ਖਰੀਦਿਆ ਹੈ, ਕਿਸੇ ਨੇ ਲੌਂਗ ਸੁਪਾਰੀ ਪਰ ਸੰਤਾਂ ਨੇ ਵਾਹਿਗੁਰੂ ਦਾ ਨਾਮ ਖਰੀਦਿਆ ਹੈ ਇਕੁਰ ਦੀ ਸਾਡੀ ਖੇਪ ਹੈ।

**ਹਰਿ ਕੇ ਨਾਮ ਕੇ ਬਿਆਪਾਰੀ ॥ ਹੀਰਾ ਹਾਥਿ ਚੜਿਆ ਨਿਰਮੋਲਕੁ ਛੂਟਿ ਗਈ ਸੰਸਾਰੀ ॥ ੧ ॥ ਰਹਾਉ ॥**

ਅਸੀਂ ਵਾਹਿਗੁਰੂ ਦੇ ਨਾਮ ਦੇ ਵਪਾਰੀ ਹਾਂ ਸਾਡੇ ( ਰਿਦੇ ਰੂਪ ) ਹੱਥ ਉਥੇ ਨਿਰਮੋਲਕ ਹੀਰਾ ( ਵਾਹਿਗੁਰੂ ਰੂਪ ) ਚੜ੍ਹਿਆ ਹੈ ਇਸ ਲਈ ਸਾਥੋਂ ਸੰਸਾਰੀ ਕਿਰਿਆ ਛੁਟ ਗਈ ਹੈ ॥

**ਸਾਚੇ ਲਾਏ ਤਉ ਸਚ ਲਾਗੇ ਸਾਚੇ ਕੇ ਬਿਉਹਾਰੀ ॥ ਸਾਚੀ ਬਸਤੁ ਕੇ ਭਾਰ ਚਲਾਏ ਪਹੁਚੇ ਜਾਇ ਭੰਡਾਰੀ ॥ ੨ ॥**

ਸਚੇ ਨੇ ਸਾਨੂੰ ਲਾਇਆ ਹੈ ਤਾਂ ਅਸੀ ਸੱਚ ਵਲ ਲਗੇ ਹਾਂ ਹੁਣ ਅਸੀਂ ਸਚੇ ਦੇ ਹੀ ਵਾਪਾਰੀ ਹਾਂ ਸੱਚੀ ਵਸਤੂ ਦੇ ਭਾਰ ਲੱਦਕੇ ਤੋਰ ਦਿਤੇ ਹਨ, ਭੰਡਾਰੀ ਵਾਹਿਗੁਰੂ ਪਾਸ ਜਾ ਪਹੁੰਚੇ ਹਾਂ ॥

**ਆਪਹਿ ਰਤਨ ਜਵਾਹਰ ਮਾਨਿਕ ਆਪੈ ਹੈ ਪਾਸਾਰੀ ॥ ਆਪੈ ਦਹਦਿਸ ਆਪ ਚਲਾਵੈ ਨਿਹਚਲੁ ਹੈ ਬਿਆਪਾਰੀ ॥ ੩ ॥**

ਆਪੇ ਹੀ ਵਾਹਿਗੁਰੂ, ਰਤਨ, ਜਵਾਹਰ, ਮਾਣਿਕ ਹੈ ਅਤੇ ਆਪੇ ਹੀ ਪਾਸਾਰੀ ਹੈ, ਆਪੇ ਹੀ ਦਸਾਂ ਦਿਸ਼ਾਂ ਵੱਲ ਲੱਦਕੇ ਘੱਲਦਾ ਹੈ ਪਰ ਆਪ ਓਹ ਵਾਪਾਰੀ ਵਾਹਿਗੁਰੂ ਇਕ ਜਗ੍ਹਾ ਟਿਕਿਆ ਰਹਿੰਦਾ ਹੈ ॥

**ਮਨੁ ਕਰਿ ਬੈਲੁ ਸੁਰਤਿ ਕਰਿ ਪੈਡਾ ਗਿਆਨ ਗੋਨਿ ਭਰਿ ਡਾਰੀ ॥ ਕਹਤੁ ਕਬੀਰੁ ਸੁਨਹੁ ਰੇ ਸੰਤਹੁ ਨਿਬਹੀ ਖੇਪ ਹਮਾਰੀ ॥ ੪ ॥ ੨ ॥**

---

†ਖੇਪ = ਰਾਸ, ਪੂੰਜੀ, ਛੱਟ, ਇਤਯਾਦਿਕ ਤੇ ਵਾਚਕ ਹੈ ॥

ਸੁਰਤਿ = ਹੱਛੀ ਪ੍ਰੀਤੀ ॥

ਮਨ ਨੂੰ ਬੈਲ ਕੀਤਾ ਹੈ, ਪ੍ਰੇਮ ਰਸਤਾ ਕੀਤਾ ਹੈ, ਗਿਆਨੀ ਦੀ ਛੱਟ ਭਰ ਲਈ ਹੈ, ਕਬੀਰ ਜੀ ਕਹਿੰਦੇ ਹਨ ਸੁਣੋਂ ਹੇ ਸੰਤੋ ਇੱਕੁਰ ਸਾਡੀ ਖੇਪ ਨਿਭ ਗਈ ਹੈ ॥

**†ਰੀ ਕਲਵਾਰਿ ਗਵਾਰਿ ਮੂਢਮਤਿ ਉਲਟੋ ਪਵਨੁ ਫਿਰਾਵਉ ॥ ਮਨੁ ਮਤਵਾਰ ਮੇਰ ਸਰ ਭਾਠੀ ਅੰਮ੍ਰਿਤਧਾਰ ਚੁਆਵਉ ॥ ੧ ॥**

ਕਲਵਾਰਿ = ਕਲਹ ਕਰਨ ਵਾਲੀ ਕਲਾਲਨੀ ॥ ਮੇਰ = ਉਚਾ ।
ਸਰ = ਬਰਾਬਰ ।

ਅਰੀ ਮੂਰਖ ਗਵਾਰ ਕਲੇਸਨੀ ਅਕਲ, ਸੁਾਸਾਂ ਨੂੰ ਸੰਸਾਰ ਵੱਲੋਂ ਉਲਟਾਕੇ ਰੋਕ, ਮਨ ਨੂੰ ਮਤਵਾਲਾ ਕਰਨ ਵਾਸਤੇ ਉਚੇ ਪਹਾੜ ਵਤ ਦਸਮ ਦੁਾਰ ਨੂੰ ਭੱਠੀ ਬਣਾ, ਤੇ ਅੰਮ੍ਰਿਤ ਦੀ ਧਾਰ ਨੂੰ ਵਿਚ ਚੋ ॥

**ਬੋਲਹੁ ਭਈਆ ਰਾਮ ਕੀ ਦੁਹਾਈ ॥ ਪੀਵਹੁ ਸੰਤ ਸਦਾ ਮਤਿ ਦੁਰਲਭ ਸਹਜੇ ਪਿਆਸ ਬੁਝਾਈ ॥ ੧ ॥ ਰਹਾਉ ॥**

ਜੇਹੜਾ ਮਦ ਬੁਧੀ ਵਿਚ ਦੁਰਲੱਭ ਪ੍ਰਾਪਤ ਹੁੰਦਾ ਹੈ ਸਦਾ ਹੀ (ਸੰਤਾਂ ਵਿਚ ਬੈਠਕੇ) ਉਸ ਨੂੰ ਵਾਹਿਗੁਰੂ ਦੀ ਦੁਹਾਈ ਮਚਾਕੇ ਪੀਵੋ ਉਸਨੇ ਸਾਡੀ ਸਹਜੇ ਹੀ ਪਿਆਸ ਬੁਝਾ ਦਿੱਤੀ ਹੈ ॥

**ਭੈ ਬਿਚਿ ਭਾਉ ਭਾਇ ਕੋਊ ਬੂਝਹਿ ਹਰਿ ਰਸੁ ਪਾਵੈ ਭਾਈ ॥ ਜੇਤੇ ਘਟ ਅੰਮ੍ਰਿਤੁ ਸਭ ਹੀ ਮਹਿ ਭਾਵੈ ਤਿਸਹਿ ਪੀਆਈ ॥੨॥**

ਭਾਉ = ਗਯਾਨ ॥ ਭਾਇ = ਪ੍ਰੇਮ ।

ਵਾਹਿਗੁਰੂ ਦੇ ਡਰ ਵਿਚ ਜਿਸਨੂੰ ਚਾਨਣ ਹੋਵੇ ਓਹ ਕੋਈ ਵਿਰਲਾ ਹੀ ਪ੍ਰੇਮ ਨੂੰ ਸਮਝਦਾ ਹੈ, ਹੇ ਭਾਈ ਓਹ ਵਾਹਿਗੁਰੂ ਦਾ ਅਨੰਦ ਪੌਂਦਾ ਹੈ ॥ ਜਿੰਨੇ ਸਰੀਰ ਰੂਪ ਘੜੇ ਹਨ ਤਿਨ੍ਹਾਂ ਸਾਰਿਆਂ ਵਿਚ ਹੀ ਅੰਮ੍ਰਿਤ ਹੈ ਪਰ ਵਾਹਿਗੁਰੂ ਜਿਸ ਨੂੰ ਚਾਹੇ ਉਸਨੂੰ ਪਿਔਂਦਾ ਹੈ ॥

**ਨਗਰੀ ਏਕੈ ਨਉ ਦਰਵਾਜੇ ਧਾਵਤੁ ਬਰਜਿ ਰਹਾਈ ॥ ਤ੍ਰਿਕੁਟੀ ਛੂਟੈ ਦਸਵਾ ਦਰੁ ਖੂਲੈ ਤਾ ਮਨੁ ਖੀਵਾ ਭਾਈ ॥ ੩ ॥**

ਖੀਵਾ = ਮਸਤ ।

ਇਕ ਸਰੀਰ ਰੂਪ ਨਗਰੀ ਹੈ ਉਸ ਦੇ ਨੌਂ ਬੂਹੇ ਹਨ ਓਨ੍ਹਾਂ ਨਵਾਂ

---

†ਆਪਣੀ ਅਕਲ ਤੇ ਪਾਕੇ (ਅੰਨਯੋਕਤੀ) ਕਿਸੇ ਯੋਗੀ ਨੂੰ ਉਪਦੇਸ਼ ਦੇਂਦੇ ਹਨ।

ਬੂਹਿਆ ਥਾਣੀਂ ਜੇਹੜਾ ਦੌੜਦੇ ਮਨ ਨੂੰ ਰੋਕ ਰਖੇ ਉਸਦੀ ਮਥੇ ਦੀ ਤ੍ਰਿਕੁਟੀ (ਸੰਧੀ) ਛੁਟ ਜਾਂਦੀ ਹੈ ਅਤੇ ਦਸਵਾਂ ਦਰਵਾਜ਼ਾ ਖੁਲ ਜਾਂਦਾ ਹੈ ਹੇ ਭਾਈ ਤਾਂ ਮਨ ਮਸਤ ਹੁੰਦਾ ਹੈ।

**ਅਭੈ ਪਦ ਪੂਰਿ ਤਾਪ ਤਹ ਨਾਸੇ ਕਹਿ ਕਬੀਰ ਬੀਚਾਰੀ॥**
**ਉਬਟ*ਚਲੰਤੇ ਇਹੁ ਮਦੁ ਪਾਇਆ ਜੈਸੇ ਖੋਂਦ ਖੁਮਾਰੀ॥ ੪॥੩॥**

ਉਬਟ = ਉਜਾੜ (ਉਬਟ)

ਖੋਂਦ = ਉਜਾੜ ਵਾ ਪਿਆਲਾ ਵਾ ਪਟਕੇ ਵਾ ਸੁੰਘਕੇ।

ਅਭੈ ਪਦ (ਵਾਹਿਗੁਰੂ) ਵਿਚ ਪਹੁੰਚ ਜਾਂਦਾ ਹੈ ਤਿੰਨੇ ਤਾਪ ਓਥੇ ਉਸ ਦੇ ਨਸ ਜਾਂਦੇ ਹਨ, ਕਬੀਰ ਜੀ ਵਿਚਾਰਕੇ ਕਹਿੰਦਾ ਹੈ ਉਜਾੜ ਵਿਚ ਭੁਲਿਆਂ ਜਾਂਦਿਆਂ ਨੇ (ਗੁਰਾਂ ਦੀ ਕਿਰਪਾ ਨਾਲ) "ਅਸੀ" ਏਹ ਪਦ ਪਾਇਆ ਹੈ ਜਿੱਕੁਰ ਬਾਹਰ ਦੀ ਸ਼ਰਾਬ ਦੀ ਮਸਤੀ ਕਰਕੇ ਆਦਮੀ ਔਝੜ ਵਿਚ ਪਿਆ ਫਿਰਦਾ ਹੈ॥

**ਕਾਮ ਕ੍ਰੋਧ ਤ੍ਰਿਸਨਾ ਕੇ ਲੀਨੇ ਗਤਿ ਨਹੀ ਏਕੈ ਜਾਨੀ॥**
**ਫੂਟੀ ਆਖੈ ਕਛੂ ਨ ਸੂਝੈ ਬੂਡਿ ਮੂਏ ਬਿਨੁ ਪਾਨੀ॥ ੧॥**

ਲੀਨੇ = ਲੀਨ ਹੋਏ ਹੋਏ, ਨਿਕਲੇ ਹੋਏ, ਖਾਧੇ ਹੋਏ।

ਹੇ ਕਾਮ, ਕਰੋਧ, ਤ੍ਰਿਸ਼ਨਾ ਦੇ ਨਿਕਲੇ ਹੋਕੇ ਤੂੰ ਇੱਕ ਦੀ ਪਰਾਪਤੀ ਨਹੀਂ ਜਾਣੀ ਤੇਰੀਆਂ ਅੱਖਾਂ ਫੁਟ ਗਈਆਂ ਹਨ ਇਸ ਲਈ (ਤੈਨੂੰ) ਕੁਝ ਨਹੀਂ ਦਿਸਦਾ (ਹੇ ਵਾਹਿਗੁਰੂ) ਇੱਕੁਰ ਹੀ ਜੀਵ ਬਹੁਤ ਪਾਣੀ ਤੋਂ ਬਿਨਾਂ ਡੁਬ ਮਰੇ ਹਨ।

**ਚਲਤ ਕਤ†ਟੇਢੇ ਟੇਢੇ ਟੇਢੇ॥**

---

*ਦਸਵੇਂ ਦੁਆਰ ਵਿਚ ਚਲਦਿਆਂ ਨੇ ਵੀ ਅਰਥ ਕਰਦੇ ਹਨ॥

†ਨੌ ਜਵਾਨਾਂ ਨੂੰ ਚਾਹੀਦਾ ਹੈ ਕਿ ਅਪਣੀ ਜਵਾਨੀ ਦਾ ਹੰਕਾਰ ਨ ਕਰਨ। ਇਕ ਕੋਈ ਬੁਢਾ ਆਦਮੀ ਅੱਖੀਆਂ ਤੋਂ ਹੀਨ ਤੁਰਿਆ ਜਾਂਦਾ ਸੀ ਓਸ ਦੀ ਸੋਟੀ ਇਕ ਕਿਸੇ ਜਵਾਨ ਲੜਕੇ ਨੇ ਪੈਰ ਮਰਕੇ ਹਥ ਵਿਚੋਂ ਸੁਟ ਦਿਤੀ ਓਹ ਅੰਨ੍ਹਾਂ ਜ਼ਮੀਨ ਤੇ ਬੈਠਕੇ ਟੋਹਣ ਲਗਾ ਸੋਟੀ ਲੱਭਣ ਲਗਾ ਜਵਾਨ ਆਦਮੀ ਨੇ ਆਖਿਆ ਬਾਬਾ ਕੀ ਲਭਦਾ ਹੈਂ? ਬੁਢਾ ਆਖਣ ਲਗਾ, ਜਵਾਨੀ ਰੂਪ ਮੋਤੀ ਰੇਤ = ਵਿਸ਼ੇ ਵਿਕਾਰ ਸੰਸਾਰ ਵਿਚ ਡਿੱਗ ਪਏ ਹਨ ਮੈਂ ਓਹ ਲੱਭਦਾ ਹਾਂ ਕਿਸੇ ਦਿਨ ਨੂੰ ਮੇਰੇ ਵਾਂਙਣ ਤੂੰ ਵੀ ਲਭੇਂਗਾ ਅਤੇ ਰੋਵੇਂਗਾ॥

**ਅਸਤਿ †ਚਰਮ ਬਿਸਟਾ ਕੇ ਮੂੰਦੇ**
**ਦੁਰਗੰਧ ਹੀ ਕੇ ਬੇਢੇ ॥ ੧ ॥ ਰਹਾਉ ॥**

ਅਸਤਿ = ਹੱਡੀਆਂ । ਮੂੰਦੇ = ਮੁੰਦੇ ਹੋਏ ॥

ਓਏ ਕੀ ਟੇਢੇ ਟੇਢੇ ਚਲਦੇ ਹੋ, ਹੱਡੀਆਂ ਚੰਮ, ਵਿਸ਼ਟਾ ਦੇ ਭਰੇ ਹੋਏ, ਦੁਰਗੰਧ ਹੀ ਦੇ (ਅਵੇੜ੍ਹੇ) ਢੱਕੇ ਹੋਏ ॥

**ਰਾਮ ਨ ਜਪਹੁ ਕਵਨ ਭ੍ਰਮ ਭੂਲੇ ਤੁਮਤੇ ਕਾਲੁ ਨ**
**ਦੂਰੇ ॥ ਅਨਿਕ ਜਤਨ ਕਰਿ ਇਹੁ ਤਨੁ ਰਾਖਹੁ ਰਹੈ**
**ਅਵਸਥਾ ਪੂਰੇ ॥ ੨ ॥**

ਹੇ ਭਾਈ ਵਾਹਿਗੁਰੂ ਨੂੰ ਨਹੀਂ ਜਪਦੇ ਕਿਸ ਭਰਮ ਵਿਚ ਭੁਲ ਰਹੇ ਹੋ "ਤੁਹਾਡੇ ਕੋਲੋਂ ਕਾਲ ਦੂਰ ਨਹੀਂ ਜੇ ਅਨੇਕਾਂ ਹੀ ਯਤਨ ਕਰਕੇ ਇਸ ਸਰੀਰ ਨੂੰ ਰਖੋ ਤੇ ਤਾਂ ਵੀ ਏਹ ਉਨਾਂ ਚਿਰ ਰਹੇਗਾ ਜਿੰਨਾ ਚਿਰ ਇਸਦੀ ਅਵਸਥਾ ਪੂਰੀ ਕੀਤੀ ਹੋਈ (ਪੂਰੀ ਨਹੀਂ ਹੁੰਦੀ ) ਹੈ ।

**ਆਪਨ ਕੀਆ ਕਛੂ ਨ ਹੋਵੈ ਕਿਆ ਕੋ ਕਰੈ ਪਰਾਨੀ ॥**
**ਜਾ ਤਿਸੁ ਭਾਵੈ ਸਤਿਗੁਰੁ ਭੇਟੈ ਏਕੋ ਨਾਮੁ ਬਖਾਨੀ ॥ ੩ ॥**

ਆਪਣਾ ਕੀਤਾ ਕੁਝ ਨਹੀਂ ਹੁੰਦਾ"ਕੀ ਕੋਈ ਪ੍ਰਾਣੀਕਰੇ"ਜੇਤਿਸਵਾਹਿਗੁਰੂ ਨੂੰ ਭਾਵੇ ਤਾਂ ਸਤਿਗੁਰੂ ਮਿਲਦੇ ਹਨ ਫਿਰ ਜੀਵ ਇੱਕ ਨਾਮ ਨੂੰ ਹੀ ਆਖਦਾ ਹੈ ॥

**ਬਲੂਆ ਕੇ ਘਰੂਆ ਮਹਿ ਬਸਤੇ ਫੁਲਵਤ ਦੇਹ**
**ਅਇਆਨੇ ॥ ਕਹੁ ਕਬੀਰ ਜਿਹ ਰਾਮੁ ਨ ਚੇਤਿਓ ਬੂਡੇ**
**ਬਹੁਤੁ ਸਿਆਨੇ ॥ ੪ ॥ ੪ ॥**

ਰੇਤ ਦੇ ਘਰਾਂ ਵਿਚ ਵਸਦੇ ਹੋ ਹੇ ਅਗਯਾਤ ਤੁਸੀਂ (ਫੁਲ ਵਾਂਙੂੰ) ਦੇਹ ਨੂੰ ਦੇਖਕੇ ਭੁਲਦੇ ਹੋ । ਕਬੀਰ ਜੀ ਕਹਿੰਦੇ ਹਨ ਜਿਸਨੇ ਵਾਹਿਗੁਰੂ ਨੂੰ ਯਾਦ ਨਹੀਂ ਕੀਤਾ (ਏਥੋਂ ਭੁਲਕੇ) ਬਹੁਤ ਸਿਆਣੇ ਡੁਬ ਗਏ ।

**ਟੇਢੀ ਪਾਗ ਟੇਢੇ ਚਲੇ ਲਾਗੇ ਬੀਰੇ ਖਾਨ ॥ ਭਾਉ ਭਗਤਿ**
**ਸਿਉ ਕਾਜੁ ਨ ਕਛੂਐ ਮੇਰੋ ‡ਕਾਮੁ ਦੀਵਾਨ ॥ ੧ ॥**

---

†੧ਦੁਰਗੰਧੀ ਵਿਚ ਮਿਲੇ ਹੋਏ । ੨ ਵਿਸ਼ਟਾ ਨਾਲ ਭਰੇ ਹੋਏ ੩ ਹੱਡੀਆਂ ਨਾਲ ਢੱਕੇ ਹੋਏ, ੪ ਚੰਮ ਨਾਲ ਲਪੇਟੇ ਹੋਏ ਇੱਕੁਰ ਵੀ ਅੱਖਰਾਂ ਨੂੰ ਅੰਨਵੈ ਕਰਦੇਹਨ ।

‡ਸਾਡਾ ਕੰਮ ਤਾਂ ਜਿਸ ਰਾਜਾ ਦੀ ਕਚੈਹਰੀ ਵਿਚੋਂ ਕੁਝ ਲਾਭ ਹੋਵੇ——

ਟੇਢੀ ਪੱਗ ਪਾਨ ਬੀੜੇ ਖਾਣ ਲਗੇ ਟੇਢੇ ਹੀ ਚਲਦੇ ਹੋ। ਪ੍ਰੇਮ, ਭਗਤੀ, ਨਾਲ ਕੰਮ ਕੁਝ ਨਹੀਂ (ਆਪਣੇ ਤੇ ਪਾਕੇ ਆਖਦੇ ਹਨ) ਮੇਰਾ ਕੰਮ ਤੇ ਦੀਵਾਨਿਆਂ ਵਾਲਾ ਹੈ।

**ਰਾਮੁ ਬਿਸਾਰਿਓ ਹੈ ਅਭਿਮਾਨਿ ॥ ਕਨਿਕ ਕਾਮਨੀ ਮਹਾ ਸੁੰਦਰੀ ਪੇਖਿ ਪੇਖਿ ਸਚੁ ਮਾਨਿ ॥ ੧ ॥ ਰਹਾਉ ॥**

ਕਨਿਕ = ਸੋਨਾ। ਕਾਮਨੀ = ਇਸਤੀ। ਪੇਖਿ ਪੇਖਿ = ਦੇਖ ੨।

ਹੇ ਹੰਕਾਰੀ, ਵਾਹਿਗੁਰੂ ਭੁਲਾ ਦਿਤਾ ਹਈ ? ਸੋਨਾ, ਇਸਤ੍ਰੀ ਮਹਾਂ ਸੁੰਦਰੀ ਦੇਖ ਦੇਖ ਕੇ ਸੱਚ ਮੰਨਦਾ ਹੈਂ ॥

**ਲਾਲਚ ਝੂਠ ਬਿਕਾਰ ਮਹਾ ਮਦ ਇਹ ਬਿਧਿ ਅਉਧ ਬਿਹਾਨਿ ॥ ਕਹਿ ਕਬੀਰ ਅੰਤ ਕੀ ਬੇਰ ਆਇ ਲਾਗੋ ਕਾਲੁ ਨਿਦਾਨੁ ॥ ੨ ॥ ੫ ॥**

ਲਾਲਚ, ਝੂਠ, ਵਿਕਾਰ, ਮਹਾਂ ਹੰਕਾਰ ਇੱਕੁਰ ਦੀ ਰੀਤੀ ਨਾਲ ਉਮਰ ਗੁਜ਼ਰ ਗਈ। ਕਬੀਰ ਜੀ ਕਹਿੰਦੇ ਹਨ ਹੇ ਮੂਰਖੋ ਅੰਤ ਦੇ ਵੇਲੇ ਤੁਹਾਨੂੰ ਕਾਲ ਮਾਰਨ ਆਣ ਲਗੇਗਾ ॥

**ਚਾਰਿ ਦਿਨ ਅਪਨੀ ਨਉਬਤਿ ਚਲੇ ਬਜਾਇ ॥ ਇਤਨਕੁ ਖਟੀਆ ਗਠੀਆ ਮਟੀਆ ਸੰਗਿ ਨ ਕਛੁ ਲੈ ਜਾਇ ॥ ੧ ॥ ਰਹਾਉ ॥**

ਗਠੀਆ = ਥੈਲੀ। ਮਟੀਆ = ਘੜੀ ਵ ਮਿੱਟੀ ॥

ਚਾਰ ਦਿਨ ਆਪਣੀ ੨ ਨੌਬਤਿ ਵਜਾ ਚਲੇ ਐਨੀ ਕੁ ਖੱਟੀ ਗੰਢ ਵਿਚ ਹੈ, ਐਨੀ ਕੁ ਮੱਟੀ (ਮਿੱਟੀ) ਵਿਚ ਦੱਬੀ ਪਈ ਹੈ, ਨਾਲ ਕੁਝ ਜੀਵ ਨਹੀਂ ਲੈ ਜਾਂਦਾ ॥

**ਦੇਹਰੀ ਬੈਠੀ ਮਿਹਰੀ ਰੋਵੈ ਦੁਆਰੈ ਲਉ ਸੰਗ ਮਾਇ ॥ ਮਰਹਟ ਲਗਿ ਸਭੁ ਲੋਗੁ ਕੁਟੰਬੁ ਮਿਲਿ ਹੰਸੁ ਇਕੇਲਾ ਜਾਇ ॥ ੧ ॥**

ਮਿਹਰੀ = ਇਸਤ੍ਰੀ। ਮਰਹਟ = ਮਸਾਣ। ਹੰਸ = ਜੀਵ।

ਦਲੀਜ ਤੇ ਬੈਠੀ ਇਸਤੀ ਰੋਂਦੀ ਹੈ, ਬੂਹੇ ਤਕ ਰੋਂਦੀ ਨਾਲ ਮਾਂ

---

—ਭਾਵ ਮੈਨੂੰ ਫਲਾਣੀ ਕਚੈਹਰੀ ਵਿਚੋਂ ਕੁਝ ਲਾਭ ਹੋਵੇ ਭਾਵ ਮੈਂ ਫਲਾਣੀ ਕਚੈਹਰੀ ਵਿਚ ਜਾਣਾਂ ਹੈ "ਇਕਰ ਵੀ ਅਰਥ ਕਰਦੇ ਹਨ"।

ਜਾਂਦੀ ਹੈ, ਮਸਾਣ ਭੂਮਿਕਾ ਤੱਕ ਸਾਰੇ ਕੁਟੰਬ ਦੇ ਲੋਕ ਮਿਲਕੇ ਜਾਂਦੇ ਹਨ, ਅਗੇ ਜੀਵ ਆਤਮਾ ਅਕੱਲਾ ਜਾਂਦਾ ਹੈ ॥

**ਵੈ ਸੁਤ ਵੈ ਬਿਤਵੈ ਪੁਰਪਾਟਨ ਬਹੁਰਿ ਨ ਦੇਖੈ ਆਇ ॥**
**ਕਹਤੁ ਕਬੀਰੁ ਰਾਮ ਕੀ ਨ ਸਿਮਰਹੁ**
**ਜਨਮੁ ਅਕਾਰਥ ਜਾਇ ॥ ੨ ॥ ੬ ॥**

ਬਿਤ = ਧਨ । ਪਾਟਨ = ਸ਼ੈਹਰ ।

ਓਹ ਪੁਤ੍ਰ ਓਹ ਧਨ ਓਹ ਪੁਰ, ਸ਼ਹਿਰ, ਫਿਰ ਨਹੀਂ ਆਕੇ ਦੇਖਦਾ ਕਬੀਰ ਜੀ ਕਹਿੰਦੇ ਹਨ ਵਾਹਿਗੁਰੂ ਨੂੰ ਯਾਦ ਕਿਉਂ ਨਹੀ ਕਰਦੇ, ਤੁਹਾਡਾ ਜਨਮ ਐਵੇਂ ਜਾਂਦਾ ਹੈ ॥

## ਰਾਗੁ ਕੇਦਾਰਾ ਬਾਣੀ ਰਵਿਦਾਸ ਜੀਉ ਕੀ

**੧ ਓ ਸਤਿਗੁਰਪ੍ਰਸਾਦਿ॥**

**ਖਟੁ ਕਰਮ *ਕੁਲ ਸੰਜੁਗਤੁ ਹੈ ਹਰਿ ਭਗਤਿ ਹਿਰਦੈ ਨਾਹਿ॥**

ਖਟ = ੬ ।

ਛੇ ਤਰਾਂ ਦੇ ਕੰਮ, ਚੰਗੀ ਕੁਲ ਦੇ ਸੰਯੁਕਤ ਹੈ ਪਰ ਵਾਹਿਗੁਰੂ ਦੀ ਭਗਤੀ ਰਿਦੇ ਵਿੱਚ ਨਹੀਂ ॥

**ਚਰਨਾਰ ਬਿੰਦ ਨ ਕਥਾ ਭਾਵੈ ਸੁਪਚ ਤੁਲਿ ਸਮਾਨਿ ॥ ੧ ॥**

ਚਰਨਾਰ ਬਿੰਦ = ਚਰਨ ਕਮਲ । ਸੁਪਚ = ਚੰਡਾਲ ।

ਜਿਸਨੂੰ ਵਾਹਿਗੁਰੂ ਦੇ ਚਰਨਾਂ ਕਮਲਾਂ ਦੀ ਕਥਾ ਚੰਗੀ ਨਹੀਂ

---

*ਅਤਿ ਸੁੰਦਰ ਕੁਲੀਨ ਚਤੁਰ ਮੁਖਿ ਙਿਆਨੀ ਧਨਵੰਤ ॥
ਮਿਰਤਕ ਕਹੀਅਹਿ ਨਾਨਕਾ ਜਿਹ ਪ੍ਰੀਤਿ ਨਹੀ ਭਗਵੰਤ ॥
ਙੰਙਾ ਖਟ ਸਾਸਤ੍ਰ ਹੋਇ ਙਿਆਤਾ ॥
ਪੂਰਬ ਕੁੰਭਕ ਰੇਚਕ ਕਰਮਾਤਾ ॥
ਙਿਆਨ ਧਿਆਨ ਤੀਰਥ ਇਸਨਾਨੀ ॥
ਸੋਮ ਪਾਕ ਅਪਰਸ ਉਦਿਆਨੀ ॥
ਰਾਮ ਨਾਮ ਸੰਗਿ ਮਨਿ ਨਹੀ ਹੇਤਾ ॥
ਜੋ ਕਿਛੁ ਕੀਨੋ ਸੋਊ ਅਨੇਤਾ ॥
ਉਆ ਤੇ ਊਤਮ ਗਨਉ ਚੰਡਾਲਾ ॥
ਨਾਨਕ ਜਿਹ ਮਨ ਬਸਹਿ ਗੁਪਾਲਾ ॥ (ਬਾਵਨ ਅਖਰੀ)

ਲਗਦਾ, ਉਸਨੂੰ ਚੰਡਾਲ ਦੇ ਤੁਲ ਮੰਨੋ ।

**ਰੇ ਚਿਤ ਚੇਤਿ ਚੇਤ ਅਚੇਤ ॥ ਕਾਹੇ ਨ ਬਾਲਮੀਕਹਿ ਦੇਖ ॥**
**ਕਿਸੁ ਜਾਤਿ ਤੇ ਕਿਹ ਪਦਹਿ ਅਮਰਿਓ**
**ਰਾਮ ਭਗਤਿ ਬਿਸੇਖ ॥ ੧ ॥ ਰਹਾਉ ॥**

ਅਮਰਿਓ = ਮੌਤ ਤੋਂ ਬਿਨਾ ਹੋਯਾ ਵ ਅੱਪੜ ਗਿਆ ॥

ਹੇ ਅਚੇਤ ਚਿਤ ਮੈਂ ਤੈਨੂੰ ਚੇਤਾ ਕਰੌਂਦਾ ਹਾਂ ਤੂੰ ਵਾਹਿਗੁਰੂ ਨੂੰ ਯਾਦ ਕਰ "ਬਾਲਮੀਕ ਨੂੰ ਕਿਉਂ ਨਹੀਂ ਦੇਖਦਾ" ਕਿਸ ਜਾਤ ਤੋਂ ਕਿਸ ਪਦ ਨੂੰ ਪਹੁੰਚ ਗਿਆ । ਦੇਖ ਵਾਹਿਗੁਰੂ ਦੀ ਭਗਤੀ ਹੀ ਸਾਰਿਆਂ ਸਾਧਨਾਂ ਨਾਲੋਂ ਵਿਸ਼ੇਸ਼ ਹੈ ॥

**ਸੁਆਨ ਸਤ੍ਰੁ ਅਜਾਤੁ ਸਭ ਤੇ *ਕ੍ਰਿਸਨ ਲਾਵੈ ਹੇਤੁ ॥**
**ਲੋਗੁ ਬਪੁਰਾ ਕਿਆ ਸਰਾਹੈ ਤੀਨਿ ਲੋਕ ਪ੍ਰਵੇਸ ॥ ੨ ॥**

ਸੁਆਨ = ਕੁਤਾ । ਸਤ੍ਰੂ = ਵੈਰੀ । ਕੁਤਿਆਂ ਨੂੰ ਮਾਰਨ ਵਾਲਾ ॥
ਅਥਵਾ ਕੁਤਿਆਂ ਦੀ ਜੂਠ ਖਾਣ ਵਾਲਾ ।

ਕੁਤਿਆਂ ਦਾ ਵੈਰੀ ਖੋਟੀ ਜਾਤ ਵਾਲਾ ਸੀ ਪਰ ਸਾਰਿਆਂ ਨੂੰ ਛੱਡਕੇ ਕ੍ਰਿਸ਼ਨ ਜੀ ਨੇ ਉਸ ਨਾਲ ਪ੍ਰੇਮ ਕੀਤਾ, ਲੋਕਾਂ ਵਿਚਾਰਿਆਂ ਨੇ ਉਸਨੂੰ ਕੀ ਸੁਲਾਹੁਣਾਂ ਸੀ ਓਹ ਤਿੰਨਾਂ ਲੋਕਾਂ ਵਿਚ ਸਲਾਹੁਣੇ ਯੋਗ (ਪ੍ਰਵੇਸ਼) ਹੋ ਗਿਆ ॥

**ਅਜਾਮਲੁ ਪਿੰਗੁਲਾ ਲੁਭਤੁ ਕੁੰਚਰੁ ਗਏ ਹਰਿ ਕੈ ਪਾਸ ॥**
**ਐਸੇ ਦੁਰਮਤਿ ਨਿਸਤਰੇ**
**ਤੂ ਕਿਉ ਨ ਤਰਹਿ ਰਵਿਦਾਸ ॥ ੩ ॥ ੧ ॥**

ਕੁੰਚਰ – ਹਾਥੀ ।

ਅਜਾਮਲ ਪਾਪੀ, ਪਿੰਗਲਾ ਨਾਮ ਵਾਲੀ ਵੇਸਵਾ, ਲੋਦੀਆ ਨਾਮ ਵਾਲਾ ਫੰਧਕ, ਹਾਥੀ, ਸਭ ਵਾਹਿਗੁਰੂ ਦੇ ਪਾਸ ਗਏ, ਇੱਕੁਰ ਦੇ ਦੁਰਮਤੀਏ ਤਰ ਗਏ ਹੇ ਰਵਿਦਾਸ ਤੂੰ ਕਿਉਂ ਨਾ ਤਰੇਂਗਾ ?

*ਇਸ ਕਹਾਣੀ ਨੂੰ ਵਿਸਤਾਰ ਨਾਲ ਵੇਖਣਾ ਹੋਵੇ ਤਾਂ ਦਾਸ ਕ੍ਰਿਤ ਭਾਈ ਗੁਰਦਾਸ ਜੀ ਦੇ ਕਬਿਤਾਂ ਸਵੱਯਾਂ ਦਾ ਟੀਕਾ ੧੪੪–੧੪੫ ਪੰਨਾ ਦੇਖੋ ।
(ਬਿਸ਼ਨ ਸਿੰਘ ਗਿਆਨੀ)

# ਰਾਗੁ ਭੈਰਉ

## ਭੈਰਉ ਬਾਣੀ ਭਗਤਾ ਕੀ ਕਬੀਰ ਜੀਉ ਘਰੁ ੧

ੴ ਸਤਿਗੁਰਪ੍ਰਸਾਦਿ ॥

**ਇਹੁ ਧਨੁ ਮੇਰੇ ਹਰਿ ਕੋ ਨਾਉ ॥**
**ਗਾਂਠਿ*ਨ ਬਾਧਉ ਬੇਚਿ ਨ ਖਾਉ ॥ ੧ ॥ ਰਹਾਉ ॥**

ਜੇਹੜਾ ਵਾਹਿਗੁਰੂ ਦਾ ਨਾਮ ਹੈ ਏਹੋ ਹੀ ਮੇਰੇ ਪਾਸ ਧਨ ਹੈ ਨਾ ਗੰਢਾਂ ਬੰਨ੍ਹਦਾ ਹਾਂ ਨਾ ਵੇਚ ਖਾਂਦਾ ਹਾਂ ।

**ਨਾਉ ਮੇਰੇ ਖੇਤੀ ਨਾਉ ਮੇਰੇ ਬਾਰੀ ॥**
**ਭਗਤਿ ਕਰਉ ਜਨੁ ਸਰਨਿ ਤੁਮ੍ਹਾਰੀ ॥ ੧ ॥**

ਨਾਮ ਹੀ ਮੇਰੇ ( ਕੋਲ ) ਖੇਤੀ ਹੈ, ਨਾਮ ਹੀ ਮੇਰੇ ( ਕੋਲ ) ਵਾੜੀ ਹੈ, ਦਾਸ ਆਪਣੀ ਸ਼ਰਨ ਪੈਕੇ ਭਗਤੀ ਹੀ ਕਰੇਗਾ ।

**ਨਾਉ ਮੇਰੇ ਮਾਇਆ ਨਾਉ ਮੇਰੇ ਪੂੰਜੀ ॥**
**ਤੁਮਹਿ ਛੋਡਿ ਜਾਨਉ ਨਹੀ ਦੂਜੀ ॥ ੨ ॥**

ਨਾਮ ਹੀ ਮੇਰੇ ( ਪਾਸ ) ਦੌਲਤ ਹੈ, ਨਾਮ ਹੀ ਮੇਰੇ ( ਪਾਸ ) ਸੌਦਾ ਖਰੀਦਨ ਦੀ ਰਾਸ ਹੈ, ਹੇ ਵਾਹਿਗੁਰੂ ਤੁਹਾਨੂੰ ਛੱਡ ਕੇ ਮੈਂ ਹੋਰ ਕੋਈ ਦੂਜੀ ਗਲ ਨਹੀਂ ਜਾਣਦਾ ।

**ਨਾਉ ਮੇਰੇ ਬੰਧਿਪ ਨਾਉ ਮੇਰੇ ਭਾਈ ॥**
**ਨਾਉ ਮੇਰੇ ਸੰਗਿ ਅੰਤਿ ਹੋਇ ਸਖਾਈ ॥ ੩ ॥**

ਨਾਮ ਹੀ ਮੇਰੇ ਸਰਬੰਧੀ ਹਨ, ਨਾਮ ਹੀ ਮੇਰੇ ਸਕੇ ਭਾਈ ਹਨ, ਨਾਮ ਹੀ ਮੇਰੇ ਨਾਲ ਅੰਤ ਨੂੰ ਮਦਦਗਾਰ ਹੋਵੇਗਾ ।

**ਮਾਇਆ ਮਹਿ ਜਿਸੁ ਰਖੈ ਉਦਾਸੁ ॥**
**ਕਹਿ ਕਬੀਰ ਹਉ ਤਾਕੋ ਦਾਸੁ ॥ ੪ ॥ ੧ ॥**

ਮਾਇਆ ਵਿਚ ਜਿਸਨੂੰ ਵਾਹਿਗੁਰੂ ਉਦਾਸ ਰਖੇ, ਕਬੀਰ ਜੀ

*ਭਾਵ ਸੂਮਾਂ ਵਾਂਙੂ ਸੂਮਤਾ ਕਰਕੇ ਦਬ ਨਹੀ ਛੱਡਦਾ ਅਤੇ ਐਵੇਂ ਲੁੱਟ ਵੀ ਨਹੀਂ ਦੇਂਦਾ ।

ਕੌਂਹਦੇ ਹਨ, ਮੈਂ ਉਦਾਸ ਦਾਸ ਹਾਂ।

(ਉਪਦੇਸ਼)

**ਨਾਂਗੇ ਆਵਨੁ ਨਾਂਗੇ ਜਾਨਾ ॥**

**ਕੋਇ ਨ ਰਹਿ ਹੈ ਰਾਜਾ ਰਾਨਾ ॥ ੧ ॥**

ਰਾਨਾ = ਛੋਟਾ ਰਾਜਾ ਵਾ ਰਾਣੀ।

ਨੰਗੇ ਹੀ ਆਉਣਾ ਹੈ, ਨੰਗੇ ਹੀ ਚਲੇ ਜਾਣਾਂ ਹੈ, ਰਾਜਾ ਰਾਣਾਂ ਕੋਈ ਨਹੀਂ ਰਹੇਗਾ।

**ਰਾਮੁ ਰਾਜਾ ਨਉ ਨਿਧਿ ਮੇਰੈ ॥**

**ਸੰਪੈ ਹੇਤੁ ਕਲਤੁ ਧਨੁ ਤੇਰੈ ॥ ੧ ॥ ਰਹਾਉ ॥**

ਸੰਪੈ = ਸਾਮੱਗਰੀ, ਸੋਨਾਂ ਚਾਂਦੀ। ਹੇਤੁ = ਪ੍ਰੇਮ, ਵਾਸਤੇ। ਕਲਤੁ = ਇਸਤ੍ਰੀ।

ਨੌ ਨਿਧੀ ਰੂਪ ਪ੍ਰਕਾਸ਼ਕ ਵਾਹਿਗੁਰੂ ਮੇਰੇ ਪਾਸ ਧਨ ਹੈ, ਰਾਜ ਭਾਗ ਸਾਮੱਗਰੀ ਇਸਤ੍ਰੀ ਵਿੱਚ ਪ੍ਰੇਮ ਕਰਨਾਂ ਤੇਰੇ ਪਾਸ ਦੁਖਦਾਈ ਧਨ ਹੈ।

**ਆਵਤ ਸੰਗ ਨ ਜਾਤ ਸੰਗਾਤੀ ॥**

**ਕਹਾ ਭਇਓ ਦਰਿ ਬਾਂਧੇ ਹਾਥੀ ॥ ੨ ॥**

(ਤੇਰਾ ਧਨ) ਨਾ ਨਾਲ ਆਉਂਦਾ ਹੈ ਨਾ ਨਾਲ ਜਾਂਦਾ ਹੈ, ਕੀ ਹੋਯਾ ਜੇ ਬੂਹੇ ਉਤੇ ਹਾਥੀ ਬੰਨ੍ਹੇ ( ਹੋਏ ਹਨ )।

"ਦੇਖ"–

**ਲੰਕਾ ਗਢੁ ਸੋਨੇ ਕਾ ਭਇਆ ॥**

**ਮੂਰਖੁ *ਰਾਵਨੁ ਕਿਆ ਲੇ ਗਇਆ ॥ ੩ ॥**

---

*ਕਈ ਸਿਆਣੇ ਆਖਦੇ ਹਨ ਕਿ ਪਹਿਲੇ ਰਾਮ ਚੰਦ੍ਰ ਜੀ ਨੇ ਵਧੀਕੀ ਕੀਤੀ ਸੀ ਜੋ ਰਾਵਨ ਦੀ ਭੈਣ ਦਾ ਨੱਕ ਵੱਢ ਦਿਤਾ, ਰਾਵਨ ਨੂੰ ਮੂਰਖ ਨਹੀਂ ਕਹਿਆ ਜਾਂਦਾ, ਉਸਨੇ ਬੇਨਤੀ ਕੀਤੀ ਜੋ ਮੇਰੀ ਭੈਣ ਦਾ ਨੱਕ ਵਢਿਆ ਗਿਆ ਹੈ ਆਪ ਇਸ ਨਾਲ ਅਨੰਦ ਪੜ੍ਹਾ ਲਓ, ਫੇਰ ਜਦ ਸ੍ਰੀ ਰਾਮ ਚੰਦ੍ਰ ਜੀ ਨੇ ਸੂਪਨਖਾ ਨੂੰ ਲਛਮਨ ਪਾਸ ਘੱਲਿਆ ਸੀ ਤਾਂ ਲਛਮਨ ਨੇ ਬਿਨਾਂ ਕਸੂਰ ਨੱਕ ਕਿਉਂ ਵੱਢ ਦਿਤਾ ? ਝੱਸ ਸਾਫ ਜਵਾਬ ਦੇ ਦੇਂਦੇ। ਸੂਪਨਖਾਂ ਨੇ ਬਿਭਚਾਰ ਵਾਸਤੇ ਅਰਜ਼ ਨਹੀਂ ਕੀਤੀ, ਕੇਵਲ ਆਨੰਦ ਪੜ੍ਹਾਉਣ ਵਾਸਤੇ ਕਿਹਾ ਸੀ, ਸੋ ਰਾਮਚੰਦ੍ਰ ਜੀ ਤੇ ਲਛਮਨ ਜੀ ਨੂੰ ਚਾਹੀਦਾ ਸੀ ਸਾਫ ਜਵਾਬ ਦੇ ਦੇਂਦੇ, ਫੇਰ ਜੇਹੜੀ ਸੀਤਾ ਖੱਬੇ ਹੱਥ ਨਾਲ ਧਨਖ ਨੂੰ ਚੁੱਕ ਲੈਂਦੀ ਸੀ ਉਹ ਰਾਵਨ ਦੀ ਝੋਲੀ ਵਿਚ ਕਿਕੂੰ ਆ ਗਈ।

"ਤੂੰ ਕੀ" (ਜਿਸ ਰਾਵਨ ਦਾ) ਲੰਕਾ ਦਾ ਕਿਲਾ ਸੋਨੇ ਦਾ ਬਣਿਆ ਹੋਇਆ ਸੀ (ਓਹ) ਮੂਰਖ ਰਾਵਨ ਕੀ ਲੈ ਗਿਆ ?

**ਕਹਿ ਕਬੀਰ ਕਿਛੁ ਗੁਨੁ ਬੀਚਾਰਿ ॥**
**ਚਲੇ ਜੁਆਰੀ ਦੁਇ ਹਥ ਝਾਰਿ ॥ ੪ ॥ ੨ ॥**

ਕਬੀਰ ਜੀ ਕਹਿੰਦੇ ਹਨ ਕੁਝ ਗੁਣਾਂ ਦਾ ਵਿਚਾਰ ਕਰ, ਹਾਇ ਅਫਸੋਸ ! ਜੀਵ ਰੂਪ ਜੁਆਰੀਏ ਸਵਾਸ ਰੂਪ ਪੂੰਜੀ ਤੋਂ ਸੰਸਾਰ ਰੂਪ ਬਾਜ਼ੀ ਵਿਚੋਂ ਬੁਧੀ ਰੂਪ ਹੱਥ ਝਾੜਕੇ ਵਾਹਿਗੁਰੂ ਰੂਪ ਅਮੋਲਕ ਧਨ ਹਾਰ ਕੇ ਮਰ ਚਲੇ ਹਨ ॥

**ਮੈਲਾ ਬ੍ਰਹਮਾ ਮੈਲਾ ਇੰਦੁ ॥ ਰਵਿ ਮੈਲਾ ਮੈਲਾ ਹੈ ਚੰਦੁ ॥ ੧ ॥**

ਰਵਿ = ਸੂਰਜ॥

੧ ਬ੍ਰਹਮਾਂ ਵੀ ਮੈਲਾ, ੨ ਇੰਦ੍ਰ ਵੀ ਮੈਲਾ, ੩ ਸੂਰਜ ਵੀ ਮੈਲਾ, ੪ ਚੰਦ੍ਰਮਾਂ ਵੀ ਮੈਲਾ ਹੈ ॥

**ਮੈਲਾ ਮਲਤਾ ਇਹੁ ਸੰਸਾਰੁ ॥**
**ਇਕੁ ਹਰਿ ਨਿਰਮਲੁ ਜਾਕਾ ਅੰਤੁ ਨ ਪਾਰੁ ॥ ੧ ॥ ਰਹਾਉ ॥**

ਇਹ ਸੰਸਾਰ ਵੀ ਮੈਲ ਕਰਕੇ ਮੈਲਾ ਹੈ, ਇਕ ਵਾਹਿਗੁਰੂ ਨਿਰਮਲ ਹੈ ਜਿਸ ਦਾ ਪਾਰਾਵਾਰ ਨਹੀਂ ॥

(ਇੱਕ ਈਸ਼ਵਰ ਤੋਂ ਬਿਨਾਂ)

**ਮੈਲੇ ਬ੍ਰਹਮੰਡਾਇ ਕੈ *ਈਸ॥**
**ਮੈਲੇ ਨਿਸਿ ਬਾਸੁਰ ਦਿਨ ਤੀਸ॥ ੨ ॥**

ਨਿਸ = ਰਾਤ ॥ ਬਾਸਰ = ਦਿਨ

ਸਾਰੇ ਬ੍ਰਹਮੰਡ ਮੈਲੇ ਅਤੇ ਰਾਤ ਦਿਨ ੩੦ ਵੀ ਮੈਲੇ ਹਨ ॥

**ਮੈਲਾ ਮੋਤੀ ਮੈਲਾ ਹੀਰੁ ॥**
**ਮੈਲਾ ਪਵਨੁ ਪਾਵਕੁ ਅਰੁ ਨੀਰੁ ॥ ੩ ॥**

ਪਾਵਕ = ਅਗਨੀ ॥ ਨੀਰ = ਪਾਣੀ ॥

ਮੋਤੀ ਵੀ ਮੈਲਾ, ਹੀਰਾ ਵੀ ਮੈਲਾ, ਅਤੇ ਪੌਣ, ਅਗਣੀ ਅਤੇ ਪਾਣੀ ਵੀ ਮੈਲਾ ਹੈ ॥

*ਕੈਈਸ = ਕਈ ਬ੍ਰਹਮੰਡ ਜੇਹੜੇ ਹਨ ਵਾ ਬ੍ਰਹਮੰਡਾਂ ਦੇ ਈਸ਼ਰ ਜੇਹੜੇ ਹਨ ਇੱਕੁਰ ਵੀ ਅਰਥ ਕਰਦੇ ਹਨ ॥

**ਮੈਲੇ ਸਿਵ *ਸੰਕਰਾ ਮਹੇਸ ॥**
**ਮੈਲੇ ਸਿਧ ਸਾਧਿਕ ਅਰੁ ਭੇਖ ॥ ੪ ॥**

ਸ਼ਿਵ, ਸ਼ੰਕਰਾ, ਮਹੇਸ਼ ਵੀ ਮੈਲੇ ਹਨ ਅਤੇ ਸਿੱਧ ਸਾਧਿਕ ਜਿੰਨੇਕ ਭੇਖ ਹਨ ਸਭ ਮੈਲੇ ਹਨ ॥

**ਮੈਲੇ ਜੋਗੀ ਜੰਗਮ ਜਟਾ ਸਹੇਤਿ ॥**
**ਮੈਲੀ ਕਾਇਆ ਹੰਸ ਸਮੇਤਿ ॥ ੫ ॥**

ਸਹੇਤਿ = ਸਹਿਤ ॥

ਜੋਗੀ ਜੰਗਮ ਸਾਰੇ ਜਟਾ ਸਹਿਤ ਮੈਲੇ ਹਨ ਅਤੇ ਕਾਇਆਂ ਵੀ ਜੀਵ ਆਤਮਾਂ ਸਮੇਤ ਮੈਲੀ ਹੈ ॥

**ਕਹਿ ਕਬੀਰ ਤੇ ਜਨ ਪਰਵਾਨ ॥**
**ਨਿਰਮਲ ਤੇ ਜੋ ਰਾਮਹਿ ਜਾਨ ॥ ੬ ॥ ੩ ॥**

ਕਬੀਰ ਜੀ ਕਹਿੰਦੇ ਹਨ ਓਹ ਜਨ ਪਰਵਾਨ ਅਤੇ ਨਿਰਮਲ ਹਨ ਜਿਨ੍ਹਾਂ ਨੇ ਵਾਹਿਗੁਰੂ ਨੂੰ ਜਾਣਿਆਂ ਹੈ ॥

**ਮਨੁ ਕਰਿ ਮਕਾ ਕਿਬਲਾ ਕਰਿ ਦੇਹੀ ॥**
**ਬੋਲਨ ਹਾਰੁ ਪਰਮ ਗੁਰੁ ਏਹੀ ॥ ੧ ॥**

ਕਿਬਲਾ = ਆਲੇ ਦੁਆਲੇ ਦੀ ਦੀਵਾਰ ਦਾ ਨਾਮ ਹੈ
ਵਾ ਜਿਸ ਪਾਸੇ ਮੂੰਹ ਕਰਕੇ ਨਿਮਾਜ਼ ਪੜ੍ਹੀ ਜਾਂਦੀ ਹੈ ॥

ਮਨ ਨੂੰ ਮੱਕਾ ਕਰ, ਦੇਹ ਨੂੰ ਚਾਰ ਚੁਫੇਰੇ ਕੰਧ ਕਰ, ਜੇਹੜਾ ਬੋਲਣ ਵਾਲਾ ਵਿਚ ਹੈ ਏਹੋ ਹੀ ਵਡਾ ਗੁਰੂ ਹੈ ॥

**ਕਹੁ ਰੇ ਮੁਲਾਂ ਬਾਂਗ ਨਿਵਾਜ ॥**
**ਏਕ ਮਸੀਤਿ ਦਸੈ ਦਰਵਾਜ ॥ ੧ ॥ ਰਹਾਉ ॥**

ਹੇ ਮੁੱਲਾਂ ਇਸ ਵਿਚ ਨਿਮਾਜ਼ ਕਹੋ, ਇਕ ਦੇਹ ਰੂਪ ਮਸੀਤ ਹੈ ਜਿਸਦੇ ਦਸ (ਇੰਦ੍ਰੇ) ਦਰਵਾਜ਼ੇ ਹਨ।

**ਮਿਸਿ ਮਿਲਿ ਤਾਮਸੁ ਭਰਮੁ ਕਦੂਰੀ ॥**
**ਭਾਖਿ ਲੇ ਪੰਚੈ ਹੋਇ ਸਬੂਰੀ ॥ ੨ ॥**

---

*ਹਿੰਦੂ ਮਤ ਦੇ ਪੁਸਤਕਾਂ ਵਿਚ ੧੧ ਸ਼ਿਵਜੀ ਹਨ ਅਥਵਾ ੧੧ ਸ਼ਿਵਜੀ ਦੇ ਨਾਮ ਹਨ ॥

ਮਿਸਿ ਮਿਲਿ = ਮਾਰਕੇ, ਹਲਾਲ। ਕਦੂਰੀ = ਪਾੜਕੇ, ਰੁਮਾਲ, ਵਾ ਕਟਣਾ ਵਾ ਮੈਲ ਅਥਵਾ ਹਾਂਡੀ ਜਿਸ ਵਿਚ ਨਿਆਜ਼ ਬਣਾਈਦੀ ਹੈ ॥

ਭਾਖਿ = ਕਹੋ ਵਾ ਭੱਖ ਖਾ।

ਗੁੱਸਾ ਦੂਰ ਕਰੋ ਏਹ ਹਲਾਲ ਹੈ ਭਰਮ ਨੂੰ ਦੂਰ ਕਰੋ ਏਹ ਕਦੂਰੀ ਹੈ ਪੰਜਾਂ ਕਾਮਾਦਿਕਾਂ ਨੂੰ ਖਾ ਲਓ ਤਾਂ ਸੰਤੋਖ ਹੋਵੇਗਾ ॥

**ਹਿੰਦੂ ਤੁਰਕ ਕਾ ਸਾਹਿਬੁ ਏਕ ॥**

**ਕਹ ਕਰੈ ਮੁਲਾਂ ਕਹ ਕਰੈ ਸੇਖ ॥ ੩ ॥**

ਸ਼ੇਖ = ਵੱਡਾ, ਪੀਰ।

ਹਿੰਦੂ ਤੁਰਕ ਦਾ ਸਾਹਿਬ ਇਕੋ ਹੀ ਹੈ, ਮੁਲਾਂ ਕਿਆ ਕਰ ਸਕਦਾ ਹੈ, ਸ਼ੇਖ ਕਿਆ ਕਰ ਸਕਦਾ ਹੈ।

**ਕਹਿ ਕਬੀਰ ਹਉ ਭਇਆ ਦਿਵਾਨਾ ॥**

**ਮੁਸਿ ਮੁਸਿ ਮਨੂਆ ਸਹਜਿ ਸਮਾਨਾ ॥ ੪ ॥ ੪ ॥**

ਮੁਸਿ ਮੁਸਿ = ਲੁਟ, ਲੁਟ, ਰੋਕ ਰੋਕ।

ਕਬੀਰ ਜੀ ਕਹਿੰਦੇ ਹਨ ਮੈਂ, ਤੁਹਾਡੇ ਦੀਨ ਦੇ ਝਗੜੇ ਛੱਡਕੇ ਬੰਦਗੀ ਕਰਨ ਵਾਸਤੇ ਦੀਵਾਨਾ ਹੋ ਰਿਹਾ ਹਾਂ, ਰੋਕ ਰੋਕ ਕੇ ਮਨ ਨੂੰ ਸਹਿਜ ਵਿੱਚ ਸਮਾਇਆ ਹੈ ॥

**ਗੰਗਾ ਕੇ ਸੰਗ ਸਲਿਤਾ ਬਿਗਰੀ ॥**

**ਸੋ ਸਲਿਤਾ ਗੰਗਾ ਹੋਇ ਨਿਬਰੀ ॥ ੧ ॥**

ਸਲਿਤਾ = ਨਦੀ।

ਜਿਕੁਰ ਗੰਗਾ ਦੇ ਨਾਲ ਮਿਲਕੇ ਜੇਹੜੀ ਨਦੀ ਵਿਗੜੀ ਹੈ ਭਾਵ ਮਿਲੀ ਹੈ ਸੋ ਨਦੀ ਗੰਗਾ ਦਾ ਰੂਪ ਹੀ ਹੋ ਨਿਬੜੀ (ਗਈ) ਹੈ ॥

**ਬਿਗਰਿਓ. ਕਬੀਰਾ ਰਾਮ ਦੁਹਾਈ ॥**

**ਸਾਚੁ ਭਇਓ ਅਨ ਕਤਹਿ ਨ ਜਾਈ ॥ ੧ ॥ ਰਹਾਉ ॥**

ਮੈਨੂੰ ਵਾਹਿਗੁਰੂ ਦੀ ਦੁਹਾਈ ਹੈ ਇਕੁਰ ਹੀ ਕਬੀਰਾ ਸਤਿਸੰਗ ਨਾਲ ਮਿਲਕੇ ਵਿਗੜ ਗਿਆ ਹੈ ਸੱਚੇ ਦਾ ਰੂਪ ਹੀ ਹੋਇਆ ਹੈ, ਹੋਰ ਦੇਵੀ ਦੇਵਤਾ ਕਿਸੇ ਵੱਲ ਨਹੀਂ ਜਾਂਦਾ ॥

**ਚੰਦਨ ਕੈ ਸੰਗਿ ਤਰਵਰੁ ਬਿਗਰਿਓ ॥**

**ਸੋ ਤਰਵਰੁ ਚੰਦਨੁ ਹੋਇ ਨਿਬਰਿਓ ॥ ੨ ॥**

ਤਰਵਰ = ਚੰਗਾ ਬ੍ਰਿਛ ॥

ਜਿੱਕੁਰ ਚੰਦਨ ਦੇ ਨਾਲ ਮਿਲਕੇ ਜੇਹੜਾ ਬ੍ਰਿਛ ਵਿਗੜਿਆ ਹੈ ਸੋ ਬ੍ਰਿਛ ਚੰਦਨ ਦਾ ਰੂਪ ਹੀ ਹੋ ਨਿਬੜਿਆ (ਗਿਆ) ਹੈ ॥

**ਪਾਰਸ ਕੇ ਸੰਗ ਤਾਂਬਾ ਬਿਗਰਿਓ ॥**
**ਸੋ ਤਾਂਬਾ ਕੰਚਨੁ ਹੋਇ ਨਿਬਰਿਓ ॥ ੩ ॥**

ਕੰਚਨ = ਸੋਨਾ ।

ਜਿੱਕੁਰ ਪਾਰਸ ਦੇ ਨਾਲ ਲੱਗਕੇ ਜੇਹੜਾ ਤਾਮਾਂ ਵਿਗੜਿਆ ਹੈ ਓਹ ਤਾਮਾਂ ਸੋਨੇ ਦਾ ਰੂਪ ਹੀ ਹੋ ਨਿਬੜਿਆ (ਗਿਆ) ਹੈ ॥

**ਸੰਤਨ ਸੰਗਿ ਕਬੀਰਾ ਬਿਗਰਿਓ ॥**
**ਸੋ ਕਬੀਰੁ ਰਾਮੈ ਹੋਇ ਨਿਬਰਿਓ ॥ ੪ ॥ ੫ ॥**

ਇੱਕੁਰ ਹੀ ਸੰਤਾਂ ਨਾਲ ਮਿਲਕੇ ਕਬੀਰਾ ਵਿਗੜਿਆ ਹੈ, ਸੋ ਕਬੀਰ ਵਾਹਿਗੁਰੂ ਦਾ ਰੂਪ ਹੀ ਹੋ ਨਿਬੜਿਆ (ਗਿਆ) ਹੈ ।

**ਮਾਥੇ ਤਿਲਕੁ ਹਥਿ ਮਾਲਾ ਬਾਨਾਂ ॥**
**ਲੋਗਨ ਰਾਮੁ ਖਿਲਉਨਾ ਜਾਨਾਂ ॥੧॥**

ਬਾਨਾਂ = ਬਾਣਾਂ ਵਾ ਬਣਾਈ ॥

ਮੱਥੇ ਤੇ ਤਿਲਕ ਹੱਥ ਵਿਚ ਮਾਲਾ ਬਣਾਈ (ਫੜੀ) ਹੈ । ਲੋਗਾਂ ਨੇ ਵਾਹਿਗੁਰ ਨੂੰ ਖਲੌਣਾਂ ਜਾਣਿਆਂ ਹੈ ।

**ਜਉ ਹਉ ਬਉਰਾ ਤਉ ਰਾਮ ਤੋਰਾ ॥**
**ਲੋਗੁ ਮਰਮੁ ਕਹ ਜਾਨੈ ਮੋਰਾ ॥ ੧ ॥ ਰਹਾਉ ॥**

ਮਰਮੁ = ਭੇਦ ॥

ਹੇ ਵਾਹਿਗੁਰੂ ਜੇ ਮੈਂ ਬੌਰਾ ਹਾਂ ਤੇ ਤਾਂ ਵੀ ਤੇਰਾ ਹੀ ਹਾਂ, ਲੋਕ ਵਿਚਾਰੇ ਮੇਰਾ ਭੇਦ ਕਿਆ ਜਾਣ ਸਕਦੇ ਹਨ ॥

**ਤੋਰਉ ਨ ਪਾਤੀ ਪੂਜਉ ਨ ਦੇਵਾ ॥**
**ਰਾਮ ਭਗਤਿ ਬਿਨੁ ਨਿਹਫਲ ਸੇਵਾ ॥ ੨ ॥**

ਬੂਟਿਆਂ ਦੇ ਪੱਤੇ ਨਹੀਂ ਤੋੜਾਂਗਾ, ਦੇਵ ਨਹੀਂ ਪੂਜਾਂਗਾ ਕਿਉਂਕਿ ਵਾਹਿਗੁਰੂ ਦੀ ਭਗਤੀ ਤੋਂ ਬਿਨਾਂ ਹੋਰ ਸਾਰੀ ਬਿਅਰਥ ਸੇਵਾ ਹੈ ।

**ਸਤਿਗੁਰੁ ਪੂਜਉ ਸਦਾ ਸਦਾ ਮਨਾਵਉ ॥**

**ਐਸੀ ਸੇਵ ਦਰਗਹ ਸੁਖੁ ਪਾਵਹੁ ॥ ੩ ॥**

ਮੈਂ ਸਤਿਗੁਰਾਂ ਨੂੰ ਪੂਜਾਂਗਾ ਸਦਾ ਸਦਾ ਮਨਾਵਾਂਗਾ ਇੱਕੁਰ ਦੀ ਸੇਵਾ ਨਾਲ ਦਰਗਾਹ ਵਿਚ ਸੁਖ ਪਾਵਾਂਗਾ।

**ਲੋਗੁ ਕਹੈ ਕਬੀਰੁ ਬਉਰਾਨਾ ॥**

**ਕਬੀਰ ਕਾ ਮਰਮੁ ਰਾਮ ਪਹਿਚਾਨਾ ॥ ੪ ॥ ੬ ॥**

ਮਰਮ = ਭੇਦ। ਪਹਿਚਾਨਾ = ਜਾਣਿਆਂ।

ਲੋਗ ਆਖਦੇ ਹਨ ਕਬੀਰ ਬੌਰਾ ਹੈ ਪਰ ਕਬੀਰ ਦਾ ਭੇਦ ਵਾਹਿਗੁਰੂ ਨੇ ਜਾਣਿਆਂ ਹੈ।

**ਉਲਟਿ ਜਾਤਿ ਕੁਲ ਦੋਊ ਬਿਸਾਰੀ ॥**

**ਸੁੰਨ ਸਹਜ ਮਹਿ ਬੁਨਤ ਹਮਾਰੀ ॥੧॥**

ਸੁੰਨ ਸਹਜ = ਅਫੁਰ ਤੇ ਸਹਜ ਦੀ ਤਾਣੀ ਅਸੀਂ ਉਣਦੇ ਹਾਂ।

ਹਿੰਦੂ ਮੁਸਲਮਾਨਾਂ ਵਾਲੇ ਕਰਮਾਂ ਵਲੋਂ ਉਲਟਕੇ ਜਾਤੀ ਕੁਲ ਦੋਵੇਂ ਵਿਸਾਰ ਦਿਤੀਆਂ ਹਨ, ਅਫੁਰ ਵਾਹਿਗੁਰੂ ਵਿਚ ਸਾਡੀ ਸਹਿਜੇ ਹੀ ਤਾਣੀ ਦੀ ਬੁਣਤ (ਬ੍ਰਿਤੀ ਪ੍ਰਵੇਸ਼) ਹੋ ਰਹੀ ਹੈ।

**ਹਮਰਾ ਝਗਰਾ ਰਹਾ ਨ ਕੋਊ ॥**

**ਪੰਡਿਤ ਮੁਲਾਂ ਛਾਡੇ ਦੋਊ ॥ ੧ ॥ ਰਹਾਉ ॥**

ਸਾਡਾ ਝਗੜਾ ਕੋਈ ਨਹੀਂ ਰਿਹਾ, ਕਿਉਂਕਿ ਪੰਡਤ ਮੁੱਲਾਂ ਦੋਵੇਂ ਛੱਡ ਦਿਤੇ ਹਨ। ਭਾਵ ਏਨ੍ਹਾਂ ਦੇ ਕੰਮ ਛੱਡ ਦਿਤੇ ਹਨ।

**ਬੁਨਿ ਬੁਨਿ ਆਪ ਆਪੁ ਪਹਿਰਾਵਉ ॥**

**ਜਹ ਨਹੀ ਆਪੁ ਤਹਾ ਹੋਇ ਗਾਵਉ ॥ ੨ ॥**

ਗਿਆਨ ਬਸਤ੍ਰ ਨੂੰ ਉਣ ਉਣਕੇ ਆਪਣੇ ਆਪਨੂੰ ਪੌਂਦਾ ਹਾਂ, ਜਿਥੇ (ਸਤਸੰਗ ਵਿੱਚ) ਆਪਾ ਭਾਵ ਨਹੀਂ ਓਥੇ ਮੈਂ ਟਿਕਕੇ ਗਾਉਂਦਾ ਹਾਂ ਭਾਵ ਲੋਕਾਂ ਨੂੰ ਉਪਦੇਸ਼ ਦੇਂਦਾ ਹਾਂ।

**ਪੰਡਿਤ ਮੁਲਾਂ ਜੋ ਲਿਖਿ ਦੀਆ ॥**

**ਛਾਡਿ ਚਲੇ ਹਮ ਕਛੂ ਨ ਲੀਆ ॥ ੩ ॥**

ਜੇਹੜਾ ਪੰਡਤ ਮੁਲਾਂ ਦੋਹਾਂ ਨੇ ਲਿਖ ਦਿਤਾ ਹੈ ਉਸ ਵਿਚੋਂ ਅਸਾਂ ਕੁਝ ਨਹੀਂ ਲਿਆ (ਧਾਰਿਆ) ਉਸਨੂੰ ਅਸੀਂ ਏਥੇ ਹੀ ਛੱਡ ਚਲੇ ਹਾਂ ਭਾਵ ਏਨ੍ਹਾਂ ਦੋਹਾਂ ਦੇ ਮਤ ਤਿਆਗਕੇ ਅਸੀਂ ਵਾਹਿਗੁਰੂ ਦੇ ਨਾਮ ਵਲ ਲਗੇ ਹੋਏ ਹਾਂ।

**ਰਿਦੈ ਇਖਲਾਸੁ ਨਿਰਖ ਲੇ ਮੀਰਾ ॥**
**ਆਪੁ ਖੋਜਿ ਖੋਜਿ ਮਿਲੇ ਕਬੀਰਾ ॥ ੪ ॥ ੭ ॥**

ਇਖਲਾਸ = ਨਿਸਕਪਟ, ਪ੍ਰੇਮ।

ਰਿਦੇ ਵਿਚ ਵਾਹਿਗੁਰੂ ਪਾਤਸ਼ਾਹ ਦਾ ਪ੍ਰੇਮ ਵੇਖ ਲਿਆ ਹੈ, ਆਪਣੇ ਆਪ ਨੂੰ ਆਪ ਹੀ ਖੋਜ ਖੋਜਕੇ ਕਬੀਰ ਜੀ ਮਿਲੇ ਹਨ।

**ਨਿਰਧਨ ਆਦਰੁ ਕੋਈ ਨ ਦੇਇ ॥**
**ਲਾਖ ਜਤਨ ਕਰੈ*ਓਹੁ ਚਿਤਿ ਨ ਧਰੇਇ ॥ ੧ ॥ ਰਹਾਉ ॥**

ਜਗਤ ਵਿਚ ਕੰਗਾਲ ਨੂੰ ਆਦਰ ਕੋਈ ਨਹੀਂ ਦੇਂਦਾ। ਜੇ ਕੰਗਾਲ ਧਨੀ ਦੀ ਖਾਤਰ ਕਰਨ ਵਾਸਤੇ ਚਿਤ ਵਿਚ ਅਨੇਕਾਂ ਯਤਨ ਵੀ ਕਰੇ ਤੇ ਤਾਂ ਵੀ ਓਹ ਧਨੀ ਚਿਤ ਵਿੱਚ ਇਕ ਨਹੀਂ ਧਰਦਾ ਕਿਆ ਖਿਆਲ ਕਰਦਾ।

**ਜਉ ਨਿਰਧਨੁ ਸਰਧਨ ਕੈ ਜਾਇ ॥**
**ਆਗੇ ਬੈਠਾ ਪੀਠਿ ਫਿਰਾਇ ॥ ੧ ॥**

ਜੇ ਕੰਗਾਲ ਧਨੀ ਦੇ ਪਾਸ ਜਾਵੇ ਤਾਂ ਅੱਗੇ ਧਨੀ ਬੈਠਾ ਹੋਯਾ ਪਿੱਠ ਮੋੜ ਬੈਠਦਾ ਹੈ।

**ਜਉ ਸਰਧਨੁ ਨਿਰਧਨ ਕੈ ਜਾਇ ॥**
**ਦੀਆ ਆਦਰੁ ਲੀਆ ਬੁਲਾਇ ॥ ੨ ॥**

ਜੇ ਧਨੀ ਕੰਗਾਲ ਦੇ ਘਰ ਚਲਿਆ ਜਾਵੇ ਤਾਂ ਕੰਗਾਲ ਆਦਰ ਦੇਕੇ ਬੈਠਾ ਲੈਂਦਾ ਹੈ।

(ਅਫਸੋਸ)

**ਨਿਰਧਨ ਸਰਧਨੁ ਦੋਨਉ ਭਾਈ ॥**
**ਪ੍ਰਭ ਕੀ ਕਲਾ ਨ ਮੇਟੀ ਜਾਈ ॥ ੩ ॥**

ਕੰਗਾਲ, ਧਨੀ ਦੋਨੋਂ ਭਰਾ ਹਨ, ਵਾਹਿਗੁਰੂ ਦੀ ਸ਼ਕਤੀ ਨਹੀਂ ਮੇਟੀ ਜਾਂਦੀ।

**ਕਹਿ ਕਬੀਰ †ਨਿਰਧਨ ਹੈ ਸੋਈ ॥**

---

*ਮਾਇਆ ਧਾਰੀ ਅਤਿ ਅੰਨਾ ਬੋਲਾ।

†ਖਾਲਸਾ ਜੀ ਨੂੰ ਇਸ ਸ਼ਬਦ ਤੋਂ ਬਹੁਤ ਸਿਖਿਆ ਲੈਣੀ ਚਾਹੀਦੀ ਹੈ ਕਿ ਜੇਹੜੇ ਧਨੀ ਹਨ ਉਹ ਧਨ ਦੀ ਮਸਤੀ ਕਰਕੇ ਗਰੀਬ ਸਿੱਖਾਂ ਨੂੰ ਮਾੜਾ ਨਾ ਜਾਨਣ ਅਤੇ ਜਿਥੋਂ ਤੱਕ ਹੋ ਸਕੇ ਉਨ੍ਹਾਂ ਦੀ ਸਹਾਇਤਾ ਕਰਨ।

**ਜਾਕੇ ਹਿਰਦੈ ਨਾਮੁ ਨ ਹੋਈ ॥ ੪ ॥ ੮ ॥**

ਕਬੀਰ ਜੀ ਕਹਿੰਦੇ ਹਨ ਨਿਰਧਨ ਓਹੁ ਹੈ ਜਿਸਦੇ ਰਿਦੇ ਵਿੱਚ ਵਾਹਿਗੁਰੂ ਦਾ ਨਾਮ ਨਾ ਹੋਵੇ ॥

**ਗੁਰ ਸੇਵਾ ਤੇ ਭਗਤਿ ਕਮਾਈ ॥**
**ਤਬ ਇਹ *ਮਾਨਸ ਦੇਹੀ ਪਾਈ ॥**

ਗੁਰਾਂ ਦੀ ਸੇਵਾ ਕਰਕੇ ਉਪਦੇਸ਼ ਲਿਆ ਤਾਂ ਵਾਹਿਗੁਰੂ ਦੀ ਭਗਤੀ ਕੀਤੀ ਤੇ ਤਦ ਇਹ ਮਾਨਸ ਦੇਹੀ ਪਾਈ ॥

**ਇਸ ਦੇਹੀ ਕਉ ਸਿਮਰਹਿ ਦੇਵ ॥**
**ਸੋ ਦੇਹੀ ਭਜੁ ਹਰਿ ਕੀ ਸੇਵ ॥ ੧ ॥**

ਇਸ ਦੇਹੀ ਨੂੰ ਦੇਵਤੇ ਵੀ ਯਾਦ ਕਰਦੇ ਹਨ ਸੋ ਇਸ ਦੇਹੀ ਨੂੰ ਪਾਕੇ ਵਾਹਿਗੁਰੂ ਦੀ ਸੇਵਾ ਨੂੰ ਯਾਦ ਕਰੋ ॥

**ਭਜਹੁ ਗੋਬਿੰਦ ਭੂਲਿ ਮਤ ਜਾਹੁ ॥**
**ਮਾਨਸ ਜਨਮ ਕਾ ਏਹੀ ਲਾਹੁ ॥ ੧ ॥ ਰਹਾਉ ॥**

ਵਾਹਿਗੁਰੂ ਨੂੰ ਯਾਦ ਕਰੋ ਮਤ ਭੁਲ ਜਾਵੋ ਮਨੁਖਾ ਜਨਮ ਦਾ ਏਹੀ ਲਾਭ ਹੈ ॥

**ਜਬ ਲਗੁ ਜਰਾ ਰੋਗੁ ਨਹੀ ਆਇਆ ॥**
**ਜਬ ਲਗੁ ਕਾਲਿ ਗ੍ਰਸੀ ਨਹੀ ਕਾਇਆ ॥**

ਜਰਾ = ਬੁਢੇਪਾ ।

ਜਿੰਨਾ ਚਿਰ ਬੁਢੇਪਾ ਰੋਗ ਨਹੀਂ ਆਯਾ, ਜਿੰਨਾ ਚਿਰ ਕਾਲ ਨੇ ਕਾਇਆਂ ਨਹੀਂ ਗ੍ਰਸੀ ॥

**†ਜਬ ਲਗੁ ਬਿਕਲ ਭਈ ਨਹੀ ਬਾਨੀ ॥**

---

*ਅਵਰ ਜੋਨਿ ਤੇਰੀ ਪਨਿਹਾਰੀ ॥
ਇਸ ਧਰਤੀ ਮਹਿ ਤੇਰੀ ਸਿਕਦਾਰੀ ॥ (ਆਸਾ ਗੁਰੂ ੫)
ਲਖ ਚਉਰਾਸੀਹ ਜੋਨਿ ਸਬਾਈ ।
ਮਾਣਸ ਕਉ ਪ੍ਰਭ ਦੀਈ ਵਡਿਆਈ ॥
ਇਸ ਪਉੜੀ ਤੇ ਜੋ ਨਰ ਚੂਕੈ ਸੋ ਆਇ ਜਾਇ ਦੁਖ ਪਾਇਦਾ ॥
(ਮਾਰੂ ਸੋਲਹੇ ਗੁਰੂ ੫)

†ਦੇਖੋ ਸੋਰਠ ਵਿਚੋਂ ਭਗਤ ਭੀਖਣ ਜੀ ਦਾ ਸਬਦ-ਨੈਨਹੁ ਨੀਰ ॥

**ਭਜਿ ਲੇਹਿ ਰੇ ਮਨ ਸਾਰਿਗ ਪਾਨੀ ॥ ੨ ॥**

ਜਿਨਾਂ ਚਿਰ ਬਾਣੀ ਵਿਆਕੁਲ ਨਹੀਂ ਹੋਈ ਓਨੇ ਚਿਰ ਤੋਂ ਉਰੇ ਉਰੇ ਹੇ ਮਨ ਜੇ ਵਾਹਿਗੁਰੂ ਨੂੰ ਯਾਦ ਕੀਤਾ ਜਾਂਦਾ ਹਈ ਤਾਂ ਕਰ ਲੈ ॥

**ਅਬ ਨ ਭਜਸਿ ਭਜਸਿ ਕਬ ਭਾਈ ॥**

***ਆਵੈ ਅੰਤੁ ਨ ਭਜਿਆ ਜਾਈ ॥**

ਹੇ ਭਾਈ ਹੁਣ ਨ ਯਾਦ ਕਰੋਗੇ ਤਾਂ ਫਿਰ ਕਦੋਂ ਯਾਦ ਕਰੋਗੇ ਜਦ ਸਰੀਰ ਦਾ ਅੰਤ ਹੋਣ ਤੇ ਆਯਾ ਤਾਂ ਨਹੀਂ ਯਾਦ ਕੀਤਾ ਜਾਣਾ।

**ਜੋ ਕਿਛੁ ਕਰਹਿ ਸੋਈ ਅਬ ਸਾਰੁ ॥**

**ਫਿਰਿ ਪਛੁਤਾਹੁ ਨ ਪਾਵਹੁ ਪਾਰੁ ॥ ੩ ॥**

ਸਾਰੁ = ਚੰਗਾ ਵਾ ਕਰ।

ਜੋ ਕੁਝ ਕਰ ਸਕਦਾ ਹੈਂ ਸੋ ਹੁਣੇ ਹੀ ਕਰ, ਫਿਰ ਅਫਸੋਸ ਕਰੇਂਗਾ ਅਤੇ ਸੰਸਾਰ ਸਮੁੰਦ੍ਰ ਦਾ ਅੰਤ ਨਹੀਂ ਪਾਵੇਂਗਾ ਵਾ ਪਛਤੌਣ ਦੇ ਪਾਰ ਨੂੰ ਨਹੀਂ ਪਾ ਸਕੇਂਗਾ ॥

**ਸੋ ਸੇਵਕੁ ਜੋ ਲਾਇਆ ਸੇਵ ॥ ਤਿਨਹੀ ਪਾਏ ਨਿਰੰਜਨ ਦੇਵ ॥**

ਸੋ ਸੇਵਕ ਹਨ ਜੇੜ੍ਹੇ ਉਸਨੇ ਆਪਣੀ ਸੇਵਾ ਵਿੱਚ ਲਾਏ ਹਨ ਤਿਨ੍ਹਾਂ ਨੇ ਮਾਇਆ ਤੋਂ ਰਹਤ ਦੇਵ ਵਾਹਿਗੁਰੂ ਨੂੰ ਪਾ ਲਿਆ ਹੈ ॥

**ਗੁਰ ਮਿਲਿ ਤਾਕੇ ਖੁਲ੍ਹੇ ਕਪਾਟ ॥**

**ਬਹੁਰਿ ਨ ਆਵੈ ਜੋਨੀ ਬਾਟ ॥ ੪ ॥**

ਗੁਰਾਂ ਨੂੰ ਮਿਲਕੇ ਉਸਦੇ ਜੜਤਾ ਰੂਪ ਤਖਤੇ ਖੁੱਲ ਗਏ ਹਨ ਅਤੇ ਫਿਰ ਓਹ ਜੂਨੀਆਂ ਦੇ ਰਸਤੇ ਨਹੀਂ ਆਉਂਦਾ ॥

---

*ਜੈਸੇ ਘਰ ਲਾਗੈ ਆਗ ਜਾਗ ਕੂਆ ਖੋਦਜੋ ਚਾਹੇ ਕਾਰਜ ਨ ਸਿੱਧ ਹੋਇ ਰੋਇ ਪਛਤਾਈਐ। ਜੈਸੇ ਤੌ ਸੰਗ੍ਰਾਮ ਸਮੈ ਸੀਖ੍ਯੋ ਚਾਹੇ ਬੀਰ ਬਿੱਦਜਾ ਅਨਥਾ ਉੱਦਮ ਜੈਤ ਪਦਵੀ ਨ ਪਾਈਐ। ਜੈਸੇ ਨਿਸ ਸੋਵਤ ਸੰਗਾਤੀ ਚਲਜਾਤ ਪਾਛੈ ਭੋਰ ਭਏ ਭਾਰ ਬਾਧ ਚਲੇ ਕਤ ਜਾਈਐ ॥ ਤੈਸੇ ਮਾਯਾ ਧੰਧ ਅੰਧ ਅਵਧ ਬਿਹਾਇ ਜਾਇ ਅੰਤ ਕਾਲ ਕੈਸੇ ਹਰਿਨਾਮ ਲਿਵ ਲਾਈਐ ॥

(ਭਾਈ ਗੁਰਦਾਸ ਜੀ ਕਬਿਤ ੪੯੫)

†ਫਰੀਦਾ ਇਨ ਨਿਕੀ ਜੰਘੀਐ ਥਲ ਡੂਗਰ ਭਵਿਓਮ ॥
ਅਜ ਫਰੀਦੈ ਕੂਜੜਾ ਸੈ ਕੋਹਾ ਥੀ ਓਮਿ ॥

**ਇਹੀ ਤੇਰਾ ਅਉਸਰੁ ਇਹ ਤੇਰੀ ਬਾਰ ॥**
**ਘਟ ਭੀਤਰਿ ਤੂ ਦੇਖੁ ਬੀਚਾਰਿ ॥**

ਏਹੋ ਹੀ ਤੇਰਾ ਮਨੁਖਾ ਜਨਮ ਰੂਪ ਤਰਨ ਦਾ ਵੇਲਾ ਹੈ ਅਤੇ ਏਹੋ ਹੀ ਤੇਰੀ ਵਾਰੀ ਹੈ ਰਿਦੇ ਰੂਪ ਘਟ ਵਿਚ ਤੂੰ ਵਿਚਾਰਕੇ ਦੇਖ ॥

**ਕਹਤ ਕਬੀਰੁ ਜੀਤਿ ਕੈ ਹਾਰਿ ॥**
**ਬਹੁ ਬਿਧਿ ਕਹਿਓ ਪੁਕਾਰਿ ਪੁਕਾਰਿ ॥ ੫ ॥ ੧ ॥ ੯ ॥**

ਕਬੀਰ ਜੀ ਕਹਿੰਦੇ ਹਨ ਜਿੱਤ ਅਥਵਾ ਹਾਰ ਅਸਾਂ ਅਪਨਾ ਫਰਜ਼ ਲਾਹੁਣ ਵਾਸਤੇ ਤੈਨੂੰ ਬਹੁਤ ਤਰਾਂ ਪੁਕਾਰ ੨ ਕੇ ਕਿਹਾ ਹੈ ॥

( ਯੋਗ ਮਾਰਗ )

**ਸਿਵ ਕੀ ਪੁਰੀ ਬਸੈ ਬੁਧਿ ਸਾਰੁ ॥**
**ਤਹ ਤੁਮ੍ ਮਿਲਿਕੈ ਕਰਹੁ ਬਿਚਾਰੁ ॥**

ਸਿਵ ਦੀ ਪੁਰੀ = ਚੈਤੰਨ ਆਤਮਾ ਦਾ ਸ਼ਹਿਰ, ਭਾਵ ਦਸਮ ਦੁਆਰ ।

ਕਲਜਾਨ ਵਾਲੀ ਪੁਰੀ ਵਿਚ ਚੰਗੀ ਅਕਲ ਵਾਲੇ (ਯੋਗੀ) ਵਸਦੇ ਹਨ ਓਥੇ ਤੁਸੀ ਓਨਾਂ ਨਾਲ ਮਿਲਕੇ ਵਾਹਿਗੁਰੂ ਦਾ ਵਿਚਾਰ ਕਰੋ, ਭਾਵ ਭਗਤੀ ਕਰੋ ॥

**ਈਤ ਊਤ ਕੀ ਸੋਝੀ ਪਰੈ ॥**
**ਕਉਨ ਕਰਮ ਮੇਰਾ*ਕਰਿ ਕਰਿ ਮਰੈ ॥੧ ॥**

ਕਉਨ ਕਰਮ = ਕਿਸ ਕੰਮ ਵਾਸਤੇ, ਕਾਹਦੇ ਲਈ ।

ਤੁਹਾਨੂੰ ਏਧਰ ਓਧਰ ਦੀ ਸੋਝੀ ਪੈ ਜਾਵੇਗੀ ਮੇਰਾ ਏਹ ਖਿਆਲ ਹੈ ਕਿ ਇਹ ਕਰਮ ਵਿਚਾਰੇ ਕੌਣ ਹਨ ਜੇਹੜਾ ਏਹਨਾਂ ਨੂੰ ਕਰ ਕਰਕੇ ਮਰੇ ਭਾਵ ਤੁਸੀਂ ਆਪ ਹੀ ਜਾਣ ਲਓਗੇ ਕਿ ਵਾਹਿਗੁਰੂ ਦੀ ਭਗਤੀ ਨੂੰ ਛੱਡਕੇ

*ਇਸ ਤੋਂ ਸਿਧ ਹੋ ਗਿਆ ਹੈ ਕਿ ਯੋਗਾਭਜਾਸ ਭਗਤਾਂ ਦੀ ਪਹਲੀ ਹਾਲਤ ਸੀ, ਜਦ ਵਾਹਿਗੁਰੂ ਦਾ ਪੂਰਾ ਗਿਆਨ ਹੋ ਗਿਆ ਸੀ ਤਾਂ ਇਸ ਪਾਖੰਡ ਤੋਂ ਲੋਕਾਂ ਨੂੰ ਬਚੌਂਦੇ ਸੀ ॥

ਵਿਸੁੱਧੀ ਚੱਕਰ ਗਲ ਵਿਚ ਹੈ ਇਸ ਚੱਕ੍ਰ ਵਿਚ ਜਦੋਂ ਪ੍ਰਾਣ ਆਉਂਦੇ ਹਨ ਤਾਂ ਵਿਸ਼ਨੂੰ ਗੰਢ ਇਕ ਖੋਲ੍ਹੀਦੀ ਹੈ ਫਿਰ ਜੇਹੜਾ ਭਰਵੱਟਿਆਂ ਦੇ ਵਿੱਚ ਆਗਜਾ ਚੱਕਰ ਹੈ ਓਥੇ ਪ੍ਰਾਣ ਟਿਕਦੇ ਹਨ ਫਿਰ ਰੁੱਦ੍ਰ ਗੰਢ ਖੋਲ੍ਹੀਦੀ ਹੈ ਅਗੇ ਦਸਮ ਦੁਆਰਾ ਦਿਸ ਪੈਂਦਾ ਹੈ ।

ਏਨ੍ਹਾਂ ਯੋਗਾਭਯਾਸ ਦੇ ਸਿਆਪਿਆਂ ਵਿੱਚ ਕੇਹੜਾ ਖਪ ਖਪ ਮਰੇ ਵਾ ਮੇਰਾ ੨ ਕਰਕੇ ਐਵੇਂ ਕਿਉਂ ਮਰਦੇ ਜਾਂਦੇ ਹੋ।

**ਨਿਜ ਪਦ ਊਪਰਿ ਲਾਗੋ ਧਿਆਨੁ ॥**

**ਰਾਜਾ ਰਾਮ ਨਾਮੁ ਮੋਰਾ ਬ੍ਰਹਮ ਗਿਆਨੁ ॥ ੧ ॥ ਰਹਾਉ ॥**

ਆਪਣੇ ਪਦ (ਵਾਹਿਗੁਰੂ) ਉਪਰ ਮੇਰਾ ਧਿਆਨ ਲਗਾ ਹੈ ਪ੍ਰਕਾਸ਼ਕ ਨਾਮ ਵਾਲਾ ਜੇਹੜਾ ਮੇਰਾ ਵਾਹਿਗੁਰੂ ਹੈ ਉਸਦਾ ਮੈਨੂੰ ਗਿਆਨ ਹੋਇਆ ਹੈ। ਮੇਰਾ ਬ੍ਰਹਮ ਗਿਆਨ ਨਾਮ ਹੈ।

**ਮੂਲ ਦੁਆਰੈ ਬੰਧਿਆ ਬੰਧੁ ॥**

**ਰਵਿ ਊਪਰ ਗਹਿ ਰਾਖਿਆ ਚੰਦੁ ॥**

ਮੂਲ = ਦੁਆਰੈ। ਪ੍ਰਾਣ ਚੜ੍ਹਾਉਣ ਵੇਲੇ ਗੁਦਾ ਨੂੰ ਗਿਟੇ ਨਾਲ ਬੰਦ ਕਰ ਲਈਦਾ ਹੈ ਗੁਦਾ ਦੇ ਰਾਹ ਪੌਣ ਨਾ ਨਿਕਲੇ। ਰਵਿ = ਸੂਰਜ। ਗਹਿ = ਫੜੀ

ਪਹਿਲਾਂ ਗੁਦਾ ਦੁਆਰੇ (ਥਾਣੀ) ਸੁਆਸਾਂ ਨੂੰ ਅੱਡੀ ਨਾਲ ਬੰਨ ਬੰਨ੍ਹਿਆ (ਰੋਕਿਆ) ਸੂਰਜ ਦੀ ਸੁਰ (ਬਹੁਤ ਗਰਮੀ) ਉਪਰ ਚੰਦ੍ਰਮਾਂ ਨੂੰ ਫੜ ਰਖਿਆ (ਸੀਤਲਤਾ ਕੀਤੀ) ਭਾਵ ਜੇਹੜੀ ਸੂਰਜ ਸੁਰ ਦੀ ਗਰਮੀ ਚੰਦ੍ਰਮਾਂ ਸੁਰ ਤੇ ਪੈਂਦੀ ਸੀ ਉਸਨੂੰ ਜੀਭ ਨਾਲ ਰੋਕ ਰਖਿਆ॥

**ਪਛਮ ਦੁਆਰੈ ਸੂਰਜੁ ਤਪੈ ॥ ਮੇਰ ਡੰਡ ਸਿਰ ਊਪਰਿ ਬਸੈ ॥੨॥**

ਮੇਰ ਡੰਡ = ਸੁਖਮਨਾ ਦੇ ਵਿਚ ਕੰਗਰੋੜ ਦੀ ਹਡੀ ਹੈ ਇਕ ਸਿਰਾ ਇਸਦਾ ਕੁੰਡਲਨੀ ਨੇ ਬੰਦ ਕੀਤਾ ਹੋਯਾ ਹੈ ਦੂਜਾ ਸੰਘ ਦੇ ਵਿੱਚ ਜੇਹੜੀ ਮੋਰੀ ਹੈ ਉਸ ਵਿੱਚ ਆ ਖੁਲਦਾ ਹੈ ਥੱਲਿਓਂ ਪ੍ਰਾਣਾਂ ਨੂੰ ਚੜ੍ਹਾਕੇ ਸੰਘ ਦੀ ਮੋਰੀ ਵਾਲੇ ਸਿਰੇ ਨੂੰ ਜੀਭ ਨਾਲ ਬੰਦ ਕਰੀਦਾ ਹੈ ਤਾਂ ਫਿਰ ਚੌਥੀ ਭੂਮਿਕਾ ਦੀ ਪ੍ਰਾਪਤੀ ਹੁੰਦੀ ਹੈ।

ਪਿਛਲੇ ਬੰਨੇ ਸੂਰਜ ਸੁਰ ਨੂੰ ਤਪਾਇਆ, ਮੇਰ ਡੰਡ (ਜੇਹੜੀ ਪਿਛਲੇ ਬੰਨੇ ਕੰਗਰੋੜ ਵਲ ਨਾੜ ਹੈ) ਉਸ ਥਾਣੀ ਸਿਰ ਉਪਰ (ਦਸਵੇਂ ਦੁਆਰ) ਵਸ ਜਾਂਦੇ ਹਨ ਭਾਵ ਉਸ ਜਗ੍ਹਾ ਯੋਗੀ ਦੇ ਸੁਆਸ ਰਹਿੰਦੇ ਹਨ।

**ਪਸਚਮ ਦੁਆਰੇ ਕੀ ਸਿਲ ਓੜ ॥**

**ਤਿਹ ਸਿਲ ਊਪਰਿ ਖਿੜਕੀ ਅਉਰ॥**

ਓੜ = ਓਰ, ਵਲ ॥ ਸਿਲ = ਸਿਲਾ ਪੱਥਰ ਦੀ ਮੁਰਾਦ ਮਾਸ ਦੀ ਬੋਟੀ ਭਾਵ ਵਿਸ਼ਨੂੰ ਗੰਢ ॥ ਖਿੜਕੀ = ਰੁਦ ਗੰਢ।

ਉਸ ਪੱਛਮ ਦੁਆਰੇ ਦੀ ਤਰਫ (ਮੇਰ ਡੰਡ ਵਲ) ਇਕ ਮਾਸ ਦੀ

ਬੋਟੀ ਹੈ ਉਸ ਪੱਥਰ ਦੀ ਸਿਲਾ (ਮਾਸ ਦੀ ਬੋਟੀ) ਨੂੰ ਹਟਾਈਏ ਤਾਂ ਸੁਆਸਾਂ ਨੂੰ ਰੋਕਣ ਵਾਲੀ ਅਗੇ ਹੋਰ ਇਕ ਬੋਟੀ ਉਸ ਖਿੜਕੀ ਦੇ ਬੂਹੇ ਅਗੇ ਹੈ ਜਦ ਸੁਆਸ ਉਸਨੂੰ ਚੁਕਣ ਤਾਂ ਉਹ ਖਿੜਕੀ ਨਜ਼ਰ ਆਉਂਦੀ ਹੈ ॥

***ਖਿੜਕੀ ਊਪਰਿ ਦਸਵਾ ਦੁਆਰੁ ॥**

**†ਕਹਿ ਕਬੀਰ ਤਾਕਾ‡ ਅੰਤੁ ਨ ਪਾਰੁ ॥ ੩ ॥ ੨ ॥ ੧੦ ॥**

ਤਿਸ ਖਿੜਕੀ ਉਪਰ ਦਸਵਾਂ ਦੁਆਰ ਹੈ ਕਬੀਰ ਜੀ ਕਹਿੰਦੇ ਹਨ ਉਸਦਾ ਅੰਤ (ਪਾਰਾਵਾਰ) ਨਹੀਂ ਪਾਯਾ ਜਾਂਦਾ ॥

**ਸੋ ਮੁਲਾਂ ਜੋ ਮਨ ਸਿਉ ਲਰੈ ॥**

**ਗੁਰ ਉਪਦੇਸਿ ਕਾਲ ਸਿਉ ਜੁਰੈ ॥**

ਮੁਲਾਂ ਓਹ ਹੈ ਜੇਹੜਾ ਮਨ ਨਾਲ ਲੜੇ, ਗੁਰਾਂ ਦਾ ਉਪਦੇਸ਼ ਲੈਕੇ ਕਾਲ ਨਾਲ (ਜੰਗ ਕਰਨ ਵਿਚ) ਜੁੜੇ ਭਾਵ ਨਾਮ ਜਪਕੇ ਮੌਤ ਨੂੰ ਦੂਰ ਕਰੇ ॥

**ਕਾਲ ਪੁਰਖ ਕਾ ਮਰਦੈ ਮਾਨੁ ॥**

**ਤਿਸੁ ਮੁਲਾ ਕਉ ਸਦਾ ਸਲਾਮੁ ॥ ੧ ॥**

ਮਰਦੈ = ਮਲ ਦੇਵੇ।

ਮਾਰਨ ਵਾਲੇ (ਧਰਮ ਰਾਜਾ) ਆਦਮੀ ਦਾ ਹੰਕਾਰ ਮਲ ਸੁਟੇ ਤਿਸ ਮੁਲਾਂ ਨੂੰ ਮੇਰੀ ਸਦਾ ਸਲਾਮ ਹੈ ॥

**ਹੈ ਹਜੂਰਿ ਕਤ ਦੂਰਿ ਬਤਾਵਹੁ ॥**

**ਦੁੰਦਰ ਬਾਧਹੁ ਸੁੰਦਰ ਪਾਵਹੁ ॥ ੧ ॥ ਰਹਾਉ ॥**

ਦੁੰਦਰ = ਦੂੰਦ, ਦਵੈਤ। ਅੰਦਰ ਪਾਉਂਣ ਵਾਲੇ ਕਾਮ ਆਦਿਕ।

ਵਾਹਿਗੁਰੂ ਪਾਸ ਹੀ ਹੈ ਤੁਸੀਂ ਦੂਰ ਕਿਥੇ (ਕਿਸ ਵਾਸਤੇ) ਦਸਦੇ ਹੋ, ਦਵੈਤ ਪਾਉਣ ਵਾਲਿਆਂ ਨੂੰ ਬੰਨ੍ਹ ਲਵੋ ਤਾਂ ਸੁੰਦਰ ਵਾਹਿਗੁਰੂ ਨੂੰ (ਆਪਣੇ ਅੰਦਰ) ਆਪ ਹੀ ਛੇਤੀ ਨਾਲ ਪਾ ਲਵੋਗੇ ॥

---

*ਦੇਖੋ ਯੋਗ ਮਾਰਗ ਦੇ ਸਾਰੇ ਸਬਦ ਏਸੇ ਪੁਸਤਕ ਦੇ ਸਫੇ ੩੩੦, ੩੩੬, ੩੪੧, ੩੪੬, ੩੬੯, ੩੭੭।

†ਇਸ ਸਬਦ ਦਾ ਇਕ ਵੇਦਾਂਤ ਮਾਰਗ ਦਾ ਅਰਥ ਵੀ ਗਿਆਨੀ ਕਰਦੇ ਹਨ ਸੋ ਤੁਸੀਂ ਅਕਲ ਅਨੁਸਾਰ ਜਾਣੋ ॥

‡ਹਠ ਯੋਗ ਪਰਦੀਪਕਾ ਯਾ ਕਿਸੇ ਹੱਛੇ ਯੋਗੀ ਮਹਾਤਮਾ ਪਾਸੋਂ ਇਸ ਗੱਲ ਦਾ ਗਿਆਨ ਹੋ ਸਕਦਾ ਹੈ ॥

**ਕਾਜੀ ਸੋ ਜੋ ਕਾਇਆ ਬੀਚਾਰੈ ॥**

***ਕਾਇਆ ਕੀ ਅਗਨਿ ਬ੍ਰਹਮੁ ਪਰ ਜਾਰੈ ॥**

ਕਾਜੀ ਉਹ ਹੈ ਜੇਹੜਾ ਕਾਯਾਂ ਨੂੰ ਵਿਚਾਰੇ, ਕਾਯਾਂ ਨੂੰ ਬ੍ਰਹਮ ਅਗਨੀ ਨਾਲ ਸਾੜੇ ॥

**ਸੁਪਨੈ ਬਿੰਦੁ ਨ ਦੇਈ ਝਰਨਾ ॥**

**ਤਿਸੁ ਕਾਜੀ ਕਉ ਜਰਾ ਨ ਮਰਨਾ ॥ ੨ ॥**

ਜਰ੍ਹਾ ਬੁਢੇਪਾ ।

ਬੀਰਜ ਨੂੰ ਸੁਪਨੇ ਵਿਚ ਵੀ ਡਿਗਣ ਨਾ ਦੇਵੇ, ਤਿਸ ਕਾਜੀ ਨੂੰ ਨਾ ਬੁਢੇਪਾ ਅਤੇ ਨ ਮਰਨ ਹੋਂਦਾ ਹੈ ॥

**ਸੋ †ਸੁਰਤਾਨੁ ਜੁ ਦੁਇ ਸਰ ਤਾਨੈ ॥**

**ਬਾਹਰਿ ਜਾਤਾ ਭੀਤਰਿ ਆਨੈ ॥**

ਸੁਰਤਾਨ = ਸੁਲਤਾਨ, ਪਾਤਸ਼ਾਹ । ਵਾ ਸੁਰ ਤਾਨਣ ਵਾਲਾ ਯੋਗੀ ।

ਸਰ = ਬਾਣ । ਭੀਤਰਿ = ਅੰਦਰ ।

ਸੁਰਤਾਨ ਉਸਦਾ ਨਾਮ ਹੈ ਜੇਹੜਾ ਦੋ ਬਾਣਾਂ ਨੂੰ ਆਪਣੀ ਬੁਧੀ ਰੂਪ ਕਮਾਨ ਵਿਚ ਖਿੱਚੇ ਅਤੇ ਬਾਹਰ ਜਾਂਦੇ ਮਨ ਨੂੰ ਅੰਦਰ ਲਿਆਵੇ ॥

**ਗਗਨ ਮੰਡਲ ਮਹਿ ਲਸਕਰੁ ਕਰੈ ॥**

**ਸੋ ‡ਸੁਰਤਾਨ ਛਤ੍ਰੁ ਸਿਰਿ ਧਰੈ ॥ ੩ ॥**

ਗਗਨ = ਅਕਾਸ਼ ।

ਖੁਲੇ ਮੈਦਾਨ ਵਿਚ ਲਸ਼ਕਰ ਨੂੰ ਖੜਾ ਕਰੇ ਅਤੇ ਕਾਮਾਦਿਕ ਵੈਰੀਆਂ ਨਾਲ ਲੜੇ ਸੋ ਪਾਤਸ਼ਾਹ ਆਪਣੇ ਸਿਰ ਤੇ ਯੱਸ ਰੂਪ ਛਤ੍ਰ ਧਰਦਾ ਹੈ ਵਾ ਲੋਕ ਉਸਦੇ ਸਿਰ ਤੇ ਧਰਦੇ ਹਨ ॥

**ਜੋਗੀ ਗੋਰਖੁ ਗੋਰਖੁ ਕਰੈ ॥ ਹਿੰਦੂ ਰਾਮ ਨਾਮੁ ਉਚਰੈ ॥**

*ਵਾ ਕਾਯਾਂ ਦੀ ਜੇਹੜੀ ਤ੍ਰਿਸ਼ਨਾ ਆਦਿਕ ਅਗਨੀ ਬਲ ਰਹੀ ਹੈ ਏਸਨੂੰ ਵਾਹਿਗੁਰੂ ਰੂਪ ਪਾਣੀ ਨਾਲ ਠੰਢੀ ਕਰੇ ॥

†ਰ, ਲ, ਸ੍ਵਰਨੀ ਹੁੰਦੇ ਹਨ ਇਸ ਲਈ ਸੁਲਤਾਨ ਪਾਤਸ਼ਾਹ ਦਾ ਅਰਥ ਕੀਤਾ ਗਿਆ ਹੈ ਅਗੇ ਕਬੀਰ ਦੀਆਂ ਕਬੀਰ ਜਾਣੇ ॥

‡ਸੁਰਾਂ ਨੂੰ ਤਾਨਣ ਵਾਲਾ ਯੋਗੀ ਵੀ ਅਰਥ ਕਰਦੇ ਹਨ ॥

ਜੋਗੀ ਗੋਰਖ ਗੋਰਖ ਹੀ ਕਹਦੇ ਹਨ, ਹਿੰਦੂ ਰਾਮ ਨਾਮ ਹੀ ਉਚਾਰਦੇ ਹਨ ।

**ਮੁਸਲਮਾਨ ਕਾ ਏਕੁ ਖੁਦਾਇ ॥**

**ਕਬੀਰ ਕਾ ਸੁਆਮੀ ਰਹਿਆ ਸਮਾਇ ॥ ੪ ॥ ੩ ॥ ੧੧ ॥**

ਮੁਸਲਮਾਨਾਂ ਦਾ ਖੁਦਾ ਹੀ ਇਕ ਹੈ (ਏਹ ਏਸੇ ਹੀ ਗਲ ਵਿਚ ਮਸਤ ਹਨ) ਪਰ ਕਬੀਰ ਦਾ ਸੁਆਮੀ ਵਾਹਿਗੁਰੂ ਸਾਰੇ ਹੀ ਸਮਾ ਰਿਹਾ ਹੈ।

**ਮਹਲਾ ੫ *॥ ਜੋ ਪਾਥਰ ਕਉ ਕਹਿਤੇ ਦੇਵ ॥**

**ਤਾਕੀ ਬਿਰਥਾ ਹੋਵੈ ਸੇਵ ॥**

ਜੇਹੜੇ ਪੱਥਰ ਨੂੰ ਵਾਹਿਗੁਰੂ ਆਖਦੇ ਹਨ ਓਨਾਂ ਦੀ ਸੇਵਾ ਬਿਅਰਥ ਹੁੰਦੀ ਹੈ ॥

**ਜੋ ਪਾਥਰ ਕੀ ਪਾਂਈ ਪਾਇ ॥**

**ਤਿਸਕੀ ਘਾਲ ਅਜਾਂਈ ਜਾਇ ॥੧॥**

ਜੇਹੜੇ ਪੱਥਰ ਦੀ ਪੈਰੀ ਪੈਂਦੇ ਹਨ ਓਨਾਂ ਦੀ ਕਮਾਈ ਬਿਅਰਥ ਜਾਂਦੀ ਹੈ ॥

**ਠਾਕੁਰੁ ਹਮਰਾ ਸਦ ਬੋਲੰਤਾ ॥**

**ਸਰਬ ਜੀਆ ਕਉ ਪ੍ਰਭੁ ਦਾਨੁ ਦੇਤਾ ॥ ੧ ॥ ਰਹਾਉ ॥**

ਸਾਡਾ ਵਾਹਿਗੁਰੂ ਸਦਾ ਹੀ ਬੋਲਦਾ ਹੈ ਸਾਰੇ ਜੀਆਂ ਨੂੰ ਪ੍ਰਭੂ ਦਾਨ ਦੇਂਦਾ ਹੈ॥

*ਇਹ ਸ਼ਬਦ ਭਗਤਾਂ ਦੀ ਬਾਣੀ ਵਿੱਚ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਆਪਣਾ ਰਖਿਆ ਹੈ ਗੁਰੂ ਜੀ ਭਗਤਾਂ ਨਾਲ ਆਪਣੀ ਅਭੇਦਤਾ ਕਰਦੇ ਹਨ ਪਿਛੇ ਵੀ ਗਉੜੀ ਰਾਗ ਵਿਚ ਗੁਰੂ ਜੀ ਦਾ ਇਕ ਸ਼ਬਦ ਆਯਾ ਹੈ ਦੇਖੋ ਇਸ ਪੁਸਤਕ ਦਾ ਸਫਾ ੨੬ ਮੂਲ ਦੀ ਸਤਰ ੭ ਅਤੇ ਹੋਰ ਦੇਖੋ ਆਸਾ ਰਾਗ ਸਫਾ ੧੮੮ ਤੇ ਗੁਰੂ ਜੀ ਦਾ ਸ਼ਬਦ ਹੈ॥ ਪੱਥਰ ਪੂਜਾ ਖੰਡਨ ਤੇ ਗੁਰੂ ਜੀ ਦਾ ਮੁਹਰਲਾ ਸ਼ਬਦ ਵੀ ਹੈ ।

ਘਰ ਮਹਿ ਠਾਕੁਰ ਨਦਰਿ ਨ ਆਵੈ ॥ ਗਲ ਮਹਿ ਪਾਹਣੁ ਲੈ ਲਟਕਾਵੈ ॥
ਭਰਮੇ ਭੂਲਾ ਸਾਕਤੁ ਫਿਰਤਾ ॥ ਨੀਰੁ ਬਿਰੋਲੈ ਖਪਿ ਖਪਿ ਮਰਤਾ ॥
ਜਿਸੁ ਪਾਹਣ ਕਉ ਠਾਕੁਰੁ ਕਹਿਤਾ ॥ ਓਹ ਪਾਹਣੁ ਲੈ ਉਸ ਕਉ ਡੁਬਤਾ ॥
ਗੁਨਹਗਾਰ ਲੂਣ ਹਰਾਮੀ ॥ ਪਾਹਣ ਨਾਵ ਨ ਪਾਰ ਗਿਰਾਮੀ ॥
ਗੁਰ ਮਿਲਿ ਨਾਨਕ ਠਾਕੁਰੁ ਜਾਤਾ ॥ ਜਲਿ ਥਲਿ ਮਹੀਅਲਿ ਪੂਰਨ ਬਿਧਾਤਾ।

(ਸੂਹੀ ਗੁਰੂ ੫)

**ਅੰਤਰਿ ਦੇਉ ਨ ਜਾਨੈ ਅੰਧੁ ॥ ਭ੍ਰਮ ਕਾ ਮੋਹਿਆ ਪਾਵੈ ਫੰਧੁ ॥**

ਏਹ ਅਗਜਾਨੀ ਇੱਤ੍ਰਰ ਦਾ ਹੈ ਕਿ ਇਸਦੇ ਅੰਦਰ ਹੀ ਵਾਹਿਗੁਰੂ ਹੈ ਉਸਨੂੰ ਨਹੀਂ ਜਾਣਦਾ ਅਤੇ ਭਰਮ ਦਾ ਮੋਹਿਆ ਹੋਇਆ ਮਨ ਨੂੰ ਫਾਹੀਆਂ (ਧੰਧਿਆਂ) ਵਿਚ ਪਾਉਂਦਾ ਹੈ।

**ਨ ਪਾਥਰੁ ਬੋਲੈ ਨਾ ਕਿਛੁ ਦੇਇ ॥**
**ਫੋਕਟ ਕਰਮ ਨਿਹਫਲ ਹੈ ਸੇਵ ॥ ੨ ॥**

ਨਾ ਪੱਥਰ ਬੋਲਦਾ ਹੈ ਨਾ ਕੁਝ ਦੇਂਦਾ ਹੈ, ਓਨਾਂ ਦੇ ਖਾਲੀ ਹੀ ਕੰਮ ਹਨ ਅਤੇ ਨਿਸਫਲ ਹੀ ਸੇਵਾ ਹੈ, ਭਾਵ ਓਨਾਂ ਨੂੰ ਪ੍ਰਾਪਤ ਕੁਝ ਨਹੀਂ ਹੁੰਦਾ ॥

(ਦੇਖੋ)

**ਜੇ ਮਿਰਤਕ ਕਉ ਚੰਦਨੁ ਚੜਾਵੈ ॥**
**ਉਸ ਤੇ ਕਹਹੁ ਕਵਨ ਫਲ ਪਾਵੈ ॥**

ਜੇ ਮੁਰਦੇ ਉਤੇ ਚੰਦਨ ਛਿਣਕੇ ਤਾਂ ਉਸਤੇ (ਤੁਸੀਂ ਹੀ ਦਸੋ ਖਾਂ) ਕੀ ਫਲ ਪਾ ਸਕਦਾ ਹੈ।

**ਜੇ ਮਿਰਤਕ *ਕਉ ਬਿਸਟਾ ਮਾਹਿ ਰੁਲਾਈ ॥**
**ਤਾਂ ਮਿਰਤਕ ਕਾ ਕਿਆ ਘਟਿ ਜਾਈ ॥ ੩ ॥**

ਜੇ ਮੁਰਦੇ ਨੂੰ ਵਿਸਟਾ ਵਿਚ ਰਲਾਈਏ ਤਾਂ ਮਰਦੇ ਦਾ ਕੀ ਘਟ ਜਾਂਦਾ ਹੈ।

**ਕਹਤ ਕਬੀਰ ਹਉ ਕਹਉ ਪੁਕਾਰਿ ॥**
**ਸਮਝਿ ਦੇਖੁ ਸਾਕਤ ਗਾਵਾਰ ॥**

ਕਬੀਰ ਜੀ ਕਹਿੰਦੇ ਹਨ ਮੈਂ ਪੁਕਾਰਕੇ ਕਹਿੰਦਾ ਹਾਂ ਹੇ ਸਾਕਤ ਗਵਾਰ ਤੂੰ ਆਪ ਹੀ ਸਮਝਕੇ ਦੇਖ ।

**ਦੂਜੈ ਭਾਇ ਬਹੁਤੁ ਘਰ ਗਾਲੇ ॥**
**ਰਾਮ ਭਗਤ ਹੈ ਸਦਾ ਸੁਖਾਲੇ ॥ ੪ ॥ ੪ ॥ ੧੨ ॥**

ਦ੍ਵੈਤ ਭਾਵ ਨੇ ਬਹੁਤ ਹੀ ਘਰ ਗਾਲ ਸੁਟੇ ਹਨ, ਵਾਹਿਗੁਰੂ ਦੇ ਭਗਤ ਸਦਾ ਹੀ ਸੁਖੀ ਹਨ।

---

*ਮੁਰਦੇ ਵਾਂਙੂ ਹੀ ਪੱਥਰ ਹੈ ।

(ਪ੍ਰਬਲ ਮਾਇਆ)

**ਜਲ ਮਹਿ ਮੀਨ ਮਾਇਆ ਕੇ ਬੇਧੇ ॥**
**ਦੀਪਕ ਪਤੰਗ ਮਾਇਆ ਕੇ ਛੇਦੇ ॥**

ਮੀਨ = ਮੱਛ ॥ ਬੇਧੇ = ਮਿਲੇ, ਵਿੰਨੇ ॥ ਛੇਦੇ = ਛਿੱਲੇ ॥

ਪਾਣੀ ਵਿਚ ਮੱਛ ਮਾਇਆ ਦੇ ਹੀ ਵਿੰਨੇ ਹੋਏ ਹਨ, ਦੀਵੇ ਉਤੇ ਪਤੰਗੇ ਮਾਇਆ ਦੇ ਹੀ ਛਿੱਲੇ ਹੋਏ ਮਰਦੇ ਹਨ।

**ਕਾਮ ਮਾਇਆ ਕੁੰਚਰ ਕਉ ਬਿਆਪੇ ॥**
**ਭੁਇਅੰਗਮ ਭ੍ਰਿੰਗ ਮਾਇਆ ਮਹਿ ਖਾਪੇ ॥ ੧ ॥**

ਕੁੰਚਰ = ਹਾਥੀ ॥ ਭ੍ਰਿੰਗ = ਭੌਰਾ ॥ ਭੁਇਅੰਗਮ = ਸੱਪ।

(ਕਾਗਜ਼ਾਂ ਦੀ ਹਸਤਣੀ ਦੇਖਕੇ) ਕਾਮ ਰੂਪ ਮਾਇਆ ਹਾਥੀ ਨੂੰ ਵਿਆਪ ਰਹੀ ਹੈ, ਸੱਪ (ਬੀਨ ਨਾਲ) ਭੌਰੇ (ਸੁਗੰਧੀ ਉਤੇ) ਮਾਇਆ ਵਿਚ ਹੀ ਖਪਦੇ ਜਾਂਦੇ ਹਨ।

**ਮਾਇਆ ਐਸੀ ਮੋਹਨੀ ਭਾਈ ॥**
**ਜੇਤੇ ਜੀਅ ਤੇਤੇ ਡਹਕਾਈ ॥ ੧ ॥ ਰਹਾਉ ॥**

ਡਹਕਾਈ = ਭਰਮਾਈ ॥

ਹੇ ਭਾਈ ਮਾਇਆ ਇੱਕੁਰ ਦੀ ਮੋਹਣੀ ਹੈ ਜਿੰਨੇ ਜੀਅ ਹਨ ਉਨੇ ਹੀ ਭਰਮਾ ਛਡੇ ਸੂ।

**ਪੰਖੀ ਮ੍ਰਿਗ ਮਾਇਆ ਮਹਿ ਰਾਤੇ ॥**
**ਸਾਕਰ ਮਾਖੀ ਅਧਿਕ ਸੰਤਾਪੇ ॥**

ਪੰਛੀ ਹਰਨੁ ਮਾਇਆ ਵਿਚ ਰੱਤੇ ਹੋਏ ਹਨ ਮਿਠੇ ਉਤੇ ਮੱਖੀ ਬਹੁਤ ਦੁਖ ਸਹਿੰਦੀ ਹੈ।

**ਤੁਰੇ ਉਸਟ ਮਾਇਆ ਮਹਿ ਭੇਲਾ ॥**
**ਸਿਧ ਚਉਰਾਸੀਹ ਮਾਇਆ ਮਹਿ ਖੇਲਾ ॥ ੨ ॥**

ਤੁਰੇ = ਘੋੜੇ। ਉਸਟ = ਊਠ। ਭੇਲਾ = ਮਿਲੇ ॥

ਹਾਥੀ ਘੋੜੇ ਸਭ ਮਾਇਆ ਵਿਚ ਮਿਲੇ ਹੋਏ ਹਨ ਚੌਰਾਸੀ ਸਿਧ ਵੀ ਮਾਇਆ ਵਿਚ ਖੇਲ ਰਹੇ ਹਨ।

**ਛਿਅ ਜਤੀ ਮਾਇਆ ਕੇ ਬੰਦਾ ॥**
**ਨਵੈ ਨਾਥ ਸੂਰਜ ਅਰ ਚੰਦਾ ॥**

ਨੌ ਨਾਥ ਸੂਰਜ ਅਤੇ ਚੰਦ੍ਰਮਾਂ, ਛੇ ਜਤੀ ਸਭ ਮਾਇਆ ਦੇ ਬੰਦੇ ਹਨ।

**ਤਪੇ ਰਖੀਸਰ ਮਾਇਆ ਮਹਿ ਸੂਤਾ ॥**

**ਮਾਇਆ ਮਹਿ *ਕਾਲੁ ਅਰੁ ਪੰਚ ਦੂਤਾ ॥੩॥**

ਤਪੀ ਰਖੀਸਰ ਸਭ ਮਾਇਆ ਵਿਚ ਸੁਤ ਹੋਏ ਹਨ, ਪੰਜ ਦੂਤ (ਕਾਮਾਦਿਕ) ਅਤੇ ਕਾਲ ਸਭ ਮਾਇਆ ਵਿਚ ਹੀ (ਸੁਤੇ ਹੋਏ ਹਨ)।

**ਸੁਆਨ ਸਿਆਲ ਮਾਇਆ ਮਹਿ ਰਾਤਾ ॥**

**ਬੰਤਰ ਚੀਤੇ ਅਰੁ ਸਿੰਘਾਤਾ ॥**

ਸਿਆਲ = ਗਿਦੜ। ਬੰਤਰ = ਬਾਂਦਰ ॥

ਕੁੱਤੇ, ਗਿੱਦੜ, ਬਾਂਦਰ, ਚਿੱਤ੍ਰੇ ਅਤੇ ਸ਼ੇਰ ਸਭ ਮਾਇਆ ਵਿਚ ਰੱਤੇ ਹੋਏ ਹਨ।

**ਮਾਜਾਰ ਗਾਡਰ ਅਰੁ ਲੂਬਰਾ ॥**

**ਬਿਰਖ ਮੂਲ ਮਾਇਆ ਮਹਿ ਪਰਾ ॥ ੪ ॥**

ਮਾਜਾਰ = ਬਿੱਲੇ । ਗਾਡਰ = ਭੇਡ ॥

ਬਿੱਲੇ, ਭੇਡ ਅਤੇ ਲੂੰਬੜੇ, ਬ੍ਰਿਛਾਂ ਦੇ ਮੁੱਢ ਵੀ ਮਾਇਆ ਵਿਚ ਹੀ ਪਏ ਹੋਏ ਹਨ।

**ਮਾਇਆ ਅੰਤਰਿ ਭੀਨੇ ਦੇਵ ॥ ਸਾਗਰ ਇੰਦ੍ਰਾ ਅਰੁ ਧਰਤੇਵ ॥**

ਭੀਨੇ = ਭਿੱਜੇ। ਸਾਗਰ = ਸਮੁਦ੍ਰ। ਧਰਤੇਵ = ਧਰਤੀ,
ਏਵ = ਇੱਕੁਰ ਵਾ ਨਿਸਚੇ।

ਮਾਇਆ ਵਿਚ ਸਭ ਦੇਵਤੇ ਭਿੱਜੇ ਹੋਏ ਹਨ, ਸਮੁਦਰ, ਇੰਦ੍ਰ, ਅਤੇ ਧਰਤੀ ਆਦਿਕ ਹੋਰ ਕਿਸੇ ਦੀ ਗਿਣਤੀ ਕੀ ਕਰਨੀ ਹੈ।

**ਕਹਿ ਕਬੀਰ ਜਿਸੁ ਉਦਰੁ ਤਿਸੁ ਮਾਇਆ ॥**

**ਤਬ ਛੂਟੇ ਜਬ ਸਾਧੂ ਪਾਇਆ ॥ ੫ ॥ ੫ ॥ ੧੩ ॥**

ਕਬੀਰ ਜੀ ਕਹਿੰਦੇ ਹਨ ਹੇ ਭਾਈ ਜਿਸਨੂੰ ਪੇਟ ਹੈ ਉਸਨੂੰ ਅਵੱਸ਼ਜ ਹੀ ਮਾਇਆ ਲੱਗੀ ਹੋਈ ਹੈ, ਏਹ ਜੀਵ ਤਦ ਇਸ ਡਾਇਣ ਤੋਂ ਛੁਟ ਸਕਦਾ ਹੈ, ਜਦ ਸਾਧੂ ਨੂੰ ਪਾਵੇ, ਭਾਵ ਕਿਸੇ ਚੰਗੇ ਮਹਾਤਮਾ ਨੂੰ ਮਿਲੇ।

**ਜਬਲਗੁ ਮੇਰੀ ਮੇਰੀ ਕਰੈ ॥ ਤਬ ਲਗੁ ਕਾਜੁ ਏਕ ਨਹੀ ਸਰੈ ॥**

---

*ਕਾਲ ਪਦ ਇਸ ਜਗਾ ਦੋ ਪਦਾਂ ਦਾ ਬੋਧਕ ਹੈ, ਇਕ ਸਮਾਂ ਦੂਜਾ ਧਰਮ ਰਾਜਾ।

ਜਿੰਨਾ ਚਿਰ (ਏਹ ਆਦਮੀ) ਮੇਰੀ (ਇਸਤ੍ਰੀ) ਮੇਰੀ (ਜ਼ਮੀਨ) ਕਰਦਾ ਹੈ, ਓਨਾਂ ਚਿਰ ਇਕ ਕੰਮ ਵੀ ਨਹੀਂ ਸਰਦਾ।

**ਜਬ ਮੇਰੀ ਮੇਰੀ ਮਿਟਿ ਜਾਇ ॥**

**ਤਬ ਪ੍ਰਭ ਕਾਜੁ ਸਵਾਰਹਿ ਆਇ ॥ ੧ ॥**

ਜਦੋਂ ਮੇਰੀ ਮੇਰੀ ਮਿਟ ਜਾਂਦੀ ਹੈ ਤਦੋਂ ਵਾਹਿਗੁਰੂ ਆਪ ਹੀ ਇਸਦੇ ਆਕੇ ਕੰਮ ਸਵਾਰਦਾ ਹੈ।

**ਐਸਾ ਗਿਆਨੁ ਬਿਚਾਰੁ ਮਨਾ ॥**

**ਹਰਿ ਕੀ ਨ ਸਿਮਰਹੁ ਦੁਖ ਭੰਜਨਾ ॥ ੧ ॥ ਰਹਾਉ ॥**

ਹੇ ਮਨ ਇੱਕੁਰ ਦਾ ਗਿਆਨ ਵਿਚਾਰ, ਦੁਖ ਭੰਜਨ ਵਾਹਿਗੁਰੂ ਨੂੰ ਕਿਉਂ ਨਹੀਂ (ਸਿਮਰਦੇ)।

(ਦੇਖ)

**ਜਬ ਲਗ ਸਿੰਘੁ ਰਹੈ ਬਨ ਮਾਹਿ ॥**

**ਤਬ ਲਗੁ ਬਨੁ ਫੂਲੈ ਹੀ ਨਾਹਿ ॥**

ਜਿੰਨਾਂ ਚਿਰ ਸ਼ੇਰ ਬਣ ਵਿਚ ਰਹਿੰਦਾ ਹੈ ਓਨਾਂ ਚਿਰ ਬਣ ਫੁੱਲਦਾ ਹੀ ਨਹੀਂ, ਭਾਵ ਹਰਨ ਆਦਿਕ ਪ੍ਰਸੰਨ ਨਹੀਂ ਹੁੰਦੇ।

**ਜਬਹੀ*ਸਿਆਰੁ ਸਿੰਘ ਕਉ ਖਾਇ ॥**

**ਫੂਲਿ ਰਹੀ ਸਗਲੀ ਬਨ ਰਾਇ ॥ ੨ ॥**

ਜਦੋਂ ਸਿਆਰ ਸ਼ੇਰ ਨੂੰ ਖਾ ਲੈਂਦਾ ਹੈ ਤਾਂ ਸਾਰੀ ਬਨਾਸਪਤੀ ਫੁਲ (ਰਹਿੰਦੀ) ਜਾਂਦੀ ਹੈ ਭਾਵ ਸਭ ਜੀਵ ਖੁਸ਼ ਹੋ ਜਾਂਦੇ ਹਨ।

**ਜੀਤੋ ਬੂਡੈ †ਹਾਰੋ ਤਿਰੈ ॥ ਗੁਰ ਪਰਸਾਦੀ ਪਾਰਿ ਉਤਰੈ ॥**

ਜੇਹੜਾ ਹੰਕਾਰ ਕਰਕੇ ਆਪਣੇ ਆਪਨੂੰ ਜਿਤਿਆ ਹੋਇਆ ਮੰਨਦਾ ਹੈ ਓਹ ਹਾਰ ਜਾਂਦਾ ਹੈ ਜੇਹੜਾ ਆਪਣੇ ਆਪਨੂੰ ਡੁਬਿਆ ਹੋਯਾ (ਨਿੰਮ੍ਰਤਾ ਵਾਲਾ) ਮੰਨਦਾ ਹੈ ਓਹ ਸੰਸਾਰ ਸਮੁੰਦਰ ਤੋਂ ਤਰ ਜਾਂਦਾ ਹੈ ਗੁਰਾਂ ਦੀ ਕ੍ਰਿਪਾ

---

*ਸਿਆਰ ਦਾ ਕੋਸ਼ੀ ਅਰਥ ਗਿੱਦੜ ਹੈ ਪਰ ਮੁਰਾਦ ਸੁਲੱਭ ਜੀਵ ਜੇਹੜਾ ਕਿ ਸ਼ੇਰ ਨੂੰ ਮਾਰਕੇ ਖਾ ਲੈਂਦਾ ਹੈ ਤੋਂ ਹੈ।

†ਵਾ ਜਿਤਿਆ ਡੁਬ ਜਾਂਦਾ ਹੈ ਤੇ ਹਾਰਿਆ ਤਰ ਜਾਂਦਾ ਹੈ ਇਕੁਰ ਵੀ ਕਰਦੇ ਹਨ। ਇਸਦੇ ਅਧਿਕ ਨਿਰਨੇ ਲਈ ਭਾਈ ਗੁਰਦਾਸ ਜੀ ਦੇ ਕਬਿੱਤ; ਵਿੱਚੋਂ ੧੩੯ ਕਬਿੱਤ ਦੀ ਅੰਤਲੀ ਪੰਕਤੀ ਦੇਖੋ।

ਨਾਲ ਪਾਰ ਉਤਰ ਜਾਂਦਾ ਹੈ।

**ਦਾਸੁ ਕਬੀਰ ਕਹੈ ਸਮਝਾਇ ॥**

**ਕੇਵਲ ਰਾਮ ਰਹਹੁ ਲਿਵਲਾਇ ॥ ੩ ॥ ੬ ॥ ੧੪ ॥**

ਕਬੀਰ ਦਾਸ ਜੀ ਸਮਝਾਕੇ ਕਹਿੰਦੇ ਹਨ, ਕੇਵਲ ਵਾਹਿਗੁਰੂ ਵਿੱਚ ਹੀ ਬਿਰਤੀ ਲਾ ਛੱਡੋ।

(ਵਾਹਿਗੁਰੂ ਇੱਕੁਰ ਦੇ ਐਸ੍ਵਰਯ ਹੈ)

***ਸਤਰਿ ਸੈਇ ਸਲਾਰ ਹੈ ਜਾਕੇ ॥ ਸਵਾ*ਲਾਖੁ ਪੈਕਾਬਰ ਤਾਕੇ ॥ ਸੇਖ ਜੁ ਕਹੀਅਹਿ ਕੋਟਿ *ਅਠਾਸੀ ॥ *ਛਪਨ ਕੋਟਿ ਜਾਕੇ ਖੇਲ ਖਾਸੀ ॥ ੧ ॥**

ਸਲਾਰ = ਸਰਦਾਰ ॥ ਛਪਨ = ਛਪਿੰਜਾ ॥ ਖੇਲ ਖਾਸੀ = ਚੰਗੀ ਖੇਡ ॥

ਸੱਤ੍ਰ ਸੌ ਜਿਸਦੇ ਦਰਬਾਰ ਵਿਚ ਸਰਦਾਰ ਹੈ, ਸਵਾ ਲੱਖ ਤਿਸਦੇ ਪਾਸ ਪੈਗੰਬਰ ਹੈ, ਅਠਾਸੀ ਕ੍ਰੋੜ ਸ਼ੇਖ ਕਹੀਦਾ ਹੈ ਜਿਸਦੇ ਬਹੁਤ ਹੀ ਪਾਸ ਰਹਿਣ ਵਾਲੇ ਛਪੰਜਾ ਕਰੋੜ ਯਾਦਵ ਹਨ।

**ਮੋ ਗਰੀਬ ਕੀ ਕੋ ਗੁਜਰਾਵੈ ॥ ਮਜਲਸਿ ਦੂਰਿ ਮਹਲੁ ਕੋ ਪਾਵੈ ॥ ੧ ॥ ਰਹਾਉ ॥ ਤੇਤੀਸ ਕਰੋੜੀ ਹੈ ਖੇਲ ਖਾਨਾ ॥ ਚਉਰਾਸੀ ਲਖ ਫਿਰੈ ਦਿਵਾਨਾਂ ॥**

ਗੁਜਰਾਵੈ = ਪਹੁੰਚੇ ॥

ਮੈਂ ਗਰੀਬ ਦੀ ਉਸ ਪਾਸ ਓਥੋਂ ਤਕ ਬੇਨਤੀ ਕੌਣ ਪਹੁੰਚਾਵੇ ਉਹ ਮਜਲਸ ਦੂਰ ਤਕ ਲਗੀ ਹੋਈ ਹੈ ਉਸ ਮਹਿਲ ਵਾਲੇ ਪਾਸ ਕੌਣ ਪ੍ਰਾਪਤ ਹੋਵੇ ਵਾ ਉਸ ਮਕਾਨ ਤਕ ਕੇਹੜਾ ਪਹੁੰਚੇ। ਤੇਤੀ ਕਰੋੜ ਖੇਲ ਕਰਨ ਵਾਲੇ ਖਾਨ ਹਨ ( ਵਾ ਖੇਲਣ ਵਾਲੇ ਘਰ ਵਾ ਕਾਰਖਾਨੇ ਵਾ ਰਸੋਈਆਂ) ਚੌਰਾਸੀ ਲਖ ਜੀਵ ਜਿਸਦੇ ਸੰਸਾਰ ਰੂਪ ਦਰਵਾਜੇ ਵਿਚ ਦੀਵਾਨਾ ਹੋਯਾ ਫਿਰ ਰਿਹਾ ਹੈ।

**†ਬਾਬਾ ਆਦਮ ਕਉ ਕਿਛੁ ਨਦਰਿ ਦਿਖਾਈ ॥ ਉਨਿ ਭੀ ਭਿਸਤਿ ਘਨੇਰੀ ਪਾਈ॥੨॥ ਦਿਲ ਖਲਹਲੁ ਜਾਕੈ ਜਰਦ ਰੂਬਾਨੀ ॥ ਛੋਡਿ ਕਤੇਬ ਕਰੈ ਸੈਤਾਨੀ ॥**

ਰੂਬਾਨੀ = ਮੂੰਹ ਦਾ ਰੰਗ ॥

---

*ਇਕੁਰ ਦੀਆਂ ਗਿਣਤੀਆਂ ਤੋਂ ਮੁਰਾਦ ਬਹੁਤ ਦੀ ਹੈ।

†ਬਾਬਾ ਆਦਮ ਦਾ ਅਰਥ ਸ਼ਿਵਜੀ ਕਰਦੇ ਹਨ।

ਬਾਬੇ ਵੱਡੇ ਆਦਮੀ ਨੂੰ ਕੁਝ ਉਸਨੇ ਲੰਮੀ ਦ੍ਰਿਸ਼ਟੀ ਦਿਖਾਈ ਹੈ ਸੋ ਉਸਨੇ ਵੀ ਬਹਲੀ ਸਾਰੀ ਸਵਰਗ ਵਿਚ ਰਹਿਣ ਵਾਲੀ ਇਸਥਿਤੀ ਪਾ ਲਈ ਹੈ। ਜਿਸਦਾ ਦਿਲ ਕਾਇਮ ਨਹੀਂ ਹੁੰਦਾ ਉਸਦੇ ਮੂੰਹ ਦਾ ਰੰਗ ਪੀਲਾ ਹੁੰਦਾ ਹੈ। ਕਤਾਬ ਛੱਡਕੇ ਸ਼ੈਤਾਨੀ ਕੰਮ ਕਰਦਾ ਹੈ॥

**ਦੁਨੀਆ ਦੋਸੁ ਰੋਸੁ ਹੈ ਲੋਈ॥ ਅਪਨਾ ਕੀਆ ਪਾਵੈ ਸੋਈ॥੩॥ ਤੁਮ ਦਾਤੇ ਹਮ ਸਦਾ ਭਿਖਾਰੀ॥ ਦੇਉ ਜਬਾਬੁ ਹੋਇ ਬਜਗਾਰੀ॥**

ਬਜਗਾਰੀ = ਗੁਨਹਗਾਰੀ।

ਦੁਨੀਆਂ ਵਿਚ ਕਈ ਤਰਾਂ ਦੇ ਦੋਸ਼ ਹਨ ਪਰ ਗੁੱਸਾ ਸਾਡੇ ਵਰਗੇ ਲੋਕਾਂ (ਵਾ ਵਾਹਿਗੁਰੂ) ਤੇ ਕਰਦੇ ਹਨ, ਸੋ ਆਪਣਾ ਕੀਤਾ ਆਪੇ ਹੀ ਪਾਉਂਦੇ ਹਨ ਤੁਸੀਂ ਦਾਤੇ ਹੋ ਅਸੀਂ ਸਦਾ ਹੀ ਭਿਖਾਰੀ ਹਾਂ, ਜੇ ਅਸੀ ਤੈਨੂੰ ਅਗੋਂ ਜਬਾਬ ਦੇਈਏ ਭਾਵ ਸਾਹਮਣੇ ਬੋਲੀਏ ਤਾਂ ਅਸੀਂ ਤਕਸੀਰ ਵਾਲੇ ਹੁੰਦੇ ਹਾਂ।

**ਦਾਸੁ ਕਬੀਰੁ ਤੇਰੀ ਪਨਹ ਸਮਾਨਾਂ॥ ਭਿਸਤੁ ਨਜੀਕਿ ਰਾਖੁ ਰਹਮਾਨਾ॥ ੪॥ ੭॥ ੧੫॥**

ਪਨਹ = ਸਰਨ।

ਕਬੀਰ ਦਾਸ ਤੇਰੀ ਸਰਨ ਪਿਆ ਹੈ, ਹੇ ਵਾਹਿਗੁਰੂ ਮੈਨੂੰ ਆਪਣੇ ਪਾਸ ਰਖ ਏਹੋ ਹੀ ਮੈਂ ਸੁਰਗ ਸਮਝਦਾ ਹਾਂ।

**ਸਭੁ ਕੋਈ ਚਲਨ ਕਹਤ ਹੈ ਊਹਾਂ॥ ਨਾ ਜਾਨਉ ਬੈਕੁੰਠੁ ਹੈ ਕਹਾਂ॥ ੧॥ ਰਹਾਉ॥ ਆਪ ਆਪ ਕਾ ਮਰਮੁ ਨ ਜਾਨਾਂ॥ ਬਾਤਨ ਹੀ ਬੈਕੁੰਠੁ ਬਖਾਨਾਂ॥ ੧॥**

ਸਭ ਕੋਈ ਓਥੇ ਜਾਣਾਂ ਕਹਿੰਦਾ ਹੈ, ਮੈਂ ਨਹੀਂ ਜਾਣਦਾ ਕਿ ਓਹ ਬੈਕੁੰਠ ਕਿੱਥੇ ਹੈ, ਤੁਸਾਂ ਆਪਣੇ ਆਪ (ਵਾਹਿਗੁਰੁ) ਦਾ ਭੇਦ ਨਹੀਂ ਜਾਣਿਆਂ ਗੱਲਾਂ ਨਾਲ (ਸਰੀਰ ਨਾਲ) ਹੀ ਬੈਕੁੰਠ (ਜਾਣਾਂ) ਕਹਿੰਦੇ ਹੋ॥

**ਜਬ ਲਗੁ ਮਨ ਬੈਕੁੰਠ ਕੀ ਆਸ॥ ਤਬ ਲਗੁ ਨਾਹੀ ਚਰਨ ਨਿਵਾਸ॥ ੨॥ ਖਾਈ ਕੋਟੁ ਨ ਪਰ ਲਪ ਗਾਰਾ॥ ਨਾ ਜਾਨਉ ਬੈਕੁੰਠ ਦੁਆਰਾ॥ ੩॥**

ਪਰ = ਚੰਗੀ ਤਰਾਂ॥ ਲਪ = ਲਿੰਬਣਾਂ॥

ਜਿਨਾਂ ਚਿਰ ਮਨ ਵਿਚ ਬੈਕੁੰਠ ਦੀ ਆਸਾ ਹੈ ਓਨਾਂ ਚਿਰ ਵਾਹਿਗੁਰੂ

ਦੇ ਚਰਨਾਂ ਵਿਚ ਮਨ ਨਹੀਂ ਲਗਦਾ। ਨਾ ਮੈਨੂੰ ਉਸਦੀ ਕੋਈ ਖਾਈ ਦਿਸਦੀ ਹੈ ਨਾ ਉਸਦਾ ਕੋਈ ਕਿਲਾ ਦਖਾਈ ਦੇਂਦਾ ਹੈ ਨਾ ਓਹ ਚੰਗੀ ਤਰਾਂ ਗਾਰੇ ਨਾਲ ਲਿੰਬਿਆ ਹੋਇਆ ਦਿਸਦਾ ਹੈ ਮੈਂ ਨਹੀਂ ਜਾਣਦਾ ਕਿ ਬੈਕੁੰਠ ਦਾ ਦਰਵਾਜਾ ਕਿੱਥੇ ਕੁ ਹੈ ॥

**ਕਹਿ ਕਮੀਰ ਅਬ ਕਹੀਐ ਕਾਹਿ ॥**
**ਸਾਧ ਸੰਗਤਿ ਬੈਕੁੰਠੈ ਆਹਿ ॥ ੪ ॥ ੮ ॥ ੧੬ ॥**

ਕਬੀਰ ਜੀ ਕਹਿੰਦੇ ਹਨ ਹੁਣ ਕੀ ਕਹੀਏ, ਸਾਧ ਸੰਗਤ ਹੀ ਬੈਕੁੰਠ ਹੈ ॥

**ਕਿਉ ਲੀਜੈ ਗਢੁ ਬੰਕਾ ਭਾਈ ॥ ਦੋਵਰ ਕੋਟ *ਅਰੁ ਤੇਵਰ ਖਾਈ ॥ ੧ ॥ ਰਹਾਉ ॥ ਪਾਂਚ†ਪਚੀਸ ਮੋਹ ਮਦ ਮਤਸਰ ਆਡੀ ਪਰਬਲ ਮਾਇਆ ॥**

ਬੰਕਾ = ਟੇਢਾ ਵਾ ਸੁੰਦਰ ॥ ਮਤਸਰ = ਈਰਖਾ ॥ ਆਡੀ = ਟੇਡੀ ਛਵੀ॥

ਹੇ ਭਾਈ ਸਰੀਰ ਰੂਪ ਵਿਖੜਾ ਕਿਲਾ ਕਿੱਕੁਰ (ਜਿੱਤ) ਲਈਏ ਉਸ ਕਿਲੇ ਦੁਵਾਲੇ ਦੁਹਰਾ ਕੋਟ ਅਤੇ ਤੇਹਰੀ ਖਾਈ ਹੈ ਪੰਜ, ਪੰਜੀ ਮੋਂਹ, ਹੰਕਾਰ ਈਰਖਾ, ਬਲ ਵਾਲੀ ਮਾਯਾ ਛਵੀ ਹੈ।

**ਜਨ ਗਰੀਬ ਕੋ ਜੋਰੁ ਨ ਪਹੁਚੈ ਕਹਾ ਕਰਉ ਰਘੁਰਾਇਆ ॥ ੧ ॥ ਕਾਮੁ ‡ਕਿਵਾਰੀ ਦੁਖੁ ਸੁਖੁ ਦਰਵਾਨੀ ਪਾਪੁ ਪੁੰਨੁ ਦਰਵਾਜਾ ॥**

ਓਥੇ ਗਰੀਬ ਦਾਸ ਦਾ ਜ਼ੋਰ ਨਹੀਂ ਪਹੁੰਚਦਾ, ਹੇ ਵਾਹਿਗੁਰੂ ਮੈਂ ਕੀ ਕਰਾਂ। ਕਾਮ ਕਿਵਾਰੀ ਹੈ, ਦੁਖ ਸੁਖ ਡੇਉਢੀ ਬਰਦਾਰ ਦੋ ਹਨ 'ਹਾਇ' ਪਾਪ ਪੰਨ ਦਰਵਾਜ਼ਾ ਹੈ।

**ਕ੍ਰੋਧੁ ਪ੍ਰਧਾਨੁ ਮਹਾ ਬਡਦੁੰਦਰ ਤਹ ਮਨੁ ਮਾਵਾਸੀ ਰਾਜਾ ॥੨॥**

ਕ੍ਰੋਧ ਸਿਰੋਮਣੀ ਵਜ਼ੀਰ, ਮਹਾਂ ਵੱਡੇ ਡੰਡ ਰੌਲਾ ਪੌਣ ਵਾਲਿਆਂ ਨੂੰ ਰੋਕਣ ਵਾਲਾ ਹੈ ਓਥੇ ਉਸ ਕਿਲੇ ਵਿਚ ਵੱਡਾ ਮਨੁ ਰਾਜਾ ਆਕੀ ਹੈ।

**ਸ੍ਵਾਦ ਸਨਾਹ ਟੋਪ ਮਮਤਾ ਕੋ ਕਬਧਿ ਕਮਾਨ ਚਢਾਈ ॥**

*ਰਾਗ ਦ੍ਵੈਖ ਰੂਪ ਕੋਟ, ਤਿੰਨ ਗੁਣਾ ਰੂਪ ਖਾਈ ॥
†ਪੰਜ ਕਾਮਾਦਿਕ ਵਾ ਪੰਜਾਂ ਤਤਾਂ ਦੇ ਪੰਝੀ ਅੰਸ (ਪਰਕਿਰਤਾਂ) ਏਹ ਫੌਜ ਹੈ
‡ਕਿਵਾਰੀ ਨਾਮ ਤਖਤਿਆਂ ਦਾ ਹੈ ॥

**ਤ੍ਰਿਸਨਾ ਤੀਰ ਰਹੇ ਘਟ ਭੀਤਰਿ**
**ਇਉ ਗਢੁ ਲੀਓ ਨ ਜਾਈ ॥ ੩ ॥**

੧ ਸੁਾਦ ਸੰਜੋਇ, ੨ ਟੋਪ ਮਮਤਾ ਦਾ, ੩ ਕੁਬੁਧਿ ਕਮਾਨ ਚੜ੍ਹਾਈ ਹੋਈ ਹੈ, ੪ ਤ੍ਰਿਸ਼ਨਾ ਆਦਿਕ ਤੀਰਾਂ ਨਾਲ ਰਿਦੇ ਰੂਪ (ਘੜਾ) ਭੱਥਾ ਵਿਚੋਂ ਭਰਪੂਰ ਹੋ ਰਿਹਾ ਹੈ, ਇਕੁਰ ਸਰੀਰ ਰੂਪ ਕ੍ਰਿਲਾ ਨਹੀਂ ਜਿਤਿਆ ਜਾਂਦਾ (ਜਾਣਾ) ।

(ਜਿੱਤਣ ਦੀ ਰੀਤੀ)

**ਪ੍ਰੇਮ ਪਲੀਤਾ ਸੁਰਤਿ ਹਵਾਈ ਗੋਲਾ ਗਿਆਨੁ**
**ਚਲਾਇਆ ॥ ਬ੍ਰਹਮ ਅਗਨਿ ਸਹਜੇ ਪਰ**
**ਜਾਲੀ ਏਕਹਿ ਚੋਟ ਸਿਝਾਇਆ ॥ ੪ ॥**

ਸਿਝਾਇਆ = ਜਿੱਤ ਲਿਆ ॥

ਉਤਮ ਬੁਧੀ ਰੂਪ ਤੋਪ ਵਿਚ "ਪ੍ਰੇਮ ਰੂਪ ਪਲੀਤਾ ਅਤੇ ਸ੍ਰੇਸ਼ਟ ਪ੍ਰੀਤੀ ਹਵਾਈ" ਗੁਰਾਂ ਦੇ ਉਪਦੇਸ਼ ਦੁਆਰਾ ਜੇਹੜਾ ਗਿਆਨ ਹੋਇਆ ਹੈ ਏਹ ਅਸਾਂ ਉਸ ਤੋਪ ਵਿਚ ਗੋਲਾ ਪਾਕੇ ਚਲਾਇਆ ਹੈ । ਬ੍ਰਹਮ ਅਗਨੀ ਸਹਜੇ ਹੀ ਹੱਛੀ ਤਰਾਂ ਤਿਸ ਵਿਚ ਪ੍ਰਬਲਤ ਕੀਤੀ ਹੈ, ਇਕ ਹੀ ਚੋਟ ਨਾਲ ਕਿਲਾ ਤੋੜ ਲਿਆ ਹੈ ॥

**ਸਤੁ ਸੰਤੋਖੁ ਲੈ ਲਰਨੇ ਲਾਗਾ ਤੋਰੇ ਦੁਇ ਦਰਵਾਜਾ ॥**
**ਸਾਧ ਸੰਗਤਿ ਅਰੁ ਗੁਰ ਕੀ ਕ੍ਰਿਪਾ ਤੇ**
**ਪਕਰਿਓ ਗਢ ਕੋ ਰਾਜਾ ॥ ੫ ॥**

ਸਤ ਸੰਤੋਖ ਨੂੰ ਨਾਲ ਲੈਕੇ ਲੜਨ ਲਗਾ ਹਾਂ ਪਾਪ ਪੁੰਨ ਦੇ ਦੋਵੇਂ ਦਰਵਾਜੇ ਤੋੜ ਲਏ ਹਨ,ਸਾਧ ਸੰਗਤ ਅਤੇ ਗੁਰਾਂ ਦੀ ਕਿਰਪਾ ਕਰਕੇ ਸਰੀਰ ਰੂਪ ਕਿਲੇ ਦਾ ਮਨ ਰੂਪ ਰਾਜਾ ਪਕੜ ਲਿਆ ਹੈ ॥

**ਭਗਵਤ ਭੀਰਿ ਸਕਤਿ ਸਿਮਰਨ ਕੀ ਕਟੀ ਕਾਲ ਭੈ**
**ਫਾਸੀ ॥ ਦਾਸੁ ਕਮੀਰੁ ਚੜ੍ਹਿਓ ਗੜ੍ਹ ਊਪਰਿ**
**ਰਾਜੁ ਲੀਓ ਅਬਨਾਸੀ ॥ ੬ ॥ ੯ ॥ ੧੭ ॥**

ਵਾਹਿਗੁਰੂ ਦੇ ਸੂਰਮਿਆਂ ਦੀ ਨਾਲ ਭੀੜ (ਸੈਨਾ) ਕਰਕੇ (ਵਾ ਮੈਂ ਆਪਣੀ ।ਬਪਤਾ) ਅਤੇ ਸਿਮਰਨ ਦੀ ਸ਼ਕਤੀ ਕਰਕੇ ਕਾਲ ਦੀ ਭੈਦਾਯਕ ਫਾਹੀ ਕੱਟ ਦਿਤੀ ਹੈ, ਕਬੀਰ ਦਾਸ ਕਿਲੇ ਉਤੇ ਚੜ ਗਿਆ ਹੈ ਭਾਵ ਜਨਮ ਮਰਨ ਦੇ ਡਰ ;ਤੋਂ ਦੂਰ ਹੋਕੇ ਵਾਹਿਗੁਰੂ ਨਾਲ ਮਿਲ ਗਿਆ ਹੈ ਅਤ

ਅਵਿਨਾਸ਼ੀ ਰਾਜ ਲੀਤਾ ਹੈ ।

†ਗੰਗ ਗੁਸਾਇਨਿ ਗਹਿਰ ਗੰਭੀਰ ॥
ਜੰਜੀਰ ਬਾਂਧਿ ਕਰਿ ਖਰੇ ਕਬੀਰ ॥ ੧ ॥
ਮਨੁ ਨ ਡਿਗੈ ਤਨੁ ਕਾਹੇ ਕਉ ਡਰਾਇ ॥
ਚਰਨ ਕਮਲ ਚਿਤੁ ਰਹਿਓ ਸਮਾਇ ॥ ਰਹਾਉ ॥

ਖਰੇ = ਖੜੇ, ਖੜੋਤੇ । ਗਹਿਰ = ਡੂੰਘੀ । ਗੰਭੀਰ = ਇਸਥਿਤ । ਸਹਜੇ ੨ ਚੱਲਣ ਵਾਲੀ । ਗੁਸਾਇਨ = ਗੁਸਾਈ ।

ਸ਼ਿਵਜੀ ਦੀਆਂ ਜਟਾਂ ਵਿਚੋਂ ਅਤੇ ਵਿਸ਼ਨੂ ਦੇ ਪੈਰ ਧੋਣ ਤੋਂ ਪ੍ਰਗਟ ਹੋਈ ੨ ਹੈ ਇਸ ਲਈ ਇਸਨੂੰ ਗੁਸਾਇਨ ਆਖਦੇ ਹਨ । ਡੂੰਘੀ ਸਹਜੇ ੨ ਚੱਲਣ ਵਾਲੀ ਜੇਹੜੀ ਗੰਗਾ ਹੈ "ਉਸਦੇ ਕੰਢੇ ਤੇ ਕਬੀਰ ਜੀ ਨੂੰ ਜੰਜੀਰਾਂ ਨਾਲ ਬੰਨ੍ਹਕੇ ਲੈ ਗਏ" ਮਨ ਨਹੀਂ ਸੀ ਡੋਲਿਆ, ਤਨ ਕਿਉਂ (ਕਿਸ ਵਾਸਤੇ) ਡਰਦਾ, ਵਾਹਿਗੁਰੂ ਦੇ ਚਰਨਾਂ ਕਮਲਾਂ ਵਿਚ ਮੇਰਾ ਚਿੱਤ ਸਮਾ ਰਿਹਾ ਸੀ ॥

ਗੰਗਾ ਕੀ ਲਹਰਿ ਮੇਰੀ ਟੁਟੀ ਜੰਜੀਰ ॥ ਮ੍ਰਿਗਛਾਲਾ ਪਰ ਬੈਠੇ ਕਬੀਰ ॥ ੨ ॥ ਕਹਿ ਕੰਬੀਰ ਕੋਊ ਸੰਗ ਨ ਸਾਥ ॥ ਜਲ ਥਲ ਰਾਖਨ ਹੈ ਰਘੁਨਾਥ ॥ ੩ ॥ ੧੦ ॥ ੧੮ ॥

ਗੰਗਾ ਜੀ ਦੀ ਲਹਿਰ ਨਾਲ ਮੇਰੀ ਬੇੜੀ (ਜੇਹੜੀ ਜੰਜੀਰਾਂ ਨਾਲ ਬੰਨ੍ਹੀ ਹੋਈ ਸੀ) ਟੁਟ ਗਈ, "ਦੇਵਨੇਤ ਤਦੋਂ ਇਕ ਰੁੜ੍ਹਦੀ ੨ ਮ੍ਰਿਗ ਛਾਲਾ ਯਾ ਲਕੜ ਆ ਗਈ" ਉਸ ਉਤੇ ਕਬੀਰ ਜੀ ਬੈਠ ਗਏ, ਕਬੀਰ ਜੀ ਕੈਂਹਦੇ ਹਨ ਓਥੇ ਮੇਰੇ ਪਾਸ (ਵਾ ਸੰਸਾਰ ਵਿਚ ਜੀਵ ਦਾ) ਕੋਈ ਵੀ ਸਾਥੀ ਨਹੀਂ ਸੀ, ਮੈਂ ਏਹ ਜਾਣਿਆਂ ਹ ਕਿ ਜਲਾਂ ਥਲਾਂ ਸਭ ਜਗਾਂ ਵਿਚ ਰਖਣ ਵਾਲਾ ਵਾਹਿਗੁਰੂ ਹੀ ਹੈ॥

ਭੈਰਉ ਕਬੀਰ ਜੀਉ ਅਸਟਪਦੀ ਘਰੁ ੨
ੴ ਸਤਿਗੁਰਪ੍ਰਸਾਦਿ ॥ ਅਗਮ ਦ੍ਰੁਗਮ ਗੜਿ ਰਚਿਓ ਬਾਸ ॥ ਜਾਮਹਿ ਜੋਤਿ ਕਰੇ ਪਰਗਾਸ ॥

---

†ਸਿਕੰਦਰ ਲੋਦੀ ਪਾਤਸ਼ਾਹ ਕਾਜ਼ੀਆਂ ਪੰਡਤਾਂ ਦਾ ਬਹਿਕਾਇਆ ਹੋਇਆ ਕਬੀਰ ਜੀ ਨੂੰ ਬੰਨ੍ਹਕੇ ਗੰਗਾ ਵਿਚ ਰੋਹੜ ਦੇਣ ਵਾਸਤੇ ਲੈ ਗਿਆ ਸੀ ਉਸ ਜਗਾ ਤੋਂ ਵਾਹਿਗੁਰੂ ਨੇ ਕਬੀਰ ਜੀ ਦੀ ਸਹਾਇਤਾ ਕੀਤੀ ਓਹ ਹਕੀਕਤ ਆਪਣੀ ਆਪ ਦਸਦੇ ਹਨ ॥

ਅਗਮ = ਮਨ ਬਾਣੀ ਦੀ ਗੰਮਤਾ ਨਹੀਂ। ਦੁਗਮ = ਔਖਾ।

ਵਾਹਿਗੁਰੂ ਨੇ (ਜਿਥੇ ਦੋਰਨਾਂ ਪਾਸੋਂ ਬੜਾ ਔਖਾ ਪਹੁੰਚਿਆ ਜਾਵੇ) ਆਪਣੇ ਰਹਿਣ ਵਾਸਤੇ ਕਿਲ੍ਹਾ ਬਣਾਇਆ ਹੈ ਉਸ ਵਿਚ ਇਕ ਜੋਤਿ ਹੀ ਪ੍ਰਕਾਸ਼ ਕਰਦੀ ਹੈ ਵਾ ਉਸ ਜੋਤ ਦੁਆਰਾ ਵਾਹਿਗੁਰੂ ਆਪਣੇ ਆਪ ਦਾ ਓਥੇ ਪ੍ਰਕਾਸ਼ ਕਰਦਾ ਹੈ॥

**ਬਿਜੁਲੀ ਚਮਕੈ ਹੋਇ ਅਨੰਦੁ ॥ ਜਿਹ ਪਉੜ੍ਹੇ ਪ੍ਰਭ ਬਾਲ ਗੋਬਿੰਦ ॥ ੧ ॥ ਇਹੁ ਜੀਉ ਰਾਮ ਨਾਮ ਲਿਵ ਲਾਗੈ ॥ ਜਰਾ ਮਰਨੁ ਛੂਟੈ ਭ੍ਰਮੁ ਭਾਗੈ ॥ ੧ ॥ ਰਹਾਉ ॥**

( ਓਹ ਜੋਤ ) ਬਿਜਲੀ (ਨਾਲੋਂ ਵੀ) ਬਹੁਤੀ ਚਮਕ ਰਹੀ ਹੈ "ਉਸ ਨੂੰ ਦੇਖਕੇ" ਭਗਤ ਜਨਾਂ ਦੇ ਰਿਦੇ ਵਿਚ ਬੜਾ ਆਨੰਦ ਹੁੰਦਾ ਹੈ। ਓਥੇ ਬੜੇ ਸੂਛਮ ਸੁਆਮੀ ਵਾਹਿਗੁਰੂ ਵਿਰਾਜਮਾਨ ਹੋਏ ਹੋਏ ਹਨ, ਏਹ ਜੀ, ਵਾਹਿਗੁਰੂ ਦੇ ਨਾਮ ਵਿਚ ਬਿਰਤੀ ਲਾ ਰਿਹਾ ਹੈ (ਵਾ ਜਦ ਲਗ ਜਾਂਦੀ ਹੈ) ਤਾਂ ਬੁਢੇਪੇ ਮਰਨ ਤੋਂ ਛੁਟ ਜਾਂਦਾ ਹੈ ਅਤੇ ਭਰਮ ਦੂਰ ਹੋ ਜਾਂਦਾ ਹੈ॥

***ਅਬਰਨ ਬਰਨ ਸਿਉ ਮਨਹੀ ਪ੍ਰੀਤਿ ॥ ਹਉਮੈ ਗਾਵਨਿ ਗਾਵਹਿ ਗੀਤ ॥ ਅਨਹਦ ਸਬਦ ਹੋਤ ਝੁਨਕਾਰ ॥ ਜਿਹ ਪਉੜ੍ਹੇ ਪ੍ਰਭ ਸ੍ਰੀ ਗੋਪਾਲ ॥ ੨ ॥**

ਅਬਰਨ = ਨੀਚ। ਬਰਨ = ੪ ਵਰਨ ਉੱਤਮ ਵਾ ਰੰਗ ਰੂਪ ਰਹਤ॥

ਜੋਹੜਾ ਵਾਹਿਗੁਰੂ ਬਰਨਾਂ ਤੋਂ ਅਬਰਨ ਹੈ ਉਸ ਨਾਲ ਜਿਨ੍ਹਨੇ ਮਨ ਕਰਕੇ ਪੀਤੀ ਕੀਤੀ ਹੈ ਕੀ ਓਹ ਹੌਮੈ ਦੇ ਗਉਂਣ ਗਾਉਂਦਾ ਹੈ, ਉਸਦੇ ਅੰਦਰ ਇਕ ਰਸ ਗੁਰ ਸ਼ਬਦ ਦਾ ਝੁਣਕਾਰ ਹੁੰਦਾ ਹੈ ਓਥੇ ਸ੍ਰੀ ਸੁਆਮੀ ਵਾਹਿਗੁਰੂ ਜੀ ਵਿਰਾਜ ਮਾਨ ਹਨ॥

**ਖੰਡਲ ਮੰਡਲ ਮੰਡਲ ਮੰਡਾ ॥ ਤ੍ਰਿਅ ਅਸਥਾਨ ਤੀਨਿ ਤ੍ਰਿਅ ਖੰਡਾ ॥ ਅਗਮ ਅਗੋਚਰੁ ਰਹਿਆ ਅਭ ਅੰਤ ॥ ਪਾਰੁ ਨ ਪਾਵੈ ਕੋ ਧਰਨੀ ਧਰ ਮੰਤ ॥ ੩ ॥**

ਮੰਡਾ = ਬਣਾਏ। ਅਭ = ਹਿਰਦਾ। ਜਿਸ ਵਾਹਿਗੁਰੂ ਨੇ ਨੌ ਖੰਡ

---

*ਵਾ ਨੀਚਾਂ ਉੱਤਮਾਂ ਵਰਨਾਂ ਨਾਲ ਜਿਸਦੀ ਮਨ ਕਰਕੇ ਪ੍ਰੀਤ ਨਹੀਂ ਓਹ ਹਉਮੈ ਦੇ ਗੀਤ ਗਾਉਂਦਾ ਹੈ ਭਾਵ ਜੋਹੜਾ ਸਭ ਨੂੰ ਹੱਛਾ ਨਹੀਂ ਜਾਣਦਾ ਵਾ ਬਰਨਾਬਰਨ ਵਿਚ ਫਸ ਰਹੇ ਹਨ॥

ਚਾਰ ਚਾਰ ਕੋਹ ਦੇ ਮੰਡਲ, ਮੰਡਲਾਂ ਵਿਚ ਭੂਸ਼ਣ ਰੂਪ ਹਛੇ ਹਛੇ ਥਾਂ ਬਣਾਏ ਹਨ, (੩) ਥਾਂ ਸੁਰਗ ਪਤਾਲ ਮਾਤਲੋਕ (੪) ਵਿਚ ਤਿੰਨ ਤਰਾਂ ਦੀ ਉੱਤਮ ਮੱਧਮ ਅਧਮ ਸ੍ਰਿਸ਼ਟੀ ਤਿੰਨ ਟੁਕੜੇ ਕਰਕੇ ਬਨਾਈ ਹੈ, ਤਿੰਨਾਂ ਜੀਵਾਂ ਦੇ ਰਿਦੇ ਅੰਦਰ ਅਗਮ ਅਗੋਚਰ ਵਾਹਿਗੁਰੂ ਭਰਪੂਰ ਹੋ ਰਿਹਾ ਹੈ ਉਸ ਧਰਤੀ ਨੂੰ ਚੁਕਣ ਵਾਲੇ ਵਾਹਿਗੁਰੂ ਦੇ ਮੰਤ੍ਰ ਦਾ ਕੋਈ ਅੰਤ ਨਹੀਂ ਪਾ ਸਕਦਾ।

**ਕਦਲੀ ਪੁਹਪ ਧੂਪ ਪਰਗਾਸ ॥ ਰਜ ਪੰਕਜ ਮਹਿ ਲੀਓ ਨਿਵਾਸ ॥ ਦੁਆਦਸ ਦਲ ਅਭ ਅੰਤਰਿ ਮੰਤ ॥ ਜਹ ਪਉੜੇ ਸ੍ਰੀ ਕਮਲਾਕੰਤ ॥ ੪ ॥**

ਕਦਲੀ = ਕੇਲਾ ॥ ਪੁਹਪ = ਫੁਲ ॥ ਰਜ = ਧੂੜੀ ॥ ਪੰਕਜ = ਕਮਲ ॥

(ਤਿਸਦਾ) ਕੇਲੇ ਦੇ ਫੱਲ ਵਾਂਙੂ ਰੰਗ ਹੈ ਧੂਪ ਵਾਂਙੂ ਨਿਰਮਲ ਚਾਨਣ ਹੈ ਉਸਦੇ ਚਰਨਾਂ ਕਮਲਾਂ ਦੀ ਧੂੜੀ ਵਿਚ ਮਹਾਤਮਾਂ ਨੇ ਨਿਵਾਸ ਲੀਤਾ ਹੈ ਪਰ ਬਾਰਾਂ ਪੱਤਿਆਂ ਵਤ ਜੋ ਰਿਦਾ ਕਮਲ ਹੈ ਤਿਸ ਵਿਚ ਆਪਣਾ ਜਦ ਗੁਰਾਂ ਨੇ ਮੰਤਰ ਦਿਤਾ ਓਥੇ ਸ੍ਰੀ ਲੱਖਮੀ ਦੇ ਪਤ ਭਾਵ ਵਾਹਿਗੁਰੂ ਜੀ ਵਿਰਾਜਮਾਨ ਹਨ।

**ਅਰਧ ਉਰਧ ਮੁਖਿ ਲਾਗੋ ਕਾਸੁ ॥ ਸੁੰਨ ਮੰਡਲ ਮਹਿ ਕਰਿ ਪਰਗਾਸੁ ॥ ਊਹਾਂ ਸੂਰਜ ਨਾਹੀ ਚੰਦ ॥ ਆਦਿ ਨਿਰੰਜਨੁ ਕਰੈ ਅਨੰਦ ॥ ੫ ॥**

ਅਰਧ = ਨੀਵਾਂ। ਉਰਧ = ਉਚਾ। ਮੁਖਿ = ਆਦ। ਕਾਸ = ਅਕਾਸ ਪ੍ਰਕਾਸ਼।

ਨੀਵੀਆਂ ਉਚੀਆਂ ਇਤਯਾਦਕ ਸਾਰੀਆਂ ਜਗਾਂ ਵਿਚ ਅਕਾਸ ਵਤ ਪ੍ਰਮਾਤਮਾ ਹੀ (ਲੱਗਾ) ਪ੍ਰਕਾਸ਼ ਰਿਹਾ ਹੈ ਓਹ ਹੀ ਅਫੁਰ ਵਾਹਿਗੁਰੂ ਦਸਵੇਂ ਦੁਆਰ ਭਾਵ ਭਗਤਾਂ ਦੇ ਰਿਦੇ ਵਿਚ ਪ੍ਰਕਾਸ਼ ਕਰ ਰਿਹਾ ਹੈ, ਓਥੇ ਸੂਰਜ ਚੰਦ੍ਰਮਾਂ ਨਹੀਂ ਭਾਵ ਇਤਯਾਦਿਕ ਦੀ ਜੋਤ ਨਹੀਂ ਪਹੁੰਚ ਸਕਦੀ, ਇਕ ਕੇਵਲ ਆਦੀ ਮਾਇਆ ਤੋਂ ਰਹਿਤ ਵਾਹਿਗੁਰੂ ਹੀ ਓਥੇ ਅਨੰਦ ਕਰਦਾ ਹੈ।

**ਸੋ ਬ੍ਰਹਮੰਡਿ ਪਿੰਡਿ ਸੋ ਜਾਨੁ ॥ ਮਾਨ ਸਰੋਵਰਿ ਕਰਿ ਇਸਨਾਨੁ ॥ ਸੋਹੰ ਸੋ ਜਾਕਉ ਹੈ ਜਾਪ ॥ ਜਾਕਉ ਲਿਪਤ ਨ ਹੋਇ ਪੁੰਨ ਅਰੁ ਪਾਪ ॥ ੬ ॥**

ਪਿੰਡ = ਸਰੀਰ।

ਜੇਹੜਾ ਵਾਹਿਗੁਰੂ ਬ੍ਰਹਮੰਡਾਂ ਵਿਚ ਹੈ ਓਹੋ ਹੀ ਸਰੀਰਾਂ ਵਿਚ ਜਾਣ

ਏੱਕੁਰ ਜਾਣਕੇ ਆਪਣੇ ਅੰਦਰ ਦੇ ਸਰੋਵਰ ਵਿਚ ਹੀ ਇਸ਼ਨਾਨ ਕਰ "ਮੈਂ ਤੂੰ, ਤੂੰ ਮੈਂ" ਏਹ ਇਸਦਾ ਜਾਪ ਹੈ ਜਿਸਨੂੰ ਕੋਈ ਪਾਪ ਪੁੰਨ ਨਹੀਂ ਲਿੰਬਣ (ਦਬਾਉਣ) ਵਾਲਾ ਹੋ ਸਕਦਾ।

**ਅਬਰਨ ਬਰਨ ਘਾਮ ਨਹੀ ਛਾਮ ॥ ਅਵਰ ਨ ਪਾਈਐ ਗੁਰ ਕੀ ਸਾਮ ॥ ਟਾਰੀ ਨ ਟਰੈ ਆਵੈ ਨ ਜਾਇ ॥ ਸੁੰਨ ਸਹਜ ਮਹਿ ਰਹਿਓ ਸਮਾਇ ॥੭॥**

ਸਾਮ = ਸਰਨ

ਫਿਰ ਜਿਸ ਵਿਚ ਨੀਚ, ਉਤਮ, ਧੁਪ, ਛਾਂ ਨਹੀਂ ਹੋ ਸਕਦੀ (ਉਸਨੂੰ) ਹੋਰ ਕਿਸੇ ਯਤਨ ਨਾਲ ਨਹੀਂ ਪਾ ਸਕੀਦਾ ਇਕ ਕੇਵਲ ਗੁਰਾਂ ਦੀ ਸਰਨ ਹੀ ਲੈਣ ਨਾਲ ਪਾ ਸਕੀਦਾ ਹੈ। ਫਿਰ ਉਸ ਆਦਮੀ ਦੀ ਬ੍ਰਿਤੀ ਓਥੋਂ ਹਟਾਈ ਹੋਈ ਹਟਦੀ ਨਹੀਂ ਅਤੇ ਨਾ ਉਹ ਜੰਮਦਾ ਮਰਦਾ (ਔਂਦਾ ਜਾਂਦਾ,ਹੈ ਅਫੁਰ ਪਰਮਾਤਮਾਂ ਵਿਚ ਸਹਜੇ ਹੀ ਸਮਾ ਰਹਿੰਦਾ ਹੈ।

**ਮਨ ਮਧੇ ਜਾਨੈ ਜੇ ਕੋਇ ॥ ਜੋ ਬੋਲੈ ਸੋ ਆਪੈ ਹੋਇ ॥ ਜੋਤਿ ਮੰਤ੍ਰਿ ਮਨਿ ਅਸਥਿਰੁ ਕਰੈ॥ ਕਹਿ ਕਬੀਰ ਸੋ ਪ੍ਰਾਨੀ ਤਰੈ ॥੮॥੧॥**

ਉਹ ਮਨ ਵਿਚ ਹੀ ਹੈ ਪਰ ਜੇ ਕੋਈ ਉਸਨੂੰ ਜਾਣੇ ਤਾਂ, ਜੋ ਕੁਝ ਬੋਲਦਾ ਹੈ ਸੋ ਆਪੇ ਆਪ ਹੀ ਵਾਹਿਗੁਰੂ ਹੁੰਦਾ ਹੈ, ਜੋਤ ਸਰੂਪ ਨੂੰ ਗੁਰਾਂ ਦੇ ਮੰਤਰ ਨਾਲ ਆਪਣੇ ਮਨ ਅੰਦਰ ਇਸਥਿਤ ਕਰੇ ਕਬੀਰ ਜੀ ਕਹਿੰਦੇ ਹਨ ਸੋ ਪਾਣੀ ਤਰ ਜਾਂਦਾ ਹੈ।

**ਕੋਟਿ ਸੂਰ ਜਾਕੈ ਪਰਗਾਸ ॥ ਕੋਟਿ ਮਹਾਦੇਵ ਅਰੁ ਕਬਿਲਾਸ ॥ ਦੁਰਗਾ ਕੋਟਿ ਜਾਕੈ *ਮਰਦਨੁ ਕਰੈ ॥ ਬ੍ਰਹਮਾ ਕੋਟਿ ਬੇਦ ਉਚਰੈ ॥੧॥**

ਮਰਦਨ = ਮਲ ਸੁਟਣਾਂ, ਵਟਣਾਂ ਮਲਨਾ।

ਕਰੋੜਾਂ ਹੀ ਸੂਰਜ ਜਿਸਦੇ ਚਾਨਣ ਕਰਨ ਵਾਲੇ ਹਨ, ਕਰੋੜਾਂ ਹੀ ਮਹਾਂਦੇਵ ਅਤੇ ਕੈਲਾਸ਼ ਪਰਬਤ ਹਨ, ਕਰੋੜਾਂ ਹੀ ਦੇਵੀਆਂ ਜਿਸਦੇ ਚਰਨਾਂ ਨੂੰ ਮਲ (ਘੁਟ) ਰਹੀਆਂ ਹਨ, ਕਰੋੜਾਂ ਹੀ ਬ੍ਰਹਮਾਂ ਜਿਸਦੇ ਬੂਹੇ ਤੇ ਬੇਦ ਉਚਾਰ ਰਹੇ ਹਨ।

*ਦੇਵੀਆਂ ਵੈਰੀਆਂ ਨੂੰ ਮਾਰ ਰਹੀਆਂ ਹਨ, ਇਕੁਰ ਵੀ ਕਰਦੇ ਹਨ।

**ਜਉ ਜਾਚਉ ਤਉ ਕੇਵਲ ਰਾਮ ॥ ਆਨ ਦੇਵ ਸਿਉ ਨਾਹੀ ਕਾਮ ॥ ੧ ॥ ਰਹਾਉ ॥ ਕੋਟਿ ਚੰਦ੍ਰਮੇ ਕਰਹਿ ਚਰਾਕ ॥ ਸੁਰ*ਤੇਤੀਸਉ ਜੇਵਹਿ ਪਾਕ ॥**

ਆਨ = ਹੋਰ । ਸੁਰ = ਦੇਵਤੇ । ਜੇ ਮੈਂ ਮੰਗਣਾਂ ਚਾਹਾਂ ਤਾਂ ਕੇਵਲ ਇਕ ਵਾਹਿਗੁਰੂ ਹੀ ਹੈ ਤਿਸ ਪਾਸੋਂ ਹੀ ਮੰਗਾਂਗਾ । ਹੋਰ ਦੇਵਤਿਆਂ ਨਾਲ ਮੇਰਾ ਕੋਈ ਕੰਮ ਨਹੀਂ, ਕਰੋੜਾਂ ਹੀ ਚੰਦ੍ਰਮਾਂ ਜਿਸਦੇ ਦੀਵੇ (ਕੀਤੇ) ਬਣਾਏ ਹੋਏ ਹਨ, ਤੇਤੀ ਕਰੋੜ ਦੇਵਤੇ ਜਿਸ ਨਾਲ (ਯੱਗਾਂ ਵਿਚ ਭੋਜਨ ਖਾਣ ਵਾਲੇ) ਹਨ ।

**ਨਵਗ੍ਰਹ ਕੋਟਿ ਠਾਢੇ ਦਰਬਾਰ ॥ ਧਰਮ ਕੋਟਿ ਜਾਕੈ ਪ੍ਰਤਿਹਾਰ ॥ ੨ ॥ ਪਵਨ ਕੋਟਿ †ਚਉਬਾਰੇ ਫਿਰਹਿ ॥ ਬਾਸਕ ਕੋਟਿ ਸੇਜ ਬਿਸਥਰਹਿ ॥**

ਪ੍ਰਤਿਹਾਰ = ਅਦਾਲਤੀ, ਡੇਉਢੀ ਦਾਰ, ਚਿੱਠੀ ਖੜਨ ਵਾਲਾ । ਬਾਸਕ = ਸੱਪ, ਸ਼ੇਸਨਾਗ । ਨੌ ਗ੍ਰਹ (ਸੂਰਜਾਦੀ) ਕਰੋੜਾਂ ਹੀ ਜਿਸਦੇ ਦਰਬਾਰ ਦੇ ਬੂਹੇ ਅੱਗੇ ਖੜੋਤੇ ਹੋਏ ਹਨ, ਕਰੋੜਾਂ ਹੀ ਧਰਮ ਰਾਜੇ ਜਿਸਦੇ ਦੁਆਰ ਪਾਲ (ਡੇਉਢੀ ਦਾਰ) ਹਨ, ਕਰੋੜਾਂ ਹੀ ਪੌਣ ਦੇਵਤੇ ਜਿਸਦੇ ਦੁਆਲੇ (ਉਤੇ) ਚੌਰ ਫੇਰ ਰਹੇ ਹਨ, ਕਰੋੜਾਂ ਹੀ ਸ਼ੇਸ਼ ਨਾਗ ਜਿਸਦੀ ਲੰਮੀ ਸਾਰੀ ਸੇਜਾ ਵਿਛਾ ਰਹੇ ਹਨ ।

**ਸਮੁੰਦ ਕੋਟਿ ਜਾਕੇ ਪਾਨੀ ਹਾਰ ॥ ਰੋਮਾਵਲਿ ਕੋਟਿ ਅਠਾਰਹ ਭਾਰ ॥ ੩ ॥ ਕੋਟਿ ਕਮੇਰ ਭਰਹਿ ਭੰਡਾਰ ॥ ਕੋਟਿਕ ਲਖਮੀ ਕਰੈ ਸੀਗਾਰ ॥**

ਕਰੋੜਾਂ ਹੀ ਸਮੁੰਦਰ ਜਿਸਦੇ ਪਾਣੀ ਭਰਨ ਵਾਲੇ (ਝੀਉਰ) ਹਨ, ਕਰੋੜਾਂ ਹੀ ਅਠਾਰਾਂ ਭਾਰ (ਬਨਾਸਪਤੀ) ਜਿਸ ਦੀ ਰੋਮਾਵਲੀ ਹੈ, ਕਰੋੜਾਂ

---

*ਤਨਰੈਨੀ = ਏਹ ਸ਼ਬਦ ਕਬੀਰ ਜੀ ਦਾ ਆਸਾ ਵਿਚ ਹੈ ਅਤੇ ਤਿਸ ਵਿਚ "ਤੇਤੀਸਉ ਜਾਨਾ" ਇੱਕੁਰ ਪਦ ਹੈ ਉਸਦਾ ਪਾਠ ਹੁਣ ਨਿਸ਼ਚੈ ਹੋ ਗਿਆ ਕਿ ਤੇਤੀ ਸਉ ਜਾਨਾ ਪੜ੍ਹਿਆ ਜਾਵੇਗਾ, ਦੇਖੋ ਏਸੇ ਪੁਸਤਕ ਦਾ ੧੬੨ ਸਫਾ ।

†ਚੌਬਾਰੇ ਹੂੰਝ ਰਹੇ ਹਨ, ਭਾਵੇਂ ਇੱਕੁਰ ਵੀ ਅਰਥ ਬਣਦਾ ਹੈ ਪਰ ਪ੍ਰਕਰਣ ਟੁਟ ਜਾਂਦਾ ਹੈ ।

ਹੀ ਕੁਬਰ (ਦੇਵਤੇ) ਜਿਸਦੇ ਖਜਾਨੇ ਭਰ ਰਹੇ ਹਨ, ਕਰੋੜਾਂ ਹੀ ਲਖਮੀਆਂ ਜਿਸਦੇ ਅਗੇ ਸਿੰਗਾਰ ਕਰ (ਅੰਗਾਂ ਨੂੰ ਸਵਾਰ) ਰਹੀਆਂ ਹਨ ॥

**ਕੋਟਿਕ ਪਾਪ ਪੁੰਨ ਬਹੁ ਹਿਰਹਿ ॥ ਇੰਦ੍ਰ ਕੋਟਿ ਜਾਕੇ ਸੇਵਾ ਕਰਹਿ ॥ ੪ ॥ ਛਪਨ ਕੋਟਿ ਜਾਕੈ ਪ੍ਰਤਿਹਾਰ ॥ ਨਗਰੀ ਨਗਰੀ ਖਿਅਤ ਅਪਾਰ ॥**

ਹਿਰਹਿ = ਵੇਖੇ, ਚੁਰਾਵੇ। ਛਪਨ = ਛਵਿੰਜਾ। ਪ੍ਰਤਿਹਾਰ = ਡੇਉਢੀ ਚਿੱਠੀ ਵਾਲੇ। ਖਿਅਤ = ਖਿਆਤ, ਪ੍ਰਗਟ ਦਾ, ਪ੍ਰਸਿਧੀ ॥

ਕਰੋੜਾਂ ਹੀ ਪਾਪ ਪੁੰਨ ਬਹੁਤ ਵਾਰੀ ਜਿਸ ਵੱਲ ਵੇਖ ਰਹੇ ਹਨ ਕਿ ਕਦ ਸਾਨੂੰ ਆਰਜਾ ਕਰਨ, ਕ੍ਰੋੜਾਂ ਹੀ ਇੰਦ੍ਰ ਜਿਸਦੀ ਸੇਵਾ (ਕਰਨ ਵਾਲੇ) ਕਰ ਰਹੇ ਹਨ। ਛਵਿੰਜਾ ਕਰੋੜ ਜਿਸਦੇ ਡੇਉਢੀ ਦਾਰ ਹਨ, ਨਗਰੀ ਨਗਰੀ ਵਿੱਚ ਜਿਸਦੀ ਅਪਾਰ ਪ੍ਰਸਿਧੀ ਹੈ।

***ਲਟ ਛੂਟੀ ਵਰਤੈ ਬਿਕਰਾਲ ॥ ਕੋਟਿ ਕਲਾ ਖੇਲੈ ਗੋਪਾਲ ॥ ੫ ॥ ਕੋਟਿ ਜਗ ਜਾਕੈ ਦਰਬਾਰ ॥ ਗੰਧਰਬ ਕੋਟਿ ਕਰਹਿ ਜਕਾਰ ॥**

ਬਿਕਰਾਲ = ਭਿਆਨਕ।

ਮਹਾਂ ਭਿਆਨਕ ਲਟਾਂ ਛੁਟੀਆਂ ਹੋਈਆਂ ਜਿਸ ਕਾਲ ਦੀਆਂ ਹਨ, ਓਹ ਉਸ ਅਗੇ ਵਰਤੇ (ਹੁਕਮ ਮੰਨ ਰਿਹਾ ਹੈ) ਵਾਸਤਵ ਵਿੱਚ ਕਰੋੜਾਂ ਹੀ ਕਲਾਂ ਵਾਲਾ ਵਾਹਿਗੁਰੂ ਆਪਣੀ ਸ਼ਕਤੀ ਕਰਕੇ ਆਪ ਹੀ ਖੇਲ ਰਿਹਾ ਹੈ, ਕਰੋੜਾਂ ਹੀ ਵਿਸ਼ਨੂੰ ਆਦਿਕ ਯਗ ਵਾ ਬ੍ਰਹਮਾਦਿਕ ਜਗਤ ਨੂੰ ਜਿਸਦੇ ਅਗੇ ਖੜੋਤੇ ਰਚ ਰਹੇ ਹਨ, ਕਰੋੜਾਂ ਹੀ ਰਾਗੀ ਜਿਸਦੇ ਅਗੇ ਖੜੋਤੇ ਜੈਕਾਰ (ਰਾਗ) ਕਰ ਰਹੇ ਹਨ।

**ਬਿਦਿਆ ਕੋਟਿ ਸਭੈ ਗੁਨ ਕਹੈ ॥ ਤਉ ਪਾਰਬ੍ਰਹਮ ਕਾ ਅੰਤੁ ਨ ਲਹੈ ॥ ੬ ॥ ਬਾਵਨ ਕੋਟਿ ਜਾਕੈ ਰੋਮਾਵਲੀ ॥ ਰਾਵਨ ਸੈਨਾ ਜਹ ਤੇ ਛਲੀ ॥**

ਬਾਵਨ = ਅਵਤਾਰ ॥ ਰੋਮਾਵਲੀ = ਰੋਮਾਂ ਦੀ ਪੰਗਤੀ।

ਕਰੋੜਾਂ ਹੀ ਵਿਦਿਆ (ਸੁਰਸਵਤੀ) ਜਿਸਦੇ ਸਾਰੇ ਗੁਣਾਂ ਨੂੰ ਕਹਿ ਰਹੀਆਂ ਹਨ, ਫਿਰ ਵੀ ਵਾਹਿਗੁਰੂ ਦਾ ਅੰਤ ਨਹੀਂ ਪਾ ਸਕਦੀਆਂ, ਬਵਿੰਜਾ

---

*ਕਾਲੀ ਵਾ ਕੁਲੱਖਮੀ ਦੀਆਂ ਲਟਾਂ ਛੁਟੀਆਂ ਹੋਈਆਂ ਵੀ ਕੈਂਹਦੇ ਹਨ।

ਕਰੋੜ ਜਿਸ ਦੇ ਅਗੇ ਰੋਮਾਵਲੀ (ਬਾਂਦਰਾਂ, ਰਿੱਛਾਂ) ਦੀ ਸੈਨਾਂ ਜਿਸਦੀ ਹੈ ਇਕੁਰ ਦੇ (ਰਾਮ ਚੰਦ) ਹਨ, ਰਾਵਨ ਦੀ ਸੈਨਾਂ ਜਿਸ ਕਰਕੇ ਛਲੀ ਹੈ ॥

**ਸਹਸ ਕੋਟਿ ਬਹੁ ਕਹਤ ਪੁਰਾਨ ॥ ਦੁਰਜੋਧਨ ਕਾ ਮਥਿਆ ਮਾਨੁ ॥ ੭ ॥ ਕੰਦ੍ਰਪ ਕੋਟਿ ਜਾਕੈ ਲਵੈ ਨ ਧਰਹਿ ॥ ਅੰਤਰ ਅੰਤਰਿ ਮਨਸਾ ਹਰਹਿ ॥**

ਸਹਸ = ਹਜਾਰ ॥ ਮਥਿਆ = ਰਿੜਕਿਆ ॥ ਕੰਦ੍ਰਪ = ਕਾਮ ॥
ਲਵੈ = ਬਰਾਬਰ ॥ ਮਨਸਾ = ਬੁਧੀ, ਵਾਸਨਾ ॥ ਹਰਹਿ = ਨਾਸ ॥

ਹਜਾਰ ਕਰੋੜ (ਬਹੁਤ ਤਰਾਂ) ਜਿਸਨੂੰ ਬਹੁਤ ਪੁਰਾਨ ਕਹਿ ਰਹੇ ਹਨ। (ਕ੍ਰਿਸ਼ਨ ਰੂਪ ਹੋਕੇ) ਜਿਸਨੇ ਦੁਰਜੋਧਨ ਦਾ ਹੰਕਾਰ ਨਸ਼ਟ ਕੀਤਾ ਕਰੋੜਾਂ ਹੀ ਕਾਮਦੇਵ ਜਿਸ ਦੀ ਬਰਾਬਰੀ ਨਹੀਂ (ਧਰਹਿ) ਕਰ ਸਕਦੇ (ਓਹ ਕਾਮ ਕਿਕੁਰ ਦਾ ਹੈ) ਕਿ ਅੰਦਰ ਵੜਕੇ ਸਭਦੇ ਅੰਦਰ ਦੀ ਅਕਲ ਮਾਰ ਦੇਂਦਾ ਹੈ।

**ਕਹਿ ਕਬੀਰ ਸੁਨਿ ਸਾਰਿਗ ਪਾਨ ॥ ਦੇਹਿ ਅਭੈ ਪਦੁ ਮਾਂਗਉ ਦਾਨ ॥ ੮ ॥ ੨ ॥ ੧੮ ॥ ੨੦ ॥**

ਕਬੀਰ ਜੀ ਕਹਿੰਦੇ ਹਨ ਹੇ ਵਾਹਿਗੁਰੂ ਸੁਣ ਕਿ ਮੈਨੂੰ ਅਭੈ ਪਦ ਦੇਹ ਮੈਂ ਏਹ ਦਾਨ ਮੰਗਦਾ ਹਾਂ।

**ਭੈਰਉ ਬਾਣੀ ਨਾਮਦੇਵ ਜੀਉ ਕੀ ਘਰੁ ੧**

**੧ ਓ ਸਤਿਗੁਰਪ੍ਰਸਾਦਿ ॥ ਰੇ ਜਿਹਬਾ ਕਰਉ ਸਤਖੰਡ ॥ ਜਾਮਿ ਨ ਉਚਰਸਿ ਸ੍ਰੀ ਗੋਬਿੰਦ ॥ ੧ ॥**

ਸਤ = ਸਤ, ਸੌ। ਖੰਡ = ਟੁਕੜਾ ॥

ਹੇ ਜਿਹਬਾ ਮੈਂ ਤੇਰਾ ਸੌ ਟੁਕੜਾ ਕਰ ਦਿਆਂਗਾ ਜੇ ਤੂੰ ਵਾਹਿਗੁਰੂ ਦਾ ਨਾਮ ਨਾ ਉਚਾਰੇਂਗੀ ॥

**ਰੰਗੀ ਲੇ ਜਿਹਬਾ ਹਰਿ ਕੈ ਨਾਇ ॥ ਸੁ ਰੰਗ ਰੰਗੀਲੇ ਹਰਿ ਹਰਿ ਧਿਆਇ ॥ ੧ ॥ ਰਹਾਉ ॥**

ਹੇ ਜਿਹਬਾ ਅਪਨੇ ਆਪ ਨੂੰ ਵਾਹਿਗੁਰੂ ਦੇ ਨਾਮ ਨਾਲ ਰੰਗ ਲੈ "ਚੰਗਾ ਰੰਗ ਚੜਾ ਲੈ" ਰੰਗੀਲੇ ਵਾਹਿਗੁਰੂ ਨੂੰ ਧਿਆਕੇ ॥

**ਮਿਥਿਆ ਜਿਹਬਾ ਅਵਰੇਂ ਕਾਮ ॥ ਨਿਰਬਾਣ ਪਦੁ ਇਕੁ ਹਰਿ ਕੋ ਨਾਮੁ ॥ ੨ ॥**

ਹੇ ਜਿਹਬਾ ਹੋਰ ਕੰਮ ਤਰੇ ਜੇਹੜੇ (ਰਸਾਂ ਦੇ ਸੁਆਦ ਲੈਣੇ) ਹਨ ਓਹ ਸਭ ਝੂਠੇ ਹਨ, ਦੁਖਾਂ ਤੋਂ ਬਿਨਾਂ ਇਕ ਵਾਹਿਗੁਰੂ ਦਾ ਨਾਮ ਹੀ (ਕਰਨ ਵਾਲਾ) ਹੈ।

**ਅਸੰਖ ਕੋਟਿ ਅਨ ਪੂਜਾ ਕਰੀ ॥**
**ਏਕ ਨ ਪੂਜਸਿ ਨਾਮੈ ਹਰੀ ॥ ੩ ॥**

ਅਣਗਿਣਤ ਕਰੋੜਾਂ ਵਾਰੀ ਜੇ ਤੂੰ ਹੋਰ ਦੇਵਤਿਆਂ ਦੀ ਪੂਜਾ ਕਰੇਂਗਾ ਤਾਂ ਇਕ ਵਾਹਿਗੁਰੂ ਦੇ ਨਾਮ ਬਰਾਬਰ ਨਹੀਂ ਪੁਜੇਗੀ ॥

**ਪ੍ਰਣਵੈ ਨਾਮ ਦੇਉ ਇਹੁ ਕਰਣਾ ॥**
**ਅਨੰਤ ਰੂਪ ਤੇਰੇ ਨਾਰਾਇਣਾ ॥ ੪ ॥ ੧ ॥**

ਨਾਮਦੇਵ ਜੀ ਕਹਿੰਦੇ ਹਨ ਇੱਕੁਰ ਤੂੰ ਕਰ ਕਿ ਹੇ ਵਾਹਿਗੁਰੂ ਅਨੰਤ ਹੀ ਰੂਪ ਤੇਰੇ ਹਨ ॥

**ਪਰ ਧਨ ਪਰ ਦਾਰਾ ਪਰਹਰੀ ॥**
**ਤਾਕੇ ਨਿਕਟਿ ਬਸੈ ਨਰਹਰੀ ॥ ੧ ॥**

ਦਾਰਾ = ਇਸਤ੍ਰੀ। ਪਰਹਰੀ = ਤਿਆਗੀ। ਨਰਹਰੀ = ਵਾਹਿਗੁਰੂ ॥

ਪਰਾਯਾ ਧਨ ਪਰਾਈ ਇਸਤ੍ਰੀ ਜਿਸਨੇ ਤਿਆਗੀ ਹੈ ਵਾਹਿਗੁਰੂ ਉਸ ਦੇ ਪਾਸ ਹੀ ਵਸਦਾ ਹੈ ॥

**ਜੋ ਨ ਭਜੰਤੇ ਨਾਰਾਇਣਾ ॥**
**ਤਿਨਕਾ ਮੈ ਨ ਕਰਉ ਦਰਸਨਾ ॥ ੧ ॥ ਰਹਾਉ ॥**

ਜੇਹੜੇ ਵਾਹਿਗੁਰੂ ਨੂੰ ਯਾਦ ਨਹੀਂ ਕਰਦੇ ਮੈਂ ਉਨਾਂ ਦਾ ਦਰਸ਼ਨ ਕਰਨਾ ਨਹੀਂ ਚਾਹੁੰਦਾ ॥

**ਜਿਨਕੈ ਭੀਤਰਿ ਹੈ ਅੰਤਰਾ ॥**
**ਜੈਸੇ ਪਸੁ ਤੈਸੇ ਓਇ ਨਰਾ ॥ ੨ ॥**

ਜਿਨਾਂ ਦੇ ਅੰਦਰ (ਵਾਹਿਗੁਰੂ ਦੇ ਨਾਮ ਦਾ) ਫਰਕ (ਭੇਦ) ਹੈ ਜਿੱਕੁਰ ਦੇ ਪਸ਼ੂ ਹਨ ਉਕਰ ਦੇ ਓਹ ਨਰ ਹਨ ॥

**ਪ੍ਰਣਵਤਿ ਨਾਮ ਦੇਉ ਨਾ ਕਹਿ ਬਿਨਾ ॥**
**ਨਾ ਸੋਹੈ †ਬਤੀਸ ਲਖਨਾ ॥ ੩ ॥ ੨ ॥**

---

†੧ ਸੁੰਦਰ, ੨ ਸਲਜ, ੩ ਸੁਧੀ, ੪ ਸਾਹਸੀ, ੫ ਸੁਹ੍ਰਿਦ, ੬ ਸੱਚਾ, ੭ ਸੂਰ ੮ ਸੁਚਿ, ੯ ਸਾਵਧਾਨ, ੧੦ ਸ਼ਾਸਤ੍ਰਗਯ, ੧੧ ਉਦਮੀ, ੧੨ ਉਦਾਰ-

ਨਾਮਦੇਉ ਜੀ ਕਹਿੰਦੇ ਹਨ ਜਿੱਕੁਰ ਚੰਗੇ ਬੱਤੀ ਲੱਛਣਾਂ ਵਾਲਾ ਨੱਕ ਤੋਂ ਬਿਨਾਂ ਚੰਗਾ ਨਹੀਂ ਲਗਦਾ (ਇੱਕੁਰ ਹੀ ਨਾਮ ਤੋਂ ਬਿਨਾਂ ਆਦਮੀ)

†ਦੂਧੁ ਕਟੋਰੈ ਗਡਵੈ ਪਾਨੀ ॥

ਕਪਲ ਗਾਇ ਨਾਮੈ ਦੁਹਿ ਆਨੀ ॥ ੧ ॥

ਕਪਲ = ਕਾਮਧੇਨੁ । ਦੁਹਿ = ਚੋ ॥

ਕਟੋਰੇ ਵਿਚ ਦੁਧ ਹੈ, ਗੜਵੇ ਵਿਚ ਪਾਣੀ ਹੈ। (ਆਪ ਦੇ ਹੱਥ ਧੋਣ ਵਾਸਤੇ) ਕਪਲ ਗਾਂ ਨਾਮੇ ਨੇ ਚੋ ਕੇ ਆਂਦੀ ਹੈ ॥

ਦੂਧੁ ਪੀਉ ਗੋਬਿੰਦੇ ਰਾਇ ॥

ਦੂਧੁ ਪੀਉ ਮੇਰੋ ਮਨੁ ਪਤੀਆਇ ॥

ਨਾਹੀ ਤ ਘਰ ਕੋ ‡ਬਾਪੁ ਰਿਸਾਇ ॥ ੧ ॥ ਰਹਾਉ ॥

ਰਿਸਾਇ = ਗੁਸੇ ।

ਹੇ ਮੇਰੇ ਗੋਬਿੰਦ ਰਾਇ ਦੁਧ ਪੀਓ, ਦੁਧ ਪੀਓਗੇ ਤਦ ਮੇਰਾ ਮਨ ਪਤੀ ਆਵੇਗਾ, (ਜੇ ਨਾ ਪੀਓਗੇ ਤਾਂ) ਘਰ ਦਾ ਬਾਪ (ਨਾਨਾ) ਮੇਰਾ ਗੁਸੇ ਹੋਵੇਗਾ ।

ਸੁਇਨ ਕਟੋਰੀ ਅੰਮ੍ਰਿਤ ਭਰੀ ॥

ਲੈ ਨਾਮੈ ਹਰਿ ਆਗੈ ਧਰੀ ॥ ੨ ॥

ਸੋਨੇ ਦੀ ਕਟੋਰੀ ਦੁਧ ਦੀ ਭਰਕੇ (ਵਾ ਭਰੀ ਹੋਈ) ਲੈਕੇ ਨਾਮੇ ਨੇ ਹਰੀ ਦੇ ਅਗੇ ਰਖੀ ॥

---

–੧੩ ਗੁਣ ਗ੍ਰਾਹੀ, ੧੪ ਗੰਭੀਰ, ੧੫ ਸੁਧ ਮਨ, ੧੬ ਧਰਮੀ, ੧੭ ਛਮੀ, ੧੮ ਤਤ ਗਿਆਨੀ, ੧੯ ਇੰਦਰ ਜੀਤ, ੨੦ ਸਤ-ਬ੍ਰਤੀ, ੨੧ ਸੁਕ੍ਰਿਤੀ, ੨੨ ਧ੍ਰਿਤੀ, ੨੩ ਬਿਨੀਤ, ੨੪ ਤੇਜਸ੍ਵੀ, ੨੫ ਦਯਾਲੂ, ੨੬ ਹਰਿ ਭਗਤ, ੨੭ ਨਿਰਲੋਭ, ੨੮ ਨਿਰ ਕ੍ਰੋਧ, ੨੯ ਹਿੰਸਾ ਹੀਨ, ੩੦ ਕਾਮ ਹੀਨ, ੩੧ ਕਪਟ ਹੀਨ, ੩੨ ਗਰਬ ਹੀਨ ॥

†ਏਹ ਕਹਾਣੀ ਭਗਤ ਜੀ ਨੇ ਆਪਣੀ ਪਹਿਲੀ ਹਾਲਤ ਦੀ ਦੱਸੀ ਹੋਈ ਹੈ। ਜਦ ਨੱਨਾ ਜੀ ਕਿਧਰੇ ਬਾਹਰ ਚਲੇ ਗਏ ਤਾਂ ਆਖਣ ਲਗੇ ਮੈਂ ਤਾਂ ਜ਼ਰੂਰ ਠਾਕਰ ਜੀ ਨੂੰ ਦੁੱਧ ਪਿਔਣਾ ਹੈ ਭਲਾ ਸੋਚੋ ਠਾਕੁਰ ਜੀ ਨੇ ਕਿਥੇ ਦੁੱਧ ਪੀਣਾ ਸੀ, ਪਰ ਏਨ੍ਹਾਂ ਦਾ ਨਿਸਚਾ ਜੇਹੜਾ ਏਨਾਂ ਜਲ ਥਲ ਵਿਚ ਵਾਹਿਗੁਰੂ ਨੂੰ ਵੇਖਿਆ ਹੋਯਾ ਹੈ ਇਸ ਕਰਕੇ ਏਨਾਂ ਦੀ ਮੁਰਾਦ ਪੂਰੀ ਹੋਈ ਜਿਸਦਾ ਸਿੱਟਾ ਏਹ ਹੈ ਜੋ ਤੁਸੀ ਠਾਕੁਰ ਨੂੰ ਛੱਡਕੇ ਵਾਹਿਗੁਰੂ ਨਾਲ ਪ੍ਰੀਤ ਕਰੋ ।

‡ਮਾਤਾ ਦਾ ਪਿਤਾ "ਨਾਨਾ" ਇੱਕੁਰ ਵੀ ਅਰਥ ਕਰਦੇ ਹਨ ॥

ਏਕੁ ਭਗਤੁ ਮੇਰੇ ਹਿਰਦੇ ਬਸੈ ॥
ਨਾਮੇ ਦੇਖਿ ਨਰਾਇਨੁ ਹਸੈ ॥ ੩ ॥
( ਵਾਹਿਗੁਰੂ )

ਇਕ ਭਗਤ ਹੀ ਮੇਰੇ ਚਿੱਤ ਵਿਚ ਵੱਸਦਾ ਹੈ, ਨਾਮੇ ਨੂੰ ਦੇਖਕੇ ਨਾਰਾਇਣ ਬੜੇ ਹੱਸੇ।

ਦੂਧੁ ਪੀਆਇ ਭਗਤੁ ਘਰਿ ਗਇਆ ॥
ਨਾਮੇ ਹਰਿ ਕਾ ਦਰਸਨੁ ਭਇਆ ॥ ੪ ॥ ੩ ॥

ਦੁਧ ਪੀਆਕੇ ਭਗਤ ਘਰਨੂੰ ਗਿਆ ਨਾਮੇ ਨੂੰ ਹਰੀ ਦਾ ਦਰਸਨ ਹੋਇਆ।

ਮੈ ਬਉਰੀ ਮੇਰਾ ਰਾਮੁ ਭਤਾਰੁ ॥
ਰਚਿ ਰਚਿ ਤਾਕਉ ਕਰਉ ਸਿੰਗਾਰੁ ॥ ੧ ॥

ਮੈਂ ਬੌਰੀ ਹਾਂ ਮੇਰਾ ਵਾਹਿਗੁਰੂ ਪਤੀ ਹੈ ਤਿਸਦੇ ਵਾਸਤੇ ਮੈਂ ਰਚ ਰਚਕੇ ਸਿੰਗਾਰ ਕਰਦੀ ਹਾਂ।

ਭਲੇ ਨਿੰਦਉ ਭਲੇ ਨਿੰਦਉ ਭਲੇ ਨਿੰਦਉ ਲੋਗੁ ॥
ਤਨੁ ਮਨੁ ਰਾਮ ਪਿਆਰੇ ਜੋਗੁ ॥ ੧ ॥ ਰਹਾਉ ॥

(ਹੇ ਲੋਕੋ) ਭਲੇ ਨਿੰਦੋ, ਭਲੇ ਨਿੰਦੋ, ਭਲੇ ਨਿੰਦੋ, ਮੈਂ ਆਪਣਾ ਤਨ ਮਨ ਵਾਹਿਗੁਰੂ ਪਿਆਰੇ ਦੇ ਯੋਗ ਕਰ ਦਿੱਤਾ ਹੈ।

ਬਾਦੁ ਬਿਬਾਦੁ ਕਾਹੂ ਸਿਉ ਨ ਕੀਜੈ ॥
ਰਸਨਾ ਰਾਮ ਰਸਾਇਨੁ ਪੀਜੈ ॥ ੨ ॥

ਹੇ ਮਨ ਬਿਅਰਥ ਝਗੜਾ ਕਿਸੇ ਨਾਲ ਨਾ ਕਰ (ਕਰੀਏ) ਰਸਨਾਂ ਕਰਕੇ ਜੋਹੜਾ ਵਾਹਿਗੁਰੂ ਅੰਮ੍ਰਿਤ ਦਾ ਘਰ ਹੈ ਉਸ ਨੂੰ ਪੀ।

ਅਬ ਜੀਅ ਜਾਨਿ ਐਸੀ ਬਨਿ ਆਈ ॥
ਮਿਲਉ ਗੁਪਾਲ ਨੀਸਾਨੁ ਬਜਾਈ ॥ ੩ ॥

ਹੁਣ ਮੇਰੇ ਚਿਤ ਵਿਚ ਤੁਸੀ ਜਾਣ ਲਵੋ ਕਿ ਇੱਕੁਰ ਦੀ ਬਾਤ ਬਣ ਆਈ ਹੈ ਕਿ ਨਗਾਰਾ ਵਜਾਕੇ ਵਾਹਿਗੁਰੂ ਨੂੰ ਮਿਲਾਂਗੇ।

ਉਸਤਤਿ ਨਿੰਦਾ ਕਰੈ ਨਰੁ ਕੋਈ ॥
ਨਾਮੇ ਸ੍ਰੀ ਰੰਗੁ ਭੇਟਲ ਸੋਈ ॥ ੪ ॥ ੪ ॥

ਹੁਣ ਚਾਹੇ ਕੋਈ ਆਦਮੀ ਸਾਡੀ ਉਸਤਤਿ ਕਰੇ ਚਾਹੇ ਨਿੰਦਿਆ ਪਰ ਨਾਮੇ ਨੂੰ ਸ੍ਰੀ ਰੰਗ ਸੋਈ ਵਾਹਿਗੁਰੂ ਮਿਲ ਗਏ ਹਨ।

**ਕਬਹੂ ਖੀਰਿ ਖਾਂਡ ਘੀਉ ਨ ਭਾਵੈ ॥**

**ਕਬਹੂ ਘਰ ਘਰ ਟੂਕ ਮਗਾਵੈ ॥**

ਕਦੀ ਖੀਰ, ਖੰਡ, ਘਿਓ ਨਹੀਂ ਭਾਵੇ (ਭਾਵ ਵਾਹਿਗੁਰੂ ਏਨਾਂ ਤੋਂ ਨਫਰਤ ਕਰਾਉਂਦਾ ਹੈ) ਕਦੀ ਘਰ ਘਰ ਟੁਕੜੇ ਮੰਗਾਉਂਦਾ ਹੈ।

**ਕਬਹੂ ਕੂਰਨੁ ਚਨੇ ਬਿਨਾਵੈ ॥ ੧ ॥**

**ਜਿਉ ਰਾਮੁ ਰਾਖੈ ਤਿਉ ਰਹੀਐ ਰੇ ਭਾਈ ॥**

**ਹਰਿ ਕੀ ਮਹਿਮਾ ਕਿਛੁ ਕਥਨੁ ਨ ਜਾਈ ॥ ੧ ॥ ਰਹਾਉ ॥**

ਕੂਰਨੁ = ਕੂੜੇ, ਸੂੜੀ, ਕਰੜੇ। ਬਿਨਾਵੈ = ਚੁਨਾਵੇ ॥

ਕਦੀ ਕੂਰਨੁ ਚਣੇ ਚੁਣੌਂਦਾ ਹੈ।

ਹੇ ਭਾਈ ਜਿਕੁਰ ਵਾਹਿਗੁਰੂ ਰੱਖੇ ਤਿਕੁਰ ਹੀ ਰਹੀਏ ਵਾਹਿਗੁਰੂ ਦੀ ਮਹਿਮਾ ਕੁਝ ਕਹੀ ਨਹੀਂ ਜਾਂਦੀ।

**ਕਬਹੂ ਤੁਰੇ ਤੁਰੰਗ ਨਚਾਵੈ ॥**

**ਕਬਹੂ ਪਾਇ ਪਨਹੀਓ ਨ ਪਾਵੈ ॥ ੨ ॥**

ਤੁਰੇ = ਅਰਬ ਦੇਸ ਦੇ ਘੋੜੇ। ਤੁਰੰਗ = ਘੋੜੇ। ਪਨਹੀਓ = ਜੁਤੀ ॥

ਕਦੀ ਘੋੜਿਆਂ ਤੇ ਨਚੌਂਦਾ ਹੈ, ਕਦੀ ਪੈਰੀਂ ਜੁਤੀ ਵੀ ਨਹੀਂ ਪੌਣ ਦੇਂਦਾ।

**ਕਬਹੂ ਖਾਟ ਸੁਪੇਦੀ ਸੁਵਾਵੈ ॥**

**ਕਬਹੂ ਭੂਮਿ ਪੈਆਰੁ ਨ ਪਾਵੈ ॥ ੩ ॥**

ਖਾਟ = ਮੰਜੀ ॥ ਪੈਆਰੁ = ਪਰਾਲੀ ॥

ਕਦੀ ਚਿਟੀ ਵਛਾਈ (ਵਛਾਕੇ) ਮੰਜੀ ਤੇ ਸੁਔਂਦਾ ਹੈ। ਕਦੀ ਧਰਤੀ ਉਤੇ ਸੌਣ ਵਾਸਤੇ ਪਰਾਲੀ (ਦਾ ਸਿਰਹਾਨਾ) ਵੀ ਨਹੀਂ ਪਾ ਸਕੇ।

**ਭਨਤਿ ਨਾਮਦੇਉ ਇਕੁ ਨਾਮੁ ਨਿਸਤਾਰੈ ॥**

**ਜਿਹ ਗੁਰੁ ਮਿਲੈ ਤਿਹ ਪਾਰਿ ਉਤਾਰੈ ॥ ੪ ॥ ੫ ॥**

ਨਾਮ ਦੇਉ ਜੀ ਕਹਿੰਦੇ ਹਨ ਇਕ ਨਾਮ ਹੀ ਤਾਰੇਗਾ, ਜਿਸਨੂੰ ਗੁਰੂ ਮਿਲਦੇ ਹਨ ਉਸਨੂੰ ਪਾਰ ਉਤਾਰ ਦੇਂਦੇ ਹਨ।

**ਹਸਤ ਖੇਲਤ ਤੇਰੇ ਦੇਹੁਰੇ ਆਇਆ ॥**

**ਭਗਤਿ ਕਰਤ ਨਾਮਾ ਪਕਰਿ ਉਠਾਇਆ ॥੧॥**

ਹੇ ਠਾਕਰ ਜੀ ! ਮੈਂ ਤਾਂ ਹਸਦਾ ਖੇਡਦਾ ਤੇਰੇ ਦੇਹੁਰੇ ਆਇਆ ਹਾਂ ਭਗਤੀ ਕਰਦੇ ਨਾਮ ਦੇਉ ਨੂੰ ਬ੍ਰਾਹਮਣਾਂ ਨੇ ਫੜਕੇ ਉਠਾ ਦਿਤਾ ਹੈ ॥

**ਹੀਨੜੀ ਜਾਤ ਮੇਰੀ *ਜਾਦਮ ਰਾਇਆ ॥**
**ਛੀਪੇ ਕੇ ਜਨਮਿ ਕਾਹੇ ਕਉ ਆਇਆ ॥ ੧ ॥ ਰਹਾਉ ॥**

ਹੇ ਜਾਦਵ ਰਾਇਆ ਵਾਹਿਗੁਰੂ ਮੇਰੀ ਹੀਨੜੀ ਜਾਤ ਹੈ ਮੇਰਾ ਜਨਮ ਛੀਂਬੇ ਦੇ ਘਰ ਕਿਉਂ ਹੋਇਆ ?

**ਲੈ ਕਮਲੀ ਚਲਿਓ ਪਲਟਾਇ ॥**
**ਦੇਹੁਰੈ ਪਾਛੈ ਬੈਠਾ ਜਾਇ ॥ ੨ ॥**

ਭੂਰੀ ਨੂੰ ਮੋਢੇ ਤੇ ਲੈਕੇ (ਨਰਾਸ ਹੋਕੇ) ਨਾਮਾ ਮੁੜ ਚਲਿਆ, ੇਹੁਰੇ ਦੇ ਪਿਛੇ ਜਾ ਬੈਠਾ ॥

**ਜਿਉ ਜਿਉ ਨਾਮਾ ਹਰਿ ਗੁਣ ਉਚਰੈ ॥**
**ਭਗਤ ਜਨਾਂ ਕਉ ਦੇਹੁਰਾ ਫਿਰੈ ॥ ੩ ॥ ੬ ॥**

ਜਿਉਂ ਜਿਉਂ ਨਾਮਾਂ ਵਾਹਿਗੁਰੂ ਦੇ ਗੁਣ ਉਚਾਰਦਾ ਹੈ ਤਿਉਂ ਤਿਉਂ ਭਗਤ ਜਨਾਂ ਦੇ ਵਾਸਤੇ ਵਾਹਿਗੁਰੂ ਦੇਹੁਰਾ ਫੇਰੀ ਜਾਂਦਾ ਹੈ ॥

**ਭੈਰਉ ਨਾਮ ਦੇਉ ਜੀਉ ਘਰੁ ੨**

**ੴ ਸਤਿਗੁਰਪ੍ਰਸਾਦਿ ॥**

**ਜੈਸੀ ਭੂਖੇ ਪ੍ਰੀਤਿ ਅਨਾਜ ॥ ਤ੍ਰਿਖਾਵੰਤ ਜਲ ਸੇਤੀ ਕਾਜ ॥**

ਜਿਕੁਰ ਦੀ ਭੁਖੇ ਦੀ ਪ੍ਰੀਤੀ ਅੰਨ ਨਾਲ ਹੈ, ਪਿਆਸੇ ਦਾ ਕੰਮ ਪਾਣੀ ਨਾਲ ਹੁੰਦਾ ਹੈ ॥

**ਜੈਸੀ ਮੂੜ ਕੁਟੰਬ ਪਰਾਇਣ ॥**
**ਐਸੀ ਨਾਮੇ ਪ੍ਰੀਤਿ ਨਾਰਾਇਣ ॥ ੧॥**

ਪਰਾਇਣ = ਪਾਲਣ ਦੀ। ਆਸਰੇ ਰਹਿਣ ਦੀ। ਪਰਾਏ ਘਰ।

---

*ਭਾਵੇਂ ਯਾਦਵ ਰਾਇਆ ਸ੍ਰੀ ਕ੍ਰਿਸ਼ਨ ਜੀ ਦਾ ਬੋਧਕ ਹੈ ਪਰ ਭਗਤਾਂ ਨੇ ਇਹ ਇਕ ਕਵਿਤਾ ਕਰਨੇ ਵਾਸਤੇ ਅਤੇ ਲੋਕਾਂ ਨੂੰ ਉਪਦੇਸ਼ ਵਾਸਤੇ (ਜੇਹੜੇ ਉਸ ਵਕਤ ਮਸ਼ਹੂਰ ਅਵਤਾਰਾਂ ਦੇ ਨਾਮ ਸੀ) ਪਦ ਵਰਤ ਲਏ ਸੀ ॥

ਜਿਕੁਰ ਮੂਰਖ ਦੀ ਕੁਟੰਬ ਪਾਲਣ ਵਿਚ ਪ੍ਰੀਤੀ ਹੈ ਇਕੁਰ ਦੀ ਨਾਮ ਦੇਉ ਜੀ ਦੀ ਵਾਹਿਗੁਰੂ ਨਾਲ ਪ੍ਰੀਤੀ ਹੈ ॥

**ਨਾਮੇ ਪ੍ਰੀਤਿ ਨਾਰਾਇਣ ਲਾਗੀ ॥**

**ਸਹਜ ਸੁਭਾਇ ਭਇਓ ਬੈਰਾਗੀ ॥ ੧ ॥ ਰਹਾਉ ॥**

ਜਦ ਨਾਮੇ ਦੀ ਪ੍ਰੀਤ ਵਾਹਿਗੁਰੂ ਨਾਲ ਲਗੀ ਤਦ ਸਹਜ ਸੁਭਾਵ ਹੀ ਮੈਂ ਬੈਰਾਗੀ ਹੋ ਗਿਆ ॥

**ਜੈਸੀ ਪਰ ਪੁਰਖਾਰਤ ਨਾਰੀ ॥**

**ਲੋਭੀ ਨਰੁ ਧਨ ਕਾ ਹਿਤਕਾਰੀ ॥**

ਰਤ = ਪ੍ਰੀਤੀ ।

ਜਿੱਕਰ ਪਰਾਏ ਪੁਰਖ ਨਾਲ ਬਿਭੁਚਾਰਨਿ ਇਸਤ੍ਰੀ ਪ੍ਰੀਤੀ ਕਰਦੀ ਹੈ, ਅਤੇ ਲੋਭੀ ਆਦਮੀ ਧਨ ਦਾ ਹਿਤਕਾਰੀ ਹੁੰਦਾ ਹੈ ॥

**ਕਾਮੀ ਪੁਰਖ ਕਾਮਨੀ ਪਿਆਰੀ ॥**

**ਐਸੀ ਨਾਮੇ ਪ੍ਰੀਤਿ ਮੁਰਾਰੀ ॥ ੨ ॥**

ਕਾਮਨੀ = ਇਸਤ੍ਰੀ ।

ਕਾਮੀ ਆਦਮੀ ਨੂੰ ਜਿੱਕੁਰ ਇਸਤ੍ਰੀ ਪਿਆਰੀ ਹੁੰਦੀ ਹੈ ਇਕਰ ਦੀ ਨਾਮੇ ਦੀ ਪ੍ਰੀਤ ਮੁਰਾਰੀ ਵਾਹਿਗੁਰੂ ਨਾਲ ਹੈ ॥

**ਸਾਈ ਪ੍ਰੀਤਿ ਜਿ ਆਪੇ ਲਾਏ ॥**

**ਗੁਰ ਪਰਸਾਦੀ ਦੁਬਿਧਾ ਜਾਏ ॥**

ਓਹੋ ਹੱਛੀ ਪ੍ਰੀਤੀ ਹੈ ਜੇਹੜੀ ਆਪੇ (ਵਾਹਿਗੁਰੂ) ਲਾਏ "ਗੁਰਾਂ ਦੀ ਕਿਰਪਾ ਨਾਲ ਦੁਬਿਧਾ ਚਲੀ ਜਾਵੇ" ॥

**ਕਬਹੁ ਨ ਤੂਟਸਿ ਰਹਿਆ ਸਮਾਇ ॥**

**ਨਾਮੇ ਚਿਤੁ ਲਾਇਆ ਸਚਿ ਨਾਇ ॥ ੩ ॥**

ਨਾਮੇ ਨੇ ਸਚੇ ਨਾਮ ਨਾਲ ਚਿਤ ਲਾਇਆ ਹੈ ਸੋ ਨਾਲ ਹੀ ਸਮਾ ਰਿਹਾ ਹੈ ਕਦੀ ਨਹੀ ਟੁਟੇਗਾ ॥

**ਜੈਸੀ ਪ੍ਰੀਤਿ ਬਾਰਿਕ ਅਰੁ ਮਾਤਾ ॥**

**ਐਸਾ ਹਰਿ ਸੇਤੀ ਮਨੁ ਰਾਤਾ ॥**

ਜਿਕੁਰ ਦੀ ਪ੍ਰੀਤੀ ਬਾਲਿਕ ਅਤੇ ਮਾਤਾ ਦੀ ਹੁੰਦੀ ਹੈ ਇਕੁਰ ਦਾ ਮੇਰਾ

ਮਨ ਵਾਹਿਗੁਰੂ ਨਾਲ ਰੱਤਾ ਹੋਇਆ ਹੈ ॥

**ਪ੍ਰਣਵੈ ਨਾਮ ਦੇਉ ਲਾਗੀ ਪ੍ਰੀਤਿ ॥**

**ਗੋਬਿਦੁ ਬਸੈ ਹਮਾਰੈ ਚੀਤਿ ॥ ੪ ॥ ੧ ॥ ੭ ॥**

ਨਾਮ ਦੇਉ ਜੀ ਕਹਿੰਦੇ ਹਨ ਮੇਰੀ ਪ੍ਰੀਤ (ਇੱਕਰ ਦੀ ਵਾਹਿਗੁਰੂ ਨਾਲ) ਲੱਗੀ ਹੈ ਸੋ ਸਾਡੇ ਚਿੱਤ ਵਿਚ ਵਾਹਿਗੁਰੂ ਵੱਸਦਾ ਹੈ ॥

**ਘਰ ਕੀ ਨਾਰਿ ਤਿਆਗੈ ਅੰਧਾ ॥**

**ਪਰ ਨਾਰੀ ਸਿਉ ਘਾਲੈ ਧੰਧਾ ॥**

ਘਰ ਦੀ ਇਸਤ੍ਰੀ ਅੰਨ੍ਹਾਂ ਛਡ ਦੇਂਦਾ ਹੈ ਪਰਾਈ ਇਸਤ੍ਰੀ ਨਾਲ ਧੰਦਾ ਪਾਉਂਦਾ ਹੈ ॥

**ਜੈਸੇ ਸਿੰਬਲੁ ਦੇਖਿ ਸੂਆ ਬਿਗਸਾਨਾ ॥**

**ਅੰਤ ਕੀ ਬਾਰ ਮੂਆ ਲਪਟਾਨਾ ॥ ੧ ॥**

ਸੂਆ = ਤੋਤਾ। ਬਿਗਸਾਨਾ = ਖਿੜਿਆ ।

ਜਿੱਕਰ ਤੋਤਾ ਸਿੰਮਲ ਬ੍ਰਿਛ ਨੂੰ ਵੇਖਕੇ ਖੁਸ਼ ਹੁੰਦਾ ਹੈ ਅੰਤ ਦੀ ਵੇਰੀ ਉਸ ਨਾਲ ਚੰਬੜ ਕ ਮਰ ਜਾਂਦਾ ਹੈ ॥

**ਪਾਪੀ ਕਾ ਘਰੁ ਅਗਨੇ ਮਾਹਿ ॥**

**ਜਲਤ ਰਹੈ ਮਿਟਵੈ ਕਬ ਨਾਹਿ ॥ ੧ ॥ ਰਹਾਉ ॥**

ਪਾਪੀ ਦਾ ਘਰ ਅੱਗ ਵਿਚ ਹੈ ਸੜਦਾ ਰਹਿੰਦਾ ਹੈ (ਉਸਦਾ) ਕਰੋਧ ਕਦੀ ਦੂਰ ਨਹੀਂ ਹੁੰਦਾ ॥

**ਹਰਿ ਕੀ ਭਗਤਿ ਨ ਦੇਖੈ ਜਾਇ ॥**

**ਮਾਰਗੁ ਛੋਡਿ ਅਮਾਰਗਿ ਪਾਇ ॥**

ਵਾਹਗੁਰੂ ਦੀ ਭਗਤੀ (ਸਤਸੰਗ ਵਿਚ) ਜਾਕੇ ਨਹੀਂ ਦੇਖਦਾ ਰਸਤੇ ਨੂੰ ਛਡਕੇ ਕੁਰਸਤੇ ਵਿਚ ਪੈਂਦਾ ਹੈ ॥

**ਮੂਲਹੁ ਭੂਲਾ ਆਵੈ ਜਾਇ ॥**

**ਅੰਮ੍ਰਿਤੁ ਡਾਰਿ ਲਾਦਿ ਬਿਖੁ ਖਾਇ ॥ ੨ ॥**

ਮੁੱਢ ਤੋਂ ਭੁਲਿਆ ਹੋਇਆ ਆਉਂਦਾ ਜਾਂਦਾ (ਜੰਮਦਾ ਮਰਦਾ) ਹੈ ਅੰਮ੍ਰਿਤ (ਨਾਮ) ਨੂੰ ਸੁਟਕੇ ਵਿਸ਼ੇ ਰੂਪ ਵਿਹੁ ਨੂੰ ਲੱਦ (ਭਰ ਭਰਕੇ) ਖਾਂਦਾ ਹੈ।

**ਜਿਉ ਬੇਸ੍ਵਾ ਕੇ ਪਰੈ ਅਖਾਰਾ ॥**

ਕਾਪਰੁ ਪਹਿਰਿ ਕਰਹਿ ਸੀਗਾਰਾ॥

ਜਿਕੁਰ ਵੇਸਵਾ ਦੇ ਪਾਸ ਅਖਾੜਾ (ਪੈਂਦਾ) ਲਗਦਾ ਹੈ ਤਾਂ ਕਪੜੇ ਪਾਕੇ ਸਿਗਾਰ ਕਰਦੀ ਹੈ॥

ਪੂਰੇ ਤਾਲ ਨਿਹਾਲੇ ਸਾਸ॥

ਵਾਕੇ ਗਲੇ ਜਮ ਕਾ ਹੈ ਫਾਸ ॥੩॥

ਤਾਲਾਂ ਨੂੰ ਪੂਰਦੀ ਹੈ ਅਤੇ ਸੁਰਾਂ ਨੂੰ ਦੇਖਦੀ ਹੈ (ਅੰਤ ਨੂੰ) ਉਸਦੇ ਗਲ ਵਿਚ ਜਮ ਦਾ ਫਾਹ ਪਏਗਾ॥

ਜਾਕੇ ਮਸਤਕਿ ਲਿਖਿਓ ਕਰਮਾ॥

ਸੋ ਭਜਿ ਪਰਿ ਹੈ ਗੁਰ ਕੀ ਸਰਨਾ

ਜਿਦੇ ਮੱਥੇ ਤੇ ਚੰਗੇ ਕਰਮ ਲਿਖੇ ਹੋਏ ਹਨ ਓਹ ਦੌੜਕੇ ਵਾਹਿਗੁਰੂ ਸਰੂਪ ਗੁਰਾਂ ਦੀ ਸਰਨ ਪੈਂਦਾ ਹੈ।

ਕਹਤ ਨਾਮ ਦੇਉ ਇਹੁ ਬੀਚਾਰੁ ॥

ਇਨ ਬਿਧਿ ਸੰਤਹੁ ਉਤਰਹੁ ਪਾਰਿ॥੪॥੨॥੮॥

ਨਾਮ ਦੇਉ ਜੀ ਨੇ ਏਹ ਵਿਚਾਰ ਕਿਹਾ ਹੈ ਹੇ ਸੰਤੋ ਇਸ ਰੀਤ ਨਾਲ ਪਾਰ ਉਤਰੋ॥

*ਸੰਡਾ ਮਰਕਾ ਜਾਇ ਪੁਕਾਰੇ॥

ਪੜੈ ਨਹੀ ਹਮ ਹੀ ਪਚਿਹਾਰੇ॥

ਸੰਡਾ ਮਰਕਾ ਦੋਵੇਂ (ਪੜ੍ਹੌਂਨ ਵਾਲੇ ਪਾਂਧੇ) ਹਰਨਾਖਸ ਪਾਸ ਜਾ ਪੁਕਾਰੇ ਕਿ ਅਸੀ ਬਹੁਤ ਖਪ ਗਏ ਹਾਂ ਪਰ ਪ੍ਰਹਿਲਾਦ ਨਹੀਂ ਪੜ੍ਹਦਾ।

ਰਾਮ ਕਹੈ ਕਰ ਤਾਲ ਬਜਾਵੈ ਚਟੀਆ ਸਭੈ ਬਿਗਾਰੇ ॥ ੧॥

ਰਾਮ ਨਾਮਾ ਜਪਿਬੋ ਕਰੈ॥

ਹਿਰਦੈ ਹਰਿ ਜੀਕੋ ਸਿਮਰਨੁ ਧਰੈ॥੧॥ ਰਹਾਉ॥

ਰਾਮ ਰਾਮ ਕਹਿਕੇ ਛੈਣੇਂ ਵਜੌਂਦਾ ਹੈ ਅਤੇ ਮੁੰਡੇ ਸਾਰੇ ਵਿਗਾੜ ਦਿਤੇ ਸੂ, ਰਾਮ ਰਾਮ ਹੀ ਜਪਣਾਂ ਕਰਦਾ ਹੈ ਰਿਦੇ ਵਿਚ ਹਰੀ ਜੀ ਦਾ ਸਿਮਰਨ ਧਰਦਾ ਹੈ॥

---

*ਪ੍ਰਹਿਲਾਦ ਜੀ ਦਾ ਪ੍ਰਸੰਗ ਜੇਹੜਾ ਕਿ ਸ਼ਾਸਤਰਾਂ ਵਿਚ ਲਿਖਿਆ ਹੋਇਆ ਹੈ ਉਸਨੂੰ ਨਾਮਦੇਉ ਦੁਆਰਾ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਦਸਯਾ ਹੈ।

***ਬਸੁਧਾ ਬਸਿਕੀਨੀ ਸਭ ਰਾਜੇ ਬਿਨਤੀ ਕਰੈ ਪਟਰਾਨੀ ॥ ਪੂਤੁ ਪ੍ਰਹਿਲਾਦੁ ਕਹਿਆ ਨਹੀ ਮਾਨੈ ਤਿਨਿ ਤਉ ਅਉਰੈ ਠਾਨੀ ॥ ੨ ॥**

ਬਸੁਧਾ = ਧਰਤੀ ॥

ਹਰਨਾਖਸ਼ ਦੀ ਰਾਣੀ ਬੇਨਤੀ ਕਰਕੇ ਪ੍ਰਹਿਲਾਦ ਨੂੰ ਸਮਝਾਉਂਦੀ ਹੈ ਕਿ ਦੇਖ ਪੁਤ੍ਰ ਤੇਰੇ ਪਿਤਾ ਰਾਜੇ ਨੇ ਸਾਰੀ ਧਰਤੀ ਸ੍ਰਿਸ਼ਟੀ) ਵੱਸ ਕੀਤੀ ਹੋਈ ਹੈ, ਪਰ ਪੁਤ੍ਰ ਪ੍ਰਹਿਲਾਦ ਕਹਿਆ ਨਹੀਂ ਮੰਨਦਾ, ਹੇ ਪੁਤ੍ਰ ਰਾਜੇ ਨੇ ਤਾਂ ਹੋਰ ਹੀ ਸਲਾਹ ਕੀਤੀ ਹੋਈ ਹੈ ਭਾਵ ਤੇਰੇ ਮਾਰਨ ਦੀ।

**ਦੁਸਟ ਸਭਾ ਮਿਲਿ ਮੰਤਰ ਉਪਾਇਆ ਕਰਸਹ ਅਉਧ ਘਨੇਰੀ ॥ ਗਿਰਿ ਤਰ ਜਲ ਜੁਆਲਾ ਭੈ ਰਾਖਿਓ ਰਾਜਾ ਰਾਮ ਮਾਇਆ ਫੇਰੀ ॥ ੩ ॥**

ਭੈੜੀ ਸਭਾ ਦੇ ਮੰਤ੍ਰੀਆਂ ਅਤੇ ਰਾਜੇ ਨੇ ਇਹੁ ਸਲਾਹ ਆਪਣੇ ਦਿਲ ਵਿਚ ਬਣਾਈ ਕਿ ਤੂੰ ਰਾਮ ਜਪਣ ਦੀ ਬਾਣ ਛਡ ਦੇ ਕਿ ਤੇਰੀ ਉਮਰ ਵਡੀ ਕਰਾਂਗੇ। ਭਾਵ ਤੂੰ ਆਪਣੀ ਉਮਰ ਵਿਚ ਬਹੁਤਾ ਸੁਖ ਮਾਣੇਂਗਾ, ਵਾ ਕੀ ਤੇਰੀ ਉਮਰ ਬਹੁਤੀ ਕਰਾਂਗੇ ਭਾਵ ਮਾਰ ਦਿਆਂਗੇ। ਪਹਾੜ ਦੇ ਡਿੱਗਣ ਤੋਂ ਪਾਣੀ ਦੇ ਡੁਬਣ ਤੋਂ ਅੱਗ ਦੇ ਸੜਨ ਦੇ ਭੈ ਤੋਂ ਵਾਹਿਗੁਰੂ ਨੇ ਆਪਣੀ ਸ਼ਕਤੀ ਨਾਲ ਉਸ ਨੂੰ ਰਖ ਲਿਆ।

**ਕਾਢਿ ਖੜਗੁ ਕਾਲੁ ਭੈ ਕੋਪਿਓ ਮੋਹਿ ਬਤਾਉ ਜੁ ਤੁਹਿ ਰਾਖੈ ॥ ਪੀਤ ਪੀਤਾਂਬਰ ਤ੍ਰਿਭਵਣ ਧਣੀ ਥੰਮ ਮਾਹਿ ਹਰਿ ਭਾਖੈ ॥ ੪ ॥**

ਪੀਤਾਂਬਰ = ਪੀਲੇ ਕੱਪੜੇ ਵਾਲਾ ਵਾਹਿਗੁਰੂ

ਮਿਆਨੋਂ ਤਲਵਾਰ ਕੱਢਕੇ ਅਤੇ ਮਾਰਨ ਦੀ ਧਮਕੀ ਦੇਕੇ ਪ੍ਰਹਿਲਾਦ ਉਤੇ ਗੁੱਸਾ ਖਾਧਾ ਮੈਨੂੰ ਦਸ ਕਿ ਤੈਨੂੰ ਕੇਹੜਾ ਰੱਖਣ ਵਾਲਾ ਹੈ ? ਪੀਲੇ ਕਪੜਿਆਂ ਵਾਲਾ ਅਤੇ ਤਿੰਨਾਂ ਲੋਕਾਂ ਦਾ ਮਾਲਕ ਵਾਹਿਗੁਰੂ ਉਸਨੇ ਥੰਮ ਵਿਚ ਕਿਹਾ ਭਾਵ ਮੇਰਾ ਰਾਖਾ ਥੰਮ ਵਿਚ ਹੀ ਹੈ।

---

*ਜਿਸ ਰਾਜੇ ਨੇ ਸਾਰੀ ਸ੍ਰਿਸ਼ਟੀ ਵੱਸ ਕੀਤੀ ਹੋਈ ਹੈ ਉਸ ਪਾਸ ਪਟਰਾਣੀ ਬੇਨਤੀ ਕਰਦੀ ਹੈ ਕਿ ਤੇਰਾ ਪ੍ਰਹਿਲਾਦ ਪੁਤ੍ਰ ਕਿਸੇ ਦਾ ਕਿਹਾ ਨਹੀਂ ਮੰਨਦਾ, ਉਸਨੇ ਤਾਂ ਆਪਣੇ ਦਿਲ ਵਿਚ ਹੋਰ ਹੀ ਗੱਲ ਠਾਣੀ ਹੋਈ ਹੈ ਭਾਵ ਉਹ ਆਖਦਾ ਹੈ ਕਿ ਮੇਰਾ ਰਾਖਾ ਹਰ ਥਾਂ ਤੇ ਵਾਹਿਗੁਰੂ ਹੈ, ਅਸਲ ਅਰਥ ਇੱਕੁਰ ਹੈ।

**ਹਰਨਾਖਸੁ ਜਿਨਿ ਨਖਹ ਬਿਦਾਰਿਓ ਸੁਰਨਰ ਕੀਏ ਸਨਾਥਾ ॥ ਕਹਿ ਨਾਮ ਦੇਉ ਹਮ ਨਰ ਹਰਿ ਧਿਆਵਹਿ ਰਾਮੁ ਅਭੈ ਪਦ ਦਾਤਾ ॥ ੫ ॥ ੩ ॥ ੯ ॥**

ਜਿਸਨੇ ਇੱਕਰ ਦੇ ਜ਼ਾਲਮ ਹਰਨਾਖਸ਼ ਨੂੰ ਥੰਮ ਵਿਚੋਂ ਨਿਕਲਕੇ ਨਹੁੰਆਂ ਨਾਲ ਨਾਸ ਕੀਤਾ ਹੈ ਅਤੇ ਦੇਵਤਿਆਂ ਤੇ ਮਨੁੱਖਾਂ ਨੂੰ ਜਿਸਨੇ ਵਡਿਆਇਆ ਹੈ। ਨਾਮਦੇਵ ਜੀ ਕਹਿੰਦੇ ਹਨ ਕਿ ਇੱਕਰ ਦੇ ਨਰਹਰੀ ਨੂੰ ਅਸੀਂ ਹਰ ਵੇਲੇ ਧਿਆ-ਵਾਂਗੇ ਕਿਉਂਕਿ ਉਹ ਵਾਹਿਗੁਰੂ ਅਭੈ ਪਦਵੀ ਦੇ ਦੇਣ ਵਾਲਾ ਹੈ।

***ਸੁਲਤਾਨੁ ਪੂਛੈ ਸੁਨੁ ਬੇ ਨਾਮਾ ॥ ਦੇਖਉ ਰਾਮ ਤੁਮ੍ਹਾਰੇ ਕਾਮਾ ॥ ੧ ॥ ਨਾਮਾ ਸੁਲਤਾਨੇ ਬਾਧਿਲਾ ॥ ਦੇਖਉ ਤੇਰਾ ਹਰਿ ਬੀਠੁਲਾ ॥ ੧ ॥ ਰਹਾਉ ॥**

ਸੁਲਤਾਨ ਪਾਤਸ਼ਾਹ ਨੇ ਬੁਲਾਕੇ (ਇਕੁਰ) ਪਛਿਆ ਕਿ ਹੇ ਨਾਮੇ ਮੈਂ ਅਜ ਤੇਰੇ ਰਾਮ ਦੇ (ਜੀਦ੍ਹਾ ਕਿ ਤੂੰ ਭਗਤ ਹੈਂ) ਕੰਮ ਵੇਖਣੇ ਚਾਹੁੰਦਾ ਹਾਂ (ਏਨੀ ਗਲ ਕਹਿਕੇ) ਨਾਮੇ ਨੂੰ ਸੁਲਤਾਨ ਨੇ ਬੰਨ੍ਹ ਲਿਆ, ਮੈਂ ਦੇਖਾਂਗਾ ਕਿ ਹੁਣ ਤੈਨੂੰ ਤੇਰਾ ਪਿਆਰਾ ਵਾਹਿਗੁਰੂ ਛੁੜਾ ਲਵੇਗਾ।

**ਬਿਸਮਿਲਿ ਗਊ ਦੇਹੁ ਜੀਵਾਇ ॥ ਨਾ ਤਰੁ ਗਰਦਨਿ ਮਾਰਉ ਠਾਂਇ ॥ ੨ ॥ ਬਾਦਿਸਾਹ ਐਸੀ ਕਿਉ ਹੋਇ ॥ ਬਿਸਮਿਲਿ ਕੀਆ ਨ ਜੀਵੈ ਕੋਇ ॥ ੩ ॥**

ਬਿਸਮਿਲਿ = ਮੋਈ ਹੋਈ।

(ਦੂਸਰਾ) ਤੂੰ ਮੇਰੀ ਮੋਈ ਹੋਈ ਗਊ ਨੂੰ ਜੀਵਾ ਦੇ, ਨਹੀਂ ਤਾਂ ਮੈਂ ਤੈਨੂੰ ਗਰਦਨੋਂ ਏਥੇ ਹੀ ਮਾਰ ਦਿਆਂਗਾ। (ਉਤਰ)

ਹੇ ਪਾਤਸ਼ਾਹ ਇੱਕਰ ਦੀ ਗਲ ਮੈਥੋਂ ਕਿੱਕੁਰ ਹੋ ਸਕਦੀ ਹੈ ਕਿਉਂਕਿ ਮੋਇਆ ਹੋਯਾ ਕਦੀ ਕੋਈ ਜੀਵਿਆ ਨਹੀਂ।

---

*ਦੋਵੇਂ ਭਗਤ ਪੰਧਾਰ ਪੁਰੋਂ ਚਲਕੇ ਹਸਤਨਾ ਪੁਰ ਪਹੁੰਚੇ (ਜਿਸ ਨੂੰ ਕਿ ਉਸ ਵੇਲੇ ਦਿੱਲੀ ਕਹਿੰਦੇ ਸਨ) ਬਾਦਸ਼ਾਹ ਮੁਹੰਮਦ ਬਿਨ ਤੁਗਲਕ ਨੇ ਨਾਮ ਦੇਵ ਦਾ ਲੋਗਾਂ ਨਾਲ ਬਹੁਤ ਪਿਆਰ ਸੁਣਕੇ ਅਤੇ ਏਹ ਸ਼ੱਕ ਕਰਕੇ ਕਿ ਇਸਦਾ ਪਿਆਰ ਇਕ ਫਸਾਦ ਦਾ ਕਾਰਨ ਹੋਵੇਗਾ ਉਸ ਨੂੰ ਪਕੜ ਲੈਣ ਦਾ ਪੱਕਾ ਇਰਾਦਾ ਕਰ ਲਿਆ, ਉਪ੍ਰੋਕਤ ਸ਼ਬਦ ਭੈਰੋਂ ਰਾਗ ਦਾ ਨਤੀਜੇ ਦਾ ਹਾਲ ਦਸਦਾ ਹੈ।

**ਮੇਰਾ ਕੀਆ ਕਛੂ ਨ ਹੋਇ ॥ ਕਰਿ ਹੈ ਰਾਮੁ ਹੋਇ ਹੈ ਸੋਇ ॥੪॥**
**ਬਾਦਿਸਾਹੁ ਚੜ੍ਹਿਓ ਅਹੰਕਾਰਿ ॥**
**ਗਜ ਹਸਤੀ ਦੀਨੋ ਚਮਕਾਰਿ ॥ ੫॥**

ਮੇਰਾ ਕੀਤਾ ਕੁਝ ਨਹੀਂ ਹੁੰਦਾ, ਜੋ ਵਾਹਿਗੁਰੂ ਕਰਦਾ ਹੈ ਸੋ ਹੁੰਦਾ ਹੈ। (ਏਨੀ ਗਲ ਸੁਣਕੇ) ਪਾਤਸ਼ਾਹ ਨੂੰ ਗੁਸਾ ਆ ਗਿਆ (ਹਾਥੀ ਦੇ ਅਗੇ ਸੁਟ ਦਿਤਾ) ਅਤੇ ਖੂਨੀ ਹਾਥੀ ਨੂੰ ਚਮਕਾ ਦਿਤਾ ॥

**ਰੁਦਨੁ ਕਰੈ ਨਾਮੇ ਕੀ ਮਾਇ ॥ ਛੋਡਿ ਰਾਮ ਕੀ ਨ ਭਜਹਿ ਖੁਦਾਇ ॥ ੬ ॥ ਨ ਹਉ ਤੇਰਾ ਪੂੰਗੜਾ ਨ ਤੂ ਮੇਰੀ ਮਾਇ ॥**
**ਪਿੰਡੁ ਪੜੈ ਤਉ ਹਰਿ ਗੁਨ ਗਾਇ ॥ ੭ ॥**

ਪਿੰਡੁ = ਸਰੀਰ।

ਨਾਮਦੇਵ ਜੀ ਦੀ ਮਾਤਾ ਇਕੁਰ ਵੇਖਕੇ ਰੋਣ ਲਗ ਪਈ, ਰਾਮ ਨੂੰ ਛਡਕੇ ਖੁਦਾ ਨੂੰ ਕਿਉਂ ਨਹੀਂ ਭਜਦਾ ਭਾਵ ਮੁਸਲਮਾਨ ਹੋ ਜਾ (ਉਤਰ) ਨਾ ਮੈਂ ਤੇਰਾ ਪੁਤਰ ਹਾਂ ਨਾਂ ਤੂੰ ਮੇਰੀ ਮਾਂ ਹੈਂ, ਜੇ ਮੇਰਾ ਸ੍ਰੀਰ ਨਾਸ ਵੀ ਹੋ ਜਾਵੇਗਾ ਤਦ ਵੀ ਮੈਂ ਆਪਣੇ ਧਰਮ ਵਿਚ ਰਹਿਕੇ ਹਰੀ ਦੇ _ਣ ਹੀ ਗਾਵਾਂਗਾ।

**ਕਰੈ ਗਜਿੰਦੁ ਸੁੰਡ ਕੀ ਚੋਟ ॥ ਨਾਮਾ ਉਬਰੈ ਹਰਿ ਕੀ ਓਟ ॥ ੮ ॥ ਕਾਜੀ ਮੁਲਾਂ ਕਰਹਿ ਸਲਾਮੁ ॥ ਇਨਿ ਹਿੰਦੂ ਮੇਰਾ ਮਲਿਆ ਮਾਨੁ ॥ ੯ ॥**

ਗਜਿੰਦੁ = ਹਾਥੀ ।

(ਮਹਾਵਤ ਇਸ਼ਾਰਾ ਕਰਦਾ ਹੈ ਕਿ) ਹਾਥੀ ਸੁੰਡ ਦੀ ਚੋਟ ਕਰਦਾ ਹੈ ਪਰ ਨਾਮਾ ਹਰੀ ਦੇ ਆਸਰੇ ਬਚ ਗਿਆ। ਇਸ ਗਲ ਨੂੰ ਵੇਖਕੇ ਪਾਤਸ਼ਾਹ ਨੇ ਕਿਹਾ ਕਿ (ਮੈਨੂੰ) ਕਾਜੀ ਮੁਲਾਂ ਹਰ ਵੇਲੇ ਆਣ ਆਣ ਸਲਾਮਾਂ ਕਰਦੇ ਹਨ ਪਰ ਇਸ ਹਿੰਦੂ ਨੇ ਮੇਰੇ (ਇਜ਼ਤ) ਮਾਨ ਨੂੰ ਮਲ ਸੁਟਿਆ ਹੈ ॥

**ਬਾਦਿਸਾਹ ਬੇਨਤੀ ਸੁਨੇਹੁ ॥ ਨਾਮੇ ਸਰਭਰਿ ਸੋਨਾ ਲੇਹੁ ॥ ੧੦ ॥ ਮਾਲੁ ਲੇਹੁ ਤਉ ਦੋਜਕਿ ਪਰਉ ॥ ਦੀਨੁ ਛੋਡਿ ਦੁਨੀਆ ਕਉ ਭਰਉ ॥ ੧੧ ॥**

ਸਰ = ਬਰਾਬਰ ॥ ਭਰ = ਭਰਕੇ।

ਹਿੰਦੂ ਲੋਕ ਆਣਕੇ ਕਹਿੰਦੇ ਹਨ ਹੇ ਪਾਤਸ਼ਾਹ ਇਕ ਸਾਡੀ ਬਨਤੀ ਸੁਣੋਂ, ਨਾਮੇ ਦੇ ਬਰਾਬਰ ਸੋਨਾ ਲੈ ਲੌ॥

ਮਾਲ ਲਵਾਂ ਤਾਂ ਨਰਕ ਦਾ ਭਾਗੀ ਹੁੰਦਾ ਹਾਂ, ਦੀਨ ਨੂੰ ਛਡਕੇ ਆਪਣੇ ਚਿਤ ਵਿਚ ਦੁਨੀਆਂ ਦੇ ਤੁੱਛ ਪਦਾਰਥ (ਭਰਾਂ) ਲਵਾਂ, ਭਾਵ ਮੈਂ ਦੀਨ ਦੀ ਸ਼ਰਾ ਨਾਲੋਂ ਪਦਾਰਥ ਨੂੰ ਵਡਾ ਨਹੀਂ ਸਮਝਦਾ ਮੈਂ ਇਸਨੂੰ ਆਪਣਾ ਦੀਨ ਮਨੌਣਾ ਹੈ ਅਤੇ ਧਨ ਲੈਕੇ ਨਰਕ ਵਿਚ ਨਹੀਂ ਪੈਣਾ॥

**ਪਾਵਹੁ ਬੇੜੀ ਹਾਥਹੁ ਤਾਲ॥**

**ਨਾਮਾ ਗਾਵੈ ਗੁਨ ਗੋਪਾਲ॥ ੧੨॥**

ਤਾਲ = ਕੈਂਸੀਆਂ॥

ਨਾਮਦੇਵ ਜੀ ਕਹਿੰਦੇ ਹਨ ਜਦ ਇਕੁਰ ਮੈਨੂੰ ਪਾਤਸ਼ਾਹ ਨੇ ਬੰਨ ਛਡਿਆ ਮੇਰੇ ਪੈਰਾਂ ਵਿਚ ਬੇੜੀਆਂ ਪਈਆਂ ਹੋਈਆਂ ਸੀ ਅਤੇ ਹਥਾਂ ਨਾਲ ਮੈਂ ਉਨਾਂ ਦੇ ਹੀ ਛੈਣੇ ਵਜੌਂਦਾ ਸੀ, ਨਾਮਾ ਵਾਹਿਗੁਰੂ ਦੇ ਗੁਣ ਗਾਉਂਦਾ ਹੈ (ਪਾਤਸ਼ਾਹ ਨੇ ਕਿਹਾ ਦੀਨ ਕਬੂਲ ?) (ਉਤਰ)

**ਗੰਗ ਜਮੁਨ ਜਉ ਉਲਟੀ ਬਹੈ॥**

**ਤਉ ਨਾਮਾ ਹਰਿ ਕਰਤਾ ਰਹੈ॥ ੧੩॥**

ਗੰਗਾ ਜਮਨਾ ਆਦਿਕ ਨਦੀਆਂ ਜੇ ਉਲਟੀਆਂ ਚਲਨ ਲਗ ਜਾਣ ਤਾਂ ਵੀ ਨਾਮਾ ਦੀਨ ਨਹੀਂ ਕਬੂਲੇਗਾ ਅਤੇ ਨਾਮ ਨਹੀਂ ਛਡੇਗਾ, ਵਾਹਿਗੁਰੂ ਵਾਹਿਗੁਰੂ ਹੀ ਕਰਦਾ ਰਹੇਗਾ॥

***ਸਾਤ ਘੜੀ ਜਬ ਬੀਤੀ ਸੁਣੀ॥**

**ਅਜਹੁ ਨ ਆਇਓ ਤ੍ਰਿਭਵਨ ਧਣੀ॥ ੧੪॥**

(ਨਾਮਦੇਵ ਜੀ ਕਹਿੰਦੇ ਹਨ) ਜਦ ਮੈਂ ਸਤ ਘੜੀ ਬੀਤੀ ਸੁਣੀਂ (ਤਾਂ ਮੇਰੇ ਮਨ ਨੂੰ ਬੜੀ ਧੁਖ ਧੁਖੀ ਲਗੀ) ਕਿ ਮੇਰੀ ਰਖਿਆ ਵਾਸਤੇ ਅਜੇ

---

*ਪਾਤਸ਼ਾਹ ਨੇ ਨਾਮਦੇਵ ਨੂੰ ਇਕ ਪਹਿਰ ਵਿੱਚ ਗਊ ਜੀਵਾਉਂਣ ਦਾ ਹੁਕਮ ਦਿਤਾ ਅਤੇ ਕਿਹਾ ਆ ਇਕ ਪੈਹਰ ਵਿਚ ਗਊ ਜੀਵਾ ਯਾ ਮੌਤ ਲੈ, ਜਦੋਂ ਸੱਤ ਘੜੀਆਂ ਗੁਜਰ ਚੁਕੀਆਂ ਅਤੇ ਅਜੇ ਗਾਂ ਨਾਂ ਜੀਵੀ ਤਾਂ ਨਾਮ ਦੇਉ ਜੀ ਨੂੰ ਬੇੜੀ ਲਗੀ ਪਰ ਜਦੋਂ ਅਠਵੀਂ ਘੜੀ ਮੁਕੀ ਤਾਂ ਵਾਹਿਗੁਰੂ ਨੇ ਆਪਣੇ ਭਗਤ ਨੂੰ ਬਾਦਸ਼ਾਹ ਪਾਸੋਂ ਬਚੌਂਣ ਵਾਸਤੇ ਆਪ ਪਰਤਖ ਦਰਸ਼ਨ ਦੇਕੇ ਗਾਂ ਜੀਵਾਈ (ਅਗੇ ਨੂੰ ਭਗਤਾਂ ਦਾ ਭਰੋਸਾ ਵਾਹਿਗੁਰੂ ਤੋਂ ਟੁਟ ਨਾ ਜਾਵੇ)॥

ਵੀ ਤਿੰਨਾਂ ਲੋਕਾਂ ਦੇ ਪਤੀ ਨਹੀਂ ਆਏ ॥

***ਪਾਖੰਤਣ ਬਾਜ ਬਜਾਇਲਾ ॥**

**ਗਰੁੜ ਚੜ੍ਹੇ ਗੋਬਿੰਦ ਆਇਲਾ ॥ ੧੫ ॥**

ਉਸੀ ਵਕਤ ਗਰੜ ਦੇ ਖੰਭਾਂ ਦਾ ਵਾਜਾ ਵਜੌਂਦੇ ਹੋਏ ਗਰੜ ਤੇ ਚੜ੍ਹਕੇ ਗੋਬਿੰਦ ਆਏ ।

**ਅਪਨੇ ਭਗਤ ਪਰਿ ਕੀ ਪ੍ਰਤਿਪਾਲ ॥**

**ਗਰੁੜ ਚੜੇ ਆਏ ਗੋਪਾਲ ॥ ੧੬ ॥**

ਗਰੜ ਤੇ ਚੜ੍ਹਕੇ ਗੋਪਾਲ ਆਏ ਅਤੇ ਆਪਣੇ ਭਗਤ ਦੀ ਰਖਿਆ ਕੀਤੀ "ਏਹ ਮੇਰ ਤੇ ਕ੍ਰਿਪਾ ਦ੍ਰਿਸਟੀ ਕੀਤੀ।"

(ਗੁਪਾਲ ਮੈਨੂੰ ਇੱਕੁਰ ਕਹਿਣ ਲਗੇ)

**ਕਹਹਿ ਤ †ਧਰਣਿ ਇਕੋਡੀ ਕਰਉ ॥**

**ਕਹਹਿ ਤ ਲੇ ਕਰਿ ਉਪਰਿ ਧਰਉ ॥ ੧੭॥**

ਇਕੋਡੀ = ਟੇਢੀ।

"ਹੇ ਨਾਮਿਆਂ" ਜੇ ਤੂੰ ਕਹੇਂ ਤਾਂ (ਮੈਂ ਇਸਦੇ ਸਾਰੇ ਦੇਸ ਦੀ) ਧਰਤੀ ਟੇਢੀ ਕਰ ਦਿਆਂ। (ਜੇ ਤੂੰ) ਕਹੇਂ ਤਾਂ (ਹੱਥ ਵਿਚ) ਲੈਕੇ ਇਸਦੇ ਸਿਰ ਉਪਰ ਰਖ ਦਿਆਂ।

( ਜੇ ਤੂੰ ਕਿਸੇ ਨੂੰ ਦੁਖ ਨਹੀਂ ਦਵਾਉਣਾ ਚਾਹੁੰਦਾ)

**ਕਹਹਿ ਤ ਮੁਈ ਗਊ ਦੇਉ ਜੀਆਇ ॥**

**ਸਭੁ ਕੋਈ ਦੇਖੈ ਪਤੀਆਇ ॥ ੧੮ ॥**

ਜੇ ਤੂੰ ਕਹੇਂ ਤਾਂ ਮੋਈ ਹੋਈ ਗਊ ਨੂੰ ਜੀਵਾ ਦਿਆਂ, ਇਸ ਗਲ ਨੂੰ ਸਭ ਕੋਈ ਦੇਖੇਗਾ ਅਤੇ ਸਭ ਨੂੰ ਯਕੀਨ ਆ ਜਾਵੇਗਾ ਕਿ ਭਗਤਾਂ ਨੂੰ ਦੁਖ ਨਹੀਂ ਦੇਣਾ ਚਾਹੀਦਾ "ਅਤੇ ਨਾਮ ਜਪਣਗੇ"।

ਮੈਂ ਕਿਹਾ ਗਊ ਹੀ ਜਿਵਾ ਦਿਓ, ਤਾਂ ਭਗਵਾਨ ਨੇ ਗਊ ਜੀਵਾ ਦਿਤੀ

*ਜਦੋਂ ਘੜੀ ਨੇ ਅਠਵੀਂ ਘੜੀ ਖਤਮ ਕੀਤੀ ਤਾਂ ਵਾਹਿਗੁਰੂ ਆਪਣੇ ਗਰੜ ਤੇ ਚੜ੍ਹਕੇ ਆਏ।

†ਜੇ ਤੂੰ ਆਖੇਂ ਤਾਂ ਮੈਂ ਤੈਨੂੰ ਉਪਰ ਲੈ ਜਾਵਾਂ ਯਾ ਧਰਤੀ ਨੂੰ ਏਥੋਂ ਪੁਟਕੇ ਅਸਮਾਨ ਵਿਚ ਸਟ ਦਿਆਂ।

**ਨਾਮਾ ਪ੍ਰਣਵੈ* ਸੇਲ ਮਸੇਲ ॥**
**ਗਊ ਦੁਹਾਈ ਬਛਰਾ ਮੇਲਿ ॥ ੧੯ ॥**

ਸੇਲ = ਨਿਆਣਾ (ਰੱਸਾ) ਮਸੇਲ = ਪਾਕੇ,ਮਲਕੇ । ਦੁਹਾਈ = ਚੁਵਾਈ ।

ਨਾਮਾ ਕਹਿੰਦਾ ਹੈ ਨਿਆਣਾ ਪਾਕੇ ਅਤੇ ਵੱਛਾ ਛੱਡਕੇ (ਉਸ ਵੇਲੇ ਪਾਤਸ਼ਾਹ ਨੇ) ਗਊ ਚੁਆਈ।

**ਦੂਧਹਿ ਦੁਹਿ ਜਬ ਮਟੁਕੀ ਭਰੀ ॥**
**ਲੇ ਬਾਦਸਾਹ ਕੇ ਆਗੇ ਧਰੀ ॥ ੨੦ ॥**

ਜਦ ਦੁਧ ਦੀ ਡੋਲਣੀ ਭਰ ਗਈ ਤਾਂ ਲੈਕੇ ਪਾਤਸ਼ਾਹ ਦੇ ਅਗੇ ਰਖ ਦਿਤੀ।

**ਬਾਦਿਸਾਹੁ ਮਹਲ ਮਹਿ ਜਾਇ ॥**
**ਅਉਘਟ ਕੀ ਘਟ ਲਾਗੀ ਆਇ ॥੨੧॥**

ਘਟ = ਘੜੀ, ਰਿਦਾ ॥

ਪਾਤਸ਼ਾਹ ਮਹਿਲਾਂ ਵਿਚ ਚਲਿਆ ਗਿਆ (ਉਸੀ ਵਕਤ ਉਸਨੂੰ ਅਤਜੰਤ) ਔਖਿਆਈ ਦੀ ਘੜੀ ਆਣ ਲਗੀ (ਭਾਵ ਅਜੇਹਾ ਸੂਲ ਉਠਿਆ ਕਿ ਢਿਡ ਵਿਚ ਡਾਢੀ ਪੀੜ ਹੋਣ ਲਗ ਪਈ)

**ਕਾਜੀ ਮੁਲਾਂ ਬਿਨਤੀ ਫੁਰਮਾਇ ॥**
**ਬਖਸੀ ਹਿੰਦੂ ਮੈ ਤੇਰੀ ਗਾਇ ॥ ੨੨ ॥**

ਕਾਜੀਆਂ ਮੁਲਾਂ ਦੀ ਰਾਹੀਂ (ਪਾਤਸ਼ਾਹ ਨਾਮੇ ਪਾਸ) ਬਿਨਤੀ ਫੁਰਮਾਉਂਦਾ ਹੈ ਕਿ ਹੇ ਹਿੰਦੂ ਬਖਸ਼ ਲਈਂ ! ਮੈਂ ਤੇਰੀ ਗਾਂ ਹਾਂ ।

**ਨਾਮਾ ਕਹੈ ਸੁਨਹੁ ਬਾਦਿਸਾਹ ॥**
**ਇਹੁ ਕਿਛੁ ਪਤੀਆ ਮੁਝੈ ਦਿਖਾਇ ॥ ੨੩ ॥**

ਨਾਮਾ ਕਹਿਣ ਲਗਾ ਐ ਪਾਤਸ਼ਾਹ ਏਹ ਕੁਝ ਪਤੀਆਵਾ ਮੈਂ ਤੈਨੂੰ ਦਿਖਾਯਾ ਹੈ ਭਾਵ ਯਾ ਤੇਰੇ ਕਰਮਾਂ ਦਾ ਫਲ ਹੈ ਯਾ ਵਾਹਿਗੁਰੂ ਨੇ ।

**ਇਸ ਪਤੀਆ ਕਾ ਇਹੈ ਪਰਵਾਨ ॥**

*ਸੇਲ ਮਸੇਲ, ਸੰਪਰਦਾਈ ਖਿਆਲ ਕਰਦੇ ਹਨ ਕਿ ਇਹ ਲਫਜ਼ ਸਲੀਮਸ਼ਾਹ ਨੂੰ ਪ੍ਰਗਟ ਕਰਦੇ ਹਨ ਪਰ ਨਾਮਦੇਵ ਇਸ ਪਾਤਸ਼ਾਹ ਤੋਂ ਬਹੁਤ ਚਿਰ ਪਹਿਲਾਂ ਹੋਇਆ ਹੈ, ਨਾਮੇ ਦੇ ਵੇਲੇ ਪਾਤਸ਼ਾਹ ਠੀਕ ਮੁਹੰਮਦ ਬਿਨ ਤੁਗਲਕ ਹੋਇਆ ਹੈ ।

**ਸਾਚਿ ਸੀਲਿ ਚਾਲਹੁ ਸੁਲਿਤਾਨ ॥ ੨੪ ॥**

ਇਸ ਪਰਚੇ ਦਾ ਏਹਾ ਤਾਤ ਪਰਯ ਹੈ ਕਿ ਹੇ ਪਾਤਸ਼ਾਹ, ਸਚ, ਸੀਲ ਸੁਭਾਵ ਵਿਚ ਚਲੋ (ਅਤੇ ਕਿਸੇ ਨੂੰ ਦੁੱਖ ਨਾ ਦਿਓ)

**ਨਾਮ ਦੇਉ ਸਭ ਰਹਿਆ ਸਮਾਇ ॥**

**ਮਿਲਿ ਹਿੰਦੂ ਸਭ ਨਾਮੇ ਪਹਿ ਜਾਹਿ ॥੨੫॥**

ਨਾਮ ਦੇਉ ਦਾ ਏਹ ਵਿਰਤਾਂਤ (ਵਾ ਪਰਤਾਪ ਵਾ ਯਸ਼ ਵਾ ਵਾਹਿਗੁਰੂ) ਸਾਰੇ ਦੇਸ਼ਾਂ (ਲੋਕਾਂ) ਵਿਚ ਫੈਲ (ਰਿਹਾ) ਗਿਆ ਹੈ ਸਾਰੇ ਹਿੰਦੂ ਮਿਲਕੇ ਨਾਮੇ ਪਾਸ ਜਾਂਦੇ ਹਨ ॥

(ਲੋਕੀ ਆਪੋ ਵਿੱਚ ਦੀ ਕਹਿੰਦੇ ਵਾ ਕਹਿਣ ਲਗੇ)

**ਜਉ ਅਬ ਕੀ ਬਾਰ ਨ ਜੀਵੈ ਗਾਇ ॥**

**ਤ ਨਾਮ ਦੇਵ ਕਾ ਪਤੀਆ ਜਾਇ ॥ ੨੬ ॥**

ਜੇ ਹੁਣ ਦੀ ਵੇਰੀ ਗਊ ਨਾ (ਜੀਵਾਉਂਦਾ) ਜੀਉਂਦੀ ਤਾਂ ਨਾਮ ਦੇਵ ਦਾ ਜੇਹੜਾ ਸੰਸਾਰ ਤੇ ਪਰਚਾ ਬਣਿਆ ਹੋਯਾ ਹੈ ਚਲਿਆ ਜਾਣਾਂ ਸੀ ।

**ਨਾਮੇ ਕੀ ਕੀਰਤਿ ਰਹੀ ਸੰਸਾਰਿ ॥**

**ਭਗਤ ਜਨਾਂ ਲੇ ਉਧਰਿਆ ਪਾਰਿ ॥ ੨੭ ॥**

ਨਾਮੇ ਦੀ ਕੀਰਤੀ ਸੰਸਾਰ ਵਿੱਚ ਫੈਲ ਰਹੀ ਹੈ ਵਾਹਿਗੁਰੂ ਦੇ ਪ੍ਰਤਾਪ ਨਾਲ ਨਾਮਾ ਹੋਰ ਭਗਤ ਜਨਾਂ ਨੂੰ ਵੀ ਸੰਸਾਰ ਸਮੁੰਦਰ ਦੇ ਦੁਖਾਂ ਤੋਂ ਨਾਲ ਪਾਰ ਲੈ ਉਤਰਿਆ ਹੈ, ਭਾਵ ਅਗੇ ਨੂੰ ਕੋਈ ਭਗਤ ਨੂੰ ਨ ਛੇੜੇਗਾ ।

**ਸਗਲ ਕਲਸ ਨਿੰਦਕ ਭਇਆ ਖੇਦੁ ॥**

**ਨਾਮੇ ਨਾਰਾਇਨ ਨਾਹੀ ਭੇਦੁ ॥੨੮॥੧॥੧੦॥**

ਸਭ ਕਲੇਸ਼ ਅਤੇ ਸਭ ਕਸ਼ਟ ਨਿੰਦਕ ਆਦਿਕ (ਕ਼ਾਜ਼ੀਆਂ ਨੂੰ ਅਤੇ ਪਾਤਸ਼ਾਹ) ਨੂੰ ਹੀ ਹੋਯਾ ਨਾਮੇ ਤੇ ਵਾਹਿਗੁਰੂ ਵਿਚ ਕੁਝ ਭਿੰਨ ਭੇਤ (ਫਰਕ) ਨਹੀਂ (ਏਹ ਲੋਕਾਂ ਨੇ ਜਾਣ ਲਿਆ) ।

**ਘਰੁ ੨ ॥ ਜਉ ਗੁਰ ਦੇਉ ਤ ਮਿਲੈ ਮੁਰਾਰਿ ॥**

**ਜਉ ਗੁਰਦੇਉ ਤ ਉਤਰੈ ਪਾਰਿ ॥**

ਜੇ ਗੁਰਦੇਵ ਕਿਰਪਾਲ ਹੋਣ ਤਾਂ ਵਾਹਿਗੁਰੂ ਮਿਲਦਾ ਹੈ, ਜੇ ਗੁਰਦੇਵ ਕਿਰਪਾਲੂ ਹੋਣ ਤਾਂ ਜੀਵ ਸੰਸਾਰ ਸਮੁੰਦਰ ਤੋਂ ਪਾਰ ਉਤਰਦਾ ਹੈ ।

**ਜਉ ਗੁਰਦੇਉ ਤ ਬੈਕੁੰਠ ਤਰੈ ॥**

**ਜਉ ਗੁਰ ਦੇਉ ਤ ਜੀਵਤ ਮਰੈ ॥ ੧ ॥**

ਜੇ ਗੁਰਦੇਵ ਮਿਲੇ ਤਾਂ ਵੈਕੁੰਠ ਤੋਂ ਅਸੀਂ ਤਰ ਗਏ (ਨਰਕ ਸੁਰਗ ਤੇ ਮੈ ਰਹਿਓ) ਭਾਵ ਨਰਕ ਤੋਂ ਤਰ ਕੇ ਵੈਕੁੰਠ ਨੂੰ ਬੀ ਬਲੇ ਛੱਡ ਗਏ ਜੇ ਗੁਰਦੇਵ ਮਿਲੇ ਤਾਂ ਜੀਵਤ ਭਾਉ ਤੋਂ ਅਸੀ ਮਰੇ ।

**ਸਤਿ ਸਤਿ ਸਤਿ ਸਤਿ ਸਤਿ ਗੁਰਦੇਵ ॥**
**ਝੂਠੁ ਝੂਠੁ ਝੂਠੁ ਝੂਠੁ ਆਨ ਸਭ ਸੇਵ ॥ ੧ ॥ ਰਹਾਉ ॥**

ਆਨ = ਹੋਰ ।

ਗੁਰਦੇਵ (ਪੰਜਵਾਰੀ) ਸਚੇ ਹਨ ਤੇ (ਚਾਰ ਵਾਰੀ) ਹੋਰ ਸੇਵਾ ਸਭ ਝੂਠੀ ਹੈ।

**ਜਉ ਗੁਰ ਦੇਉ ਤ ਨਾਮੁ ਦ੍ਰਿੜਾਵੈ ॥**
**ਜਉ ਗੁਰ ਦੇਉ ਨ ਦਹਦਿਸ ਧਾਵੈ ॥**

ਜੇ ਗੁਰਦੇਵ ਕਿਰਪਾਲੂ ਹੋਣ ਤਾਂ ਨਾਮ ਨੂੰ ਪੱਕਾ ਕਰੌਂਦੇ ਹਨ ਜੇ ਗੁਰਦੇਵ ਕਿਰਪਾਲੂ ਹੋਣ ਤਾਂ ਜੀਵ ਦਸਾਂ ਹੀ ਦਿਸ਼ਾਂ ਵੱਲ ਨਹੀਂ ਦੌੜਦਾ।

**ਜਉ ਗੁਰ ਦੇਉ ਪੰਚ ਤੇ ਦੂਰਿ ॥**
**ਜਉ ਗੁਰਦੇਉ ਨ ਮਰਿਬੋ ਝੂਰਿ ॥ ੨ ॥**

ਜੇ ਗੁਰਦੇਵ ਪ੍ਰਸੰਨ ਹੋਣ ਤਾਂ ਪੰਜਾਂ ਕਾਮਾਦਿਕਾਂ ਤੋਂ ਦੂਰ ਕਰ ਦੇਂਦੇ ਹਨ । ਜੇ ਗੁਰਦੇਵ ਪ੍ਰਸੰਨ ਹੋਣ ਤਾਂ ਜੀਵ ਝੁਰ ਝੁਰ ਕੇ ਨਹੀਂ ਮਰਦਾ ।

**ਜਉ ਗੁਰ ਦੇਉ ਤ ਅੰਮ੍ਰਿਤ ਬਾਨੀ ॥**
**ਜਉ ਗੁਰ ਦੇਉ ਤ ਅਕਥ ਕਹਾਨੀ ॥**

ਜੇ ਗੁਰਦੇਵ ਕਿਰਪਾ ਕਰਨ ਤਾਂ ਅੰਮ੍ਰਿਤ ਵਰਗੀ ਮਿੱਠੀ ਬਾਣੀ ਹੁੰਦੀ ਹੈ । ਜੇ ਗੁਰਦੇਵ ਕਿਰਪਾ ਕਰਨ ਤਾਂ ਅਕਥ ਵਾਹਿਗੁਰੂ ਦੀ ਕਹਾਣੀ ਆਦਮੀ ਕਹਿਣ ਵਾਲਾ ਹੋ ਜਾਂਦਾ ਹੈ ।

**ਜਉ ਗੁਰਦੇਉ ਤ ਅੰਮ੍ਰਿਤ ਦੇਹ ॥**
**ਜਉ ਗੁਰ ਦੇਉ ਨਾਮੁ ਜਪਿ ਲੇਹਿ ॥ ੩ ॥**

ਜੇ ਗੁਰਦੇਵ ਪ੍ਰਸੰਨ ਹੋਣ ਤਾਂ ਨਾਮ ਅੰਮ੍ਰਿਤ ਦੇ ਦੇਂਦੇ ਹਨ, ਜੇ ਗੁਰਦੇਵ ਪ੍ਰਸੰਨ ਹੋਣ ਤਾਂ ਇਸ ਜੀਵ ਪਾਸੋਂ ਹੋਰ ਜੀਵ ਨਾਮ ਜਪ ਲੈਂਦੇ ਹਨ ।

**ਜਉ ਗੁਰ ਦੇਉ ਭਵਨ ਤ੍ਰੈ ਸੂਝੈ ॥**
**ਜਉ ਗੁਰ ਦੇਉ ਉਚ ਪਦ ਬੂਝੈ ॥**

ਭਵਨ = ਲੋਕ, ਘਰ।

ਜੇ ਗੁਰਦੇਵ ਪ੍ਰਸੰਨ ਹੋਣ ਤਾਂ (ਇਸ ਜੀਵ ਨੂੰ) ਤਿੰਨੇ ਭੌਣ ਸੁਝ ਆਉਂਦੇ ਹਨ, ਜੇ ਗੁਰਦੇਵ ਪ੍ਰਸੰਨ ਹੋਣ ਤਾਂ ਇਹ ਜੀਵ ਉੱਚ ਪਦ ਨੂੰ ਜਾਣ ਲੈਂਦਾ

**ਜਉ ਗੁਰ ਦੇਉ ਤ ਸੀਸੁ ਅਕਾਸਿ ॥**
**ਜਉ ਗੁਰ ਦੇਉ ਸਦਾ ਸਾਬਾਸਿ ॥ ੪ ॥**

ਜੇ ਗੁਰਦੇਵ ਪ੍ਰਸੰਨ ਹੋਣ ਤਾਂ (ਲੱਖਾਂ) ਅਕਾਸ ਘਟ (ਸੀਸ) ਵਿਚ ਦਿਸਦੇ ਹਨ, ਭਾਵ ਸਭਨਾਂ ਅਕਾਸ਼ਾਂ ਦੀ ਸੋਝੀ ਹੁੰਦੀ ਹੈ। ਜੇ ਗੁਰਦੇਵ ਪ੍ਰਸੰਨ ਹੋਣ ਤਾਂ ਸਦਾ ਹੀ ਸ਼ਾਬਾਸ ਮਿਲਦੀ ਹੈ ॥

**ਜਉ ਗੁਰ ਦੇਉ ਸਦਾ ਬੈਰਾਗੀ ॥**
**ਜਉ ਗੁਰ ਦੇਉ ਪਰ ਨਿੰਦਾ ਤਿਆਗੀ ॥**

ਜੇ ਗੁਰਦੇਵ ਪ੍ਰਸੰਨ ਹੋਣ ਤਾਂ ਸਦਾ ਹੀ ਪ੍ਰੇਮੀ ਹੁੰਦਾ ਹੈ। ਜੇ ਗੁਰਦੇਵ ਪ੍ਰਸੰਨ ਹੋਣ ਤਾਂ ਜੀਵ ਪਰਾਈ ਨਿੰਦਿਆ ਦਾ ਤਿਆਗੀ ਹੁੰਦਾ ਹੈ ॥

**ਜਉ ਗੁਰ ਦੇਉ ਬੁਰਾ ਭਲਾ ਏਕ ॥**
**ਜਉ ਗੁਰ ਦੇਉ ਲਿਲਾਟਹਿ ਲੇਖ ॥ ੫ ॥**

ਜੇ ਗੁਰਦੇਵ ਦਿਆਲੂ ਹੋਣ ਤਾਂ ਬੁਰਾ ਭਲਾ ਸਭ ਇਕ ਵਾਹਿਗੁਰੂ ਦਾ ਰੂਪ ਨਜ਼ਰ ਆਉਣ ਲਗ ਜਾਂਦਾ ਹੈ। ਜੇ ਗੁਰਦੇਵ ਦਿਆਲੂ ਹੋਣ ਤਾਂ ਮਥੇ ਦੇ ਚੰਗੇ ਲੇਖ ਜਾਗਦੇ ਹਨ ॥

**ਜਉ ਗੁਰ ਦੇਉ ਕੰਧੁ ਨਹੀ ਹਿਰੈ ॥**
**ਜਉ ਗੁਰ ਦੇਉ ਦੇਹੁਰਾ ਫਿਰੈ ॥**

ਕੰਧ = ਸਰੀਰ। ਹਿਰੈ = ਚੁਰਾਵੇ।

ਜੇ ਗੁਰਦੇਵ ਕਿਰਪਾਲੂ ਹੋਣ ਤਾਂ ਅਮੋਲਕ ਮਨੁਖਾ ਜਨਮ ਐਵੇਂ ਨਾਸ ਨਹੀਂ ਹੁੰਦਾ। ਜੇ ਗੁਰਦੇਵ ਕਿਰਪਾਲੂ ਹੋਣ ਤਾਂ ਜਿਕੁਰ ਮੈਨੂੰ ਦੇਹੁਰਾ ਫਿਰਿਆ ਸੀ (ਉਕਰ ਹੀ ਹੋਰਨਾਂ ਦੀ ਵਾਹਿਗੁਰੂ ਸਹਾਇਤਾ ਕਰਦਾ ਹੈ)।

**ਜਉ ਗੁਰ ਦੇਉ ਤ ਛਾਪਰਿ ਛਾਈ ॥**
**ਜਉ ਗੁਰਦੇਉ ਸਿਹਜ ਨਿਕਸਾਈ ॥੬॥**

ਜੇ ਗੁਰਦੇਵ ਪ੍ਰਸੰਨ ਹੋਏ ਤਾਂ ਵਾਹਿਗੁਰੂ ਨੇ ਸਾਡੀ ਛਪਰੀ ਬੱਧੀ, ਜੇ ਗੁਰਦੇਵ ਪ੍ਰਸੰਨ ਹੋਏ ਤਾਂ (ਪਾਣੀ ਵਿਚੋਂ ਡੁਬੀ ਹੋਈ) ਸੇਜਾ ਨਿਕਲੀ।

**ਜਉ ਗੁਰ ਦੇਉ ਤ ਅਠਸਠਿ ਨ੍ਹਾਇਆ ॥**
**ਜਉ ਗੁਰ ਦੇਉ ਤਨਿ ਚਕ੍ਰ ਲਗਾਇਆ ॥**

ਜੇ ਗੁਰਦੇਵ ਪ੍ਰਸੰਨ ਹੋਂਦੇ ਹਨ ਤਾਂ ਅਠਾਹਠ ਤੀਰਥਾਂ ਦੇ ਇਸ਼ਨਾਨ ਦਾ ਫਲ ਘਰ ਵਿਚ ਹੀ ਮਿਲ ਜਾਂਦਾ ਹੈ। ਜੇ ਗੁਰਦੇਵ ਪ੍ਰਸੰਨ ਹੋਂਦੇ ਹਨ ਤਾਂ ਦੁਆਰਕਾ ਦਾ ਸਰੀਰ ਤੇ ਚੱਕਰ ਲਵਾਇਆਂ ਜੋ ਫਲ ਮਿਲਦਾ ਹੈ ਸੋ ਸਾਨੂੰ ਘਰ ਵਿਚ ਮਿਲ ਗਿਆ ਹੈ ॥

**ਜਉ ਗੁਰ ਦੇਉ ਤ ਦੁਆਦਸ ਸੇਵਾ ॥**
**ਜਉ ਗੁਰ ਦੇਉ ਸਭੈ ਬਿਖੁ ਮੇਵਾ ॥੭॥**

ਜੇ ਗੁਰਦੇਵ ਕਿਰਪਾਲੂ ਹੋਵੇ ਤਾਂ ਬਾਰਾਂ ਜੋਤੀ ਲਿੰਗਾਂ ਦੀ ਸੇਵਾ ਦਾ ਫਲ ਸਾਨੂੰ ਘਰ ਵਿਚ ਹੀ ਮਿਲ ਗਿਆ, ਜੇ ਗੁਰਦੇਵ ਕਿਰਪਾਲੂ ਹੋਏ ਤਾਂ ਸਾਰੇ ਵਿਹੁ ਰੂਪ ਵਿਸ਼ੇ ਸਾਨੂੰ ਮੇਵੇ ਵਾਕੁਰ ਮਿਠੇ ਹੋ ਗਏ ॥

**ਜਉ ਗੁਰ ਦੇਉ ਤ ਸੰਸਾ ਟੂਟੈ ॥**
**ਜਉ ਗੁਰ ਦੇਉ ਤ ਜਮ ਤੇ ਛੂਟੈ ॥**

ਜੇ ਗੁਰਦੇਵ ਪ੍ਰਸੰਨ ਹੋਣ ਤਾਂ ਸੰਸੇ ਟੁਟ ਜਾਂਦੇ ਹਨ, ਜੇ ਗੁਰਦੇਵ ਪ੍ਰਸੰਨ ਹੋਣ ਤਾਂ ਜੀਵ ਜਮ ਤੋਂ ਛੁਟ ਜਾਂਦੇ ਹਨ।

**ਜਉ ਗੁਰ ਦੇਉ ਤ ਭਉਜਲ ਤਰੈ ॥**
**ਜਉ ਗੁਰ ਦੇਉ ਤ ਜਨਮਿ ਨ ਮਰੈ ॥ ੮ ॥**

ਜੇ ਗੁਰਦੇਵ ਪ੍ਰਸੰਨ ਹੋਣ ਤਾਂ ਜੀਵ ਸੰਸਾਰ ਸੁਮੁੰਦ੍ਰ ਤੋਂ ਤਰ ਜਾਂਦਾ ਹੈ ਜੇ ਗੁਰਦੇਵ ਪ੍ਰਸੰਨ ਹੋਣ ਤਾਂ ਜੀਵ ਜੰਮਦਾ ਮਰਦਾ ਨਹੀਂ ॥

**ਜਉ ਗੁਰ ਦੇਉ ਅਠ ਦਸ ਬਿਉਹਾਰ ॥**
**ਜਉ ਗੁਰ ਦੇਉ ਅਠਾਰਹ ਭਾਰ ॥**

ਜੇ ਗੁਰਦੇਵ ਪ੍ਰਸੰਨ ਹੋਣ ਤਾਂ ੮-੧੦-ਅਠਾਰਾਂ ਪੁਰਾਣਾਂ ਦੇ ਵਿਹਾਰ ਨੂੰ ਜੀਵ ਜਾਣ ਲੈਂਦਾ ਹੈ, ਜੇ ਗੁਰਦੇਵ ਪ੍ਰਸੰਨ ਹੋਣ ਤਾਂ ਅਠਾਰਾਂ ਭਾਰ ਬਨਾਸਪਤੀ ਨੂੰ ਵਾਹਿਗੁਰੂ ਦੀ ਰੋਮਾਵਲੀ ਜਾਣ ਲੈਂਦਾ ਹੈ ਵਾ ਅਠਾਰਾਂ ਪਰਬਾਂ ਦਾ ਗਿਆਤਾ ਹੋ ਜਾਂਦਾ ਹੈ ॥

**ਬਿਨੁ ਗੁਰ ਦੇਉ ਅਵਰ ਨਹੀ ਜਾਈ ॥**
**ਨਾਮ ਦੇਉ ਗੁਰ ਕੀ ਸਰਣਾਈ ॥ ੯ ॥ ੧ ॥ ੨ ॥ ੧੧ ॥**

ਇਸ ਲਈ ਮੈਂ ਠੀਕ ਸੋਚ ਲਿਆ ਹੈ ਕਿ ਗੁਰਾਂ ਤੋਂ ਬਿਨਾਂ ਤਰਨ ਦੀ ਜਗਾ ਕੋਈ ਨਹੀਂ ਹੈ ਨਾਮ ਦੇਵ ਤਾਂ ਗੁਰਾਂ ਦੀ ਹੀ ਸਰਨ ਪਿਆ ਰਹਿੰਦਾ ਹੈ ॥

ਭੈਰਉ ਬਾਣੀ ਰਵਿਦਾਸ ਜੀਉ ਕੀ ਘਰੁ ੨

ੴ ਸਤਿਗੁਰਪ੍ਰਸਾਦਿ ॥ ਬਿਨੁ ਦੇਖੇ ਉਪਜੈ ਨਹੀ ਆਸਾ ॥

ਜੋ ਦੀਸੈ ਸੋ ਹੋਇ ਬਿਨਾਸਾ ॥

ਦੇਖੇ ਤੋਂ ਬਿਨਾਂ ਆਸਾ ਨਹੀਂ ਉਪਜਦੀ ਅਤੇ ਜੋ ਦਿਸਦਾ ਹੈ ਸੋ ਨਾਸ ਹੋਣ ਵਾਲਾ ਵਾ ਨਾਸ ਹੁੰਦਾ ਹੈ ॥

*ਬਰਨ ਸਹਿਤ ਜੋ ਜਾਪੈ ਨਾਮੁ ॥

ਸੋ ਜੋਗੀ ਕੇਵਲ ਨਿਹਕਾਮੁ ॥ ੧ ॥

ਵਰਨ ਦੇ ਸਹਿਤ ਜੇਹੜਾ ਨਾਮ ਜਪਦਾ ਹੈ ਸੋ ਜੋਗੀ ਕੇਵਲ ਸ਼ੁਧ ਹੈ

ਪਰਚੈ ਰਾਮੁ ਰਵੈ ਜਉ ਕੋਈ ॥

ਪਾਰਸੁ ਪਰਸੈ ਦੁਬਿਧਾ ਨ ਹੋਈ ॥ ੧ ॥ ਰਹਾਉ ॥

ਰਵੈ = ਉਚਾਰੈ।

ਇਸ ਪਰਚੇ ਵਿੱਚ ਜੇਹੜਾ ਕੋਈ ਵਾਹਿਗੁਰੂ ਨੂੰ ਉਚਾਰੇ, ਓਹ ਜੀਕੂੰ ਲੋਹਾ ਪਾਰਸ ਨੂੰ ਛੋਹਕੇ ਸੋਨਾ ਬਣ ਜਾਂਦਾ ਹੈ ਇਕੁਰ ਸੁਧ ਹੋ ਜਾਂਦਾ ਅਤੇ ਦੁਬਿਧਾ ਉਸਨੂੰ ਦੁਖ ਦੇਣ ਨੂੰ ਦਲੇਰੀ ਨਹੀਂ ਕਰਦੀ ਵਾ ਕਿਸੇ ਗੱਲ ਦੀ ਚਿੰਤਾ ਨਹੀਂ ਹੁੰਦੀ ॥

ਸੋ ਮੁਨਿ ਮਨ ਕੀ ਦੁਬਿਧਾ ਖਾਇ ॥

ਬਿਨੁ ਦੁਆਰੇ ਤ੍ਰੈ ਲੋਕ ਸਮਾਇ ॥

ਸੋ ਮੁਨੀ ਹੈ ਜੇਹੜਾ ਆਪਣੇ ਮਨ ਦੀ ਦੁਬਿਧਾ ਨੂੰ ਖਾਵੇ, ਬਿਨਾ ਦਰਵਾਜਿਆਂ ਤੋਂ ਜੇਹੜਾ ਵਾਹਿਗੁਰੂ ਹੈ ਭਾਵ ਜਿਸਦਾ ਕੋਈ ਘਰ ਬਾਰ ਨਹੀਂ ਉਸਨੂੰ ਤਿੰਨਾਂ ਲੋਕਾਂ ਵਿਚ ਸਮਾਇਆ ਹੋਯਾ ਜਾਣੇ ॥

ਮਨ ਕਾ ਸੁਭਾਉ ਸਭੁ ਕੋਈ ਕਰੈ ॥

ਕਰਤਾ ਹੋਇ ਸੁ ਅਨ ਭੈ ਰਹੈ ॥ ੨ ॥

---

*ਬਰਨ = ਦੇ ਚਾਰ ਅਰਥ ਕਰਦੇ ਹਨ ੧ ਅਖਰਾਂ ਨਾਲ ਮਿਲਯਾ ਹੋਇਆ, ੨ ਚਵਾਂ ਵਰਨਾ ਨਾਲ ਮਿਲਿਆ ਹੋਇਆ, ੩ ਰੰਗ ਨਾਲ ਮਿਲਿਆ ਹੋਇਆ, ੪ ਵਰਨਨ ਸਹਿਤ ॥

ਮਨ ਦਾ ਮਾੜਾ ਚੰਗਾ ਸੁਭਾਵ ਤਾਂ ਸਭ ਕੋਈ ਕਰਦਾ (ਕਹਿੰਦਾ) ਹੈ ਪਰ ਮਨ ਨੂੰ ਵੱਸ ਕਰਦਾ ਹੋਵੇ ਭਾਵ ਪਹਿਲੇ ਜਾਣਦਾ ਹੋਵੇ ਓਹ ਅਨਭੌ ਰਹਿੰਦਾ ਹੈ॥

(ਦ੍ਰਿਸ਼ਟਾਂਤ "ਜਿੱਕੁਰ")

**ਫਲ ਕਾਰਨ ਫੂਲੀ ਬਨਰਾਇ ॥**

**ਫਲੁ ਲਾਗਾ ਤਬ ਫੂਲੁ ਬਿਲਾਇ ॥**

ਬਨਾਸਪਤੀ ਫਲ ਵਾਸਤੇ ਫੁਲਦੀ ਹੈ ਜਿਸ ਵੇਲੇ ਫਲ ਲੱਗ ਜਾਂਦਾ ਹੈ ਤਾਂ ਫੁਲ ਦੂਰ ਹੋ ਜਾਂਦੇ ਹਨ॥

(ਦ੍ਰਿਸ਼ਟਾਂਤ) "ਇੱਕੁਰ"ঃ-

***ਗਿਆਨੈ ਕਾਰਨ ਕਰਮ ਅਭਿਆਸੁ ॥**

**ਗਿਆਨੁ ਭਇਆ ਤਹ ਕਰਮਹ ਨਾਸੁ ॥ ੩ ॥**

ਗਿਆਨ ਵਾਸਤੇ ਕਰਮਾਂ ਦਾ ਅਭਿਆਸ ਹੁੰਦਾ ਹੈ, ਜਦ ਗਿਆਨ ਹੋ ਜਾਂਦਾ ਹੈ ਤਾਂ ਕਰਮਾਂ (ਨੇਤੀ ਧੋਤੀ ਆਦਿਕ) ਦਾ ਓਸ ਵੇਲੇ ਆਪ ਹੀ ਨਾਸ ਹੋ ਜਾਂਦਾ ਹੈ॥

**ਘ੍ਰਿਤ ਕਾਰਨ ਦਧਿ ਮਥੈ ਸਇਆਨ ॥ ਜੀਵਤ ਮੁਕਤ ਸਦਾ ਨਿਰਬਾਨ ॥ ਕਹਿ ਰਵਿਦਾਸ ਪਰਮ ਬੈਰਾਗ ॥ ਰਿਦੈ ਰਾਮੁ ਕੀ ਨ ਜਪਸਿ ਅਭਾਗ ॥ ੪ ॥ ੧ ॥**

ਮਥੈ = ਰਿੜਕੇ।

ਸਿਆਣੀ ਇਸਤ੍ਰੀ ਘਿਉ ਵਾਸਤੇ ਦਹੀਂ ਨੂੰ ਰਿੜਕਦੀ ਹੈ ਇਕੁਰ ਜੀਵ ਜੀਵਨ ਮੁਕਤਿ ਮੁਕਤੀ ਵਾਸਤੇ ਕਰਮ ਕਰਦਾ ਹੈ ਜਦ ਉਸ ਨੂੰ ਪੂਰਾ ਗਿਆਨ ਹੋ ਜਾਂਦਾ ਹੈ ਤਾਂ ਓਹ ਫਿਰ ਉਕੁਰ ਹੀ ਦੁਖਾਂ ਤੋਂ ਰਹਿਤ ਹੋ ਰਵਿਦਾਸ ਜੀ ਕਹਿੰਦੇ ਹਨ ਹੇ ਪਰਮ ਵੈਰਾਗੀ ਅਭਾਗੀ ਰਿਦੇ ਵਿਚ ਵਾਹਿਗੁਰੂ ਨੂੰ ਕਿਉਂ ਨਹੀਂ ਜਪਦਾ ?

(ਸਨਮੁਖ ਬੇਨਤੀ)

**ਨਾਮਦੇਵ ॥ ਆਉ ਕਲੰਦਰ ਕੇਸਵਾ ॥**

**ਕਰਿ ਅਬਦਾਲੀ ਭੇਸਵਾ ॥ ਰਹਾਉ ॥**

ਅਬਦਾਲੀ = ਭੇਖ ਬਦਲਨ ਵਾਲਾ ਯੋਗੀ।

ਆ ਓਇ (ਕਿਧਰੋਂ ਆਇਆ ਹੈਂ) ਕਲੰਦਰ ਕੇਸ਼ਵਾ ਅਬਦਾਲੀ

---

*ਭਾਈ ਗੁਰਦਾਸ ਜੀ ਦੇ ਕਬਿੱਤਾਂ ਵਿਚੋਂ, ੪੦੪-੪੦੫ ਕਬਿੱਤ ਦੇਖੋ।

ਭੇਸ ਕਰਕੇ ?

**ਜਿਨਿ ਆਕਾਸ ਕੁਲਹ ਸਿਰਿ ਕੀਨੀ ਕਉਸੈ ਸਪਤ ਪਯਾਲਾ ॥**
**ਚਮਰ ਪੋਸ ਕਾ ਮੰਦਰੁ ਤੇਰਾ ਇਹ ਬਿਧਿ ਬਨੇ ਗੁਪਾਲਾ ॥ ੧ ॥**

ਕੁਲਹ = ਟੋਪੀ ।

ਜਿਸਨੇ (ਸਾਰੇ) ਅਕਾਸ ਸਿਰ ਤੇ ਟੋਪੀ ਕੀਤੇ ਹੋਏ ਹਨ ਅਤੇ ਸਤ ਪਤਾਲ ਪੈਰਾਂ ਦੀਆਂ ਦੋ ਖੜਾਵਾਂ (ਜੁਤੀਆਂ) ਕੀਤੀਆਂ ਹੋਈਆਂ ਹਨ ਅਤੇ ਹੇ ਵਾਹਿਗੁਰੂ ਚੰਮ ਦਾ ਪੋਸ਼ਾਕਾ ਏਹ ਸਾਰਾ ਬ੍ਰਹਮੰਡ ਤੇਰਾ ਹੀ ਹੈ, ਇੱਕੁਰ ਦੇ ਮੇਰੇ ਗੁਪਾਲ ਬਣੇ ਠਣੇ ਹੋਏ ਆਏ ਹੋ ।

**ਛਪਨ ਕੋਟਿ ਕਾ ਪੇਹਨੁ ਤੇਰਾ ਸੋਲਹ ਸਹਸ ਇਜਾਰਾ ॥**
**ਭਾਰ ਅਠਾਰਹ ਮੁਦਗਰੁ ਤੇਰਾ ਸਹਨਕ ਸਭ ਸੰਸਾਰਾ ॥ ੨ ॥**

ਛਪਨ = ਛਵਿੰਜਾ । ਪੇਹਨੁ = ਜਾਮਾ । ਇਜਾਰਾ = ਤੰਬਾ । ਸਹਸ = ਹਜਾਰ ।

ਛਪਿੰਜਾ ਕਰੋੜ (ਮੇਘਾਂ) ਦਾ ਤੇਰਾ ਵਡਾ ਜਾਮਾ ਹੈ, ਅਤੇ ਸੋਲਾਂ ਹਜਾਰ (ਗੋਪੀਆਂ) ਦਾ ਤੇਰਾ ਤੰਬਾ ਹੈ ਅਤੇ ਅਠਾਰਾਂ ਭਾਰ ਬਨਾਸਪਤੀ ਤੇਰਾ ਮੁਗਦਰ (ਸਲੋਤਰ) ਹੈ ਅਤੇ ਸਾਰਾ ਸੰਸਾਰ ਤੇਰਾ ਕੁਨਾਲਾ (ਵੱਡਾ ਬੱਠਲ) ਹੈ ।

**ਦੇਹੀ ਮਹਜਿਦਿ ਮਨੁ ਮਉਲਾਨਾ ਸਹਜ ਨਿਵਾਜ ਗੁਜਾਰੈ ॥**
**ਬੀਬੀ ਕਉਲਾ ਸਉ ਕਾਇਨੁ ਤੇਰਾ ਨਿਰੰਕਾਰ ਆਕਾਰੈ ॥ ੩ ॥**

ਕਉਲਾ = ਲੱਖਮੀ । ਕਾਇਨੁ = ਨਕਾਹ ।

ਸਾਰੇ ਜੀਵਾਂ ਦੀ ਦੇਹੀ ਹੀ ਤੇਰੀ ਮਸੀਤ ਹੈ, ਅਤੇ ਮਨ ਮੌਲਾਣਾਂ ਹੈ ਸਹਜੇ ਹੀ ਸੰਸਾਰ ਵਿੱਚ ਰੀਤੀ ਪ੍ਰਚਲਤ ਕਰਨ ਵਾਸਤੇ ਨਿਮਾਜ ਗੁਜ਼ਾਰਦਾ ਹੈ । ਬੀਬੀ ਲੱਖਮੀ ਨਾਲ ਤੇਰਾ ਨਕਾਹ ਪੜ੍ਹਿਆ ਹੋਯਾ ਹੈ ਅਤੇ ਬਿਨਾਂ ਆਕਾਰ ਤੋਂ ਤੇਰਾ ਸਰੂਪ ਹੈ ।

**ਭਗਤਿ ਕਰਤ ਮੇਰੇ ਤਾਲ ਛਿਨਾਏ ਕਿਹ ਪਹਿ ਕਰਉ ਪੁਕਾਰਾ ॥ ਨਾਮੇ ਕਾ ਸੁਆਮੀ ਅੰਤਰਜਾਮੀ ਫਿਰੇ ਸਗਲ ਬੇਦੇਸਵਾ ॥ ੪ ॥ ੧ ॥**

ਹੇ ਵਾਹਿਗੁਰੂ ਭਗਤੀ ਕਰਦੇ ਦੇ ਮੇਰੇ ਛੈਣੇ (ਤੈਂ, ਵਾ ਓਨ੍ਹਾਂ ਪਾਂਡਿਆਂ ਨੇ) ਖੋਹ ਲਏ, ਕਿਸ ਪਾਸ ਮੈਂ ਪੁਕਾਰ ਕਰਾਂ ? ਨਾਮੇਂ ਦਾ ਸੁਆਮੀ ਅੰਤਰਜਾਮੀ ਹੈ ਅਤੇ ਸਾਰੇ ਦੇਸਾਂ ਬਿਦੇਸ਼ਾਂ ਵਿਚ ਫਿਰ ਰਿਹਾ ਹੈ ।

# ਰਾਗੁ ਬਸੰਤ

## ਬਸੰਤੁ ਬਾਣੀ ਭਗਤਾਂ ਕੀ ਕਬੀਰ ਜੀ ਘਰੁ ੧

**੧ ਓ ਸਤਿਗੁਰਪ੍ਰਸਾਦਿ ॥ ਮਉਲੀ ਧਰਤੀ ਮਉਲਿਆ ਅਕਾਸੁ ॥ ਘਟਿ ਘਟਿ ਮਉਲਿਆ ਆਤਮ ਪ੍ਰਗਾਸੁ ॥ ੧ ॥**

ਧਰਤੀ ਮੌਲੀ ਹੈ ਅਤੇ ਅਕਾਸ ਵੀ ਮੌਲਿਆ ਹੈ ਭਾਵ ਪੰਜਾਂ ਤੱਤਾਂ ਦਾ ਸਰੀਰ ਖਿੜ ਰਿਹਾ ਹੈ, ਹਰ ਇਕ ਸਰੀਰ ਸਰੀਰ ਦੇ ਅੰਦਰ ੨ ਵਾਹਿਗੁਰੂ ਮੌਲਿਆ ਹੋਯਾ ਚਾਨਣ ਕਰ ਰਿਹਾ ਹੈ।

**ਰਾਜਾ ਰਾਮੁ ਮਉਲਿਆ ਅਨਤ ਭਾਇ ॥**
**ਜਹ ਦਖਉ ਤਹ ਰਹਿਆ ਸਮਾਇ ॥ ੧ ॥ ਰਹਾਉ ॥**

ਪ੍ਰਕਾਸ਼ਕ ਵਾਹਿਗੁਰੂ ਬਹੁਤ ਤਰਾਂ ਕਰਕੇ ਫੈਲਿਆ ਹੋਇਆ ਹੈ (ਮੈਂ) ਜੱਥੇ ਦੇਖਦਾ ਹਾਂ (ਓਹ) ਓਥੇ ਹੀ ਸਮਾ (ਵਿਆਪਕ ਹੋ) ਰਿਹਾ ਹੈ ॥

**ਦੁਤੀਆ* ਮਉਲੇ ਚਾਰਿ ਬੇਦ ॥**
**ਸਿੰਮ੍ਰਿਤਿ ਮਉਲੀ ਸਿਉ ਕਤੇਬ ॥ ੨ ॥**

ਦੂਜੇ ਉਸਦੇ ਚਾਰੇ ਵੇਦ ਮੌਲ ਰਹੇ ਹਨ ਭਾਵ ਵੇਦਾਂ ਨੂੰ ਬਣੌਣ ਵਾਲੇ ਬ੍ਰਹਮਾਂ ਆਦਿਕ ਉਤਪਤ ਹੋਏ ਅਥਵਾ ਉਸਦੇ ਮੂੰਹੋਂ ਵੇਦ ਨਿਕਲ ਰਹੇ ਹਨ, ਅਤੇ ਸਾਰੀਆਂ ਕਤਾਬਾਂ ਨਾਲ ਮਿਲਕੇ ਸਿੰਮ੍ਰਤੀਆਂ ਵੀ ਮੌਲ ਰਹੀਆਂ ਹਨ।

**ਸੰਕਰੁ ਮਉਲਿਓ ਜੋਗ ਧਿਆਨ ॥**
**ਕਬੀਰ ਕੋ ਸੁਆਮੀ ਸਭ ਸਮਾਨ ॥ ੩ ॥ ੧ ॥**

ਸ਼ੰਕਰ ਯੋਗ ਧਿਆਨ ਵਿੱਚ ਮੌਲ ਰਹੇ ਹਨ "ਹਕੂ ਆਪਣੇ ਦਿਲ ਦਾ ਮੰਤਵ ਅਤੇ ਅੰਤਮ ਸਾਰੇ ਸ਼ਬਦ ਦਾ ਸਿਟਾ ਦਸਦੇ ਹਨ" ਕਬੀਰ ਦਾ ਸੁਆਮੀ ਸਾਰੇ ਸਮਾਨ (ਮੌਲ ਰਿਹਾ) ਹੈ।

**ਪੰਡਿਤ ਜਨਮਾਤੇ ਪੜ੍ਹਿ ਪੁਰਾਨ ॥ ਜੋਗੀ ਮਾਤੇ ਜੋਗ ਧਿਆਨ ॥ ਸੰਨਿਆਸੀ ਮਾਤੇ ਅਹੰਮੇਵ ॥ ਤਪਸੀ ਮਾਤੇ ਤਪ ਕੇ ਭੇਵ ॥ ੧ ॥**

ਅਹੰਮੇਵ = ਹੰਕਾਰ।

---

*ਇਸ ਦਾ ਅਸਲੀ ਸਿਟਾ ਏਹ ਹੈ ਕਿ ਇਕ ਦਰਖਤ ਰਿਖੀ ਦੇ ਟਾਹਣ ਟਾਹਣੀਆਂ ਵੇਦ ਸਿੰਮ੍ਰਤੀਆਂ ਕਤਾਬਾਂ ਸੰਸਾਰ ਤੇ ਬਣੀਆਂ ਹੋਈਆਂ ਹਨ ਪਰ ਵਾਸਤਵ ਵਿੱਚ ਇਹ ਮੁਕਤੀ ਦਾ ਸਾਧਨ ਨਹੀਂ ॥

ਪੰਡਤ ਜਨ ਪੁਰਾਣਾਂ ਨੂੰ ਪੜ੍ਹਕੇ ਮੱਤੇ ਹੋਏ ਹਨ, ਯੋਗੀ ਯੋਗ ਧਿਆਨ ਵਿਚ ਮੱਤੇ ਹੋਏ ਹਨ, ਸੰਨਿਆਸੀ ਹੰਕਾਰ ਵਿਚ ਮਤੇ ਹੋਏ ਹਨ, ਤਪਸੀ ਤਪ ਦੇ ਭੇਦ ਵਿਚ ਮਤੇ ਹੋਏ ਹਨ।

**ਸਭ ਮਦ ਮਾਤੇ ਕੋਊ ਨ ਜਾਗ ॥**

***ਸੰਗ ਹੀ ਚੋਰ ਘਰੁ ਮੁਸਨ ਲਾਗ ॥ ੧ ॥ ਰਹਾਉ ॥**

ਸਾਰੇ ਹੰਕਾਰ ਵਿਚ ਮਤੇ ਹੋਏ ਹਨ ਕੋਈ ਨਹੀਂ ਜਾਗਦਾ ਸਰੀਰ ਰੂਪ ਘਰ ਨੂੰ ਲੁਟਣ ਲਗੇ ਹੋਏ ਕਾਮਾਦਿਕ ਚੋਰ ਨਾਲ ਹੀ ਹਰ ਇਕ ਜੀਵ ਦੇ ਹਨ।

**ਜਾਗੈ ਸੁਕਦੇਉ ਅਰੁ ਅਕੂਰੁ ॥ ਹਣਵੰਤੁ ਜਾਗੈ ਧਰਿ ਲੰਕੂਰੁ ॥**

**ਸੰਕਰੁ ਜਾਗੈ ਚਰਨ ਸੇਵ ॥ ਕਲਿ ਜਾਗੇ ਨਾਮ ਜੈਦੇਵ ॥ ੨ ॥**

ਅਕੂਰੁ = ਅਕਰੂਰ (ਕ੍ਰਿਸ਼ਨ ਦਾ ਮਾਮਾਂ) ॥

ਸੁਕਦੇਉ ਅਤੇ ਅਕ੍ਰੂਰ ਇਤਯਾਦਿਕ ਜਾਗੇ ਹਨ ਅਤੇ ਹਨੂਮਾਨ ਅਤੇ ਲੰਕੂਰ ਧਰ (ਸੁਗ੍ਰੀਵ) ਆਦਿਕ ਜਾਗੇ ਹਨ ਅਤੇ ਵਾਹਿਗੁਰੂ ਦੇ ਚਰਨਾਂ ਦੀ ਸੇਵਾ ਵਿਖੇ ਸ਼ਿਵਜੀ ਆਦਿਕ ਜਾਗੇ ਹਨ ਅਤੇ ਕਲਜੁਗ ਵਿਖੇ ਜੈ ਦੇਵ ਨਾਮਾ ਆਦਿਕ ਜਾਗੇ ਹਨ।

**ਜਾਗਤ ਸੋਵਤ ਬਹੁ ਪ੍ਰਕਾਰ ॥ ਗੁਰਮੁਖਿ ਜਾਗੈ ਸੋਈ ਸਾਰੁ ॥**

**ਇਸੁ‡ਦੇਹੀ ਕੇ ਅਧਿਕ ਕਾਮ ॥ ਕਹਿ ਕਬੀਰ ਭਜਿ ਰਾਮ ਨਾਮ ॥ ੩ ॥ ੨ ॥**

ਜਾਗਣਾਂ ਸੌਣਾਂ ਬਹੁਤ ਤਰਾਂ ਦਾ ਹੈ ਪਰ ਜੇਹੜੇ ਗੁਰਮੁਖ ਜਾਗਦੇ ਹਨ ਓਹੁ ਹੀ ਚੰਗੇ ਹਨ, ਇਸ ਦੇਹੀ ਦੇ ਬਾਹਲੇ ਕੰਮ ਹਨ, ਕਬੀਰ ਜੀ ਕਹਿੰਦੇ ਹਨ ਸਭਨਾਂ ਨੂੰ ਛਡਕੇ ਕੇਵਲ ਇਕ ਵਾਹਿਗੁਰੂ ਦੇ ਨਾਮ ਨੂੰ ਯਾਦ ਕਰ।

**ਜੋਇ ਖਸਮੁ ਹੈ ਜਾਇਆ ॥ ਪੂਤਿ ਬਾਪੁ ਖੇਲਾਇਆ ॥**

---

*ਇਕ ਨੀਂਦ ਆਦਮੀ ਨੂੰ ਮਾਰੀ ਜਾਂਦੀ ਹੈ ਦੂਜੇ ਏਹ ਚੋਰ ਵੀ ਨੀਂਦ ਦੇ ਨਾਲ ਹੀ ਮਿਲਕੇ ਜੀਵ ਨੂੰ ਲੁਟੀ ਜਾਂਦੇ ਹਨ ਇਕੁਰ ਵੀ ਅਰਥ ਕਰਦੇ ਹਨ।

†ਏਹ ਨਾਮ ਜਪਣ ਵਾਲਿਆਂ ਦੇ ਨਾਮ ਹਨ, ਦੇਖੋ ਨਾਮ ਦਾ ਕਿੱਡਾ ਵੱਡਾ ਪਰਤਾਪ ਹੈ।

‡ਇਸ ਜੀਵ ਦੇ ਵਾ ਦੇਹੀ ਦੇ ਕੰਮ ਆਉਣ ਵਾਲਾ ਨਾਮ ਹੀ ਹੈ ਇੱਕੁਰ ਵੀ ਅਰਥ ਕਰਦੇ ਹਨ।

## ਬਿਨੁ ਸੂਵਣਾ ਖੀਰੁ ਪਿਲਾਇਆ ॥ ੧ ॥

ਜੋਇ = ਇਸਤ੍ਰੀ ॥ ਸੂਵਣਾਂ = ਥਣ। ਖੀਰ = ਦੁਧ।

ਜਿੱਕੁਰ ਕੋਈ ਕਹੇ ਕਿ ਇਸਤ੍ਰੀ ਨੇ ਆਪਣੇ ਪਤੀ ਨੂੰ ਜੰਮਿਆਂ, ਪੁਤਰ ਨੇ ਪਿਤਾ ਨੂੰ ਖਡਾਇਆ, ਥਣਾਂ ਤੋਂ ਬਿਨਾਂ ਦੁਧ ਪਿਆਇਆ।

## ਦੇਖਹੁ ਲੋਗਾ ਕਲਿ ਕੋ ਭਾਉ ॥
## ਸੁਤਿ ਮੁਕਲਾਈ ਅਪਨੀ ਮਾਉ ॥ ੧ ॥ ਰਹਾਉ ॥

ਦੇਖੋ ਓਇ ਲੋਕੋ ਕਲਜੁਗ ਦਾ ਪਰਤਾਪ ਪੁਤ੍ਰ ਨੇ ਆਪਣੀ ਮਾਂ ਦਾ ਮੁਕਲਾਵਾ ਆਂਦਾ ॥

## ਪਗਾ ਬਿਨੁ ਹੁਰੀਆ ਮਾਰਤਾ ॥
## ਬਦਨੈ ਬਿਨੁ ਖਿਰ ਖਿਰ ਹਾਸਤਾ ॥

ਹੁਰੀਆ = ਛਾਲਾਂ। ਬਦਨੈ = ਮੂੰਹ।

(ਜਿੱਕੁਰ ਕੋਈ ਕਹੇ ਕਿ) ਪੈਰਾਂ ਤੋਂ ਬਿਨਾਂ ਹੀ ਛਾਲਾਂ ਮਾਰਦਾ ਹੈ, ਮੂੰਹ ਤੋਂ ਬਿਨਾਂ ਹੀ ਖਿੜ ਖਿੜ ਹਸਦਾ ਹੈ ॥

## ਨਿੰਦ੍ਰਾ ਬਿਨੁ ਨਰੁ ਪੈ ਸੋਵੈ ॥
## ਬਿਨੁ ਬਾਸਨ ਖੀਰੁ ਬਿਲੋਵੈ ॥ ੨ ॥

ਪੈ = ਪੁਨਾ ਵਾ ਲੰਮਾਂ ਪੈਕੇ। ਖੀਰੁ = ਦੁਧ। ਬਿਲੋਵੈ = ਰਿੜਕੇ।

ਨੀਂਦ ਤੋਂ ਬਿਨਾਂ ਹੀ ਆਦਮੀ (ਮੰਜੀ ਤੇ) ਲੰਮਾਂ ਪੈਕੇ ਸੌਂਦਾ ਹੈ, ਭਾਂਡੇ ਤੋਂ ਬਿਨਾਂ ਹੀ ਦਹੀਂ ਨੂੰ ਰਿੜਕਦਾ ਹੈ ॥

## *ਬਿਨੁ ਅਸਥਨ ਗਊ ਲਵੇਰੀ ॥
## ਪੈਡੇ ਬਿਨੁ ਬਾਟ ਘਨੇਰੀ ॥

ਥਣਾਂ ਤੋਂ ਬਿਨਾਂ ਹੀ ਗਊ ਲਵੇਰੀ ਭਾਵ ਦੁਧ ਦੇਂਦੀ ਹੈ, ਪੈਂਡੇ ਤੋਂ ਬਿਨਾਂ ਹੀ ਭਾਵ ਰਸਤੇ ਤਾਂ ਪਿਆ ਨਹੀਂ ਅਤੇ ਆਖਦਾ ਹੈ ਵਾਟ ਬਹੁਤ ਸਾਰੀ ਹੈ ਭਾਵ ਮੈਂ ਬਹੁਤ ਥਕ ਗਿਆ ਹਾਂ।

## ਬਿਨੁ ਸਤਿਗੁਰ ਬਾਟ ਨ ਪਾਈ ॥

---

*ਜਿਕੁਰ ਏਹ ਗੱਲਾਂ ਸਾਰੀਆਂ ਝੂਠੀਆਂ ਹਨ ਇੱਕੁਰ ਹੀ ਜਗਤ ਵੀ ਆਤਮਾ ਵਿਚ ਬਹੁਤ ਹੀ ਝੂਠਾ ਹੈ ਪਰ ਏਹ ਨਿਸਚਾ ਗੁਰਾਂ ਦੁਆਰਾ ਹੁੰਦਾ ਹੈ ਤਿਸਤੇ ਆਖਦੇ ਹਨ ।

***ਕਹੁ ਕਬੀਰ ਸਮਝਾਈ ॥ ੩ ॥ ੩ ॥**

ਕਬੀਰ ਜੀ ਸਮਝਾਕੇ ਕਹਿੰਦੇ ਹਨ ਕਿ ਸਤਿਗੁਰਾਂ ਤੋਂ ਬਿਨਾਂ (ਇੱਕੁਰ ਹੀ) ਕਿਸੇ ਨੇ ਵੀ ਵਾਟ ਭਾਵ ਭਗਤੀ ਨਹੀਂ ਪਾਈ।

**†ਪ੍ਰਹਲਾਦ ਪਠਾਏ ਪੜਨ ਸਾਲ ॥ ਸੰਗਿ ਸਖਾ ਬਹੁ ਲੀਏ ਬਾਲ ॥ ਮੋਕਉ ਕਹਾ ਪੜ੍ਹਾਵਸਿ ਆਲ ਜਾਲ ॥ ਮੇਰੀ ਪਟੀਆ ਲਿਖਿ ਦੇਹੁ ਸ੍ਰੀ ਗੋਪਾਲ ॥ ੧ ॥**

ਪੜਨ ਸਾਲ = ਪਾਠਸ਼ਾਲਾ। ਆਲ ਜਾਲ = ਘਰਾਂ ਦੇ ਜੰਜਾਲ, ਝੂਠ।

ਹਰਨਾਖਸ਼ ਨੇ ਪ੍ਰਹਲਾਦ ਨੂੰ ਪੜ੍ਹਨ ਵਾਸਤੇ ਸਕੂਲ ਭੇਜਿਆ, ਪ੍ਰਹਲਾਦ ਆਪਣੇ ਪਿਆਰੇ ਮਿੱਤਰਾਂ ਬਾਲਕਾਂ ਨੂੰ ਨਾਲ ਲੈਕੇ ਗਿਆ, ਸ਼ੁੱਕਰ ਦੇ ਪੁਤਰ ਸੰਡਾ ਮਰਕਾ ਰਾਜਨੀਤ ਪੜ੍ਹੌਨ ਲੱਗੇ ਤਾਂ ਪ੍ਰਹਲਾਦ ਨੇ ਕਿਹਾ ਮੈਨੂੰ ਘਰ ਦੇ ਧੰਧੇ ਕਿਆ (ਕਿਸ ਵਾਸਤੇ) ਪੜ੍ਹੌਂਦੇ ਹੋ ਮੇਰੀ ਪੱਟੀ ਉਤੇ ਵਾਹਿਗੁਰੂ ਲਿਖ ਦਿਓ।

**ਨਹੀ ਛੋਡਉ ਰੇ ਬਾਬਾ ਰਾਮ ਨਾਮ ॥ ਮੇਰੋ ਅਉਰ ਪੜਨ ਸਿਉ ਨਹੀ ਕਾਮੁ ॥ ੧ ॥ ਰਹਾਉ ॥**

ਹੇ ਪਾਂਧਾ ਜੀ ਮੈਂ ਵਾਹਿਗੁਰੂ ਦਾ ਨਾਮ ਨਹੀਂ ਛਡਾਂਗਾ ਮੇਰਾ ਹੋਰ

*ਮਾਇਆ ਰੂਪ ਇਸਤ੍ਰੀ, ਪ੍ਰਮਾਤਮਾਂ ਰੂਪ ਪਤੀ ਨੇ ਜੀਵ ਨੂੰ ਉਤਪੰਨ ਕੀਤਾ। ਅੱਗੇ ਤਿਸ ਜੀਵ ਦੇ ਪੁੱਤ੍ਰ ਮਨ ਨੇ ਤਿਸ ਜੀਵ ਪਿਤਾ ਨੂੰ ਬਹੁਤ ਪਦਾਰਥਾਂ ਵਿੱਚ ਖਿਡਾਇਆ। ਮਾਇਆ ਰੂਪ ਗਊ ਨੇ ਥਣਾਂ ਤੋਂ ਬਿਨਾਂ ਹੀ ਝੂਠੇ ਪਦਾਰਥਾਂ ਦਾ ਅਨੰਦ ਦੁੱਧ ਪੀਆਇਆ, ਦੇਖੋ ਓਇ ਲੋਕੋ ਕਲਜੁਗ ਦਾ ਪ੍ਰਤਾਪ! ਜੀਵ ਪੁਤ੍ਰ ਨੇ ਮਾਇਆ ਨੂੰ ਆਪਣੀ ਜਾਣ ਲਿਆ। ਸਾਧਨਾਂ ਤੋਂ ਬਿਨਾਂ ਹੀ ਛਾਲਾਂ ਮਾਰਦਾ ਹੈ, ਭਾਵ ਮਨ ਕਿਧਰੇ ਦਾ ਕਿਧਰੇ ਉਡ ਜਾਂਦਾ ਹੈ ਅਤੇ ਨਾਨਾਂ ਤਰਾਂ ਦੀਆਂ ਦੇਸ਼ਾਂਤਰੀ ਕਲਪਣਾਂ ਕਰਦਾ ਹੈ ਵਾ ਚੁਰਾਸੀ ਵਿਚ ਛਾਲਾਂ ਮਾਰਦਾ ਹੈ। ਮੂੰਹ ਤੋਂ ਬਿਨਾਂ ਹੀ ਖਿੜ ਖਿੜ ਹਸਦਾ ਹੈ। ਪ੍ਰਮਾਦਿ ਰੂਪ ਨੀਂਦ ਤੋਂ ਬਿਨਾਂ ਅਵਿੱਦਯਾ ਵਿਚ ਜੀਵ ਸੌਂਦਾ ਹੈ। ਧਾਰਨਾਂ ਤੋਂ ਬਿਨਾਂ ਹੀ ਝੂਠ ਰੂਪ ਪਾਣੀ ਨੂੰ ਰਿੜਕਦਾ ਹੈ। ਮਾਇਆ ਰੂਪ ਗਊ ਥਣਾਂ ਤੋਂ (ਸੁਖ) ਰਹਤ ਹੈ ਪਰ ਜੀਵਾਂ ਨੇ ਲਵੇਰੀ (ਸੁਖ ਰੂਪ) ਮੰਨੀ ਹੋਈ ਹੈ। ਹੈ ਤਾਂ ਜੀਵ ਪੈਂਡੇ ਤੋਂ ਬਿਨਾਂ ਭਾਵ ਅਚੱਲ ਰੂਪ ਵਾ ਵਾਹਿਗੁਰੂ ਵੱਲ ਜਾਣ ਵਾਲਾ ਪਰ ਚੁਰਾਸੀ ਦੀ ਵਾਟ ਬਹੁਤ ਪੈ ਰਹੀ ਹੈ॥

†ਕਬੀਰ ਜੀ ਪ੍ਰਹਲਾਦ ਭਗਤ ਜੀ ਦਾ ਪ੍ਰਸੰਗ ਦਸਦੇ ਹਨ।

ਪੜ੍ਹਨ ਨਾਲ ਕੁਝ ਕੰਮ ਨਹੀਂ ਹੈ ॥

**ਸੰਡੈ ਮਰਕੈ ਕਹਿਓ ਜਾਇ ॥ ਪ੍ਰਹਲਾਦ ਬੁਲਾਏ ਬੇਗਿ ਧਾਇ ॥ ਤੂ ਰਾਮ ਕਹਨ ਕੀ ਛੋਡੁ ਬਾਨਿ ॥ ਤੁਝੁ ਤੁਰਤੁ ਛਡਾਊ ਮੇਰੋ ਕਹਿਓ ਮਾਨਿ ॥ ੨ ॥**

ਸੰਡੇ ਮਰਕੇ ਨੇ ਹਰਨਾਖਸ਼ ਨੂੰ ਜਾ ਕਿਹਾ, (ਹਰਨਾਖਸ਼ ਨੇ) ਪ੍ਰਹਲਾਦ ਨੂੰ ਬੁਲਾਇਆ, ਅਤੇ ਪ੍ਰਹਲਾਦ ਛੇਤੀ ਨਾਲ ਦੌੜਕੇ ਗਿਆ (ਪਾਂਧੇ ਨੇ) ਕਿਹਾ ਤੂੰ ਰਾਮ ਕਹਿਣ ਦੀ ਆਦਤ ਛੱਡ, ਮੇਰਾ ਕਿਹਾ ਮੰਨ ਤੈਨੂੰ ਮੈਂ ਛੇਤੀ ਨਾਲ ਛੁਡਾ ਲਵਾਂਗਾ ॥

**ਮੋਕਉ ਕਹਾ ਸਤਾਵਹੁ ਬਾਰ ਬਾਰ ॥ ਪ੍ਰਭਿ ਜਲ ਥਲ ਗਿਰਿ ਕੀਏ ਪਹਾਰ ॥ ਇਕੁ ਰਾਮੁ ਨ ਛੋਡਉ *ਗੁਰਹਿ ਗਾਰਿ ॥ ਮੋਕਉ ਘਾਲਿ ਜਾਰਿ ਭਾਵੈ ਮਾਰਿ ਡਾਰਿ ॥ ੩ ॥**

ਗਿਰ = ਪਹਾੜ

ਮੈਨੂੰ ਬਾਰ ਬਾਰ ਕਿਉਂ ਸਤੌਂਦੇ ਹੋ, (ਜਿਸ ਵਾਹਿਗੁਰੂ ਨੇ) ਜਲ ਥਲ ਅਤੇ ਛੋਟੇ ਵੱਡੇ ਪਹਾੜ ਕੀਤੇ ਹਨ ਇਕ ਵਾਹਿਗੁਰੂ ਨੂੰ ਮੈਂ ਨਹੀਂ ਛੱਡਾਂਗਾ, ਕਿਉਂਕਿ ਮੇਰੇ ਗੁਰੂ (ਨਾਰਦ) ਨੂੰ ਗਾਲ ਲਗਦੀ ਹੈ ਭਾਵੇਂ ਮੈਨੂੰ ਸਾੜ ਸੁਟ ਭਾਵੇਂ ਮਾਰ ਸੁਟ ।

**ਕਾਢਿ ਖੜਗੁ ਕੋਪਿਓ †ਰਿਸਾਇ ॥ ਤੁਝ ਰਾਖਨ ਹਾਰੋ ਮੋਹਿ ਬਤਾਇ ॥ ਪ੍ਰਭ ਥੰਮ ਤੇ ਨਿਕਸੇ ਕੈ ਬਿਸਥਾਰ ॥ ਹਰਨਾਖਸੁ ਛੇਦਿਓ ਨਖ ਬਿਦਾਰ ॥ ੪ ॥**

ਨਖ = ਨਹੁੰ । ਬਿਦਾਰ = ਪਾੜ ਸੁਟਣਾ ।

(ਉਸੀ ਵਕਤ) ਪ੍ਰਹਲਾਦ ਦਾ ਪਿਤਾ ਤਲਵਾਰ ਕਢਕੇ ਕਰੋਧਵਾਨ ਹੋਯਾ, ਜੇਹੜਾ ਤੈਨੂੰ ਰਖਣ ਵਾਲਾ ਹੈ ਓਹ ਮੈਨੂੰ ਦਸ ਦੇ, (ਉਸੀ ਵਕਤ) ਪ੍ਰਭੂ ਥੰਮ ਤੋਂ ਨਿਕਲੇ ਅਤੇ ਨਿਕਲਦਿਆਂ ਹੀ ਬੜਾ ਵਿਸਤਾਰ ਕੀਤਾ ਕਿ ਨਹੁੰਆਂ ਨਾਲ ਵਿੰਨ੍ਹ ਕੇ ਹਰਨਾਖਸ਼ ਨੂੰ ਮਾਰ ਸੁਟਿਆ ॥

**ਓਇ ਪਰਮ ਪੁਰਖ ਦੇਵਾਧਿ ਦੇਵ ॥ ਭਗਤਿ ਹੇਤ ਨਰ**

*ਗੁਰਹਿਗਾਰ = ਗੁਨਹਗਾਰ ਵੀ ਕਈ ਕਰਦੇ ਹਨ ਪਰ ਠੀਕ ਨਹੀਂ ।

†ਤਲਵਾਰ ਨੂੰ ਕਢਕੇ ਪਿਉ ਗੁਸੇ ਹੋਯਾ ਵਾ ਗੁਸੇ ਹੋਕੇ ਪਿਆ ਵੀ ਕਰਦੇ ਹਨ ।

**ਸਿੰਘ ਭੇਵ ॥ ਕਹਿ ਕਬੀਰ ਕੋ ਲਖੈ ਨ ਪਾਰ ॥ ਪ੍ਰਹਲਾਦ ਉਧਾਰੇ ਅਨਿਕ ਬਾਰ ॥ ੫ ॥ ੪ ॥**

ਭੇਵ = ਭੁਏ । ਭੇਦ ।

ਓਹ ਪਰਮਾਤਮਾਂ ਪਰਮ ਪੁਰਖ ਦੇਵਤਿਆਂ ਦਾ ਦੇਵਤਾ ਅਧਪਤੀ ਹੈ, ਭਗਤ ਵਾਸਤੇ ਨਿਰਸਿੰਘ ਰੂਪ ਹੋਯਾ ਹੈ, ਕਬੀਰ ਜੀ ਕਹਿੰਦੇ ਹਨ ਉਸਦਾ ਕੋਈ ਪਾਰਾ ਵਾਰ ਨਹੀਂ ਲਖ ਸਕਦਾ, ਪ੍ਰਹਲਾਦ ਨੂੰ ਅਨੇਕਾਂ ਹੀ ਵਾਰੀ ਰਖਿਆ ਹੈ ॥

**ਇਸੁ ਤਨ ਮਨ ਮਧੇ ਮਦਨ ਚੋਰ ॥ ਜਿਨਿ ਗਿਆਨ ਰਤਨੁ ਹਿਰਿ ਲੀਨ ਮੋਰ ॥ ਮੈ ਅਨਾਥੁ ਪ੍ਰਭ ਕਹਉ ਕਾਹਿ ॥ ਕੋ ਕੋ ਨ ਬਿਗੂਤੋ ਮੈ ਕੋ ਆਹਿ ॥ ੧ ॥**

ਮਦਨ = ਕਾਮ ॥ ਹਿਰਿ = ਚੁਰਾ ॥

ਇਸ ਸਰੀਰ ਵਿਚ ਜੇਹੜਾ ਮਨ ਹੈ ਤਿਸ ਮਨ ਵਿੱਚ ਇਕ ਕਾਮ ਚੋਰ ਰਹਿੰਦਾ ਹੈ ਜਿਸਨੇ ਗਿਆਨ ਰਤਨ ਮੇਰਾ ਚੁਰਾ ਲਿਆ ਹੈ, ਹੇ ਵਾਹਿਗੁਰੂ ਮੈਂ ਅਨਾਥ ਕਿਸ ਨੂੰ ਕਹਾਂ, (ਇਸ ਵਿੱਚ ਲਗਕੇ) ਕੇਹੜਾ ੨ ਨਹੀਂ ਖਰਾਬ ਹੋਇਆ ਮੈਂ ਵਿਚਾਰਾ ਕੌਣ ਹਾਂ ॥

**ਮਾਧਉ ਦਾਰੁਨ ਦੁਖੁ ਸਹਿਓ ਨ ਜਾਇ ॥ ਮੇਰੋ ਚਪਲ ਬੁਧਿ ਸਿਉ ਕਹਾ ਬਸਾਇ ॥ ੧ ॥ ਰਹਾਉ ॥**

ਦਾਰੁਨ = ਔਖਾ । ਚਪਲ = ਚੰਚਲ ॥

ਹੇ ਵਾਹਿਗੁਰੂ ਔਖਾ ਦੁੱਖ ਸਹਾਰਿਆ ਨਹੀਂ ਜਾਂਦਾ ਮੇਰਾ ਚੰਚਲ ਬੁੱਧ ਨਾਲ ਕੀ ਵੱਸ ਚਲਦਾ ਹੈ ॥

**ਸਨਕ ਸਨੰਦਨ ਸਿਵ ਸੁਕਾਦਿ ॥ ਨਾਭਿ ਕਮਲ ਜਾਨੇ ਬ੍ਰਮਾਦਿ ॥ ਕਬਿ ਜਨ ਜੋਗੀ ਜਟਾ ਧਾਰਿ ॥ ਸਭ ਆਪਨ ਅਉਸਰਿ ਚਲੇ ਸਾਰਿ ॥ ੨ ॥**

ਅਉਸਰ = ਵੇਲਾ ॥ ਸਾਰਿ = ਸੰਭਾਲ, ਯਾਦ, ਖਬਰਦਾਰੀ ॥

ਸਨਕ ਸਨੰਦਨ (ਚਾਰ ਪੁਤ੍ਰ ਬ੍ਰਹਮਾਂ ਦੇ) ਸ਼ਿਵ, ਸੁਕਦੇਵ ਆਦਿਕ ਨਾਭੀ ਕੌਲ ਵਿਚੋਂ ਬ੍ਰਹਮਾਂ ਉਤਪੰਨ ਹੋਇਆ ਹੈ ਹੋਰ ਵਿਸ਼ਨੂ ਆਦਿਕ ਜਾਣੋਂ, ਕਵੀ ਲੋਗ, ਯੋਗੀ ਜਟਾ ਧਾਰਨ ਵਾਲੇ ਸਾਰੇ ਹੀ ਆਪੋ ਆਪਣੀ ਔਸਰ ਪੂਰੀ ਕਰਕੇ ਚਲੇ ਗਏ ਹਨ, ਭਾਵ ਇਸ ਕਾਮ ਤੋਂ ਡਰਦੇ ਮਰ ਗਏ ਹਨ ॥

**ਤੂ ਅਥਾਹੁ ਮੋਹਿ ਥਾਹ ਨਾਹਿ ॥ ਪ੍ਰਭ ਦੀਨਾ ਨਾਥ ਦੁਖੁ ਕਹਉ ਕਾਹਿ ॥ ਮੇਰੇ ਜਨਮ ਮਰਨ ਦੁਖੁ ਆਥਿ ਧੀਰ ॥ ਸੁਖ ਸਾਗਰ ਗੁਨ ਰਉ ਕਬੀਰ ॥ ੩ ॥ ੫ ॥**

ਆਥਿ = ਮਾਯਾ ਵਾ ਹੈ । ਰਉ = ਉਚਾਰੋ ॥

ਹੇ ਵਾਹਿਗੁਰੂ ਤੂੰ ਅਥਾਹੁ ਹੈਂ ਮੈਂ ਤੇਰੀ ਹਾਥ ਨਹੀਂ ਲੈ ਸਕਦਾ ਹੈ ਪ੍ਰਭੂ ਗਰੀਬਾਂ ਦੇ ਸੁਆਮੀ ਮੈਂ ਆਪਣਾ ਦੁਖ ਕਿਸ ਨੂੰ ਕਹਾਂ ਮੈਨੂੰ ਮਾਇਆ ਕਰਕੇ ਜਨਮ ਮਰਨ ਦਾ ਦੁਖ ਹੋਇਆ ਹੈ ਵਾ ਏਹ ਦੁਖ ਮੈਨੂੰ ਹੈ ਇਸ ਤੋਂ ਮੈਨੂੰ ਧੀਰਜ ਵਾਲਾ ਕਰ, ਹੇ ਸੁਖਾਂ ਦੇ ਸਮੁੰਦਰ ਮੈਂ ਤੇਰੇ ਗੁਣ ਉਚਾਰਾਂਗਾ ਵਾ ਕਬੀਰ ਜੀ ਕਹਿੰਦੇ ਹਨ ਮੈਂ ਸੁਖਾਂ ਦੇ ਸਮੁੰਦ੍ਰ ਦੇ ਗੁਣ ਉਚਾਰਦਾ ਹਾਂ ॥

**ਨਾਇਕੁ ਏਕੁ ਬਨਜਾਰੇ ਪਾਚ ॥**
**ਬਰਧ ਪਚੀਸਕ ਸੰਗੁ ਕਾਚ ॥**

ਨਾਇਕੁ = ਮਾਲਕ । ਬਰਧ = ਬਲਦ ।

ਇਕ ਮਨ ਮਾਲਕ ਹੈ ਅਤੇ ਪੰਜ ਇੰਦ੍ਰੇ ਵਣਜਾਰੇ ਹਨ ਪੰਝੀ (ਪਰਕਿਰਤੀਆਂ) ਵਿਛਿਆਂ ਨੂੰ ਚੁਕਣ ਵਾਲੇ ਨਾਲ ਬੈਲ ਹਨ ਭਾਵ ਏਹ ਸਾਰਾ ਹੀ ਸਾਜ ਕੱਚਾ ਅਤੇ ਝੂਠਾ ਹੈ ॥

**ਨਉ ਬਹੀਆ ਦਸ ਗੋਨਿ ਆਹਿ ॥**
**ਕਸਨਿ ਬਹਤਰਿ ਲਾਗੀ ਤਾਹਿ ॥ ੧ ॥**

ਬਹੀਆ = ਲਾਠੀਆਂ ।

ਨੌ (ਗੋਲਕਾਂ) ਦੁਆਰੇ ਮਾਨੋਂ ਵੰਝ ਦੀਆਂ ਵਲੀਆਂ ਅਤੇ ਦਸ ਇੰਦਰੇ ਛੱਟਾਂ ਹਨ, ਅਤੇ ਬਹੱਤਰ ਨਾੜੀਆਂ ਛੱਟਾਂ ਨੂੰ ਕੱਸਕੇ, ਸੀਉਂਣ ਵਾਲੀਆਂ ਤਿਸ (ਸਰੀਰ ਰੂਪ ਛੱਟ) ਨੂੰ ਲਗੀਆਂ ਹੋਈਆਂ ਹਨ (ਦੇਖੋ ਗਉੜੀ ਵਿਚੋਂ ਗਜ ਨਵ ਕਬੀਰ ਦਾ ਸਬਦ ।)

**ਮੋਹਿ ਐਸੇ ਬਨਜ ਸਿਉ ਨਹੀਨ ਕਾਜੁ ॥**
**ਜਿਹ ਘਟੈ ਮੂਲੁ ਨਿਤ ਬਢੈ ਬਿਆਜੁ ॥ ਰਹਾਉ ॥**

ਇਸ ਲਈ ਮੇਰਾ ਇੱਕਰ ਦੇ ਵਣਜ ਨਾਲ ਕੁਝ ਕੰਮ ਨਹੀਂ ਹੈ ਕਿਉਂਕਿ ਜਿਸ ਦੇ ਕਰਨ ਕਰਕੇ ਹੋਜ਼ ਹੀ ਮੂਲ ਘਟਦਾ ਹੈ ਅਤੇ ਬਿਆਜ ਵਧਦਾ ਹੈ ॥

***ਸਾਤ ਸੂਤ ਮਿਲਿ ਬਨਜੁ ਕੀਨ ॥**
**ਕਰਮ ਭਾਵਨੀ ਸੰਗ ਲੀਨ ॥**

ਸੱਤ ਸੂਤ ਦੇ ਧਾਗੇ ਮਿਲਾਕੇ ਬਨਜ ਕੀਤਾ ਹੈ, ਕਰਮਾਂ ਦੀ ਇੱਛਾ ਨਾਲ ਲਈ ਹੈ।

**ਤੀਨਿ ਜਗਾਤੀ ਕਰਤ ਰਾਰਿ ॥**
**ਚਲੋ ਬਨਜਾਰਾ ਹਾਥ ਝਾਰਿ ॥ ੨ ॥**

ਜਗਾਤੀ = ਮਹਿਸੂਲੀਏ। ਰਾਰਿ = ਲੜਾਈ।

ਤਿੰਨ ਮਸੂਲੀਏ (ਰਜੋ ਤਮੋਂ ਸਤੋ ਵਾ) ਮਾੜੇ ਚੰਗੇ ਕੰਮ, ਲੜਾਈ ਕਰਦੇ ਹਨ, ਅੰਤ ਨੂੰ ਵਣਜਾਰਾ ਖਾਲੀ ਹਥ ਝਾੜਕੇ ਚਲਿਆ ਜਾਂਦਾ ਹੈ।

**ਪੂੰਜੀ ਹਿਰਾਨੀ ਬਨਜੁ ਟੂਟ ॥ ਦਹਦਿਸ ਟਾਂਡੋ ਗਇਓ ਫੂਟਿ ॥**

ਸੁਆਸਾਂ ਰੂਪ ਰਾਸ ਹਰੀ (ਖੋਈ) ਗਈ (ਸਰੀਰ ਦਾ) ਵਣਜ ਕਰਨਾ ਟੁੱਟ ਗਿਆ। ਦਸਾਂ ਹੀ ਦਿਸ਼ਾਂ ਵਲੋਂ ਟਾਂਡੇ ਦਾ ਸਮੂਦਾ ਭਾਵ ਸ਼ਰੀਰ ਦਾ ਅਕੱਠ ਟੁੱਟ ਗਿਆ।

**ਕਹਿ ਕਬੀਰ †ਮਨ ਸਰਸੀ ‡ਕਾਜ ॥**
**ਸਹਜ ਸਮਾਨੋ ਤ ਭਰਮ ਭਾਜ ॥ ੩ ॥ ੬ ॥**

ਕਬੀਰ ਜੀ ਕਹਿੰਦੇ ਹਨ ਜਦ ਭਰਮ ਦੌੜ ਗਿਆ ਤਾਂ ਮਨ ਵਿਚ ਹੀ ਕੰਮ ਸੌਰ ਗਿਆ ਅਤੇ ਸਹਜ ਵਿਚ ਸਮਾ ਗਿਆ।

**ਬਸੰਤ ਹਿੰਡੋਲੁ ਘਰੁ ੨ ॥**

**ੴ ਸਤਿਗੁਰਪ੍ਰਸਾਦਿ ॥**

**ਮਾਤਾ ਜੂਠੀ ਪਿਤਾ ਭੀ ਜੂਠਾ ਜੂਠੇ ਹੀ ਫਲ ਲਾਗੇ ॥**

---

*ਭਾਵ ਸੱਤਾਂ ਧਾਤੂਆਂ ਕਰਕੇ ਸਰੀਰ ਬਣਿਆਂ ਹੈ, ਕਈ ਪੰਜ ਤੱਤ ਮੰਨਦੇ ਹਨ ਕਈ ੧ ਰਕਤ, ੨ ਬੀਰਜ, ੩ ਮਿਝ, ੪ ਮੇਦਾ, ੫ ਮਾਸ, ੬ ਤੁਚਾ, ੭ ਹੱਡੀਆਂ ਨਾਲ ਹਰ ਇਕ ਜੀਵ ਦੇ ਆਪੋ ਆਪਣੀ ਇੱਛਾਨੁਸਾਰ ਕਰਮ ਮਥੇ ਤੇ ਲਿਖੇ ਗਏ ਹਨ ਅਤੇ ਓਨਾਂ ਦੇ ਅਨੁਸਾਰ ਹੀ ਹਰ ਇਕ ਨੇ ਲੈਣਾ ਹੈ।

†ਕਈਕੁ ਮਨ ਨੂੰ ਹੇ ਮਨ ਭਾਵ ਹੇ ਭਾਈ ਅਥਵਾ ਗੁਰਾਂ ਦਾ ਉਪਦੇਸ਼ ਸੁਣਕੇ ਮੰਨਣ ਕੀਤਾ ਵੀ ਅਰਥ ਕਰਦੇ ਹਨ।

‡ਜਿੱਕੁਰ ਬ੍ਰਹਮ ਗਿਆਨੀ ਸੰਸਾਰ ਦੇ ਸਾਰੇ ਧੰਧੇ ਛੱਡਕੇ ਵਾਹਿਗੁਰੂ ਨਾਲ ਮਿਲ ਜਾਂਦਾ ਹੈ ਇੱਕੁਰ ਹੀ ਆਪਣੀ ਹਾਲਤ ਦਾ ਵਰਨਨ ਕੀਤਾ ਹੈ।

**ਆਵਹਿ ਜੂਠੇ ਜਾਹਿ ਭੀ ਜੂਠੇ ਜੂਠੇ ਮਰਹਿ ਅਭਾਗੇ ॥ ੧ ॥**

ਮਾਤਾ ਵੀ ਜੂਠੀ ਹੈ ਪਿਤਾ ਵੀ ਜੂਠਾ ਹੈ ਅਤੇ ਜੂਠੇ ਹੀ ਫਲ ਲਗੇ ਭਾਵ ਪੁਤ੍ਰ ਹੋਏ ਹਨ, ਆਉਂਦੇ ਵੀ ਜੂਠੇ ਜਾਂਦੇ ਵੀ ਜੂਠੇ ਅਤੇ ਅਭਾਗੇ ਜੂਠੇ ਹੀ ਮਰਦੇ ਹਨ, ਭਾਵ ਜੂਠੇ ਹੀ ਜੰਮਦੇ ਮਰਦੇ ਰਹਿੰਦੇ ਹਨ।

**ਕਹੁ ਪੰਡਿਤ ਸੂਚਾ ਕਵਨੁ ਠਾਉ ॥**
**ਜਹਾ ਬੈਸਿ ਹਉ ਭੋਜਨੁ ਖਾਉ ॥ ੧ ॥ ਰਹਾਉ ॥**

ਰੇ ਪਾਂਡੇ ਕਹੋ ਸੁਚਾ ਕੇਹੜਾ ਥਾਂ ਹੈ ਜਿਥੇ ਬੈਠਕੇ ਮੈਂ ਅੰਨ ਖਾਵਾਂ ?

**ਜਿਹਵਾ ਜੂਠੀ ਬੋਲਤ ਜੂਠਾ ਕਰਨ ਨੇਤ੍ਰ ਸਭ ਜੂਠੇ ॥**
**ਇੰਦ੍ਰੀ ਕੀ ਜੂਠਿ ਉਤਰਸਿ ਨਾਹੀ**
***ਬ੍ਰਹਮ ਅਗਨਿ ਕੇ ਲੂਠੇ ॥ ੨ ॥**

ਕਰਨ = ਕੰਨ।

ਰਸਨਾ ਵੀ ਜੂਠੀ ਹੈ ਬੋਲ ਵੀ ਜੂਠਾ ਹੈ, ਕੰਨ ਨੇਤ੍ਰ ਸਾਰੇ ਇੰਦ੍ਰੇ ਹੀ ਜੂਠੇ ਹਨ। ਹੇ ਬ੍ਰਾਹਮਨ ਅਭਿਮਾਨ ਅਗਨੀ ਦੇ ਲੂਠੇ ਹੋਏ ਇੰਦ੍ਰੀ ਦੀ ਜੂਠ ਕਦੀ ਉਤਰਦੀ ਹੀ ਨਹੀਂ ਹੈ।

**ਅਗਨਿ ਭੀ ਜੂਠੀ ਪਾਨੀ ਜੂਠਾ ਜੂਠੀ ਬੈਸਿ ਪਕਾਇਆ ॥**
**ਜੂਠੀ ਕਰਛੀ ਪਰੋਸਨ ਲਾਗਾ ਜੂਠੇ ਹੀ ਬੈਠਿ ਖਾਇਆ ॥ ੩ ॥**

ਅਗਨੀ ਵੀ ਜੂਠੀ, ਪਾਣੀ ਵੀ ਜੂਠਾ, ਜੂਠੀ ਨੇ ਹੀ ਬੈਠਕੇ (ਅੰਨ) ਪਕਾਯਾ। ਜੂਠੀ ਹੀ ਕੜਛੀ ਨਾਲ ਪਰੋਸਣ ਲੱਗਾ, ਜੂਠੇ ਨੇ ਹੀ ਬੈਠਕੇ ਖਾਧਾ।

**ਗੋਬਰੁ ਜੂਠਾ ਚਉਕਾ ਜੂਠਾ ਜੂਠੀ ਦੀਨੀ ਕਾਰਾ ॥ ਕਹਿ ਕਬੀਰ ਤੇਈ ਨਰ ਸੂਚੇ ਸਾਚੀ ਪਰੀ ਬਿਚਾਰਾ ॥ ੪ ॥ ੧ ॥ ੭ ॥**

ਗੋਹਾ ਵੀ ਜੂਠਾ ਚੌਂਕਾ ਵੀ ਜੂਠਾ ਜੂਠੀ ਹੀ ਲਕੀਰ ਦਿਤੀ। ਕਬੀਰ ਜੀ ਕਹਿੰਦੇ ਹਨ ਓਹ ਆਦਮੀ ਸੁਚੇ ਹਨ ਜਿਨ੍ਹਾਂ ਨੂੰ ਸੱਚੀ ਵਿਚਾਰ ਪਈ ਹੈ ਭਾਵ ਵਾਹਿਗੁਰੂ ਦੀ ਵਿਚਾਰ ਕਦਦੇ ਹਨ।

*ਬ੍ਰਹਮ = (ਹੇ ਬ੍ਰਾਹਮਣ) ਇਸਨੂੰ ਕਿਸੇ ਸੰਬੋਧਨ ਵਿੱਚ ਲੈਂਦੇ ਹਨ, ਮੇਰੇ ਖਿਆਲ ਵਿਚ ਅਤਯੰਤ ਅਗਨੀ ਦੇ ਸੜੇ ਹੋਏ ਲਗੇ ਤਾਂ ਹੱਛਾ ਹੈ।

(ਆਪਣੀ ਅਤਯੰਤ ਛੇਕੜਲੀ ਹਾਲਤ ਦੱਸਦੇ ਹਨ)

## ਰਾਮਾਨੰਦ ਜੀ ਘਰੁ ੧

**੧ ਓ ਸਤਿਗਰਪ੍ਰਸਾਦਿ॥ਕਤ ਜਾਈਐ ਰੇ ਘਰ ਲਾਗੋ ਰੰਗੁ॥ ਮੇਰਾ ਚਿਤੁ ਨ ਚਲੈ ਮਨੁ ਭਇਓ*ਪੰਗੁ॥ ੧ ॥ ਰਹਾਉ॥**

ਭਾਈ ਕਿੱਥੇ ਜਾਈਏ ਘਰ ਵਿਚ ਹੀ ਰੰਗ ਲੱਗਾ (ਹੋਯਾ) ਹੈ। ਭਾਵ ਰਿਦੇ ਵਿਚ ਹੀ ਅਨੰਦ ਹੋ ਰਿਹਾ ਹੈ। ਮੇਰਾ ਚਿੱਤ ਨਹੀਂ ਚੱਲ ਸਕਦਾ ਮਨ ਪਿੰਗਲਾ ਹੋਗਿਆ ਹੈ॥

**ਏਕ ਦਿਵਸ ਮਨ ਭਈ ਉਮੰਗ॥ ਘਸਿ ਚੰਦਨ ਚੋਆ ਬਹੁ ਸੁਗੰਧ॥ ਪੂਜਨ ਚਾਲੀ ਬ੍ਰਹਮ ਠਾਇ॥ ਸੋ ਬ੍ਰਹਮੁ ਬਤਾਇਓ ਗੁਰ ਮਨ ਹੀ ਮਾਹਿ ॥ ੧ ॥**

ਪਹਿਲੇ ਇਕ ਦਿਨ ਮੇਰੇ ਮਨ ਵਿਚ ਉਮੰਗ ਹੋਈ ਸੀ ਉਸ ਦਿਨ ਏਹੋ ਹੀ ਮੇਰੀ ਵਿਅਕਤੀ ਵਾ ਬੁੱਧੀ ਚੰਦਨ ਘਸਾ ਕੇ ਅਤੇ ਬਹੁਤ ਸੁਗੰਧੀਆਂ ਅਤਰ ਲੈਕੇ ਜਿੱਥੇ ਠਾਕੁਰ ਦੁਆਰਾ ਸੀ ਉਸ ਜਗਾ ਪੂਜਣ ਚੱਲੀ, ਸੋ ਵਾਹਿਗੁਰੂ ਗੁਰਾਂ ਨੇ ਮਨ ਵਿਚ ਹੀ ਦੱਸ ਦਿੱਤਾ ਹੈ॥

**ਜਹਾ ਜਾਈਐ ਤਹ ਜਲ ਪਖਾਨ॥ ਤੂ ਪੂਰਿ ਰਹਿਓ ਹੈ ਸਭ ਸਮਾਨ॥ ਬੇਦ ਪੁਰਾਨ ਸਭ ਦੇਖੇ ਜੋਇ॥ ਊਹਾਂ ਤਉ ਜਾਈਐ ਜਉ ਈਹਾਂ ਨ ਹੋਇ ॥ ੨ ॥**

ਪਖਾਨ = ਪੱਥਰ॥

ਜਿੱਥੇ ਜਾਈਏ ਓਥੇ ਹੀ ਪਾਨੀ ਪੱਥਰ (ਪੂਜਾ) ਹੈ ਹੇ ਵਾਹਿਗੁਰੂ ਤੂੰ ਸਾਰੇ ਸਮਾਨ ਪੂਰਣ ਹੋ ਰਿਹਾ ਹੈਂ। ਵੇਦ ਪੁਰਾਣ ਸਾਰੇ ਹੀ ਹੱਛੀ ਤਰਾਂ ਦੇਖੇ ਹਨ। ਓਥੇ ਤਦ ਜਾਈਏ ਜੇ ਏਥੇ ਵਾਹਿਗੁਰੂ ਨ ਹੋਵੇ।

**ਸਤਿਗੁਰ ਮੈ ਬਲਿਹਾਰੀ ਤੋਰ॥ ਜਿਨਿ ਸਕਲ ਬਿਕਲ ਭ੍ਰਮ ਕਾਟੇ ਮੋਰ॥ ਰਾਮਾਨੰਦ ਸੁਆਮੀ ਰਮਤ ਬ੍ਰਹਮ॥ ਗੁਰ ਕਾ ਸਬਦੁ ਕਾਟੈ ਕੋਟਿ ਕਰਮ॥ ੩ ॥੧ ॥**

ਹੇ ਸਤਿਗੁਰੂ ਮੈਂ ਤੇਰੇ ਬਲਿਹਾਰ ਜਾਂਦਾ ਹਾਂ ਜਿਸਨੇ ਸਾਰਾ ਵਿਆਕੁਲ

*ਪੰਗ = ਪੀਲਾ, ਸ਼ੂਦ ਦਾ ਵਾਚਕ ਵੀ ਹੁੰਦਾ ਹੈ ਪਰ ਇਸ ਜਗਾ ਪਿੰਗਲਾ ਹੀ ਕਰਦੇ ਹਨ॥

ਕਰਨ ਵਾਲਾ ਮੇਰਾ ਭਰਮ ਕੱਟ ਦਿੱਤਾ ਹੈ, ਰਾਮਾਨੰਦ ਸੁਆਮੀ ਵਾਹਿਗੁਰੂ ਨੂੰ ਉਚਾਰਦੇ ਹਨ, ਗੁਰਾਂ ਦਾ ਸ਼ਬਦ ਕਰੋੜਾਂ ਹੀ ਕਰਮ ਕੱਟ ਦੇਂਦਾ ਹੈ ॥

## ਬਸੰਤੁ ਬਾਣੀ ਨਾਮ ਦੇਉ ਜੀ ਕੀ

**ੴ ਸਤਿਗੁਰਪ੍ਰਸਾਦਿ ॥ ਸਾਹਿਬੁ ਸੰਕਟਵੈ ਸੇਵਕੁ ਭਜੈ ॥**
**ਚਿਰੰਕਾਲ ਨ ਜੀਵੈ ਦੋਊ ਕੁਲ ਲਜੈ ॥ ੧ ॥**

ਸੰਕਟਵੈ = ਦੁਖ। ਭਜੈ = ਭੱਜ ਜਾਵੇ।

ਜਦ ਸਾਹਿਬ ਉਤੇ ਦੁਖ ਆ ਬਣੇ ਤਾਂ ਸੇਵਕ ਭੱਜ ਜਾਵੇ ਵਾ ਜਦ ਪ੍ਰਮਾਤਮਾਂ ਜੀਵ ਨੂੰ ਦੁੱਖ ਦੇਵੇ ਤਾਂ ਸੇਵਕ ਦੌੜ ਜਾਵੇ ਭਾਵ ਦੁੱਖ ਵੇਲੇ ਵਾਹਿਗੁਰੂ ਨੂੰ ਛੱਡ ਦੇਵੇ ਓਹ ਚਿਰੰਕਾਲ ਨਹੀਂ ਜੀਂਵਦਾ, ਦੋਹਾਂ ਕੁਲਾਂ (ਨਾਨਕ ਦਾਦਕ) ਨੂੰ ਲੱਜਿਆਵਾਨ ਕਰਦਾ ਹੈ।

**ਤੇਰੀ ਭਗਤਿ ਨ ਛੋਡਉ ਭਾਵੈ ਲੋਗੁ ਹਸੈ ॥**
**ਚਰਨ ਕਮਲ ਮੇਰੇ ਹੀਅਰੇ ਬਸੈ ॥ ੧ ॥ ਰਹਾਉ ॥**

ਹੇ ਵਾਹਿਗੁਰੂ ਮੈਂ ਤੇਰੀ ਭਗਤੀ ਨਹੀਂ ਛੱਡਾਂਗਾ ਭਾਵੇਂ ਲੋਕ ਹੀ ਮੈਨੂੰ ਹੱਸਣ, ਆਪਦੇ ਚਰਨ ਕਮਲ ਮੇਰੇ ਰਿਦੇ ਵਿੱਚ ਵਸਦੇ ਹਨ।

**ਜੈਸੇ ਅਪਨੇ ਧਨਹਿ ਪ੍ਰਾਨੀ ਮਰਨੁ ਮਾਂਡੈ ॥**
**ਤੈਸੇ ਸੰਤ ਜਨਾਂ ਰਾਮ ਨਾਮ ਨ ਛਾਡੈਂ ॥ ੨ ॥**

ਮਾਂਡੈ = ਮੰਡਨ ਕਰਦਾ ਹੈ

ਜਿੱਕੁਰ ਪ੍ਰਾਣੀ ਆਪਣੇ ਧਨ ਵਾਸਤੇ ਮਰਨ ਮੰਨਦਾ (ਕਰਦਾ) ਹੈ ਭਾਵ ਧਨ ਕਿਸੇ ਨੂੰ ਦੇਂਦਾ ਨਹੀਂ, ਇੱਕੁਰ ਹੀ ਸੰਤ ਜਨ ਰਾਮ ਨਾਮ ਨੂੰ ਨਹੀਂ ਛੱਡਦੇ।

**ਗੰਗਾ ਗਇਆ ਗੋਦਾਵਰੀ ਸੰਸਾਰ ਕੇ ਕਾਮਾ ॥**
**ਨਾਰਾਇਣੁ ਸੁ ਪ੍ਰਸੰਨ ਹੋਇ ਤ ਸੇਵਕੁ ਨਾਮਾ ॥ ੩ ॥ ੧ ॥**

ਗੰਗਾ, ਗਇਆ ਗੋਦਾਵਰੀ ਇਤਯਾਦਿਕ ਤੀਰਥ ਸੰਸਾਰ ਦੇ ਕੰਮ ਹਨ ਭਾਵ ਸੰਸਾਰ ਏਨਾਂ ਤੇ ਜਾਂਦਾ ਹੈ, ਜਿਦੇ ਉਤੇ ਸੋ ਨਾਰਾਇਣ ਪ੍ਰਸੰਨ ਹੋਵੇ ਤਦ ਓਹ ਸੇਵਕ (ਨਾਮ ਦੇਵ ਜੀ ਕਹਿੰਦੇ ਹਨ) ਹੁੰਦਾ ਹੈ ॥

**ਲੋਭ ਲਹਰਿ ਅਤਿ ਨੀਝਰ ਬਾਜੈ ਕਾਇਆ ਡੂਬੈ ਕੇਸਵਾ**
**॥ ੧ ॥ ਸੰਸਾਰ ਸਮੁੰਦੇ ਤਾਰਿ ਗੋਬਿੰਦੇ ਤਾਰਿ ਲੈ ਬਾਪ**

**ਬੀਠਲਾ ॥ ੧ ॥ ਰਹਾਉ ॥**

ਜਿਸ ਸੰਸਾਰ ਸਮੁੰਦ੍ਰ ਵਿੱਚ ਲੋਭ ਰੂਪ ਲਹਿਰ ਇਕ ਰਸ ਬਹੁਤ ਹੀ ਸ਼ਬਦ ਕਰ ਰਹੀ ਹੈ, ਹੇ ਵਾਹਿਗੁਰੂ ਕਾਯਾਂ ਤਿਸ ਵਿਚ ਡੁਬ ਰਹੀ ਹੈ। ਹੇ ਵਾਹਿਗੁਰੂ ਸੰਸਾਰ ਸਮੁੰਦ੍ਰ ਤੋਂ ਤਾਰ ਲੈ, ਹੇ ਪਿਆਰੇ ਉਤਪਤੀ, ਠਹਰਤਾ, ਲਯਤਾ ਕਰਨ ਵਾਲੇ ਪਿਤਾ ਤਾਰ ਲੈ।

**ਅਨਿਲ ਬੇੜਾ ਹਉ ਖੇਵਿ ਨ ਸਾਕਉ ॥**
**ਤੇਰਾ ਪਾਰੁ ਨ ਪਾਇਆ ਬੀਠੁਲਾ ॥ ੨ ॥**

ਅਨਿਲ = ਪੌਣ। ਖੇਵਿ = ਸਹਾਰ, ਤੋਰ।

ਤ੍ਰਿਸ਼ਨਾ ਰੂਪ ਪਵਣ ਕਰਕੇ ਸਰੀਰ ਰੂਪ ਬੇੜਾ ਡੋਲਦਾ ਹੈ ਇਸ ਲਈ ਮੈਂ ਇਸਨੂੰ ਨਾ ਰੋਕ ਸਕਦਾ ਹਾਂ ਅਤੇ ਨਾ ਆਪ ਵਲ ਚਲਾ ਸਕਦਾ ਹਾਂ ਅਤੇ ਏਹ ਵੀ ਮੈਂ ਨਾਲ ਹੀ ਦੇਖਦਾ ਹਾਂ ਕਿ ਤੇਰਾ ਅੰਤ ਕਿਸੇ ਨਹੀਂ ਪਾਯਾ ਵਾ ਹੇ ਪਿਆਰੇ ਤੇਰੇ ਸਮੁੰਦ੍ਰ ਦਾ ਅੰਤ ਕਿਸੇ ਨਹੀਂ ਪਾਯਾ।

**ਹੋਹੁ ਦਇਆਲੁ ਸਤਿਗੁਰੁ ਮੇਲਿ ਤੂ**
**ਮੋਕਉ ਪਾਰਿ ਉਤਾਰੇ ਕੇਸਵਾ ॥ ੩ ॥**
**ਨਾਮਾ ਕਹੈ ਹਉ ਤਰਿ ਭੀ ਨ ਜਾਨਉ ॥**
**ਮੋਕਉ ਬਾਹ ਦੇਹਿ ਬਾਹ ਦੇਹਿ ਬੀਠੁਲਾ ॥ ੪ ॥ ੧ ॥ ੨ ॥**

ਹੇ ਕੇਸਵਾ ਤੂੰ ਮੇਰੇ ਉਤੇ ਦਯਾਲੂ ਹੋ ਅਤੇ ਸਤਿਗੁਰੂ ਮੈਨੂੰ ਮੇਲ ਓਹ ਪਾਰ ਉਤਾਰ ਦੇਣ, ਨਾਮਾ ਕਹਿੰਦਾ ਹੈ ਮੈਂ ਤਰਨਾ ਵੀ ਨਹੀਂ ਜਾਣਦਾ, ਹੇ ਪਿਆਰੇ ਵਾਹਿਗੁਰੂ ਮੈਨੂੰ ਆਪਣੀਆਂ ਬਾਹਾਂ ਦਾ ਆਸਰਾ ਦੇਹ ਆਸਰਾ ਦੇਹ।

**ਸਹਜ ਅਵਲਿ ਧੂੜਿਮਣੀ ਗਾਡੀ ਚਾਲਤੀ ॥**
**ਪੀਛੈ ਤਿਨਕਾ ਲੇਕਰਿ ਹਾਂਕਤੀ ॥ ੧ ॥**

ਸੁਭਾਵਕ ਹੀ ਆਦਿ ਤੋਂ ਧਰਤੀ ਤੋਂ ਧੂੜ ਦੀ ਮਣੀ (ਕਣੀ) ਤੱਤਾਂ ਤੋਂ ਬਣੀ ਹੋਈ ਦੇਹ ਰੂਪ ਗੱਡੀ ਚਲ ਰਹੀ ਹੈ ਪਿਛੇ ਪ੍ਰਾਰਭਧ ਰੂਪ ਇਸਤ੍ਰੀ ਇੱਛਾਨੁਸਾਰ ਤ੍ਰਿਣਕਾ ਲੈਕੇ ਹਿੱਕਦੀ ਹੈ।

**ਜੈਸੇ ਪਨਕਤ ਥ੍ਰੂਟਿਟਿ ਹਾਂਕਤੀ ॥**
**ਸਰਿ ਧੋਵਨਿ ਚਾਲੀ ਲਾਡੁਲੀ ॥ ੧ ॥ ਰਹਾਉ ॥**

ਪਨਕਤ = ਚਿੱਕੜ, ਗੋਹਾ। ਥ੍ਰੂ = ਧ੍ਰੂ, ਘਸੀਟ।
ਟਿਟਿ = ਟਿੱਟਣ, ਟਿੱਡੀ, ਭੌਰੇ।

ਜਿੱਕਰ ਚਿੱਕੜ ਵਿਚੋਂ ਡੂੰਡੀ ਕਿਸੇ ਚੀਜ ਨੂੰ ਧੂੰਹਦੀ ਹੈ ਤਿੱਕੁਰ ਹੀ ਪ੍ਰਾਰਬਧ ਇਸ ਨੂੰ ਹਿੱਕਦੀ ਹੈ ਉਤਮ ਆਦਮੀਆਂ ਦੀ ਬੁਧੀ ਲਾਡਲੀ ਸਤਸੰਗ ਸਰੋਵਰ ਵਿਚ ਰਾਗ ਦ੍ਵੈਖ ਮੈਲ ਨੂੰ ਧੋਵਣ ਚੱਲੀ ਹੈ।

**ਧੋਬੀ ਧੋਵੈ ਬਿਰਹ ਬਿਰਾਤਾ ॥**

**ਹਰਿ ਚਰਨ ਮੇਰਾ ਮਨੁ ਰਾਤਾ ॥ ੨ ॥**

ਗੁਰੂ ਰੂਪ ਧੋਬੀ ਅਗੇ ਜਗਜਾਸੂਆਂ ਦੀ ਬੁਧੀ ਨੂੰ ਧੋ ਰਿਹਾ ਹੁੰਦਾ ਹੈ ਜਿਸਦਾ ਸੰਸਾਰ ਵਲੋਂ ਚਿੱਤ ਉਪਰਾਮ ਹੈ ਅਤੇ ਹੱਛੀ ਤਰਾਂ ਵਾਹਿਗੁਰੂ ਵਿਚ ਰੱਤਾ ਹੋਯਾ ਹੈ। ਵਾਹਿਗੁਰੂ ਦੇ ਚਰਨਾਂ ਵਿਚ ਮੇਰਾ ਮਨ ਰੱਤਾ ਹੈ।

**ਭਣਤਿ ਨਾਮ ਦੇਉ ਰਮਿ ਰਹਿਆ ॥**

**ਅਪਨੇ ਭਗਤ ਪਰ ਕਰਿ ਦਇਆ ॥ ੩ ॥ ੩॥**

ਭਣਤਿ = ਕਹਿੰਦਾ। ਰਮਿ = ਵਿਆਪਕ।

ਨਾਮ ਦੇਵ ਜੀ ਕਹਿੰਦੇ ਹਨ ਹੇ ਵਾਹਿਗੁਰੂ ਤੂੰ ਸਾਰੇ ਹੀ ਫੈਲ ਰਿਹਾ ਹੈਂ ਆਪਣੇ ਭਗਤ ਉਤੇ ਦਯਾ ਕਰ।

## ਬਸੰਤੁ ਬਾਣੀ ਰਵਿਦਾਸ ਜੀ ਕੀ

**ੴ ਸਤਿਗੁਰਪ੍ਰਸਾਦਿ ॥**

**ਤੁਝਹਿ ਸੁਝੰਤਾ ਕਛੂ ਨਾਹਿ ॥ ਪਹਿਰਾਵਾ ਦੇਖੇ ਊਭਿ ਜਾਹਿ ॥**

ਊਭਿ = ਉੱਚੀ।

ਹੇ ਮੇਰੀ ਦੇਹ ਤੇਨੂੰ ਕੁਝ ਨਹੀਂ ਸੁਝਦਾ ਆਪਣਾ ਚੰਗਾ ਪਹਿਰਾਵਾ ਦੇਖਕੇ ਉੱਚੀ ੨ ਜਾਂਦੀ ਹੈਂ ਭਾਵ ਹੰਕਾਰ ਕਰਦੀ ਹੈਂ।

**ਗਰਬਵਤੀ ਕਾ ਨਾਹੀ ਠਾਉ ॥**

**ਤੇਰੀ ਗਰਦਨਿ ਊਪਰਿ ਲਵੈ ਕਾਉ ॥ ੧ ॥**

ਲਵੈ = ਭੌਂਦਾ ਫਿਰਦਾ।

ਹੰਕਾਰ ਵਾਲੀ ਦਾ ਕੋਈ ਥਾਂ ਨਹੀਂ ਹੈ, ਤੇਰੀ ਗਰਦਨ ਉਤੇ ਕਾਂ (ਭਾਵ ਜਮ) ਲੌਂਦਾ ਹੈ।

**ਤੂ ਕਾਂਇ ਗਰਬਹਿ ਬਾਵਲੀ॥ ਜੈਸੇ ਭਾਦਉ ਖੂੰਬ ਰਾਜੁ**

**ਤੂ ਤਿਸਤੇ ਖਰੀ ਉਤਾਵਲੀ ॥ ੧ ॥ ਰਹਾਉ ॥**

ਖਰੀ = ਬਹੁਤ। ਉਤਾਵਲੀ = ਕਾਹਲੀ।

ਹੇ ਬਾਵਲੀ ਤੂੰ ਕਿਉਂ ਹੰਕਾਰ ਕਰਦੀ ਹੈਂ ਜਿੱਕੁਰ ਭਾਦਰੋਂ ਦੇ ਮਹੀਨੇ

ਵਿਤ ਖੁੰਬ ਦਾ (ਰਾਜ) ਪ੍ਰਕਾਸ਼ ਹੁੰਦਾ ਹੈ ਤੂੰ ਇਸ ਤੋਂ ਵੀ ਬਾਹਲੀ ਕਾਹਲੀ (ਨਾਸਵੰਤ) ਹੈਂ।

**ਜੈਸੇ ਕੁਰੰਕ ਨਹੀ ਪਾਇਓ ਭੇਦੁ ॥**
**ਤਨਿ ਸੁਗੰਧ ਢੂਢੈ ਪ੍ਰਦੇਸੁ ॥**

ਕੁਰੰਕ = ਹਰਨ ॥

ਜਿੱਕੁਰ ਹਰਨ ਨੇ ਭੇਦ ਨਹੀਂ ਪਾਇਆ ਆਪਣੇ ਸਰੀਰ ਦੇ ਅੰਦਰ ਹੀ ਸੁਗੰਧੀ ਹੈ ਅਤੇ ਪ੍ਰਦੇਸ (ਜੰਗਲਾਂ) ਵਿੱਚ ਢੂੰਡਦਾ ਹੈ।

**ਅਪ ਤਨ ਕਾ ਜੋ ਕਰੇ ਬੀਚਾਰੁ ॥**
**ਤਿਸੁ ਨਹੀ ਜਮ ਕੰਕਰੁ ਕਰੇ ਖੁਆਰੁ ॥ ੨ ॥**

ਕੰਕਰੁ = ਦਾਸ।

ਆਪਣੇ ਸਰੀਰ ਦਾ ਜੇਹੜਾ ਵਿਚਾਰ ਕਰੇ, ਤਿਸਨੂੰ ਜਮ ਨਹੀਂ ਖੁਆਰ ਕਰਦਾ ।

**ਪੁਤ੍ਰ ਕਲਤ੍ਰ ਕਾ ਕਰਹਿ ਅਹੰਕਾਰੁ ॥ ਠਾਕੁਰੁ ਲੇਖਾ ਮਗਨਹਾਰੁ ॥ ਫੇੜੇ ਕਾ ਦੁਖੁ ਸਹੈ ਜੀਉ ॥ ਪਾਛੇ ਕਿਸਹਿ ਪੁਕਾਰਹਿ ਪੀਉ ਪੀਉ ॥ ੩ ॥**

ਕਲਤ੍ਰ = ਇਸਤ੍ਰੀ। ਫੇੜੇ = ਕੀਤੇ ਹੋਏ ਕੰਮ ॥

ਜੇਹੜਾ ਪੁਤ੍ਰ ਇਸਤ੍ਰੀ ਦਾ ਹੰਕਾਰ ਕਰਦਾ ਹੈ, ਉਸਦੇ ਸਿਰ ਤੇ ਵਾਹਿਗੁਰੂ ਲੇਖਾ ਮੰਗਣ ਵਾਲਾ ਹੈ । ਮਾੜੇ ਕੰਮ ਕੀਤੇ ਦਾ ਜਦ ਇਸ ਜੀਉ ਨੂੰ ਦੁਖ ਸਹਾਰਨਾ ਪਏਗਾ ਫਿਰ ਪਿਛੋਂ ਉਸ ਵੇਲੇ ਕਿਸ ਪਾਸ (ਹੇ ਪਤੀ ਜੀ ਹੇ ਪਤੀ ਜੀ ਰਖ ਲਵੋ) ਪੁਕਾਰੇਗਾ ॥

**ਸਾਧੂ ਕੀ ਜਉ ਲੇਹਿ ਓਟ ॥ ਤੇਰੇ ਮਿਟਹਿ ਪਾਪ ਸਭ ਕੋਟਿ ਕੋਟਿ ॥ ਕਹਿ ਰਵਿਦਾਸ ਜੋ ਜਪੈ ਨਾਮੁ ॥ ਤਿਸੁ ਜਾਤਿ ਨ ਜਨਮੁ ਨ ਜੋਨਿ ਕਾਮੁ ॥ ੪ ॥ ੧ ॥**

ਜੇ ਤੂੰ ਸਾਧੂ ਦੀ ਓਟ ਲਵੇਂ ਤਾਂ ਤੇਰੇ ਸਾਰੇ ਕਰੋੜਾਨ ਕਰੋੜਾਂ ਹੀ ਪਾਪ ਮਿਟ ਜਾਣਗੇ। ਰਵਿਦਾਸ ਜੀ ਕਹਿੰਦੇ ਹਨ ਜੇਹੜੇ ਨਾਮ ਜਪਦੇ ਹਨ ਤਿਨ੍ਹਾਂ ਦਾ ਜਾਤੀ ਜਨਮ ਜੂਨ ਨਾਲ ਕੋਈ ਕੰਮ ਨਹੀਂ ਹੈ।

(ਤ੍ਰਿਸ਼ਨਾ ਰੂਪ ਕੁੱਤੀ ਪ੍ਰਤਿ ਅੰਨਯੋਕਤੀ ਉਪਦੇਸ਼)

## ਬਸੰਤੁ ਕਬੀਰ ਜੀਉ ॥

**ੴ ਸਤਿਗੁਰਪ੍ਰਸਾਦਿ ॥ ਸੁਰਹ ਕੀ ਜੈਸੀ ਤੇਰੀ ਚਾਲ ॥**
**ਤੇਰੀ ਪੂੰਛਟ ਊਪਰ ਝਮਕ ਬਾਲ ॥ ੧ ॥**

ਸੁਰਹ = ਗਊ, ਦੇਵਤੇ ॥

ਗਊ ਵਰਗੀ ਤੇਰੀ ਚਾਲ ਹੈ, ਅਤੇ ਤੇਰੀ ਪੂਛ ਉਤੇ ਵਾਲ (ਸੋਹਣੇ ੨) ਝਮਕਦੇ ਹਨ ॥

***ਇਸ ਘਰ ਮਹ ਹੈ ਸੁ ਤੂ ਢੂਢਿ ਖਾਹਿ ॥**
**ਅਉਰ ਕਿਸਹੀ ਕੇ ਤੂ ਮਤਿ ਹੀ ਜਾਹਿ ॥ ੧ ॥ ਰਹਾਉ ॥**

ਇਸ (ਮੇਰੇ) ਘਰ ਵਿਚ ਜੋ ਕੁਝ ਹੈ ਸੋ ਤੂੰ ਢੂੰਡਕੇ ਖਾ, ਹੋਰ ਕਿਸੇ (ਗਵਾਂਢੀ) ਦੇ ਘਰ ਨੂੰ ਮਤ ਜਾ ॥

**ਚਾਕੀ ਚਾਟਹਿ ਚੂਨੁ ਖਾਹਿ ॥**
**ਚਾਕੀ ਕਾ ਚੀਥਰਾ ਕਹਾਂ ਲੈ ਜਾਹਿ ॥ ੨ ॥**

ਜੇ ਤੂੰ ਚੱਕੀ ਚਟੇਂਗੀ ਤਾਂ ਆਟਾ ਖਾਵੇਂਗੀ (ਵਾ ਚੱਕੀ ਚੱਟਦੀ ਹੈਂ ਅਤੇ ਆਟਾ ਖਾਂਦੀ ਹੈਂ) "ਪਰ ਅਫ਼ਸੋਸ" ਚੱਕੀ ਦਾ ਪਰੋਲਾ ਕਿਥੇ ਲੈ ਚਲੀ ਹੈਂ ਭਾਵ ਮਾਇਆ ਨੂੰ ਚੰਗੀ ਸਮਝਦਾ ਹੈਂ ਅਤੇ ਪਦਾਰਥਾਂ ਨੂੰ ਭੋਗਦਾ ਹੈਂ ਅਤੇ ਮਾਇਕ ਵਿਸ਼ਿਆਂ ਨੂੰ ਕਿਥੇ ਲੈ ਜਾਵੇਂਗਾ ॥ (ਚੂਨ = ਆਟਾ)

**ਛੀਕੇ ਪਰ ਤੇਰੀ ਬਹੁਤੁ ਡੀਠਿ ॥**
**ਮਤੁ ਲਕਰੀ ਸੋਟਾ ਤੇਰੀ ਪਰੈ ਪੀਠਿ ॥ ੩ ॥**

ਛਿਕੇ ਉਤੇ ਤੇਰੀ ਬਹੁਤ ਨਜ਼ਰ ਹੈ, ਮਤ ਲੱਕੜੀ ਸੋਟਾ ਤੇਰੀ ਪਿੱਠ ਉਤੇ ਪਵੇ, ਭਾਵ ਸ੍ਵਰਗ ਵੱਲ ਤੇਰੀ ਬਹੁਤ ਨਜ਼ਰ ਹੈ ਮਤ ਤੈਨੂੰ ਕਰਮਾਂ ਦਾ ਫੱਲ ਮਿਲੇ ॥

**†ਕਹਿ ਕਬੀਰ ਭੋਗ ਭਲੇ ਕੀਨ ॥**
**ਮਤਿ ਕੋਊ ਮਾਰੈ ਈਂਟ ਢੇਮ ॥ ੪ ॥ ੧ ॥**

*ਦੂਜੇ ਅਰਥ ਵਿਚ ਇੱਕੁਰ ਕਰਦੇ ਹਨ ਕਿ ਇਸ ਸਰੀਰ ਵਿੱਚ ਜੇਹੜਾ ਵਾਹਿਗੁਰੂ ਹੈ ਉਸਨੂੰ ਤੂੰ ਲਭ ਅਤੇ ਹੋਰ ਕਿਸੇ ਦੇਵੀ ਦੇਵਤੇ ਦੇ ਘਰ ਨ ਜਾ ॥

†ਇਸ ਸ਼ਬਦ ਵਿੱਚ ਕਿਸੇ ਮਨਮੁਖ ਨੂੰ ਤਾੜਕੇ ਉਪਦੇਸ਼ ਹੈ ॥

ਕਬੀਰ ਜੀ ਕਹਿੰਦੇ ਹਨ ਹੇ ਸੰਸਾਰੀਓ ਤੁਸਾਂ ਭੋਗ ਹੱਛੀ ਤਰਾਂ (ਭੋਗੇ) ਕੀਤੇ ਹਨ ਪਰ ਮਤ ਕੋਈ ਤੁਹਾਨੂੰ ਇੱਟ ਢੇਂਮ ਮਾਰੇ (ਭਾਵ ਤੁਸੀਂ ਵਾਹਿਗੁਰੂ ਤੋਂ ਬੇਮੁਖ ਨ ਬਣੋ। ॥

# ਰਾਗ ਸਾਰੰਗ

## ਰਾਗੁ ਸਾਰੰਗ ਬਾਣੀ ਭਗਤਾਂ ਕੀ ਕਬੀਰ ਜੀ

**ੴ ਸਤਿਗੁਰਪ੍ਰਸਾਦਿ ॥ ਕਹਾ ਨਰ ਗਰਬਸਿ ਥੋਰੀ ਬਾਤ ॥ ਮਨ ਦਸ ਨਾਜੁ ਟਕਾ ਚਾਰਿ ਗਾਂਠੀ ਐਂਡੌ ਟੇਢੌ ਜਾਤੁ ॥ ੧ ॥ ਰਹਾਉ ॥**

ਮਨ = ਮਣ .

ਹੇ ਜੀਵ, ਕੀਹ ਥੋੜੀ ਜਿਹੀ ਬਾਤ ਪਿਛੇ ਹੰਕਾਰ ਕਰਦਾ ਹੈਂ, ਦਸ ਮਣ ਅਨਾਜ, ਤੇ ਚਾਰ ਟਕੇ ਤੇਰੀ ਗੰਢ ਵਿਚ ਹੋ ਗਏ ਤਾਂ ਕੀ ਹੋਯਾ, ਐਡਾ ਟੇਢਾ ਕਿਉਂ ਤੁਰਦਾ ਹੈਂ।

**ਬਹੁਤੁ ਪ੍ਰਤਾਪੁ ਗਾਂਉ ਸਉਪਾਏ ਦੁਇ ਲਖ ਟਕਾ ਬਰਾਤ ॥ ਦਿਵਸ ਚਾਰਿ ਕੀ ਕਰਹੁ ਸਾਹਿਬੀ ਜੈਸੇ ਬਨ ਹਰ ਪਾਤ ॥ ੧ ॥**

ਬਰਾਤ = ਆਮਦਨੀ। ਹਰ = ਹਰੇ ਦਾ ਨਾਸ। ਪਾਤ = ਪੱਤੇ ਦਾ ਨਾਸ।

ਏਦੂੰ ਵਧਕੇ ਜੇ ਬਹੁਤ ਪ੍ਰਾਪਤ ਹੋ ਗਿਆ ਤਾਂ ਸੌ ਗ੍ਰਾਮ ਪਾ ਲਏ ਅਤੇ ਦੋ ਲੱਖ ਟਕੇ ਦੀ ਆਮਦਣ ਹੋ ਗਈ, ਏਹ ਇੱਕੁਰ ਚਾਰ ਦਿਨ ਦੀ ਸਾਹਿਬੀ ਹੈ ਜਿੱਕੁਰ ਸਿਸਰ ਰੁਤ ਵਿਚ ਹਰੇ ਪੱਤੇ ਸੁਕਕੇ ਝੜ ਜਾਂਦੇ ਹਨ ॥

**ਨਾ ਕੋਊ ਲੈ ਆਇਓ ਇਹੁ ਧਨੁ ਨਾ ਕੋਊ ਲੈ ਜਾਤੁ ॥ ਰਾਵਨ ਹੂੰ ਤੇ ਅਧਿਕ ਛਤ੍ਰਪਤਿ ਖਿਨ ਮਹਿ ਗਏ ਬਿਲਾਤ ॥੨॥**

ਬਿਲਾਤ = ਚਲੇ ਜਾਣਾਂ।

ਇਸ ਧਨ ਨੂੰ ਨਾ ਕੋਈ ਲੈ ਆਇਆ ਹੈ ਅਤੇ ਨਾ ਕੋਈ ਲੈ ਜਾਂਦਾ ਹੈ, ਦੇਖ ਓਇ ਮਨ ! ਰਾਵਨ ਵਰਗੇ ਕੀ ਰਾਵਨ ਨਾਲੋਂ ਕਈ ਹਿਸੇ ਵਧੀਕ ਜੇਹੜੇ ਚੱਕਰ ਵਰਤੀ ਰਾਜੇ ਸਨ ਓਹ ਇੱਕ ਛਿਨ ਵਿੱਚ ਨਾਸ ਹੋ ਗਏ ॥

**ਹਰਿ ਕੇ ਸੰਤ ਸਦਾ ਥਿਰੁ ਪੂਜਹੁ ਜੋ ਹਰਿ ਨਾਮੁ ਜਪਾਤ ॥ ਜਿਨ ਕਉ ਕ੍ਰਿਪਾ ਕਰਤ ਹੈ ਗੋਬਿਦੁ ਤੇ ਸਤਸੰਗਿ ਮਿਲਾਤ ॥੩॥**

ਵਾਹਿਗੁਰੂ ਦੇ ਸੰਤ ਜੇਹੜੇ ਨਾਮ ਜਪਦੇ ਹਨ ਓਹੋ ਹੀ ਇਸਥਿਤ ਹਨ ਇਸ ਲਈ ਤੁਸੀਂ ਓਨਾਂ ਨੂੰ ਹੀ ਪੂਜੋ, ਜਿਨ੍ਹਾਂ ਨੂੰ ਵਾਹਿਗੁਰੂ ਕਿਰਪਾ ਕਰਦਾ ਹੈ ਓਹ ਸਤਿਸੰਗ ਵਿਚ ਮਿਲ ਪੈਂਦੇ ਹਨ ਵਾ ਮਿਲਾ ਲੈਂਦਾ ਹੈ ॥

**ਮਾਤ ਪਿਤਾ ਬਨਿਤਾ ਸੁਤ ਸੰਪਤਿ ਅੰਤਿ ਨ ਚਲਤ ਸੰਗਾਤ ॥**
**ਕਹਤ ਕਬੀਰ ਰਾਮ ਭਜੁ ਬਉਰੇ ਜਨਮੁ ਅਕਾਰਥ ਜਾਤ ॥੪॥੧॥**

ਮਾਤਾ, ਪਿਤਾ, ਇਸਤ੍ਰੀ, ਪੁਤ੍ਰ ਰਾਜ ਭਾਗ ਦੀ ਸਮਗ੍ਰੀ ਅੰਤ ਨੂੰ ਨਾਲ ਨਹੀਂ ਚਲਦੀ, ਕਬੀਰ ਜੀ ਕਹਿੰਦੇ ਹਨ ਹੇ ਬੌਰੇ, ਵਾਹਿਗੁਰੂ ਨੂੰ ਯਾਦ ਕਰ ਕਿਉਂਕਿ ਤੇਰਾ ਜਨਮ ਬਿਅਰਥ ਜਾਂਦਾ ਹੈ ॥

**ਰਾਜਾ ਸ੍ਰਮ ਮਿਤਿ ਨਹੀ ਜਾਨੀ ਤੇਰੀ ॥**
**ਤੇਰੇ ਸੰਤਨ ਕੀ ਹਉ ਚੇਰੀ ॥੧॥ਰਹਾਉ॥**

ਰਾਜਾਸ੍ਰਮ = ਰਾਜ ਆਸ਼੍ਰਮ, ਰਾਜ ਦੀ ਜਗਾ (ਰਾਜਧਾਨੀ) ਮਿਤਿ = ਮਰਯਾਦਾ

ਹੇ ਉਚੇ ਅਸਥਾਨ ਵਾਲੇ ਤੇਰੀ ਮਰਯਾਦਾ ਨਹੀਂ ਜਾਣੀ ਜਾਂਦੀ ਤੇਰੇ ਸੰਤਾਂ ਦੀ ਮੈਂ ਦਾਸੀ ਹਾਂ ॥

***ਹਸਤੋ ਜਾਇ ਸੁ ਰੋਵਤੁ ਆਵੈ ਰੋਵਤੁ ਜਾਇ ਸੁ ਹਸੈ ॥**
**†ਬਸਤੋ ਹੋਇ ਹੋਇ ਸੁੋ ਊਜਰੁ ਊਜਰੁ ਹੋਇ ਸੁ ਬਸੈ ॥੧॥**

(ਉਸ ਤੇਰੇ ਥਾਂ ਵੱਲ) ਜੇਹੜਾ ਹੱਸਦਾ ਜਾਵੇ ਸੋ ਰੋਂਦਾ ਆਉਂਦਾ ਹੈ ਅਤੇ ਜੇਹੜਾ ਰੋਂਦਾ ਜਾਵੇ ਓਹ ਹਸਦਾ (ਆਉਂਦਾ) ਹੈ ਜੇਹੜਾ ਵਸਦਾ ਹੋਵੇ ਓਹ ਉਜੜ ਹੋ ਜਾਂਦਾ ਹੈ, ਜੇਹੜਾ ਉਜੜਿਆ ਫਿਰਦਾ ਹੋਵੇ ਓਹ ਵਸਨ ਲਗ ਜਾਂਦਾ ਹੈ ॥

**‡ਜਲ ਤੇ ਥਲ ਕਰਿ ਥਲ ਤੇ ਕੂਆ ਕੂਪ ਤੇ ਮੇਰੁ ਕਰਾਵੈ ॥**
**§ਧਰਤੀ ਤੇ ਆਕਾਸ ਚਢਾਵੈ ਚਢੇ ਅਕਾਸ ਗਿਰਾਵੈ ॥੨॥**

ਮੇਰੁ = ਉਚਾ ॥ ਕੂਪ = ਖੂਹ ॥

ਜਲ ਤੋਂ ਸੁਕਾ ਥਾਂ ਕਰ ਦੇਂਦਾ ਹੈ ਸੁਕੇ ਤੋਂ ਖੂਹ ਬਣਾ ਦੇਂਦਾ ਹੈ ਅਤੇ

---

*ਜੈ ਬਿਜੈ, ਸਨਕ ਆਦਿਕਾਂ ਤੋਂ ਰੋਂਦੇ ਗਏ ਅਤੇ ਦੇਵਤੇ ਦੈਂਤਾਂ ਤੋਂ ਰੋਂਦੇ ਹਸੇ ।

†ਬਾਲੀ ਸੁਗ੍ਰੀਵ ਆਦਿਕ ਦੀ ਕਹਾਣੀ ਦੇਖੋ ॥

‡ਸਿੰਙੀ ਰਿਖੀ, ਬਗਦਾਲਭ ਰਿਖੀ ਪਾਂਡਵਾਂ ਦਾ ਇਤਹਾਸ ਦੇਖੋ ।

§ਨੌਹੁਖ ਰਾਜਾ ਤੇ ਇੰਦ੍ਰ ਦਾ ਪਰਸੰਗ ਦੇਖੋ ॥

ਫਿਰ ਖੂਹ ਤੋਂ ਉਚਾ (ਸੁਮੇਰ ਪਰਬਤ ਵਾਂਙੂ) ਕਰ ਦੇਂਦਾ ਹੈ, ਧਰਤੀ ਤੋਂ ਅਕਾਸ ਨੂੰ ਚੜ੍ਹਾ ਦੇਂਦਾ ਹੈ, ਅਤੇ ਅਕਾਸ ਤੇ ਚੜ੍ਹੇ ਹੋਏ ਨੂੰ ਥਲੇ ਡੇਗ ਦੇਂਦਾ ਹੈ ॥

***ਭੇਖਾਰੀ ਤੇ ਰਾਜੁ ਕਰਾਵੈ ਰਾਜਾ ਤੇ ਭੇਖਾਰੀ ॥ ਖਲ ਮੂਰਖ ਤੇ ਪੰਡਿਤੁ ਕਰਿਬੋ ਪੰਡਿਤ ਤੇ † ਮੁਗਧਾਰੀ ॥ ੩ ॥**

ਮੰਗਤੇ ਤੋਂ ਰਾਜ ਕਰੌਂਦਾ ਹੈ ਰਾਜੇ ਤੋਂ ਭਿਖਾਰੀ ਕਰ ਦੇਂਦਾ ਹੈ। ਅਤਜੰਤ ਮੂਰਖ ਤੋਂ ਪੰਡਿਤ ਕਰ ਦੇਂਦਾ ਹੈ ਅਤੇ ਪੰਡਿਤ ਤੋਂ ਅਤਜੰਤ ਮੂਰਖ ॥

**ਨਾਰੀ ਤੇ ਜੋ ਪੁਰਖੁ ਕਰਾਵੈ ਪੁਰਖਨ ਤੇ ਜੋ ਨਾਰੀ ॥**
**ਕਹੁ ਕਬੀਰ ਸਾਧੂ ਕੋ ਪ੍ਰੀਤਮੁ**
**ਤਿਸੁ ਮੂਰਤਿ ਬਲਿਹਾਰੀ ॥ ੪ ॥ ੨ ॥**

ਇਸਤ੍ਰੀ ਤੋਂ ਜੇਹੜਾ ਆਦਮੀ ਕਰ ਦੇਂਦਾ ਹੈ ਅਤੇ ਆਦਮੀ ਤੋਂ ਇਸਤ੍ਰੀ ਕਬੀਰ ਜੀ ਕਹਿੰਦੇ ਹਨ ਜੇਹੜਾ ਸਾਧੂਆਂ ਦਾ ਪਿਆਰਾ ਹੈ ਮੈਂ ਉਸ ਮੂਰਤ ਤੋਂ ਬਲਿਹਾਰ ਜਾਂਦਾ ਹਾਂ ॥

**ਸਾਰੰਗ ਬਾਣੀ ਨਾਮਦੇਉ ਜੀ ਕੀ ॥**
**ੴ ਸਤਿਗੁਰਪ੍ਰਸਾਦਿ ॥ ਕਾਂਏ ਰੇ ਮਨ ਬਿਖਿਆ ਬਨ ‡ ਜਾਇ ॥ ਭੂਲੌ ਰੇ ਠਗ ਮੂਰੀ ਖਾਇ ॥ ੧ ॥ ਰਹਾਉ ॥**

ਮੂਰੀ = ਬੂਟੀ।

ਹੇ ਮਨ ਵਿਸ਼ਿਆਂ ਦੇ ਜੰਗਲ ਵਿਚ ਕਿਉਂ ਜਾਂਦਾ ਹੈਂ। ਭੁਲਾ ਹੋਇਆ ਠਗ ਬੂਟੀ ਖਾਂਦਾ ਹੈਂ ਭਾਵ ਬਹੁਤੇ ਵਿਸ਼ਿਆਂ ਵਿਚ ਕਿਤੇਂ ਲਗਦਾ ਹੈਂ ਪਰ ਅਫਸੋਸ ਤੇਰੇ ਵੱਸ ਨਹੀਂ ਤੂੰ ਭੁਲਾ ਹੋਇਆ ਠਗਿਆ ਜਾ ਰਿਹਾ ਹੈਂ ॥

**ਜੈਸੇ ਮੀਨੁ ਪਾਨੀ ਮਹਿ ਰਹੈ ॥**
**ਕਾਲ ਜਾਲ ਕੀ ਸੁਧਿ ਨਹੀ ਲਹੈ ॥**

ਮੀਨੁ = ਮੱਛ। ਲਹੈ = ਵੇਖਦਾ ॥

ਜਿੱਕੁਰ ਮੱਛ ਪਾਣੀ ਵਿਚ ਰਹਿੰਦਾ ਹੈ, ਝੀਉਰ ਰੂਪ ਕਾਲ ਦੇ ਜਾਲ ਦੀ ਖਬਰ ਨਹੀਂ ਜਾਣਦਾ ॥

---

*ਨਾਦਰ ਤੇ ਤੈਮੂਰ ਅਤੇ ਸਿਖਾਂ ਦੀ ਰਾਜਧਾਨੀ ਦੇਖੋ ॥

†ਕਾਲੀ ਦਾਸ ਅਤੇ ਅਜਾਮਲ ਦੇਖੋ।

‡ਬਣ ਵਿਚ ਜਾਕੇ ਵੀ ਕਈ ਤਰਾਂ ਦੇ ਮਨ ਨੂੰ ਵਿਸ਼ੇ ਵਿਕਾਰ ਲਗ ਜਾਂਦੇ ਹਨ ॥

**ਜਿਹਬਾ ਸੁਆਦੀ ਲੀਲਿਤ ਲੋਹ ॥**

**ਐਸੇ ਕਨਿਕ ਕਾਮਨੀ ਬਾਧਿਓ ਮੋਹ ॥ ੧ ॥**

ਲੀਲਿਤ = ਨਿਗਲ ਲੈਣਾਂ। ਕਨਿਕ = ਸੋਨਾ। ਕਾਮਨੀ = ਇਸਤ੍ਰੀ।

ਰਸਨਾਂ ਦੇ ਸੁਆਦ ਕਰਕੇ ਮੱਛੀ ਲੋਹੇ ਦੀ ਕੁੰਡੀ ਨੂੰ ਨਿਗਲ (ਖਾ) ਲੈਂਦੀ ਹੈ, ਇੱਕੁਰ ਹੀ ਆਦਮੀ ਇਸਤ੍ਰੀ ਦੇ ਮੋਹ ਵਿਚ ਬੰਨ੍ਹਿਆਂ ਹੋਇਆ ਹੈ।

***ਜਿਉ ਮਧੁ ਮਾਖੀ ਸੰਚੈ ਅਪਾਰ ॥**

**ਮਧੁ ਲੀਨੋ ਮੁਖਿ ਦੀਨੀ ਛਾਰੁ ॥**

ਸੰਚੈ = ਕੱਚਾ ॥

ਜਿੱਕੁਰ ਸ਼ੈਹਤ ਦੀ ਮੱਖੀ ਬਹੁਤ ਸ਼ੈਹਤ ਨੂੰ ਕੱਠਾ ਕਰਦੀ ਹੈ ਪਰ ਮਾਖਿਓ ਲੈਂਣ ਵਾਲਾ ਮੂੰਹੁ ਵਿਚ ਸੁਆਹੁ (ਧੂੰਆਂ) ਦੇਕੇ ਸ਼ੈਹਤ ਖੋਹ ਲੈਂਦਾ ਹੈ॥

**ਗਊ ਬਾਛ ਕਉ ਸੰਚੈ ਖੀਰੁ ॥**

**ਗਲਾ ਬਾਂਧਿ ਦੁਹਿ ਲੇਇ ਅਹੀਰੁ ॥ ੨ ॥**

ਸੰਚੈ = ਕੱਠਾ ॥ ਖੀਰ = ਦੁਧ। ਅਹੀਰ = ਗੁੱਜਰ। ਦੁਹਿ = ਚੋ।

ਗਊ ਵੱਛੇ ਵਾਸਤੇ ਅਪਣੇ ਥਣਾਂ ਵਿਚ ਦਧ ਕੱਠਾ ਕਰਦੀ ਹੈ ਪਰ ਤਿਸਦਾ ਗਲ ਬੰਨ੍ਹਕੇ ਗੁਜਰ ਚੋ ਲੈਂਦੇ ਹਨ।

**ਮਾਇਆ ਕਾਰਨ ਸ੍ਰਮੁ ਅਤਿ ਕਰੈ॥**

**ਸੋ ਮਾਇਆ ਲੈ ਗਾਡੈ ਧਰੈ ॥**

ਗਾਡੈ = ਗੱਡਦਾ ਹੈ। ਧਰੈ = ਧਰਦਾ ਵਾ ਧਰਤੀ।

ਇੱਕੁਰ ਹੀ ਜੀਵ ਮਾਇਆ ਦੇ ਵਾਸਤੇ ਬਹੁਤ ਕਸ਼ਟ ਕਰਦਾ ਹੈ ਅਤੇ ਇਸ ਮਾਇਆ ਨੂੰ ਲੈਕੇ ਧਰਤੀ ਵਿੱਚ ਗੱਡਦਾ ਹੈ ॥

**ਅਤਿ ਸੰਚੈ ਸਮਝੈ ਨਹੀ ਮੂੜ ॥**

**ਧਨੁ ਧਰਤੀ ਤਨੁ ਹੋਇ ਗਇਓ ਧੂੜਿ ॥ ੩ ॥**

ਫਿਰ ਵੀ ਏਹ ਮੂਰਖ ਜੀਵ ਸਮਝਦਾ ਨਹੀਂ ਅਤਯੰਤ ਹੀ ਮਾਇਆ ਨੂੰ ਕੱਠੀ ਕਰਦਾ ਹੈ, ਓਹ ਧਨ ਧਰਤੀ ਵਿਚ ਹੀ ਦੱਬਿਆ ਰਹਿੰਦਾ ਹੈ ਅਤੇ ਸਰੀਰ ਮਿੱਟੀ ਨਾਲ ਮਿਲ ਜਾਂਦਾ ਹੈ, ਵਾ ਜਦ ਸਰੀਰ ਮਿੱਟੀ ਨਾਲ ਮਿਲ ਜਾਵੇਗਾ ਤਾਂ ਧਨ ਏਥੇ ਹੀ ੱਬਿਆ ਰਹੇਗਾ।

**ਕਾਮ ਕ੍ਰੋਧ ਤ੍ਰਿਸਨਾ ਅਤਿ ਜਰੈ ॥**

*੫੫੫ ਕਬਿੱਤ ਭਾਈ ਗੁਰਦਾਸ ਜੀ ਦਾ ਦੇਖੋ ॥

**ਸਾਧ ਸੰਗਤਿ ਕਬਹੂ ਨਹੀ ਕਰੈ ॥**

ਕਾਮ ਕ੍ਰੋਧ ਤ੍ਰਿਸ਼ਨਾ ਕਰਕੇ ਜੀਵ ਅਤਯੰਤ ਹੀ ਸੜ ਰਿਹਾ ਹੈ ਪਰ ਅਫਸੋਸ, ਸਾਧ ਸੰਗਤ ਕਦੀ ਨਹੀਂ ਕਰਦਾ।

**ਕਹਤ ਨਾਮ ਦੇਉ ਤਾਚੀ ਆਨਿ ॥**

**ਨਿਰਭੈ ਹੋਇ ਭਜੀਐ ਭਗਵਾਨ ॥ ੪ ॥ ੧ ॥**

ਨਾਮਦੇਵ ਜੀ ਕਹਿੰਦੇ ਹਨ ਹੇ ਮਨ ਤਿੰਨਾਂ ਵਿਸ਼ਿਆਂ ਦੀ ਸੁਗੰਧ ਪਾਕੇ ਭਾਵ ਛੱਡਕੇ, ਨਿਡਰ ਹੋਕੇ ਵਾਹਿਗੁਰੂ ਨੂੰ ਯਾਦ ਕਰੀਏ ॥

**ਬਦਹੁ ਕੀ ਨ ਹੋਡ ਮਾਧਉ ਮੋਸਿਉ ॥**

**ਠਾਕੁਰ ਤੇ ਜਨੁ ਜਨ ਤੇ ਠਾਕੁਰੁ**

**ਖੇਲੁ ਪਰਿਓ ਹੈ ਤੋਸਿਉ ॥ ੧ ॥ ਰਹਾਉ ॥**

ਹੇ ਵਾਹਿਗੁਰੂ ਤੁਸੀ ਮੇਰੇ ਨਾਲ ਇਸ ਗੱਲ ਦੀ ਸ਼ਰਤ ਕਿਉਂ ਨਹੀਂ ਲਾ ਲੈਂਦੇ, ਕਿ ਮਾਲਕ ਤੇ ਦਾਸ ਅਤੇ ਦਾਸ ਤੇ ਮਾਲਕ (ਜਾਣਿਆਂ ਜਾਂਦਾ) ਹੈ, ਇੱਕੁਰ ਦਾ ਹੀ ਸਾਰਿਆਂ ਭਗਤਾਂ ਦਾ ਤੇਰੇ ਨਾਲ ਖੇਲ ਪੈ ਰਿਹਾ ਹੈ।

**ਆਪਨ ਦੇਉ ਦੇਹੁਰਾ ਆਪਨ ਆਪ ਲਗਾਵੈ ਪੂਜਾ ॥ ਜਲ ਤੇ ਤਰੰਗ ਤਰੰਗ ਤੇ ਹੈ ਜਲੁ ਕਹਨ ਸੁਨਨ ਕਉ ਦੂਜਾ ॥ ੧ ॥**

ਆਪ ਹੀ ਤੂੰ ਦੇਵਤਾ ਹੈਂ ਅਤੇ ਆਪ ਹੀ ਤੂੰ ਦੇਹੁਰਾ ਹੈਂ ਅਤੇ ਆਪ ਹੀ ਤੂੰ ਆਪਣੇ ਆਪ ਨੂੰ ਵਿਚ ਪੂਜਾ ਕਰਨ ਵਾਲਾ ਪੁਜਾਰੀ ਲਗਾ ਰਿਹਾ ਹੈਂ, ਜਲ ਤੇ ਤਰੰਗ ਹੈ ਤਰੰਗ ਤੇ ਜਲ ਹੈ ਵਾਸਤਵ ਵਿਚ ਇਹ ਇਕ ਹੀ ਰੂਪ ਹਨ ਪਰ ਕਹਿਣ ਸੁਣਨ ਵਿਚ ਏਹ ਪਰਸੰਗ ਦੂਜਾ ਹੈ ਇੱਕੁਰ ਹੀ ਤੇਰੇ ਭਗਤ ਤੇਰਾ ਰੂਪ ਹਨ ॥

**ਆਪਹਿ ਗਾਵੈ ਆਪਹਿ ਨਾਚੈ ਆਪ ਬਜਾਵੈ ਤੂਰਾ ॥**

**ਕਹਤ ਨਾਮਦੇਉ ਤੂੰ ਮੇਰੋ ਠਾਕੁਰੁ ਜਨੁ ਊਰਾ ਤੂ ਪੂਰਾ ॥੨ ॥੨॥**

ਤੂਰਾ = ਵਾਜਾ। ਊਰਾ = ਊਣਾਂ ॥

ਆਪੇ ਤੂੰ ਗਾਉਂਦਾ ਹੈਂ, ਅਤੇ ਆਪੇ ਹੀ ਤੂੰ ਨੱਚਦਾ ਹੈਂ ਅਤੇ ਆਪੇ ਹੀ ਤੂੰ ਵਾਜਾ ਵਜੌਂਦਾ ਹੈਂ, ਨਾਮਦੇਵ ਜੀ ਕਹਿੰਦੇ ਹਨ ਹੇ ਵਾਹਿਗੁਰੂ ਤੂੰ ਮੇਰਾ ਠਾਕਰ ਹੈਂ ਪਰ ਦਾਸ ਊਣਾਂ ਹੈ ਅਤੇ ਤੂੰ ਪੂਰਾ ਹੈਂ ॥

(ਵਾਹਿਗੁਰੂ ਕਹਿੰਦਾ ਹੈ):—

**ਦਾਸ ਅਨਿੰਨ ਮੇਰੋ ਨਿਜ ਰੂਪ ॥**

**ਦਰਸਨ ਨਿਮਖ ਤਾਪ ਤ੍ਰਈ ਮੋਚਨ ਪਰਸਤ ਮੁਕਤਿ ਕਰਤ ਗ੍ਰਿਹ ਕੂਪ ॥ ੧ ॥ ਰਹਾਉ ॥**

ਅਨਿੰਨ = ਜੇਹੜਾ ਇਕ ਨੂੰ ਜਾਣੇ ॥ ਮੋਚਨ = ਨਾਸ ॥
ਗ੍ਰਿਹ = ਘਰ ॥ ਕੂਪ = ਖੂਹ ।

ਅਨਿੰਨ ਦਾਸ ਮੇਰਾ ਰੂਪ ਹੀ ਹੈ, ਉਸਦਾ ਦਰਸ਼ਨ ਥੋੜਾ ਜੇਹਾ ਕੀਤਾ ਹੋਯਾ ਤਿੰਨ ਤਰਾਂ ਦੇ ਤਾਪਾਂ ਦਾ ਨਾਸਕ ਹੈ ਅਤੇ ਤਿਸ ਨਾਲ ਛੂਹਣ ਕਰਕੇ ਅੰਨੇ ਖੂਹ ਸੰਸਾਰ ਵਿਚੋਂ ਮੁਕਤਿ ਹੋ ਜਾਈਦਾ ਹੈ ਵ ਮੁਕਤੀ ਕਰ ਦੇਂਦਾ ਹੈ ।

**ਮੇਰੀ ਬਾਂਧੀ ਭਗਤੁ ਛਡਾਵੈ ਬਾਂਧੈ ਭਗਤ ਨ ਛੂਟੈ ਮੋਹਿ ॥ ਏਕ ਸਮੈ ਮੋਕਉ ਗਹਿ ਬਾਂਧੈ ਤਉ ਫੁਨਿ ਮੋਪੈ ਜਬਾਬੁ ਨ ਹੋਇ ॥ ੧ ॥**

ਮੇਰੀ ਬੰਨੀ ਹੋਈ ਰੀਤ ਭਗਤ ਤੋੜ ਦੇਂਦੇ ਹਨ ਅਤੇ ਭਗਤਾਂ ਦੀ ਬੰਨ੍ਹੀ ਹੋਈ ਮੇਰੇ ਪਾਸੋਂ ਨਹੀਂ ਤੋੜੀ ਜਾਂਦੀ ਭਾਵ ਜੇਹੜਾ ਜਨਮ ਮਰਨ ਮੈਂ ਜੀਵਾਂ ਦੇ ਸਿਰ ਤੇ ਬੰਨ੍ਹਿਆ ਹੋਇਆ ਹੈ ਉਸ ਨੂੰ ਭਗਤ ਤੋੜ ਸਕਦੇ ਹਨ ਅਤੇ ਭਗਤਾਂ ਦਾ ਕਹਿਆ ਮੈਂ ਨਹੀਂ ਮੋੜ ਸਕਦਾ, ਹੋਰ ਤਾਂ ਗੱਲ ਕਿਧਰੇ ਰਹੀ ਜੇ (ਇਕ) ਕਿਸੇ ਸਮੇਂ ਵਿਚ ਮੈਨੂੰ ਵੀ ਫੜਕੇ ਬੰਨ੍ਹ ਲੈਣ ਤਾਂ ਮੇਰੇ ਕੋਲੋਂ ਵੀ ਫਿਰ ਜਵਾਬ ਨਹੀਂ ਹੋ ਸਕਣਾ ॥

**ਮੈ*ਗੁਨਬੰਧ ਸਗਲ ਕੀ ਜੀਵਨਿ ਮੇਰੀ ਜੀਵਨਿ ਮੇਰੇ ਦਾਸ ॥ ਨਾਮਦੇਵ ਜਾਕੇ ਜੀਅ ਐਸੀ ਤੈਸੋ ਤਾਕੈ ਪ੍ਰੇਮ ਪ੍ਰਗਾਸ ॥ ੨॥੩॥**

ਮੈਂ ਹਰ ਇਕ ਦੇ ਗੁਣਾਂ ਕਰਕੇ ਹਰ ਇਕ ਨਾਲ ਬੰਨ੍ਹਿਆ ਜਾਂਦਾ ਹਾਂ ਅਤੇ ਫਿਰ ਮੈਂ ਸਾਰਿਆਂ ਦੀ ਜੀਵਣ ਰੂਪ (ਬੂਟੀ) ਹਾਂ ਅਤੇ ਮੇਰੀ ਜੀਵਣ (ਬੂਟੀ) ਮੇਰੇ ਦਾਸ ਹਨ, ਨਾਮ ਦੇਵ ਜੀ ਕਹਿੰਦੇ ਹਨ ਹੇ ਭਾਈਓ ਜਿਸ ਵਾਹਿਗੁਰੂ ਦੇ ਜੀਅ ਵਿੱਚ ਇਕੁਰ ਦੀ ਗੱਲ ਹੈ ( ਵਾ ਭਗਤਾਂ ਨਾਲ ਪ੍ਰੀਤੀ ਹੈ ) ਤਿੱਕੁਰ ਦਾ ਹੀ ਤਿਸ ਨਾਲ ਪ੍ਰੇਮ ਦਾ ਪ੍ਰਕਾਸ਼ ਸਾਨੂੰ ਕਰਨਾ ਚਾਹੀਦਾ ਹੈ ॥

## ਸਾਰੰਗ ॥

**ੴ ਸਤਿਗੁਰਪ੍ਰਸਾਦਿ ॥ ਤੈ ਨਰ ਕਿਆ ਪੁਰਾਨ ਸੁਨਿ ਕੀਨਾ ॥ ਅਨ ਪਾਵਨੀ ਭਗਤਿ ਨਹੀ ਉਪਜੀ ਭੂਖੈ ਦਾਨੁ ਨ**

*ਗੁਣ = ਨਾਮ ਰੱਸੀ ਦਾ ਵੀ ਹੁੰਦਾ ਹੈ, 'ਮੈ' ਸਾਰੇ ਜਗਤ ਨੂੰ ਬੰਨ੍ਹਣ ਵਾਲਾ ਵੀ ਹੋ ਸਕਦਾ ਹੈ ॥

**ਦੀਨਾ ॥ ੧ ॥ ਰਹਾਉ ॥**

ਅਨਪਾਵਨੀ = ਸਦਾ ਰਹਿਣ ਵਾਲੀ (ਇਕ ਰਸ)

ਹੇ ਭਾਈ ਤੂੰ ਪੁਰਾਣ ਸੁਣਕੇ ਕੀ ਕੀਤਾ, (ਜੇ) ਇਕ ਰਸ ਵਾਹਿਗੁਰੂ ਦੀ ਭਗਤੀ ਨਹੀਂ ਉਪਜੀ ਅਤੇ ਭੁੱਖੇ ਨੂੰ ਦਾਨ ਨਹੀ ਦਿੱਤਾ ॥

**ਕਾਮੁ ਨ ਬਿਸਰਿਓ ਕ੍ਰੋਧੁ ਨ ਬਿਸਰਿਓ ਲੋਭੁ ਨ ਛੂਟਿਓ *ਦੇਵਾ ॥ ਪਰ ਨਿੰਦਾ ਮੁਖ ਤੇ ਨਹੀ ਛੂਟੀ ਨਿਫਲ ਭਈ ਸਭ ਸੇਵਾ ॥ ੧ ॥**

ਹੇ ਦੇਵਾ ! ਤੈਨੂੰ ਕਾਮ ਕ੍ਰੋਧ ਤਾਂ ਭੁਲਿਆ ਨਹੀਂ ਅਤੇ ਲੋਭ ਵੀ ਛੁਟਿਆ ਨਹੀਂ ਅਤੇ ਪਰਾਈ ਨਿੰਦਿਆ ਮੁਖੋਂ ਨਹੀਂ ਛੁਟੀ ਇਸ ਲਈ ਤੇਰੀ ਸਾਰੀ ਸੇਵਾ ਕੀਤੀ ਹੋਈ ਬਿਅਰਥ ਹੋ ਗਈ ਹੈ ॥

**ਬਾਟ ਪਾਰਿ ਘਰੁ ਮੂਸਿ ਬਿਰਾਨੋ ਪੇਟੁ ਭਰੈ ਅਪ੍ਰਾਧੀ ॥ ਜਿਹਿ ਪਰਲੋਕ ਜਾਇ ਅਪਕੀਰਤਿ ਸੋਈ ਅਬਿਦਿਆ ਸਾਧੀ ॥ ੨ ॥**

ਮੂਸਿ = ਲੁਟ ॥ ਬਿਰਾਨੋ = ਬਿਗਾਨਾ ॥

ਹੇ ਅਪਰਾਧੀ ! ਰਾਹ ਮਾਰ ਬਗਾਨੇ ਘਰ ਲੁੱਟਕੇ ਪੇਟ ਭਰਦਾ ਰਹਿਓਂ ਜਿਸ ਕਰਕੇ ਤੇਰਾ ਪਰਲੋਕ ਜਾਂਦਾ ਰਹੇ ਵਾ ਤੇਰੀ ਪਰਲੋਕ ਤਕ ਨਿੰਦਿਆ ਜਾਵੇ ਓਹ ਤੂੰ ਅਵਿੱਦਯਾ ਸਾਧੀ ॥

**ਹਿੰਸਾ ਤਉ ਮਨ ਤੇ ਨਹੀ ਛੂਟੀ ਜੀਅ ਦਇਆ ਨਹੀ ਪਾਲੀ ॥ ਪਰਮਾਨੰਦ ਸਾਧ ਸੰਗਤਿ ਮਿਲਿ ਕਥਾ ਪੁਨੀਤ ਨ ਚਾਲੀ ॥ ੩ ॥ ੧ ॥ ੬ ॥**

ਨਾ ਤੇਰੇ ਮਨ ਤੋਂ ਹਿੰਸਾ ਛੁੱਟੀ ਹੈ ਨ ਤੂੰ ਜੀਆਂ ਤੇ ਦਯਾ ਕੀਤੀ ਹੈ ਪਰਮਾਨੰਦ ਜੀ ਕਹਿੰਦੇ ਹਨ ਸਾਧ ਸੰਗਤ ਵਿੱਚ ਮਿਲਕੇ ਕਦੀ ਵੀ ਪਵਿੱਤ੍ਰ ਵਾਹਿਗੁਰੂ ਦੀ ਕਥਾ ਨ ਚਲਾਈ ਯਾ ਸੁਣੀ ॥

**†ਛਾਡਿ ਮਨ ਹਰਿ ਬਿਮੁਖਨ ਕੋ ਸੰਗੁ ॥**

ਹੇ ਮਨ ਵਾਹਿਗੁਰੂ ਤੋਂ ਬੇਮੁਖਾਂ ਦਾ ਸੰਗ ਛੱਡ ਦੇ ॥

*ਦੇਵਾ, ਏਹ ਪਦ ਕਿਸੇ ਦਾ ਸੰਬੋਧਨ ਹੈ ॥

†ਏਹ ਸਾਰਾ ਸਬਦ ਭਾਈ ਬੰਨੋਂ ਦੀ ਬੀੜ ਵਿਚੋਂ ਦੇਖੋ ॥

## ਸਾਰੰਗ ਮਹਲਾ ੫ ਸੂਰਦਾਸ

**ੴ ਸਤਿਗੁਰਪ੍ਰਸਾਦਿ ॥ ਹਰਿ ਕੇ ਸੰਗ ਬਸੇ ਹਰਿ ਲੋਕ ॥ ਤਨੁ ਮਨੁ ਅਰਪਿ ਸਰਬਸੁ ਸਭੁ ਅਰਪਿਓ ਅਨਦ ਸਹਜ ਧੁਨਿ ਝੋਕ ॥ ੧ ॥ ਰਹਾਉ ॥**

ਝੋਕ = ਝੁਕ ਰਹੀ ਹੈ ॥

ਵਾਹਿਗੁਰੂ ਦੇ ਭਗਤ ਵਾਹਿਗੁਰੂ ਦੇ ਨਾਲ ਹੀ ਵਸਦੇ ਹਨ ਉਨ੍ਹਾਂ ਨੇ ਤਨ ਮਨ ਅਰਪਕੇ ਸਭ ਕੁਝ (ਸਰਬੰਸ) ਅਰਪ ਦਿੱਤਾ ਹੈ ਅਤੇ ਸਹਿਜੇ ਹੀ ਅਨੰਦ ਦੇ ਸੰਯੁਕਤ ਇਕ ਰਸ ਧੁਨੀ ਵਾਹਿਗੁਰੂ ਵੱਲ ਲਗ ਰਹੀ ਹੈ ॥

**ਦਰਸਨੁ ਪੇਖਿ ਭਏ ਨਿਰਬਿਖਈ ਪਾਏ ਹੈ ਸਗਲੇ ਥੋਕ ॥ ਆਨ ਬਸਤੁ ਸਿਉ ਕਾਜੁ ਨ ਕਛੂਐ ਸੁੰਦਰ ਬਦਨ ਅਲੋਕ ॥੧॥**

ਪੇਖਿ = ਵੇਖਕੇ । ਆਨ = ਹੋਰ । ਅਲੋਕ = ਵੇਖ ॥

ਵਾਹਿਗੁਰੂ ਦਾ ਦਰਸ਼ਨ ਕਰਕੇ ਵਿਸ਼ਿਆਂ ਤੋਂ ਰਹਤ ਹੋਏ ਹਨ ਅਤੇ ਸਾਰੇ ਪਦਾਰਥ ਓਨਾਂ ਨੇ ਪਾ ਲਏ ਹਨ ਅਤੇ ਹੋਰ ਚੀਜ਼ ਨਾਲ ਓਨ੍ਹਾਂ ਦਾ ਕੁਝ ਕੰਮ ਨਹੀਂ ਕਿਉਂਕਿ ਸੁੰਦਰ ਮੂੰਹ ਵਾਲੇ ਵਾਹਿਗੁਰੂ ਨੂੰ ਵੇਖ ਰਹੇ ਹਨ ॥

**ਸਿਆਮ ਸੁੰਦਰ ਤਜਿ ਆਨ ਜੁ ਚਾਹਤ ਜਿਉ ਕੁਸਟੀ ਤਨਿ ਜੋਕ ॥ ਸੂਰਦਾਸ ਮਨੁ ਪ੍ਰਭਿ ਹਥਿ ਲੀਨੋ ਦੀਨੋ ਇਹੁ ਪਰਲੋਕ ॥ ੨ ॥ ੧ ॥ ੮ ॥**

ਆਨ = ਹੋਰ ।

ਜੇਹੜੇ ਇੱਕਰ ਦੇ ਸੁੰਦਰ ਵਾਹਿਗੁਰੂ ਨੂੰ ਛੱਡਕੇ ਹੋਰ ਨੂੰ ਚਾਹੁੰਦੇ ਹਨ, ਓਹ ਇੱਕੁਰ ਦੁਖੀ ਹੋਕੇ ਮਰਦੇ ਹਨ ਜਿੱਕੁਰ ਕੁਸ਼ਟੀ ਦੇ ਸਰੀਰ ਨਾਲੋਂ ਜੋਕ (ਲਹੂ ਪੀਕੇ ਅਤੇ ਔਖੀ ਹੋਕੇ) ਮਰਦੀ ਹੈ । ਸੂਰ ਦਾਸ ਜੀ ਕਹਿੰਦੇ ਹਨ ਹੇ ਭਾਈ ਸਾਡਾ ਮਨ ਤਾਂ ਵਾਹਿਗੁਰੂ ਨੇ ਆਪਣੇ ਹੱਥ ਵਿੱਚ ਫੜ ਲਿਆ ਹੈ ਅਤੇ ਸਾਨੂੰ ਆਪਣਾ ਪਰਲੋਕ ਭਾਵ ਸੁਖ ਦਿੱਤਾ ਹੈ ॥

## ਸਾਰੰਗ ਕਬੀਰ ਜੀਉ

**ੴ ਸਤਿਗੁਰਪ੍ਰਸਾਦਿ ॥ ਹਰਿ ਬਿਨੁ ਕਉਨੁ ਸਹਾਈ ਮਨ ਕਾ ॥ ਮਾਤ ਪਿਤਾ ਭਾਈ ਸੁਤ ਬਨਿਤਾ ਹਿਤੁ ਲਾਗੋ ਸਭ ਫਨ ਕਾ ॥ ੧ ॥ ਰਹਾਉ ॥**

ਬਨਿਤਾ = ਇਸਤ੍ਰੀ।

ਹੇ ਭਾਈ ਵਾਹਿਗੁਰੂ ਤੋਂ ਬਿਨਾਂ ਮਨ ਦਾ ਕੌਣ ਸਹਾਈ ਹੈ ਭਾਵ ਕੋਈ ਨਹੀਂ, ਮਾਤਾ, ਪਿਤਾ, ਭਾਈ, ਪੁਤ੍ਰ, ਇਸਤ੍ਰੀ ਇਤਯਾਦਿਕ ਨਾਲ ਜੋਹੜਾ ਪ੍ਰੇਮ ਲਗਾ ਹੋਯਾ ਹੈ ਸੋ ਸਭ ਫਨਾਹ ਰੂਪ ਹੈ।

**ਆਗੇ ਕਉ ਕਿਛੁ ਤੁਲਹਾ* ਬਾਂਧਹੁ ਕਿਆ ਭਰਵਾਸਾ ਧਨ ਕਾ॥ ਕਹਾ ਬਿਸਾਸਾ ਇਸ ਭਾਂਡੇ ਕਾ ਇਤਨਕੁ ਲਾਗੈ† ਠਨਕਾ॥ ੧॥**

ਅੱਗੇ ਕੁਝ ਸੰਸਾਰ ਸਮੁੰਦਰ ਦੇ ਤਰਨ ਨੂੰ ਤੁਲਹਾ ਬੰਨੋ ਇਸ ਧਨ ਦਾ ਕੀ ਭਰਵਾਸਾ ਹੈ। ਇਸ ਸਰੀਰ ਰੂਪ ਭਾਂਡੇ ਦਾ ਕੀ ਭਰੋਸਾ ਹੈ, ਜੇ ਏਨੂੰ ਥੋੜੀ ਜੇਹੀ ਠੋਕਰ ਲੱਗੀ ਤਾਂ ਐਵੇਂ ਹੀ ਟੁਟ ਜਾਵੇਗਾ।

**ਸਗਲ ਧਰਮ ਪੁੰਨ ਫਲ ਪਾਵਹੁ ਧੂਰਿ ਬਾਂਛਹੁ ਸਭ ਜਨ ਕਾ॥ ਕਹੈ ਕਬੀਰੁ ਸੁਨਹੁ ਰੇ ਸੰਤਹੁ ਇਹੁ ਮਨੁ ਉਡਨ ਪੰਖੇਰੂ ਬਨ ਕਾ॥ ੨॥ ੧॥ ੯॥**

ਸਾਰਿਆਂ ਧਰਮਾਂ ਦੇ ਪੁੰਨਾਂ ਦਾ ਫਲ ਪਾ ਲੌ ਗੇ, ਜੇ ਤੁਸੀਂ ਸਭ ਸੰਤ ਜਨ ਦੇ ਚਰਨਾਂ ਦੀ ਧੂੜੀ ਚਾਹੋ ਤਾਂ ਕਬੀਰ ਜੀ ਕਹਿੰਦੇ ਹਨ ਸੁਣੋ ਹੇ ਸੰਤੋ ਏਹ ਮਨ ਬਨ ਦਾ ਉਡਨ ਪੰਖੇਰੂ ਹੈ।

# ਰਾਗੁ ਮਲਾਰ

**ਰਾਗੁ ਮਲਾਰ ਬਾਣੀ ਭਗਤ ਨਾਮਦੇਵ ਜੀਉ ਕੀ**

**ੴ ਸਤਿਗੁਰਪ੍ਰਸਾਦਿ॥ ‡ਸੇਵੀਲੇ ਗੋਪਾਲ ਰਾਇ ਅਕੁਲ ਨਿਰੰਜਨ॥ ਭਗਤਿ ਦਾਨੁ ਦੀਜੈ ਜਾਚਹਿ ਸੰਤ ਜਨ॥ ੧॥ ਰਹਾਉ॥**

---

*ਤੁਲਹਾ = ਇਕ ਕੱਖਾਂ ਦਾ ਪੂਲਾ ਕੱਠਾ ਕਰਕੇ ਕਈ ਲੋਕ ਦਰਯਾ ਆਦਿਕ ਲੰਘ ਜਾਂਦੇ ਹਨ ਉਸਨੂੰ ਕਬੀਰ ਜੀ ਨੇ ਏਥੇ ਵਰਤਿਆ ਹੈ।

†ਲਾਗੈ ਠਨਕਾ = ਭਾਵੇਂ ਏਹ ਦੋਵੇਂ ਪਦ ਪੁਲਿੰਗ ਹਨ ਪਰ ਅਰਥ ਵਿਚ ਇਸਤ੍ਰੀ ਲਿੰਗ ਵਰਤੇ ਗਏ ਹਨ।

‡ ਹੇ ਵਾਹਿਗੁਰੂ, ਇੱਕੁਰ ਸੰਬੋਧਨ ਵਿਚ ਅਤੇ ਹੇ ਭਾਈ ਕਿਸੇ ਆਦਮੀ ਪ੍ਰਤਿ ਉਪਦੇਸ਼ ਵੀ ਅਰਥ ਕਰਦੇ ਹਨ।

ਮਾਇਆ ਤੋਂ ਰਹਿਤ ਅਕੁਲ ਗੋਪਾਲ ਰਾਇ ਸੇਵੀਏ ਭਗਤੀ ਦਾਨ ਦਿਓ ਸੰਤ ਜਨ ਮੰਗਦੇ ਹਨ।

***ਜਾਂਚੇ ਘਰਿ ਦਿਗ ਦਿਸੈ ਸਰਾਇਚਾ ਬੈਕੁੰਠ ਭਵਨ ਚਿਤ੍ਰ ਸਾਲਾ ਸਪਤ ਲੋਕ ਸਾਮਾਨਿ ਪੂਰੀਅਲੇ॥**

ਦਿਗ = ਦਿਗਪਾਲ, ਹਾਥੀ। ਸਰਾਇਚਾ = ਕਨਾਤਾਂ॥
ਭਵਨ = ਘਰ॥ ਸਪਤ = ਸਤ, ੭॥

ਜਿਸਦੇ ਘਰ ਦਸ ਦਿਸ਼ਾਂ ਹੀ ਕਨਾਤਾਂ ਹਨ, ਅਤੇ ਵੈਕੁੰਠ ਭਵਨ ਚਿਤ੍ਰਕਾਰੀ ਕੀਤੀ ਹੋਈ ਸ਼ਾਲਾ ਹੈ, ਸਤ ਲੋਕ ਸਮਾਨ ਨਗਰੀਆਂ ਹਨ।

**ਜਾਂਚੈ ਘਰਿ ਲਛਿਮੀ ਕੁਆਰੀ॥ ਚੰਦੁ ਸੂਰਜੁ ਦੀਵੜੇ ਕਉਤਕੁ ਕਾਲੁ ਬਪੁਤ੍ਰਾ ਕੋਟਵਾਲੁ ਸੁ ਕਰਾ ਸਿਰੀ॥ ਸੁ ਐਸਾ ਰਾਜਾ ਸ੍ਰੀ ਨਰ ਹਰੀ॥ ੧॥**

ਜਿਸਦੇ ਘਰ ਲਖਮੀ ਕੁਆਰੀ ਹੈ ਅਤੇ ਚੰਦ੍ਰਮਾ ਸੂਰਜ ਦੀਵੇ ਹਨ ਅਤੇ ਤਮਾਸ਼ੇ ਕਰਨ ਵਾਲਾ ਕਾਲ ਵਿਚਾਰਾ ਕੋਤਵਾਲ ਹੈ ਸੋ ਜਿਸਦਾ (ਕਰਾ) ਡੰਡ ਸਾਰਿਆਂ ਦੇ (ਸਿਰੀ) ਸਿਰ ਉਤੇ ਹੈ ਸੋ ਇੱਕੁਰ ਦਾ ਪ੍ਰਕਾਸ਼ਕ ਸੁਭਾਇਮਾਨ ਨਰਾਂ ਨੂੰ ਹਰਿਆਂ ਕਰਨ ਵਾਲਾ ਵਾਹਿਗੁਰੂ ਹੈ।

**ਜਾਂਚੈ ਘਰਿ ਕੁਲਾਲੁ ਬ੍ਰਹਮਾ ਚਤੁਰਮੁਖੁ ਡਾਂਵੜਾ ਜਿਨਿ ਬਿਸ੍ਵ ਸੰਸਾਰੁ ਰਾਚੀਲੇ॥ ਜਾਂਕੈ ਘਰਿ ਈਸਰੁ ਬਾਵਲਾ ਜਗਤ ਗੁਰੂ ਤਤ† ਸਾਰਖਾ ਗਿਆਨੁ ਭਾਖੀ ਲੇ॥**

ਕੁਲਾਲੁ = ਘੁਮਿਆਰ। ਡਾਂਵੜਾ = ਡੋਲ, ਢਾਲਣਾਂ, ਬਾਲਕ,
ਵਿਚਾਰਾ। ਬਿਸ੍ਵ = ਸੰਸਾਰ। ਸਾਰਖਾ = ਵਰਗਾ।

ਜਿਸਦੇ ਘਰ ਚੌਂਹ ਮੂੰਹਾਂ ਵਾਲਾ ਬ੍ਰਹਮਾਂ ਘੁਮਿਆਰ ਸਚੇ ਢਾਲਣ ਵਾਲਾ ਹੈ, ਜਿਸ ਨੇ ਸਾਰਾ ਸੰਸਾਰ ਰਚਿਆ ਹੈ, ਜਿਸਦੇ ਘਰ ਸ਼ਿਵਜੀ ਬੌਰਾ ਜਗਤ ਗੁਰ ਸੱਚਾ ਸ੍ਰੇਸ਼ਟ ਗਿਆਨ ਕਥਨ ਕਰਨ ਵਾਲਾ ਹੈ।

**ਪਾਪੁ ਪੁੰਨੁ ਜਾਂਚੈ ਡਾਂਗੀਆ ਦੁਆਰੈ ਚਿਤ੍ਰ ਗੁਪਤੁ ਲੇਖੀਆ॥ ਧਰਮ ਰਾਇ ਪਰੁਲੀ ਪ੍ਰਤਿਹਾਰੁ॥**

---

*ਜਾਂਚੈ = ਦਾ ਅੱਖਰੀ ਅਰਥ ਮੰਗਣਾਂ ਹੁੰਦਾ ਹੈ ਪਰ ਏਥੇ (ਜਿਸ ਦੇ ਘਰ) ਇਸ ਪਦ ਦਾ ਬੋਧਕ ਹੈ।

†ਤੇਰੇ ਵਰਗਾ ਇੱਕੁਰ ਵੀ ਅਰਥ ਕਰਦੇ ਹਨ।

**ਸੁ ਐਸਾ ਰਾਜਾ ਸ੍ਰੀ ਗੋਪਾਲੁ ॥ ੨ ॥**

ਡਾਂਗੀਆ = ਚੋਬਦਾਰ ॥

ਪਾਪ ਪੁੰਨ ਜਿਸਦੇ ਬੂਹੇ ਉਤੇ ਚੋਬਦਾਰ ਹਨ ਚਿਤ ਦੀ ਛਪੀ ਹੋਈ ਬਾਤ ਲਿਖਣਾਂ ਮੁਨਸ਼ੀ ਹੈ ਅਤੇ ਧਰਮ ਰਾਜਾ ਅਦਾਲਤੀ ਹੈ ਸੋ ਇੱਕੁਰ ਦਾ ਰਾਜਾ ਸ੍ਰੀ ਗੋਪਾਲ ਹੈ ॥

**ਜਾਂਚੈ ਘਰਿ ਗਣ ਗੰਧਰਬ ਰਿਖੀ ਬਪੁੜੇ ਢਾਢੀਆ ਗਾਵੰਤ ਆਛੈ ॥ ਸਰਬ ਸਾਸਤ੍ਰ ਬਹੁ ਰੂਪੀਆ ਅਨ ਗਰੂਆ ਆਖਾੜਾ ਮੰਡਲੀਕ ਬੋਲ ਬੋਲਹਿ ਕਾਛੇ ॥**

ਬਪੁੜੇ = ਵਿਚਾਰੇ । ਢਾਢੀਆ = ਯਸ ਕਰਣ ਵਾਲੇ । ਬਹੁਰੂਪੀਆ = ਭੰਡ ਅਨਗਰੂਆ = ਭਾਰਾ । ਕਾਛੇ = ਕਛੇ, ਤੁਲੇ ਹੋਏ ।

ਜਿਸਦੇ ਘਰ (ਸ਼ਿਵਜੀ ਦੇ) ਗਣ (ਅਤੇ ਦੇਵਤਿਆਂ ਦੇ) ਰਾਗੀ ਰਿਖੀ ਵਿਚਾਰੇ ਹਛੇ ਗਵੱਯੇ ਢਾਢੀ ਹਨ, ਸਾਰੇ ਸ਼ਾਸਤ੍ਰ ਸਾਂਗੀ ਅਤੇ ਬੜਾ ਭਾਰਾ ਅਖਾੜਾ ਦੇਵਤਿਆਂ ਦੈਂਤਾਂ ਮੰਡਲਾਂ ਵਾਲਿਆਂ ਦਾ ਹੈ ਜੇਹੜੇ ਬੜੇ ਸੋਹਣੇ ਸੁੰਦਰ ਬੋਲ ਬੋਲਦੇ ਹਨ ॥

**ਚਉਰ ਢੂਲ ਜਾਂਚੈ ਹੈ ਪਵਣੁ ॥ ਚੇਰੀ ਸਕਤਿ ਜੀਤਿ ਲੇ ਭਵਣੁ ॥ ਅੰਡ ਟੂਕ ਜਾਚੈ ਭਸਮਤੀ ॥ ਸੁ ਐਸਾ ਰਾਜਾ ਤ੍ਰਿਭਵਣ ਪਤੀ ॥ ੩ ॥**

ਭਵਣੁ = ਘਰ । ਅੰਡ = ਅੰਡਾ । ਟੁਕ = ਟੁਕੜਾ । ਭਸਮਤੀ = ਚੁਲ੍ਹਾ ।

(ਜਿਸਦੇ ਘਰ) ਪੌਣ ਚੌਰੀ ਵਾਲਾ ਹੈ ਅਤੇ ਸ਼ਕਤੀ ਦਾਸੀ ਹੈ ਜਿਸ ਨੇ ਸਾਰੇ ਲੋਕ ਜਿੱਤ ਲਏ ਹਨ, ਸਾਰਾ ਭਾਰਥ ਖੰਡ ਚੁਲ੍ਹਾ ਹੈ । ਸੋ ਇੱਕੁਰ ਦਾ ਰਾਜਾ ਤਿੰਨਾਂ ਲੋਕਾਂ ਦਾ ਪਤੀ ਹੈ ॥

**ਜਾਚੈ ਘਰਿ ਕੂਰਮਾ ਪਾਲੁ ਸਹਸ੍ਰ ਫਨੀ ਬਾਸਕੁ ਸੇਜ ਵਾਲੂਆ ॥**

ਕੂਰਮਾ = ਕੱਛੂ । ਸਹਸ੍ਰ = ਹਜਾਰ । ਬਾਸਕੁ = ਸ਼ੇਸ਼ਨਾਗ ॥

ਜਿਸਦੇ ਘਰ ਕੱਛੂ (ਪਾਲੁ) ਪਲੰਘ ਹੈ ਅਤੇ ਹਜਾਰ ਫਣਾਂ ਵਾਲਾ ਬਾਸ਼ਕ ਨਾਗ ਸੇਜਾ ਅਤੇ (ਵਾਲੂਆ) ਸੇਜਬੰਦ ਹੈ ॥

**ਅਠਾਰਹ ਭਾਰ ਬਨਾਸਪਤੀ ਮਾਲਣੀ ਛਿਨਵੈ ਕਰੋੜੀ ਮੇਘ ਮਾਲਾ ਪਾਣੀ ਹਾਰੀਆ ॥**

ਅਠਾਰਹ ਭਾਰ ਬਨਾਸਪਤੀ ਮਾਲਣੀ ਹੈ ਅਤੇ ਛਿਨਵੈ ਕਰੋੜ ਮੇਘਾਂ ਦੀਆਂ ਮਾਲਾਂ ਪਾਣੀ ਭਰਨ ਵਾਲੀਆਂ (ਝੀਉਰੀਆਂ) ਹਨ ॥

**ਨਖ ਪ੍ਰਸੇਵ ਜਾਚੈ ਸੁਰਸਰੀ ॥**

**ਸਪਤ ਸਮੁੰਦ ਜਾਂਚੈ ਘੜਥਲੀ ॥**

ਨਖ = ਨਹੁੰ । ਪ੍ਰਸੇਵ = ਮੁੜਕਾ । ਸੁਰਸਰੀ = ਗੰਗਾ ।

ਸਪਤ = ਸਤ । ਥਲੀ = ਜਗਾ ।

ਜਿਸਦੇ ਘਰ ਨਹੁੰਆਂ ਦਾ ਮੁੜਕਾ ਗੰਗਾ ਹੈ ਅਤੇ ਸਤ ਸਮੁੰਦ੍ਰ ਘੜੇ ਦੀ ਜਗਾ ਹੈ ॥

**ਏਤੇ ਜੀਅ ਜਾਂਚੈ ਵਰਤਣੀ ॥**

**ਸੋ ਐਸਾ ਰਾਜਾ ਤ੍ਰਿਭਵਣ ਧਣੀ ॥੪॥**

ਜਿਸਦੇ ਘਰ ਇਤਨੇ ਜੀਵ ਵਰਤਣ ਭਾਵ ਨੌਕਰ ਹਨ ਸੋ ਇੱਕੁਰ ਦਾ ਰਾਜਾ ਤਿੰਨਾਂ ਭਵਣਾ ਦਾ ਧਣੀ ਹੈ ॥

**ਜਾਂਚੈ ਘਰਿ ਨਿਕਟ ਵਰਤੀ ਅਰਜਨੁ ਧ੍ਰ ਪ੍ਰਹਲਾਦੁ ਅੰਬਰੀਕੁ ਨਾਰਦੁ ਨੇਜੈ ਸਿਧ ਬੁਧ ਗਣ ਗੰਧਰਿਬ ਬਾਨਵੈ ਹੇਲਾ ॥ ਏਤੇ ਜੀਅ ਜਾਂਚੈ ਹਹਿ ਘਰੀ ॥**

ਨੇਜੈ = ਕਿਸੇ ਭਗਤ ਦਾ ਨਾਮ ਹੈ । ਹੇਲਾ = ਸ਼ਿਕਾਰੀ, ਲੀਲਾ ।

ਜਿਸਦੇ ਘਰ ਪਾਸ ਰਹਿਣ ਵਾਲੇ, ਅਰਜਨ, ਧ੍ਰ, ਪ੍ਰਹਿਲਾਦ, ਅੰਬਰੀਕ ਨਾਰਦ, ਨੇਜੇ, ਸਿਧ ਬੁਧ, ਗਣ ਗੰਧਰਬ ਬਾਨਵੇਂ ਕਰੋੜਾਂ ਦੀ ਲੀਲ੍ਹਾ ਹੈ, ਇਤਨੇ ਜੀਅ ਜਿਸਦੇ ਘਰ ਹਨ ।

**ਸਰਬ ਬਿਆਪਿਕ ਅੰਤਰ ਹਰੀ ॥ ਪ੍ਰਣਵੈ ਨਾਮਦੇਉ ਤਾਂਚੀ ਆਣਿ ॥ ਸਗਲ ਭਗਤ ਜਾਚੈ ਨੀਸਾਣਿ ॥ ੫ ॥ ੧ ॥**

ਪ੍ਰਣਵੈ = ਕਹਿੰਦ ।

ਸਾਰਿਆਂ ਵਿਚ ਹਰੀ ਵਿਆਪਕ ਹੈ । ਨਾਮਦੇਵ ਜੀ ਕਹਿੰਦੇ ਹਨ ਮੈਨੂੰ ਤਿਸਦੀ ਸੁਗੰਧ ਹੈ ਜਿਸਦੇ ਅਗੇ ਸਾਰੇ ਭਗਤ ਪਰਵਾਨ ਹਨ ।

**ਮਲਾਰ ॥ ਮੋਕਉ ਤੂ ਨ ਬਿਸਾਰਿ ਤੂ ਨ ਬਿਸਾਰਿ ॥**

**ਤੂ ਨ ਬਿਸਾਰੇ ਰਾਮਈਆ ॥ ੧ ॥ ਰਹਾਉ ॥**

ਹੇ ਵਾਹਿਗੁਰੂ ਮੈਨੂੰ ਤੂੰ ਨਾ ਵਿਸਾਰ ॥ ੩ ॥

**ਆਲਾਵੰਤੀ ਇਹੁ ਭ੍ਰਮੁ ਜੋਹੈ ਮੁਝ ਊਪਰ ਸਭ ਕੋਪਿ ਲਾ ॥**

**ਸੂਦੁ ਸੂਦੁ ਕਰਿ ਮਾਰਿ ਉਠਾਇਓ ॥**
**ਕਹਾ ਕਰਉ ਬਾਪ ਬੀਠੁਲਾ ॥ ੧ ॥**

ਇਹ ਜੇਹੜਾ ਮੰਦਰਾਂ ਵਾਲਿਆਂ ਨੂੰ ਭਰਮ ਹੈ ਕਿ ਮੈਂ ਸੂਦਰ ਹਾਂ ਵਾ ਭਰਮ ਕਰਕੇ ਮੇਰੇ ਉਤੇ (ਜੋ ਹੈ) ਵੇਖਦੇ ਹਨ ਅਤੇ ਸਾਰੇ ਹੀ ਮੇਰੇ ਉਤੇ ਗੁਸਾ ਕਰਦੇ ਹਨ ਅਤੇ ਮੈਨੂੰ ਸੂਦਰ ੨ ਕਰਕੇ ਮਾਰ ਉਠਾਇਆ ਹੈ। ਹੇ ਪਿਆਰੇ ਪਿਤਾ ਮੈਂ ਕੀ ਕਰਾਂ ?

**ਮੂਏ ਹੂਏ ਜਉ ਮੁਕਤਿ ਦੇਹੁਗੇ ਮੁਕਤਿ ਨ ਜਾਨੈ ਕੋਇਲਾ ॥**
**ਏ ਪੰਡੀਆ ਮੋਕਉ ਢੇਢ ਕਹਤ**
**ਤੇਰੀ ਪੈਜ ਪਿਛੰਉਡੀ ਹੋਇਲਾ ॥ ੨ ॥**

(ਅਕਾਸ਼ ਬਾਣੀ) ਤੈਨੂੰ ਮੁਕਤਿ ਕਰ ਲਵਾਂਗੇ, ਮੈਨੂੰ ਮੋਏ ਹੋਏ ਨੂੰ ਜੇ ਮੁਕਤੀ ਦਿਓਗੇ ਤਾਂ ਤੁਹਾਡੀ ਏਹ ਮੁਕਤੀ ਕਿਸੇ ਨਹੀਂ ਜਾਨਣੀ ਕਿ ਨਾਮਾ ਮੁਕਤਿ ਹੋ ਗਿਆ ਹੈ। ਏਹ ਪਾਂਡੇ ਮੈਨੂੰ ਛੀਪਾ ਆਖਦੇ ਹਨ ਮੈਨੂੰ ਕੀ, ਤੇਰੀ ਹੀ ਪੈਜ ਪਿਛੇ ਹੋ ਜਾਵੇਗੀ, ਭਾਵ ਤੇਰੀ ਨਿੰਦ ਜਾ ਹੋਵੇਗੀ ।

**ਤੂ ਜੁ ਦਇਆਲੁ ਕ੍ਰਿਪਾਲੁ ਕਹੀਅਤੁ ਹੈਂ ਅਤਿ ਭੁਜ ਭਇਓ ਅਪਾਰਲਾ ॥ ਫੇਰਿ ਦੀਆ ਦੇਹੁਰਾ ਨਾਮੇ ਕਉ ਪੰਡੀਅਨ ਕਉ ਪਿਛਵਾਰਲਾ ॥ ੩ ॥ ੨ ॥**

ਤੂੰ ਜੋ ਦਯਾਲੂ ਕ੍ਰਿਪਾਲੂ ਕਹਾਉਂਦਾ ਹੈਂ, ਇੱਕੁਰ ਸੁਣਕੇ ਅਤਯੰਤ ਹੀ ਬਾਹਾਂ ਵਾਲਾ ਜੋਰਾਵਰ ਵਾਹਿਗੁਰੂ ਹੋ ਗਿਆ ਅਤੇ ਪਾਂਡਿਆਂ ਨੂੰ ਠਾਕੁਰ ਦੁਆਰੇ ਦਾ ਪਿਛਾ ਕਰ ਦਿਤਾ ਅਤੇ ਨਾਮਦੇਉ ਵੱਲ ਠਾਕੁਰ ਦੁਆਰੇ ਦਾ ਮੂੰਹ ਫੇਰ ਦਿਤਾ ॥

## ਮਲਾਰ ਬਾਣੀ ਭਗਤ ਰਵਿਦਾਸ ਜੀ ਕੀ

**ੴ ਸਤਿਗੁਰਪ੍ਰਸਾਦਿ ॥**

**ਨਾਗਰ ਜਨਾਂ ਮੇਰੀ ਜਾਤਿ ਬਿਖਿਆਤ ਚੰਮਾਰੰ ॥**
**ਰਿਦੈ ਰਾਮ ਗੋਬਿੰਦ ਗੁਨ ਸਾਰੰ ॥ ੧ ॥ ਰਹਾਉ ॥**

ਨਾਗਰ = ਚਤਰ ।

ਹੇ ਪਿੰਡ ਦਿਓ ਲੋਕੋ ਮੇਰੀ ਪ੍ਰਗਟ ਹੀ ਜਾਤੀ ਚਮਿਆਰ ਹੈ ਪਰ ਰਿਦੇ ਵਿਚ ਰਮੇਂ ਹੋਏ ਵਾਹਿਗੁਰੂ ਦੇ ਗੁਣ ਸੰਭਾਲਦਾ ਹਾਂ ਵਾ ਨਾਮ ਜਪਨ ਕਰਕੇ ਸ੍ਰੇਸ਼ਟ ਗੁਣਾਂ ਵਾਲਾ ਹੋ ਗਿਆ ਹਾਂ ॥

(ਦੇਖੋ)

**ਸੁਰਸਰੀ ਸਲਲ ਕ੍ਰਿਤ ਬਾਰੁਨੀ ਰੇ**
**ਸੰਤ ਜਨ ਕਰਤ ਨਹੀ ਪਾਨੰ ॥**

ਸੁਰਸਰੀ = ਗੰਗਾ। ਸਲਲ = ਪਾਣੀ। ਕ੍ਰਿਤ ਕੀਤੀ। ਬਾਰਨੀ = ਸ਼ਰਾਬ।

ਗੰਗਾ ਦੇ ਪਾਣੀ ਨਾਲ ਸ਼ਰਾਬ ਬਣਾਈ ਹੋਈ ਸੰਤ ਜਨ ਨਹੀਂ ਪੀਂਦੇ, ਭਾਵ ਇੱਕੁਰ ਹੀ ਤੁਸੀ ਉੱਤਮ ਸੀ ਪਰ ਵਿਕਾਰਾਂ ਨਾਲ ਮਿਲਕੇ ਨੀਚ ਬਣ ਗਏ (ਹੁਣ ਸਾਡੀ ਗੱਲ ਸੁਣੋਂ) ॥

**ਸੁਰਾ ਅਪਵਿਤ੍ਰ ਨਤ ਅਵਰ ਜਲ ਰੇ**
**ਸੁਰਸਰੀ ਮਿਲਤ ਨਹਿ ਹੋਇ ਆਨੰ ॥ ੧ ॥**

ਆਨੰ = ਹੋਰ। ਸੁਰਾ = ਸ਼ਰਾਬ ॥ ਸੁਰਸਰੀ = ਗੰਗਾ ॥

ਇਕ ਸ਼ਰਾਬ ਬੜੀ ਭੈੜੀ, ਦੂਜਾ ਨਹੀਂ ਤਾਂ ਹੋਰ ਕੋਈ ਪਾਣੀ (ਮੋਰੀ ਆਦਿਕ ਦਾ) ਕੀ ਗੰਗਾ ਨੂੰ ਮਿਲਕੇ ਹੋਰ ਰੂਪ ਨਹੀਂ ਹੋ ਜਾਂਦਾ, ਭਾਵ ਹੋ ਜਾਂਦਾ ਹੈ, (ਗੰਗਾ ਵਰਗਾ ਹੀ ਹੋ ਜਾਂਦਾ ਹੈ) ਤਿੱਕੁਰ ਹੀ ਨਾਮ ਕਰਕੇ ਭਗਤ ਉਤਮ ਹੋ ਜਾਂਦੇ ਹਨ ॥

**ਤਰ ਤਾਰਿ ਅਪਵਿਤ੍ਰ ਕਰਿ ਮਾਨੀਐ ਰੇ**
**ਜੈਸੇ ਕਾਗਰਾ ਕਰਤ ਬੀਚਾਰੰ ॥**

ਤਰ = ਬ੍ਰਿਛ ॥ ਤਾਰਿ = ਤਾੜ ॥

ਹੇ ਭਾਈ ਤਾੜ ਬ੍ਰਿਛ ਬੜਾ ਅਪਵਿੱਤ੍ਰ ਕਰਕੇ ਮੰਨੀਦਾ ਹੈ ਜਿੱਕੁਰ ਕਾਗਜ਼ ਦੀ ਵਿਚਾਰ (ਲੋਕ) ਕਰਦੇ ਹਨ ਭਾਵ ਕਾਗਦ ਨੂੰ ਵੀ ਅਪਵਿਤ੍ਰ ਜਾਣਦੇ ਹਨ ॥ (ਪਰ)

**ਭਗਤਿ ਭਾਗਉਤੁ ਲਿਖੀਐ**
**ਤਿਹ ਊਪਰੇ ਪੂਜੀਐ ਕਰਿ ਨਮਸਕਾਰੰ ॥ ੨ ॥**

ਜੇ ਉਸ ਕਾਗਦ (ਯਾ ਤਾੜ ਬ੍ਰਿਛ ਦੇ ਪਤਿਆਂ) ਉਤੇ ਵਾਹਿਗੁਰੂ ਦੀ ਭਗਤੀ ਵਾਲੇ ਗ੍ਰੰਥ ਲਿਖ ਦੇਈਏ ਤਾਂ ਸਾਰੇ ਹੀ ਨਮਸਕਾਰ ਕਰਕੇ ਪੂਜਦੇ ਹਨ ॥ (ਇਕੁਰ ਹੀ ਦੇਖੋ)

***ਮੇਰੀ ਜਾਤਿ ਕਟਬਾਂਢਲਾ**

*ਏਹ ਸਬਦ ਰਵਿਦਾਸ ਕ੍ਰਿਤ ਹੈ

## ਢੋਰ ਢੋਵੰਤਾ ਨਿਤਹਿ ਬਾਨਾਰਸੀ ਆਸ ਪਾਸਾ ॥

ਮੇਰੀ ਜਾਤੀ ਚੰਮ ਕੁੱਟਣ ਵੱਢਣ ਵਾਲੀ ਅਤੇ ਰੋਜ ਹੀ ਕਾਂਸ਼ੀ ਦੇ ਆਸ ਪਾਸ ਮੋਏ ਹੋਏ ਡੰਗਰ ਢੋਣ ਵਾਲੀ (ਸੀ) ਵਾ ਹੈ।

(ਪਰ ਦੇਖੋ)

## ਅਬ ਬਿਪ੍ਰ ਪਰਧਾਨ ਤਿਹਿ ਕਰਹਿ ਡੰਡਉਤ ਤੇਰੇ ਨਾਮ ਸਰਣਾਇ ਰਵਿਦਾਸੁ ਦਾਸਾ ॥ ੩ ॥ ੧ ॥

ਹੁਣ ਪਰਧਾਨ ਬ੍ਰਾਹਮਣ (ਤਿਸ ਜਾਤੀ ਨੂੰ ਵਾ) ਤਿਸ ਜਾਤੀ ਵਾਲੇ ਰਵਿਦਾਸ ਨੂੰ ਨਮਸਕਾਰਾਂ ਕਰਦੇ ਹਨ (ਇਸ ਲਈ ਮੈਂ ਜਾਣਿਆਂ ਹੈ ਕਿ ਸਾਰਾ ਤੇਰੇ ਨਾਮ ਦਾ ਹੀ ਪਰਤਾਪ ਹੈ) ਤਾਂਤੇ ਰਵਿਦਾਸ ਤੇਰੇ ਨਾਮ ਦੀ ਸ਼ਰਣ ਹੈ॥

## ਮਲਾਰ॥ ਹਰਿ ਜਪਤ ਤੇਊ ਜਨਾਂ ਪਦਮ ਕਵਲਾਸ ਪਤਿ ਤਾਸ ਸਮ † ਤੁਲਿ ਨਹੀ ਆਨ ਕੋਊ ॥

ਪਦਮ = ਕਮਲ, ਬ੍ਰਹਮਾ ॥ ਕਵਲਾਸ ਪਤਿ = ਕੈਲਾਸ ਪਤੀ, ਸ਼ਿਵਜੀ। ਕਵਲਾ = ਲਛਮੀ, ਵ ਲਖਮੀ ਦਾ ਪਤੀ ਵਿਸ਼ਨੂੰ ॥ ਤਾਸ = ਤਿਸ ॥ ਆਨ = ਹੋਰ ॥

ਜੇਹੜੇ ਆਦਮੀ ਵਾਹਿਗੁਰੂ ਨੂੰ ਜਪਦੇ ਹਨ ਉਨਾਂ ਦੇ ਚਰਨਾਂ ਕਮਲਾਂ ਦੇ ਬਰਾਬਰ ਬ੍ਰਹਮਾਂ, ਵਿਸ਼ਨੂੰ ਸ਼ਿਵਜੀ ਇਤ੍ਯਾਦਿਕ ਹੋਰ ਕੋਈ ਵੀ ਨਹੀਂ ਹੈ ॥

## ਏਕ ਹੀ ਏਕ ਅਨੇਕ ਹੋਇ ਬਿਸਥਰਿਓ ਆਨ ਰੇ ਆਨ ਭਰਪੂਰਿ ਸੋਊ ਰਹਾਉ ॥

ਇੱਕੋ ਇੱਕ ਹੀ ਅਨੇਕ ਰੂਪ ਹੋਕੇ ਸਾਰਿਆਂ ਵਿੱਚ ਫੈਲ ਰਿਹਾ ਹੈ ਹੇ ਭਾਈ ਉਸ ਨੂੰ ਤੂੰ ਰਿਦੇ ਵਿੱਚ ਲਿਆ ਇਕੁਰ ਬਾਰ ਬਾਰ ਆਖਦੇ ਹਨ ਸੋਈ ਸਾਰੇ ਭਰਪੂਰ ਹੋ ਰਿਹਾ ਹੈ ਵਾ ਤਿਸ ਤੋਂ ਬਿਨਾਂ ਹੋਰ ਕੋਈ ਨਹੀਂ ਹੈ ॥

## ਜਾਕੈ ਭਾਗਵਤੁ ਲੇਖੀਐ ਅਵਰੁ ਨਹੀ ਪੇਖੀਐ ਤਾਸ ਕੀ ਜਾਤਿ ਆਛੋਪ ਛੀਪਾ ॥

ਜਿਸ ਦੇ ਘਰ ਭਗਵਤ ਪੁਰਾਣ ਲਿਖੀ ਦਾ ਹੈ ਅਤੇ ਹੋਰ ਕੋਈ ਨਹੀਂ ਵੇਖੀਦਾ ਤਿਸਦੀ ਜਾਤ ਅਛੋਹ ਛੀਂਬਾ ਹੈ ॥

---

†ਸਮ, ਤੁਲਿ = ਦੋਹਾਂ ਪਦਾਂ ਦਾ ਇਕੋ ਹੀ ਅਰਥ ਬਰਾਬਰ ਹੈ ॥

## ਬਿਆਸ ਮਹਿ ਲੇਖੀਐ ਸਨਕ ਮਹਿ ਪੇਖੀਐ
## ਨਾਮ ਕੀ ਨਾਮਨਾ ਸਪਤ ਦੀਪਾ ॥ ੧ ॥

ਵਿਆਸ ਦੇ ਬਨਾਏ ਹੋਏ ਪੁਸਤਕਾਂ ਵਿਚ ਲਿਖੀ ਹੋਈ ਹੈ ਸਨਕ ਆਦਿਕ ਭਗਤਾਂ ਦੇ ਰਿਦੇ ਵਿੱਚ ਵੇਖੀਦੀ ਹੈ, ਨਾਮ ਦੀ ਵਡਿਆਈ ਸੱਤਾਂ ਦੀਪਾਂ ਵਿੱਚ ਹੈ॥

## ਜਾਕੈ ਈਦਿ ਬਕਰੀਦਿ ਕੁਲ ਗਊਰੇ ਬਧੁ ਕਰਹਿ
## ਮਾਨੀਅਹਿ ਸੇਕ ਸਹੀਦ ਪੀਰਾ ॥

ਜਿਸ ਕਬੀਰ ਦੀ ਕੁਲ ਵਿੱਚ ਈਦ ਅਤੇ ਬਕਰੀਦ ਦੇ ਦਿਨਾਂ ਵਿਚ ਗਊ ਆਦਿਕਾਂ ਨੂੰ ਬਧੁ ਕਰਦੇ ਸਨ, ਮੰਨਦੇ ਸਨ ਆਪਣੇ ਮਤ ਦੇ ਸੇਖਾਂ ਸ਼ਹੀਦਾਂ ਅਤੇ ਪੈਗੰਬਰਾਂ ਨੂੰ ।

## ਜਾਕੈ ਬਾਪ ਵੈਸੀ ਕਰੀ ਪੂਤ ਐਸੀ ਸਰੀ
## ਤਿਹੂ ਰੇ ਲੋਕ ਪਰਸਿਧ ਕਬੀਰਾ ॥ ੨ ॥

ਜਿਸਦੇ ਪਿਤਾ ਨੇ ਉੱਕਰ ਦੀ ਮੁਸਲਮਾਨਾਂ ਵਾਲੀ ਰੀਤੀ ਕੀਤੀ ਅਤੇ ਪੁਤ੍ਰ ਕੋਲੋਂ ਇਕੁਰ ਦੀ ਸਰੀ, ਭਾਵ ਜੋ ਵਾਹਿਗੁਰੂ ਦੀ ਭਗਤੀ ਕਰਕੇ ਕਬੀਰ ਤਿੰਨਾਂ ਲੋਕਾਂ ਵਿੱਚ ਪ੍ਰਸਿਧ ਹੋ ਗਿਆ॥

## ਜਾਕੇ ਕੁਟੰਬ ਕੇ ਢੇਢ ਸਭ ਢੋਰ ਢੋਵੰਤ ਫਿਰਹਿ
## ਅਜਹੁ ਬੰਨਾਰਸੀ ਆਸ ਪਾਸਾ ॥

ਢੇਢ = ਚਮਾਰ। ਢੋਰ = ਡੰਗਰ॥ ਜਿਸ ਰਵਿਦਾਸ ਦੀ ਕੁਲ ਦੇ ਸਾਰੇ ਚਮਿਆਰ ਮੋਏ ਹੋਏ ਪਸ਼ੂਆਂ ਨੂੰ ਅਜੇ ਤਕ ਕਾਂਸ਼ੀ ਦੇ ਆਸ ਪਾਸ ਢੋਂਦੇ ਹਨ।

## *ਆਚਾਰ ਸਹਿਤ ਬਿਪ੍ਰ ਕਰਹਿ ਡੰਡਉਤਿ
## ਤਿਨ ਤਨੈ ਰਵਿਦਾਸ ਦਾਸਾਨ ਦਾਸਾ ॥ ੩ ॥ ੨ ॥

ਤਨੈ = ਪੁਤ੍ਰ। ਤਿਨਾਂ ਦੇ ਪੁਤ੍ਰ ਰਵਿਦਾਸ (ਵਾਹਿਗੁਰੂ ਦੇ) ਦਾਸਾਂ ਦੇ ਦਾਸ ਨੂੰ ਖਟ ਕਰਮੀ ਬ੍ਰਹਮਣ ਨਮਸਕਾਰ ਕਰਦੇ ਹਨ॥

## ਮਲਾਰ

## ੧ ਓ ਸਤਿਗੁਰਪ੍ਰਸਾਦਿ॥ ਮਿਲਤ ਪਿਆਰੋ ਪ੍ਰਾਨ ਨਾਥੁ

*ਏਹ ਸ਼ਬਦ ਗੁਰੂ ਅਰਜਨ ਦੇਵ ਜੀ ਨੇ ਰਵਿਦਾਸ ਵੱਲੋਂ ਹੋਕੇ ਆਪ ਉਚਾਰਨ ਕੀਤਾ ਹੈ।

**ਕਵਨ ਭਗਤਿ ਤੇ ॥ ਸਾਧ ਸੰਗਤਿ ਪਾਈ ਪਰਮਗਤੇ ॥ ਰਹਾਉ ॥**

ਪ੍ਰਾਣਾਂ ਦਾ ਪਿਆਰਾ ਵਾਹਿਗੁਰੂ ਕਿਸ ਭਗਤੀ ਕਰਕੇ ਮਿਲਦਾ ਹੈ ਸਾਧ ਸੰਗਤ ਕਰਕੇ (ਉਸਦੀ) ਪਰਮ-ਗਤੀ ਪਾਈ ਹੈ ॥

**ਮੈਲੇ ਕਪਰੇ ਕਹਾ ਲਉ ਧੋਵਉ ॥**
**ਆਵੈਗੀ ਨੀਦ ਕਹਾ ਲਗੁ ਸੋਵਉ ॥ ੧ ॥**

ਮੈਲੇ ਕਪੜੇ ਕਿਥੋਂ ਤਕ ਧੋਵਾਂਗਾ, ਅਵਿਦਯਾ ਨੀਂਦ ਆਵੇਗੀ ਤਾਂ ਕਿਥੋਂ ਤਕ ਸਵਾਂਗਾ ?

**ਜੋਈ ਜੋਈ ਜੋਰਿਓ ਸੋਈ ਸੋਈ ਫਾਟਿਓ ॥**
**ਝੂਠੈ ਬਨਜਿ ਉਠਿ ਹੀ ਗਈ ਹਾਟਿਓ ॥ ੨ ॥**

ਜੋਹੜਾ ੨ ਕਰਮਾਂ ਰੂਪ ਕਪੜਾ ਸੀਤਾ ਸੀ ਸੋਈ ੨ ਫਟ ਗਿਆ ਝੂਠੇ ਵਪਾਰ ਦੀ ਹੱਟੀ ਹੀ ਉਠ ਗਈ ॥

**ਕਹੁ ਰਵਿਦਾਸ ਭਇਓ ਜਬ ਲੇਖੋ ॥**
**ਜੋਈ ਜੋਈ ਕੀਨੋ ਸੋਈ ਸੋਈ ਦੇਖਿਓ ॥ ੩ ॥ ੩ ॥**

ਰਵਿਦਾਸ ਜੀ ਕਹਿੰਦੇ ਹਨ ਜਦੋਂ ਲੇਖਾ ਹੋਯਾ ਤਦੋਂ ਜੋ ਜੋ ਕੀਤਾ ਸੀ ਸੋ ਸੋ ਦੇਖ ਲਿਆ ॥

# ਰਾਗੁ ਕਾਨੜਾ

**ਰਾਗੁ ਕਾਨੜਾ ਬਾਣੀ ਨਾਮਦੇਵ ਜੀਉ ਕੀ**

**ੴ ਸਤਿਗੁਰਪ੍ਰਸਾਦਿ ।**

**ਐਸੋ ਰਾਮ ਰਾਇ ਅੰਤਰਜਾਮੀ ॥**
**ਜੈਸੇ ਦਰਪਨ ਮਾਹਿ ਬਦਨ ਪਰਵਾਨੀ ॥ ੧ ॥ ਰਹਾਉ ॥**

ਦਰਪਨ = ਸ਼ੀਸ਼ਾ । ਬਦਨ = ਮੂੰਹ । ਪਰਵਾਨੀ = ਪ੍ਰਵਾਨ ਨੀਕ।

ਵਾਹਿਗੁਰੂ ਇੱਕੁਰ ਦਾ ਅੰਤਰਜਾਮੀ ਹੈ ਜਿੱਕੁਰ ਸ਼ੀਸ਼ੇ ਵਿਚ ਮੂੰਹ ਦਿਸਦਾ ਹੈ ॥

**ਬਸੈ ਘਟਾ ਘਟ ਲੀਪ ਨ ਛੀਪੈ ॥**
**ਬੰਧਨ ਮੁਕਤਾ ਜਾਤੁ ਨ ਦੀਸੈ ॥ ੧ ॥**

(ਭਾਵੇਂ) ਓਹ ਘਟ ਘਟ ਵਿਚ ਵਸਦਾ ਹੈ ਫਿਰ ਵੀ ਉਸਨੂੰ ਕੋਈ

ਲੇਪ (ਕਿਸੇ ਚੀਜ਼ ਦਾ ਪੋਚਾ) ਨਹੀਂ ਅਤੇ ਨਾਂ ਹੀ ਛਪਦਾ ਹੈ ਬੰਧਨਾ ਤੋਂ ਛੁਟਾ ਹੋਯਾ ਹੈ ਅਤੇ ਉਸਦੀ ਕੋਈ ਜ਼ਾਤ ਵੀ ਨਹੀਂ ਦਿਸਦੀ ਵਾ ਜਾਂਦਾ ਔਂਦਾ ਨਜ਼ਰ ਨਹੀਂ ਔਂਦਾ ॥

**ਪਾਨੀ ਮਾਹਿ ਦੇਖੁ ਮੁਖੁ ਜੈਸਾ ॥**

**ਨਾਮੇ ਕੋ ਸੁਆਮੀ ਬੀਠਲੁ ਐਸਾ ॥ ੨ ॥ ੧ ॥**

ਜਿੱਕੁਰ ਪਾਣੀ ਵਿਚ ਮੂੰਹ ਦਾ ਸਾਯਾ ਦੇਖੀਦਾ ਹੈ ਇੱਕੁਰ ਦਾ ਨਾਮੇ ਦਾ ਬੀਠਲ ਹੈ ॥

# ਰਾਗੁ ਪ੍ਰਭਾਤੀ

## ਬਿਭਾਸ ਪ੍ਰਭਾਤੀ ਬਾਣੀ ਭਗਤ ਕਬੀਰ ਜੀ ਕੀ

**ੴ ਸਤਿਗੁਰਪ੍ਰਸਾਦਿ ॥ ਮਰਨ ਜੀਵਨ ਕੀ ਸੰਕਾ ਨਾਸੀ॥**

**ਆਪਨ ਰੰਗਿ ਸਹਜ ਪਰਗਾਸੀ ॥ ੧ ॥**

ਮਰਨ ਜੀਵਣ ਦੀ ਸ਼ੰਕਾ ਨਸ ਗਈ ਹੈ ਆਪਣੇ ਅਨੰਦ ਦੀ ਸਹਜਤਾ ਪ੍ਰਕਾਸ਼ੀ ਹੈ ॥

**ਪ੍ਰਗਟੀ ਜੋਤਿ ਮਿਟਿਆ ਅੰਧਿਆਰਾ ॥**

**ਰਾਮ ਰਤਨੁ ਪਾਇਆ ਕਰਤ ਬੀਚਾਰਾ ॥ ੧ ॥ ਰਹਾਉ ॥**

ਗਿਆਨ ਰੂਪ ਜੋਤਿ ਪ੍ਰਗਟੀ ਹੈ ਅਤੇ ਅਗ੍ਯਾਨ ਰੂਪ ਅੰਧੇਰਾ ਮਿਟ ਗਿਆ ਹੈ, ਵਿਚਾਰਾਂ ਕਰਦਿਆਂ ਵਾਹਿਗੁਰੂ ਰੂਪ ਰਤਨ ਪਾ ਲਿਆ ਹੈ ॥

**ਜਹ ਅਨੰਦੁ ਦੁਖੁ ਦੂਰਿ ਪਇਆਨਾ ॥**

**ਮਨੁ ਮਾਨਕੁ ਲਿਵ ਤਤੁ ਲੁਕਾਨਾ ॥ ੨ ॥**

ਜਿਸਨੂੰ ਅਨੰਦ ਹੋਯਾ ਹੈ ਉਸਦਾ ਦੁਖ ਦੂਰ (ਚਲਿਆ) ਹੋ ਗਿਆ ਹੈ, ਜਿਸਨੇ ਵਾਹਿਗੁਰੂ ਦੀ ਲਿਵ ਲਾਈ ਹੈ ਉਸਦੇ ਮਨ ਵਿਚ ਮਾਣਕ ਤਤ ਲੁਕਿਆ ਹੋਯਾ ਹੈ ਵਾ ਮਨ ਮਾਣਕ ਵਾਂਙੂ ਸ਼ੁੱਧ ਨਿਰਮਲ ਹੋਯਾ ਤੇ ਤਾਂ ਲਿਵ ਲਗੀ ਅਤੇ ਤਤ ਵਿਚ ਲੁਕ ਗਿਆ ।

**ਜੋ ਕਿਛੁ ਹੋਆ ਸੁ ਤੇਰਾ ਭਾਣਾ ॥**

**ਜੋ ਇਵ ਬੂਝੈ ਸੋ ਸਹਜਿ ਸਮਾਣਾ ॥ ੩ ॥**

ਜੋ ਕੁਝ ਹੋਯਾ ਹੈ ਸੋ ਤੇਰਾ ਹੀ ਭਾਣਾਂ ਹੈ ਜਿਸਨੇ ਇੱਕਰ ਬੁਝਿਆ ਹੈ

ਓਹ ਸਹਜ ਵਿੱਚ ਸਮਾ ਗਿਆ ਹੈ।

**ਕਹਤੁ ਕਬੀਰੁ ਕਿਲ ਬਿਖ ਗਏ ਖੀਣਾ ॥**

**ਮਨੁ ਭਇਆ ਜਗ ਜੀਵਨ ਲੀਣਾ ॥ ੪ ॥ ੧॥**

ਕਬੀਰ ਜੀ ਕਹਿੰਦੇ ਹਨ ਪਾਪ ਨਾਸ ਹੋ ਗਏ, ਮਨ ਜਗ ਜੀਵਣ ਵਿੱਚ ਲੀਨ ਹੋ ਗਿਆ।

**ਪ੍ਰਭਾਤੀ ॥ ਅਲਹੁ ਏਕੁ ਮਸੀਤਿ ਬਸਤੁ ਹੈ**

**ਅਵਰੁ ਮੁਲਖੁ ਕਿਸੁ ਕੇਰਾ ॥**

**ਹਿੰਦੂ ਮੂਰਤਿ ਨਾਮ ਨਿਵਾਸੀ ਦੁਹ ਮਹਿ ਤਤੁ ਨ ਹੇਰਾ ॥ ੧ ॥**

ਹੇਰਾ = ਵੇਖਿਆ।

ਹੇ ਕਾਜੀ ੧ "ਅੱਲਾ ਇਕ ਮਸੀਤ ਵਿੱਚ ਹੈ ਅਤੇ ਹੋਰ ਮੁਲਕ ਕਿਸਦਾ ਹੈ" ? ਹਿੰਦੂਆਂ ਨੇ ਪੱਥਰ ਆਦਿਕਾਂ ਦੀਆਂ ਮੂਰਤਾਂ ਵਿੱਚ ਨਾਮੀ ਨੂੰ ਨਿਵਾਸੀ ਸਮਝਿਆ ਹੈ, ਇਸ ਲਈ ਮੈਂ ਦੋਹਾਂ ਵਿਚ ਹੀ ਤੱਤ ਨੂੰ ਨਹੀਂ ਵੇਖਿਆ ।।

**ਅਲਹ ਰਾਮ ਜੀਵਉ ਤੇਰੇ ਨਾਈ ॥**

**ਤੂ ਕਰਿ ਮਿਹਰਾਮਤਿ ਸਾਈ ॥ ੧ ॥ ਰਹਾਉ ॥**

ਹੇ ਅੱਲਾ ਰਾਮ ਮੈਂ ਤੇਰੇ ਨਾਮ ਕਰਕੇ ਜੀਂਵਦਾ ਹਾਂ ਹੇ ਸਾਂਈ ਮੇਰੇ ਤੇ ਤੂੰ ਮੇਹਰਬਾਨੀ ਕਰ।

**ਦਖਨ ਦੇਸ ਹਰੀ ਕਾ ਬਾਸਾ ਪਛਿਮਿ ਅਲਹ ਮੁਕਾਮਾ ॥**

**ਦਿਲ ਮਹਿ ਖੋਜਿ ਦਿਲੈ ਦਿਲਿ ਖੋਜਹੁ**

**ਏਹੀ ਠਉਰ ਮੁਕਾਮਾ ॥ ੨ ॥**

ਹਿੰਦੂ ਦੱਖਣ ਦੇਸ ਵਿੱਚ ਹਰੀ ਦਾ ਵਾਸਾ ਮੰਨਦੇ ਹਨ ਅਤੇ ਮੁਸਲਮਾਨ ਪੱਛਮ ਵਿਚ ਅੱਲਾ ਦਾ ਮੁਕਾਮ ਮੰਨਦੇ ਹਨ, ਹੇ ਭਾਈ ਆਪਣੇ ਦਿਲ ਵਿਚੋਂ ਖੋਜਕੇ ਫਿਰ ਹਰ ਇਕ ੇ ਦਿਲ ਵਿਚੋਂ ਖੋਜੋ ਕਿਉਂਕਿ ਇਸ ਹੀ ਜਗਾ ਵਿੱਚ ਵਾਹਿਗੁਰੂ ਦਾ ਘਰ ਹੈ।

**ਬ੍ਰਹਮਨ ਗਿਆਸ ਕਰਹਿ ਚਉਬੀਸਾ ਕਾਜੀ ਮਹ ਰਮਜਾਨਾ ॥**

**ਗਿਆਰਹ ਮਾਸ ਪਾਸ ਕੈ ਰਾਖੇ ਏਕੈ ਮਾਹਿ ਨਿਧਾਨਾ ॥ ੩ ॥**

ਗਿਆਸ = ਇਕਾਦਸੀਆਂ। ਗਿਆਰਹ ਮਾਸ = ੧੧ ਮਹੀਨੇ

ਮਹ ਰਮਜਾਨਾ = ਮਹੀਨਾ ਰੋਜਿਆਂ ਦਾ।

ਪਾਂਡੇ ਚਵੀ ਇਕਾਦਸੀਆਂ ਕਰਦੇ (ਰੱਖਦੇ) ਹਨ ਤੇ ਕਾਜ਼ੀ ਰੋਜਿਆਂ ਦਾ ਮਹੀਨਾਂ ਉਤਮ ਜਾਣਦੇ ਹਨ, ਅਫਸੋਸ ੧੧ ਮਹੀਨੇ ਲਾਂਭੇ ਕਰਕੇ ਰੱਖ ਦਿਤੇ ਹਨ ਅਤੇ ਇਕੋ ਵਿੱਚ ਹੀ ਨਿਧੀਆਂ ਦੇ ਖਜਾਨੇ ਵਾਹਿਗੁਰੂ ਨੂੰ ਜਾਣ ਰਖਿਆ ਨੇ।

**ਕਹਾ ਉਡੀਸੇ ਮਜਨੁ ਕੀਆ ਕਿਆ ਮਸੀਤਿ ਸਿਰੁ ਨਾਂਏਂ ॥**
**ਦਿਲ ਮਹਿ ਕਪਟੁ ਨਿਵਾਜ ਗੁਜਾਰੈ**
**ਕਿਆ ਹਜ ਕਾਬੈ ਜਾਂਏਂ ॥ ੪ ॥**

ਉਡੀਸੇ = ਇਕ ਦੇਸ਼ ਹੈ। ਮਜਨੁ = ਇਸ਼ਨਾਨ।

ਕਿਆ ਹੋਇਆ ਜੋ ਉਡੀਸੇ ਦੇਸ ਵਿੱਚ ਜਾਕੇ ਇਸ਼ਨਾਨ ਕੀਤਾ, ਅਤੇ ਕਿਆ ਹੋਇਆ ਜੋ ਮਸੀਤ ਵਿੱਚ ਜਾਕੇ ਸਿਰ ਨਿਵਾਇਆ ਕਿਉਂਕਿ (ਭਾਵ) ਦਿਲ ਵਿੱਚ ਖੋਟ ਹੈ ਅਤੇ ਨਿਵਾਜ ਗੁਜਾਰਦਾ ਹੈ ਅਤੇ ਕਿਆ ਹੋਇਆ ਜੇ ਹੱਜ ਕਰਨ ਕਾਬੇ ਜਾਂਦਾ ਹੈ ਤਾਂ।

**ਏਤੇ ਅਉਰਤ ਮਰਦਾ ਸਾਜੇ ਏ ਸਭ ਰੂਪ ਤੁਮਾਰੇ ॥**
**ਕਬੀਰੁ ਪੂੰਗਰਾ ਰਾਮ ਅਲਹ ਕਾ ਸਭ ਗੁਰ ਪੀਰ ਹਮਾਰੇ ॥ ੫ ॥**

ਇਤਨੀਆਂ ਔਰਤਾਂ ਅਤੇ ਇਤਨੇ ਮਰਦ ਵਾਹਿਗੁਰੂ ਨੇ ਬਣਾਏ ਹਨ ਹੇ ਵਾਹਿਗੁਰੂ ਏਹ ਸਾਰੇ ਹੀ ਤੇਰੇ ਰੂਪ ਹਨ, ਕਬੀਰ ਰਾਮ ਅਤੇ ਅੱਲਾ ਦਾ ਬੱਚਾ ਹੈ ਅਤੇ ਏਹ ਸਾਰੇ ਹਮਾਰੇ ਗੁਰ ਪੀਰ ਹਨ॥

**ਕਹਤੁ ਕਬੀਰੁ ਸੁਨਹੁ ਨਰ ਨਰਵੈ ਪਰਹੁ ਏਕ ਕੀ ਸਰਨਾ ॥**
**ਕੇਵਲ ਨਾਮੁ ਜਪਹੁ ਰੇ ਪ੍ਰਾਨੀ ਤਬਹੀ ਨਿਹਚੈ ਤਰਨਾ ॥ ੬॥੨॥**

ਨਰਵੈ = ਇਸਤ੍ਰੀਆਂ ਵਾ ਨਿਰਨਾ ਕਰਕੇ॥

ਕਬੀਰ ਜੀ ਕਹਿੰਦੇ ਹਨ ਹੇ ਇਸਤ੍ਰੀ ਪੁਰਸ਼ੋ ਤੁਸੀਂ ਸੁਣੋਂ "ਤੁਸੀ ਇਕ ਦੀ ਸ਼ਰਣ ਪਵੋ" ਹੇ ਪ੍ਰਾਣੀ ਕੇਵਲ ਤੁਸੀਂ ਨਾਮ ਜਪੋ ਤਦ ਹੀ ਤੁਹਾਡਾ ਨਿਸ਼ਚੇ ਤਰਨਾ ਹੋ ਜਾਵੇਗਾ॥

**ਪ੍ਰਭਾਤੀ ॥ ਅਵਲਿ ਅਲਹ ਨੂਰੁ ਉਪਾਇਆ ਕੁਦਰਤਿ ਕੇ ਸਭ ਬੰਦੇ ॥ ਏਕ ਨੂਰ ਤੇ ਸਭੁ ਜਗੁ ਉਪਜਿਆ ਕਉਨ ਭਲੇ ਕੋ ਮੰਦੇ ॥ ੧ ॥**

ਪਹਿਲੇ ਇਕ ਅੱਲਾ ਨੇ ਨੂਰ ਪ੍ਰਗਟ ਕੀਤਾ ਹੈ "ਏ ਬੰਦੇ ਸਾਰੇ ਕੁਦਰਤਿ

ਦੇ ਹਨ"। ਇਕ ਨੂਰ ਤੋਂ ਸਾਰਾ ਜਗਤ ਉਪਜਿਆ ਹੈ ਭਲਾ ਦਸੋ ਖਾਂ ਕੌਣ ਭਲੇ ਅਤੇ ਕੌਣ ਮੰਦੇ ਹਨ ?

**ਲੋਗਾ ਭਰਮਿ ਨ ਭੂਲਹੁ ਭਾਈ ॥**
**ਖਾਲਿਕੁ ਖਲਕ ਖਲਕ ਮਹਿ ਖਾਲਿਕੁ**
**ਪੂਰਿ ਰਹਿਓ ਸ੍ਰਬ ਠਾਂਈ ॥ ੧ ॥ ਰਹਾਉ ॥**

ਹੇ ਭਾਈ ਲੋਕੋ ਤੁਸੀਂ ਭਰਮ ਵਿਚ ਨਾ ਭੁਲੋ, ਵਾਹਿਗੁਰੂ ਖਲਕਤ ਵਿਚ ਹੈ ਤੇ ਖਲਕਤ ਵਾਹਿਗੁਰੂ ਵਿਚ ਹੈ ਓਹ ਵਾਹਿਗੁਰੂ ਸਾਰੇ ਪੂਰਨ ਹੋ ਰਿਹਾ ਹੈ।

**ਮਾਟੀ ਏਕ ਅਨੇਕ ਭਾਂਤਿ ਕਰਿ ਸਾਜੀ ਸਾਜਨ ਹਾਰੈ ॥**
**ਨਾ ਕਛੁ ਪੋਚ ਮਾਟੀ ਕੇ ਭਾਂਡੇ ਨਾ ਕਛੁ ਪੋਚ ਕੁੰਭਾਰੈ ॥ ੨ ॥**

ਪੋਚ = ਨੀਚਤਾ, "ਪੋਚਾ"

ਇਕ ਮਿੱਟੀ ਅਨੇਕ ਤਰਾਂ ਕਰਕੇ ਸਾਜਣ ਵਾਲੇ ਨੇ ਸਾਜੀ ਹੈ । ਨਾਂ ਕੁਝ ਨੂਨਤਾ ਮਿੱਟੀ ਦੇ ਭਾਂਡਿਆਂ ਵਿਚ ਹੈ ਅਤੇ ਨਾ ਕੁਝ ਪੋਚਤਾ ਘੁਮਿਆਰ ਵਿਚ ਹੈ, ਭਾਵ ਏਹ ਸਾਰੀ ਸ੍ਰਿਸ਼ਟੀ ਵਾਹਿਗੁਰੂ ਦੀ ਬਣਾਈ ਹੋਈ ਹੈ ਅਤੇ ਵਾਹਿਗੁਰੂ ਦਾ ਰੂਪ ਹੈ।

**ਸਭ ਮਹਿ ਸਚਾ ਏਕੋ ਸੋਈ ਤਿਸ ਕਾ ਕੀਆ ਸਭੁ**
**ਕਛੁ ਹੋਈ॥ ਹੁਕਮੁ ਪਛਾਨੈ ਸੁ ਏਕੋ ਜਾਨੈ ਬੰਦਾ ਕਹੀਐ**
**ਸੋਈ ॥ ੩ ॥**

ਸਾਰਿਆਂ ਵਿਚ ਸੱਚਾ ਸੋਈ ਇਕੋ ਹੀ ਹੈ ਤਿਸਦਾ ਕੀਤਾ ਸਭ ਕੁਝ ਹੁੰਦਾ ਹੈ, ਵਾਹਿਗੁਰੂ ਦਾ ਹੁਕਮ ਪਛਾਣੇ ਅਤੇ ਇਕੋ ਨੂੰ ਹੀ ਜਾਣੇ ਓਹੋ ਹੀ ਬੰਦਾ ਕਹੀਦਾ ਹੈ ।

**ਅਲਹੁ ਅਲਖੁ ਨ ਜਾਈ ਲਖਿਆ ਗੁਰਿ ਗੁੜੁ ਦੀਨਾ**
**ਮੀਠਾ ॥ ਕਹਿ ਕਬੀਰ ਮੇਰੀ ਸੰਕਾ ਨਾਸੀ**
**ਸਰਬ ਨਿਰੰਜਨੁ ਡੀਠਾ ॥ ੪ ॥ ੩ ॥**

ਅੱਲਾ ਅਲਖ ਹੈ ਲਖਿਆ ਨਹੀਂ ਜਾਂਦਾ ਗੁਰਾਂ ਨੇ ਉਪਦੇਸ਼ ਰੂਪ (ਮੈਨੂੰ) ਮਿੱਠਾ ਗੁੜ ਦਿਤਾ ਹੈ, ਕਬੀਰ ਜੀ ਕਹਿੰਦੇ ਹਨ ਮੇਰੀ ਸ਼ੰਕਾ ਦੂਰ ਹੋ ਗਈ ਹੈ, ਕਿਉਂਕਿ ਮੈਂ ਸਾਰੇ ਹੀ ਵਾਹਿਗੁਰੂ ਨੂੰ ਵੇਖਿਆ ਹੈ।

**ਪ੍ਰਭਾਤੀ ॥*ਬੇਦ ਕਤੇਬ ਕਹਹੁ ਮਤ ਝੂਠੇ ਝੂਠਾ ਜੋ ਨ ਬਿਚਾਰੈ ॥ ਜਉ ਸਭ ਮਹਿ ਏਕੁ ਖੁਦਾਇ ਕਰਤ ਹਉ ਤਉ ਕਿਉ ਮੁਰਗੀ ਮਾਰੈ ॥ ੧ ॥**

ਹੇ ਭਾਈ ਵੇਦਾਂ ਕਤੇਬਾਂ ਨੂੰ ਮਤ ਝੂਠੇ ਕਹੋ, ਝੂਠਾ ਓਹ ਹੈ ਜੇਹੜਾ ਓਹਨਾਂ ਨੂੰ ਵਿਚਾਰਦਾ ਨਹੀਂ ਜੇ ਤੁਸੀਂ ਸਾਰਿਆਂ ਵਿਚ ਇਕ ਖੁਦਾ ਕਹਿੰਦੇ ਹੋ ਤਾਂ ਕਿਉਂ ਮੁਰਗੀ ਆਦਿਕ ਜਾਨਵਰਾਂ ਨੂੰ ਮਾਰਦੇ ਹੋ।

**ਮੁਲਾਂ ਕਹਹੁ ਨਿਆਉ ਖੁਦਾਈ ॥ ਤੇਰੇ ਮਨ ਕਾ ਭਰਮੁ ਨ ਜਾਈ ॥ ੧ ॥ ਰਹਾਉ ॥**

ਹੇ ਮੁਲਾਂ ਖੁਦਾਈ ਨਿਆਇ ਕਰੋ ਖਾਂ, ਤੇਰੇ ਮਨ ਦਾ ਭਰਮ ਨਹੀਂ ਜਾਂਦਾ।

**ਪਕਰਿ ਜੀਉ ਆਨਿਆ ਦੇਹ ਬਿਨਾਸੀ ਮਾਟੀ ਕਉ ਬਿਸਮਿਲਿ ਕੀਆ ॥ ਜੋਤਿ ਸਰੂਪ ਅਨਾਹਤ ਲਾਗੀ ਕਹੁ ਹਲਾਲੁ ਕਿਆ ਕੀਆ ॥ ੨ ॥**

ਜੀਅ ਪਕੜਕੇ ਆਂਦਾ ਅਤੇ ਉਸਦੀ ਦੇਹ ਨਾਸ ਕੀਤੀ, ਹਾਇ ! ਤੂੰ ਜੀਅ ਨੂੰ ਤੇ ਨਹੀਂ ਮਾਰਿਆ ਮਿੱਟੀ ਨੂੰ ਹੀ ਹਲਾਲ ਕੀਤਾ ਹੈ, ਜਿਸਨੂੰ ਤੂੰ ਮਾਰਿਆ ਓਹੁ ਜੋਤਿ ਵਾਹਿਗੁਰੂ ਜੋਤੀ ਸਰੂਪ ਨਾਲ ਇਕ ਰਸ ਜਾ ਲਗੀ ਭਾਵ ਮਿਲ ਗਈ ਭਲਾ ਦਸ ਖਾਂ ਤੂੰ ਹਲਾਲ ਕੀ ਕੀਤਾ ?

**ਕਿਆ ਉਜੂ ਪਾਕੁ ਕੀਆ ਮੁਹੁ ਧੋਇਆ ਕਿਆ ਮਸੀਤਿ ਸਿਰੁ ਲਾਇਆ ॥ ਜਉ ਦਿਲ ਮਹਿ ਕਪਟੁ ਨਿਵਾਜ ਗੁਜਾਰਹੁ ਕਿਆ ਹਜ ਕਾਬੈ ਜਾਇਆ ॥ ੩ ॥**

ਕਿਆ ਹੋਇਆ ਜੇ ਉਜੂ ਕਰਕੇ ਮੂੰਹ ਧੋਤਾ ਅਤੇ ਸਰੀਰ ਨੂੰ ਪਵਿਤ੍ਰ

---

*ਕਬੀਰ ਜੀ ਦਾ ਏਹ ਸਿਧਾਂਤ ਹੈ ਕਿ ਤੁਸੀਂ ਜੀਵ ਹੱਤਿਆ ਕਰਦੇ ਹੋ ਅਤੇ ਵੇਦਾਂ ਕਤੇਬਾਂ ਦੇ ਨਾਂ ਲਾ ਦੇਂਦੇ ਹੋ ਪਰ ਨਾਲ ਹੀ ਏਹ ਆਖਦੇ ਹਨ ਕਿ ਮੇਰਾ ਸਿਧਾਂਤ ਵੇਦਾਂ ਕਤੇਬਾਂ ਨੂੰ ਪੂਜਣ ਦਾ ਨਹੀਂ ਮੇਰਾ ਸਿਧਾਂਤ ਏਹ ਹੈ ਕਿ ਤੁਸੀਂ ਵਾਹਿਗੁਰੂ ਨੂੰ ਪੂਜੋ ਅਤੇ ਵੇਦ ਕਤੇਬ ਏਹ ਹਨ "ਵੇਦ ਕਤੇਬ ਇਫਤਰਾ ਭਾਈ ਦਿਲ ਕਾ ਫਿਕਰ ਨ ਜਾਇ" ਹੋਰ ਦੇਖੋ ॥ ਬੇਦ ਕਤੇਬ ਸੰਸਾਰ ਹਭਾਹੂੰ ਬਾਹਰਾ ॥ ਨਾਨਕ ਕਾ ਪਾਤਸ਼ਾਹ ਦਿਸੈ ਜਾਹਰਾ ॥

ਹੋਰ ਬੇਦ ਪਾਠ ਸੰਸਾਰ ਕੀ ਕਾਰ ॥ ਜਿਨ ਕੀ ਲਿਵ ਹਰਿ ਚਰਨ ਲਾਗੀ ਤੇ ਵੇਦਨ ਤੇ ਭਏ ਤਿਆਗੀ—ਦਸਮ ਗ੍ਰੰਥ।

ਕੀਤਾ ਅਤੇ ਕੀ ਹੋਇਆ ਜੇ ਮਸੀਤ ਨੂੰ ਸਿਰ ਲਾਇਆ (ਨਵਾਇਆ) ਜੇ ਦਿਲ ਵਿਚ ਕਪਟ ਹੈ ਤਾਂ ਉੱਤੋਂ ਦਖਾਵੇ ਮਾਤ੍ਰ ਨਿਵਾਜ ਗੁਜਾਰਦੇ ਹੋ, ਕੀ ਹਜ ਵਾਸਤੇ ਕਾਬੇ ਜਾਣਾ ਹੈ ॥

**ਤੂ ਨਾਪਾਕੁ ਪਾਕੁ ਨਹੀ ਸੂਝਿਆ ਤਿਸਕਾ ਮਰਮੁ ਨ ਜਾਨਿਆ ॥ ਕਹਿ ਕਬੀਰ ਭਿਸਤਿ ਤੇ ਚੂਕਾ ਦੋਜਕ ਸਿਉ ਮਨੁ ਮਾਨਿਆ ॥ ੪ ॥ ੪ ॥**

ਪਰਮ = ਭੇਦ ॥

ਤੂੰ ਅਪਵਿਤ੍ਰ ਹੈਂ ਕਿਉਂਕਿ ਪਵਿਤ੍ਰ ਪ੍ਰਮਾਤਮਾ ਤੈਨੂੰ ਨਹੀਂ ਸੁਝਿਆ ਅਤੇ ਨਾ ਤੂੰ ਤਿਸਦਾ ਭੇਦ ਜਾਣਿਆ ਹੈ ਕਬੀਰ ਜੀ ਕੈਂਹਦੇ ਹਨ ਤੂੰ ਭਿਸਤ ਤੋਂ ਚੁਕ ਗਿਆ ਹੈਂ ਅਤੇ ਦੋਜਕ ਨਾਲ ਤੇਰਾ ਮਨ ਮੰਨਿਆ ਹੈ ।

**ਪ੍ਰਭਾਤੀ ॥ ਸੁਨ ਸੰਧਿਆ ਤੇਰੀ ਦੇਵ ਦੇਵਾ ਕਰ ਅਧਪਤਿ ਆਦਿ ਸਮਾਈ ॥ ਸਿਧ ਸਮਾਧਿ ਅੰਤੁ ਨਹੀ ਪਾਇਆ ਲਾਗਿ ਰਹੇ ਸਰਨਾਈ ॥ ੧ ॥**

ਸੁੰਨਿ = ਖਾਲੀ "ਸੁੰਨ" ਅਫੁਰ । ਸੰਧਿਆ = ਆਰਤੀ । ਅਧਪਤਿ = ਰਾਜਾ ।

ਹੇ ਅਫੁਰ ਇੰਦ੍ਰਾਦਿਕ ਦੇਵਤਿਆਂ ਦੇ ਕਰਨ ਵਾਲੇ ਅਤੇ ਸਭ ਦੇ ਪਹਿਲੋਂ ਦੇ ਰਾਜੇ ਤੇਰੀ ਮੈਂ ਆਰਤੀ ਕਰਦਾ ਹਾਂ, ਕਿਉਂਕਿ ਤੇਰੀ ਸਾਰੇ ਸਮਾਈ ਹੋ ਰਹੀ ਹੈ, ਕਿਉਂਕਿ ਸਮਾਧੀਆਂ ਲੌਣ ਵਾਲੇ ਸਿਧਾਂ ਨੇ ਤੇਰਾ ਅੰਤ ਨਹੀਂ ਪਾਇਆ ਤੇਰੀ ਸ਼ਰਣ ਲਗ ਰਹੇ ਹਨ ।

**ਲੇਹੁ ਆਰਤੀ ਹੋ ਪੁਰਖ ਨਿਰੰਜਨ ਸਤਿਗੁਰ ਪੂਜਹੁ ਭਾਈ ॥ ਠਾਢਾ ਬ੍ਰਹਮਾ ਨਿਗਮ ਬੀਚਾਰੈ ਅਲਖੁ ਨ ਲਖਿਆ ਜਾਈ ॥ ੧ ॥ ਰਹਾਉ ॥**

ਠਾਢਾ = ਖੜੋਤਾ । ਨਿਗਮ = ਵੇਦ ।

ਹੇ ਮਾਇਆ ਤੋਂ ਰਹਤ ਅਕਾਲ ਪੁਰਖ ਮੇਰੀ ਇੱਕੁਰ ਦੀ ਆਰਤੀ ਕਬੂਲ ਕਰ ਲਵੋ, ਅਥਵਾ ਕਬੀਰ ਜੀ ਆਖਦੇ ਹਨ ਕਿ ਹੇ ਭਾਈ ਤੁਸੀਂ ਵੀ ਮੇਰੇ ਵਾਂਗਰ ਨਿਰੰਜਨ ਅਕਾਲ ਪੁਰਖ ਦੀ ਆਰਤੀ ਕਰੋ ਅਤੇ ਸਤਿਗੁਰਾਂ ਨੂੰ ਪੂਜੋ, ਜਿਸ ਦੇ ਬੂਹੇ ਤੇ ਖੜੋਤਾ ਹੋਇਆ ਬ੍ਰਹਮਾ ਵੇਦਾਂ ਨੂੰ ਉਚਾਰਦਾ ਹੈ ਅਤੇ ਫਿਰ ਵੀ ਓਹ ਅਲੇਖ ਉਸ ਪਾਸੋਂ ਨਹੀਂ ਵੇਖਿਆ ਜਾਂਦਾ ।

**ਤਤੁ ਤੇਲੁ ਨਾਮੁ ਕੀਆ ਬਾਤੀ ਦੀਪਕੁ ਦੇਹ ਉਜ੍ਹਾਰਾ ॥ ਜੋਤਿ ਲਾਇ ਜਗਦੀਸ ਜਗਾਇਆ ਬੂਝੈ ਬੂਝਨਹਾਰਾ ॥ ੨ ॥**

ਉਜਾਰਾ = ਚਾਨਣ ॥

ਵਾਹਿਗੁਰੂ ਦਾ ਸਿਧਾਂਤ ਤੇਲ ਕੀਤਾ ਹੈ ਅਤੇ ਨਾਮ ਬੱਤੀ ਕੀਤੀ ਹੈ ਸਰੀਰ ਰੂਪ ਦੀਵਾ ਕੀਤਾ ਹੈ ਜਿਸ ਵਿਚ ਗਿਆਨ ਰੂਪ ਚਾਨਣ ਹੈ ਜਗਦੀਸ ਦੀ ਜੋਤਿ ਲਾਕੇ ਜਗਾਇਆ ਹੈ ਇਸ ਗਲ ਨੂੰ ਕੋਈ ਵਿਰਲਾ ਹੀ ਬੁੱਝਣ ਵਾਲਾ ਬੁਝਦਾ ਹੈ।

***ਪੰਚੇ ਸਬਦ ਅਨਾਹਦ ਬਾਜੇ ਸੰਗੇ ਸਾਰਿੰਗ ਪਾਨੀ ॥ ਕਬੀਰ †ਦਾਸ ਤੇਰੀ ਆਰਤੀ ਕੀਨੀ ਨਿਰੰਕਾਰ ਨਿਰਬਾਨੀ ॥ ੩॥੫॥**

ਪੰਜੇ ਸ਼ਬਦ ਇਕ ਰਸ (ਵਾਜੇ) ਵਜਦੇ ਹਨ ਅਤੇ ਨਾਲ ਹੀ ਅਸਾਂ ਆਪਣੇ ਵਾਹਿਗੁਰੂ ਨੂੰ ਜਾਣਿਆ ਹੈ। ਹੇ ਨਿਰੰਕਾਰ ਨਿਰਬਾਣੀ ਕਬੀਰ ਜੀ ਕਹਿੰਦੇ ਹਨ ਅਸਾਂ ਤੇਰੀ ਇੱਕੁਰ ਦੀ ਆਰਤੀ ਕੀਤੀ ਹੈ।

## ਪ੍ਰਭਾਤੀ ਬਾਣੀ ਭਗਤ ਨਾਮਦੇਵ ਜੀ ਕੀ

**੧ ਓ ਸਤਿਗੁਰਪ੍ਰਸਾਦਿ ॥ ਮਨ ਕੀ ਬਿਰਥਾ ਮਨੁ ਹੀ ਜਾਨੈ ਕੈ ਬੂਝਲ ਆਗੈ ਕਹੀਐ ॥ ਅੰਤਰਜਾਮੀ ਰਾਮੁ ਰਵਾਂਈ ਮੈ ਡਰੁ ਕੈਸੇ ਚਹੀਐ ॥ ੧ ॥**

ਰਵਾਂਈ = ਰਵਣਾ, ਜਪਣਾ।

ਇਸ ਮਨ ਦੀ ਦਸ਼ਾ ਮਨ ਹੀ ਜਾਣਦਾ ਹੈ ਕਿਸ ਬੁਝਣ ਵਾਲੇ ਅਗੇ ਕਹੀਏ, ਅਥਵਾ ਹੇ ਵਾਹਿਗੁਰੂ ਇਸ ਮਨ ਦੀ ਪੀੜ੍ਹਾ ਨੂੰ ਮਨ ਹੀ ਜਾਣਦਾ ਹੈ (ਕੈ) ਅਥਵਾ ਗੁਰਾਂ ਅਗੇ ਕਹੀਏ, ਹੇ ਅੰਤਰਜਾਮੀ ਤੇਰਾ ਨਾਮ ਲੈਂਦਿਆਂ ਹੋਇਆਂ ਮੈਨੂੰ ਕਿਸੇ ਦਾ ਡਰ ਕਿੱਕੁਰ ਹੋਣਾ ਚਾਹੀਦਾ ਹੈ।

**ਬੇਧੀਅਲੇ ਗੋਪਾਲ ਗੋੁਸਾਈ ॥**
**ਮੇਰਾ ਪ੍ਰਭੁ ਰਵਿਆ ਸਰਬੇ ਠਾਈ ॥ ੧ ॥ ਰਹਾਉ ॥**

ਏਧੀਅਲੇ = ਵਿੰਨ੍ਹਜਾ, ਮਿਲਿਆ।

ਹੇ ਗੁਪਾਲ ਗੁਸਾਂਈ ਮੇਰਾ ਮਨ ਤੇਰੇ ਨਾਲ ਮਿਲ ਗਿਆ ਹੈ ਅਤੇ ਹੇ ਪ੍ਰਭੂ ਤੂੰ ਸਾਰੇ ਹੀ ਥਾਵਾਂ ਵਿਚ ਫੈਲਿਆ ਹੋਇਆ ਹੈਂ।

---

*੧ ਤਤ, ੨ ਬਿਤ, ੩ ਘਨ, ੪ ਨਾਦ, ੫ ਸੁਖਰ, ਏਹ ਪੰਜ ਤਰਾਂ ਦੇ ਸ਼ਬਦ ਵਾਜੇ ਹਨ ਅਥਵਾ ਪੰਜੇ ਇੰਦੇ ਲਗਾ ਲੈਣੇ।

†ਪਿਆਰੇ ਪਾਠਕੋ! ਤੁਸੀ ਲੰਮੀ ਨਜ਼ਰ ਨਾਲ ਵਿਚਾਰਕੇ ਦੇਖੋ ਕਿ ਕਬੀਰ ਜੀ ਨੇ ਕਿੱਕੁਰ ਦੀ ਆਰਤੀ ਕੀਤੀ ਹੈ। ਭਾਵ ਇਹ ਸੱਚੀ ਨਿਰੰਕਾਰੀ ਆਰਤੀ ਹੈ।

***ਮਾਨੈ ਹਾਟੁ ਮਾਨੈ ਪਾਟੁ ਮਾਨੈ ਹੈ ਪਾਸਾਰੀ ॥**
**ਮਾਨੈ ਬਾਸੈ ਨਾਨਾ ਭੇਦੀ ਭਰਮਤੁ ਹੈ ਸੰਸਾਰੀ ॥ ੨ ॥**

ਪਾਟੁ = ਸ਼ਹਿਰ ॥ ਮਨ ਹੀ ਹੱਟ ਹੈ ਮਨ ਹੀ ਸ਼ੈਹਰ ਹੈ ਮਨ ਹੀ ਪਾਸਾਰੀ ਹੈ ਮਨ ਹੀ ਨਾਨਾਂ ਤਰਾਂ ਦੀਆਂ ਵਾਸ਼ਨਾਂ ਵਾਲਾ ਭੇਦੀ ਹੋਕੇ ਸਾਰਿਆਂ ਵਿੱਚ ਵੱਸ ਰਿਹਾ ਅਤੇ ਸੰਸਾਰੀ ਪਦਾਰਥਾਂ ਵਿੱਚ ਭਰਮ ਰਿਹਾ ਹੈ ॥

**ਗੁਰ ਕੈ ਸਬਦਿ ਇਹੁ ਮਨੁ ਰਾਤਾ ਦੁਬਿਧਾ ਸਹਜਿ ਸਮਾਣੀ ॥**
**ਸਭੋ ਹੁਕਮੁ ਹੁਕਮੁ ਹੈ ਆਪੇ ਨਿਰਭਉ ਸਮਤੁ ਬੀਚਾਰੀ ॥ ੩ ॥**

ਸਮਤੁ = ਬਰਾਬਰ ॥

ਗੁਰਾਂ ਦੇ ਸ਼ਬਦ ਨਾਲ ਏਹ ਮਨ ਰੱਤਾ ਹੈ ਅਤੇ ਦੁਬਿਧਾ ਸਹਜ ਵਿੱਚ ਸਮਾ ਗਈ ਹੈ। ਸਾਰਾ ਹੀ ਵਾਹਿਗੁਰੂ ਦਾ ਹੁਕਮ ਹੈ ਅਤੇ ਆਪੇ ਹੀ ਵਾਹਿਗੁਰੂ ਹੁਕਮ ਚਲਾਉਂਣ ਵਾਲਾ ਹੈ, ਅਤੇ ਨਿਰਭਉ ਇਕੋ ਜਹੀ ਵਿਚਾਰ ਵਿਚਾਰਨ ਵਾਲਾ ਹੈ ॥

**ਜੋ ਜਨ ਜਾਨਿ ਭਜਹਿ ਪੁਰਖੋਤਮੁ ਤਾਚੀ ਅਬਿਗਤੁ**
**ਬਾਣੀ॥ ਨਾਮਾ ਕਹੈ ਜਗ ਜੀਵਨੁ ਪਾਇਆ**
**ਹਿਰਦੈ ਅਲਖ ਬਿਡਾਣੀ ॥ ੪ ॥ ੧ ॥**

ਤਾਚੀ = ਤਿਸਦੀ।

ਜੇਹੜੇ ਆਦਮੀ ਸਚਾ ਜਾਣਕੇ ਪੁਰਸ਼ਾਂ ਵਿਚੋਂ ਉਤਮ ਵਾਹਿਗੁਰੂ ਯਾਦ ਕਰਦੇ ਹਨ ਤਿਸਦੀ ਬਾਣੀ ਗਿਆਨ ਦੇਣ ਵਾਲੀ ਹੋ ਜਾਂਦੀ ਹੈ, ਨਾਮਾ ਕਹਿੰਦਾ ਹੈ ਮੈਂ ਹਿਰਦੇ ਵਿਚ ਅਲਖ ਬਿਡਾਣੀ ਜਗ ਜੀਵਨ ਪਾ ਲਿਆ ਹੈ।

**ਪ੍ਰਭਾਤੀ ॥ ਆਦਿ ਜੁਗਾਦਿ ਜੁਗਾਦਿ ਜੁਗੋ ਜੁਗੁ ਤਾਕਾ ਅੰਤੁ**
**ਨ ਜਾਨਿਆ ॥ ਸਰਬ ਨਿਰੰਤਰਿ ਰਾਮੁ ਰਹਿਆ ਰਵਿ**
**ਐਸਾ ਰੂਪੁ ਬਖਾਨਿਆ॥ ੧ ॥**

ਰਵਿ = ਮਿਲ, ਸੂਰਜ, ਉਚਾਰ, ਸ਼ਬਦ ॥

ਵਾਹਿਗੁਰੂ ਪਹਿਲੇ ਵੀ ਜੁਗਾਂ ਦੇ ਆਦਿ ਵਿੱਚ ਹੈ ਅਤੇ ਅੰਤ ਨੂੰ ਵੀ ਜੁਗੋ ਜੁਗ ਹੋਵੇਗਾ ਪਰ ਤਿਸਦਾ ਅੰਤ ਕਿਸੇ ਨਹੀਂ ਜਾਣਿਆਂ, ਸਾਰਿਆਂ ਦੇ ਵਿੱਚ

---

*ਮਾਨੈ = ਦਾ ਅਰਥ ਕਈ ਮੰਨਦੇ ਹਨ (ਕਈ ਹੱਟੀ ਨੂੰ ਮਨ ਮੰਨਦੇ ਹਨ ਕਈ ਸ਼ਹਿਰ ਨੂੰ) ਇੱਕੁਰ ਵੀ ਅਰਥ ਕਰਦੇ ਹਨ, ਅਤੇ ਮਨ ਦੀ ਉਪਾਧੀ ਕਰਕੇ ਸੰਸਾਰੀ ਜੀਵ ਭਰਮਦਾ ਹੈ ॥

ਇਕ ਰਸ ਵਾਹਿਗੁਰੂ ਫੈਲ ਰਿਹਾ ਹੈ ਇਕੁਰ ਦਾ ਮੈਂ ਉਸਦਾ ਰੂਪ ਕਥਨ ਕੀਤਾ ਹੈ ॥

**ਗੋਬਿਦੁ ਗਾਜੈ ਸਬਦੁ ਬਾਜੈ ॥**

**ਆਨਦ ਰੂਪੀ ਮੇਰੋ ਰਾਮਈਆ॥ ੧ ॥ ਰਹਾਉ॥**

ਸਭ ਵਿੱਚ ਵਾਹਿਗੁਰੂ ਬੋਲ ਰਿਹਾ ਹੈ (ਜਿਕੁਰ ਪੰਜ ਤਰਾਂ ਦੇ ਵਾਜੇ ਵਜਦੇ ਹਨ ਵ ਗੁਰਾਂ ਦਾ ਉਪਦੇਸ਼ ਸਭ ਨੂੰ ਪ੍ਰਗਟ ਹੁੰਦਾ ਹੈ) ਸ਼ਬਦ ਰੂਪ ਹੋਕੇ ਵਜ ਰਿਹਾ ਹੈ ਅਨੰਦ ਰੂਪ ਮੇਰਾ ਵਾਹਿਗੁਰੂ ਹੈ ॥

**ਬਾਵਨ ਬੀਖੂ ਬਾਨੈ ਬੀਖੇ ਬਾਸੁ ਤੇ ਸੁਖ ਲਾਗਿਲਾ ॥**

ਬੀਖੂ = ਬ੍ਰਿਛ । ਬਾਨੈ = ਬਣ । ਬੀਖੇ = ਬ੍ਰਿਛ ।

ਜਿਕੁਰ ਚੰਦਨ ਦੇ ਬ੍ਰਿਛ ਦੀ ਜੰਗਲ ਦੇ ਬ੍ਰਿਛਾਂ ਨੂੰ ਸੁਭਾਵਕ ਹੀ ਵਾਸ਼ਨਾਂ ਜਾ ਲਗਦੀ ਹੈ ॥

**ਸਰਬੇ ਆਦਿ ਪਰਮਲਾਦਿ ਕਾਸਟ ਚੰਦਨੁ ਭੈਇਲਾ ॥ ੨ ॥**

ਸਾਰਿਆਂ ਦਾ ਆਦਿ ਵੀ ਤੂੰਹੇਂ ਹੀ ਹੈਂ ਅਤੇ ਪਰਮਲ ਆਦਿ ਸੁਗੰਧੀ ਵੀ ਤੂੰਹੇਂ ਹੀ ਹੈਂ ਅਤੇ ਲਕੜੀ ਵਤ ਜੀਵ ਚੰਦਨ ਵਤ ਸੰਤ ਹੋਕੇ ਤੂੰਹੇਂ ਹੀ ਸਾਰਿਆਂ ਵਿੱਚ ਮਿਲ ਰਿਹਾ ਹੈਂ ਭਾਵ ਸਾਰਿਆਂ ਨੂੰ ਪ੍ਰਕਾਸ਼ਕ ਹੈਂ ਅਤੇ ਸਾਨੂੰ ਨੀਚਾਂ ਤੋਂ ਉਚ ਕਰ ਲਵੇਂਗਾ।

**ਤੁਮ੍ਹ੍ਚੇ ਪਾਰਸੁ ਹਮਚੇ ਲੋਹਾ ਸੰਗੇ ਕੰਚਨੁ ਭੈਇਲਾ ॥ ਤੂ ਦਇਆਲੁ ਰਤਨੁ ਲਾਲੁ ਨਾਮਾ ਸਾਚਿ ਸਮਾਇਲਾ॥ ੩ ॥ ੨ ॥**

ਕੰਚਨੁ = ਸੋਨਾ । ਭੈਇਲਾ = ਮਿਲਨਾਂ ।

ਤੁਸੀਂ ਪਾਰਸ ਹੋ ਅਸੀਂ ਲੋਹਾ ਹਾਂ ਤੇਰੇ ਨਾਲ ਮਿਲਕੇ ਅਸੀਂ ਸੋਨਾ ਹੋਗਏ ਹਾਂ। ਤੂੰ ਦਯਾਲੂ ਰਤਨ ਲਾਲ (ਤੇਰਾ ਨਾਮ) ਹੈ ਅਤੇ ਨਾਮਾ ਜੀ ਕਹਿੰਦੇ ਹਨ ਮੈਂ ਤੇਰੇ ਸਾਚ ਸਰੂਪ ਵਿੱਚ ਸਮਾਇਆ ਹੋਯਾ ਹਾਂ ॥

**ਪ੍ਰਭਾਤੀ ॥ ਅਕੁਲ ਪੁਰਖ ਇਕੁ ਚਲਿਤੁ ਉਪਾਇਆ ॥**

**ਘਟਿ ਘਟਿ ਅੰਤਰਿ ਬ੍ਰਹਮੁ ਲੁਕਾਇਆ ॥ ੧ ॥**

ਅਕਾਲ ਪੁਰਖ ਨੇ ਇਕ ਤਮਾਸ਼ਾ ਪ੍ਰਗਟ ਕੀਤਾ ਹੈ, ਹਰ ਇਕ ਘਟ ਘਟ ਵਿੱਚ ਬ੍ਰਹਮ ਲੁਕਾ ਰਖਿਆ ਹੈ ॥

**ਜੀਅ ਕੀ ਜੋਤਿ ਨ ਜਾਨੈ ਕੋਈ ॥**

**ਤੈ ਮੈ ਕੀਆ ਸੁ ਮਾਲੂਮ ਹੋਈ॥ ੧ ॥ ਰਹਾਉ ॥**

ਜੋਤੀ ਦੇ ਜੀਅ ਦੀ ਗੱਲ ਕੋਈ ਨਹੀਂ ਜਾਣਦਾ ਅਤੇ ਜੋ ਕੁਝ ਮੈਂ ਕਰਦਾ ਹਾਂ ਸੋ ਜੋਤੀ ਨੂੰ ਸਭ ਕੁਝ ਮਾਲੂਮ ਹੋ ਜਾਂਦਾ ਹੈ।

**ਜਿਉ ਪ੍ਰਗਾਸਿਆ ਮਾਟੀ ਕੁੰਭੇਉ ॥**
**ਆਪ ਹੀ ਕਰਤਾ ਬੀਠੁਲ ਦੇਉ ॥ ੨ ॥**

ਕੁੰਭੇਉ = ਘੜਾ ॥

ਜਿੱਕਰ ਘੜਾ ਮਿੱਟੀ ਤੋਂ ਬਣਿਆਂ ਹੋਇਆ (ਮਿੱਟੀ ਦਾ ਰੂਪ ਹੀ ਹੈ) ਇੱਕੁਰ ਹੀ ਕਰਤਾ ਬੀਠਲ ਦੇਉ ਵਾਹਿਗੁਰੂ ਆਪ ਹੀ ਹੈ।

**ਜੀਅ ਕਾ ਬੰਧਨੁ ਕਰਮੁ ਬਿਆਪੈ ॥**
**ਜੋ ਕਿਛੁ ਕੀਆ ਸੁ ਆਪੈ ਆਪੈ ॥ ੩ ॥**

ਇਸ ਜੀਅ ਦਾ ਬੰਨਣ (ਰੱਸਾ) ਕਰਮ ਹੀ ਇਸਨੂੰ ਵਿਆਪਦਾ ਹੈ ਇਸ ਨੇ ਜੋ ਕੁਝ ਕੀਤਾ ਹੈ ਸੋ ਆਪੇ ਹੀ ਆਪੇ ਹੈ ਸੋ ਉਸਦਾ ਕੀਤਾ ਵੀ ਆਪੇ ਹੀ ਪੌਂਦਾ ਹੈ

**ਪ੍ਰਣਵਤਿ ਨਾਮ ਦੇਉ ਇਹੁ ਜੀਉ ਚਿਤਵੈ ਸੁ ਲਹੈ ॥**
**ਅਮਰੁ ਹੋਇ ਸਦ ਆਕੁਲ ਰਹੈ ॥ ੪ ॥ ੩ ॥**

ਨਾਮ ਦੇਉ ਜੀ ਕਹਿੰਦੇ ਹਨ ਏਹ ਜੀਵ ਜੋ ਕੁਝ ਚਾਹੁੰਦਾ ਹੈ ਸੋ ਲੈ ਲੈਂਦਾ ਹੈ, ਜੇ ਅਮਰ ਹੋਵੇ ਤਾਂ ਸਦਾ ਹੀ ਅਕਾਲ ਪੁਰਖ ਕੁਲ ਤੋਂ ਰਹਿਤ ਵਿਚ ਸਮਾ ਰਹੇ।

**ਪ੍ਰਭਾਤੀ ਭਗਤ ਬੇਣੀ ਜੀ ਕੀ ॥**
**ੴ ਸਤਿਗੁਰਪ੍ਰਸਾਦਿ ॥ ਤਨਿ ਚੰਦਨੁ ਮਸਤਕਿ ਪਾਤੀ ॥**
**ਰਿਦ ਅੰਤਰਿ ਕਰ ਤਲ ਕਾਤੀ ॥**

ਕਰ = ਹਥ। ਤਲ = ਤਲੀ। ਕਾਤੀ = ਕੈਂਚੀ ॥

ਹੇ ਭਾਈ ਤੇਰੇ ਤਨ ਉਤੇ ਚੰਦਨ ਲਗਾ ਹੋਇਆ ਹੈ ਅਤੇ ਮਥੇ ਉਤੇ ਤੁਲਸੀ ਦ ਪੱਤੇ ਲਗੇ ਹੋਏ ਹਨ (ਅਥਵਾ ਠਾਕੁਰਾਂ ਦੇ ਤਨ ਨੂੰ ਤੂੰ ਚੰਦਨ ਲਾਇਆ ਹੋਇਆ ਹੈ ਅਤੇ ਮਥੇ ਉਤੇ ਫੁਲ ਚੜ੍ਹਾਏ ਹੋਏ ਹਨ) ਪਰ ਰਿਦੇ ਰੂਪ ਹੱਥ ਦੀ ਹਥੇਲੀ ਵਿਚ ਛੁਰੀ ਫੜੀ ਹੋਈ ਹੈ ॥

**ਠਗ ਦਿਸਟਿ ਬਗਾ ਲਿਵ ਲਾਗਾ ॥**
**ਦੇਖਿ ਬੈਸਨੋ ਪ੍ਰਾਨ ਮੁਖ ਭਾਗਾ ॥ ੧ ॥**

ਠੱਗਾਂ ਵਾਂਙੂ ਦ੍ਰਿਸ਼ਟੀ ਅਤੇ ਬਗਲਿਆਂ ਵਾਂਗੂੰ ਲਿਵ ਲਗਾ ਰਿਹਾ ਹੈਂ

ਦੇਖਣੇ ਵਿਚ ਬੜਾ ਵੈਸ਼ਨਵ ਵਿਸ਼ਨੂੰ ਦਾ ਭਗਤ ਨਜ਼ਰ ਆਉਂਦਾ ਹੈਂ ਮਾਨੋਂ ਮੁਖ ਵਿਚੋਂ ਪ੍ਰਾਣਾਂ ਦਾ ਅਕੱਠ ਦੌੜ ਰਿਹਾ ਹੈ ਭਾਵ ਇੱਕੁਰ ਦੀ ਸਮਾਧੀ ਲਾਈ ਹੋਈ ਹੈ ਜਿੱਕੁਰ ਸੁਆਸ ਹੀ ਨਿਕਲ ਗਏ ਹਨ ॥

## ਕਲਿ ਭਗਵਤ ਬੰਦ ਚਿਰਾਮੰ ॥
## ਕ੍ਰੂਰ ਦਿਸਟਿ ਰਤਾ ਨਿਸਿ ਬਾਦੰ ॥ ੧ ॥ ਰਹਾਉ ॥

= ਕਲਿ = ਸੁੰਦਰ । ਚਿਰਾਮੰ = ਚਿਰ ਤਕ ॥ ਕ੍ਰੂਰ = ਕਰੜੀ ॥
ਨਿਸ = ਰਾਤ । ਬਾਦੰ = ਬਿਅਰਥ, ਝਗੜੇ ॥

ਫਿਰ ਸਮਾਧੀ ਤੋਂ ਉਠਕੇ ਚਿਰ ਤਕ ਸੁੰਦਰ ਵਾਹਿਗੁਰੂ ਨੂੰ ਨਮਸਕਾਰਾਂ ਕਰਦਾ ਰਹਿੰਦਾ ਹੈਂ, ਪਰ ਅਫਸੋਸ ! ਕਰੜੀ ਦ੍ਰਿਸ਼ਟੀ ਵਿਚ ਰੱਤਾ ਹੋਇਆ ਰਾਤ ਨੂੰ ਬਿਅਰਥ ਇਸਤ੍ਰੀ ਆਦਿਕ ਨਾਲ ਲਪਟ ਰਹਿੰਦਾ ਹੈਂ ।

## ਨਿਤ ਪ੍ਰਤਿ ਇਸਨਾਨੁ ਸਰੀਰੰ ॥
## ਦੁਇ ਧੋਤੀ ਕਰਮ ਮੁਖਿ ਖੀਰੰ ॥

ਖੀਰੰ = ਦੁਧ

ਦਿਖਲਾਵੇ ਮਾਤ੍ਰ ਲੋਕਾਂ ਨੂੰ ਵਖਾਉਣ ਲਈ ਹਰ ਰੋਜ਼ ਹੀ ਸਰੀਰ ਨੂੰ ਇਸ਼ਨਾਨ ਕਰਾਉਂਦਾ ਹੈਂ ਤੇ ਦੋ ਧੋਤੀਆਂ ਰਖਦਾ ਹੈਂ ਅਤੇ ਜਿੱਕੁਰ ਦੇ ਕਠਨ ਕੰਮ ਕਰਦਾ ਹੈਂ ਅਤੇ ਸਰੀਰ ਨੂੰ ਭੁਖਾ ਮਾਰਦਾ ਹੈਂ ਮੂੰਹੋਂ ਦੂਧਾ ਧਾਰੀ ਕਹਾਉਂਦਾ ਹੈਂ ।

## ਰਿਦੈ ਛੁਰੀ ਸੰਧਿਆਨੀ ॥ ਪਰ ਦਰਬੁ ਹਿਰਨ ਕੀ ਬਾਨੀ॥ ੨ ॥

ਸੰਧਿਆਨੀ = ਸਾਮਣੇ ਕੀਤੀ ਹੋਈ ਹੈ । ਹਿਰਣ = ਚੁਰੌਣ ॥

ਰਿਦੇ ਵਿਚ ਛੁਰੀ ਮਿੰਨ੍ਹੀ (ਤਿਆਰ ਕਰ) ਰਖੀ ਹੈ ਅਤੇ ਪਰਾਏ ਧਨ ਹਰਨ ਦੀ ਤੇਰੀ ਬਾਣੀ ਹੈ ਭਾਵ ਦਾਮੋਦਰ, ਬਿੰਦ੍ਰਾਬਨ, ਕ੍ਰਿਸ਼ਨ, ਹਰੇ ਹਰੇ ਬੋਲਦਾ ਹੈਂ ॥

## ਸਿਲ ਪੂਜਸਿ ਚਕ੍ਰ ਗਣੇਸੰ ॥
## ਨਿਸਿ ਜਾਗਸਿ ਭਗਤਿ ਪ੍ਰਵੇਸੰ ॥

ਨਿਸਿ = ਰਾਤ ॥

ਸਿਲਾਂ ਪੂਜਦਾ ਹੈਂ ਦੁਆਰਕਾ ਵਿਚ ਜਾਕੇ ਸਰੀਰ ਤੇ ਚੱਕਰ ਛਾਪੇ ਲਵਾਉਂਦਾ ਹੈਂ ਅਤੇ ਗਣੇਸ਼ ਨੂੰ ਮਨੌਂਦਾ ਹੈਂ ਰਾਤ ਨੂੰ ਜਾਗਦਾ ਹੈਂ ਭਗਤੀ ਵਿਚ ਭਗਤਾਂ ਵਾਕੂੰ ਪ੍ਰਵੇਸ਼ ਹੁੰਦਾ ਹੈਂ ॥

## ਪਗ ਨਾਚਸਿ ਚਿਤੁ ਅਕਰਮੰ ॥
## ਏ ਲੰਪਟ ਨਾਚ ਅਧਰਮੰ ॥ ੩ ॥

ਪੈਰਾਂ ਕਰਕੇ ਨਚਦਾ ਹੈਂ ਪਰ ਚਿਤ ਤੇਰਾ ਅਕਰਮ ਵਿਚ ਹੈ ਹੇ ਨਾਰੀ ਲੰਪਟ ਤੇਰਾ ਨਾਚ ਏ ਅਧਰਮ ਰੁਪ ਹੈ ॥

**ਮ੍ਰਿਗ ਆਸਣੁ ਤੁਲਸੀ ਮਾਲਾ ॥**
**ਕਰ ਊਜਲ ਤਿਲਕੁ ਕਪਾਲਾ ॥**

ਕਪਾਲਾ = ਮੱਥਾ ॥

ਹੇਠਾਂ ਮ੍ਰਿਗਛਾਲਾ ਦਾ ਆਸਣ ਹੈ ਅਤੇ ਹਥ ਵਿੱਚ ਤੁਲਸੀ ਦੀ ਮਾਲਾ ਹੈ, ਮੱਥੇ ਵਿੱਚ ਚਿਟਾ ਤਿਲਕ ਕਰਦਾ ਹੈਂ ॥

**ਰਿਦੈ ਕੂੜੁ ਕੰਠਿ ਰੁਦ੍ਰਾਖੰ ॥ ਰੇ ਲੰਪਟ*ਕ੍ਰਿਸਨੁ ਅਭਾਖੰ ॥ ੪ ॥**

ਰਿਦੇ ਵਿੱਚ ਝੂਠ ਹੈ ਗਲ ਵਿੱਚ ਰੁਦ੍ਰਾਖ ਦੀ ਮਾਲਾ ਪਾਈ ਹੋਈ ਹੈ ਅਰੇ ਨਾਰੀ ਲੰਪਟ ਮੂੰਹੋਂ ਸ੍ਰੀ ਕ੍ਰਿਸ਼ਨ ਜੀ ਦਾ ਨਾਮ ਲੈਣਾਂ ਚਾਹੀਏ ਸੋ ਤੂੰ ਲੈਂਦਾ ਨਹੀਂ ਹੈਂ, ਭਾਵ ਉਸ ਵਲੋਂ ਅਭਾਖ ਹੈਂ ।

**ਜਿਨਿ ਆਤਮ ਤਤੁ ਨ ਚੀਨ੍ਹਿਆ ॥**
**ਸਭ ਫੋਕਟ ਧਰਮ ਅਬੀਨਿਆ ॥**

ਚੀਨਿਆਂ = ਜਾਣਿਆਂ । ਅਬੀਨਿਆਂ = ਅੰਨ੍ਹਿਆਂ ॥

ਜਿਨ੍ਹਾਂ ਨੇ ਆਤਮ ਤਤ ਨਹੀਂ ਜਾਣਿਆਂ ਓਨਾਂ ਅੰਨ੍ਹਿਆਂ ਲੋਕਾਂ ਦੇ ਕਰਮ ਧਰਮ ਸਭ ਬਿਅਰਥ ਹਨ ॥

**ਕਹੁ ਬੇਣੀ ਗੁਰਮੁਖਿ ਧਿਆਵੈ ॥**
**ਬਿਨੁ ਸਤਿਗੁਰ ਬਾਟ ਨ ਪਾਵੈ ॥ ੫ ॥ ੧ ॥**

ਬੇਣੀ ਜੀ ਕਹਿੰਦੇ ਹਨ ਗੁਰਮੁਖ ਵਾਹਿਗੁਰੂ ਨੂੰ ਧਿਆਉਂਦੇ ਹਨ ਹੋਰ ਕੋਈ ਗੁਰਾਂ ਤੋਂ ਬਿਨਾਂ ਸੰਸਾਰ ਵਿਚ ਵਾਟ ਨਹੀਂ ਪੌਂਦਾ।

# ਸਲੋਕ ਭਗਤ ਕਬੀਰ ਜੀਉ ਕੇ

**ੴ ਸਤਿਗੁਰਪ੍ਰਸਾਦਿ ॥**

**ਕਬੀਰ ਮੇਰੀ ਸਿਮਰਨੀ ਰਸਨਾ ਊਪਰਿ ਰਾਮੁ ॥**
**ਆਦਿ ਜੁਗਾਦੀ ਸਗਲ ਭਗਤ ਤਾਕੋ ਸੁਖੁ ਬਿਸ੍ਰਾਮੁ ॥ ੧ ॥**

ਕਬੀਰ ਮੇਰੀ ਮਾਲਾ ਏਹੋ ਹੀ ਹੈ ਜੇਹੜਾ ਮੇਰੀ ਰਸਨਾ ਉਪਰ ਵਾਹਿਗੁਰੂ ਦਾ ਨਾਮ ਹੈ । ਜੁਗਾਂ ਦੇ ਪਹਿਲੇ ਜੇਹੜੇ ਸਾਰੇ ਭਗਤ ਹੋਏ ਹਨ ਉਨ੍ਹਾਂ ਦਾ

*ਏਹ ਕ੍ਰਿਸ਼ਨ ਦੇ ਨਾਮ ਦਾ ਉਪਦੇਸ਼ ਦੇਣਾਂ ਪਾਖੰਡੀ ਪਾਂਡੇ ਨੂੰ ਬੋਧਿਕ ਹੈ ਤੇ ਭਗਤ ਜੀ ਦਾ ਆਪਣਾ ਮਤ ਇਕ ਪ੍ਰਮਾਤਮਾਂ ਦਾ ਨਾਮ ਜਪਣਾਂ ਸਿਧਾਂਤ ਹੈ।

ਇਸ ਮਾਲਾ ਕਰਕੇ ਸੁਖ ਵਿੱਚ ਹੀ ਬਿਸਰਾਮ ਹੋਇਆ ਹੈ ॥

**ਕਬੀਰ ਮੇਰੀ ਜਾਤਿ ਕਉ ਸਭੁ ਕੋ ਹਸਨੇ ਹਾਰੁ ॥**
**ਬਲਿਹਾਰੀ ਇਸ ਜਾਤਿਕਉ ਜਿਹ ਜਪਿਓ ਸਿਰਜਨਹਾਰੁ ॥ ੨ ॥**

ਕਬੀਰ ਮੇਰੀ ਜਾਤ ਨੂੰ ਸਭ ਕੋਈ ਹਸਣ ਹਾਰ ਹੈ ਪਰ ਬਲਿਹਾਰੀ ਇਸ ਜਾਤ ਨੂੰ ਜਿਸ ਨੇ ਸਿਰਜਨ ਹਾਰ ਨੂੰ ਜਪਿਆ ਹੈ ॥

**ਕਬੀਰ ਡਗ ਮਗ ਕਿਆ ਕਰਹਿ ਕਹਾ ਡੁਲਾਵਹਿ ਜੀਉ ॥**
**ਸਰਬ ਸੂਖ ਕੋ ਨਾਇਕੋ ਰਾਮ ਨਾਮ ਰਸੁ ਪੀਉ ॥ ੩ ॥**

ਕਬੀਰ ਡਗ ਮਗ ਕੀ ਕਰਦਾ ਹੈਂ ਅਤੇ ਕੀ ਚਿਤ ਨੂੰ ਡੁਲਾਉਂਦਾ ਹੈਂ ਸਾਰਿਆਂ ਸੁਖਾਂ ਦਾ ਸੁਆਮੀ ਜੇਹੜਾ ਵਾਹਿਗੁਰੂ ਹੈ ਉਸਦੇ ਨਾਮ ਰਸ ਨੂੰ ਪੀ ॥

**ਕਬੀਰ ਕੰਚਨ ਕੇ ਕੁੰਡਲ ਬਨੇ ਊਪਰਿ ਲਾਲ ਜੜਾਉ ॥**
**ਦੀਸਹਿ ਦਾਧੇ ਕਾਨ ਜਿਉ ਜਿਨ ਮਨਿ ਨਾਹੀ ਨਾਉ ॥ ੪ ॥**

ਕੰਚਨ = ਸੋਨਾ ॥

ਕਬੀਰ ਸੋਨੇ ਦੇ ਕੁੰਡਲ ਬਣੇ ਅਤੇ ਉਪਰ ਲਾਲ ਜੜੇ ਹੋਏ ਹਨ ਮੈਨੂੰ ਸੜਿਆਂ ਹੋਇਆਂ ਕਾਨਿਆਂ ਵਾਂਙੂ ਨਜ਼ਰ ਆਉਂਦੇ ਹਨ ਜਿਨ੍ਹਾਂ ਦੇ ਮਨ ਵਿਚ ਵਾਹਿਗੁਰੂ ਦਾ ਨਾਮ ਨਹੀਂ।

**ਕਬੀਰ ਐਸਾ ਏਕੁ ਆਧੁ ਜੋ ਜੀਵਤ ਮ੍ਰਿਤਕੁ ਹੋਇ ॥**
**ਨਿਰਭੈ ਹੋਇਕੈ ਗੁਨ ਰਵੈ ਜਤ ਪੇਖਉ ਤਤ ਸੋਇ ॥ ੫ ॥**

ਕਬੀਰ ਇੱਕੁਰ ਦਾ ਕੋਈ ਇੱਕ ਅੱਧਾ ਵਿਰਲਾ ਹੀ ਹੈ ਜੇਹੜਾ ਜੀਉਂਦਾ ਮ੍ਰਿਤਕ ਹੋਵੇ ਅਤੇ ਨਿਰਭੈ ਹੋਕੇ ਵਾਹਿਗੁਰੂ ਦੇ ਗੁਣ ਗਾਵੇ ਜਦ ਓਹ ਇੱਕੁਰ ਦਾ ਹੋ ਜਾਵੇ ਤਾਂ ਜਿੱਧਰ ਵੇਖਾਂ ਓਧਰ ਹੀ ਓਹ ਹੈ ਭਾਵ ਵਾਹਿਗੁਰੂ ਦਾ ਰੂਪ ਬਣ ਜਾਂਦਾ ਹੈ ॥

**ਕਬੀਰ ਜਾ ਦਿਨ ਹਉ ਮੂਆ ਪਾਛੈ ਭਇਆ ਅਨੰਦੁ ॥**
**ਮੋਹਿ ਮਿਲਿਓ ਪ੍ਰਭੁ ਆਪਨਾ ਸੰਗੀ ਭਜਹਿ ਗੋਬਿੰਦ ॥ ੬ ॥**

ਕਬੀਰ ਜਿਸ ਦਿਨ ਹੰਕਾਰ ਹੋਇਆ ਉਸ ਦਿਨ ਪਿਛੋਂ ਬੜਾ ਅਨੰਦ ਹੋਇਆ, ਮੈਨੂੰ ਆਪਣਾ ਪ੍ਰਭੂ ਮਿਲ ਪਿਆ, ਅਤੇ ਸੰਗੀ ਵਾਹਿਗੁਰੂ ਨੂੰ ਯਾਦ ਕਰਨ ਲੱਗੇ ॥

**ਕਬੀਰ ਸਭ ਤੇ ਹਮ ਬੁਰੇ ਹਮ ਤਜਿ ਭਲੋ ਸਭੁ ਕੋਇ ॥**

**ਜਿਨਿ ਐਸਾ ਕਰਿ ਬੂਝਿਆ ਮੀਤੁ ਹਮਾਰਾ ਸੋਇ ॥ ੭ ॥**

ਕਬੀਰ ਸਭ ਤੋਂ ਅਸੀਂ ਬੁਰੇ ਹਾਂ ਮੈਨੂੰ ਛੱਡਕੇ ਜੋ ਵੇਖੇ ਤਾਂ ਸਭ ਕੋਈ ਭਲਾ ਹੈ ਜਿਸਨੇ ਅਜੇਹਾ ਕਰਕੇ ਬੁਝਿਆ ਹੈ ਓਹ ਸਾਡਾ ਮਿਤ੍ਰ ਹੈ ॥

**ਕਬੀਰ ਆਈ ਮੁਝਹਿ ਪਹਿ ਅਨਿਕ ਕਰੇ ਕਰਿ ਭੇਸ ॥**
**ਹਮ ਰਾਖੇ ਗੁਰ ਆਪਨੇ ਉਨਿ ਕੀਨੋ ਆਦੇਸੁ ॥ ੮ ॥**

ਕਬੀਰ ਮੇਰੇ ਪਾਸ ਮਾਯਾ ਆਈ ਅਨੇਕ ਭੇਸ ਕਰ ਕਰਕੇ, ਸਾਨੂੰ ਸਾਡੇ ਗੁਰਾਂ ਨੇ ਰੱਖ ਲਿਆ ਅਤੇ ਉਸਨੇ ਵੀ ਸਾਨੂੰ ਅਦੇਸ ਕੀਤੀ ॥

**ਕਬੀਰ ਸੋਈ ਮਾਰੀਐ ਜਿਹ ਮੂਐ ਸੁਖੁ ਹੋਇ ॥**
**ਭਲੋ ਭਲੋ ਸਭੁ ਕੋ ਕਹੈ ਬੁਰੋ ਨ ਮਾਨੈ ਕੋਇ ॥ ੯ ॥**

ਕਬੀਰ ਉਸਨੂੰ ਮਾਰਨਾ ਚਾਹੀਦਾ ਹੈ ਜਿਸਦੇ ਮਰਨੇ ਕਰਕੇ ਸੁਖ ਹੋਵੇ ਅਤੇ ਸਭ ਕੋਈ ਭਲਾ ਭਲਾ ਕਰਕੇ ਆਖੇ ਅਤੇ ਬੁਰਾ ਨਾ ਕੋਈ ਮੰਨੇ ॥

**ਕਬੀਰ ਰਾਤੀ ਹੋਵਹਿ ਕਾਰੀਆ ਕਾਰੇ ਊਭੇ ਜੰਤ ॥**
**ਲੈ ਫਾਹੇ ਉਠਿ ਧਾਵਤੇ ਸਿ ਜਾਨਿ ਮਾਰੇ ਭਗਵੰਤ ॥ ੧੦ ॥**

ਊਭੇ = ਖੜੇ ॥

ਕਬੀਰ ਜਦੋਂ ਰਾਤਾਂ ਅੰਧੇਰੀਆਂ ਹੁੰਦੀਆਂ ਹਨ ਤਾਂ ਪਾਪੀ ਆਦਮੀ ਖੜੇ ਹੁੰਦੇ ਹਨ ਭਾਵ ਚੋਰੀ ਕਰਨ ਜਾਂਦੇ ਹਨ। ਫਾਹੇ ਲੈਕੇ ਉਠ ਦੌੜਦੇ ਹਨ ਤੂੰ ਠੀਕ ਜਾਣ ਓਹ ਰਬ ਦੇ ਮਾਰੇ ਹਨ।

**ਕਬੀਰ ਚੰਦਨ ਕਾ ਬਿਰਵਾ ਭਲਾ ਬੇੜ੍ਹਿਓ ਢਾਕ ਪਲਾਸ ॥**
**ਓਇ ਭੀ ਚੰਦਨੁ ਹੋਇ ਰਹੇ ਬਸੇ ਜੁ ਚੰਦਨ ਪਾਸਿ ॥ ੧੧ ॥**

ਬਿਰਵਾ = ਬੂਟਾ।

ਕਬੀਰ, ਚੰਦਨ ਦਾ ਬੂਟਾ ਚੰਗਾ ਹੈ ਛਿਛਰਿਆਂ ਨਾਲ ਢੱਕਯਾ ਹੋਇਆ ਜੇਹੜਾ ਚੰਦਨ ਦੇ ਪਾਸ ਵਸਦਾ ਹੈ ਓਹ ਚੰਦਨ ਦਾ ਰੂਪ ਹੋ ਰਹਿੰਦਾ ਹੈ ॥

**ਕਬੀਰ ਬਾਂਸੁ ਬਡਾਈ ਬੂਡਿਆ ਇਉ ਮਤ ਡੂਬਹੁ ਕੋਇ ॥**
**ਚੰਦਨ ਕੈ ਨਿਕਟੇ ਬਸੈ ਬਾਂਸੁ ਸੁਗੰਧੁ ਨ ਹੋਇ ॥ ੧੨ ॥**

ਕਬੀਰ ਬਾਂਸ ਵਡਿਆਈ (ਲੰਮਾਈ) ਵਿੱਚ ਡੁਬ ਗਿਆ ਇੱਕੁਰ ਤੁਸੀਂ ਮਤ ਡੁਬੋ, ਚੰਦਨ ਦੇ ਪਾਸ ਵਸਦਾ ਹੈ ਪਰ ਬਾਂਸ ਵਿੱਚ ਸੁਗੰਧੀ ਨਹੀਂ ਹੁੰਦੀ ॥

**ਕਬੀਰ ਦੀਨੁ ਗਵਾਇਆ ਦੁਨੀ ਸਿਉ ਦੁਨੀ ਨ ਚਾਲੀ**

**ਸਾਥਿ ॥ ਪਾਇ ਕੁਹਾੜਾ ਮਾਰਿਆ ਗਾਫਲਿ ਅਪੁਨੈ ਹਾਥਿ ॥ ੧੩ ॥**

ਕਬੀਰ ਦੁਨੀਆਂ ਨਾਲ ਲਗਕੇ ਦੀਨ ਗਵਾ ਦਿੱਤਾ ਪਰ ਦੁਨੀਆਂ ਫਿਰ ਵੀ ਨਾਲ ਨਾ ਚਲੀ, ਗਾਫਲ ਨੇ ਆਪਣੇ ਹੱਥੀਂ ਆਪਣੇ ਪੈਰੀਂ ਕੁਹਾੜਾ ਮਾਰਿਆ ਹੈ ॥

**ਕਬੀਰ ਜਹ ਜਹ ਹਉ ਫਿਰਿਓ ਕਉਤਕ ਠਾਓ ਠਾਇ॥**
**ਇਕ ਰਾਮ ਸਨੇਹੀ ਬਾਹਰਾ ਊਜਰੁ ਮੇਰੈ ਭਾਂਇ ॥ ੧੪ ॥**

ਕਬੀਰ ਜਿੱਥੇ ਜਿੱਥੇ ਮੈਂ ਫਿਰਿਆ ਹਾਂ ਓਥੇ ਜਗਾ ਜਗਾ ਤਮਾਸ਼ਾ ਸੀ, ਇਕ ਵਾਹਿਗੁਰੂ ਦੇ ਪ੍ਰੇਮੀ ਤੋਂ ਬਿਨਾਂ ਏਹ ਪਿੰਡ ਮੇਰੇ ਭਾਣੇ ਉਜਾੜ ਹੈ ਵਾ ਉਜੜ ਜਾਵੇ ॥

**ਕਬੀਰ ਸੰਤਨ ਕੀ ਝੁੰਗੀਆ ਭਲੀ ਭਠਿ ਕੁਸਤੀ ਗਾਉ ॥**
**ਆਗਿ ਲਗਉ ਤਿਹ ਧਉਲ ਹਰ**
**ਜਿਹ ਨਾਹੀ ਹਰਿ ਕੋ ਨਾਉ ॥ ੧੫ ॥**

ਕਬੀਰ ਸੰਤਾਂ ਦੀ ਝੁੰਗੀ ਭਲੀ ਹੈ ਅਤੇ ਕੁਸੱਤੀ ਦਾ ਗਾਉਂ ਭੱਠ ਹੈ, ਅੱਗ ਲੱਗ ਜਾਵੇ ਉਸ ਧਉਲਹਰ ਨੂੰ ਜਿਥੇ ਵਾਹਿਗੁਰੂ ਦਾ ਨਾਮ ਨਹੀਂ ।

**ਕਬੀਰ ਸੰਤ ਮੂਏ ਕਿਆ ਰੋਈਐ ਜੋ ਅਪੁਨੇ ਗ੍ਰਿਹਿ ਜਾਇ ॥**
**ਰੋਵਹੁ ਸਾਕਤ ਬਾਪੁਰੇ ਜੁ ਹਾਟੈ ਹਾਟ ਬਿਕਾਇ ॥ ੧੬ ॥**

ਗ੍ਰਿਹ = ਘਰ ॥

ਕਬੀਰ ਸੰਤ ਦੇ ਮਰਿਆਂ ਕੀ ਰੋਣਾਂ ਚਾਹੀਦਾ ਹੈ ਜੇਹੜਾ ਆਪਣੇ ਹੀ ਘਰ ਜਾਂਦਾ ਹੈ। ਸਾਕਤ ਭੜੂਏ ਨੂੰ ਰੋਵੋ ਜੇਹੜਾ ਹਟੀ ਹਟੀ ਜੂਨੀਆਂ ੨ (ਵਿੱਚ) ਵਿਕਦਾ (ਰੁਲਦਾ) ਫਿਰਦਾ ਹੈ॥

**ਕਬੀਰ ਸਾਕਤੁ ਐਸਾ ਹੈ ਜੈਸੀ ਲਸਨ ਕੀ ਖਾਨਿ ॥**
**ਕੋਨੇ ਬੈਠੇ ਖਾਈਐ ਪਰਗਟ ਹੋਇ ਨਿਦਾਨ ॥ ੧੭ ॥**

ਕੋਨੇ = ਖੂੰਜੇ ।

ਕਬੀਰ ਸਾਕਤ ਆਦਮੀ ਇੱਕੁਰ ਦਾ ਹੈ ਜਿੱਕੁਰ ਦੀ ਲਸਣ ਦੀ ਖਾਣ ਹੁੰਦੀ ਹੈ ਉਸਨੂੰ ਭਾਵੇਂ ਕੋਨੇ ਬੈਹਕੇ ਖਾਈਏ ਪਰ ਫਿਰ ਵੀ ਓਹ ਪ੍ਰਗਟ ਹੋ ਜਾਂਦਾ ਹੈ ॥

**ਕਬੀਰ ਮਾਇਆ ਡੋਲਨੀ ਪਵਨ ਝਕੋਲਨ ਹਾਰ ॥**

**ਸੰਤਹੁ ਮਾਖਨੁ ਖਾਇਆ ਛਾਛਿ ਪੀਐ ਸੰਸਾਰੁ ॥ ੧੮ ॥**

ਕਬੀਰ ਮਾਇਆ ਮੱਟੀ ਹੈ ਅਤੇ ਪਵਨ ਮਧਾਣੀ ਹੈ, ਸੰਤਾਂ ਨੇ ਮਖਣ ਖਾਧਾ ਹੈ ਅਤੇ ਸੰਸਾਰ ਲੱਸੀ ਪੀਂਦਾ ਹੈ।

**ਕਬੀਰ ਮਾਇਆ ਡੋਲਨੀ ਪਵਨੁ ਵਹੈ ਹਿਵ ਧਾਰ ॥**
**ਜਿਨਿ ਬਿਲੋਇਆ ਤਿਨਿ ਖਾਇਆ**
**ਅਵਰ ਬਿਲੋਵਨ ਹਾਰ ॥ ੧੯ ॥**

ਕਬੀਰ ਮਾਇਆ ਚਾਟੀ ਹੈ ਅਤੇ ਪੌਣ ਬਰਫ਼ ਵਰਗੀ ਠੰਢੀ ਧਾਰਾ ਵਾਲੀ ਵਿਚ ਵਗਦੀ ਹੈ ਜਿਸਨੇ ਰਿੜਕਿਆ ਉਸ ਨੇ ਤਾਂ ਮਖਣ ਖਾਧਾ ਪਰ ਹੋਰ ਸਭ ਰਿੜਕਣ ਵਾਲੇ ਹੀ ਰਹਿ ਗਏ ॥

**ਕਬੀਰ ਮਾਇਆ ਚੋਰਟੀ ਮੁਸਿ ਮੁਸਿ ਲਾਵੈ ਹਾਟਿ ॥**
**ਏਕੁ ਕਬੀਰਾ ਨਾ ਮੁਸੈ ਜਿਨਿ ਕੀਨੀ ਬਾਰਹ ਬਾਟ ॥ ੨੦ ॥**

ਕਬੀਰ ਮਾਇਆ ਚੋਰ ਦੀ ਔਰਤ ਹੈ ਲੋਕਾਂ ਨੂੰ ਲੁਟ ਲੁਟਕੇ ਫਿਰ ਚੁਰਾਸੀ ਰੂਪ ਹਟੀਆਂ ਵਿੱਚ ਲੌਂਦੀ ਹੈ। ਪਰ ਇਕ ਕਬੀਰ ਨਹੀਂ ਲੁਟਿਆ ਗਿਆ ਜਿਸ ਨੇ ਮਾਇਆ ਬਾਰਾਂ ਵਾਟ ਕੀਤੀ ਹੈ ਭਾਵ ਖਿਲਾਰ ਦਿਤੀ ਮਾੜੀ ਸਮਝੀ ਹੈ॥

**ਕਬੀਰ ਸੂਖੁ ਨ ਏਂਹ ਜੁਗ ਕਰਹਿ ਜੁ ਬਹੁਤੇ ਮੀਤ ॥**
**ਜੋ ਚਿਤੁ ਰਾਖਹਿ ਏਕ ਸਿਉ ਤੇ ਸੁਖੁ ਪਾਵਹਿ ਨੀਤ॥੨੦॥**

ਕਬੀਰ ਇਸ ਜੁਗ ਵਿੱਚ ਸੁਖ ਨਹੀਂ ਜੇਹੜੇ ਤੂੰ ਬਹੁਤੇ ਮਿਤ੍ਰ ਕਰਦਾ ਹੈਂ, ਜੇ ਤੂੰ ਇਕ ਨਾਲ ਚਿਤ ਰਖੇਂ ਤੇ ਤਾਂ ਹਰ ਰੋਜ਼ ਹੀ ਸੁਖ ਪਾਵੇਂ ॥

**ਕਬੀਰ ਜਿਸੁ ਮਰਨੈ ਤੇ ਜਗੁ ਡਰੈ ਮੇਰੈ ਮਨ ਆਨੰਦੁ ॥**
**ਮਰਨੈ ਹੀ ਤੇ ਪਾਈਐ ਪੂਰਨੁ ਪਰਮਾਨੰਦੁ ॥ ੨੨ ॥**

ਕਬੀਰ ਜਿਸ ਮਰਨੇ ਤੋਂ ਜਗ ਡਰਦਾ ਹੈ, ਮੇਰੇ ਮਨ ਅਨੰਦ ਹੈ ਕਿਉਂਕਿ ਮਰਨੇ ਤੇ ਹੀ ਪੂਰਨ ਪਰਮਾਨੰਦ ਪਾਈਦਾ ਹੈ॥

**ਰਾਮ ਪਦਾਰਥੁ ਪਾਇਕੈ ਕਬੀਰਾ ਗਾਂਠਿ ਨ ਖੋਲ੍ਹ ॥**
**ਨਹੀ ਪਟਣੁ ਨਹੀ ਪਾਰਖੂ ਨਹੀ ਗਾਹਕੁ ਨਹੀ ਮੋਲੁ ॥ ੨੩ ॥**

ਰਾਮ ਪਦਾਰਥ ਪਾਕੇ ਕਬੀਰਾ ਗੰਢ ਨ ਖੋਲ, ਏਥੇ ਨਾ ਸ਼ੈਹਰ ਹੈ ਨਾ ਪਾਰਖੂ ਹੈ ਨਾ ਗਾਹਕ ਹੈ ਨਾ ਮੁਲ ਹੈ॥

**ਕਬੀਰ ਤਾਸਿਉ ਪ੍ਰੀਤਿ ਕਰਿ ਜਾਕੋ ਠਾਕੁਰੁ ਰਾਮੁ ॥**
**ਪੰਡਿਤ ਰਾਜੇ ਭੂਪਤੀ ਆਵਹਿ ਕਉਨੇ ਕਾਮ ॥ ੨੪ ॥**

ਕਬੀਰਾ ਜਿਨਾਂ ਦਾ ਇਕ ਵਾਹਿਗੁਰੂ ਠਾਕਰ ਹੈ ਓਨਾਂ ਨਾਲ ਪ੍ਰੀਤ ਕਰ ਪੰਡਿਤ ਰਾਜੇ ਧਰਤੀ ਦੇ ਪਤੀ ਕਿਸ ਕੰਮ ਆਉਂਦੇ ਹਨ।

**ਕਬੀਰ ਪ੍ਰੀਤਿ ਇਕ ਸਿਉ ਕੀਏ ਆਨ ਦੁਬਿਧਾ ਜਾਇ॥**
**ਭਾਵੈ ਲਾਂਬੇ ਕੇਸ ਕਰੁ ਭਾਵੈ ਘਰਰਿ ਮੁਡਾਇ ॥ ੨੫ ॥**

ਕਬੀਰ ਇਕ ਨਾਲ ਪ੍ਰੀਤ ਕਰਨ ਕਰਕੇ ਹੋਰ ਦ੍ਵੈਤਾ ਚਲੀ ਜਾਂਦੀ ਹੈ (ਅਤੇ ਜੇ ਦ੍ਵੈਤਾ ਨਹੀਂ ਗਈ ਤੇ ਤਦ) ਭਾਵੇਂ ਲੰਮੇ ਕੇਸ ਕਰ (ਅਰਥਾਤ ਭਾਵੇਂ ਲੰਮੀਆਂ ਜਟਾਂ ਵਧਾ) ਅਤੇ ਭਾਵੇਂ ਘਰੜ ਮੁਨਾ ਛੱਡ ॥

**ਕਬੀਰ ਜਗੁ ਕਾਜਲ ਕੀ ਕੋਠਰੀ ਅੰਧ ਪਰੇ ਤਿਸ ਮਾਹਿ॥**
**ਹਉ ਬਲਿਹਾਰੀ ਤਿਨ੍ ਕਉ ਪੈਸਿ ਜੁ ਨੀਕਸਿ ਜਾਹਿ ॥ ੨੬ ॥**

ਕਬੀਰ ਜਗ ਕੱਜਲ ਦੀ ਕੋਠੀ ਹੈ ਅੰਨ੍ਹੇ ਤਿਸ ਵਿਚ ਪੈਂਦੇ ਹਨ, ਮੈਂ ਓਨ੍ਹਾਂ ਤੋਂ ਬਲਿਹਾਰਨੇ ਜਾਂਦਾ ਹਾਂ ਜੇਹੜੇ ਇਸ ਵਿਚੋਂ ਵੜਕੇ ਨਿਕਲ ਜਾਂਦੇ ਹਨ ॥

**ਕਬੀਰ ਇਹੁ ਤਨੁ ਜਾਇਗਾ ਸਕਹੁ ਤ ਲੇਹੁ ਬਹੋਰਿ ॥**
**ਨਾਂਗੇ ਪਾਵਹੁ ਤੇ ਗਏ ਜਿਨ੍ ਕੇ ਲਾਖ ਕਰੋਰਿ ॥ ੨੭ ॥**

ਕਬੀਰ ਏਹ ਤਨ ਚਲਿਆ ਜ ਵੇਗਾ ਜੇ ਮੋੜ ਸਕਦਾ ਹੈਂ ਤਾਂ ਮੋੜ ਲੈ ਜਿਨਾਂ ਦੇ ਪਾਸ ਲਖ ਕਰੋੜ ਸੀ ਓਹ ਵੀ ਨੰਗੀ ਪੈਰੀਂ ਗਏ ॥

**ਕਬੀਰ ਇਹੁ ਤਨੁ ਜਾਇਗਾ ਕਵਨੈ ਮਾਰਗਿ ਲਾਇ ॥**
**ਕੈ ਸੰਗਤਿ ਕਰਿ ਸਾਧ ਕੀ ਕੈ ਹਰਿ ਕੇ ਗੁਨ ਗਾਇ ॥ ੨੮ ॥**

ਕਬੀਰ ਏਹ ਤਨ ਚਲਿਆ ਜਾਵੇਗਾ ਇਸਨੂੰ ਕਿਸੇ ਹਛੇ ਰਸਤੇ ਲਾ ਯਾਂ ਤੇ ਸੰਤਾਂ ਦੀ ਸੰਗਤ ਕਰ ਯਾਂ ਵਾਹਿਗੁਰੂ ਦੇ ਗੁਣ ਗਾ ॥

**ਕਬੀਰ ਮਰਤਾ ਮਰਤਾ ਜਗੁ ਮੂਆ ਮਰਿ ਭੀ ਨ ਜਾਨਿਆ ਕੋਇ॥**
**ਐਸੇ ਮਰਨੇ ਜੋ ਮਰੈ ਬਹੁਰਿ ਨ ਮਰਨਾ ਹੋਇ ॥ ੨੯ ॥**

ਕਬੀਰ ਮਰਦਾ ਮਰਦਾ ਸਾਰਾ ਜਗਤ ਹੀ ਮਰ ਗਿਆ ਪਰ ਅਸਲ ਜੀਵਤ ਭਾਉ ਤੋਂ ਮਰਨਾ ਕਿਸੇ ਨਾ ਜਾਣਿਆਂ। ਇੱਕ੍ਰਤ ੇ ਮਰਨੇ ਵਿੱਚ ਜੇਹੜਾ ਮਰ ਜਾਵੇ ਉਸਦਾ ਫਿਰ ਮਰਨਾ ਨਹੀਂ ਹੋਂਦਾ ॥

**ਕਬੀਰ ਮਾਨਸ ਜਨਮੁ ਦੁਲੰਭੁ ਹੈ ਹੋਇ ਨ ਬਾਰੈ ਬਾਰ ॥**
**ਜਿਉ ਬਨ ਫਲ ਪਾਕੇ ਭੁਇ ਗਿਰਹਿ**
**ਬਹੁਰਿ ਨ ਲਾਗਹਿ ਡਾਰ ॥ ੩੦ ॥**

ਕਬੀਰ ਮਾਨੁਖ ਜਨਮ ਬੜਾ ਦੁਰਲੱਭ ਹੈ ਬਾਰ ਬਾਰ ਏਹ ਨਹੀਂ ਹੁੰਦਾ। ਜਿੱਕੁਰ ਬਨ (ਬ੍ਰਿਛ) ਦੇ ਫਲ ਪਕਕੇ ਭੁੰਜੇ ਡਿਗ ਪੈਂਦੇ ਹਨ ਤਾਂ ਫਿਰ ਡਾਲੀ ਨਾਲ ਨਹੀਂ ਲਗਦੇ ॥

**ਕਬੀਰਾ ਤੁਹੀ ਕਬੀਰੁ ਤੂ ਤੇਰੋ ਨਾਉ ਕਬੀਰੁ ॥ ਰਾਮ ਰਤਨੁ**
**ਤਬ ਪਾਈਐ ਜਉ ਪਹਿਲੇ ਤਜਹਿ ਸਰੀਰੁ ॥ ੩੧ ॥**

ਹੇ ਕਬੀਰ ਤੂੰ ਹੀ ਕਬੀਰ ਹੈਂ ਅਤੇ ਤੇਰਾ ਹੀ ਨਾਮ ਕਬੀਰ ਹੈ। ਜਦ ਪਹਿਲੇ ਸਰੀਰ ਨੂੰ ਤਜੇਂ ਭਾਵ ਜੀਵਤ ਭਾਵ ਤੋਂ ਮਰੀਏ ਤਾਂ ਵਾਹਿਗੁਰੂ ਦਾ ਨਾਮ ਰਤਨ ਪਾਈਦਾ ਹੈ ॥

**ਕਬੀਰ ਝੰਖੁ ਨ ਝੰਖੀਐ ਤੁਮਰੋ ਕਹਿਓ ਨ ਹੋਇ ॥**
**ਕਰਮ ਕਰੀਮ ਜੁ ਕਰਿ ਰਹੇ ਮੇਟਿ ਨ ਸਾਕੈ ਕੋਇ ॥ ੩੨ ॥**

ਕਬੀਰ ਝਖਾਂ ਨ ਮਾਰੀਏ ਤੇਰਾ ਕਿਹਾ ਨਹੀਂ ਹੋਣਾਂ, ਕ੍ਰਿਪਾ ਕਰਨ ਵਾਲੇ ਵਾਹਿਗੁਰੂ ਜੀ ਜੋ ਕੁਝ ਕਰ ਰਹੇ ਹਨ ਉਸਨੂੰ ਕੋਈ ਮੇਟ ਨਹੀਂ ਸਕਦਾ ॥

**ਕਬੀਰ ਕਸਉਟੀ ਰਾਮ ਕੀ ਝੂਠਾ ਟਿਕੈ ਨ ਕੋਇ ॥**
**ਰਾਮ ਕਸਉਟੀ ਸੋ ਸਹੈ ਜੋ ਮਰਿ ਜੀਵਾ ਹੋਇ ॥ ੩੩ ॥**

ਕਬੀਰ ਜੇਹੜੀ ਵਾਹਿਗੁਰੂ ਦੀ ਤਤਿਖਿਆ ਰੂਪ ਕਸੌਟੀ ਹੈ ਇਸ ਤੇ ਝੂਠਾ ਕੋਈ ਨਹੀਂ ਟਿਕਦਾ ਵਾਹਿਗੁਰੂ ਦੀ ਕਸੌਟੀ ਸੋ ਸਹਾਰਦਾ ਹੈ ਜੇਹੜਾ ਜੀਵਤ ਭਾਵ ਤੋਂ ਮਰਿਆ ਹੋਵੇ ਯਾ ਮਰਨ ਜਾਣਦਾ ਹੋਵੇ ॥

**ਕਬੀਰ ਉਜਲ ਪਹਿਰਹਿ ਕਾਪਰੇ ਪਾਨ ਸੁਪਾਰੀ ਖਾਹਿ ॥**
**ਏਕਸ ਹਰਿ ਕੇ ਨਾਮ ਬਿਨੁ ਬਾਧੇ ਜਮ ਪੁਰਿ ਜਾਹਿ ॥ ੩੪ ॥**

ਕਬੀਰ ਜੇਹੜੇ ਚਿੱਟੇ ਕਪੜੇ ਪੈਹਰਦੇ ਹਨ ਅਤੇ ਪਾਨ ਸੁਪਾਰੀਆਂ ਖਾਂਦੇ ਹਨ ਪਰ ਅਫਸੋਸ ਇਕ ਵਾਹਿਗੁਰੂ ਦੇ ਨਾਮ ਤੋਂ ਬਿਨਾਂ ਹੋਏ ਹੋਏ ਜਮ ਪੁਰ ਨੂੰ ਬਧੇ ਚਲੇ ਜਾਂਦੇ ਹਨ ਵਾ ਚਲੇ ਜਾਣਗੇ ॥

**ਕਬੀਰ ਬੇੜਾ ਜਰਜਰਾ ਫੂਟੇ ਛੇਂਕ ਹਜਾਰ ॥**
**ਹਰੁਏ ਹਰੁਏ ਤਿਰਿ ਗਏ ਡੂਬੇ ਜਿਨ ਸਿਰ ਭਾਰ ॥ ੩੫ ॥**

ਕਬੀਰ ਸਰੀਰ ਰੂਪ ਬੇੜਾ ਜਰਜਰਾ ਹੈ ਜਿਸਨੂੰ ਹਜ਼ਾਰਾਂ ਹੀ ਛੇਕ ਹੋ ਗਏ ਹਨ, ਜੇਹੜੇ ਪੁੰਨ ਆਤਮਾਂ ਹੌਲੇ ਹੌਲੇ ਸਨ ਓਹ ਤਾਂ ਇਸ ਸੰਸਾਰ ਸਮੁੰਦਰ ਤੋਂ ਤਰ ਗਏ ਹਨ ਅਤੇ ਡੁਬੇ ਓਹ ਹਨ ਜਿਨ੍ਹਾਂ ਦੇ ਸਿਰ ਤੇ ਭਾਰ ਸੀ ॥

**ਕਬੀਰ ਹਾਡ ਜਰੇ ਜਿਉ ਲਾਕਰੀ ਕੇਸ ਜਰੇ ਜਿਉ ਘਾਸੁ ॥ ਇਹੁ ਜਗੁ ਜਰਤਾ ਦੇਖਿਕੈ ਭਇਓ ਕਬੀਰੁ ਉਦਾਸੁ ॥ ੩੬ ॥**

ਕਬੀਰ ਹੱਡ ਇੱਕੁਰ ਸੜਦੇ ਹਨ ਜਿੱਕੁਰ ਲਕੜ ਸੜਦੀ ਹੈ ਅਤੇ ਕੇਸ ਇੱਕੁਰ ਸੜਦੇ ਹਨ ਜਿੱਕੁਰ ਘਾ ਸੜਦਾ ਹੈ ਇੱਕੁਰ ਇਸ ਜਗਤ ਨੂੰ ਸੜਦਾ ਦੇਖਕੇ ਕਬੀਰ ਉਦਾਸ ਹੋ ਗਿਆ ਹੈ ॥

**ਕਬੀਰ ਗਰਬੁ ਨ ਕੀਜੀਐ ਚਾਮ ਲਪੇਟੇ ਹਾਡ ॥ ਹੈਵਰ ਊਪਰ ਛਤ੍ਰ ਤਰ ਤੇ ਫੁਨਿ ਧਰਨੀ ਗਾਡ ॥ ੩੭ ॥**

ਕਬੀਰਾ ਹੰਕਾਰ ਨਾ ਕਰੀਏ ਅਸੀਂ ਚੰਮ ਤੇ ਹੱਡਾਂ ਦੇ ਲਪੇਟੇ ਹੋਏ ਹਾਂ ਭਾਵ ਤਲੇ ਹੱਡ ਹਨ ਉਪਰ ਚੰਮ ਹੈ ਪਰ ਜੇਹੜੇ ਚੰਗੇ ਘੋੜਿਆਂ ਉਪਰ ਚੜ੍ਹਦੇ ਸੀ ਅਤੇ ਛਤ੍ਰਾਂ ਤਲੇ ਜਾਂਦੇ ਸੀ ਓਹ ਫਿਰ ਧਰਤੀ ਵਿਚ ਗਡੇ ਗਏ ॥

**ਕਬੀਰ ਗਰਬੁ ਨ ਕੀਜੀਐ ਊਚਾ ਦੇਖਿ ਅਵਾਸੁ ॥ ਆਜੁ ਕਾਲਿ ਭੁਇ ਲੇਟਣਾ ਊਪਰਿ ਜਾਮੈ ਘਾਸੁ ॥ ੩੮ ॥**

ਅਵਾਸੁ = ਘਰ

ਕਬੀਰ ਉੱਚਾ ਘਰ ਦੇਖਕੇ ਹੰਕਾਰ ਨ ਕਰੀਏ ॥ ਅਜ ਕਲ ਅਸਾਂ ਵੀ ਧਰਤੀ ਉਤੇ ਲੇਟਣਾ ਹੈ ਉਪਰ ਸਾਡੇ ਘਾਹ ਜੰਮੇਗਾ ॥

**ਕਬੀਰ ਗਰਬੁ ਨ ਕੀਜੀਐ ਰੰਕੁ ਨ ਹਸੀਐ ਕੋਇ ॥ ਅਜਹੁ ਸੁ ਨਾਉ ਸਮੁੰਦ੍ਰ ਮਹਿ ਕਿਆ ਜਾਨਉ ਕਿਆ ਹੋਇ ॥ ੩੯ ॥**

ਕਬੀਰ ਹੰਕਾਰ ਨਾ ਕਰੀਏ ਅਤੇ ਕਿਸੇ ਕੰਗਾਲ ਨੂੰ ਨਾ ਹਸੀਏ, ਅਜੇ ਵੀ ਬੇੜੀ ਸਮੁੰਦਰ ਵਿਚ ਹੈ ਕੀ ਜਾਣਾਂ ਕੀ ਹੋਵੇਗਾ ॥

**ਕਬੀਰ ਗਰਬੁ ਨ ਕੀਜੀਐ ਦੇਹੀ ਦੇਖਿ ਸੁਰੰਗ ॥ ਆਜੁ ਕਾਲਿ ਤਜਿ ਜਾਹੁਗੇ ਜਿਉ ਕਾਂਚੁਰੀ ਭੁਯੰਗ ॥ ੪੦ ॥**

ਭੁਯੰਗ = ਸੱਪ ॥

ਕਬੀਰ ਦੇਹੀ ਚੰਗੇ ਰੰਗ ਵਾਲੀ ਦੇਖਕੇ ਹੰਕਾਰ ਨਾ ਕਰੀਏ ਤੁਸੀਂ ਇਸਨੂੰ ਇੱਕੁਰ ਅਜ ਕਲ ਹੀ ਛਡ ਜਾਵੋਗੇ ਜਿੱਕੁਰ ਸੱਪ ਕੁੰਜ ਨੂੰ ਛਡ

ਜਾਂਦਾ ਹੈ।

**ਕਬੀਰ ਲੂਟਨਾ ਹੈ ਤ ਲੂਟਿ ਲੈ ਰਾਮ ਨਾਮ ਹੈ ਲੂਟਿ ॥**
**ਫਿਰਿ ਪਾਛੈ ਪਛੁਤਾਹੁਗੇ ਪ੍ਰਾਨ ਜਾਹਿਗੇ ਛੂਟਿ ॥ ੪੧॥**

ਕਬੀਰ ਜੇ ਲੁਟਣਾ ਹੈ ਤਾਂ ਲੁਟ ਲੈ ਪਰ ਰਾਮ ਨਾਮ ਲੁਟ, ਫਿਰ ਪਿਛੋਂ ਪਸਚਾਤਾਪ ਕਰੇਂਗਾ ਜਦ ਪ੍ਰਾਣ ਛੁਟ ਜਾਣਗੇ।

**ਕਬੀਰ ਐਸਾ ਕੋਈ ਨ ਜਨਮਿਓ ਅਪਨੈ ਘਰ ਲਾਵੈ ਆਗਿ ॥**
**ਪਾਂਚਉ ਲਰਿਕਾ ਜਾਰਿਕੈ ਰਹੈ ਰਾਮ ਲਿਵ ਲਾਗਿ ॥ ੪੨ ॥**

ਕਬੀਰ ਇੱਕੁਰ ਦਾ ਕੋਈ ਨਹੀਂ ਜੰਮਿਆਂ ਜੇਹੜਾ ਆਪਣੇ ਘਰ ਨੂੰ ਅਗ ਲਾਵੇ, ਕਾਮਾਦਿਕ ਪੰਜੇ ਲੜਕੇ ਸਾੜਕੇ ਵਾਹਿਗੁਰੂ ਨਾਲ ਲਿਵ ਲਾ ਛੱਡੇ।

**ਕੋ ਹੈ ਲਰਿਕਾ ਬੇਚਈ ਲਰਿਕੀ ਬੇਚੈ ਕੋਇ ॥**
**ਸਾਝਾ ਕਰੈ ਕਬੀਰ ਸਿਉ ਹਰਿ ਸੰਗਿ ਬਨਜੁ ਕਰੇਇ ॥ ੪੩ ॥**

ਕਬੀਰ ਕੋਈ ਮਨ ਰੂਪ ਲੜਕਾ ਵੇਚੇ ਅਤੇ ਕੋਈ ਬ੍ਰਹਮ ਵਿਦਿਆ ਵਾ ਬੁਧੀ ਵੇਚੇ ਅਤੇ ਕਬੀਰ ਨਾਲ ਵਟੋ ਸੱਟਾ ਕਰੇ ਤੇ ਵਾਹਿਗੁਰੂ ਨਾਲ ਸੌਦਾ ਕਰੇ।

**ਕਬੀਰ ਇਹ ਚੇਤਾਵਨੀ ਮਤ ਸਹਸਾ ਰਹਿ ਜਾਇ ॥**
**ਪਾਛੈ ਭੋਗ ਜੁ ਭੋਗਵੇ ਤਿਨਕੋ ਗੁੜੁ ਲੈ ਖਾਹਿ ॥ ੪੪ ॥**

ਕਬੀਰ ਮੈਂ ਤੈਨੂੰ ਚੇਤਾਵਣੀ ਕਰਾਉਂਦਾ ਹਾਂ ਫਿਰ ਮਤ ਤੈਨੂੰ ਸੰਸਾ ਰਹਿ ਜਾਵੇ। ਜੇਹੜੇ ਤੂੰ ਪਿੱਛੇ ਭੋਗ ਭੋਗੇ ਹਨ ਉਨ੍ਹਾਂ ਦਾ ਤੂੰ ਹੁਣ ਗੁੜ ਲੈਕੇ ਖਾਂਦਾ ਹੈਂ ਭਾਵ ਜੇਹੜੇ ਤੂੰ ਪਿੱਛੇ ਭੋਗ ਭੋਗ ਚੁਕਾ ਹੈਂ ਉਨ੍ਹਾਂ ਦਾ ਤੂੰ ਕਿਸੇ ਹੱਟੀ ਵਾਲੇ ਤੋਂ ਗੁੜ ਲੈਕੇ ਖਾ ਖਾਂ,ਕਿਆ ਤੈਨੂੰ ਕੁਝ ਮਿਲੇਗਾ,ਵਾ ਪੁੰਨ ਸੁਖ ਭੋਗਦਾ ਹੈਂ।

**ਕਬੀਰ ਮੈ ਜਾਨਿਓ ਪੜਿਬੋ ਭਲੋ ਪੜਿਬੇ ਸਿਉ ਭਲ ਜੋਗੁ ॥**
**ਭਗਤਿ ਨ ਛਾਡਉ ਰਾਮ ਕੀ ਭਾਵੈ ਨਿੰਦਉ ਲੋਗੁ ॥ ੪੫ ॥**

ਕਬੀਰ ਮੈਂ ਤਾਂ ਜਾਣਿਆਂ ਸੀ ਪੜ੍ਹਨਾਂ ਹੱਛਾ ਹੈ, ਪਰ ਪੜ੍ਹਨ ਨਾਲੋਂ ਵਾਹਿਗੁਰੂ ਵਿੱਚ ਜੁੜਨਾਂ ਹੱਛਾ ਹੈ। ਮੈਂ ਰਾਮ ਦੀ ਭਗਤੀ ਨਹੀਂ ਛੱਡਾਂਗਾ ਭਾਵੇਂ ਸੰਸਾਰੀ ਲੋਕ ਮੇਰੀ ਨਿੰਦਿਆ ਹੀ ਕਰਨ।

**ਕਬੀਰ ਲੋਗੁ ਕਿ ਨਿੰਦੈ ਬਪੁੜਾ ਜਿਹ ਮਨਿ ਨਾਹੀ ਗਿਆਨੁ ॥**
**ਰਾਮ ਕਬੀਰਾ ਰਵਿ ਰਹੇ ਅਵਰ ਤਜੇ ਸਭ ਕਾਮ ॥ ੪੬ ॥**

ਰਵਿ = ਜਪ,ਮਿਲ, ਸੂਰਜ ।

ਕਬੀਰ ਲੋਕ ਵਿਚਾਰੇ ਕਿਆ ਨਿੰਦ ਸਕਦੇ ਹਨ ਜਿਨ੍ਹਾਂ ਦੇ ਮਨ ਵਿੱਚ ਗਜਾਨ ਹੀ ਨਹੀਂ, ਰਾਮ ਤੇ ਕਬੀਰਾ ਮਿਲ ਰਹੇ ਹਨ ਹੋਰ ਕੰਮ ਛਡ ਦਿੱਤੇ ਹਨ ।

**ਕਬੀਰ ਪਰਦੇਸੀ ਕੈ ਘਾਘਰੈ ਚਹੁ ਦਿਸਿ ਲਾਗੀ ਆਗਿ ॥**
**ਖਿੰਥਾ ਜਲਿ ਕੋਇਲਾ ਭਈ ਤਾਗੇ ਆਂਚ ਨ ਲਾਗ ॥ ੪੭ ॥**

ਕਬੀਰ ਜੀਵ ਪਰਦੇਸੀ ਦੇ ਸਰੀਰ ਰੂਪ ਘੱਘਰੇ ਨੂੰ ਚੌਹਾਂ ਤਰਫਾਂ ਤੋਂ ਕਾਲ ਰੂਪ ਅੱਗ ਲਗੀ ਹੈ ਦੇਹ ਰੂਪ ਗੋਦੜੀ ਸੜਕੇ ਕੋਇਲਾ ਹੋ ਗਈ ਹੈ ਪਰ ਧਾਗੇ ਰੂਪ ਲਿੰਗ ਸਰੀਰ ਵਾ ਜੀਵ ਆਤਮਾ ਨੂੰ ਰਤਾ ਅੱਗ ਨਹੀਂ ਲਗੀ ॥

**ਕਬੀਰ ਖਿੰਥਾ ਜਲ ਕੋਇਲਾ ਭਈ ਖਾਪਰੁ ਫੂਟਮ ਫੂਟੁ ॥**
**ਜੋਗੀ ਬਪੁੜਾ ਖੇਲਿਓ ਆਸਨਿ ਰਹੀ ਬਿਭੂਤਿ ॥ ੪੮ ॥**

ਕਬੀਰ ਖਿੰਥਾ ਸੜਕੇ ਕੋਲਾ ਹੋ ਗਈ ਹੈ ਅਤੇ ਜੀਵ ਰੂਪ ਯੋਗੀ ਦਾ ਖੱਪਰ ਵੀ ਟੁੱਟ ਗਿਆ ਅਤੇ ਯੋਗੀ ਵਿਚਾਰਾ ਵੀ ਖੇਡ ਗਿਆ ਭਾਵ ਮਰ ਗਯਾ ਹੈ ਬਾਕੀ ਆਸਨ ਉਤੇ ਨਿਰੀ ਸੁਆਹ ਹੀ ਰੈਹ ਗਈ ਹੈ ॥

**ਕਬੀਰ ਥੋਰੈ ਜਲਿ ਮਾਛੁਲੀ ਝੀਵਰ ਮੇਲਿਓ ਜਾਲੁ ॥**
**ਇਹ ਟੋਘਨੈ ਨ ਛੂਟਸਹਿ ਫਿਰਿ ਕਰਿ ਸਮੁੰਦੁ ਸਮ੍ਹਾਲਿ ॥ ੪੯ ॥**

ਕਬੀਰ ਪਦਾਰਥਾਂ ਰੂਪ ਥੋੜ੍ਹੇ ਪਾਣੀ ਵਿੱਚ ਜੀਵ ਰੂਪ ਮੱਛੀ ਨੂੰ ਕਾਲ ਰੂਪ ਝੀਵਰ ਨੇ ਮੌਤ ਰੂਪ ਜਾਲ ਆ ਪਾਇਆ ਹੈ, ਅਫਸੋਸ ਹੁਣ ਵੀ ਅਸੀਂ ਤੈਨੂੰ ਆਖਦੇ ਹਾਂ ਕਿ ਏਨ੍ਹਾਂ ਦੇਵਤਿਆਂ ਦੀ ਸੇਵਾ ਰੂਪ ਟੋਇਆਂ ਤੋਂ ਨਹੀਂ ਬਚੇਗਾ ਫਿਰ ਤੂੰ ਵਾਹਿਗੁਰੂ ਰੂਪ ਸਮੁੰਦ੍ਰ ਨੂੰ ਸੰਭਾਲ ॥

**ਕਬੀਰ ਸਮੁੰਦੁ ਨ ਛੋਡੀਐ ਜਉ ਅਤਿ ਖਾਰੋ ਹੋਇ ॥**
**ਪੋਖਰਿ ਪੋਖਰਿ ਢੂਢਤੇ ਭਲੋ ਨ ਕਹਿ ਹੈ ਕੋਇ ॥ ੫੦ ॥**

ਪੋਖਰਿ = ਛਪੜ ॥

ਕਬੀਰ ਸਮੁੰਦ ਨੂੰ ਨਹੀਂ ਛੱਡਣਾਂ ਚਾਹੀਦਾ ਭਾਵੇਂ ਅਤਯੰਤ ਹੀ ਖਾਰਾ ਹੋਵੇ, ਛਪੜ ਛਪੜ ਢੂੰਢਦਿਆਂ ਸਾਨੂੰ ਕੋਈ ਭਲਾ ਨਹੀਂ ਕਹੇਗਾ ॥

**ਕਬੀਰ ਨਿਗੁਸਾਏਂ ਬਹਿ ਗਏ ਥਾਂਘੀ ਨਾਹੀ ਕੋਇ ॥**
**ਦੀਨ ਗਰੀਬੀ ਆਪੁਨੀ ਕਰਤੇ ਹੋਇ ਸੁ ਹੋਇ ॥ ੫੧ ॥**

ਕਬੀਰ ਬੇਗੁਰੇ ਇਸ ਸੰਸਾਰ ਸਮੁੰਦ੍ਰ ਵਿੱਚ ਰੁੜ੍ਹ ਗਏ ਤਿਨ੍ਹਾਂ ਨੂੰ ਥੰਮਣ ਵਾਲਾ ਸਾਥੀ ਕੋਈ ਨ ਹੋਇਆ, ਆਪ ਦੀਨਤਾ ਅਤੇ ਗਰੀਬੀ ਵਾਲੇ ਹੋਈਏ,

ਕਰਤੇ ਵਲੋਂ ਜੋ ਕੁਝ ਪਿਆ ਹੋਵੇ ਸੋ ਹੋਵੇ।

**ਕਬੀਰ ਬੈਸਨਉ ਕੀ ਕੂਕਰਿ ਭਲੀ ਸਾਕਤ ਕੀ ਬੁਰੀ ਮਾਇ॥**
**ਓਹੁ ਨਿਤ ਸੁਨੈ ਹਰਿ ਨਾਮ ਜਸੁ**
**ਉਹ ਪਾਪ ਬਿਸਾਹਨ ਜਾਇ॥੫੨॥**

ਬਿਸਾਹਨ = ਖਰੀਦਨ ॥

ਕਬੀਰ ਵੈਸ਼ਨਵ ਦੀ ਕੁਤੀ ਚੰਗੀ ਹੈ ਅਤੇ ਸਾਕਤ ਦੀ ਮਾਂ ਬੁਰੀ ਹੈ ਕਿਉਂ ਓਹ ਹਰ ਰੋਜ਼ ਹੀ ਹਰ ਨਾਮ ਦੇ ਜੱਸ ਨੂੰ ਸੁਣਦੀ ਹੈ ਅਤੇ ਓਹ ਪਾਪਾਂ ਨੂੰ ਖਰੀਦਨ ਜਾਂਦੀ ਹੈ॥

**ਕਬੀਰ ਹਰਨਾ ਦੂਬਲਾ ਇਹੁ ਹਰੀਆਲਾ ਤਾਲੁ॥**
**ਲਾਖ ਅਹੇਰੀ ਏਕੁ ਜੀਉ ਕੇਤਾ ਬੰਚਉ ਕਾਲੁ॥ ੫੩॥**

ਦੂਬਲਾ = ਮਾੜਾ॥ ਅਹੇਰੀ = ਸ਼ਿਕਾਰੀ॥

ਕਬੀਰ ਜੀਵ ਰੂਪ ਹਰਨ ਮਾੜਾ ਹੋਇਆ ੨ ਹੈ ਅਤੇ ਏਹ ਸੰਸਾਰ ਰੂਪ ਤਾਲ ਵਿਸ਼ਿਆਂ ਪਦਾਰਥਾਂ ਕਰਕੇ ਹਰਿਆ ਪਰਤੀਤ ਹੁੰਦਾ ਹੈ ਅਤੇ ਲੱਖਾਂ ਹੀ ਸ਼ਿਕਾਰੀ ਹਨ ਅਤੇ ਇਕ ਵਿਚਾਰਾ ਜੀਵ ਹੈ ਅਫਸੋਸ ਕਿਤਨਾਕੁ ਚਿਰ ਕਾਲ ਤੋਂ ਬਚ ਸਕਦਾ ਹੈ॥

**ਕਬੀਰ ਗੰਗਾ ਤੀਰ ਜੁ ਘਰੁ ਕਰਹਿ ਪੀਵਹਿ ਨਿਰਮਲ ਨੀਰੁ॥**
**ਬਿਨੁ ਹਰਿ ਭਗਤਿ ਨ ਮੁਕਤਿ ਹੋਇ**
**ਇਉ ਕਹਿ ਰਮੇ ਕਬੀਰ॥ ੫੪॥**

ਕਬੀਰ ਗੰਗਾ ਦੇ ਪਾਸ ਜੇ ਘਰ ਕਰੇਂ ਤਾਂ ਨਿਰਮਲ ਜਲ ਪੀਵੇਂ ਪਰ ਬਿਨਾਂ ਹਰੀ ਦੀ ਭਗਤੀ ਤੋਂ ਮਕਤੀ ਨਹੀਂ ਹੁੰਦੀ ਇੱਕਰ ਕਹਿਕੇ ਕਬੀਰ ਰਮਦਾ ਹੈ॥

**ਕਬੀਰ ਮਨੁ ਨਿਰਮਲੁ ਭਇਆ ਜੈਸਾ ਗੰਗਾ ਨੀਰੁ॥**
**ਪਾਛੈ ਲਾਗੋ ਹਰਿ ਫਿਰੈ ਕਹਤ ਕਬੀਰ ਕਬੀਰ॥ ੫੫॥**

ਕਬੀਰ ਮਨ ਨਿਰਮਲ ਇੱਕੁਰ ਦਾ ਹੋਗਿਆ ਹੈ ਜਿੱਕੁਰ ਦਾ ਗੰਗਾ ਦਾ ਪਾਣੀ ਹੈ ਅਤੇ ਪਿਛੇ ਪਿਛੇ ਲਗਾ ਵਾਹਿਗੁਰੂ ਫਿਰਦਾ ਹੈ ਅਤੇ ਕਬੀਰ ਕਬੀਰ ਕਹਿੰਦਾ ਹੈ॥

**ਕਬੀਰ ਹਰਦੀ ਪੀਅਰੀ ਚੂਨਾ ਊਜਲ ਭਾਇ॥**

**ਰਾਮ ਸਨੇਹੀ ਤਉ ਮਿਲੈ ਦੋਨਉ ਬਰਨ ਗਵਾਇ ॥ ੫੬ ॥**

ਕਬੀਰ ਹਲਦੀ ਪੀਲੀ ਹੈ ਅਤੇ ਚੂਨਾਂ ਚਿੱਟੀ ਤਰਾਂ ਦਾ ਵਾ ਚਿੱਟੀ ਭਾ ਮਾਰਦਾ ਹੈ ਭਾਵ ਚਿੱਟਾ ਹੈ ਪਰ ਦੋਹਾਂ ਨੂੰ ਰਲੌਣ ਨਾਲ ਇਕ ਰੰਗ ਹੋ ਜਾਂਦਾ ਹੈ ਇੱਕੁਰ ਹੀ ਵਾਹਿਗੁਰੂ ਅਤੇ ਵਾਹਿਗੁਰੂ ਦੇ ਪ੍ਰੇਮੀ ਤਦ ਮਿਲਦੇ ਹਨ ਜਦ ਦੋਨੋਂ ਵਰਨ ਜਾਤ ਪਾਤ ਦੂਰ ਕਰ ਦੇਣ ਭਾਵ ਇਕ ਹੋ ਜਾਣ ॥

**ਕਬੀਰ ਹਰਦੀ ਪੀਰਤਨੁ ਹਰੈ ਚੂਨ ਚਿਹਨੁ ਨ ਰਹਾਇ ॥**
**ਬਲਿਹਾਰੀ ਇਹ ਪ੍ਰੀਤਿ ਕਉ**
**ਜਿਹ ਜਾਤਿ ਬਰਨੁ ਕੁਲੁ ਜਾਇ ॥ ੫੭ ॥**

ਕਬੀਰ ਹਲਦੀ ਪੀਲੱਤਣ ਹਰ ਦੇਵੇ ਅਤੇ ਚੂਨਾਂ ਚਿਹਨੁ ਨ ਰਖੇ। ਮੈਂ ਇਸ ਪ੍ਰੀਤ ਨੂੰ ਬਲਿਹਾਰੀ ਹਾਂ ਜਿਸ ਵਿੱਚ ਵਾ ਜਿਸ ਕਰਕੇ ਜਾਤ, ਪਾਤ, ਵਰਨ, ਕੁਲ ਸਭ ਦੂਰ ਹੋ ਜਾਵੇ ॥

**ਕਬੀਰ ਮੁਕਤਿ ਦੁਆਰਾ ਸੰਕੁਰਾ ਰਾਈ ਦਸਏਂ ਭਾਇ ॥**
**ਮਨੁ ਤਉ ਮੈਗਲੁ ਹੋਇ ਰਹਿਓ ਨਿਕਸੋ ਕਿਉ ਕੈ ਜਾਇ ॥੫੮॥**

ਸੰਕੁਰਾ = ਭੀੜਾ। ਮੈਗਲੁ = ਹਾਥੀ ॥

ਕਬੀਰ ਮੁਕਤੀ ਦੁਆਰਾ ਅਤਯੰਤ ਭੀੜਾ ਹੈ ਰਾਈ ਦੇ ਦਸਵੇਂ ਹਿਸੇ (ਵਾਂਙੂ) ਸਮਾਨ ਹੈ ਅਤੇ ਮਨ ਤਾਂ ਹਾਥੀ ਵਤ ਪ੍ਰਮਾਦੀ ਹੋ ਰਿਹਾ ਹੈ ਓਥੋਂ ਦੀ ਕਿੱਕੁਰ ਨਿਕਲਿਆ ਜਾਵੇਗਾ ॥

**ਕਬੀਰ ਐਸਾ ਸਤਿਗੁਰੁ ਜੇ ਮਿਲੈ ਤੁਠਾ ਕਰੇ ਪਸਾਉ ॥**
**ਮੁਕਤਿ ਦੁਆਰਾ ਮੋਕਲਾ ਸਹਜੇ ਆਵਉ ਜਾਉ ॥ ੫੯ ॥**

ਤੁਠਾ = ਪ੍ਰਸੰਨ। ਪਸਾਉ = ਦਾਤ।

ਕਬੀਰ ਇੱਕੁਰ ਦਾ ਸਤਿਗੁਰੂ ਜੇ ਮਿਲੇ ਅਤੇ ਪ੍ਰਸੰਨ ਹੋਕੇ ਦਾਤ ਕਰੇ ਤਾਂ ਮੁਕਤੀ ਦਾ ਦਰਵਾਜਾ ਮੋਕਲਾ ਹੋ ਜਾਂਦਾ ਹੈ ਸਹਿਜੇ ਹੀ ਜਿਧਰ ਜਾਣਾਂ ਆਉਂਣਾ ਹੋਵੇ ਜਾਵੋ ਆਵੋ।

**ਕਬੀਰ ਨ ਮੋਹਿ ਛਾਨਿ ਨ ਛਾਪਰੀ ਨਾ ਮੋਹਿ ਘਰੁ ਨਹੀ ਗਾਉ ॥ ਮਤ ਹਰਿ ਪੂਛੈ ਕਉਨੁ ਹੈ ਮੇਰੇ ਜਾਤਿ ਨ ਨਾਉ ॥ ੬੦॥**

ਕਬੀਰ ਨਾ ਮੇਰੀ ਛੰਨ ਹੈ ਨਾ ਛਪਰੀ ਨਾ ਮੇਰਾ ਘਰ ਹੈ ਨਾ ਪਿੰਡ, ਮਤ ਹਰੀ ਪੁਛੇ ਤੂੰ ਕੌਣ ਹੈਂ (ਸਾਡੇ ਬੂਹੇ ਉਤੇ ਪਿਆ ਹੋਇਆ) ਮੇਰੀ ਤਾਂ ਜਾਤ ਅਤੇ ਨਾਮ ਵੀ ਕੋਈ ਨਹੀਂ ॥

**ਕਬੀਰ ਮੁਹਿ ਮਰਨੈ ਕਾ ਚਾਉ ਹੈ ਮਰਉ ਤ ਹਰਿ ਕੇ ਦੁਆਰ ॥
ਮਤ ਹਰਿ ਪੂਛੈ ਕਉਨੁ ਹੈ ਪਰਾ ਹਮਾਰੈ ਬਾਰ ॥ ੬੧ ॥**

ਕਬੀਰ ਮੈਨੂੰ ਮਰਨੇ ਦਾ ਚਾਉ ਹੈ ਪਰ ਮਰਾਂ ਤੇ ਮਰਾਂ ਹਰੀ ਦੇ ਬੂਹੇ ਤੇ, ਮਤ ਹਰੀ ਪੁਛ (ਲਵੇ) ਤੂੰ ਕੌਣ ਹੈਂ ਸਾਡੇ ਬੂਹੇ ਤੇ ਪਿਆ ਹੋਇਆ ॥

(ਲੰਗਰ ਦੀ ਪੂਰਨਤਾ)

**ਕਬੀਰ ਨਾ ਹਮ ਕੀਆ ਨ ਕਰਹਿਗੇ ਨਾ ਕਰਿ
ਸਕੈ ਸਰੀਰੁ ॥ ਕਿਆ ਜਾਨਉ ਕਿਛੁ ਹਰਿ
ਕੀਆ ਭਇਓ ਕਬੀਰੁ ਕਬੀਰੁ ॥ ੬੨ ॥**

ਕਬੀਰ ਨਾ ਮੈਂ ਕੀਤਾ ਹੈ (ਭੂਤ) ਨਾ ਕਰ ਸਕਾਂਗਾ (ਭਵਿਖਤ) ਅਤੇ ਨਾ (ਵਰਤਮਾਨ ਵਿਚ) ਸਰੀਰ ਕਰ ਸਕਦਾ ਹੈ, ਕੀ ਜਾਣਾਂ ਕੁਝ ਹਰੀ ਨੇ ਕੀਤਾ ਹੈ ਅਤੇ ਕਬੀਰ ਕਬੀਰ ਹੋਇਆ ਹੈ ॥

**ਕਬੀਰ ਸੁਪਨੈ ਹੂ ਬਰੜਾਇਕੈ ਜਿਹ ਮੁਖ ਨਿਕਸੈ ਰਾਮੁ ॥
ਤਾਕੇ ਪਗ ਕੀ ਪਾਨਹੀ ਮੇਰੇ ਤਨ ਕੋ ਚਾਮੁ ॥ ੬੩ ॥**

ਪਾਨਹੀ = ਜੁੱਤੀ ॥

ਕਬੀਰ ਸੁਪਨੇ ਵਿਚ ਬਰੜਾਕੇ ਜਿਦੇ ਮੂੰਹੋਂ ਵਾਹਿਗੁਰੂ ਨਿਕਲੇ, ਓਸ ਦੇ ਪੈਰ ਦੀ ਜੁਤੀ ਅਰ ਮੇਰੇ ਤਨ ਦਾ ਚੰਮ ਹੋਵੇ ॥

**ਕਬੀਰ ਮਾਟੀ ਕੇ ਹਮ ਪੂਤਰੇ ਮਾਨਸੁ ਰਾਖਿਓ ਨਾਉ ॥
ਚਾਰਿ ਦਿਵਸ ਕੇ ਪਾਹੁਨੇ ਬਡ ਬਡ ਰੂੰਧਹਿ ਠਾਉ ॥ ੬੪ ॥**

ਪਾਹੁਨੇ = ਪਰਾਹੁਣੇ । ਰੂੰਧਹਿ = ਰੋਕੇ ।

ਕਬੀਰ ਮਿੱਟੀ ਦੇ ਅਸੀਂ ਪੁਤਲੇ ਹਾਂ ਅਤੇ ਸਾਡਾ ਨਾਂ ਮਾਨੁਸ਼ ਰੱਖ ਦਿਤਾ ਹੈ, ਚਾਰ ਦਿਨ ਦੇ ਅਸੀਂ ਪਰਾਹੁਣੇ ਹਾਂ ਅਤੇ ਬੜੇ ਬੜੇ ਥਾਂ ਰੋਕਣ ਡਹੇ ਹੋਏ ਹਾਂ।

**ਕਬੀਰ ਮਹਿਦੀ ਕਰਿ ਘਾਲਿਆ ਆਪੁ ਪੀਸਾਇ
ਪੀਸਾਇ ॥ ਤੈ ਸਹ ਬਾਤ ਨ ਪੂਛੀਐ ਕਬਹੁ ਨ ਲਾਈ
ਪਾਂਇ ॥ ੬੫ ॥**

ਕਬੀਰ ਇਸ ਜੀਵ ਰੂਪ ਇਸਤ੍ਰੀ ਨੇ ਆਪਣੇ ਆਪ ਨੂੰ ਮੇਂਹਦੀ ਵਾਂਗੂ ਚੱਕੀ ਵਿਚ ਪੀਹ ਪੀਹ ਕੇ ਜਪ ਤਪ ਕਰਕੇ ਸਰੀਰ ਨੂੰ ਦੁਖ ਦਿਤਾ ਪਰ ਹੇ ਵਾਹਿਗੁਰੂ ਤੂੰ ਬਾਤ ਵੀ ਨਾ ਪੁਛੀ ਅਤੇ ਨਾ ਕਦੀ ਪੈਰੀਂ ਲਾਈ ॥

**ਕਬੀਰ ਜਿਹ ਦਰ ਆਵਤ ਜਾਤਿਅਹੁ ਹਟਕੈ ਨਾਹੀ ਕੋਇ ॥**
**ਸੋ ਦਰੁ ਕੈਸੇ ਛੋਡੀਐ ਜੋ ਦਰੁ ਐਸਾ ਹੋਇ ॥ ੬੬ ॥**

ਕਬੀਰ ਜਿਸ ਦਰਵਾਜੇ ਵਲੋਂ ਆਉਂਦਿਆਂ ਜਾਂਦਿਆਂ ਕੋਈ ਮੋੜੇ ਨਾ ਤਿਸ ਦਰ ਨੂੰ ਕਿਕੁਰ ਛਡਣਾ ਚਾਹੀਦਾ ਹੈ ਜੋ ਦਰ ਇੱਕੁਰ ਦਾ ਹੁੰਦਾ ਹੈ ॥

**ਕਬੀਰ ਡੂਬਾ ਥਾ ਪੈ ਉਬਰਿਓ ਗੁਨ ਕੀ ਲਹਰਿ ਝਬਕਿ ॥**
**ਜਬ ਦੇਖਿਓ ਬੇੜਾ ਜਰਜਰਾ**
**ਤਬ ਉਤਰਿ ਪਰਿਓ ਹਉ ਫਰਕਿ ॥ ੬੭ ॥**

ਝਬਕਿ ਫਰਕਿ = ਛੇਤੀ ।

ਕਬੀਰ ਮੈਂ ਇਸ ਸੰਸਾਰ ਸਮੁੰਦਰ ਦੇ ਵਿਸ਼ਿਆਂ ਵਿਚ ਡੁਬ ਤੇ ਗਿਆ ਸੀ ਪਰ ਛੇਤੀ ਨਾਲ ਗੁਰਾਂ ਦੇ ਅਤੇ ਗੁਣ ਦੀ ਲਹਿਰ ਨਾਲ ਤਰ ਪਿਆ, ਜਦ ਮੈਂ ਸਰੀਰ ਰੂਪ ਬੇੜਾ ਜਰਜਰਾ ਵੇਖਿਆ ਤਾਂ ਛੇਤੀ ਨਾਲ ਉਤਰ ਕੇ ਕਿਨਾਰੇ (ਵਾਹਿਗੁਰੂ ਪਾਸ) ਜਾ ਖੜੋਤਾ ॥

**ਕਬੀਰ ਪਾਪੀ ਭਗਤਿ ਨ ਭਾਵਈ ਹਰਿ ਪੂਜਾ ਨ ਸੁਹਾਇ ॥**
**ਮਾਖੀ ਚੰਦਨੁ ਪਰਹਰੈ ਜਹ ਬਿਗੰਧ ਤਹ ਜਾਇ ॥ ੬੮ ॥**

ਪਰਹਰੈ = ਤਿਆਗੇ ॥

ਕਬੀਰ ਪਾਪੀ ਨੂੰ ਭਗਤੀ ਨਹੀਂ ਭਾਉਂਦੀ ਅਤੇ ਨਾ ਹੀ ਹਰੀ ਦੀ ਪੂਜਾ ਸੁਖਾਉਂਦੀ ਹੈ। ਜਿੱਕੁਰ ਮੱਖੀ ਚੰਦਨ ਨੂੰ ਤਿਆਗ ਦੇਂਦੀ ਹੈ ਅਤੇ ਜਿਥੇ ਦੁਰਗੰਧੀ ਹੁੰਦੀ ਹੈ ਓਥੇ ਜਾਂਦੀ ਹੈ ॥

**ਕਬੀਰ ਬੈਦੁ ਮੂਆ ਰੋਗੀ ਮੂਆ ਮੂਆ ਸਭੁ ਸੰਸਾਰੁ ॥**
**ਏਕੁ ਕਬੀਰਾ ਨਾ ਮੂਆ ਜਿਹ ਨਾਹੀ ਰੋਵਨ ਹਾਰੁ ॥ ੬੯ ॥**

ਕਬੀਰ ਵੈਦ ਵੀ ਮਰ ਗਿਆ ਰੋਗੀ ਵੀ ਮਰ ਗਿਆ ਅਤੇ ਸਾਰਾ ਸੰਸਾਰ ਵੀ ਮਰ ਗਿਆ, ਪਰ ਇਕ ਕਬੀਰ ਨਾ ਮੋਇਆ ਜਿਸ ਨੂੰ ਕੋਈ ਰੋਣ ਵਾਲਾ ਨਹੀਂ ॥

**ਕਬੀਰ ਰਾਮੁ ਨ ਧਿਆਇਓ ਮੋਟੀ ਲਾਗੀ ਖੋਰਿ ॥**
**ਕਾਇਆ ਹਾਂਡੀ ਕਾਠ ਕੀ ਨਾ ਓਹੁ ਚਰ੍ਹੈ ਬਹੋਰਿ ॥ ੭੦ ॥**

ਮੋਟੀ = ਭਾਰੀ ਵਾ ਪਿਆਰੀ। ਖੋਰਿ = ਖੋਰੀ ਕਮਾਦ ਦੀ।

ਕਬੀਰ ਵਾਹਿਗੁਰੂ ਨੂੰ ਨਹੀਂ ਧਿਆਇਆ ਹੈ ਬੜੀ ਭੈੜੀ ਚੰਦਰੀ ਆਦਤ ਲਗੀ ਹੈ ਵਾ ਵਿਸ਼ੇ ਰੂਪ ਖੋਰੀ ਵਾ ਖੜ ਪਿਆਰੀ ਲੱਗੀ ਹੈ ਹਾਇ

ਕਾਠ ਦੀ ਹਾਂਡੀ ਏਹ ਫਿਰ ਨਾ ਚੁਲ੍ਹੇ ਤੇ ਚੜ੍ਹੇਗੀ, ਭਾਵ ਫਿਰ ਏਹ ਦੇਹ ਨਹੀਂ ਮਿਲੇਗੀ।

**ਕਬੀਰ ਐਸੀ ਹੋਇ ਪਰੀ ਮਨ ਕੋ ਭਾਵਤੁ ਕੀਨੁ ॥ ਮਰਨੇ ਤੇ ਕਿਆ ਡਰਪਨਾ ਜਬ ਹਾਥਿ ਸਿਧਉਰਾ ਲੀਨ ॥ ੭੧ ॥**

ਸਿਧਉਰਾ = ਨਰੀਏਲ, ਖੰਡਾ ॥

ਕਬੀਰ ਇੱਕੁਰ ਦੀ ਹੋ ਪਈ ਹੈ (ਭਾਵ ਸਾਡੇ ਵਿੱਚ ਸਾਮਰਥਾ ਆ ਗਈ ਹੈ) ਜੇਹੜਾ ਕਿ ਅਸਾਂ ਮਨ ਭਾਵਤ ਕੰਮ ਕੀਤਾ ਹੈ ਹੁਣ ਮਰਨੇ ਤੋਂ ਕੀ ਡਰਨਾ ਜਦ ਕਿ ਹਥ ਵਿੱਚ ਸਿੰਧੌਰਾ ਲੈ ਲਿਆ ਹੈ ਭਾਵ ਜਦ ਮੈਦਾਨ ਵਿੱਚ ਨਿਕਲੇ ਤਾਂ ਪਿੱਠ ਕੀ ਮੋੜਨੀ।

**ਕਬੀਰ ਰਸ ਕੋ ਗਾਂਡੋ ਚੂਸੀਐ ਗੁਨ ਕਉ ਮਰੀਐ ਰੋਇ ॥ ਅਵਗੁਨੀਆਰੇ ਮਾਨਸੈ ਭਲੋ ਨ ਕਹਿਹੈ ਕੋਇ ॥ ੭੨॥**

ਕਬੀਰ ਰਸ ਲੈਣ ਨੂੰ ਗੰਨਾਂ ਚੂਪੀਏ ਅਤੇ ਗੁਣਾਂ ਦੇ ਲੈਣ ਵਾਸਤੇ ਰੋਇ ਰੋਇ ਮਰੀਏ ਭਾਵ ਭਾਵੇਂ ਤੰਗ ਵੀ ਹੋਈਏ, ਪਰ ਫਿਰ ਵੀ ਗੁਣ ਗ੍ਰਾਹੀ ਹੋਈਏ ਕਿਉਂਕਿ ਔਗੁਣਾਂ ਵਾਲੇ ਮਨੁਖ ਨੂੰ ਕੋਈ ਭਲਾ ਨਹੀਂ ਕਹਿੰਦਾ।

**ਕਬੀਰ ਗਾਗਰਿ ਜਲ ਭਰੀ ਆਜੁ ਕਾਲਿ ਜੈ ਹੈ ਫੂਟਿ ॥ ਗੁਰੁ ਜੁ ਨ ਚੇਤਹਿ ਆਪਨੋ ਅਧਮਾਂਝ ਲੀਜਹਿਗੇ ਲੂਟਿ ॥ ੭੩॥**

ਕਬੀਰ ਏਹ ਦੇਹ ਰੂਪ ਗਾਗਰ ਸ੍ਵਾਸ ਰੂਪ ਪਾਣੀ ਦੀ ਭਰੀ ਹੋਈ ਹੈ ਅਜ ਕਲ ਏਹ ਟੁਟ ਜਾਵੇਗੀ। ਹਾਇ ! ਆਪਣਾ ਗੁਰੂ ਜੋ ਤੈਂਨੇ ਨ ਚੇਤਿਆ ਇਸ ਲਈ ਤੈਨੂੰ ਚੋਰ ਰਸਤੇ ਦੇ ਵਿਚਕਾਰ ਹੀ ਲੁਟ ਲੈਣਗੇ।

(ਅੰਨਜੋਕਤੀ)

**ਕਬੀਰ ਕੂਕਰੁ ਰਾਮ ਕੋ ਮੁਤੀਆ ਮੇਰੋ ਨਾਉ ॥ ਗਲੇ ਹਮਾਰੇ ਜੇਵਰੀ ਜਹ ਖਿੰਚੈ ਤਹ ਜਾਉ ॥ ੭੪ ॥**

ਕਬੀਰ ਮੈਂ ਰਾਮ ਦਾ ਕੂਕਰ ਹਾਂ ਮੋਤੀ ਮੇਰਾ ਨਾਮ ਹੈ ਹਮਾਰੇ ਗਲ ਵਿੱਚ ਰੱਸੀ ਹੈ ਜਿੱਧਰ ਵਾਹਿਗੁਰੂ ਖਿੱਚੇ ਓਧਰ ਅਸੀਂ ਜਾਂਦੇ ਹਾਂ।

**ਕਬੀਰ ਜਪਨੀ ਕਾਠ ਕੀ ਕਿਆ ਦਿਖਲਾਵਹਿ ਲੋਇ ॥ ਹਿਰਦੈ ਰਾਮੁ ਨ ਚੇਤਹੀ ਇਹ ਜਪਨੀ ਕਿਆ ਹੋਇ ॥ ੭੫ ॥**

ਕਬੀਰ ਕਾਠ ਦੀ ਜਪਨੀ ਲੋਕਾਂ ਨੂੰ ਕੀ ਦਿਖਲੌਂਦਾ ਹੈਂ ਰਿਦੇ ਵਿਚ ਵਾਹਿਗੁਰੂ ਨੂੰ ਕਿਉਂ ਨਹੀਂ ਯਾਦ ਕਰਦਾ, ਇਸ ਜਪਨੀ ਨਾਲ ਕੀ ਹੁੰਦਾ ਹੈ

ਵਾ ਕੀ ਹੋਵੇਗਾ।

**ਕਬੀਰ ਬਿਰਹੁ ਭੁਯੰਗਮੁ ਮਨ ਬਸੈ ਮੰਤੁ ਨ ਮਾਨੈ ਕੋਇ ॥**
**ਰਾਮ ਬਿਓਗੀ ਨਾ ਜੀਐ ਜੀਐ ਤ ਬਉਰਾ ਹੋਇ ॥ ੭੬ ॥**

ਭੁਯੰਗਮੁ = ਸਪ ॥

ਕਬੀਰ ਵਿਛੋੜਾ ਰੂਪ ਸੱਪ ਮਨ ਵਿੱਚ ਵਸਦਾ ਹੈ ਏਹ ਕੋਈ ਮੰਤ੍ਰ ਵੀ ਨਹੀਂ ਮੰਨਦਾ ਹੈ, ਏਹ ਵਾਹਿਗੁਰੂ ਦਾ ਵਿਯੋਗੀ ਨਹੀਂ ਜੀਉਂਦਾ ਜੇ ਜੀਉਂਦਾ ਵੀ ਹੈ ਤਾਂ ਬੌਰਾ ਹੋ ਜਾਂਦਾ ਹੈ।

**ਕਬੀਰ ਪਾਰਸ ਚੰਦਨੈ ਤਿਨ ਹੈ ਏਕ ਸੁਗੰਧ ॥**
**ਤਿਹ ਮਿਲਿ ਤੇਊ ਊਤਮ ਭਏ ਲੋਹ ਕਾਠ ਨਿਰਗੰਧ॥ ੭੭ ॥**

ਕਬੀਰ, ਪਾਰਸ ਅਤੇ ਚੰਦਨ ਜੋ ਹਨ ਤਿਨਾਂ ਦਾ ਇੱਕ ਹੀ ਸੁਭਾਵ ਹੈ ਤਿਨ੍ਹਾਂ ਨੂੰ ਮਿਲਕੇ ਓਹ ਉੱਤਮ ਹੋ ਗਏ ਹਨ ਜੋ ਲੋਹਾ ਅਤੇ ਕਾਠ ਨਿਰਗੰਧੀ ਵਾਲਾ ਸੀ। (ਪਾਰਸ ਲੋਹਾ ਅਤੇ ਚੰਦਨ ਕਾਠ) ਇੱਕੁਰ ਹੀ ਸੰਤ ਸੰਸਾਰੀ।

**ਕਬੀਰ ਜਮ ਕਾ ਠੇਂਗਾ ਬੁਰਾ ਹੈ ਓਹੁ ਨਹੀ ਸਹਿਆ ਜਾਇ ॥**
**ਏਕੁ ਜੁ ਸਾਧੂ ਮੋਹਿ ਮਿਲਿਓ**
**ਤਿਨ੍ਹ ਲੀਆ ਅੰਚਲਿ ਲਾਇ॥੭੮॥**

ਅੰਚਲਿ = ੱਲਾ ॥

ਕਬੀਰ ਜਮ ਦਾ ਸੋਟਾ ਬੁਰਾ ਹੈ ਓਹ ਸਹਾਰਿਆ ਨਹੀਂ ਜਾਂਦਾ, ਇਕ ਜੋ ਸਾਧੂ ਮੈਨੂੰ ਮਿਲਿਆ ਹੈ ਉਸਨੇ ਮੈਨੂੰ ਆਪਣੇ ਲੜ ਨਾਲ ਲਾ ਲਿਆ ਹੈ।

**ਕਬੀਰ ਬੈਦੁ ਕਹੈ ਹਉ ਹੀ ਭਲਾ ਦਾਰੂ ਮੇਰੈ ਵਸਿ ॥**
**ਇਹ ਤਉ ਬਸਤੁ ਗੁਪਾਲ ਕੀ ਜਬ ਭਾਵੈ ਲੇਇ ਖਸਿ ॥ ੭੯ ॥**

ਕਬੀਰ ਵੈਦ ਕਹਿੰਦਾ ਹੈ ਮੈਂ ਹੀ ਭਲਾ ਹਾਂ ਕਿਉਂਕਿ ਦਾਰੂ ਮੇਰੇ ਵੱਸ ਹੈ ਏਹ ਤਾਂ ਵਸਤੂ ਗੁਪਾਲ ਦੀ ਹੈ ਜਦੋਂ ਚਾਹੇ ਤਦ ਖੋਹ ਲਵੇ।

**ਕਬੀਰ ਨਉਬਤਿ ਆਪਨੀ ਦਿਨ ਦਸ ਲੇਹੁ ਬਜਾਇ ॥**
**ਨਦੀ ਨਾਵ ਸੰਜੋਗ ਜਿਉ ਬਹੁਰਿ ਨ ਮਿਲਿ ਹੈ ਆਇ ॥ ੮੦ ॥**

ਕਬੀਰ ਆਪੋ ਆਪਣੀ ਨੌਬਤ ਦਸ ਦਿਨ ਵਜਾ ਲਵੋ, ਨਦੀ ਦੇ ਵਿੱਚ ਬੇੜੀ ਵਾਂਙੂ ਏਹ ਸਾਰਾ ਮਿਲਾਪ ਹੋਇਆ ਹੋਇਆ ਹੈ ਫਿਰ ਕਿਸੇ ਨਹੀਂ ਆਕੇ ਮਿਲਣਾਂ ਅਤੇ ਨਾ ਹੀ ਕਿਸੇ ਨੂੰ ਅਸਾਂ ਮਿਲਣਾ ਹੈ।

**ਕਬੀਰ ਸਾਤ ਸਮੁੰਦਹਿ ਮਸੁ ਕਰਉ ਕਲਮ ਕਰਉ ਬਨ ਰਾਇ ॥**
**ਬਸੁਧਾ ਕਾਗਦੁ ਜਉ ਕਰਉ**
**ਹਰਿਜਸੁ ਲਿਖਨੁ ਨ ਜਾਇ ॥ ੮੧ ॥**

ਕਬੀਰ ਸਤਾਂ ਸਮੁੰਦ੍ਰਾਂ ਦੀ ਸਿਆਹੀ ਕਰਾਂ ਅਤੇ ਸਾਰੀ ਬਨਾਸਪਤੀ ਦੀ ਕਲਮ ਬਣਾਵਾਂ ਅਤੇ ਮੰਨ ਲਵੋ ਜੇ ਸਾਰੀ ਧਰਤੀ ਵੀ ਕਾਗਦ ਕਰ ਲਵਾਂ ਤੇ ਤਾਂ ਵੀ ਹਰੀ ਦਾ ਯਸ ਨਹੀਂ ਲਿਖਿਆ ਜਾਂਦਾ ਵਾ ਜਾਵੇਗਾ ॥

**ਕਬੀਰ ਜਾਤਿ ਜੁਲਾਹਾ ਕਿਆ ਕਰੈ ਹਿਰਦੈ ਬਸੇ ਗੁਪਾਲ ॥**
**ਕਬੀਰ ਰਮਈਆ ਕੰਠ ਮਿਲੁ ਚੂਕਹਿ ਸਰਬ ਜੰਜਾਲ ॥ ੮੨ ॥**

ਕਬੀਰ ਜਾਤਿ ਜੁਲਾਹਾ ਕਿਆ ਕਰੈ ਰਿਦੇ ਵਿੱਚ ਗੁਪਾਲ ਵਸਦਾ ਹੈ, ਕਬੀਰ ਵਾਹਿਗੁਰੂ ਦੇ ਕੰਠ ਵਿੱਚ ਮਿਲਿਆ ਹੋਇਆ ਹੈ ਸਾਰੇ ਜੰਜਾਲ ਦੂਰ ਹੋ ਗਏ ਹਨ।

**ਕਬੀਰ ਐਸਾ ਕੋ ਨਹੀ ਮੰਦਰ ਦੇਇ ਜਰਾਇ ॥**
**ਪਾਂਚਉ ਲਰਿਕੇ ਮਾਰਿਕੈ ਰਹੈ ਰਾਮ ਲਿਉ ਲਾਇ ॥ ੮੩ ॥**

ਕਬੀਰ ਇੱਕੁਰ ਦਾ ਕੋਈ ਨਹੀਂ ਜੇਹੜਾ ਜੀਉਂਦਾ ਹੀ ਸਰੀਰ ਰੂਪ ਮੰਦਰ ਨੂੰ ਸਾੜ ਦੇਵੇ ਕਾਮਾਦੀ ਪੰਜੇ ਲੜਕੇ ਮਾਰਕੇ ਵਾਹਿਗੁਰੂ ਨਾਲ ਲਿਵ ਲਾ ਰੱਖੇ ॥

**ਕਬੀਰ ਐਸਾ ਕੋ ਨਹੀ ਇਹ ਤਨ ਦੇਵੈ ਫੂਕਿ ॥**
**ਅੰਧਾ ਲੋਗੁ ਨ ਜਾਨਈ ਰਹਿਓ ਕਬੀਰਾ ਕੂਕਿ ॥ ੮੪ ॥**

ਕਬੀਰ ਇੱਕੁਰ ਦਾ ਕੋਈ ਨਹੀਂ ਜੇਹੜਾ ਇਸ ਤਨ ਨੂੰ ਫੂਕ ਦੇਵੇ, ਅੰਨ੍ਹਾ ਲੋਕ ਨਹੀਂ ਜਾਣਦਾ ਕਬੀਰ ਕੂਕ ਰਿਹਾ ਹੈ ॥

**ਕਬੀਰ ਸਤੀ ਪੁਕਾਰੈ ਚਿਹਚੜੀ ਸੁਨਹੋ ਬੀਰ ਮਸਾਨ ॥**
**ਲੋਗੁ ਸਬਾਇਆ ਚਲਿ ਗਇਓ ਹਮ ਤੁਮ ਕਾਮੁ ਨਿਦਾਨ॥੮੫॥**

ਕਬੀਰ ਸਤੀ ਚਿਖਾ ਉਤੇ ਚੜ੍ਹੀ ਹੋਈ ਪੁਕਾਰ ਰਹੀ ਹੈ ਸੁਨ ਹੇ ਭਾਈ ਮਸਾਣ ਭੂਮਿਕਾ ਦੇ ਰਹਿਣ ਵਾਲਿਓ ਭਾਵ ਸੰਸਾਰੀਓ, ਸਾਰੇ ਲੋਕ ਚਲੇ ਗਏ ਹਨ, ਸਾਡਾ ਤੁਹਾਡਾ ਓੜਕ ਦਾ ਕੰਮ ਹੈ ਭਾਵ ਨਾਮ ਜਪੋ ॥

**ਕਬੀਰ ਮਨੁ ਪੰਖੀ ਭਇਓ ਉਡਿ ਉਡਿ ਦਹਦਿਸ ਜਾਇ ॥**
**ਜੋ ਜੈਸੀ ਸੰਗਤਿ ਮਿਲੈ ਸੋ ਤੈਸੋ ਫਲੁ ਖਾਇ ॥ ੮੬ ॥**

ਕਬੀਰ ਮਨ ਪੰਛੀ ਵਤ ਹੋਗਿਆ ਹੈ ਦਸਾਂ ਹੀ ਦਿਸ਼ਾਂ ਵਲ ਉਡ ਉਡ ਜਾਂਦਾ ਹੈ ਜਿੱਕੁਰ ਦੀ ਸੰਗਤ ਕਰਦਾ ਹੈ ਉੱਕਰ ਦਾ ਫਲ ਖਾਂਦਾ ਹੈ ॥

**ਕਬੀਰ ਜਾਕਉ ਖੋਜਤਿ ਪਾਇਓ ਸੋਈ ਠਉਰੁ ॥**
**ਸੋਈ ਫਿਰਿਕੈ ਤੂ ਭਇਆ ਜਾਕਉ ਕਹਤਾ ਅਉਰੁ ॥ ੮੭ ॥**

ਕਬੀਰ ਜਿਸਨੂੰ ਲਭਦੇ ਸੀ ਸੋਈ ਆਪਣੇ ਘਰ ਵਿੱਚ ਹੀ ਪਾ ਲਿਆ ਸੋਈਓ ਹੀ ਮੁੜਕੇ ਤੂੰ ਹੋ ਗਿਆ ਹੈਂ ਜਿਸਨੂੰ ਹੋਰ ਕਹਿੰਦਾ ਸੈਂ ॥

**ਕਬੀਰ ਮਾਰੀ ਮਰਉ ਕੁਸੰਗ ਕੀ ਕੇਲੇ ਨਿਕਟਿ ਜੁ ਬੇਰਿ ॥**
**ਉਹ ਝੂਲੈ ਉਹ ਚੀਰੀਐ ਸਾਕਤ ਸੰਗੁ ਨ ਹੇਰਿ ॥ ੮੮ ॥**

ਹੇਰਿ = ਵੇਖ ॥

ਕਬੀਰ ਕੁਸੰਗਤ ਦੀ ਮਾਰੀ ਮਰਦੀ ਹਾਂ ਜਿਕੁਰ ਕੇਲਿਆਂ ਦੀ ਪੰਗਤੀ ਪਾਸ ਬੇਰੀ ਹੁੰਦੀ ਹੈ ਓਹ ਝੂਲਦੀ ਹੈ ਭਾਵ ਕੇਲਿਆਂ ਦੀ ਪੰਗਤੀ ਹਵਾ ਦੇਂਦੀ ਹੈ ਅਤੇ ਓਹ ਅਗੋਂ ਚੀਰਦੀ ਹੈ ਇੱਕੁਰ ਹੀ ਸਾਕਤ ਦਾ ਸੰਗ ਨਾ ਵੇਖ ॥

**ਕਬੀਰ ਭਾਰ ਪਰਾਈ ਸਿਰ ਚਰੈ ਚਲਿਓ ਚਾਹੈ ਬਾਟ ॥**
**ਅਪਨੇ ਭਾਰਹਿ ਨ ਡਰੈ ਆਗੈ ਅਉਘਟ ਘਾਟ ॥ ੮੯ ॥**

ਕਬੀਰ ਪਰਾਈ ਭਾਰ ਸਿਰ ਤੇ ਚੜ੍ਹਦੀ ਹੈ ਅਤੇ ਵਾਟ ਚਲਿਆ ਚਾਹੁੰਦਾ ਹੈ, ਆਪਣੇ ਭਾਰ ਕਰਕੇ ਨਹੀਂ ਡਰਦਾ ਕਿ ਅਗੇ ਬੜਾ ਔਖਾ ਘਾਟ ਹੈ ॥

**ਕਬੀਰ ਬਨ ਕੀ ਦਾਧੀ ਲਾਕਰੀ ਠਾਢੀ ਕਰੈ ਪੁਕਾਰ ॥**
**ਮਤਿ ਬਸਿ ਪਰਉ ਲੁਹਾਰ ਕੇ ਜਾਰੈ ਦੂਜੀ ਬਾਰ ॥ ੯੦ ॥**

ਕਬੀਰ ਸੰਸਾਰ ਰੂਪ ਬਣ ਦੀ ਸੜੀ ਹੋਈ ਜੀਵ ਰੂਪ ਲਕੜੀ ਖਲੋਤੀ ਪੁਕਾਰ ਕਰ ਰਹੀ ਹੈ ਕਿ ਮੈਂ ਫਿਰ ਮਤ ਲੁਹਾਰ ਧਰਮ ਰਾਜ ਦੇ ਵੱਸ ਪਵਾਂ ਅਤੇ ਓਹ ਮੈਨੂੰ ਦੂਜੀ ਵਾਰ ਸਾੜੇ ॥

**ਕਬੀਰ ਏਕ ਮਰੰਤੇ ਦੁਇ ਮੂਏ ਦੋਇ ਮਰੰਤਹ ਚਾਰਿ ॥**
**ਚਾਰਿ ਮਰੰਤਹ ਛਹ ਮੂਏ ਚਾਰਿ ਪੁਰਖ ਦੁਇ ਨਾਰਿ ॥ ੯੧ ॥**

ਕਬੀਰ ਇਕ ਹਰਨੀ ਦੇ ਮਰਨ ਨਾਲ, ਨਾਲ ਹੀ ਓਹਦੇ ਦੋ ਬੱਚੇ ਮਰੇ ਅਤੇ ਬਚਿਆਂ ਦੇ ਮਰਨ ਨਾਲ ਚਾਰ ਮਰੇ, ਭਾਵ ਸ਼ਿਕਾਰੀ ਦੀ ਇਸਤ੍ਰੀ ਮਰੀ ਅਤੇ ਚਹੁੰ ਦੇ ਮਰਨ ਨਾਲ ਹੀ ਛੇ ਮਰ ਗਏ, ਭਾਵ ਇਕ ਸ਼ਿਕਾਰੀ (ਸੱਪ ਲੜਕੇ) ਅਤੇ ਇੱਕ ਸੱਪ ਸ਼ਿਕਾਰੀ ਦੇ ਪਾਸ ਮਰ ਗਿਆ, ਚਾਰ ਆਦਮੀ, ਦੋ ਹਰਨੀ ਦੇ ਬੱਚੇ ਇਕ ਸੱਪ ਇਕ ਸ਼ਿਕਾਰੀ ਅਤੇ ਹੋਰ ਸ਼ਿਕਾਰੀ

ਦੀ ਤੀਵੀਂ ਦਜੀ ਹਰਨੀ, ਆਸਾ ਤ੍ਰਿਸ਼ਨਾ, ਰਾਗ, ਦ੍ਵੈਖ ਹੰਕਾਰ ਅਗਜਾਨ ਮਰ ਗਏ ਤ ਜੀ ਨੂੰ ਸੁਖ ਹੋਇਆ ॥

**ਕਬੀਰ ਦੇਖਿ ਦੇਖਿ ਜਗੁ ਢੂੰਢਿਆ ਕਹੂੰ ਨ ਪਾਇਆ ਠਉਰੁ ॥**
**ਜਿਨਿ ਹਰਿ ਕਾ ਨਾਮੁ ਨ ਚੇਤਿਓ ਕਹਾ ਭੁਲਾਨੇ ਅਉਰ ॥ ੯੨॥**

ਕਬੀਰ ਦੇਖ ਦੇਖਕੇ ਜਗਤ ਨੂੰ ਢੂੰਢਿਆ ਅਤੇ ਕਿਤੇ ਵੀ ਠੌਰ ਨਾਂ ਪਾਇਆ ਜਿਨ੍ਹਾਂ ਨੇ ਹਰੀ ਦਾ ਨਾਮ ਨਹੀਂ ਯਾਦ ਕੀਤਾ ਅਤੇ ਕਿਹਾ ਓਹ ਹੋਰ ਧੰਦਿਆਂ ਵਿੱਚ ਭੁਲ ਰਹੇ ਹਨ।

**ਕਬੀਰ ਸੰਗਤਿ ਕਰੀਐ ਸਾਧ ਕੀ ਅੰਤਿ ਕਰੈ ਨਿਰਬਾਹੁ ॥**
**ਸਾਕਤ ਸੰਗੁ ਨ ਕੀਜੀਐ ਜਾਤੇ ਹੋਇ ਬਿਨਾਹੁ ॥ ੯੩ ॥**

ਕਬੀਰ ਸਾਧ ਦੀ ਸੰਗਤ ਕਰੀਏ ਜੇਹੜੀ ਅੰਤ ਪ੍ਰਯੰਤ ਨਿਰਬਾਹ ਕਰੇ, ਸਾਕਤ ਦਾ ਸੰਗ ਨ ਕਰੀਏ ਜਿਸ ਕਰਕੇ ਸਰੀਰ ਦਾ ਨਾਸ ਹੋਵੇ।

**ਕਬੀਰ ਜਗ ਮਹਿ ਚੇਤਿਓ ਜਾਨਿਕੈ ਜਗਮਹਿ ਰਹਿਓ ਸਮਾਇ॥**
**ਜਿਨ੍ ਹਰਿਕਾ ਨਾਮੁ ਨ ਚੇਤਿਓ ਬਾਦਹਿ ਜਨਮੇ ਆਇ ॥੯੪॥**

ਕਬੀਰ ਜਿਨ੍ਹਾਂ ਨੇ ਵਾਹਿਗੁਰੂ ਨੂੰ ਜਗਤ ਵਿੱਚ ਵਿਆਪਕ ਜਾਣਕੇ ਯਾਦ ਕੀਤਾ ਹੈ ਓਨ੍ਹਾਂ ਦਾ ਯੱਸ ਜਗਤ ਵਿਚ ਫੈਲ ਰਿਹਾ ਹੈ ਪਰ ਜਿਨ੍ਹਾਂ ਨੇ ਹਰੀ ਦਾ ਨਾਮ ਨਹੀਂ ਯਾਦ ਕੀਤਾ ਓਹ ਸੰਸਾਰ ਵਿਚ ਬਿਅਰਥ ਹੀ ਜੰਮੇ ਹਨ।

**ਕਬੀਰ ਆਸਾ ਕਰੀਐ ਰਾਮ ਕੀ ਅਵਰੈ ਆਸ ਨਿਰਾਸ ॥**
**ਨਰਕਿ ਪਰਹਿ ਤੇ ਮਾਨਈ ਜੋ ਹਰਿ ਨਾਮ ਉਦਾਸ ॥ ੯੫ ॥**

ਕਬੀਰ ਵਾਹਿਗੁਰੂ ਦੀ ਆਸਾ ਕਰੀਏ ਅਤੇ ਹੋਰ ਆਸਾਂ ਤੋਂ ਨਿਰਾਸ ਹੋ ਜਾਈਏ, ਜੇਹੜੇ ਹਰੀ ਦੇ ਨਾਮ ਤੋਂ ਉਦਾਸ ਰੈਂਹਦੇ ਹਨ ਓਨ੍ਹਾਂ ਨੂੰ ਨਰਕ ਦੇ ਵਿੱਚ ਹੀ ਪਿਆ ਹੋਇਆ ਮੰਨ ਲੈ।

**ਕਬੀਰ ਸਿਖ ਸਾਖਾ ਬਹੁਤੇ ਕੀਏ ਕੇਸੋ ਕੀਓ ਨ ਮੀਤੁ ॥**
**ਚਾਲੇ ਥੇ ਹਰਿ ਮਿਲਨ ਕਉ ਬੀਚੈ ਅਟਕਿਓ ਚੀਤੁ ॥ ੯੬ ॥**

ਕਬੀਰ ਸਿਖ ਸਖੇ ਬਹੁਤ ਕਰ ਲਏ ਪਰ ਵਾਹਿਗੁਰੂ ਨੂੰ ਆਪਣਾ ਮਿਤ੍ਰ ਨਾਂ ਕੀਤਾ ਚਲੇ ਸੀ ਵਾਹਿਗੁਰੂ ਨੂੰ ਮਿਲਨ ਵਾਸਤੇ ਪਰ ਵਿਚੇ ਹੀ ਚਿੱਤ ਅਟਕ ਗਿਆ।

**ਕਬੀਰ ਕਾਰਨ ਬਪੁਰਾ ਕਿਆ ਕਰੈ ਜਉ ਰਾਮੁ ਨ ਕਰੈ ਸਹਾਇ॥**

**ਜਿਹ ਜਿਹ ਡਾਲੀ ਪਗੁ ਧਰਉ ਸੋਈ ਮੁਰਿ ਮੁਰਿ ਜਾਇ ॥੯੭॥**

ਕਾਰਨ = ਕੀਤਾ ਹੋਇਆ ਜੀਵ।

ਕਬੀਰ ਕਾਰਨ ਵਿਚਾਰਾ ਕੀ ਕਰ ਸੱਕਦਾ ਹੈ ਜੇ ਵਾਹਿਗੁਰੂ ਨਾਂ ਸਹਾਇਤਾ ਕਰੇ, ਮੈਂ ਜਿਸ ਡਾਲੀ ਤੇ ਪੈਰ ਧਰਦਾ ਹਾਂ ਓਹ ਸੋਈ ਸੋਈ ਮੁੜ ਮੁੜ ਜਾਂਦੀ ਹੈ।

**ਕਬੀਰ ਅਵਰਹ ਕਉ ਉਪਦੇਸ ਤੇ ਮੁਖ ਮੈ ਪਰਿ ਹੈ ਰੇਤੁ ॥**
**ਰਾਸਿ ਬਿਰਾਨੀ ਰਾਖਤੇ ਖਾਯਾ ਘਰ ਕਾ ਖੇਤੁ ॥ ੯੮ ॥**

ਬਿਰਾਨੀ = ਬਿਗਾਨੀ ॥

ਕਬੀਰ ਜੋ ਹੋਰਨਾਂ ਨੂੰ ਉਪਦੇਸ਼ ਦੇਂਦੇ ਹਨ ਉਨ੍ਹਾਂ ਦੇ ਮੂੰਹ ਵਿਚ ਰੇਤ ਪਵੇਗੀ ਕਿਉਂਕਿ ਓਹ ਬਗਾਨੀ ਰਾਸ ਰੱਖਦੇ ਹਨ ਅਤੇ ਆਪਣੇ ਘਰ ਦਾ ਖੇਤ ਖਾ ਲਿਆ ਹੈ।

**ਕਬੀਰ ਸਾਧੂ ਕੀ ਸੰਗਤਿ ਰਹਉ ਜਉ ਕੀ ਭੂਸੀ ਖਾਉ ॥**
**ਹੋਨ ਹਾਰੁ ਸੋ ਹੋਇ ਹੈ ਸਾਕਤ ਸੰਗਿ ਨ ਜਾਉ ॥ ੯੯ ॥**

ਭੂਸੀ = ਸੂੜ੍ਹੀ।

ਕਬੀਰ ਸਾਧੂ ਦੀ ਸੰਗਤ ਰਹਾਂ ਭਾਵੇਂ ਜਵਾਂ ਦੀ ਹੀ ਰੋਟੀ ਖਾਵਾਂ, ਜੋ ਕੁਝ ਹੋਣਾਂ ਹੈ ਸੋ ਹੋਣਾਂ ਹੈ ਵਾ ਹੋਣ ਦਿਆਂ ਪਰ ਸਾਕਤ ਦੇ ਪਾਸ ਕਦੀ ਨਾਂ ਜਾਵਾਂ।

**ਕਬੀਰ ਸੰਗਤਿ ਸਾਧ ਕੀ ਦਿਨ ਦਿਨ ਦੂਨਾ ਹੇਤੁ ॥**
**ਸਾਕਤ ਕਾਰੀ ਕਾਂਬਰੀ ਧੋਏ ਹੋਏ ਨ ਸੇਤੁ ॥ ੧੦੦ ॥**

ਕਬੀਰ ਸਾਧ ਦੀ ਸੰਗਤ ਇੱਕੁਰ ਦੀ ਹੈ ਕਿ ਦਿਨੋਂ ਦਿਨ ਦੂਣਾ ਪ੍ਰੇਮ ਵਧਦਾ ਹੈ ਅਤੇ ਸਾਕਤ ਜੋ ਕਾਲੀ ਕੰਬਲੀ ਵਤ ਹੈ ਓਹ ਧੋਤਿਆਂ ਹੋਇਆਂ ਕਦੀ ਵੀ ਚਿੱਟੀ ਨਹੀਂ ਹੁੰਦੀ, ਵਾ ਹੁੰਦਾ।

**ਕਬੀਰ ਮਨੁ ਮੂੰਡਿਆ ਨਹੀ ਕੇਸ ਮੁੰਡਾਏ ਕਾਂਇ ॥**
**ਜੋ ਕਿਛੁ ਕੀਆ ਸੋ ਮਨ ਕੀਆ ਮੂੰਡਾ ਮੂੰਡੁ ਅਜਾਂਇ ॥ ੧੦੧ ॥**

ਕਬੀਰਾ ਮਨ ਤੇ ਮੁੰਨਿਆ ਨਹੀਂ ਕੇਸ ਕਾਹਨੂੰ ਮੁਨਾਏ। ਹਾਇ! ਜੋ ਕੁਝ ਕੀਤਾ ਸੋ ਮਨ ਨੇ ਹੀ ਕੀਤਾ ਅਤੇ ਸਿਰ ਨੂੰ ਬਿਅਰਥ ਹੀ ਮੁੰਨ ਲਿਆ ॥

**ਕਬੀਰ ਰਾਮੁ ਨ ਛੋਡੀਐ ਤਨੁ ਧਨੁ ਜਾਇ ਤ ਜਾਉ ॥**
**ਚਰਨ ਕਮਲ ਚਿਤੁ ਬੇਧਿਆ ਰਾਮਹਿ ਨਾਮਿ ਸਮਾਉ ॥ ੧੦੨॥**

ਕਬੀਰ ਰਾਮ ਨੂੰ ਨਾ ਛਡੀਏ ਤਨ ਧਨ ਜਾਵੇ ਤਾਂ ਬੇਸ਼ੱਕ ਜਾਣ ਦਿਓ ਮੇਰਾ ਵਾਹਿਗੁਰੂ ਦੇ ਚਰਨਾਂ ਕਮਲਾਂ ਵਿਚ ਭੌਰੇ ਵਤ ਮਨ ਮਿਲਿਆ ਹੋਇਆ ਹੈ ਇਸ ਲਈ ਮੈਂ ਵਾਹਿਗੁਰੂ ਦੇ ਨਾਮ ਵਿਚ ਹੀ ਸਮਾਇਆ ਰਹਿੰਦਾ ਹਾਂ।

**ਕਬੀਰ ਜੋ ਹਮ ਜੰਤੁ ਬਜਾਵਤੇ ਟੂਟਿ ਗਈਂ ਸਭ ਤਾਰ॥**
**ਜੰਤੁ ਬਿਚਾਰਾ ਕਿਆ ਕਰੈ ਚਲੇ ਬਜਾਵਨਹਾਰ ॥ ੧੦੩ ॥**

ਕਬੀਰ ਜੇਹੜਾ ਮੈਂ ਪਹਿਲੇ ਵਾਜਾ ਵਜਾਉਂਦਾ ਹੁੰਦਾ ਸੀ ਹੁਣ ਉਸ ਦੀਆਂ ਸਭ ਤਾਰਾਂ ਟੁਟ ਗਈਆਂ ਹਨ, ਵਾਜਾ ਵਿਚਾਰਾ ਕੀ ਕਰ ਸਕਦਾ ਹੈ, ਵਜਾਉਂਣ ਵਾਲਾ ਹੀ ਉਠ ਚਲਿਆ।

**ਕਬੀਰ ਮਾਇ ਮੂੰਡਉ ਤਿਹ ਗੁਰੂ ਕੀ ਜਾ ਤੇ ਭਰਮੁ ਨ ਜਾਇ॥**
**ਆਪ ਡੁਬੇ ਚਹੁ ਬੇਦ ਮਹਿ ਚੇਲੇ ਦੀਏ ਬਹਾਇ ॥੧੦੪॥**

ਕਬੀਰ ਤਿਸ ਗੁਰੂ ਦੀ ਮਾਂ ਦਾ ਮੈਂ ਸਿਰ ਮੁੰਨ ਸੁੱਟਾਂ ਜਿਸ ਪਾਸੋਂ ਭਰਮ ਨਾ ਜਾਵੇ, ਕਿਉਂਕਿ ਓਹ ਗੁਰੂ ਆਪ ਤਾਂ ਚਹੁੰ ਵੇਦਾਂ ਦੇ ਖਪਤ ਵਿਚ ਡੁਬ ਗਏ ਅਤੇ ਨਾਲ ਹੀ ਚੇਲੇ ਰੋੜ੍ਹ ਦਿਤੇ।

**ਕਬੀਰ ਜੇਤੇ ਪਾਪ ਕੀਏ ਰਾਖੇ ਤਲੈ ਦੁਰਾਇ॥**
**ਪਰਗਟ ਭਏ ਨਿਦਾਨ ਸਭ ਜਬ ਪੂਛੇ ਧਰਮਰਾਇ॥ ੧੦੫॥**

ਕਬੀਰ ਜਿੰਨੇ ਪਾਪ ਕੀਤੇ ਸੋ ਸਭ ਤਲੇ ਛਪਾ ਰਖੇ, ਅਫਸੋਸ! ਜਦ ਧਰਮ ਰਾਜਾ ਨੇ ਪੁਛਿਆ ਤਾਂ ਸਾਰੇ ਹੀ ਪ੍ਰਗਟ ਹੋ ਗਏ।

**ਕਬੀਰ ਹਰਿ ਕਾ ਸਿਮਰਨੁ ਛਾਡਿਕੈ ਪਾਲਿਓ ਬਹੁਤੁ ਕੁਟੰਬੁ॥**
**ਧੰਧਾ ਕਰਤਾ ਰਹਿ ਗਇਆ ਭਾਈ ਰਹਿਆ ਨ ਬੰਧੁ॥ ੧੦੬॥**

ਕਬੀਰ ਵਾਹਿਗੁਰੂ ਦਾ ਸਿਮਰਨ ਛੱਡਕੇ ਬਹੁਤ ਕੁਟੰਬ ਪਾਲਿਆ, ਹਾਇ ਅਫਸੋਸ ਸਾਰੀ ਉਮਰ ਧੰਧਾ ਹੀ ਕਰਦਾ ਮਰ ਗਿਆ ਨਾ ਕੋਈ ਭਾਈ ਰਿਹਾ ਨਾ ਸਰਬੰਧੀ।

**ਕਬੀਰ ਹਰਿ ਕਾ ਸਿਮਰਨੁ ਛਾਡਿਕੈ ਰਾਤਿ*
ਜਗਾਵਨ ਜਾਇ ॥ ਸਰਪਨਿ ਹੋਇਕੈ ਅਉਤਰੈ
ਜਾਏ ਅਪੁਨੇ ਖਾਇ॥ ੧੦੭॥**

ਕਬੀਰ ਜਿਹੜੀ ਇਸਤ੍ਰੀ ਵਾਹਿਗੁਰੂ ਦਾ ਸਿਮਰਨ ਛੱਡਕੇ ਰਾਤ ਨੂੰ ਮਸਾਣ ਜਗੌਣ ਜਾਂਦੀ ਹੈ ਓਹ ਸੱਪਨੀ ਹੋਕੇ ਜੰਮੇਗੀ ਅਤੇ ਆਪਣੇ ਹੀ ਪੁਤ੍ਰੋਂ

*ਇਸ ਸਲੋਕ ਤੋਂ ਖਾਲਸਾ ਧਰਮ ਦੀਆਂ ਸ੍ਰਿਪਣੀਆਂ ਨੂੰ ਅਤ੍ਰੰਤ ਸਿਖਿਆ ਲੈਣੀ ਚਾਹੀਦੀ ਹੈ।

ਖਾਵੇਗੀ।

**ਕਬੀਰ ਹਰਿ ਕਾ ਸਿਮਰਨੁ ਛਾਡਿਕੈ ਅਹੋਈ ਰਾਖੈ ਨਾਰਿ ॥**
**ਗਦਹੀ ਹੋਇਕੈ ਅਉਤਰੈ ਭਾਰੁ ਸਹੈ ਮਨ ਚਾਰਿ ॥ ੧੦੮ ॥**

ਕਬੀਰ ਹਰੀ ਦਾ ਸਿਮਰਨ ਛਡਕੇ ਜੇਹੜੀ ਇਸਤ੍ਰੀ ਅਹੋਈ ਰਖਦੀ ਹੈ ਓਹ ਗਧੀ ਹੋਕੇ ਜੰਮੇਗੀ ਅਤੇ ਚਾਰ ਮਨ ਭਾਰ ਸਹਾਰੇਗੀ।

**ਕਬੀਰ ਚਤੁਰਾਈ ਅਤਿ ਘਨੀ ਹਰਿ ਜਪਿ ਹਿਰਦੈ ਮਾਹਿ ॥**
**ਸੂਰੀ ਊਪਰਿ ਖੇਲਨਾ ਗਿਰੈ ਤ ਠਾਹਰ ਨਾਹਿ ॥ ੧੦੯ ॥**

ਕਬੀਰ ਅਤਜੰਤ ਬਹੁਤੀ ਚਤਰਾਈ ਨਹੀਂ ਚਾਹੀਦੀ ਵਾਹਿਗੁਰੂ ਨੂੰ ਰਿਦੇ ਵਿਚ ਜਪ, ਏਹ ਸੂਲੀ ਉਤੇ ਖੇਲਨਾ ਹੈ ਡਿਗ ਪਵੇ ਤਾਂ ਕੋਈ ਥਾਂ ਨਹੀਂ।

**ਕਬੀਰ ਸੋਈ ਮੁਖੁ ਧੰਨਿ ਹੈ ਜਾ ਮੁਖ ਕਹੀਐ ਰਾਮੁ ॥**
**ਦੇਹੀ ਕਿਸਕੀ ਬਾਪੁਰੀ ਪਵਿਤ੍ਰੁ ਹੋਇਗੋ ਗ੍ਰਾਮੁ ॥ ੧੧੦ ॥**

ਕਬੀਰ ਸੋ ਮੁਖ ਧੰਨ ਹੈ ਜਿਸ ਨਾਲ ਰਾਮ ਕਹੀਏ, ਦੇਹੀ ਵਿਚਾਰੀ ਕੀ ਹੈ, ਓਹ ਜੇਹੜੇ ਗ੍ਰਾਮ ਵਿਚ ਰਾਤ ਰਹਿੰਦਾ ਹੈ ਓਹ ਗ੍ਰਾਮ ਹੀ ਸਾਰਾ ਪਵਿਤ੍ਰ ਹੋ ਜਾਵੇਗਾ।

**ਕਬੀਰ ਸੋਈ ਕੁਲ ਭਲੀ ਜਾ ਕੁਲ ਹਰਿ ਕੋ ਦਾਸੁ ॥**
**ਜਿਹ ਕੁਲ ਦਾਸੁ ਨ ਊਪਜੈ ਸੋ ਕੁਲ ਢਾਕੁ ਪਲਾਸੁ ॥ ੧੧੧ ॥**

ਕਬੀਰ ਸੋਈ ਕੁਲ ਭਲੀ ਹੈ ਜਿਸ ਕੁਲ ਵਿਚ ਹਰੀ ਦਾ ਦਾਸ ਹੈ ਜਿਸ ਕੁਲ ਵਿਚ ਹਰੀ ਦਾ ਦਾਸ ਨਹੀਂ ਪਰਗਟ ਹੋਇਆ ਓਸਨੂੰ ਛਿਛਰਿਆਂ ਦੇ ਜੰਗਲ ਸਮਾਨ ਜਾਣ।

**ਕਬੀਰ ਹੈ ਗਇ ਬਾਹਨ ਸਘਨ ਘਨ ਲਾਖ ਧਜਾ ਫਹਰਾਇ ॥ ਇਆ ਸੁਖ ਤੇ ਭਿਖ੍ਯਾ ਭਲੀ ਜਉ ਹਰਿ ਸਿਮਰਤ ਦਿਨ ਜਾਹਿ ॥ ੧੧੨ ॥**

ਕਬੀਰ ਘੋੜੇ ਹਾਥੀ ਬੜੇ ਸੰਘਣੇ ਬਾਹਨ ਅਤੇ ਲਖਾਂ ਹੀ ਧੁਜਾਂ ਝੂਲਦੀਆਂ ਇਸ ਸੁਖ ਤੋਂ ਭਿਖਿਆ ਭਲੀ ਹੈ ਜੋ ਵਾਹਿਗੁਰੂ ਨੂੰ ਸਿਮਰਦਿਆਂ ਦਿਨ ਬੀਤੇ।

**ਕਬੀਰ ਸਭੁ ਜਗੁ ਹਉ ਫਿਰਿਓ ਮਾਂਦਲੁ ਕੰਧ ਚਢਾਇ ॥**
**ਕੋਈ ਕਾਹੂ ਕੋ ਨਹੀ ਸਭ ਦੇਖੀ ਠੋਕਿ ਬਜਾਇ ॥ ੧੧੩ ॥**

ਮਾਂਦਲ = ਢੋਲ।

ਕਬੀਰ ਮੋਢੇ ਤੇ ਢੋਲ ਚੁਕ ਕੇ ਸਾਰਾ ਹੀ ਜਗਤ ਮੈਂ ਫਿਰਿਆ, ਪਰ ਮੈਂ ਨਿਰਨੇ ਕਰਕੇ ਕੀ ਦੇਖਿਆ ਕਿ ਕੋਈ ਵੀ ਕਿਸੇ ਦਾ ਨਹੀਂ ਹੈ।

**ਮਾਰਗਿ ਮੋਤੀ ਬੀਥਰੇ ਅੰਧਾ ਨਿਕਸਿਓ ਆਇ ॥**
**ਜੋਤਿ ਬਿਨਾ ਜਗਦੀਸ ਕੀ ਜਗਤੁ ਉਲੰਘੇ ਜਾਇ ॥ ੧੧੪ ॥**

ਮਾਰਗ = ਰਸਤਾ।

ਰਸਤੇ ਵਿੱਚ ਮੋਤੀ ਖਿਲਾਰੇ ਹੋਏ ਹਨ ਅਤੇ ਅੰਨ੍ਹਾ ਓਥੋਂ ਦੀ ਤੁਰਿਆ ਜਾਂਦਾ ਹੈ ਹਾਇ ! ਜਗਦੀਸ ਦੀ ਜੋਤਿ ਤੋਂ ਬਿਨਾ ਸਾਰਾ ਹੀ ਜਗਤ ਟੱਪਦਾ ਜਾਂਦਾ ਹੈ।

**ਬੂਡਾ ਬੰਸੁ ਕਬੀਰ ਕਾ ਉਪਜਿਓ ਪੂਤੁ ਕਮਾਲੁ ॥ ਹਰਿ**
**ਕਾ ਸਿਮਰਨ ਛਾਡਿਕੈ ਘਰਿ ਲੇ ਆਯਾ ਮਾਲੁ ॥ ੧੧੫ ॥**

ਕਬੀਰ ਦਾ ਬੰਸ ਡੁਬ ਗਿਆ ਜੋ ਕੁਮਾਲਾ ਪੁੱਤ੍ਰ ਇੱਕੁਰ ਦਾ ਘਰ ਵਿੱਚ ਜੰਮਿਆ ਹੈ, ਹਰੀ ਦਾ ਸਿਮਰਨ ਵੇਚਕੇ ਘਰ ਵਿੱਚ ਮਾਲ ਲੈ ਆਇਆ ਹੈ।

**ਕਬੀਰ ਸਾਧੂ ਕਉ ਮਿਲਨੇ ਜਾਈਐ ਸਾਥਿ ਨ ਲੀਜੈ ਕੋਇ॥**
**ਪਾਛੈ ਪਾਉ ਨ ਦੀਜੀਐ ਆਗੈ ਹੋਇ ਸੁ ਹੋਇ ॥ ੧੧੬ ॥**

ਕਬੀਰ ਜਦ ਸਾਧੂ ਨੂੰ ਮਿਲਨ ਜਾਈਏ ਤਦ ਨਾਲ ਨ ਕੋਈ ਲਈਏ ਭਾਵ ਸੰਕਲਪ ਵਿਕਲਪ ਨਾ ਉਠਾਈਏ ਅਤੇ ਪਿਛੇ ਪੈਰ ਨ ਰਖੀਏ ਅੱਗੇ ਹੋਵੇ ਸੋ ਹੋਵੇ ॥

**ਕਬੀਰ ਜਗੁ ਬਾਧਿਓ ਜਿਹ ਜੇਵਰੀ ਤਿਹ ਮਤ ਬੰਧਹੁ ਕਬੀਰ ॥**
**ਜੈਹਹਿ ਆਟਾ ਲੋਨ ਜਿਉ ਸੋਨ ਸਮਾਨਿ ਸਰੀਰੁ ॥ ੧੧੭ ॥**

ਕਬੀਰ ਜਿਸ ਮੋਹ ਰੂਪ ਜੇਵੜੀ ਵਿੱਚ ਜੱਗ ਬੰਨ੍ਹਿਆਂ ਹੋਇਆ ਹੈ ਤਿਸ ਵਿੱਚ ਤੂੰ ਆਪਣੇ ਆਪਨੂੰ ਨਾ ਬੰਨ੍ਹ, ਜਿੱਕੁਰ ਬਾਹਸ਼ ਪੈਣ ਕਰਕੇ ਲੂਣ ਦਾ ਢੇਰ ਰੁੜ ਜਾਂਦਾ ਹੈ (ਸੋਨ) ਤਿਸਦੇ ਸਮਾਨ ਏਹ ਸਰੀਰ ਨਾਸਵੰਤ ਹੈ।

**ਕਬੀਰ ਹੰਸੁ ਉਡਿਓ ਤਨੁ ਗਾਡਿਓ ਸੋਝਾਈ ਸੈ ਨਾਹ ॥**
**ਅਜਹੂ ਜੀਉ ਨ ਛੋਡਈ ਰੰਕਾਈ ਨੈਨਾਹ ॥ ੧੧੮ ॥**

ਰੰਕਾਈ = ਕੰਗਾਲਤਾ।

ਕਬੀਰ ਜੀਵ ਆਤਮਾਂ ਉੱਡਣ ਨੂੰ ਤਿਆਰ ਹੈ ਸਰੀਰ ਗੱਡਣ ਵਾਲਾ ਹੋ ਚਲਿਆ, ਪਰ ਅਫਸੋਸ ਇੱਕੁਰ ਦੀ ਦਸ਼ਾ ਵਿੱਚ ਵੀ ਜੀਵ ਰਖਿਆ ਰਖਾਇਆ ਧਨ ਨੇਤ੍ਰਾਂ ਦੀਆਂ ਸੈਨਤਾਂ ਨਾਲ ਦੱਸਦਾ ਹੈ ਅਜੇ ਵੀ ਜੀਵ ਨਹੀਂ

ਛੱਡਦਾ ਜੇਹੜੀ ਕੰਗਾਲਤਾ ਨੇਤ੍ਰਾਂ ਵਿੱਚ ਹੈ।

**ਕਬੀਰ ਨੈਨ ਨਿਹਾਰਉ ਤੁਝ ਕਉ ਸ੍ਰਵਨ ਸੁਨਉ ਤੁਅ ਨਾਉ ॥ ਬੈਨ ਉਚਰਉ ਤੁਅ ਨਾਮ ਜੀ ਚਰਨ ਕਮਲ ਰਿਦ ਠਾਉ ॥ ੧੧੯॥**

ਕਬੀਰ ਨੇਤ੍ਰੀ ਤੈਨੂੰ ਵੇਖਾਂ, ਕੰਨੀ ਤੇਰਾ ਨਾਂ ਸੁਣਾਂ ਅਤੇ ਬਚਨਾਂ ਨਾਲ ਤੇ ਰਸਨਾਂ ਨਾਲ ਹੀ ਲਗਾਕੇ ਤੇਰਾ ਨਾਮ ਉਚਾਰਾਂ ਅਤੇ ਚਰਨਾਂ ਕਮਲਾਂ ਨੂੰ ਰਿਦੇ ਵਿੱਚ ਜਗਾ ਦਿਆਂ।

**ਕਬੀਰ ਸੁਰਗ ਨਰਕ ਤੇ ਮੈ ਰਹਿਓ ਸਤਿਗੁਰ ਕੇ ਪਰਸਾਦਿ ॥ ਚਰਨ ਕਮਲ ਕੀ ਮਉਜ ਮਹਿ ਰਹਉ ਅੰਤਿ ਅਰੁ ਆਦਿ ॥ ੧੨੦ ॥**

ਕਬੀਰ ਸਤਿਗੁਰੂ ਦੀ ਕਿਰਪਾ ਕਰਕੇ ਮੈਂ ਨਰਕ ਸੂਰਗ ਤੋਂ ਬਚ ਗਿਆ ਹਾਂ, ਇਸ ਲਈ ਹੁਣ ਮੈਂ ਓਨ੍ਹਾਂ ਸਤਿਗੁਰਾਂ ਦੇ ਚਰਨਾਂ ਕਮਲਾਂ ਦੀ ਮੌਜ ਵਿੱਚ ਹੀ ਅੰਤ ਪ੍ਰਯੰਤ ਰਹਾਂਗਾ ॥

**ਕਬੀਰ ਚਰਨ ਕਮਲ ਕੀ ਮਉਜ ਕੋ ਕਹਿ ਕੈਸੇ ਉਨਮਾਨ ॥ ਕਹਿਬੇ ਕਉ ਸੋਭਾ ਨਹੀ ਦੇਖਾ ਹੀ ਪਰਵਾਨੁ ॥ ੧੨੧ ॥**

ਕਬੀਰ ਚਰਨਾ ਕਮਲਾਂ ਦੀ ਮੌਜ ਨੂੰ ਕੀਕੂੰ ਕਹਾਂ ਭਾਵ ਪੱਕੀ ਨਿਸ਼ਾਨੀ ਕੀਕੂੰ ਕਹਾਂ ਭਾਵ ਉਪਮਾਂ ਕਹਿਣ ਨੂੰ ਕੋਈ ਨਹੀਂ, ਦੇਖਿਆਂ ਹੀ ਬਣ ਔਂਦੀ ਹੈ।

**ਕਬੀਰ ਦੇਖਿਕੈ ਕਿਹ ਕਹਉ ਕਹੇ ਨ ਕੋ ਪਤੀਆਇ ॥ ਹਰਿ ਜੈਸਾ ਤੈਸਾ ਉਹੀ ਰਹਉ ਹਰਖਿ ਗੁਨ ਗਾਇ ॥ ੧੨੨ ॥**

ਕਬੀਰ ਤਿਸਨੂੰ ਦੇਖਕੇ ਮੈਂ ਕਿਆ ਕਹਾਂ ਵਾ ਕਿਸ ਨੂੰ ਕਹਾਂ ਕਹਿਆ ਕੋਈ ਮੰਨਦਾ (ਪਤੀਜਦਾ) ਨਹੀਂ ਜਿਕੁਰ ਦਾ ਵਾਹਿਗੁਰੂ ਹੈ ਤਿਕੁਰ ਦਾ ਓਹੋ ਹੀ ਹੈ ਉਸਦੇ ਮੈਂ ਹਰਖ ਕਰਕੇ ਗੁਨ ਗਾਉਂਦਾ ਰਹਾਂ ॥

**ਕਬੀਰ ਚੁਗੈ ਚਿਤਾਰੈ ਭੀ ਚੁਗੈ ਚੁਗਿ ਚੁਗਿ ਚਿਤਾਰੇ ॥ ਜੈਸੇ ਬਚਰਹਿ ਕੂੰਜ ਮਨ ਮਾਇਆ ਮਮਤਾਰੇ ॥ ੧੨੩ ॥**

ਕਬੀਰ ਕੂੰਜ ਨਾਲੇ ਚੋਗਾ ਚੁਗਦੀ ਹੈ ਨਾਲੇ ਆਪਣੇ ਬਚਿਆਂ ਨੂੰ ਯਾਦ ਕਰਦੀ ਹੈ ਫਿਰ ਚੁਗ ਚੁਗਕੇ ਯਾਦ ਕਰਦੀ ਹੈ, ਜਿਕੁਰ ਬਚੇ ਕੂੰਜ ਦੇ ਮਨ ਵਿਚ ਵਸਦੇ ਹਨ ਇੱਕੁਰ ਇਸ ਜੀਵ ਦੇ ਮਨ ਵਿੱਚ ਮਾਇਆ ਦੀ ਮਮਤਾ

ਲਗ ਰਹੀ ਹੈ ॥

**ਕਬੀਰ ਅੰਬਰ ਘਨਹਰੁ ਛਾਇਆ ਬਰਖਿ ਭਰੇ ਸਰਤਾਲ ॥**
**ਚਾਤ੍ਰਿਕ ਜਿਉ ਤਰਸਤ ਰਹੈ ਤਿਨ ਕੋ ਕਉਨੁ ਹਵਾਲੁ ॥੧੨੪॥**

ਅੰਬਰ = ਅਕਾਸ ॥

ਕਬੀਰ ਵਾਹਿਗੁਰੂ ਰੂਪ ਅਕਾਸ ਵਿੱਚ ਗੁਰੂ ਰੂਪ ਬੱਦਲ ਛਾਇਆ ਹੈ ਅਤੇ ਸਾਰੇ ਉਚੇ ਨੀਵੇਂ ਤਾਲ ਵਰ੍ਹ ਕੇ ਭਰ ਦਿਤੇ ਹਨ, ਜੇਹੜੇ ਚਾਤ੍ਰਿਕ ਵਾਂਗੂ ਤਰਸਦੇ ਰਹੇ ਹਨ ਉਨ੍ਹਾਂ ਦਾ ਕੀ ਹਾਲ ?

**ਕਬੀਰ ਚਕਈ ਜਉ ਨਿਸਿ ਬੀਛੁਰੈ ਆਇ ਮਿਲੈ ਪਰਭਾਤਿ ॥**
**ਜੋ ਨਰ ਬਿਛੁਰੇ ਰਾਮ ਸਿਉ ਨਾ ਦਿਨ ਮਿਲੇ ਨ ਰਾਤਿ ॥੧੨੫॥**

ਨਿਸਿ = ਰਾਤ ।

ਕਬੀਰ ਚਕਵੀ ਜਿੱਕਰ ਜੇਹੜੀ ਰਾਤ ਨੂੰ ਚਕਵੇ ਪਾਸੋਂ ਵਿਛੜਦੀ ਹੈ ਓਹ ਸਵੇਰੇ ਆ ਮਿਲਦੀ ਹੈ, ਹਾਇ ! ਜੇਹੜੇ ਆਦਮੀ ਵਾਹਿਗੁਰੂ ਤੋਂ ਵਿਛੜੇ ਹੋਏ ਹਨ ਓਹ ਨਾ ਰਾਤ ਮਿਲਦੇ ਹਨ ਨਾ ਦਿਨੇ ।

**ਕਬੀਰ ਰੈਨਾਇਰ ਬਿਛੋਰਿਆ ਰਹੁ ਰੇ ਸੰਖ ਮਝੂਰਿ ॥**
**ਦੇਵਲ ਦੇਵਲ ਧਾਹੜੀ ਦੇਸਹਿ ਉਗਵਤ ਸੂਰ ॥ ੧੨੬ ॥**

ਰੈਨਾਇਰ = ਸਮੁੰਦ੍ਰ । ਮਝੂਰਿ = ਵਿੱਚ ॥

ਕਬੀਰ ਹੇ ਜੀਵ ਰੂਪ ਸੰਖ ਤੂੰ ਆਪਣੇ ਚਿਤ ਨੂੰ ਵਾਹਿਗੁਰੂ ਰੂਪ ਸਮੁੰਦ੍ਰ ਤੋਂ ਵਿਛੋੜਿਆ ਹੈ ਮੇਰੇ ਆਖੇ ਲਗ ਵਿਚੇ ਹੀ ਰਹੋ ਕਿਉਂਕਿ ਫੇਰ ਤੇਰਾ ਬੁਰਾ ਹਾਲ ਹੋਵੇਗਾ ਕਿਉਂ ਜੋ ਠਾਕਰ ਦੁਆਰਿਆਂ ਦੇ ਬੂਹੇ ਬੂਹੇ ਤੇ ਸੂਰਜ ਦੇ ਚੜ੍ਹਨ ਨਾਲ ਧਾਹ ਮਾਰਕੇ ਰੋਵੇਂਗਾ ।

**ਕਬੀਰ ਸੂਤਾ ਕਿਆ ਕਰਹਿ ਜਾਗੁ ਰੋਇ ਭੈ ਦੁਖ ॥**
**ਜਾ ਕਾ ਬਾਸਾ ਗੋਰ ਮਹਿ ਸੋ ਕਿਉ ਸੋਵੈ ਸੁਖ ॥ ੧੨੭॥**

ਕਬੀਰ ਸੁਤਾ ਕੀ ਕਰਦਾ ਹੈਂ ਜਾਗ ਅਤੇ ਭੈ ਕਰਕੇ ਦੁਖਾਂ ਨੂੰ ਯਾਦ ਕਰਕੇ ਰੋ ਜਿਸ ਦਾ ਵਾਸਾ ਗੋਰ ਵਿੱਚ ਹੋਣਾ ਹੈ ਸੋ ਸੁਖ ਨਾਲ ਕਿਉਂ ਸੌਂਦਾ ਹੈ ।

**ਕਬੀਰ ਸੂਤਾ ਕਿਆ ਕਰਹਿ ਉਠਿ ਕਿ ਨ ਜਪਹਿ ਮੁਰਾਰਿ ॥**
**ਇਕ ਦਿਨ ਸੋਵਨੁ ਹੋਇਗੋ ਲਾਂਬੇ ਗੋਡ ਪਸਾਰਿ ॥ ੧੨੯ ॥**

ਕਬੀਰ ਸੁਤਾ ਕੀ ਕਰਦਾ ਹੈਂ ਉਠਕੇ ਵਾਹਿਗੁਰੂ ਨੂੰ ਕਿਉਂ ਨਹੀਂ ਜਪਦਾ, ਇਕ ਦਿਨ ਲੰਮੇ ਗੋਡੇ ਪਸਾਰ ਕੇ ਸਉਂਣਾਂ ਹੋਵੇਗਾ ।

**ਕਬੀਰ ਸੂਤਾ ਕਿਆ ਕਰਹਿ ਬੈਠਾ ਰਹੁ ਅਰੁ ਜਾਗੁ ॥
ਜਾਕੇ ਸੰਗ ਤੇ ਬੀਛੁਰਾ ਤਾਹੀ ਕੇ ਸੰਗਿ ਲਾਗੁ ॥ ੧੨੯ ॥**

ਕਬੀਰ ਸੁਤਾ ਕੀ ਕਰਦਾ ਹੈਂ ਬੈਠ ਰਹੋ ਅਤੇ ਜਾਗ, ਜਿਸਦੇ ਨਾਲੋਂ ਵਿਛੜਿਆ ਹੈਂ ਫਿਰ ਓਸੇ ਦੇ ਨਾਲ ਹੀ ਲੱਗ।

**ਕਬੀਰ ਸੰਤ ਕੀ ਗੈਲ ਨ ਛੋਡੀਐ ਮਾਰਗਿ ਲਾਗਾ ਜਾਉ ॥
ਪੇਖਤ ਹੀ ਪੁਨੀਤ ਹੋਇ ਭੇਟਤ ਜਪੀਐ ਨਾਉ ॥ ੧੩੦ ॥**

ਮਾਰਗਿ = ਰਸਤਾ। ਗੈਲ = ਰਸਤਾ। ਡੰਡੀ।

ਕਬੀਰ ਸੰਤ ਦੀ ਗੈਲ ਨਾ ਛੱਡੀਏ ਉਸਦੇ ਮਗਰ ੨ ਲੱਗਾ ਜਾ, ਵੇਖਦਿਆਂ ਹੀ ਪਵਿਤ੍ਰ ਹੋਈਦਾ ਵਾ ਹੋਵੇਂਗਾ, ਮਿਲਦਿਆਂ ਨਾਮ ਜਪੀਦਾ ਹੈ।

**ਕਬੀਰ ਸਾਕਤ ਸੰਗੁ ਨ ਕੀਜੀਐ ਦੂਰਹਿ ਜਾਇਐ ਭਾਗਿ ॥
ਬਾਸਨ ਕਾਰੋ ਪਰਸੀਐ ਤਉ ਕਛੁ ਲਾਗੈ ਦਾਗੁ ॥ ੧੩੧ ॥**

ਕਬੀਰ ਸਾਕਤ ਦਾ ਸਾਥ ਨ ਕਰੀਏ ਦੂਰੋਂ ਹੀ ਦੌੜ ਜਾਈਏ ਜਿੱਕਰ ਕਾਲੇ ਭਾਂਡੇ ਨੂੰ ਹਥ ਲਾਉਣ ਕਰਕੇ ਜਰੂਰ ਹੀ ਕੁਝ ਕਾਲਾ ਦਾਗ ਲੱਗ ਜਾਂਦਾ ਹੈ।

**ਕਬੀਰ ਰਾਮੁ ਨ ਚੇਤਿਓ ਜਰਾ ਪਹੂੰਚਿਓ ਆਇ ॥ ਲਾਗੀ ਮੰਦਿਰ ਦੁਆਰ ਤੇ ਅਬ ਕਿਆ ਕਾਢਿਆ ਜਾਇ ॥ ੧੩੨ ॥**

ਕਬੀਰ ਰਾਮ ਨੂੰ ਯਾਦ ਨਾ ਕੀਤਾ ਅਤੇ ਬੁਢੇਪਾ ਆ ਪਹੁੰਚਿਆ, ਸਰੀਰ ਰੂਪ ਮੰਦਰ ਦੇ ਬੂਹੇ ਨੂੰ ਅੱਗ ਆਣ ਲਗੀ ਹੈ ਹੁਣ ਕੀ ਕੁਝ ਕਢਿਆ ਜਾ ਸਕਦਾ ਹੈ।

**ਕਬੀਰ ਕਾਰਨੁ ਸੋ ਭਇਓ ਜੋ ਕੀਨੋ ਕਰਤਾਰ ॥ ਤਿਸ ਬਿਨੁ ਦੂਸਰ ਕੋ ਨਹੀ ਏਕੈ ਸਿਰਜਨ ਹਾਰੁ ॥ ੧੩੩ ॥**

ਕਬੀਰ ਸੋ ਕਾਰਨ ਹੋਇਆ ਜੇਹੜਾ ਕਰਤਾਰ ਨੇ ਕਰਨਾ ਸੀ ਵਾ ਕੀਤਾ ਹੈ, ਤਿਸਤੋਂ ਬਿਨਾਂ ਦੂਜਾ ਕੋਈ ਨਹੀਂ ਇਕੋ ਸਿਰਜਨ ਹਾਰ ਹੀ ਹੈ।

**ਕਬੀਰ ਫਲ ਲਾਗੇ ਫਲਨਿ ਪਾਕਨ ਲਾਗੇ ਆਂਬ ॥ ਜਾਇ ਪਹੂਚਹਿ ਖਸਮ ਕਉ ਜਉ ਬੀਚਿ ਨ ਖਾਹੀ ਕਾਂਬ ॥ ੧੩੪ ॥**

ਕਬੀਰ ਫਲ ਫਲਣ ਲਗੇ ਅਤੇ ਅੰਬ ਪੱਕਣ ਲਗੇ, ਜੇ ਓਹਨਾਂ ਅੰਬਾਂ

ਰੂਪ ਜਗਜਾਸੂਆਂ ਉਤਮਾਂ ਨੂੰ ਕੋਈ ਲਾਗ ਨ ਲਗੀ ਤਾਂ ਖਸਮ ਨੂੰ ਜਾ ਮਿਲਣਗੇ।

**ਕਬੀਰ ਠਾਕੁਰੁ ਪੂਜਹਿ ਮੋਲਿ ਲੇ ਮਨ ਹਠ ਤੀਰਥ ਜਾਹਿ ॥**
**ਦੇਖਾ ਦੇਖੀ ਸ੍ਵਾਂਗੁ ਧਰਿ ਭੂਲੇ ਭਟਕਾ ਖਾਹਿ ॥ ੧੩੫ ॥**

ਕਬੀਰ ਠਾਕਰ ਨੂੰ ਮੁੱਲ ਲੈਕੇ ਪੂਜਦੇ ਹਨ ਅਤੇ ਮਨ ਦੇ ਹਠ ਕਰਕੇ ਤੀਰਥ ਜਾਂਦੇ ਹਨ, ਹਾਇ ਦੇਖਾ ਦੇਖੀ ਸਾਂਗ ਧਰਕੇ ਭੁਲੇ ਹੋਏ ਭਟਕਾਂ ਖਾਂਦੇ ਹਨ।

**ਕਬੀਰ ਪਾਹਨੁ ਪਰਮੇਸੁਰੁ ਕੀਆ ਪੂਜੈ ਸਭੁ ਸੰਸਾਰੁ ॥**
**ਇਸ ਭਰਵਾਸੇ ਜੋ ਰਹੇ ਬੂਡੇ ਕਾਲੀ ਧਾਰ ॥ ੧੩੬ ॥**

ਕਬੀਰ ਪੱਥਰ ਨੂੰ ਪਰਮੇਸ਼ਰ ਕੀਤਾ ਹੈ ਅਤੇ ਸਾਰਾ ਸੰਸਾਰ ਪੂਜਦਾ ਹੈ ਹਾਇ ਇਸ ਭਰਵਾਸੇ ਜੇਹੜੇ ਰਹੇ ਹਨ ਓਹ ਕਾਲੀ ਧਾਰ ਵਿਚ ਡੁਬ ਗਏ ਹਨ ਵਾ ਡੁਬ ਜਾਣਗੇ।

**ਕਬੀਰ ਕਾਗਦ ਕੀ ਓਬਰੀ ਮਸੁ ਕੇ ਕਰਮ ਕਪਾਟ ॥**
**ਪਾਹਨ ਬੋਰੀ ਪਿਰਥਮੀ ਪੰਡਿਤ ਪਾੜੀ ਬਾਟ ॥ ੧੩੭ ॥**

ਓਬਰੀ = ਕੋਠੀ। ਪਾਹਨ = ਪੱਥਰ।

ਕਬੀਰ ਕਾਗਦ ਦੀ ਕੋਠੀ ਹੈ ਸਿਆਹੀ ਨਾਲ ਜੇਹੜੇ ਕਰਮ (ਉਨ੍ਹਾਂ ਸ਼ਾਸਤ੍ਰਾਂ ਵਿਚ) ਲਿਖੇ ਹੋਏ ਹਨ ਓਹ ਤਖਤੇ ਹਨ ਪੱਥਰਾਂ ਦੀ ਪੂਜਾ ਵਿਚ ਲਾਕੇ ਸਾਰੀ ਧਰਤੀ ਡੋਬੀ ਹੈ ਇਨ੍ਹਾਂ ਵਾਟ ਪਾੜ ਪੰਡਤਾਂ ਨੇ ਸਾਰੀ ਸ੍ਰਿਸ਼ਟੀ ਭੁਲਾ ਦਿਤੀ ਹੈ।

**ਕਬੀਰ ਕਾਲਿ ਕਰੰਤਾ ਅਬਹਿ ਕਰੁ ਅਬ ਕਰਤਾ ਸੁਇਤਾਲ ॥**
**ਪਾਛੈ ਕਛੂ ਨ ਹੋਇਗਾ ਜਉ ਸਿਰ ਪਰ ਆਵੈ ਕਾਲੁ ॥ ੧੩੮ ॥**

ਸੁਇਤਾਲ = ਛੇਤੀ।

ਕਬੀਰ ਕੱਲ ਕਰਦਾ ਅੱਜ ਹੀ ਕਰ, ਅਤੇ ਜੇ ਅੱਜ ਕਰਦਾ ਹੈਂ ਤਾਂ ਛੇਤੀ ਹੀ ਕਰ, ਪਿਛੋਂ ਫਿਰ ਕੁਝ ਨਹੀਂ ਹੋਣਾਂ ਜਦੋਂ ਸਿਰ ਉਤੇ ਕਾਲ ਆ ਜਾਵੇਗਾ।

**ਕਬੀਰ ਐਸਾ ਜੰਤੁ ਇਕੁ ਦੇਖਿਆ ਜੈਸੀ ਧੋਈ ਲਾਖ ॥**
**ਦੀਸੈ ਚੰਚਲੁ ਬਹੁ ਗੁਨਾ ਮਤਿ ਹੀਨਾ ਨਾਪਾਕ ॥ ੧੩੯ ॥**

ਕਬੀਰ ਮੈਂ ਇਕ ਪਾਖੰਡੀ ਆਦਮੀ ਇੱਕਰ ਦਾ ਦੇਖਿਆ ਹੈ ਜਿੱਕਰ ਦੀ ਲਾਖ ਧੋਈ ਹੋਈ ਭਾਵ ਚਮਕਦੀ ਹੁੰਦੀ ਹੈ, ਬਹੁਤ ਗੁਣਾਂ ਚੰਚਲ ਦਿਸਦਾ ਹੈ ਪਰ

ਮਤ ਹਾਣਾਂ ਅਤੇ ਨਾਪਾਕ ਹੈ।

**ਕਬੀਰ ਮੇਰੀ ਬੁਧਿ ਕਉ ਜਮੁ ਨ ਕਰੈ ਤਿਸਕਾਰ ॥**
**ਜਿਨਿ ਇਹੁ ਜਮੂਆ ਸਿਰਜਿਆ**
**ਸੁ ਜਪਿਆ ਪਰਵਿਦਗਾਰ ॥ ੧੪੦ ॥**

ਤਿਸਕਾਰ = ਨਿਰਾਦਰ ॥

ਕਬੀਰ ਮੇਰੀ ਬੁਧ ਨੂੰ ਜਮ ਨਿਰਾਦਰ ਨਹੀਂ ਕਰੇਗਾ, ਕਿਉਂਕਿ ਜਿਨ ਏਹ ਜਮੂਆਂ ਸਿਰਜਿਆ ਹੈ ਮੈਂ ਓਹ ਸਿਰਜਨਹਾਰ ਜਪਿਆ ਹੈ।

**ਕਬੀਰੁ ਕਸਤੂਰੀ ਭਇਆ ਭਵਰ ਭਏ ਸਭ ਦਾਸ ॥**
**ਜਿਉ ਜਿਉ ਭਗਤਿ ਕਬੀਰ ਕੀ**
**ਤਿਉ ਤਿਉ ਰਾਮ ਨਿਵਾਸ ॥ ੧੪੧ ॥**

ਕਬੀਰ = ਵਡਾ ਵਾਹਿਗੁਰੂ ॥

ਕਬੀਰ ਕਸਤੂਰੀ ਹੋਇਆ ਹੈ ਅਤੇ ਸਾਰੇ ਦਾਸ ਭੌਰੇ ਹੋਏ ਹਨ, ਜਿਉਂ ੨ ਕਬੀਰ ਦੀ ਭਗਤੀ ਕਰਦੇ ਹਨ ਤਿਉਂ ਤਿਉਂ ਰਾਮ ਵਿਚ ਨਿਵਾਸ ਹੁੰਦਾ ਹੈ।

**ਕਬੀਰ ਗਹਗਚਿ ਪਰਿਓ ਕੁਟੰਬ ਕੈ ਕਾਂਠੈ ਰਹਿ ਗਇਓ ਰਾਮੁ ॥**
**ਆਇ ਪਰੇ ਧਰਮਰਾਇ ਕੇ ਬੀਚਹਿ ਧੂਮਾ ਧਾਮ ॥ ੧੪੨ ॥**

ਗਹਗਚਿ = ਖੱਚਤ । ਕਾਂਠੈ = ਪਾਸੇ ॥

ਕਬੀਰ ਤੂੰ ਕੁਟੰਬ ਵਿਚ ਬੜਾ ਖੱਚਤ ਹੋ ਰਿਹਾ ਹੈਂ ਇਸ ਲਈ ਰਾਮ ਤੇਰੇ ਕਿਨਾਰੇ ਹੀ ਰੈਹ ਗਿਆ। ਝਟ ਪਟ ਹੀ ਧਰਮ ਰਾਜ ਦੇ ਦੂਤ ਆ ਪਏ ਇਸ ਘਰ ਦੇ ਵਿਚ ਹੀ ਡੰਡ ਰੌਲਾ ਪੈ ਗਿਆ।

**ਕਬੀਰ ਸਾਕਤ ਤੇ ਸੂਕਰ ਭਲਾ ਰਾਖੈ ਆਛਾ ਗਾਉ ॥**
**ਉਹ ਸਾਕਤੁ ਬਪੁਰਾ ਮਰਿ ਗਇਆ ਕੋਇ ਨ ਲੈਹੈ ਨਾਉ ॥ ੧੪੩ ॥**

ਕਬੀਰ ਸਾਕਤ ਨਾਲੋਂ ਸੂਰ ਚੰਗਾ ਹੈ ਜੇਹੜਾ ਗ੍ਰਾਮ ਨੂੰ ਪਵਿਤ੍ਰ ਰਖਦਾ ਹੈ ਜਦ ਓਹ ਸਾਕਤ ਮਰ ਗਿਆ ਵਾ ਮਰ ਜਾਂਦਾ ਹੈ ਤਾਂ ਉਸਦਾ ਨਾਮ ਕੋਈ ਨਹੀਂ ਲੈਂਦਾ।

**ਕਬੀਰ ਕਉਡੀ ਕਉਡੀ ਜੋਰਿਕੈ ਜੋਰੇ ਲਾਖ ਕਰੋਰਿ ॥**
**ਚਲਤੀ ਬਾਰ ਨ ਕਛੁ ਮਿਲਿਓ ਲਈ ਲੰਗੋਟੀ ਤੋਰਿ ॥ ੧੪੪ ॥**

ਕਬੀਰ ਕੌਡੀ ਕੌਡੀ ਜੋੜਕੇ ਲੱਖ ਕਰੋੜ ਜੋੜੇ ਪਰ ਅਫਸੋਸ! ਜਾਂਦੀ

ਵਾਰੀ ਕੁਝ ਨ ਮਿਲਿਆ ਸਗੋਂ ਸਰਬੰਧੀਆਂ ਨੇ ਲੱਕ ਨਾਲੋਂ ਲੰਗੋਟੀ ਵੀ ਤੋੜ ਲਈ।

**ਕਬੀਰ ਬੈਸਨੋ ਹੂਆ ਤ ਕਿਆ ਭਇਆ ਮਾਲਾ ਮੇਲੀਂ ਚਾਰਿ ॥**
**ਬਾਹਰਿ ਕੰਚਨੁ ਬਾਰਹਾ ਭੀਤਰਿ ਭਰੀ ਭੰਗਾਰ ॥ ੧੪੫ ॥**

ਕੰਚਨ = ਸੋਨਾ ॥

ਕਬੀਰ ਜੇ ਵੈਸ਼ਨਵ ਹੋਇਆ ਤਾਂ ਕੀ ਹੋਇਆ ਅਤੇ "ਜੇ ਚਾਰ ਮਾਲਾਂ ਪਾ ਲਈਆਂ ਤੇ ਤਾਂ ਕੀ ਹੋਇਆ"। ਜਿੱਕੁਰ ਬਾਹਰੋਂ ਬਾਰਾਂ ਵੰਨੀਆਂ ਦਾ ਸੋਨਾ ਨਜ਼ਰ ਆਉਂਦਾ ਹੈ ਅਤੇ ਅੰਦਰੋਂ ਮੈਲ ਨਾਲ ਭਰਿਆ ਹੋਇਆ ਹੁੰਦਾ ਹੈ ਤਿੱਕੁਰ ਹੀ ਵੈਸ਼ਨਵ ਹੈ ॥

**ਕਬੀਰਾ ਰੋੜਾ ਹੋਇ ਰਹੁ ਬਾਟ ਕਾ ਤਜਿ ਮਨ ਕਾ ਅਭਿਮਾਨੁ ॥**
**ਐਸਾ ਕੋਈ ਦਾਸੁ ਹੋਇ ਤਾਹਿ ਮਿਲੈ ਭਗਵਾਨੁ ॥ ੧੪੬ ॥**

ਕਬੀਰ ਤੂੰ ਵਾਟ ਦਾ ਰੋੜਾ ਹੋ ਰਹੋ ਅਤੇ ਮਨ ਦਾ ਅਭਿਮਾਨ ਛਡ, ਜੇ ਇੱਕੁਰ ਦਾ ਕੋਈ ਵਾਹਿਗੁਰੂ ਦਾ ਦਾਸ ਹੋਵੇ ਤਾਂ ਓਨੂੰ ਵਾਹਿਗੁਰੂ ਮਿਲਦਾ ਹੈ ॥

**ਕਬੀਰ ਰੋੜਾ ਹੂਆ ਤ ਕਿਆ ਭਇਆ ਪੰਥੀ ਕਉ ਦੁਖੁ ਦੇਇ ॥**
**ਐਸਾ ਤੇਰਾ ਦਾਸੁ ਹੈ ਜਿਉ ਧਰਨੀ ਮਹਿ ਖੇਹ ॥ ੧੪੭ ॥**

ਕਬੀਰ ਰੋੜਾ ਹੋਇਆ ਤਾਂ ਕੀ ਹੋਇਆ ਜੋ ਰਾਹੀ ਨੂੰ ਦੁਖ ਦੇਣ ਲਗਾ, ਇੱਕੁਰ ਦਾ ਤੇਰਾ ਦਾਸ ਚਾਹੀਦਾ ਹੈ ਜਿੱਕੁਰ ਦੀ ਧਰਤੀ ਤੇ ਖੇਹ ਹੁੰਦੀ ਹੈ।

**ਕਬੀਰ ਖੇਹ ਹੂਈ ਤਉ ਕਿਆ ਭਇਆ ਜੋ ਉਡਿ ਲਾਗੈ ਅੰਗ ॥**
**ਹਰਿ ਜਨੁ ਐਸਾ ਚਾਹੀਐ ਜਿਉ ਪਾਨੀ ਸਰਬੰਗ ॥ ੧੪੮ ॥**

ਕਬੀਰ ਖੇਹ ਹੋਈ ਤਾਂ ਕੀ ਹੋਇਆ ਜੋ ਉਡ ਉਡਕੇ ਅੰਗਾਂ ਨੂੰ ਲਗਣ ਲਗੀ, ਵਾਹਿਗੁਰੂ ਦਾ ਦਾਸ ਇੱਕੁਰ ਦਾ ਚਾਹੀਦਾ ਹੈ ਜਿੱਕੁਰ ਪਾਣੀ ਸਾਰਿਆਂ ਅੰਗਾਂ ਨਾਲ ਮਿਲ ਜਾਂਦਾ ਹੈ।

**ਕਬੀਰ ਪਾਨੀ ਹੂਆ ਤ ਕਿਆ ਭਇਆ ਸੀਰਾ ਤਾਤਾ ਹੋਇ ॥**
**ਹਰਿ ਜਨੁ ਐਸਾ ਚਾਹੀਐ ਜੈਸਾ ਹਰਿ ਹੀ ਹੋਇ ॥ ੧੪੯ ॥**

ਕਬੀਰ ਪਾਣੀ ਹੋਇਆ ਤਾਂ ਕੀ ਹੋਇਆ ਜੋ ਠੰਡਾ ਤੱਤਾ ਹੀ ਹੁੰਦਾ ਰਿਹਾ ਹਰਿ ਜਨ ਇੱਕੁਰ ਦਾ ਚਾਹੀਦਾ ਹੈ ਜਿਕੁਰ ਹਰਿ ਹੀ ਹੁੰਦਾ ਹੈ।

**ਉਚ ਭਵਨ ਕਨ ਕਾਮਨੀ ਸਿਖਰਿ ਧਜਾ ਫਹਰਾਇ ॥**

**ਤਾਤੇ ਭਲੀ ਮਧੂਕਰੀ ਸੰਤ ਸੰਗ ਗੁਨ ਗਾਇ ॥ ੧੫੦ ॥**

ਭਵਨ = ਘਰ। ਕਨਕਾਮਨੀ = ਸੋਨਾ, ਇਸਤ੍ਰੀ ॥

ਕਬੀਰ ਉਚੇ ਘਰ ਸੋਨੇ ਵਤ ਅਤੇ ਸੋਨੇ ਦੀਆਂ ਭਰੀਆਂ ਹੋਈਆਂ ਇਸਤ੍ਰੀਆਂ ਵਾ ਅੰਨ ਵੀ ਹੋਵੇ, ਅਤੇ ਮੰਦਰਾਂ ਦੇ ਉਤੇ ਬੜੀਆਂ ਉਚੀਆਂ ਧੁਜਾਂ ਝੂਲਦੀਆਂ ਹੋਣ ਪਰ ਇਸ ਸੁਖ ਤੋਂ ਮਧੂਕਰੀ ਭਲੀ ਹੈ ਜੋ ਸੰਤਾਂ ਦੇ ਸੰਗ ਨਾਲ ਬੀ ਮਿਲਕੇ ਵਾਹਿਗੁਰੂ ਦੇ ਗੁਨ ਗਾਈਏ ॥

**ਕਬੀਰ ਪਾਟਨ ਤੇ ਊਜਰੁ ਭਲਾ ਰਾਮ ਭਗਤ ਜਿਹ ਠਾਇ ॥**
**ਰਾਮ ਸਨੇਹੀ ਬਾਹਰਾ ਜਮਪੁਰੁ ਮੇਰੇ ਭਾਂਇ ॥ ੧੫੧ ॥**

ਕਬੀਰ ਸ਼ੈਹਰ ਨਾਲੋਂ ਜੰਗਲ ਭਲਾ ਹੈ ਜਿਸ ਥਾਂ ਰਾਮ ਦਾ ਭਗਤ ਹੈ। ਅਤੇ ਸ਼ੈਹਰ ਰਾਮ ਦੇ ਪ੍ਰੇਮੀ ਤੋਂ ਬਿਨਾਂ ਮੇਰੇ ਭਾ ਦਾ ਜਮ ਪੁਰ ਹੈ।

**ਕਬੀਰ ਗੰਗ ਜਮੁਨ ਕੇ ਅੰਤਰੇ ਸਹਜ ਸੁੰਨ ਕੇ ਘਾਟ॥**
**ਤਹਾ ਕਬੀਰੈ ਮਟੁ ਕੀਆ ਖੋਜਤ ਮੁਨਿ ਜਨ ਬਾਟ ॥ ੧੫੨ ॥**

ਕਬੀਰ ਗੰਗਾ ਜਮਨਾਂ ਦੇ ਵਿੱਚ ਸਹਜ ਸੁੰਨ ਦਾ ਘਾਟ ਹੈ ਭਾਵ ਆਪਣੇ ਮਥੇ ਦੀ ਹਾਲਤ ਦਸਦੇ ਹਨ ਓਥੇ ਕਬੀਰ ਜੀ ਨੇ ਆਪਣੇ ਰਹਿਣ ਦਾ ਥਾਂ ਕੀਤਾ ਹੈ ਉਸ ਵਾਟ ਨੂੰ ਮੁਨਿ ਜਨ ਖੋਜਦੇ ਹਨ ॥

**ਕਬੀਰ ਜੈਸੀ ਉਪਜੀ ਪੇਡ ਤੇ ਜਉ ਤੈਸੀ ਨਿਬਹੈ ਓੜਿ॥**
**ਹੀਰਾ ਕਿਸਕਾ ਬਾਪੁਰਾ ਪੁਜਹਿ ਨ ਰਤਨ ਕਰੋੜਿ ॥ ੧੫੩ ॥**

ਪੇਡ = ਦਰਖਤ। ਓੜ = ਓੜਕ।

ਕਬੀਰ ਜਿੱਕੁਰ ਦੀ ਟਾਹਣੀ ਬ੍ਰਿਛ ਤੋਂ ਪਹਿਲੇ ਉਪਜੀ ਹੈ ਤਿਕੁਰ ਦੀ ਜੇ ਤੋੜ ਤਕ ਪਹੁੰਚ ਜਾਵੇ ਤਾਂ ਹੀਰਾ ਵਿਚਾਰਾ ਕੀ ਚੀਜ਼ ਹੈ ਲਖ ਕਰੋੜ ਵੀ ਉਸਨੂੰ ਨਹੀਂ ਪਹੁੰਚ ਸਕਦੇ ਭਾਵ ਸਾਰੀ ਉਮਰ ਆਦਮੀ ਦੀ ਇਕ ਹਾਲਤ ਰਹੇ ਤਾਂ ਬਹੁਤ ਚੰਗਾ ਹੈ ॥

**ਕਬੀਰਾ ਏਕੁ ਅਚੰਭਉ ਦੇਖਿਓ ਹੀਰਾ ਹਾਟ ਬਿਕਾਇ॥**
**ਬਨਜਨ ਹਾਰੇ ਬਾਹਰਾ ਕਉਡੀ ਬਦਲੈ ਜਾਇ॥੧੫੪॥**

ਕਬੀਰ ਮੈਂ ਇਕ ਅਸਚਰਜ ਤਮਾਸ਼ਾ ਦੇਖਿਆ ਹੈ ਕਿ ਹੀਰਾ ਹਟੀ ਤੇ ਵਿਕਦਾ ਹੈ ਪਰ ਅਫਸੋਸ ਵਨਜਣ ਵਾਲੇ ਸਰਾਫ ਤੋਂ ਬਿਨਾਂ ਹੋਇਆ ਹੋਇਆ ਕੌਡੀ ਬਦਲੇ ਜਾ ਰਿਹਾ ਹੈ ॥

**ਕਬੀਰਾ ਜਹਾ ਗਿਆਨ ਤਹ ਧਰਮ ਹੈ ਜਹਾ ਝੂਠ ਤਹ ਪਾਪ ॥**

**ਜਹਾ ਲੋਭੁ ਤਹ ਕਾਲੁ ਹੈ ਜਹਾ ਖਿਮਾ ਤਹ ਆਪਿ ॥ ੧੫੫ ॥**

ਕਬੀਰ ਜਿੱਥੇ ਗਿਆਨ ਹੈ ਓਥੇ ਧਰਮ ਹੈ ਅਤੇ ਜਿੱਥੇ ਝੂਠ ਹੈ ਓਥੇ ਪਾਪ ਹੈ ਅਤੇ ਜਿਥੇ ਲੋਭ ਹੈ ਓਥੇ ਕਾਲ ਹੈ ਅਤੇ ਜਿਥੇ ਖਿਮਾ ਹੈ ਓਥੇ ਵਾਹਿਗੁਰੂ ਆਪ ਹੈ।

**ਕਬੀਰ ਮਾਇਆ ਤਜੀ ਤ ਕਿਆ ਭਇਆ ਜਉ ਮਾਨੁ ਤਜਿਆ ਨਹੀ ਜਾਇ ॥ ਮਾਨ ਮੁਨੀ ਮੁਨਿਵਰ ਗਲੇ ਮਾਨੁ ਸਭੈ ਕਉ ਖਾਇ ॥ ੧੫੬ ॥**

ਕਬੀਰ ਮਾਇਆ ਛੱਡ ਦਿਤੀ ਤਾਂ ਕੀ ਹੋਇਆ ਜੇ ਮਾਨ ਨਹੀਂ ਤਜਿਆ ਜਾਂਦਾ ਤਾਂ, ਏਸ ਮਾਨ ਵਿੱਚ ਵੱਡੇ ਵੱਡੇ ਸ੍ਰੇਸ਼ਟ ਮੁਨੀ ਗਲ ਗਏ ਹਨ ਅਤੇ ਏਹ ਮਾਨ ਸਾਰਿਆਂ ਨੂੰ ਹੀ ਖਾਂਦਾ ਹੈ।

**ਕਬੀਰ ਸਾਚਾ ਸਤਿਗੁਰ ਮੈ ਮਿਲਿਆ ਸਬਦੁ ਜੁ ਬਾਹਿਆ ਏਕੁ ॥ ਲਾਗਤ ਹੀ ਭੁਇ ਮਿਲਿ ਗਇਆ ਪਰਿਆ ਕਲੇਜੇ ਛੇਕੁ ॥ ੧੫੭ ॥**

ਕਬੀਰ ਮੈਨੂੰ ਇਕ ਸਚਾ ਸਤਿਗੁਰੂ ਮਿਲਯਾ ਹੈ ਤਿਸਨੇ ਇਕ ਉਪਦੇਸ਼ ਰੂਪ ਬਾਣ ਮਾਰਿਆ ਹੈ ਮੈਂ ਉਸਦੇ ਲਗਦਿਆਂ ਹੀ ਧਰਤੀ ਉਤੇ ਜਾ ਪਿਆ ਅਤੇ ਮੇਰੇ ਕਲੇਜੇ ਵਿੱਚ ਛੇਕ ਹੋ ਗਿਆ ॥

**ਕਬੀਰ ਸਾਚਾ ਸਤਿਗੁਰੁ ਕਿਆ ਕਰੈ ਜਉ ਸਿਖਾ ਮਹਿ ਚੂਕ ॥ ਅੰਧੇ ਏਕ ਨ ਲਾਗਈ ਜਿਉ ਬਾਂਸੁ ਬਜਾਈਐ ਫੂਕ ॥ ੧੫੮ ॥**

ਕਬੀਰ ਸਾਚਾ ਸਤਿਗੁਰ ਕੀ ਕਰ ਸਕਦਾ ਹੈ ਜੇ ਸਿਖਾਂ ਵਿਚ ਭੁਲ ਹੈ ਤਾਂ, ਅੰਨ੍ਹੇ ਨੂੰ ਇਕ ਨਹੀਂ ਲਗਦੀ ਜਿੱਕੁਰ ਵਾਂਸ ਵਿੱਚ ਫੂਕ ਵਜਾਈ ਦੀ ਹੈ ਭਾਵ ਫੂਕ ਲੰਘ ਜਾਂਦੀ ਹੈ ॥

**ਕਬੀਰ ਹੈ ਗੈ ਬਾਹਨ ਸਘਨ ਘਨ ਛਤ੍ਰਪਤੀ ਕੀ ਨਾਰਿ ॥ ਤਾਸੁ ਪਟੰਤਰ ਨਾ ਪੁਜੈ ਹਰਿ ਜਨ ਕੀ ਪਨਿਹਾਰਿ ॥੧੫੯॥**

ਹੈ = ਘੋੜੇ। ਗੈ = ਹਾਥੀ। ਪਟੰਤਰ = ਬਰਾਬਰ।

ਕਬੀਰ ਹਾਥੀ ਘੋੜੇ ਅਤੇ ਹੋਰ ਬਹੁਤੇ ਸੰਘਣੇ ਬਾਹਨ ਹੋਣ ਇਕੁਰ ਦੀ ਜੋਹੜੇ ਛੱਤ੍ਰ ਪਤੀ ਦੀ ਇਸਤ੍ਰੀ ਹੋਵੇ ਪਰ ਜੇਹੜੀ ਹਰ ਜਨ ਦੀ ਪਾਣੀ ਭਰਨ ਵਾਲੀ ਦਾਸੀ ਹੈ ਉਸਦੇ ਬਰਾਬਰ ਓਹ ਰਾਣੀ ਨਹੀਂ ਪੁਜ ਸਕਦੀ॥

**ਕਬੀਰ ਨ੍ਰਿਪ ਨਾਰੀ ਕਿਉ ਨਿੰਦੀਐ ਕਿਉ ਹਰਿਚੇਰੀ ਕੌ ਮਾਨੁ॥**
**ਓਹੁ ਮਾਂਗ ਸਵਾਰੈ ਬਿਖੈ ਕਉ ਓਹੁ ਸਿਮਰੈ ਹਰਿ ਨਾਮੁ॥੧੬੦॥**

ਕਬੀਰ ਰਾਜੇ ਦੀ ਇਸਤ੍ਰੀ ਨੂੰ ਕਿਉਂ ਨਿੰਦੀਏ ਅਤੇ ਵਾਹਿਗੁਰੂ ਦੀ ਦਾਸੀ ਨੂੰ ਕਿਉਂ ਮਾਨ ਦਈਏ ? ਲੈ ਸੁਣ ਲੈ, ਓਹ ਤਾਂ ਵਿਸ਼ੇ ਵਾਸਤੇ ਮੀਢੀਆਂ ਸੁਆਰਦੀ ਹੈ ਅਤੇ ਓਹ ਵਾਹਿਗੁਰੂ ਦਾ ਨਾਮ ਸਿਮਰਦੀ ਹਈ॥

**ਕਬੀਰ ਥੂਨੀ ਪਾਈ ਥਿਤਿ ਭਈ ਸਤਿਗੁਰ ਬੰਧੀ ਧੀਰ॥**
**ਕਬੀਰ ਹੀਰਾ ਬਣਜਿਆ ਮਾਨ ਸਰੋਵਰ ਤੀਰ॥ ੧੬੧॥**

ਤੀਰ = ਕਿਨਾਰਾ॥ ਕਬੀਰ ਥੰਮੀ ਲਭ ਲਈ ਹੈ ਇਸ ਲਈ ਇਸਥਿਤ ਹੋ ਗਈ ਹੈ ਸਤਿਗੁਰਾਂ ਨੇ ਧੀਰਜਤਾ ਭੰਨ ਦਿਤੀ ਹੈ, ਕਬੀਰ ਨੇ ਸਤਸੰਗ ਸਰੋਵਰ ਪਾਸ ਜਾਕੇ ਗਿਆਨ ਰੂਪ ਹੀਰਾ ਖਰੀਦਿਆ ਹੈ।

**ਕਬੀਰ ਹਰਿ ਹੀਰਾ ਜਨ ਜਉਹਰੀ ਲੇਕੈ ਮਾਂਡੈ ਹਾਟ॥**
**ਜਬਹੀ ਪਾਈਅਹਿ ਪਾਰਖੂ ਤਬ ਹੀਰਨ ਕੀ ਸਾਟ॥ ੧੬੨॥**

ਮਾਂਡੈ = ਕਰਦੇ। ਸਾਟ = ਕਦਰ।

ਕਬੀਰ ਵਾਹਿਗੁਰੂ ਹੀਰਾ ਹੈ ਅਤੇ ਦਾਸ ਜੌਹਰੀ ਹਨ ਉਸ ਹੀਰੇ ਨੂੰ ਲੈਕੇ ਹਟੀ ਪਾਉਂਦੇ ਹਨ, ਜਦੋਂ ਪਾਰਖੂ ਲਭੀਦਾ ਹੈ ਤਾਂ ਹੀਰਿਆਂ ਦੀ ਕਦਰ ਹੁੰਦੀ ਹੈ॥

**ਕਬੀਰ ਕਾਮ ਪਰੇ ਹਰਿ ਸਿਮਰੀਐ ਐਸਾ ਸਿਮਰਹੁ ਨਿਤ॥**
**ਅਮਰਾਪੁਰ ਬਾਸਾ ਕਰਹੁ ਹਰਿ ਗਇਆ ਬਹੋਰੈ ਬਿਤ॥ ੧੬੩॥**

ਕਬੀਰ ਕੰਮ ਪਏ ਹਰੀ ਸਿਮਰੀਦਾ ਹੈ ਇਕੁਰ ਦਾ ਜੇ ਰੋਜ਼ ਹੀ ਸਿਮਰੋ ਤਾਂ ਅਮਰਾ ਪੁਰ ਵਿੱਚ ਵਾਸਾ ਕਰ ਲਵੋਗੇ ਅਤੇ ਜੇਹੜਾ ਤੁਹਾਡਾ ਬਿਅਰਥ (ਸੁਾਸਾਂ ਰੂਪ) ਧਨ ਗਿਆ ਹੋਇਆ ਹੈ ਓਹ ਹਰੀ ਮੋੜ ਦੇਵੇਗਾ॥

**ਕਬੀਰ ਸੇਵਾ ਕਉ ਦੁਇ ਭਲੇ ਏਕੁ ਸੰਤੁ ਇਕੁ ਰਾਮੁ॥**
**ਰਾਮ ਜੁ ਦਾਤਾ ਮੁਕਤਿ ਕੋ ਸੰਤੁ ਜਪਾਵੈ ਨਾਮੁ॥੧੬੪॥**

ਕਬੀਰ ਸੇਵਾ ਨੂੰ ਦੋ ਭਲੇ ਹਨ ਇਕ ਸੰਤ ਇਕ ਰਾਮ, ਰਾਮ ਤਾਂ ਮੁਕਤੀ ਦਾ ਦਾਤਾ ਹੈ ਅਤੇ ਸੰਤ ਨਾਮ ਜਪਾਉਂਦੇ ਹਨ॥

**ਕਬੀਰ ਜਿਹ ਮਾਰਗਿ ਪੰਡਿਤ ਗਏ ਪਾਛੈ ਪਰੀ ਬਹੀਰ॥**
**ਇਕ ਅਵਘਟ ਘਾਟੀ ਰਾਮ ਕੀ**

**ਤਿਹ ਚੜਿ ਰਹਿਓ ਕਬੀਰ ॥ ੧੬੫ ॥**

ਕਬੀਰ ਜਿਸ ਰਸਤੇ ਸਾਰੇ ਪੰਡਤ ਮਰਦੇ ਗਏ ਹਨ ਉਨ੍ਹਾਂ ਦੇ ਮਗਰ ਹੀ ਸਾਰੀ ਵਹੀਰ ਪੈਂਦੀ ਗਈ ਹੈ ਭਾਵ ਸਾਰੀ ਸ੍ਰਿਸ਼ਟੀ ਕਰਮ ਕਾਂਡ ਵਿਚ ਲਗਦੀ ਗਈ ਹੈ, ਪਰ ਇਕ ਰਾਮ ਦੀ ਔਘਟ ਘਾਟੀ ਭਗਤੀ ਰੂਪ ਸੀ ਉਸ ਉਤੇ ਕਬੀਰ ਚੜ੍ਹ ਰਿਹਾ ਹੈ ॥

**ਕਬੀਰ ਦੁਨੀਆ ਕੇ ਦੋਖੇ ਮੂਆ ਚਾਲਤ ਕੁਲ ਕੀ ਕਾਨਿ ॥**
**ਤਬ ਕੁਲੁ ਕਿਸਕਾ ਲਾਜਸੀ ਜਬ ਲੇ ਧਰਹਿ ਮਸਾਨਿ ॥੧੬੬ ॥**

ਕਬੀਰ ਦੁਨੀਆਂ ਦੇ ਦੁਖ ਮਰ ਗਿਆ ਕੁਲ ਦੀ ਕਨੌੜ ਚਲਦਾ ਹੋਯਾ ਤਦੋਂ ਕਿਸ ਕੁਲ ਦੀ ਲਜਿਆ ਕਰਨ ਵਾਲਾ ਹੋਵੇਗਾ ਜਦੋਂ ਚੁਕਕੇ ਮਸਾਣ ਭੂਮਿਕਾ ਵਿਚ ਜਾ ਰਖਨਗੇ ॥

**ਕਬੀਰ ਡੂਬਹਿਗੋ ਰੇ ਬਾਪੁਰੇ ਬਹੁ ਲੋਗਨ ਕੀ ਕਾਨਿ ॥**
**ਪਾਰੋਸੀ ਕੇ ਜੋ ਹੂਆ ਤੂ ਅਪਨੇ ਭੀ ਜਾਨੁ ॥ ੧੬੭ ॥**

ਕਬੀਰ ਹੇ ਵਿਚਾਰਿਓ ਤੁਸੀਂ ਬਹੁਤ ਲੋਕਾਂ ਦੀ ਕਨੌੜ ਕਰਦੇ ਹੋਏ ਡੁਬ ਜਾਵੋਂਗੇ, ਤੇਰੇ ਗਵਾਂਢੀ ਦੇ ਜੋ ਕੁਝ ਹੋਇਆ ਹੈ ਤੂੰ ਜਾਣ ਕਿ ਉਹ ਮੇਰੇ ਘਰ ਵੀ ਇਕ ਦਿਨ ਹੋਵੇਗਾ ॥

**ਕਬੀਰ ਭਲੀ ਮਧੂਕਰੀ ਨਾਨਾ ਬਿਧਿ ਕੋ ਨਾਜੁ ॥**
**ਦਾਵਾ ਕਾਹੂ ਕੋ ਨਹੀ ਬਡਾ ਦੇਸੁ ਬਡ ਰਾਜੁ ॥ ੧੬੮ ॥**

ਕਬੀਰ ਮਧੂਕੜੀ ਭਲੀ ਹੈ ਜਿਸ ਵਿਚ ਨਾਨਾ ਤਰਾਂ ਦਾ ਅੰਨ ਹੈ, ਅਤੇ ਨਾ ਕਿਸੇ ਦਾ ਦਾਵਾ ਹੈ, ਵੱਡਾ ਦੇਸ ਅਤੇ ਵੱਡਾ ਰਾਜ ਹੈ।

**ਕਬੀਰ ਦਾਵੈ ਦਾਝਨੁ ਹੋਤੁ ਹੈ ਨਿਰਦਾਵੈ ਰਹੈ ਨਿਸੰਕ ॥**
**ਜੋ ਜਨੁ ਨਿਰਦਾਵੈ ਰਹੈ ਸੋ ਗਨੈ ਇੰਦ੍ਰ ਸੋ ਰੰਕ ॥ ੧੬੯ ॥**

ਕਬੀਰ ਦਾਵੇ ਕਰਕੇ ਸੜਨਾ ਹੁੰਦਾ ਹੈ ਅਤੇ ਨਿਰਦਾਵੇ ਵਾਲਾ ਨਿਰਸੰਕ ਰਹਿੰਦਾ ਹੈ, ਜੇਹੜਾ ਆਦਮੀ ਨਿਰਦਾਵੇ ਰਹਿੰਦਾ ਹੈ ਓਹ ਇੰਦ ਨੂੰ ਵੀ ਕੰਗਾਲ ਸਮਝਦਾ ਹੈ ॥

**ਕਬੀਰ ਪਾਲਿ ਸਮੁਹਾ ਸਰਵਰੁ ਭਰਾ ਪੀ ਨ ਸਕੈ ਕੋਈ ਨੀਰੁ ॥**
**ਭਾਗ ਬਡੇ ਤੈ ਪਾਇਓ ਤੂ ਭਰਿ ਭਰਿ ਪੀਉ ਕਬੀਰ ॥ ੧੭੦ ॥**

ਕਬੀਰ ਸਤਸੰਗ ਰੂਪ ਸਰੋਵਰ ਹੱਛੀਆਂ ਵੱਟਾਂ ( ਮਰਯਾਦਾ ) ਵਾਲਾ ਨਾਮ ਰੂਪ ਜਲ ਕਰਕੇ ਮੂੰਹੋਂ ਮੂੰਹ ਭਰਿਆ ਹੈ, ਹਾਇ ਅਫਸੋਸ ਕੋਈ ਓਥੋਂ

ਪਾਣੀ ਪੀ ਨਹੀਂ ਸਕਦਾ, ਮੈਂ ਵਡੇ ਭਾਗਾਂ ਕਰਕੇ ਪਾਇਆ ਹੈ ਹ ਕਬੀਰ ਤੂੰ ਬੁੱਕ ਭਰ ਭਰਕੇ ਪੀ।

**ਕਬੀਰ ਪਰਭਾਤੇ ਤਾਰੇ ਖਿਸਹਿ ਤਿਉ ਇਹੁ ਖਿਸੈ ਸਰੀਰ ॥**
**ਏ ਦੁਇ ਅਖਰ ਨਾ ਖਿਸਹਿ ਸੋ ਗਹਿ ਰਹਿਓ ਕਬੀਰੁ ॥ ੧੭੧॥**

ਕਬੀਰ ਜਿੱਕੁਰ ਸਵੇਰੇ ਤਾਰੇ ਦੂਰ ਹੋ ਜਾਂਦੇ ਹਨ ਇੱਕੁਰ ਏਹ ਸਰੀਰ ਨਾਸ ਹੁੰਦਾ ਜਾਂਦਾ ਹੈ ਵਾ ਹੋ ਜਾਵੇਗਾ ਪਰ ਏਹ ਦੋ ਅੱਖਰ (ਰਾਮ ਨਾਮ) ਨਹੀਂ ਜਾਣਗੇ ਤਿਨ੍ਹਾਂ ਨੂੰ ਕਬੀਰ ਫੜਕੇ ਖੜੋ ਰਿਹਾ ਹੈ।

**ਕਬੀਰ ਕੋਠੀ ਕਾਠ ਕੀ ਦਹਦਿਸਿ ਲਾਗੀ ਆਗਿ ॥**
**ਪੰਡਿਤ ਪੰਡਿਤ ਜਲਿ ਮੂਏ ਮੂਰਖ ਉਬਰੇ ਭਾਗਿ ॥ ੧੭੨ ॥**

ਕਬੀਰ ਏਹ ਦੇਹ ਰੂਪ ਕੋਠੀ ਕਾਠ ਦੀ ਹੈ ਇਸਨੂੰ ਦਸਾਂ ਹੀ ਦਿਸ਼ਾਂ ਵਲੋਂ ਕਾਲ ਰੂਪ ਅਗਨੀ ਲੱਗੀ ਹੋਈ ਹੈ ਵਾ ਲਗ ਰਹੀ ਹੈ, ਪੰਡਤ ਪੰਡਤ ਤਾਂ ਸੜ ਮਰੇ ਅਤੇ ਮੂਰਖ ਦੌੜਕੇ ਬਚ ਗਏ।

**ਕਬੀਰ ਸੰਸਾ ਦੂਰਿ ਕਰੁ ਕਾਗਦ ਦੇਹ ਬਿਹਾਇ ॥**
**ਬਾਵਨ ਅਖਰ ਸੋਧਿਕੈ ਹਰਿ ਚਰਨੀ ਚਿਤੁ ਲਾਇ ॥ ੧੭੩ ॥**

ਬਿਹਾਇ = ਰੋੜ੍ਹ।

ਕਬੀਰ ਸੰਸਾ ਦੂਰ ਕਰ ਅਤੇ ਕਾਗਦ ਰੋੜ੍ਹ ਦੇ ਬਵਿੰਜਾ ਅੱਖਰ ਸੋਧਕ ਵਾਹਿਗੁਰੂ ਦੇ ਚਰਨੀ ਚਿਤ ਲਾ ਰੱਖ।

**ਕਬੀਰ ਸੰਤੁ ਨ ਛਾਡੈ ਸੰਤਈ ਜਉ ਕੋਟਿਕ ਮਿਲਹਿ**
**ਅਸੰਤ ॥ ਮਲਿਆਗਰੁ ਭੁਯੰਗਮ ਬੇਢਿਓ**
**ਤ ਸੀਤਲਤਾ ਨ ਤਜੰਤ ॥ ੧੭੪ ॥**

ਭੁਯੰਗਮ = ਸੱਪ।

ਕਬੀਰ ਸੰਤ ਸੰਤਤਾਈ ਨੂੰ ਨਹੀਂ ਛੱਡ ਦੇ ਜੇ ਭਾਵੇਂ ਕ੍ਰੋੜਾਂ ਹੀ ਅਸੰਤ ਮਿਲ ਜਾਣ, ਜਿੱਕੁਰ ਸਪਾਂ ਨੇ ਚੰਦਨ ਦਾ ਬੂਟਾ ਢਕਿਆ ਹੁੰਦਾ ਹੈ ਪਰ ਫਿਰ ਸੀਤਲਤਾ ਨਹੀਂ ਛੱਡਦਾ ॥

**ਕਬੀਰ ਮਨੁ ਸੀਤਲੁ ਭਇਆ ਪਾਇਆ ਬ੍ਰਹਮ ਗਿਆਨੁ ॥**
**ਜਿਨਿ ਜੁਆਲਾ ਜਗੁ ਜਾਰਿਆ**
**ਸੁ ਜਨ ਕੇ ਉਦਕ ਸਮਾਨਿ ॥ ੧੭੫॥**

ਕਬੀਰ ਬ੍ਰਹਮ ਗਿਆਨ ਪਾਇਆ ਤਾਂ ਮਨ ਸੀਤਲ ਹੋਗਿਆ, ਜਿਸ ਮਾਇਆ ਰੂਪ ਅਗਨੀ ਨੇ ਸਾਰੇ ਜਗਤ ਨੂੰ ਸਾੜਿਆ ਹੈ ਦਾਸ ਦੇ ਪਾਣੀ ਸਮਾਨ ਹੈ।

**ਕਬੀਰ ਸਾਰੀ ਸਿਰਜਨਹਾਰ ਕੀ ਜਾਨੈ ਨਾਹੀ ਕੋਇ ॥**
**ਕੈ ਜਾਨੈ ਆਪਨ ਧਨੀ ਕੈ ਦਾਸੁ ਦੀਵਾਨੀ ਹੋਇ ॥੧੭੬॥**

ਕਬੀਰ ਏਹ ਸ੍ਰਿਸ਼ਟੀ ਰੂਪ ਬਗੀਚੀ ਸਿਰਜਨ ਹਾਰ ਦੀ ਰਚੀ ਹੋਈ ਹੈ ਤਿਸਦੇ ਭੇਦ ਨੂੰ ਹੋਰ ਕੋਈ ਨਹੀਂ ਜਾਣਦਾ, ਯਾ ਤੇ ਆਪ ਵਾਹਿਗੁਰੂ ਜਾਣਦਾ ਹੈ ਯਾ ਉਸ ਦੇ ਦੀਵਾਨ ਦਾ ਦਾਸ ਮੁਨਸ਼ੀ ਜਾਣਦਾ ਹੈ।

**ਕਬੀਰ ਭਲੀ ਭਈ ਜੋ ਭਉ ਪਰਿਆ ਦਿਸਾ ਗਈ ਸਭ ਭੂਲਿ ॥**
**ਓਰਾ ਗਰਿ ਪਾਨੀ ਭਇਆ**
**ਜਾਇ ਮਿਲਿਓ ਢਲਿ ਕੂਲਿ ॥ ੧੭੭ ॥**

ਕੂਲ = ਕਿਨਾਰਾ।

ਕਬੀਰ ਭਲੀ ਹੋਈ ਜੋ ਵਾਹਿਗੁਰੂ ਦਾ ਭੌ ਪਿਆ ਅਤੇ ਸੰਸਾਰ ਦੀ ਦਿਸ਼ਾ ਸਭ ਭੁੱਲ ਗਈ ਹੈ, ਗਲਾ ਗਲਕੇ ਪਾਣੀ ਹੋ ਗਿਆ ਅਤੇ ਢਲਕੇ ਸਮੁੰਦ੍ਰ ਆਦਿਕ ਦੇ ਕਿਨਾਰੇ ਨਾਲ ਜਾ ਮਿਲਿਆ॥

**ਕਬੀਰਾ ਧੂਰਿ ਸਕੇਲਿ ਕੈ ਪੁਰੀਆ ਬਾਂਧੀ ਦੇਹ ॥**
**ਦਿਵਸ ਚਾਰਿ ਕੋ ਪੇਖਨਾ ਅੰਤਿ ਖੇਹ ਕੀ ਖੇਹ ॥ ੧੭੮ ॥**

ਪੁਰੀਆ = ਪੁਰੀ ਵ ਪੂਰੇ ਨੇ, ਵਾ ਪੁਤਲੀ।

ਕਬੀਰ ਪ੍ਰਮਾਤਮਾਂ ਰੂਪ ਘੁਮਿਆਰ ਨੇ ਪੰਜ ਤੱਤ ਰੂਪ ਧੂੜ ਕੱਠੀ ਕਰਕੇ ਦੇਹ ਰੂਪ ਪੁਤਲੀ (ਬੰਨੀ) ਬਣਾਈ ਹੈ ਏਹ ਚਾਰ ਦਿਨ ਦਾ ਵੇਖਣ ਵਾਸਤੇ ਖਡੌਣਾ ਹੈ ਅੰਤ ਨੂੰ ਖੇਹ ਦੀ ਖੇਹ ਹੈ।

**ਕਬੀਰ ਸੂਰਜ ਚਾਂਦ ਕੈ ਉਦੈ ਭਈ ਸਭ ਦੇਹ ॥**
**ਗੁਰ ਗੋਬਿੰਦ ਕੇ ਬਿਨੁ ਮਿਲੇ ਪਲਟਿ ਭਈ ਸਭ ਖੇਹ ॥ ੧੭੯ ॥**

ਜਿੱਕੁਰ ਸੂਰਜ ਚੰਦਮਾਂ ਦਾ ਚੜ੍ਹਨਾ ਚਾਰ ਪਹਿਰ ਦੇ ਵਿੱਚ ਹੀ ਹੋ ਜਾਂਦਾ ਹੈ ਵਾ ਸੂਰਜ ਚੰਦ੍ਰਮਾਂ ਦੇ ਚੜ੍ਹਨ ਦੇ ਵਿੱਚ ਹੀ ਸਾਰੀਆਂ ਦੇਹਾਂ ਹੋਈਆਂ ਹਨ ਗੁਰੂ ਗੋਬਿੰਦ ਦੇ ਮਿਲਨ ਤੋਂ ਬਿਨਾਂ ਫਿਰ ਮੁੜਕੇ ਖੇਹ ਵਾਂਙੂ ਹੀ ਸਾਰੀਆਂ ਹੋ ਗਈਆਂ।

**ਜਹ ਅਨ ਭਉ ਤਹ ਭੈ ਨਹੀ ਜਹ ਭਉ ਤਹ ਹਰਿ ਨਾਹਿ ॥**

**ਕਹਿਓ ਕਬੀਰ ਬਿਚਾਰਿਕੈ ਸੰਤ ਸੁਨਹੁ ਮਨ ਮਾਹਿ ॥ ੧੯੦ ॥**

ਜਿਥੇ ਅਨ ਭੈ ਹਰੀ ਦਾ ਗਿਆਨ ਹੈ ਓਥੇ ਡਰ ਨਹੀਂ ਅਤੇ ਜਿਸਦੇ ਰਿਦੇ ਵਿੱਚ ਡਰ ਨਹੀਂ ਓਥੇ ਹਰੀ ਕਿਥੇ ? ਭਾਵ ਨਹੀਂ, ਕਬੀਰ ਨੇ ਵਿਚਾਰਕੇ ਕਿਹਾ ਹੈ ਹੇ ਸੰਤੋ ਮਨ (ਵਿਚਾਰਕੇ) ਵਿਚ ਸੁਨੋਂ ।

**ਕਬੀਰ ਜਿਨਹੁ ਕਿਛੂ ਜਾਨਿਆ ਨਹੀ ਤਿਨ ਸੁਖ ਨੀਦ ਬਿਹਾਇ ॥ ਹਮਹੁ ਜੁ ਬੂਝਾ ਬੂਝਨਾ ਪੂਰੀ ਪਰੀ ਬਲਾਇ ॥ ੧੯੧ ॥**

ਕਬੀਰ ਜਿਨ੍ਹਾਂ ਪੁਰਖਾਂ ਨੇ ਕੁਝ ਨਹੀਂ ਜਾਣਿਆਂ ਤਿਨਾਂ ਨੂੰ ਸੁਖੀ ਨੀਂਦ ਵਿਚ ਸਮਾਂ ਬੀਤਦਾ ਹੈ, ਅਤੇ ਅਸਾਂ ਜੇਹੜਾ ਗੁਰਾਂ ਪਾਸੋਂ ਕੁਝ ਪੁਛਿਆ ਹੈ ਓਹ ਸਾਨੂੰ ਪੂਰੀ ਬਲਾ ਪੈਗਈ ਹੈ ਭਾਵ ਮੂਰਖ ਜੇਹੜੇ ਵਾਹਿਗੁਰੂ ਨੂੰ ਨਹੀਂ ਜਾਣਦੇ ਓਹ ਤਾਂ ਸੁਖੀ ਰਹਿੰਦੇ ਹਨ ਪਰ ਅਸੀਂ ਹੁਣ ਪੁਛ ਬੈਠੇ ਹਾਂ ਗੁਰਾਂ ਪਾਸੋਂ ਕਿ ਵਾਹਿਗੁਰੂ ਹੈ ਇਸ ਲਈ ਸਾਨੂੰ ਕੋਸ਼ਸ਼ ਲਗੀ ਹੋਈ ਹੈ ।

**ਕਬੀਰ ਮਾਰੇ ਬਹੁਤੁ ਪੁਕਾਰਿਆ ਪੀਰ ਪੁਕਾਰੈ ਅਉਰੁ ।**
**ਲਾਗੀ ਚੋਟ ਮਿਰੰਮ ਕੀ ਰਹਿਓ ਕਬੀਰਾ ਠਉਰੁ ॥ ੧੯੨ ॥**

ਮਿਰੰਮ = ਭੇਦ ॥

ਕਬੀਰ ਮਾਰਿਆ ਹੋਇਆ (ਕਿਸੇ ਸ਼ਸਤ੍ਰ ਆਦਿਕ ਦਾ) ਬਹੁਤ ਪੁਕਾਰਦਾ ਹੈ ਅਤੇ ਜਦ ਸੱਟ ਠੰਢੀ ਹੋ ਜਾਂਦੀ ਹੈ ਤਾਂ ਪੀੜ ਕਰਕੇ ਹੋਰ ਰੋਂਦਾ ਹੈ, ਮੈਨੂੰ ਸਟ ਵਾਹਿਗੁਰੂ ਦੇ ਭੇਦ ਦੀ ਲਗੀ ਹੈ ਸੋ ਕਬੀਰ ਓਸੇ ਜਗਾ ਹੀ ਡਿਗ ਪਿਆ ।

**ਕਬੀਰ ਚੋਟ ਸੁਹੇਲੀ ਸੇਲ ਕੀ ਲਾਗਤ ਲੇਇ ਉਸਾਸ ॥**
**ਚੋਟ ਸਹਾਰੈ ਸਬਦ ਕੀ ਤਾਸੁ ਗੁਰੂ ਮੈ ਦਾਸ ॥ ੧੯੩ ॥**

ਸੇਲ = ਬਰਛਾ । ਸੁਹੇਲ = ਸੌਖੀ ।

ਕਬੀਰ ਇਸ ਬਰਛੇ ਦੀ ਚੋਟ ਸੌਖੀ ਹੈ ਕਿ ਲਗਦਿਆਂ ਹੀ ਸਾਸ ਲੈ ਲੈਂਦੀ ਹੈ, ਪਰ ਜੇਹੜਾ ਗੁਰਾਂ ਦੇ ਸ਼ਬਦ ਦੀ ਸੱਟ ਸਹਾਰੇ ਓਹ ਮੇਰਾ ਗੁਰੂ ਹੈ ਅਤੇ ਮੈਂ ਉਸਦਾ ਦਾਸ ਹਾਂ ॥

**ਕਬੀਰ ਮੁਲਾਂ ਮੁਨਾਰੇ ਕਿਆ ਚਢਹਿ ਸਾਂਈ ਨ ਬਹਰਾ ਹੋਇ ॥**
**ਜਾ ਕਾਰਨਿ ਤੂੰ ਬਾਂਗ ਦੇਹਿ ਦਿਲ ਹੀ ਭੀਤਰਿ ਜੋਇ ॥ ੧੯੪ ॥**

ਕਬੀਰ ਹੇ ਮੁਲਾਂ ਤੂੰ ਮੁਨਾਰੇ ਤੇ ਕਿਆ ਚੜ੍ਹਦਾ ਹੈਂ ਸਾਂਈ ਕੁਝ ਬੋਲਾ ਤਾਂ ਨਹੀਂ ਜਿਸ ਵਾਸਤੇ ਤੂੰ ਬਾਂਗ ਦੇਂਦਾ ਹੈਂ ਉਸ ਨੂੰ ਤੂੰ ਆਪਣੇ ਦਿਲ ਵਿਚ

ਹੀ ਵੇਖ ਭਾਵ ਓਹ ਤੇਰੇ ਅੰਦਰ ਹੀ ਹੈ।

**ਸੇਖ ਸਬੂਰੀ ਬਾਹਰਾ ਕਿਆ ਹਜ ਕਾਬੇ ਜਾਇ ॥**
**ਕਬੀਰ ਜਾ ਕੀ ਦਿਲ ਸਾਬਤਿ ਨਹੀ**
**ਤਾ ਕਉ ਕਹਾਂ ਖੁਦਾਇ ॥ ੧੮੫ ॥**

ਸੇਖ ਸੰਤੋਖ ਤੋਂ ਬਿਨਾਂ ਹੈ ਅਤੇ ਕਾਬੇ ਹੱਜ ਕਰਨ ਕੀ ਜਾਂਦਾ ਹੈ ਕਬੀਰ ਜਿਸਦਾ ਦਿਲ ਸਾਬਤ ਨਹੀਂ ਤਿਸ ਨੂੰ ਖੁਦਾ ਕਿੱਥੇ।

**ਕਬੀਰ ਅਲਹ ਕੀ ਕਰਿ ਬੰਦਗੀ ਜਿਹ ਸਿਮਰਤ ਦੁਖੁ ਜਾਇ ॥**
**ਦਿਲ ਮਹਿ ਸਾਂਈ ਪਰਗਟੈ ਬੁਝੈ ਬਲੰਤੀ ਨਾਇ ॥ ੧੮੬ ॥**

ਕਬੀਰ ਅਲਾ ਦੀ ਬੰਦਗੀ ਕਰ ਜਿਸਦੇ ਸਿਮਰਦਿਆਂ ਦੁਖ ਜਾਂਦਾ ਹੈ, ਦਿਲ ਦੇ ਵਿੱਚ ਹੀ ਸਾਂਈ ਪਰਗਟ ਹੋਵੇਗਾ ਅਤੇ ਤ੍ਰਿਸ਼ਨਾ ਰੂਪ ਅਗਨੀ ਬਲਦੀ ਨਾਮ ਕਰਕੇ ਬੁਝ ਜਾਵੇਗੀ।

**ਕਬੀਰ ਜੋਰੀ ਕੀਏ ਜੁਲਮੁ ਹੈ ਕਹਤਾ ਨਾਉ ਹਲਾਲੁ ॥**
**ਦਫਤਰਿ ਲੇਖਾ ਮਾਂਗੀਐ ਤਬ ਹੋਇਗੋ ਕਉਨੁ ਹਵਾਲੁ ॥ ੧੮੭ ॥**

ਕਬੀਰ ਜ਼ਬਰਦਸਤੀ ਕਰਨੀ ਜ਼ੁਲਮ ਹੈ (ਭਾਵ ਜੋਰ ਨਾਲ ਬਕਰੇ ਆਦਿਕ ਨੂੰ ਮਾਰਨਾਂ ਜ਼ੁਲਮ ਹੈ) ਅਤੇ ਉਸਨੂੰ ਹਲਾਲ ਆਖਦਾ ਹੈਂ ਜਦ ਵਾਹਿਗੁਰੂ ਦੇ ਦਫਤਰ ਤੇਰੇ ਪਾਸੋਂ ਲੇਖਾ ਮੰਗਿਆ ਜਾਵੇਗਾ ਤਦੋਂ ਤੇਰਾ ਕੌਣ ਹਵਾਲ ਹੋਵੇਗਾ ॥

**ਕਬੀਰ ਖੂਬੁ ਖਾਨਾ ਖੀਚਰੀ ਜਾ ਮਹਿ ਅੰਮ੍ਰਿਤੁ ਲੋਨੁ ॥**
**ਹੇਰਾ ਰੋਟੀ ਕਾਰਨੇ ਗਲਾ ਕਟਾਵੈ ਕਉਨੁ ॥ ੧੮੮ ॥**

ਹੇਰਾ = ਸ਼ਿਕਾਰ ॥

ਕਬੀਰ ਖੂਬ ਖਾਣਾ ਖਿਚੜੀ ਜਿਸ ਵਿੱਚ ਅੰਮ੍ਰਿਤ ਲੂਣ ਹੈ, ਸ਼ਿਕਾਰ ਵਿੱਚ ਰੋਟੀ ਵਾਸਤੇ ਜੀਵਾਂ ਨੂੰ ਮਾਰਨਾਂ ਅਤੇ ਇਸ ਵਾਸਤੇ ਫਿਰ ਆਪਣਾ ਗਲਾ ਕਟੌਣਾ ਏਹ ਦੁਖ ਕੌਣ ਸਹਾਰੇ ॥

**ਕਬੀਰ ਗੁਰੁ ਲਾਗਾ ਤਬ ਜਾਨੀਐ ਮਿਟੈ ਮੋਹੁ ਤਨ ਤਾਪ ॥**
**ਹਰਖ ਸੋਗ ਦਾਝੈ ਨਹੀ ਤਬ ਹਰਿ ਆਪਹਿ ਆਪ ॥ ੧੮੯ ॥**

ਕਬੀਰ ਜੀ ਗੁਰਾਂ ਦਾ ਉਪਦੇਸ਼ ਜੀਵ ਨੂੰ ਤਦ ਲਗਾ ਹੋਇਆ ਜਾਣਿਆਂ ਜਾਂਦਾ ਹੈ ਜਦ ਤਨ ਉਤੋਂ ਮੋਹ ਦਾ ਤਾਪ ਮਿਟ ਜਾਵੇ ਭਾਵ ਮਨ ਠੰਢਾ ਹੋ ਜਾਵੇ ਹਰਖ ਸ਼ੋਕ ਸਾੜੇ ਨਾ ਤਦ ਜਾਣ ਲੈ ਕਿ ਹਰੀ ਹੀ ਆਪੇ ਆਪ ਹੈ ਭਾਵ ਓਹ ਹਰੀ

ਦਾ ਰੂਪ ਹੈ ॥

**ਕਬੀਰ ਰਾਮ ਕਹਨ ਮਹਿ ਭੇਦੁ ਹੈ ਤਾ ਮਹਿ ਏਕੁ ਬਿਚਾਰੁ ॥ ਸੋਈ ਰਾਮੁ ਸਭੈ ਕਹਹਿ ਸੋਈ ਕਉਤਕ ਹਾਰ ॥ ੧੯੦ ॥**

ਕਬੀਰ ਰਾਮ ਕਹਿਣ ਦੇ ਵਿੱਚ ਬਹੁਤ ਭੇਦ ਹੈ, ਕੀ ਭੇਦ ਹੈ ? ਤਿਸ ਵਿੱਚ ਇਕ ਵਿਚਾਰ ਹੈ ਸੋਈ ਰਾਮ ਸਾਰੇ ਲੋਕੀ ਆਖਦੇ ਹਨ ਅਤੇ ਸੋਈ ਕੌਤਕ ਕਰਨ ਵਾਲਾ ਹੈ। ਭਾਵ ਸਾਰੇ ਜਗਤ ਦੀ ਉਤਪਤ ਕਰਨ ਵਾਲਾ ਹੈ।

**ਕਬੀਰ* ਰਾਮੈ ਰਾਮ ਕਹੁ ਕਹਿਬੇ ਮਾਹਿ ਬਿਬੇਕ ॥ ਏਕੁ ਅਨੇਕਹਿ ਮਿਲਿ ਗਇਆ ਏਕ ਸਮਾਨਾ ਏਕ ॥ ੧੯੧ ॥**

ਕਬੀਰ ਰਾਮ ਰਾਮ ਕਹੁ ਪਰ ਕਹਿਣ ਵਿੱਚ ਬਹੁਤ ਵਿਚਾਰ ਹੈ, ਇਕ ਤਾਂ ਅਨੇਕ ਜੂਨਾਂ ਵਿੱਚ ਮਿਲ ਗਿਆ ਹੈ ਅਤੇ ਇਕ ਇਕ ਵਿਚ ਸਮਾ ਗਿਆ ਹੈ ॥

**ਕਬੀਰ ਜਾ ਘਰ ਸਾਧ ਨ ਸੇਵੀਅਹਿ ਹਰਿ ਕੀ ਸੇਵਾ ਨਾਹਿ ॥ ਤੇ ਘਰ ਮਰਹਟ ਸਾਰਖੇ ਭੂਤ ਬਸਹਿ ਤਿਨ ਮਾਹਿ ॥ ੧੯੨ ॥**

ਕਬੀਰ ਜਿਸ ਘਰ ਵਿੱਚ ਸਾਧਾਂ ਦੀ ਸੇਵਾ ਨਹੀਂ ਅਤੇ ਨਾ ਹੀ ਹਰੀ ਦੀ ਸੇਵਾ ਹੈ। ਓਹ ਘਰ ਮਸਾਣ ਭੂਮਿਕਾ ਵਤ ਹਨ ਅਤੇ ਓਹ ਜੇਹੜੇ ਜੀਵ ਉਨ੍ਹਾਂ ਵਿੱਚ ਰਹਿੰਦੇ ਹਨ ਓਹ ਮਾਨੋਂ ਭੁਤਨੇ ਵਸਦੇ ਹਨ ॥

**ਕਬੀਰ ਗੂੰਗਾ ਹੂਆ ਬਾਵਰਾ ਬਹਰਾ ਹੂਆ ਕਾਨ ॥ ਪਾਵਹੁ ਤੇ ਪਿੰਗਲ ਭਇਆ ਮਾਰਿਆ ਸਤਿਗੁਰ ਬਾਨ ॥ ੧੯੩ ॥**

ਕਬੀਰ ਮੈਂ ਗੂੰਗਾ ਹੋਗਿਆ ਹਾਂ ਅਤੇ ਬੋਹਰਾ ਕੰਨਾਂ ਤੋਂ ਬੋਲਾ ਹੋਗਿਆ ਹਾਂ, ਪੈਰਾਂ ਤੋਂ ਪਿੰਗਲਾ ਹੋਗਿਆ ਹਾਂ ਜਦ ਸਤਿਗੁਰਾਂ ਪੂਰਿਆਂ ਨੇ ਉਪਦੇਸ਼ ਰੂਪ ਬਾਣ ਮਾਰਿਆ ਭਾਵ ਫਿਰ ਮੈਂ ਉਸਤਤ ਨਿੰਦਿਆ ਕਰਨੀ ਛੱਡ ਦਿਤੀ।

**ਕਬੀਰ ਸਤਿਗੁਰ ਸੂਰਮੇ ਬਾਹਿਆ ਬਾਨੁ ਜੁ ਏਕੁ ॥ ਲਾਗਤ ਹੀ ਭੁਇ ਗਿਰਿ ਪਰਿਆ ਪਰਾ ਕਰੇਜੇ ਛੇਕੁ ॥ ੧੯੪ ॥**

---

*ਇਨ੍ਹਾਂ ਦੋਹਾਂ ਸਲੋਕਾਂ ਤੋਂ ਸਿਧ ਹੋ ਗਿਆ ਹੈ ਕਿ ਭਗਤ ਜੀ ਉਸ ਰਾਮ ਦੇ ਉਪਾਸ਼ਕ ਸਨ ਜਿਸਨੇ ਪਰਸਰਾਮ, ਰਾਮਚੰਦਰ, ਬਲਭਦ੍ਰ ਆਦਿਕਾਂ ਨੂੰ ਕੀਤਾ ਹੈ ਕਿਉਂਕਿ ਸਾਫ ਹੀ ਪਿਆ ਹੋਇਆ ਹੈ ਕਿ ਇਕ ਤਾਂ ਜੀਵ ਉਨ੍ਹਾਂ ਨੂੰ ਜਪਕੇ ਚੁਰਾਸੀ ਨਾਲ ਮਿਲ ਗਏ ਅਤੇ ਇਕ ਵਾਹਿਗੁਰੂ ਨਾਲ।

ਦੇਖੋ ਏਸੇ ਪੁਸਤਕ ਦੇ ੨੦੮–੨੩੫–੩੧੮–੩੪੪ ਸਫੇ ਦਾ ਫੁਟ ਨੋਟ ॥

ਕਬੀਰ ਸਤਿਗੁਰਾਂ ਸੂਰਮਿਆਂ ਨੇ ਮੈਨੂੰ ਉਪਦੇਸ਼ ਰੂਪ ਜਦ ਇਕ ਬਾਣ ਮਾਰਿਆ ਤਾਂ ਮੈਂ ਲਗਦਿਆਂ ਹੀ ਧਰਤੀ ਉਤੇ ਡਿਗ ਪਿਆ ਅਤੇ ਮੇਰੇ ਕਲੇਜੇ ਵਿਚ ਛੇਕ ਪੈ ਗਿਆ।

**ਕਬੀਰ ਨਿਰਮਲ ਬੂੰਦ ਅਕਾਸ ਕੀ ਪਰਿਗਈ ਭੂਮਿ ਬਿਕਾਰ ॥**
**ਬਿਨੁ ਸੰਗਤਿ ਇਉ ਮਾਨਈ ਹੋਇ ਗਈ ਭਠ ਛਾਰ ॥ ੧੯੫ ॥**

ਕਬੀਰ ਅਕਾਸ਼ ਵਿਚੋਂ ਗੁਰੂ ਰੂਪ ਮੇਘ ਦੀ ਉਪਦੇਸ਼ ਰੂਪ ਨਿਰਮਲ ਬੂੰਦ ਅਸੁਧ ਰਿਦੇ ਰੂਪ ਵਿਕਾਰ ਭੂਮੀ ਵਿਚ ਪੈ ਗਈ ਬਿਨਾਂ ਸੰਗਤ ਤੋਂ ਇੱਕਰ ਮੰਨੀ ਹੈ, ਭਾਵ ਜਿਹੜਾ ਭੱਠ ਵਿਚ ਪੈਂਦਿਆਂ ਕੁਝ ਵਸਤੂ ਸੜ ਜਾਂਦੀ ਹੈ ਭਾਵ ਓਹੁ ਭਠ ਛਾਰ ਹੀ ਹੋ ਗਈ।

**ਕਬੀਰ ਨਿਰਮਲ ਬੂੰਦ ਅਕਾਸ ਕੀ ਲੀਨੀ ਭੂਮਿ ਮਿਲਾਇ ॥**
**ਅਨਿਕ ਸਆਨੇ ਪਚਿ ਗਏ ਨਾ ਨਿਰਵਾਰੀ ਜਾਇ ॥ ੧੯੬ ॥**

ਕਬੀਰ ਨਿਰਮਲ ਬੂੰਦ ਅਕਾਸ ਦੀ ਸੁੱਧ ਰਿਦੇ ਰੂਪ ਜਗਯਾਸੂ ਨੇ ਧਰਤੀ ਵਿਚ ਮਿਲਾਇ ਲਈ ਉਸਦੇ ਦੂਰ ਕਰਨ ਵਾਸਤੇ ਭਾਵ ਵਿਘਨ ਪੌਣ ਵਾਸਤੇ ਅਨੇਕ ਸਿਆਣੇ ਖਪ ਗਏ ਪਰ ਓਹੁ ਨਿਰਵਾਰੀ ਨਹੀਂ ਜਾਂਦੀ।

**ਕਬੀਰ ਹਜ ਕਾਬੇ ਹਉ ਜਾਇਥਾ ਆਗੈ ਮਿਲਿਆ**
**ਖੁਦਾਇ ॥ ਸਾਂਈ ਮੁਝ ਸਿਉ ਲਰਿ ਪਰਿਆ**
**ਤੁਝੈ ਕਿਨਿ ਫੁਰਮਾਈ ਗਾਇ ॥ ੧੯੭ ॥**

ਕਬੀਰ ਮੈਂ ਕਾਬੇ ਹੱਜ ਕਰਨ ਵਾਸਤੇ ਤੁਰਿਆ ਜਾਂਦਾ ਸੀ ਅਗੋਂ ਮੈਨੂੰ ਰਾਹ ਵਿਚ ਹੀ ਖੁਦਾ ਮਿਲ ਪਿਆ, ਸਾਂਈ ਮੇਰੇ ਨਾਲ ਲੜ ਪਿਆ ਕਿ ਤੈਨੂੰ ਏਹ ਬਾਤ ਕਿਸਨੇ ਸੁਣਾਈ ਹੈ ਕਿ ਖੁਦਾ ਮੱਕੇ ਵਿਚ ਰਹਿੰਦਾ ਹੈ ?

**ਕਬੀਰ ਹਜ ਕਾਬੇ ਹੋਇ ਹੋਇ ਗਇਆ ਕੇਤੀ ਬਾਰ ਕਬੀਰ ॥**
**ਸਾਂਈ ਮੁਝ ਮਹਿ ਕਿਆ ਖਤਾ ਮੁਖਹੁ ਨ ਬੋਲੈ ਪੀਰ ॥ ੧੯੮ ॥**

ਕਬੀਰ ਮੈਂ ਕਿੰਨੀ ਹੀ ਵਾਰੀ ਹਜ ਕਾਬੇ ਹੋ ਹੋ ਗਿਆ ਹਾਂ। ਭਾਵ ਮੈਂ ਕਿੰਨੀ ਹੀਹੀ ਵਾਰੀ ਕਾਬੇ ਹੋ ਹੋ ਗਿਆ ਹਾਂ ਹੇ ਸਾਂਈ ਮੇਰੇ ਵਿਚ ਕੀ ਖਤਾ ਹੈ ਜੋ ਤੁਸੀ ਮੇਰੇ ਨਾਲ ਮੂੰਹੋਂ ਨਹੀਂ ਬੋਲਦੇ (ਉਪਰਲੇ ਸਲੋਕ ਵਿਚ ਇਸਦਾ ਜਬਾਬ ਆ ਗਿਆ ਹੈ)।

**ਕਬੀਰ ਜੀਅ ਜੁ ਮਾਰਹਿ ਜੋਰ ਕਰਿ ਕਹਤੇ ਹਹਿ ਜੁ ਹਲਾਲੁ ॥**
**ਦਫਤਰ ਦਈ ਜਬ ਕਾਢਹੈ ਹੋਇਗਾ ਕਉਨ ਹਵਾਲੁ ॥ ੧੯੯॥**

ਕਬੀਰ ਜੇਹੜੇ ਜੋਰ ਕਰਕੇ ਜੀਅ ਮਾਰਦੇ ਹਨ ਅਤੇ ਉਸਦਾ ਨਾਮ ਹਲਾਲ ਕਹਿੰਦੇ ਹਨ ਜਦ ਪ੍ਰਮਾਤਮਾਂ ਦਫਤਰ ਕੱਢੇਗਾ ਭਾਵ ਲੇਖਾ ਕਰੇਗਾ ਤਦ ਤੁਹਾਡਾ ਕੀ ਹਵਾਲ ਹੋਵੇਗਾ ?

**ਕਬੀਰ ਜੋਰੁ ਕੀਆ ਸੋ ਜੁਲਮੁ ਹੈ ਲੇਇ ਜਬਾਬੁ ਖੁਦਾਇ ॥**
**ਦਫਤਰ ਲੇਖਾ ਨੀਕਸੈ ਮਾਰ ਮੁਹੈ ਮੁਹਿ ਖਾਇ ॥ ੨੦੦ ॥**

ਕਬੀਰ ਜੇਹੜਾ ਜੋਰ ਕਰਨਾ ਹੈ ਸੋ ਜ਼ੁਲਮ ਹੈ ਇਸਦਾ ਜਬਾਬ ਖੁਦਾ ਲਵੇਗਾ, ਜਦੋਂ ਦਫਤਰੋਂ ਲੇਖਾ ਨਿਕਲੇਗਾ ਤਦੋਂ ਮੂੰਹੋਂ ਮੂੰਹ ਮਾਰ ਖਾਵੇਗਾ।

**ਕਬੀਰ ਲੇਖਾ ਦੇਨਾ ਸੁਹੇਲਾ ਜਉ ਦਿਲ ਸੂਚੀ ਹੋਇ ॥**
**ਉਸੁ ਸਾਚੇ ਦੀਬਾਨ ਮਹਿ ਪਲਾ ਨ ਪਕਰੈ ਕੋਇ ॥ ੨੦੧ ॥**

ਕਬੀਰ ਤਦ ਲੇਖਾ ਦੇਣਾਂ ਸੌਖਾ ਹੈ ਜਦ ਦਿਲ ਸੱਚਾ ਹੋਵੇ ਉਸ ਸੱਚੇ ਦੀਵਾਨ ਵਿੱਚ ਪੱਲਾ ਕੋਈ ਨਹੀਂ ਪਕੜਦਾ।

**ਕਬੀਰ ਧਰਤੀ ਅਰੁ ਆਕਾਸ ਮਹਿ ਦੁਇ ਤੂੰਬਰੀ ਅਬਧ ॥**
**ਖਟ ਦਰਸਨ ਸੰਸੇ ਪਰੇ ਅਰੁ ਚਉਰਾਸੀਹ ਸਿਧ ॥ ੨੦੨ ॥**

ਕਬੀਰ ਧਰਤੀ ਅਤੇ ਅਕਾਸ ਵਿਚ ਆਸਾ ਤ੍ਰਿਸ਼ਨਾਂ ਰੂਪ ਦੋ ਤੂੰਬੀਆਂ ਨਾਸ ਤੋਂ ਰਹਿਤ ਹਨ, ਛਿਆਂ ਦਰਸ਼ਨਾਂ ਵਿਚ ਅਤੇ ਚੌਰਾਸੀ ਸਿੱਧਾਂ ਵਿਚ ਸੰਸੇ ਪਏ ਹੋਏ ਹਨ।

**ਕਬੀਰ ਮੇਰਾ ਮੁਝ ਮਹਿ ਕਿਛੁ ਨਹੀ ਜੋ ਕਿਛੁ ਹੈ ਸੋ ਤੇਰਾ ॥**
**ਤੇਰਾ ਤੁਝ ਕਉ ਸਉਪਤੇ ਕਿਆ ਲਾਗੈ ਮੇਰਾ ॥ ੨੦੩ ॥**

ਕਬੀਰ ਮੇਰਾ ਮੇਰੇ ਵਿਚ ਕੁਝ ਨਹੀਂ ਜੋ ਕੁਝ ਹੈ ਸੋ ਤੇਰਾ ਹੈ ਤੇ ਤੇਰਾ ਤੈਨੂੰ ਸੌਂਪਦਿਆਂ ਹੋਇਆਂ ਭਲਾ ਦੱਸ ਖਾਂ ਮੇਰਾ ਕੀ ਲੱਗਦਾ ਹੈ ?

**ਕਬੀਰ ਤੂੰ ਤੂੰ ਕਰਤਾ ਤੂ ਹੂਆ ਮੁਝ ਮਹਿ ਰਹਾ ਨ ਹੂੰ ॥**
**ਜਬ ਆਪਾ ਪਰਕਾ ਮਿਟਿ ਗਇਆ ਜਤਦੇਖਉ ਤਤ ਤੂ॥੨੦੪॥**

ਕਬੀਰ ਤੂੰ ਤੂੰ ਕਰਦਾ ਤੂੰ ਹਰੀ ਦਾ ਹੀ ਰੂਪ ਹੋ ਗਿਆ ਅਤੇ ਮੇਰੇ ਵਿਚ ਹੰਕਾਰ ਨਾ ਰਿਹਾ, ਜਦ ਆਪਣਾ ਅਤੇ ਪਰਾਇਆ (ਪਦਾਰਥ) ਮਿਟ ਗਿਆ ਤਦ ਜਿੱਧਰ ਵੇਖਾਂ ਓਧਰ ਹੇ ਵਾਹਿਗੁਰੂ ਤੂੰ ਹੀ ਹੈਂ।

**ਕਬੀਰ ਬਿਕਾਰਹਿ ਚਿਤਵਤੇ ਝੂਠੇ ਕਰਤੇ ਆਸ ॥**
**ਮਨੋਰਥੁ ਕੋਇ ਨ ਪੂਰਿਓ ਚਾਲੇ ਊਠਿ ਨਿਰਾਸ ॥ ੨੦੫ ॥**

ਕਬੀਰ ਜੇਹੜੇ ਵਿਕਾਰਾਂ ਨੂੰ ਚਿਤਵਦੇ ਹੋਏ ਝੂਠੇ ਪਦਾਰਥਾਂ ਦੀ ਆਸ ਕਰਦੇ ਹਨ ਓਨਾਂ ਦਾ ਮਨੋਰਥ ਕੋਈ ਵੀ ਪੂਰਾ ਨਾ ਹੋਇਆ ਓਹ ਅੰਤ ਨੂੰ ਨਿਰਾਸ ਉਠ ਚਲੇ ।

**ਕਬੀਰ ਹਰਿ ਕਾ ਸਿਮਰਨੁ ਜੋ ਕਰੈ ਸੋ ਸੁਖੀਆ ਸੰਸਾਰ ॥**
**ਇਤ ਉਤ ਕਤਹਿ ਨ ਡੋਲਈ**
**ਜਿਸ ਰਾਖੈ ਸਿਰਜਨ ਹਾਰ ॥੨੦੬॥**

ਕਬੀਰ ਜੇਹੜਾ ਆਦਮੀ ਹਰੀ ਦਾ ਸਿਮਰਨ ਕਰਦਾ ਹੈ ਓਹ ਸੰਸਾਰ ਵਿੱਚ ਸੁਖੀਆ ਹੈ, ਜਿਸਨੂੰ ਸਿਰਜਨ ਹਾਰ ਰੱਖੇ ਓਹ ਇਧਰ ਉਧਰ ਕਦੇ ਨਹੀਂ ਡੋਲਦਾ ॥

**ਕਬੀਰ ਘਾਣੀ ਪੀੜਤੇ ਸਤਿਗੁਰ ਲੀਏ ਛਡਾਇ ॥**
**ਪਰਾ ਪੂਰਬਲੀ ਭਾਵਨੀ ਪਰਗਟੁ ਹੋਈ ਆਇ ॥ ੨੦੭ ॥**

ਕਬੀਰ ਅਸੀਂ ਜਮਾਂ ਦੀ ਘਾਣੀ ਵਿੱਚ ਪੀੜੀ ਦੇ ਸਾਂ ਸੋ ਸਾਨੂੰ ਸਤਿਗੁਰਾਂ ਨੇ ਛੁਡਾ ਲਿਆ, ਮੈਂ ਜਾਣਿਆਂ ਹੈ ਕਿ ਸਾਡੀ ਪੁਰਾਣੀ ਪੂਰਬਲੀ ਸਰਧਾ ਕੀਤੀ ਹੋਈ ਆ ਪ੍ਰਗਟ ਹੋਈ ਹੈ ॥

**ਕਬੀਰ ਟਾਲੈ ਟੋਲੈ ਦਿਨੁ ਗਇਆ ਬਿਆਜੁ ਬਢੰਤਉ ਜਾਇ ॥**
**ਨਾ ਹਰਿ ਭਜਿਓ ਨ ਖਤੁ ਫਟਿਓ ਕਾਲੁ ਪਹੂੰਚੋ ਆਇ॥੨੦੮॥**

ਕਬੀਰ ਟਾਲੇ ਟੋਲੇ ਦਿਨ ਚਲਿਆ ਗਿਆ ਹੈ ਅਤੇ ਬਿਆਜ ਵਧਦਾ ਜਾਂਦਾ ਹੈ ਹਾਇ ਅਫਸੋਸ ਨਾ ਵਾਹਿਗੁਰੂ ਨੂੰ ਯਾਦ ਕੀਤਾ ਅਤੇ ਨਾ ਲੇਖੇ ਵਾਲਾ ਖਤ ਫਟਿਆ ਅਤੇ ਕਾਲ ਨੇੜੇ ਆ ਗਿਆ ॥

**ਮਹਲਾ ੫ ॥ ਕਬੀਰ ਕੂਕਰੁ ਭਉਕਨਾ**
**ਕਰੰਗ ਪਿਛੈ ਉਠਿ ਧਾਇ ॥**
**ਕਰਮੀ ਸਤਿਗੁਰੁ ਪਾਇਆ ਜਿਨਿ ਹਉ ਲੀਆ ਛਡਾਇ॥੨੦੯**

ਕਬੀਰ ਮਨ ਰੂਪ ਕੁੱਤਾ ਭੌਂਕਣ ਵਾਲਾ ਹੈ ਜੋ ਪਦਾਰਥ ਰੂਪ ਕਰੰਗਾਂ ਦੇ ਪਿਛੇ ਉਠ ਦੌੜਦਾ ਹੈ, ਚੰਗੇ ਕਰਮਾਂ ਕਰਕੇ ਸਤਿਗੁਰਾਂ ਨੂੰ ਪਾ ਲਿਆ ਹੈ ਜਿਨ੍ਹਾਂ ਨੇ ਸਾਨੂੰ ਜਮ ਆਦਿਕਾਂ ਤੋਂ ਛੁਡਾ ਲਿਆ ਹੈ ॥

**ਮਹਲਾ੫॥ਕਬੀਰ*ਧਰਤੀ ਸਾਧ ਕੀ ਤਸਕਰ ਬੈਸਹਿ ਗਾਹਿ ॥**

*ਇਸ ਸਲੋਕ ਦੇ ਹੋਰ ਵੀ ਅਰਥ ਕਰਦੇ ਹਨ

**ਧਰਤੀ ਭਾਰਿ ਨ ਬਿਆਪਈ ਉਨ ਕਉ ਲਾਹੂ ਲਾਹਿ ॥ ੨੧੦॥**

ਤਸਕਰ = ਚੋਰ ॥

ਕਬੀਰ ਧਰਤੀ ਸਾਧ ਹੈ ਅਤੇ ਚੋਰ ਇਸਨੂੰ ਦਬਾ ਬੈਠੇ ਹਨ, ਪਰ ਧਰਤੀ ਨੂੰ ਭਾਰ ਨਹੀਂ ਵਿਆਪਦਾ ਅਤੇ ਉਨਾਂ ਸੰਤਾਂ ਨੂੰ ਵੀ ਲਾਭ ਹੀ ਲਾਭ ਹੈ।

**ਮਹਲਾ ੫ ॥ ਕਬੀਰ ਚਾਵਲ ਕਾਰਨੇ ਤੁਖ ਕਉ ਮੁਹਲੀ ਲਾਇ ॥ ਸੰਗਿ ਕੁਸੰਗੀ ਬੈਸਤੇ ਤਬ ਪੂਛੈ ਧਰਮਰਾਇ ॥ ੨੧੧ ॥**

ਕਬੀਰ ਚੌਲਾਂ ਦੇ ਕਾਰਨ ਤੋਹਾਂ ਨੂੰ ਮੋਹਲੀ ਲਗਦੀ ਹੈ ਇੱਕੁਰ ਹੀ ਕੁਸੰਗੀਆਂ ਦੇ ਸੰਗ ਜਦ ਆਦਮੀ ਬੈਠਦਾ ਹੈ ਤਦ ਧਰਮ ਰਾਜਾ ਪੁਛਦਾ ਹੈ॥

***ਨਾਮਾ ਮਾਇਆ ਮੋਹਿਆ ਕਹੈ ਤਿਲੋਚਨੁ ਮੀਤੁ ॥**
**ਕਾਹੇ ਛੀਪਹੁ ਛਾਇਲੈ ਰਾਮ ਨ ਲਾਵਹੁ ਚੀਤੁ ॥ ੨੧੨ ॥**

ਛਾਇਲੈ = ਛਾਇਲਾਂ ॥

ਤ੍ਰਿਲੋਚਨ ਜੀ ਕਹਿੰਦੇ ਹਨ ਹੇ ਮੇਰੇ ਮਿਤ੍ਰ ਨਾਮਦੇਵ ਤੂੰ ਮਾਇਆ ਵਿੱਚ ਮੋਹਿਆ ਹੋਇਆ ਹੈਂ ਕਿਸ ਵਾਸਤੇ ਛਾਇਲਾਂ ਨੂੰ ਛਾਪ ਰਿਹਾ ਹੈਂ ਅਤੇ ਚਿਤ ਨੂੰ ਰਾਮ ਨਾਲ ਕਿਉਂ ਨਹੀਂ ਲਾਉਂਦਾ ਭਾਵ ਨਾਮ ਜਪ ॥

**ਨਾਮਾ ਕਹੈ ਤਿਲੋਚਨਾ ਮੁਖਤੇ ਰਾਮੁ ਸੰਮਾਲਿ ॥**
**ਹਾਥ ਪਾਉ ਕਰਿ ਕਾਮੁ ਸਭੁ ਚੀਤੁ ਨਿਰੰਜਨ ਨਾਲਿ ॥ ੨੧੩॥**

ਨਾਮਾ ਕਹਿਣ ਲਗਾ ਹੇ ਤ੍ਰਿਲੋਚਨਾਂ ਮੂੰਹੋਂ ਰਾਮ ਸੰਭਾਲ ਹਥਾਂ ਪੈਰਾਂ ਨਾਲ ਸਾਰੇ ਕੰਮ ਕਰ ਅਤੇ ਚਿਤ ਵਾਹਿਗੁਰੂ ਨਾਲ ਲਾ॥

**ਮਹਲਾ ੫॥ ਕਬੀਰਾ ਹਮਰਾ ਕੋ ਨਹੀ ਹਮ ਕਿਸ ਹੂ ਕੇ ਨਾਹਿ ॥ ਜਿਨਿ ਇਹੁ ਰਚਨੁ ਰਚਾਇਆ ਤਿਸ ਹੀ ਮਾਹਿ ਸਮਾਹਿ ॥ ੨੧੪॥**

ਕਬੀਰਾ ਨਾ ਕੋਈ ਸਾਡਾ ਹੈ ਅਤੇ ਨਾਂ ਅਸੀਂ ਕਿਸੇ ਦੇ ਹਾਂ ਜਿਸਨੇ ਏਹ ਰਚਨ ਰਚਿਆ ਹੈ ਤਿਸ ਵਿੱਚ ਅਸੀਂ ਸਮਾਇ ਰਹਿਦੇ ਹਾਂ॥

**ਕਬੀਰ ਕੀਚੜਿ ਆਟਾ ਗਿਰਿ ਪਰਿਆ ਕਿਛੂ ਨ ਆਇਓ ਹਾਥ॥**
**ਪੀਸਤ ਪੀਸਤ ਚਾਬਿਆ ਸੋਈ ਨਿਬਹਿਆ ਸਾਥ॥ ੨੧੫॥**

ਕਬੀਰ ਚਿਕੜ ਵਿੱਚ ਆਟਾ ਡਿਗ ਪਿਆ ਅਤੇ ਹੱਥ ਕੁਝ ਵੀ

*ਦੇਖੋ ਏਸੇ ਪੁਸਤਕ ਦਾ ਸਫਾ ੩੪੦

ਨਾਂ ਆਇਆ ਹਾਇ ਅਫ਼ਸੋਸ ਜੇਹੜਾ ਦਾਣਾ ਚੱਕੀ ਪੀਂਹਦਿਆਂ ੨ ਰਹਿਆ ਸੀ ਸੋਈਓ ਹੀ ਨਾਲ ਨਿਭਿਆ। ਭਾਵ ਸ੍ਵਾਸ ਵਿਸ਼ਿਆਂ ਵਿੱਚ ਨ ਗਵਾਓ, ਜਿੰਨੇਕੁ ਨਾਮ ਵੱਲ ਲਾਏ ਸੀ ਓਹੋ ਹੀ ਨਾਲ ਗਏ।

**ਕਬੀਰ ਮਨੁ ਜਾਨੈ ਸਭ ਬਾਤ ਜਾਨਤ ਹੀ ਅਉਗਨੁ ਕਰੈ ॥**
**ਕਾਹੇ ਕੀ ਕੁਸਲਾਤ ਹਾਥ ਦੀਪੁ ਕੂਏ ਪਰੈ ॥ ੨੧੬ ॥**

ਕਬੀਰ ਮਨ ਸਾਰੀਆਂ ਗੱਲਾਂ ਜਾਣਦਾ ਹੈ ਪਰ ਅਫਸੋਸ ਜਾਣ ਬੁਝਕੇ ਔਗਣ ਕਰਦਾ ਹੈ। ਕਾਹਦਾ ਸੁਖ ਜੋ ਹਥ ਵਿਚ ਦੀਵਾ ਹੈ ਅਤੇ ਖੂਹ ਵਿਚ ਪੈ ਰਿਹਾ ਹੈ।

**ਕਬੀਰ ਲਾਗੀ ਪ੍ਰੀਤਿ ਸੁਜਾਨ ਸਿਉ ਬਰਜੈ ਲੋਗੁ ਅਜਾਨੁ ॥**
**ਤਾ ਸਿਉ ਟੂਟੀ ਕਿਉ ਬਨੈ ਜਾਕੇ ਜੀਅ ਪਰਾਨ ॥ ੨੧੭ ॥**

ਕਬੀਰ ਮੇਰੀ ਪ੍ਰੀਤ ਸੁਜਾਨ ਵਾਹਿਗੁਰੂ ਨਾਲ ਲੱਗੀ ਹੋਈ ਹੈ ਅਤੇ ਅਨਜਾਣ ਲੋਕੀ ਮੈਨੂੰ ਵਰਜਦੇ ਹਨ ਤਿਸ ਨਾਲੋਂ ਟੁਟੀ ਹੋਈ ਕਿਉਂ ਬਣ ਸਕਦੀ ਹੈ ਜਿਸਦੇ ਜੀਅ ਪਰਾਣ ਹਨ ਭਾਵ ਜੇਹੜਾ ਜੀਅ ਪ੍ਰਾਨਾਂ ਨਾਲੋਂ ਪਿਆਰਾ ਹੈ।

**ਕਬੀਰ ਕੋਠੇ ਮੰਡਪ ਹੇਤੁ ਕਰਿ ਕਾਹੇ ਮਰਹੁ ਸਵਾਰਿ ॥**
**ਕਾਰਜੁ ਸਾਢੇ ਤੀਨਿ ਹਥ ਘਨੀ ਤ ਪਉਨੇ ਚਾਰ ॥ ੨੧੮ ॥**

ਕਬੀਰ ਕੋਠਿਆਂ ਅਤੇ ਮੰਡਪਾਂ ਨਾਲ ਪ੍ਰੇਮ ਕਰਕੇ ਅਤੇ ਸਵਾਰਕੇ ਕਿਉਂ ਮਰਦੇ ਹੋ ਤੁਹਾਡੇ ਤਾਂ ਸਾਢੇ ਤਿੰਨ ਹਥ ਜ਼ਮੀਨ ਕੰਮ ਆਉਂਣੀ ਹੈ ਜੇ ਬਹੁਤ ਤੋਂ ਬਹੁਤ ਹੋਈ ਤਾਂ ਪਉਣੇ ਚਾਰ॥

**ਕਬੀਰ ਜੋ ਮੈ ਚਿਤਵਉ ਨ ਕਰੈ ਕਿਆ ਮੇਰੇ ਚਿਤਵੇ ਹੋਇ ॥**
**ਅਪਨਾ ਚਿਤਵਿਆ ਹਰਿ ਕਰੈ ਜੋ ਮੇਰੇ ਚਿਤਿ ਨ ਹੋਇ॥੨੧੯॥**

ਕਬੀਰ ਜੋ ਕੁਝ ਮੈਂ ਚਿਤਵਦਾ ਹਾਂ ਸੋ ਕੁਝ ਵਾਹਿਗੁਰੂ ਨਹੀਂ ਕਰਦਾ ਇਸ ਲਈ ਮੇਰੇ ਚਿਤਵਣ ਦਾ ਕੀ ਫਾਇਦਾ ਹੈ ਹਰੀ ਆਪਣਾ ਹੀ ਚਿਤਵਿਆ ਕਰਦਾ ਹੈ ਜੇਹੜਾ ਕਿ ਮੇਰੇ ਚਿਤ ਚੇਤੇ ਵੀ ਨਹੀਂ ਹੁੰਦਾ।

**ਮ: ੩ ॥ ਚਿੰਤਾ ਭਿ ਆਪਿ ਕਰਾਇਸੀ ਅਚਿੰਤੁ ਭਿ ਆਪੇ ਦੇਇ॥**
**ਨਾਨਕ ਸੋ ਸਾਲਾਹੀਐ ਜਿ ਸਭਨਾ ਸਾਰ ਕਰੇਇ ॥ ੨੨੦ ॥**

ਚਿੰਤਾ ਵੀ ਆਪੇ ਹੀ ਕਰੌਂਦਾ ਅਤੇ ਅਚਿੰਤਤਾ ਵੀ ਆਪੇ ਹੀ ਦੇਂਦਾ ਹੈ ਗੁਰੂ ਜੀ ਕਹਿੰਦੇ ਹਨ ਉਸ ਨੂੰ ਸਲੌਹਣਾ ਚਾਹੀਦਾ ਹੈ ਜੋ ਸਭਨਾਂ ਦੀ ਸਾਰ ਕਰਦਾ ਹੈ ॥

ਮ: ੫ ॥ ਕਬੀਰ ਰਾਮੁ ਨ ਚੇਤਿਓ ਫਿਰਿਆ ਲਾਲਚ ਮਾਹਿ ॥
ਪਾਪ ਕਰੰਤਾ ਮਰਿ ਗਇਆ ਅਉਧ ਪੁੰਨੀ ਖਿਨ ਮਾਹਿ। ੨੨੧।

ਕਬੀਰ ਰਾਮ ਨਾ ਚੇਤਿਆ ਅਤੇ ਸਾਰਾ ਦਿਨ ਲਾਲਚ ਵਿੱਚ ਫਿਰਦਾ ਰਿਹਾ ਹਾਇ ਪਾਪ ਕਰਦਾ ਮਰਗਿਆ ਅਤੇ ਛਿਨ ਵਿੱਚ ਸਾਰੀ ਉਮਰ ਪੂਰੀ ਹੋ ਗਈ ॥

ਕਬੀਰ ਕਾਇਆ ਕਾਚੀ ਕਾਰਵੀ ਕੇਵਲ ਕਾਚੀ ਧਾਤੁ ॥
ਸਾਬਤੁ ਰਖਹਿ ਤ ਰਾਮੁ ਭਜੁ ਨਾਹਿ ਤ ਬਿਨਠੀ ਬਾਤ ॥ ੨੨੨।

ਕਬੀਰ ਕਾਇਆ ਕੱਚੀ ਕੌਰੀ ਅਤੇ ਕੇਵਲ ਕੱਚੀ ਧਾਤੂ ਹੈ, ਜੇ ਇਸਨੂੰ ਸਾਬਤ ਰਖਣਾ ਚਾਹੁੰਦਾ ਹੈਂ ਤਾਂ ਵਾਹਿਗੁਰੂ ਜਪ ਨਹੀਂ ਤਾਂ ਏਨੂੰ ਨਾਸ ਹੀ ਹੋਇਆ ਜਾਣ ਵਾ ਇਸਦੀ ਰਤਾ ਵੀ ਗੱਲ ਨਹੀਂ ਏਹ ਐਵੇਂ ਹੀ ਨਾਸ ਹੋ ਜਾਣੀ ਹੈ ॥

ਕਬੀਰ ਕੇਸੋ ਕੇਸੋ ਕੂਕੀਐ ਨ ਸੋਈਐ ਅਸਾਰ ॥
ਰਾਤਿ ਦਿਵਸ ਕੇ ਕੂਕਨੇ ਕਬਹੂ ਕੇ ਸੁਨੈ ਪੁਕਾਰ ॥ ੨੨੩ ॥

ਕਬੀਰ ਕੇਸ਼ੋ ਕੇਸ਼ੋ ਪੁਕਾਰੀਏ ਬੇ ਫਿਕਰ ਨਾਂ ਸਵੀਏਂ ਰਾਤ ਦਿਨ ਦੇ ਪੁਕਾਰਿਆਂ ਹੋਇਆਂ ਕਦੀ ਤਾਂ ਵਾਹਿਗੁਰੂ ਪੁਕਾਰ ਸੁਣੇਗਾ ॥

ਕਬੀਰ ਕਾਇਆ ਕਜਲੀ ਬਨੁ ਭਇਆ ਮਨੁ ਕੁੰਚਰੁ ਮਯ ਮੰਤੁ॥
ਅੰਕਸੁ ਗ੍ਯਾਨੁ ਰਤਨੁ ਹੈ ਖੇਵਟੁ ਬਿਰਲਾ ਸੰਤੁ ॥ ੨੨੪ ॥

ਮਯ = ਸ਼ਰਾਬ ॥ ਮੰਤੁ = ਮਸਤ ॥ ਕਜਲੀ = ਕੇਲੇ ॥ ਕੁੰਚਰੁ = ਹਾਥੀ ॥

ਕਬੀਰ ਕਾਇਆਂ ਤਾਂ ਕੇਲਿਆਂ ਦਾ ਬਣ ਹੋਇਆ ਹੈ ਅਤੇ ਮਨ ਹਾਥੀ ਬੜਾ ਮੱਤਿਆ ਹੋਇਆ ਹੈ ਜੇਹੜਾ ਕੋਈ ਮੰਤਰ ਵੀ ਨਹੀਂ ਮੰਨਦਾ ਇਸਦੇ ਵਸ ਕਰਨ ਵਾਸਤੇ ਗਿਆਨ ਕੁੰਡਾ ਹੈ ਅਤੇ ਇਸਦੇ ਚਲੌਣ ਵਾਲਾ ਕੋਈ ਵਿਰਲਾ ਹੀ ਸੰਤ ਹੈ।

ਕਬੀਰ ਰਾਮ ਰਤਨੁ ਮੁਖੁ ਕੋਥਰੀ ਪਾਰਖ ਆਗੈ ਖੋਲਿ ॥
ਕੋਈ ਆਇ ਮਿਲੈਗੋ ਗਾਹਕੀ ਲੇਗੋ ਮਹਘੇ ਮੋਲਿ ॥ ੨੨੫ ॥

ਕਬੀਰ ਰਾਮ ਰਤਨ ਅਤੇ ਮੂੰਹ ਗੁੱਥੀ ਹੈ ਪਰ ਕਿਸੇ ਪਾਰਖੂ ਅਗੇ ਖੋਲ ਕੋਈ ਤਾਂ ਗਾਹਕ ਆ ਮਿਲੇਗਾ ਓਹੁ ਇਸਨੂੰ ਮਹਿੰਗੇ ਮੁਲ ਭਾਵ ਕਦਰ ਨਾਲ ਲਵੇਗਾ।

ਕਬੀਰ ਰਾਮ ਨਾਮੁ ਜਾਨਿਓ ਨਹੀ ਪਾਲਿਓ ਕਟਕੁ ਕੁਟੰਬੁ ॥

**ਧੰਧੇ ਹੀ ਮਹਿ ਮਰਿ ਗਇਓ ਬਾਹਰਿ ਭਈ ਨ ਬੰਬ॥ ੨੨੬ ॥**

ਕਟਕ = ਦਲ ॥ ਬੰਬ – ਅਵਾਜ਼।

ਕਬੀਰ ਰਾਮ ਨਾਮ ਤਾਂ ਜਾਣਿਆ ਨਹੀਂ ਅਤੇ ਬੜੇ ਟੱਬਰ ਨੂੰ ਪਾਲਦਾ ਰਹਿਓਂ, ਹਾਇ ਧੰਦਿਆਂ ਵਿਚ ਹੀ ਮਰ ਗਿਓਂ ਬਾਹਰ ਬਾਣੀ ਦੀ ਅਵਾਜ਼ ਵੀ ਨਾ ਨਿਕਲੀ।

**ਕਬੀਰ ਆਖੀ ਕੇਰੇ ਮਾਟੁਕੇ ਪਲੁ ਪਲੁ ਗਈ ਬਿਹਾਇ ॥**
**ਮਨੁ ਜੰਜਾਲੁ ਨ ਛੋਡਈ ਜਮ ਦੀਆ ਦਮਾਮਾ ਆਇ ॥੨੨੭ ॥**

ਮਾਟੁ = ਮਟਕਾਵਣੇ, ਝਮਕਣੇ।

ਕਬੀਰ ਅਖੀਆਂ ਦੇ ਖੋਲ੍ਹਣ ਮੀਟਣ ਵਿਚ ਹੀ ਘੜੀ ਘੜੀ ਬੀਤ ਗਈ ਹਾਇ ਮਨ ਅਜੇ ਵੀ ਜੰਜਾਲ ਨਹੀਂ ਛਡਦਾ ਜਮ ਨੇ ਮੌਤ ਦਾ ਨਗਾਰਾ ਆਣ ਵਜਾਇਆ ਹੈ॥

**ਕਬੀਰ ਤਰਵਰ ਰੂਪੀ ਰਾਮੁ ਹੈ ਫਲ ਰੂਪੀ ਬੈਰਾਗੁ ॥**
**ਛਾਇਆ ਰੂਪੀ ਸਾਧੁ ਹੈ ਜਿਨਿਤਜਿਆਬਾਦੁਬਿਬਾਦੁ॥ ੨੨੮ ॥**

ਤਰਵਰ = ਬ੍ਰਿਛ।

ਕਬੀਰ ਵੈਰਾਗ ਰੂਪ ਬ੍ਰਿਛ ਹੈ ਅਤੇ ਰਾਮ ਰੂਪ ਫਲ ਹੈ ਅਤੇ ਛਾਇਆ ਰੂਪ ਸਾਧ ਹਨ ਜਿਨਾਂ ਨੇ ਬਿਅਰਥ ਝਗੜਾ ਛਡਿਆ ਹੈ॥

**ਕਬੀਰ ਐਸਾ ਬੀਜੁ ਬੋਇ ਬਾਰਹ ਮਾਸ ਫਲੰਤ ॥**
**ਸੀਤਲ ਛਾਇਆ ਗਹਿਰ ਫਲ, ਪੰਖੀ ਕੇਲ ਕਰੰਤ ॥ ੨੨੯ ॥**

ਕਬੀਰ ਇੱਕੁਰ ਦਾ ਬੀਜ ਬੀਜ ਜੇਹੜਾ ਬਾਰਾਂ ਹੀ ਮਹੀਨੇ ਫਲ ਨਾਲ ਹਰਿਆ ਰਹੇ ਅਤੇ ਜਿਸ ਦੀ ਠੰਢੀ ਛਾਂ ਗਾੜ੍ਹਾ ਫਲ ਪੰਛੀ ਕੇਲ ਕਰਨ।

**ਕਬੀਰ ਦਾਤਾ ਤਰਵਰੁ ਦਇਆ ਫਲੁ ਉਪਕਾਰੀ ਜੀਵੰਤ॥**
**ਪੰਖੀ ਚਲੇ ਦਿਸਾਵਰੀ ਬਿਰਖਾ ਸੁਫਲ ਫਲੰਤ ॥ ੨੩੦ ॥**

ਕਬੀਰ ਦਾਤਾ ਬ੍ਰਿਛ ਹੈ ਅਤੇ ਦਯਾ ਫਲ ਹੈ ਜਿਸ ਕਰਕੇ ਪਰ ਉਪਕਾਰੀ ਜੀਵ ਜੀਊਂਦੇ ਹਨ। ਜਗਜਾਸੂ ਰੂਪ ਪੰਛੀ ਫਲ ਨਾਲ ਰੱਜ ਰੱਜ ਕੇ ਹੋਰਨਾਂ ਦੇਸਾਂ ਵਲ ਉਡ ਜਾਂਦੇ ਹਨ ਅਤੇ ਉਹ ਗੁਰੂ ਰੂਪ ਬ੍ਰਿਛ ਬਾਰਾਂ ਮਹੀਨੇ ਫਲ ਕਰਕੇ ਸੁਫਲਾ ਫਲਿਆ ਰਹਿੰਦਾ ਹੈ।

**ਕਬੀਰ ਸਾਧੂ ਸੰਗੁ ਪਰਾਪਤੀ ਲਿਖਿਆ ਹੋਇ ਲਿਲਾਟ॥**

ਮੁਕਤਿ ਪਦਾਰਥੁ ਪਾਈਐ ਠਾਕ ਨ ਅਵਘਟ ਘਾਟ ॥ ੨੩੧ ॥

ਲਿਲਾਟ = ਮੱਥਾ ।

ਕਬੀਰ ਸਾਧੂ ਦਾ ਸੰਗ ਤਾਂ ਪ੍ਰਾਪਤ ਹੁੰਦਾ ਹੈ ਜੇ ਮੱਥੇ ਉਤੇ ਕਿਤੇ ਪਿਛਲਾ ਕਰਮ ਚੰਗਾ ਲਿਖਿਆ ਹੋਵੇ, ਮੁਕਤੀ ਪਦਾਰਥ ਪਾ ਲਈਦਾ ਹੈ ਅਤੇ ਔਖੇ ਘਾਟ ਕੋਈ ਰੋਕਦਾ ਨਹੀਂ ।

ਕਬੀਰ ਏਕ ਘੜੀ ਆਧੀ ਘਰੀ ਆਧੀ ਹੂੰ ਤੇ ਆਧ ॥
ਭਗਤਨ ਸੇਤੀ ਗੋਸਟੇ ਜੋ ਕੀਨੇ ਸੋ ਲਾਭ ॥ ੨੩੨ ॥

ਕਬੀਰ ਇਕ ਘੜੀ ਅੱਧੀ ਘੜੀ ਅੱਧੀ ਤੋਂ ਵੀ ਅੱਧੀ ਜੋ ਭਗਤਾਂ ਨਾਲ ਗੋਸਟ ਕਰੇ ਸੋਈਓ ਲਾਭ ਹੈ ।

ਕਬੀਰ†ਭਾਂਗ ਮਾਛੁਲੀ ਸੁਰਾਪਾਨਿ ਜੋ ਜੋ ਪ੍ਰਾਨੀ ਖਾਂਹਿ ॥
ਤੀਰਥ ਬਰਤ ਨੇਮ ਕੀਏ ਤੇ ਸਭੈ ਰਸਾਤਲ ਜਾਂਹਿ ॥ ੨੩੩ ॥

ਭਾਂਗ = ਮਾਸ । ਰਸਾਤਲ = ਪਤਾਲ, ਨਰਕ ।

ਕਬੀਰ ਜੇਹੜੇ ਆਦਮੀ ਸ਼ਰਾਬ ਪੀਂਦੇ ਅਤੇ ਮੱਛੀ ਦਾ ਮਾਸ ਖਾਂਦੇ ਹਨ ਉਨਾਂ ਦੇ ਤੀਰਥ ਬਰਤ ਨੇਮ ਕੀਤੇ ਹੋਏ ਸਭ ਗਰਕ ਜਾਂਦੇ ਹਨ ।

ਨੀਚੇ ਲੋਇਨ ਕਰਿ ਰਹਉ ਲੇ ਸਾਜਨ ਘਟ ਮਾਹਿ ॥
ਸਭ ਰਸ ਖੇਲਉ ਪੀਅ ਸਉ ਕਿਸੀ ਲਖਾਵਉ ਨਾਹਿ॥ ੨੩੪ ॥

ਨੇਤ੍ਰ ਨੀਵੇਂ ਕਰ ਛਡਾਂ ਵਾਹਿਗੁਰੂ ਨੂੰ ਰਿਦੇ ਵਿੱਚ ਲੈਕੇ, ਸਾਰੇ ਰਸਾਂ ਸਹਿਤ ਮੈਂ ਆਪਣੇ ਪਤੀ ਨਾਲ ਖੇਡਾਂ ਅਤੇ ਕਿਸੇ ਨੂੰ ਨਾ ਦੱਸਾਂ ।

ਆਠ ਜਾਮ ਚਉਸਠਿ ਘਰੀ ਤੁਅ ਨਿਰਖਤ ਰਹੈ ਜੀਉ ॥
ਨੀਚੇ ਲੋਇਨ ਕਿਉ ਕਰਉ ਸਭ ਘਟ ਦੇਖਉ ਪੀਉ ॥੨੩੫ ॥

ਅੱਠ ਪੈਹਰ ਅਤੇ ਚੌਹਠ ਘੜੀ ਜੀਅ ਤੈਨੂੰ ਵੇਖਦਾ ਰਹਿੰਦਾ ਹੈ ਵਾ ਦੇਖਦਾ ਰਹੇ, ਨੀਵੇਂ ਨੇਤ੍ਰ ਕਿਉਂ ਕਰਾਂ ਸਾਰੇ ਘਟਾਂ ਵਿਚ ਵਾਹਿਗੁਰੂ ਨੂੰ ਵੇਖਾਂ ਵਾ ਵੇਖਦੀ ਹਾਂ ॥

ਸੁਨੁ ਸਖੀ ਪੀਅ ਮਹਿ ਜੀਉ ਬਸੈ ਜੀਅ ਮਹਿ ਬਸੈ ਕਿ ਪੀਉ ॥
ਜੀਉ ਪੀਉ ਬੂਝਹੁ ਨਹੀ ਘਟ ਮਹਿ ਜੀਉ ਕਿ ਪੀਉ॥੨੩੬ ॥

---

†ਭਾਂਗ ਦਾ ਅਰਥ ਭਾਈ ਗੁਰਦਾਸ ਜੀ ਨੇ ਮਾਸ ਲਿਖਿਆ ਹੈ 'ਜੇ ਕਾਸਾਈ ਉ ਧਰਿਆ ਜੀਆ ਘਾਯ ਨ ਖਾਈਏ ਭੰਗਾ"

ਸੁਣ ਸਖੀ ਪਤੀ ਵਿਚ ਜੀਅ ਵੱਸਦਾ ਹੈ ਕਿ ਜੀਅ ਵਿਚ ਪਤੀ ਵੱਸਦਾ ਹੈ, (ਉੱਤਰ) ਮੈਂ ਤਾਂ ਜੀਅ ਅਤੇ ਪਤੀ ਸਮਝ ਨਹੀਂ ਸਕਦੀ ਰਿਦੇ ਵਿਚ ਜੀਅ ਹੈ ਕਿ ਪਤੀ ਹੈ, ਭਾਵ ਵਾਹਿਗੁਰੂ ਨਾਲ ਜਗਯਾਸੂ ਦੀ ਅਤਯੰਤ ਅਭੇਦਤਾ ਹੈ ॥

**ਕਬੀਰ ਬਾਮਨੁ ਗੁਰੂ ਹੈ ਜਗਤ ਕਾ ਭਗਤਨ ਕਾ ਗੁਰੁ ਨਾਹਿ ॥**
**ਅਰਝਿ ਉਰਝਿਕੈ ਪਚਿ ਮੂਆ ਚਾਰਉ ਬੇਦਹੁ ਮਾਹਿ ॥ ੨੩੭ ॥**

ਕਬੀਰ ਬਾਮਨ ਜਗਤ ਦਾ ਗੁਰੂ ਹੈ ਪਰ ਭਗਤਾਂ ਦਾ ਗੁਰੂ ਨਹੀਂ, ਕਿਉਂਕਿ ਬਾਮਨ ਚਵਾਂ ਵੇਦਾਂ ਵਿਚ ਫਸਕੇ ਖਪਕੇ ਮਰ ਗਿਆ ਹੈ ॥

**ਹਰਿ ਹੈ ਖਾਂਡੁ ਰੇਤੁ ਮਹਿ ਬਿਖਰੀ ਹਾਥੀ ਚੁਨੀ ਨ ਜਾਇ ॥**
**ਕਹਿ ਕਬੀਰ ਗੁਰਿ ਭਲੀ ਬੁਝਾਈ ਕੀਟੀ ਹੋਇਕੈ ਖਾਇ ॥੨੩੮**

ਹਰੀ ਖੰਡ ਸੀ ਪਰ ਹਾਇ ਅਫਸੋਸ ਰੇਤ ਵਿਚ ਖਿਲਰ ਗਈ ਹੈ ਹਾਥੀ ਰੂਪ ਹੰਕਾਰੀ ਕੋਲੋਂ ਚੁਣੀ ਨਹੀਂ ਜਾਂਦੀ, ਕਬੀਰ ਜੀ ਕਹਿੰਦੇ ਹਨ ਗੁਰਾਂ ਨੇ ਭਲੀ ਦੱਸੀ ਹੈ ਜੋ ਕੀੜੀ ਹੋਕੇ ਚੁਣ ਖਾਹ ॥

**ਕਬੀਰ ਜਉਤੁਹਿ ਸਾਧ ਪਿਰੰਮ ਕੀ ਸੀਸੁ ਕਾਟਿ ਕਰਿ ਗੋਇ ॥**
**ਖੇਲਤ ਖੇਲਤ ਹਾਲਕਰਿ ਜੋ ਕਿਛੁ ਹੋਇ ਤ ਹੋਇ ॥ ੨੩੯ ॥**

ਕਬੀਰ ਜੇ ਤੈਨੂੰ ਵਾਹਿਗੁਰੂ ਦੇ ਮਿਲਣ ਦੀ (ਸਾਧ) ਲੋੜ ਹੈ ਤਾਂ ਸਿਰ ਕਟਕੇ ਗੇਂਦ ਬਣਾ ਅਤੇ ਬਾਜੀ ਖੇਡ, ਖੇਡਦਾ ਖੇਡਦਾ ਹਾਲ ਤੋਂ ਬੇਹਾਲ ਕਰ ਭਾਵ ਬੇਸੁੱਧ ਹੋਜਾ ਵਾ ਆਨੰਦ ਕਰ, ਜੋ ਕੁਝ ਹੁੰਦਾ ਹੈ ਸੋ ਹੋਣ ਦੇ ॥

**ਕਬੀਰ ਜਉ ਤੁਹਿ ਸਾਧ ਪਿਰੰਮ ਕੀ ਪਾਕੇ ਸੇਤੀ ਖੇਲੁ ॥**
**ਕਾਚੀ ਸਰਸਉ ਪੇਲਿਕੈ ਨਾ ਖਲਿ ਭਈ ਨ ਤੇਲੁ ॥ ੨੪੦ ॥**

ਪੇਲਿ = ਕੱਠੀ ਕਰਨੀ ਵਾ ਪੀੜਨੀ।

ਕਬੀਰ ਜੇ ਤੈਨੂੰ ਵਾਹਿਗੁਰੂ ਦੀ ਸਰਧਾ ਹੈ ਤਾਂ ਪੱਕੇ ਸੰਤਾਂ ਨਾਲ ਖੇਡ ਕੱਚੀ ਸਰ੍ਹੋਂ ਨੂੰ ਪੀੜਕੇ ਨਾ ਖਲ ਹੋਈ ਨਾ ਤੇਲ।

**ਢੂਢਤ ਡੋਲਹਿ ਅੰਧਗਤਿ ਅਰੁ ਚੀਨਤ ਨਾਹੀ ਸੰਤ ॥**
**ਕਹਿ ਨਾਮਾ ਕਿਉ ਪਾਈਐ ਬਿਨੁ ਭਗਤਹੁ ਭਗਵੰਤੁ ॥੨੪੧॥**

ਅੰਨਿਆਂ ਵਾਂਙੂ ਇਹ ਅਗਿਆਨੀ ਢੂੰਡਦੇ ਫਿਰਦੇ ਹਨ ਅਤੇ ਸੰਤਾਂ ਨੂੰ ਨਹੀਂ ਜਾਣਦੇ, ਨਾਮਾ ਕਹਿੰਦਾ ਹੈ ਭਗਤਾਂ ਤੋਂ ਬਿਨਾਂ ਵਾਹਿਗੁਰੂ ਨੂੰ ਕਿੱਕਰ ਪਾਈਦੇ।

**ਹਰਿ ਸੋ ਹੀਰਾ ਛਾਡਿਕੈ ਕਰਹਿ ਆਨ ਕੀ ਆਸ ॥**
**ਤੇ ਨਰ ਦੋਜਕ ਜਾਹਿਗੇ ਸਤਿ ਭਾਖੈ ਰਵਿਦਾਸ ॥ ੨੪੨ ॥**

ਆਨ = ਹੋਰ।

ਹਾਇ ਅਫਸੋਸ ਜੇਹੜੇ ਆਦਮੀ ਹਰੀ ਰੂਪ ਹੀਰਾ ਛਡਕੇ ਹੋਰ ਦੀ ਆਸ ਕਰਦੇ ਹਨ ਤੇ ਆਦਮੀ ਦੋਜਕ ਜਾਣਗੇ ਰਵਿਦਾਸ ਸਚ ਆਖਦਾ ਹੈ।

**ਕਬੀਰ ਜਉ ਗ੍ਰਿਹੁ ਕਰਹਿ ਤ ਧਰਮੁ ਕਰੁ ਨਾਹੀ ਤ ਕਰੁ ਬੈਰਾਗੁ ॥**
**ਬੈਰਾਗੀ ਬੰਧਨੁ ਕਰੈ ਤਾਕੋ ਬਡੋ ਅਭਾਗੁ ॥ ੨੪੩ ॥**

ਕਬੀਰ ਜੇ ਘਰ ਕਰਦਾ ਹੈਂ ਤਾਂ ਧਰਮ ਕਰ ਨਹੀਂ ਤਾਂ ਵੈਰਾਗ ਹੀ ਕਰ। ਜੇਹੜਾ ਵੈਰਾਗੀ ਗ੍ਰਹਸਤੀਆਂ ਵਾਂਗੂ ਬੰਧਨ ਪਾਉਂਣੇ ਕਰਦਾ ਹੈ ਉਸਨੂੰ ਤੁਸੀਂ ਵਡਾ ਅਭਾਗੀ ਜਾਣੋਂ ॥

# ਸਲੋਕ ਸੇਖ ਫਰੀਦ ਕੇ

**੧ ਓ ਸਤਿਗੁਰਪ੍ਰਸਾਦਿ ॥**

**ਜਿਤੁ ਦਿਹਾੜੈ ਧਨ ਵਰੀ ਸਾਹੇ ਲਏ ਲਿਖਾਇ ॥**
**ਮਲਕੁ ਜਿ ਕੰਨੀ ਸੁਣੀਦਾ ਮੁਹੁ ਦੇਖਾਲੇ ਆਇ ॥**
**ਜਿੰਦੁ ਨਿਮਾਣੀ ਕਢੀਐ ਹਡਾ ਕੂ ਕੜਕਾਇ ॥**

ਧਨ = ਜੀਵ ਰੂਪ ਇਸਤ੍ਰੀ।

ਵਰੀ = ਵਰ ਲਈ ਭਾਵ ਵਿਆਹ ਵਾਸਤੇ ਸਾਂਭ ਲਈ ਵਾ ਵੜੀ।

ਜਿਸ ਦਿਨ ਏਹ ਜੀਵ ਰੂਪ ਇਸਤ੍ਰੀ ਪੈਦਾ ਹੋਈ ਸੀ ਉਸੇ ਦਿਨ ਤੋਂ ਹ ਵਿਵਾਹ ਦਾ ਸਮਾਂ ਇਸਨੇ ਲਿਖਾ ਲਿਆ ਭਾਵ ਵਾਹਿਗੁਰੂ ਨੇ ਲਿਖ ਦਿਤਾ ਕਿ ਇਤਨੇ ਤੇਰੇ ਸ੍ਵਾਸ ਹਨ ਫਿਰ ਤੈਨੂੰ ਕਾਲ ਮਾਰ ਲਵੇਗਾ, ਜਮ ਰੂਪ ਪਤੀ ਜੇਹੜਾ ਕੰਨੀ ਸੁਣੀਦਾ ਹੈ ਓਹ ਇਕ ਦਿਨ ਮੂੰਹ (ਉਸ ਸਾਹ ਲਿਖੇ ਅਨੁਸਾਰ) ਆਣ ਦਿਖਾਲੇਗਾ ਅਤੇ ਹੱਡਾਂ ਨੂੰ ਕੜਕਾਕੇ ਨਿਮਾਣੀ ਜਿੰਦ ਕਢੇਗਾ ਭਾਵ ਮਾਰ ਲਏਗਾ ॥

**ਸਾਹੇ ਲਿਖੇ ਨ ਚਲਨੀ ਜਿੰਦੂ ਕੂੰ ਸਮਝਾਇ ॥**
**ਜਿੰਦੁ ਵਹੁਟੀ ਮਰਣੁ ਵਰੁ ਲੈ ਜਾਸੀ ਪਰਣਾਇ ॥**
**ਆਪਣ ਹਥੀ ਜੋਲਿਕੈ ਕੈ ਗਲਿ ਲਗੈ ਧਾਇ ॥**

**ਵਾਲਹੁ ਨਿਕੀ ਪੁਰਸਲਾਤ ਕੰਨੀ ਨ ਸੁਣੀਆਇ ॥**
**ਫਰੀਦਾ ਕਿੜੀ ਪਵੰਦੀਈ ਖੜਾ ਨ ਆਪੁ ਮੁਹਾਇ ॥ ੧ ॥**

ਚਲਨੀ = ਵਧਣ ਘਟਣਗੇ ਨਹੀਂ ॥ ਜੋਲਿਕੈ = ਤੁਰਕੇ ॥
ਪੁਰਸਲਾਤ = ਬੜਾ ਭਾਰੀ ਪੁਲ ਸੂਲਾਂ ਨਾਲ ਪੂਰਿਆ ਹੋਇਆ ।
ਕਿੜੀ ਪਵੰਦੀਈ = ਅਵਾਜ਼ ਪੈ ਰਹੀ ਹੈ । ਮੁਹਾਇ – ਲੁਟਾ ।

( ੧ ) ਜਿੰਦ ਨੂੰ ਸਮਝਾ ਕਿ ਜੇਹੜੇ ਓਹ ਪੂਰਬ ਸਵਾਸਾਂ ਰੁਪ ਵਿਆਹ ਦੇ ਦਿਨ ਲਿਖੇ ਹੋਏ ਹਨ ਓਹ ਅਗੇ ਨਹੀਂ ਹੋਣਗੇ। ( ੨ ) ਜਿੰਦ ਵਹੁਟੀ ਹੈ ਅਤੇ ਮਰਣ ਰੂਪ ਵਰ ਹੈ ਇਕ ਦਿਨ ਪਰ੍ਣਾਇਕੇ ਲੈ ਜਾਵੇਗਾ । ( ੩ ) ਹਾਇ ਅਫਸੋਸ ਆਪਣੀ ਹਥੀਂ ਆਪਣੇ ਵਡਿਆਂ ਵਡੇਰਿਆਂ ਨੂੰ ਤੋਰਕੇ ਤੂੰ ਦੌੜਕੇ ਕਿਸਦੇ ਗਲ ਲਗੇਂਗੀ ਅਥਵਾ ਤੂੰ ਤੁਰਕੇ ਆਪਣੇ ਹਥਾਂ ਨਾਲ ਕਿਸਦੇ ਗਲ ਲਗੇਂਗੀ । ( ੪ ) ਤੂੰ ਕੰਨੀਂ ਨਹੀਂ ਸੁਣੀ ਕਿ ਉਸ ਭਾਰੀ ਪੁਲ ਦੀ ਵਾਟ ਵਾਲ ਨਾਲੋਂ ਨਿੱਕੀ ਅਤੇ ਬਰੀਕ ਹੈ । ( ੫ ) ਫਰੀਦਾ ਪਾਰ ਲੰਘਣ ਦੀ ਕੂਕ ਪੁਕਾਰ ਪੈ ਰਹੀ ਹੈ (ਭਾਵ ਬੇੜਾ ਤੁਰ ਚਲਿਆ ਹੈ ਤੁਸੀਂ ਛੇਤੀ ਆਕੇ ਚੜ੍ਹ ਜਾਵੋ) ਹਾਇ ਅਫਸੋਸ ਤੂੰ ਖੜਾ ਆਪਣੇ ਆਪ ਨੂੰ ਕਿਉਂ ਲੁਟਾ ਰਿਹਾ ਹੈਂ ॥

**ਫਰੀਦਾ ਦਰ ਦਰਵੇਸੀ ਗਾਖੜੀ ਚਲਾ ਦੁਨੀਆ ਭਤਿ ॥**
**ਬੰਨ੍ਹਿ ਉਠਾਈ ਪੋਟਲੀ ਕਿਥੈ ਵੰਞਾ ਘਤਿ ॥ ੨ ॥**

ਗਾਖੜੀ = ਔਖੀ ਵਾ ਕਰੜੀ । ਭਤਿ = ਤਰਾਂ ।

ਫਰੀਦਾ ਵਾਹਿਗੁਰੂ ਦੇ ਦਰਵਾਜੇ ਦੀ ਫਕੀਰੀ ਔਖੀ ਹੈ ਹਾਇ ਅਫਸੋਸ ਮੈਂ (ਅੰਨਜੋਕਤੀ) ਤਾਂ ਦੁਨੀਆਂ ਦੀ ਤਰ੍ਹਾਂ ਚਲ ਰਿਹਾ ਹਾਂ ਪੰਡ ਬੰਨ੍ਹਕੇ ਮੈਂ ਚੁਕ ਲਈ ਹੈ ਹਾਇ ਅਫਸੋਸ ਹੁਣ ਏਨੂੰ ਸੁਟਕੇ ਕਿਥੇ ਜਾਵਾਂ ।

**ਕਿਝੁ ਨ ਬੁਝੈ ਕਿਝੁ ਨ ਸੁਝੈ ਦੁਨੀਆ ਗੁਝੀ ਭਾਹਿ ॥**
**ਸਾਂਈ ਮੇਰੈ ਚੰਗਾ ਕੀਤਾ ਨਾਹੀ ਤ ਹੰਭੀ ਦਝਾਂ ਆਹਿ ॥ ੩ ॥**

ਭਾਹਿ = ਅੱਗ । ਹੰਭੀ = ਮੈਂ ਵੀ । ਦਝਾਂ = ਸੜਾਂ ।

ਨਾ ਕੁਝ ਬੁਝਿਆ ਜਾਂਦਾ ਹੈ ਨਾ ਕੁਝ ਸੁਝਦਾ ਹੈ ਦੁਨੀਆਂ ਗੁਝੀ ਅੱਗ ਹੈ, ਮੇਰੇ ਸਾਂਈਂ ਨੇ ਚੰਗਾ ਕੀਤਾ ਹੈ ਨਹੀਂ ਤਾਂ ਮੈਂ ਵੀ ਸੜ ਜਾਣਾ ਸੀ ।

**ਫਰੀਦਾ ਜੇ ਜਾਣਾ ਤਿਲ ਥੋੜੜੇ ਸੰਮਲਿ ਬੁਕੁ ਭਰੀ ॥**
**ਜੇ ਜਾਣਾ ਸਹੁ ਨੰਢੜਾ ਤਾ ਥੋੜਾ ਮਾਣੁ ਕਰੀ ॥ ੪ ॥**

ਫਰੀਦਾ ਜੇ ਮੈਂ ਜਾਣਦਾ ਕਿ ਸੁਾਸਾਂ ਰੂਪ ਤਿਲ ਥੋੜੇ ਹਨ ਤੇ ਤਾਂ ਮੈਂ ਸੰਭਾਲਕੇ ਬੁਕ ਭਰਦਾ ਕਿਆ ਵਰਤਦਾ ਵਾ (ਅੰਨਜੋਕਤੀ) ਸੰਭਾਲ ਕੇ ਵਰਤੀਂ

ਵਿਸ਼ਿਆਂ ਵਿੱਚ ਬਤੀਤ ਨਾ ਕਰੀਂ, ਜੇ ਜਾਣਦਾ ਕਿ ਮੇਰਾ ਪਤੀ ਛੋਟਾ ਹੈ ਤੇ ਤਾਂ ਮੈਂ ਥੋੜ੍ਹਾ ਮਾਣ ਕਰਦੀ ਵਾ ਅੰਨਜੋਕਤੀ ਕਰੀਂ, ਭਾਵ ਜੇ ਮੈਂ ਜਾਣਦਾ ਕਿ ਪ੍ਰਮਾਤਮਾਂ ਮੈਨੂੰ ਅਜੇ ਨਹੀਂ ਮਿਲਿਆ ਤੇ ਤਾਂ ਮੈਂ ਐਡਾ ਹੰਕਾਰ ਨਾ ਕਰਦਾ।

**ਜੇਜਾਣਾ ਲੜੁ ਛਿਜਣਾ ਪੀਡੀ ਪਾਈਂ ਗੰਢਿ॥**
**ਤੈ ਜੇਵਡੁ ਮੈ ਨਾਹਿ ਕੋ ਸਭੁ ਜਗੁ ਡਿਠਾ ਹੰਢਿ॥੫॥**

ਹੰਢਿ = ਫਿਰਕੇ।

ਜੇ ਮੈਂ ਜਾਣਦੀ ਕਿ ਸਰੀਰ ਰੂਪ ਕਪੜੇ ਦਾ ਲੜ ਛਿਜ ਜਾਣ ਵਾਲਾ ਹੈ ਤਾਂ ਮੈਂ ਘੁਟਕੇ ਗੰਢ ਪਾਉਂਦੀ ਭਾਵ ਨਾਮ ਜਪਦੀ, ਹੇ ਮੇਰੇ ਪਤੀ ਮੈਂ ਸਾਰਾ ਜਗਤ ਫਿਰਕੇ ਵੇਖਿਆ ਹੈ ਮੇਰੇ ਖਿਆਲ ਵਿੱਚ ਤੇਰੇ ਜਿੱਡਾ ਕੋਈ ਨਹੀਂ।

**ਫਰੀਦਾ ਜੇ ਤੂੰ ਅਕਲਿ ਲਤੀਫੁ ਕਾਲੇ ਲਿਖੁ ਨ ਲੇਖੁ॥**
**ਆਪਨੜੇ ਗਿਰੀਵਾਨ ਮਹਿ ਸਿਰੁ ਨੀਵਾਂ ਕਰਿ ਦੇਖੁ॥੬॥**

ਲਤੀਫ = ਚਤਰ, ਲੁਤਫ ਵਾਲੀ। ਗਿਰੀਵਾਨ = ਬੁਕਲ ਵਾ ਜਾਮਾ।

ਫਰੀਦਾ ਜੇ ਤੂੰ ਚੰਗੀ ਅਕਲ ਵਾਲਾ ਹੈ ਤਾਂ ਕਾਲੇ ਲੇਖ ਨ ਲਿਖ ਭਾਵ ਕਿਸੇ ਦੇ ਦੋਸ਼ ਚਿਤ ਵਿੱਚ ਮਤ ਯਾਦ ਕਰ ਵਾ ਪਾਪ ਨਾ ਕਰ, ਤੂੰ ਆਪਣੇ ਗਿਰੀ-ਵਾਨ ਵਿੱਚ ਨੀਵਾਂ ਸਿਰ ਕਰਕੇ ਵੇਖ॥

**ਫਰੀਦਾ ਜੋ ਤੈ ਮਾਰਨਿ ਮੁਕੀਆਂ ਤਿਨ੍ਹਾ ਨ ਮਾਰੇ ਘੁੰਮਿ॥**
**ਆਪਨੜੈ ਘਰਿ ਜਾਈਐ ਪੈਰ ਤਿਨ੍ਹਾ ਦੇ ਚੁੰਮਿ॥੭॥**

ਹੇ ਫਰੀਦਾ ਜੇਹੜੇ ਤੈਨੂੰ ਮੁਕੀਆਂ ਮਾਰਨ ਤੂੰ ਉਨ੍ਹਾਂ ਨੂੰ ਫਿਰਕੇ ਨਾਂ ਮਾਰੀਂ ਆਪ ਉਨ੍ਹਾਂ ਦੇ ਘਰ ਜਾਈਏ ਅਤੇ ਤਿਨ੍ਹਾਂ ਦੇ ਪੈਰ ਚੁੰਮੀਏ, ਭਾਵ ਸਗੋਂ ਉਨ੍ਹਾਂ ਦੇ ਘਰ ਜਾਕੇ ਉਨ੍ਹਾਂ ਦੇ ਪੈਰ ਚੁਮਣੇ ਚਾਹੀਦੇ ਹਨ।

**ਫਰੀਦਾ ਜਾਂ ਤਉ ਖਟਣ ਵੇਲ ਤਾਂ ਤੂ ਰਤਾ ਦੁਨੀ ਸਿਉ॥**
**ਮਰਗ ਸਵਾਈ ਨੀਹਿ ਜਾਂ ਭਰਿਆ ਤਾਂ ਲਦਿਆ॥੮॥**

ਮਰਗ = ਮੌਤ। ਸਵਾਈ = ਬੜੀ ਭਾਰੀ।

ਫਰੀਦਾ ਜਦ ਤੇਰਾ ਕੁਝ ਲਾਭ ਖੱਟਣ ਦਾ ਵੇਲਾ ਸੀ ਤਾਂ ਤੂੰ ਦੁਨੀਆਂ ਨਾਲ ਰੱਤਾ ਹੋਇਆ ਸੈਂ, ਹੁਣ ਮੌਤ ਰੂਪ ਬੜੀ ਭਾਰੀ ਕੰਧ ਤੇਰੇ ਉੱਪਰ ਆਗਈ ਹੈ ਭਾਵ ਤੇਰਾ ਮਰਣ ਦਾ ਸਮਾਂ ਨੇੜੇ ਆਗਿਆ ਹੈ ਜਿੱਕੁਰ ਕੋਈ ਗੱਡਾ ਅਸਬਾਬ ਨਾਲ ਭਰਕੇ ਲੱਦਿਆ ਜਾਵੇ ਤਾਂ ਤੁਰ ਪੈਂਦਾ ਹੈ ਵਾ ਤੋਰ ਦੇਂਦੇ ਹਨ ਇੱਕੁਰ ਹੀ ਏਹ ਜਾਣ।

**ਦੇਖੁ ਫਰੀਦਾ ਜ ਥੀਆ ਦਾੜੀ ਹੋਈ ਭੂਰ॥**

**ਅਗਹੁ ਨੇੜਾ ਆਇਆ ਪਿਛਾ ਰਹਿਆ ਦੂਰਿ ॥ ੯ ॥**

ਦੇਖ ਤੂੰ ਫਰੀਦਾ ਜੋ ਕੁਝ ਹੋਇਆ ਹੈ ਕਿ ਦਾੜ੍ਹੀ ਚਿੱਟੀ ਹੋ ਗਈ ਹੈ ਹਾਇ ਅਫਸੋਸ ਅੱਗਾ ਨੇੜੇ ਆਗਿਆ ਹੈ ਅਤੇ ਪਿੱਛਾ ਦੂਰ ਰਹਿਆ ਹੈ ਭਾਵ ਮਰਨਾ ਨੇੜੇ ਆਗਿਆ ਹੈ ਅਤੇ ਜੀਵਣ ਦਾ ਸਮਾਂ ਦੂਰ ਚਲਿਆ ਗਿਆ ਹੈ।

**ਦੇਖੁ ਫਰੀਦਾ ਜਿ ਥੀਆ ਸਕਰ ਹੋਈ ਵਿਸੁ ॥**
**ਸਾਈ ਬਾਝਹੁ ਆਪਣੇ ਵੇਦਣ ਕਹੀਐ ਕਿਸੁ ॥ ੧੦ ॥**

ਵੇਦਣ = ਪੀੜਾ

ਹੋਰ ਦੇਖ ਫਰੀਦਾ ਜੋ ਕੁਝ ਹੋਇਆ ਹੈ ਕਿ ਸ਼ੱਕਰ (ਸ਼ੱਕਰ ਜੇਹੜੀ ਸੀ ਓਹ) ਜ਼ੈਹਰ ਵਤ ਹੋ ਗਈ ਹੈ ਹਾਇ ਅਫਸੋਸ ਆਪਣੇ ਵਾਹਿਗੁਰੂ ਤੋਂ ਬਿਨਾ ਏਹ ਪੀੜਾ ਕਿਸਨੂੰ ਕਹੀਏ।

**ਫਰੀਦਾ ਅਖੀ ਦੇਖਿ ਪਤੀਣੀਆਂ ਸੁਣਿ ਸੁਣਿ ਰੀਣੇ ਕੰਨ ॥**
**ਸਾਖ ਪਕੰਦੀ ਆਈਆ ਹੋਰ ਕਰੇਂਦੀ ਵੰਨ ॥ ੧੧ ॥**

ਪਤੀਣੀਆਂ = ਪਤਲੀਆਂ। ਰੀਣੇ = ਖਾਲੀ। ਵੰਨ = ਰੰਗ

ਫਰੀਦਾ ਅੱਖੀਂ ਵੇਖ ੨ ਕੇ ਪਤਲੀਆਂ ਹੋ ਗਈਆਂ ਹਨ ਅਤੇ ਕੰਨ ਸੁਣ ਸੁਣ ਕੇ ਖਾਲੀ ਭਾਵ ਬੋਲੇ ਹੋ ਗਏ ਹਨ ਅਤੇ ਖੇਤੀ ਪੱਕਦੀ ਹੋਈ ਆਉਂਦੀ ਹੈ ਪਰ ਹੋਰ ਹੀ ਰੰਗ ਕਰਦੀ ਹੋਈ।

**ਫਰੀਦਾ ਕਾਲੀ ਜਿਨੀ ਨ ਰਾਵਿਆ ਧਉਲੀ ਰਾਵੈ ਕੋਇ ॥**
**ਕਰਿ ਸਾਂਈ ਸਿਉ ਪਿਰਹੜੀ ਰੰਗੁ ਨਵੇਲਾ ਹੋਇ ॥ ੧੨ ॥**

ਪਿਰਹੜੀ = ਪੀਤੀ

ਫਰੀਦਾ ਜਿਨ੍ਹਾਂ ਨੇ ਕਾਲੀਂ ਵਾਲੀਂ ਵਾਹਿਗੁਰੂ ਨੂੰ ਨਹੀਂ ਉਚਾਰਿਆ, ਭਲਾ ਦਸ ਖਾਂ ਧੌਲੀਂ ਕੌਣ ਉਚਾਰ ਸੱਕਦਾ ਹੈ ਭਾਵ ਕੋਈ ਨਹੀਂ, ਸਾਈਂ ਨਾਲ ਪ੍ਰੀਤੀ ਕਰ ਕਿਉਂਕਿ ਤੇਰਾ ਰੰਗ ਨਵਾਂ ਹੋਵੇਗਾ।

**ਮ: ੩ ॥*ਫਰੀਦਾ ਕਾਲੀ ਧਉਲੀ ਸਾਹਿਬੁ ਸਦਾ ਹੈ ਜੇ ਕੋ ਚਿਤਿ ਕਰੇ ॥**
**ਆਪਣਾ ਲਾਇਆ ਪਿਰਮੁ ਨ ਲਗਈ ਜੇ ਲੋਚੈ ਸਭੁ ਕੋਇ ॥**
**ਏਹੁ ਪਿਰਮੁ ਪਿਆਲਾ ਖਸਮ ਕਾ ਜੈ ਭਾਵੈ ਤੈ ਦੇਇ ॥ ੧੩ ॥**

ਪਿਰਮੁ = ਪਿਆਰਾ ਵਾ ਪ੍ਰੇਮ ॥

*ਸ੍ਰੀ ਗੁਰੂ ਅਮਰਦਾਸ ਜੀ ਆਖਦੇ ਹਨ।

ਫਰੀਦਾ ਕਾਲੀਂ ਧੌਲੀਂ ਸਾਹਿਬ ਸਦਾ ਹੀ ਹੈ ਪਰ ਜੇ ਕੋਈ ਚਿੱਤ ਕਰੇ ਤਾਂ, ਜੋ ਕੋਈ ਵਾਹਿਗੁਰੂ ਨਾਲ ਪ੍ਰੇਮ ਲਾਇਆ ਚਾਹੇ ਤਾਂ ਆਪਣਾ ਲਾਇਆ ਹੋਇਆ ਨਹੀਂ ਲਗਦਾ ਏਹ ਪ੍ਰੇਮ ਪਿਆਲਾ ਖਸਮ ਦਾ ਹੈ ਜਿਨੂੰ ਭਾਵੇਂ ਉਸ ਨੂੰ ਦਵੇ।

**ਫਰੀਦਾ ਜਿਨ ਲੋਇਨ*ਜਗੁ ਮੋਹਿਆ ਸੇ ਲੋਇਨ ਮੈ ਡਿਠੁ ॥**
**ਕਜਲ ਰੇਖ ਨ ਸਹਦਿਆ ਸੇ ਪੰਖੀ ਸੂਇ ਬਹਿਠੁ ॥ ੧੪ ॥**

ਸੂਇ = ਬੱਚਾ

ਫਰੀਦਾ ਜਿਨ੍ਹਾਂ ਨੇਤ੍ਰਾਂ ਨੇ ਜਗਤ ਨੂੰ ਵੱਸ ਕੀਤਾ ਹੋਇਆ ਸੀ ਓਹ ਨੇਤ੍ਰ ਮੈਂ ਅੱਜ ਵੇਖੇ ਹਨ ਹਾਇ ਅਫਸੋਸ ! ਪਹਿਲੇ ਸੁਰਮੇਂ ਦੀ ਮੋਟੀ, ਲੀਕ ਨਹੀਂ ਸੀ ਸਹਾਰ ਸੱਕਦੇ ਹੁਣ ਓਹਨਾਂ ਵਿੱਚ ਪੰਛੀਆਂ ਦ ਬੱਚੇ ਬੈਠੇ ਹੋਏ ਹਨ।

**ਫਰੀਦਾ ਕੂਕੇਂਦਿਆਂ ਚਾਂਗੇਦਿਆ ਮਤੀ ਦੇਦਿਆ ਨਿਤ ॥**
**ਜੋ ਸੈਤਾਨਿ ਵੰਞਾਇਆ ਸੇ ਕਿਤ ਫੇਰਹਿ ਚਿਤ ॥ ੧੫ ॥**

ਫਰੀਦਾ ਰੋਜ਼ ਹੀ ਕੂਕਦਿਆਂ ਅਤੇ ਚਾਂਗਰਾਂ ਮਾਰਦਿਆਂ ਮੱਤੀ ਦੇਂਦਿਆਂ ਹਾਇ ਅਫਸੋਸ) ਜਿਨਾਂ ਆਦਮੀਆਂ ਦਾ ਚਿੱਤ ਸ਼ੈਤਾਨ ਨੇ ਖਰਾਬ ਕਰ ਦਿਤਾ ਹੈ, ਸੋ ਵਾਹਿਗੁਰੂ ਵੱਲ ਕਦ (ਫੇਰ) ਫੇਰ ਸਕਦੇ ਹਨ।

**ਫਰੀਦਾ ਥੀਉ ਪਵਾਹੀ ਦਭੁ ॥ ਜੇ ਸਾਂਈ ਲੋੜਹਿ ਸਭੁ ॥**
**ਇਕੁ ਛਿਜਹਿ ਬਿਆ ਲਤਾੜੀਅਹਿ ॥**
**ਤਾ ਸਾਈ ਦੇ ਦਰਿ ਵਾੜੀਅਹਿ ॥ ੧੬ ॥**

ਪਵਾਹੀ = ਪਹੇ।

ਹੇ ਫਰੀਦਾ ਜੇ ਸਭਨਾਂ ਵਿੱਚ ਪੂਰਨ ਹੋਇਆ ਹੋਇਆ ਵਾਹਿਗੁਰੂ ਲੋੜਦਾ ਹੈਂ ਤਾਂ ਪਹੇ ਦੀ ਦਭ ਵਤ ਹੋ ਜਾ (ਦੇਖ) ਇਕ ਓਸ ਨੂੰ ਤੋੜਦੇ ਹਨ ਅਤ ਦੂਜੇ ਲਤਾੜਦੇ ਹਨ ਤਾਂ ਓਹ ਸਫ ਬਣਾਕੇ ਸਾਈਂ ਦੇ ਦਰ ਵਾੜੀਦੀ ਹੈ ਭਾਵ ਫੂੜੀ ਬਨੌਣ ਵਾਲੇ ਪੈਰਾਂ ਨਾਲ ਤੋੜਦੇ ਵਢਦੇ ਹਨ ਤੇ ਤਾਂ ਮਾਲਕ ਦੇ ਅੰਦਰ ਜਾਂਦੀ ਹੈ ਇੱਕੁਰ ਹੀ ਤੂੰ ਜਾਣ।

---

*ਇਕ ਵੇਸਵਾ ਦੀ ਕਹਾਣੀ ਹੈ ਜੇਹੜੀ ਕਿ ਆਪਣੀ ਦਾਸੀ ਨੂੰ ਮੋਟੇ ਸੁਰਮੇਂ ਦੀ ਬਾਬਤ ਮਾਰ ਰਹੀ ਸੀ ਅਤੇ ਫਰੀਦ ਨੇ ਵਰਜਿਆ ਸੀ ਤਾਂ ਉਸਦੇ ਮਾਲਕ ਨੇ ਫਰੀਦ ਨੂੰ ਧੱਕਾ ਦਿੱਤਾ ਸੀ ਅਤੇ ਪਿਛੋਂ ਵੇਸਵਾ ਪ੍ਰਾਣ ਤਿਆਗ ਗਈ ਸੀ। ਅਰ ਓਸ ਵੇਸਵਾ ਦੇ ਅੱਖਾਂ ਦੇ ਡੇਲਿਆਂ ਵਿਚ ਪੰਛੀਆਂ ਨੇ ਬਾਚੇ ਦਿੱਤੇ ਹੋਏ ਵੇਖਕੇ ਫਰੀਦ ਜੀ ਨੇ ਆਖਿਆ।

**ਫਰੀਦਾ ਖਾਕੁ ਨ ਨਿੰਦੀਐ ਖਾਕੂ ਜੇਡੁ ਨ ਕੋਇ॥**
**ਜੀਵਦਿਆ ਪੈਰਾ ਤਲੈ ਮੁਇਆ ਉਪਰਿ ਹੋਇ ॥ ੧੭॥**

ਫਰੀਦਾ ਖਾਕ ਨੂੰ ਨਿੰਦਣਾਂ ਨਹੀਂ ਚਾਹੀਦਾ ਕਿਉਂ ਜੋ ਖਾਕ ਜਿੱਡਾ (ਪਰਉਪਕਾਰੀ) ਕੋਈ ਨਹੀਂ, ਜੀਵਦਿਆਂ ਪੈਰਾਂ ਤਲੇ ਰਹਿੰਦੀ ਹੈ ਅਤੇ ਮੋਇਆਂ ਹੋਇਆਂ (ਆਦਮੀ ਦੇ) ਉਪਰ ਹੋ ਜਾਂਦੀ ਹੈ ॥

**ਫਰੀਦਾ ਜਾ ਲਬੁ ਤ ਨੇਹੁ ਕਿਆ ਲਬੁ ਤ ਕੂੜਾ ਨੇਹੁ॥**
**ਕਿਚਰੁ ਝਤਿ ਲਘਾਈਐ ਛਪਰਿ ਤੁਟੈ ਮੇਹੁ॥੧੮॥**

ਫਰੀਦਾ ਜਦੋਂ ਲਬ ਸੀ ਤਾਂ ਓਥੇ ਪ੍ਰੇਮ ਕਿਹਾ? ਭਾਵ ਕੁਝ ਨਹੀਂ ਕਿਉਂਕਿ ਲਬ ਤਾਂ ਝੂਠਾ ਪ੍ਰੇਮ ਹੈ ਬਰਖਾ ਦੇ ਵੇਲੇ ਟੁਟੇ ਹੋਏ ਛੱਪਰ ਹੇਠਾਂ ਕਿੰਨਾ ਕੁ ਚਿਰ ਝਟ ਲੰਘੇਗਾ ਵਾ ਮੀਂਹ ਨਾਲ ਟੁਟਦੇ ਹੋਏ ਛੱਪਰ ਹੇਠਾਂ ਕਿੰਨਾਕੁ ਚਿਰ ਗੁਜਾਰਾ ਹੋਵੇਗਾ।

**ਫਰੀਦਾ ਜੰਗਲੁ ਜੰਗਲੁ ਕਿਆ ਭਵਹਿ ਵਣਿ ਕੰਡਾ ਮੋੜੇਹਿ॥**
**ਵਸੀ ਰਬੁ ਹਿਆਲੀਐ ਜੰਗਲੁ ਕਿਆ ਢੂਢੇਹਿ ॥ ੧੯॥**

ਫਰੀਦਾ ਜੰਗਲਾਂ ਜੰਗਲਾਂ ਵਿਚ ਕਿਸ ਵਾਸਤੇ ਭੌਂਦਾ ਹੈਂ ਅਤੇ ਵਣ ਦੇ ਕੰਡਿਆਂ ਨੂੰ ਕਿਉਂ ਮੋੜਦਾ ਫਿਰਦਾ ਹੈਂ ਭਾਵ ਹੱਥ ਨਾਲ ਕਿਉਂ ਹਟਾਉਂਦਾ ਹੈਂ ਕਿਉਂ ਜੋ ਰਬ ਤਾਂ ਤੇਰੇ ਦਿਲ ਵਿਚ ਹੀ ਵਸਦਾ ਹੈ ਅਤੇ ਤੂੰ ਜੰਗਲਾਂ ਵਿਚ ਕੀ ਢੂੰਡਦਾ ਹੈਂ ॥

**ਫਰੀਦਾ ਇਨੀ ਨਿਕੀ ਜੰਘੀਐ ਥਲ ਡੂਗਰ ਭਵਿਓਮ੍ਹਿ॥**
**ਅਜੁ ਫਰੀਦੈ ਕੂਜੜਾ ਸੈ ਕੋਹਾਂ ਥੀਓਮਿ ॥੨੦॥**

ਡੂਗਰ = ਪਹਾੜ ॥

ਫਰੀਦਾ ਮੈਂ ਏਨਾਂ ਨਿਕੀਆਂ ਜੰਘਾਂ ਨਾਲ ਵਡੇ ਵਡੇ ਟਿੱਬੇ ਅਤੇ ਪਰ-ਬਤ ਭੌਂ ਆਇਆ ਪਰ ਅਜ ਮੈਨੂੰ ਏਹ ਕੂਜਾ (ਥੋੜੀ ਜੇਹੀ ਵਿਥ ਤੇ ਪਿਆ ਹੋਇਆ) ਮਾਨੋਂ ਸੌ ਕੋਹਾਂ ਬਰਾਬਰ ਹੋਗਿਆ ਹੈ।

**ਫਰੀਦਾ ਰਾਤੀ ਵਡੀਆਂ ਧੁਖਿ ਧੁਖਿ ਉਠਨਿ ਪਾਸ॥**
**ਧਿਗੁ ਤਿਨ੍ਹਾ ਦਾ ਜੀਵਿਆ ਜਿਨਾ ਵਿਡਾਣੀ ਆਸ॥੨੧॥**

ਵਿਡਾਣੀ = ਬਿਗਾਨੀ ॥

ਫਰੀਦਾ ਰਾਤੀਂ ਵਡੀਆਂ ਹਨ ਅਤੇ ਪਾਸੇ ਧੁਖਿ ਧੁਖਿ ਉਠਦੇ ਹਨ ਪਰ ਐਸੀਆਂ ਰਾਤਾਂ ਵਿਚ ਉਨਾਂ ਆਦਮੀਆਂ ਦਾ ਜੀਵਿਆ ਧ੍ਰਿਗ ਹੈ ਜਿਨਾਂ ਨੂੰ

ਦੂਜੇ ਹੋਰ ਕਿਸੇ ਦੀ ਆਸ ਹੈ ॥

**ਫਰੀਦਾ ਜੇ ਮੈ ਹੋਦਾ ਵਾਰਿਆ ਮਿਤਾ ਆਇੜਿਆਂ ॥**
**ਹੇੜਾ ਜਲੈ ਮਜੀਠ ਜਿਉ ਉਪਰਿ ਅੰਗਾਰਾ ॥ ੨੨ ॥**

ਵਾਰਿਆ = ਵਰਜ ਰਖਣਾ ॥ ਹੇੜਾ = ਸਰੀਰ ਵਾ ਸ਼ਿਕਾਰ ਦਾ ਮਾਸ ।

ਹੇ ਆਏ ਹੋਏ ਮਿਤ੍ਰ ਜੇ ਮੈਂ ਹੁੰਦਿਆਂ ਸੁੰਦਿਆਂ ਤੇਰੇ ਪਾਸੋਂ ਪਦਾਰਥ ਲੁਕਾ ਰਖਿਆ ਹੈ ਤਾਂ ਮੇਰਾ ਸਰੀਰ ਅੰਗਾਰਾਂ ਉਤੇ ਧਰੀ ਹੋਈ ਮਜੀਠ ਵਾਂਙੂ ਸੜੇ ॥

**ਫਰੀਦਾ ਲੋੜੈ ਦਾਖ ਬਿਜਉਰੀਆਂ ਕਿਕਰਿ ਬੀਜੈ ਜਟੁ ॥**
**ਹੰਢੈ ਉੰਨ ਕਤਾਇਦਾ ਪੈਧਾ ਲੋੜੈ ਪਟੁ ॥ ੨੩ ॥**

ਬਿਜਉਰੀਆਂ = ਖਟੇਨਿੰਬੂ ਵ ਚਕੋਦ੍ਰੇ ਦਾ ਫਲ ਵਾ ਬਜੌਰ ਦੇਸ । ਹੰਢੈ = ਫਿਰਦਾ ।

ਫਰੀਦਾ ਮੂਰਖ ਜੱਟ ਕਿੱਕਰਾਂ ਬੀਜਦਾ ਹੈ ਅਤੇ ਓਨ੍ਹਾਂ ਦਾ ਫਲ ਦਾਖਾਂ ਬਿਜੌਰੀਆਂ ਲੋੜਦਾ ਹੈ, ਉੱਨ ਕਤਾਉਂਦਾ ਫਿਰਦਾ ਹੈ ਅਤੇ ਪੱਟ ਪੈਹਨਿਆਂ ਲੋੜਦਾ ਹੈ ॥

**ਫਰੀਦਾ ਗਲੀਏ ਚਿਕੜੁ ਦੂਰਿ ਘਰੁ ਨਾਲਿ ਪਿਆਰੇ ਨੇਹੁ ॥**
**ਚਲਾ ਤ ਭਿਜੈ ਕੰਬਲੀ ਰਹਾਂ ਤ ਤੁਟੈ ਨੇਹੁ ॥ ੨੪ ॥**

ਫਰੀਦਾ ਗਲੀਆਂ ਵਿਚ ਚਿਕੜ ਹੈ ਅਤੇ ਪਿਆਰੇ ਦਾ ਘਰ ਦੂਰ ਹੈ ਅਤੇ ਮੇਰਾ ਉਸ ਪਿਆਰੇ ਨਾਲ ਵੱਡਾ ਪ੍ਰੇਮ ਹੈ ਜੇ ਚੱਲਾਂ ਤਾਂ ਕੰਬਲੀ ਭਿੱਜਦੀ ਹੈ ਜੇ ਰਹਾਂ ਤਾਂ ਪ੍ਰੇਮ ਟੁੱਟਦਾ ਹੈ ॥

**ਭਿਜਉ ਸਿਜਉ ਕੰਬਲੀ ਅਲਹ ਵਰਸਉ ਮੇਹੁ ॥**
**ਜਾਇ ਮਿਲਾ ਤਿਨਾ ਸਜਣਾ ਤੁਟਉ ਨਾਹੀ ਨੇਹੁ ॥ ੨੫ ॥**

ਸਿਜਉ = ਸਿੱਲੀ ਹੋਵੇ । ਵਰਸਉ = ਵੱਸਣਾ ॥

ਵਾਹਿਗੁਰੂ ਵਲੋਂ ਜੇਹੜਾ ਮੀਂਹ ਵਸਦਾ ਹੈ ਸੋ ਵਰ੍ਹੇ ਪਿਆ, ਓਹ ਜਾਣੇ (ਭਾਵੇਂ) ਚਾਹੇ ਕੰਬਲੀ ਭਿੱਜ ਸਿੱਜ ਹੀ ਜਾਵੇ ਅਤੇ ਅੱਲਾ ਮੀਂਹ ਪੌਂਦਾ ਹੀ ਰਹੇ ਵਾ ਅੱਲਾ ਦੀ ਆਗਿਆ ਨਾਲ ਮੀਂਹ ਵਰ੍ਹਦਾ ਰਹੇ ਪਰ ਤਿਨ੍ਹਾਂ ਸੱਜਣਾਂ ਨੂੰ ਜਾ ਮਿਲਾਂਗਾ ਜਿਸ ਕਰਕੇ ਮੇਰਾ ਪ੍ਰੇਮ ਨਾ ਟੁੱਟੇ ।

**ਫਰੀਦਾ ਮੈ ਭੋਲਾਵਾ ਪਗ ਦਾ ਮਤੁ ਮੈਲੀ ਹੋਇ ਜਾਇ ॥**
**ਗਹਿਲਾ ਰੂਹੁ ਨ ਜਾਣਈ ਸਿਰੁ ਭੀ ਮਿਟੀ ਖਾਇ ॥ ੨੬ ॥**

ਫਰੀਦਾ ਮੈਂ ਪਗ ਦੇ ਭੁਲਾਵੇ ਹੀ ਰਿਹਾ ਕਿਧਰੇ ਮੈਲੀ ਨਾ ਹੋ

ਜਾਵੇ ਪਰ ਮੇਰਾ ਗਾਫਲ ਤੂਹ ਨਹੀਂ ਜਾਣਦਾ ਕਿ ਤੇ ਸਿਰ ਵੀ ਮਿਟੀ ਨੇ ਖਾਂ ਜਾਣਾ ਹੈ।

**ਫਰੀਦਾ ਸਕਰ ਖੰਡੁ ਨਿਵਾਤ ਗੁੜੁ ਮਾਖਿਓ ਮਾਂਝਾ ਦੁਧੁ॥**
**ਸਭੇ ਵਸਤੂ ਮਿਠੀਆਂ ਰਬ ਨ ਪੁਜਨਿ ਤੁਧੁ॥ ੨੭॥**

ਫਰੀਦਾ ੧ ਸ਼ੱਕਰ, ੨ ਖੰਡ, ੩ ਮਿਸਰੀ, ੪ ਗੁੜ, ੫ ਮਾਖਿਓਂ, ੬ ਮਾਝਾ ਦੁਧ। ਏਹ ਸਾਰੀਆਂ ਹੀ ਚੀਜ਼ਾਂ ਮਿਠੀਆਂ ਹਨ ਪਰ ਹੇ ਰਬ ਤੇਰੇ ਬਰਾਬਰ ਫਿਰ ਵੀ ਨਹੀਂ ਪੁਜਦੀਆਂ॥

**ਫਰੀਦਾ ਰੋਟੀ ਮੇਰੀ ਕਾਠ ਕੀ ਲਾਵਣੁ ਮੇਰੀ ਭੁਖ॥**
**ਜਿਨ੍ਾ ਖਾਧੀ ਚੋਪੜੀ ਘਣੇ ਸਹਨਿਗੇ ਦੁਖ॥ ੨੮॥**

ਘਣੇ = ਬਹੁਤ॥

ਫਰੀਦਾ ਰੋਟੀ ਮੇਰੀ ਕਾਠ ਦੀ ਹੈ ਅਤੇ ਸਲੂਣਾਂ ਮੇਰੀ ਭੁਖ ਹੈ ਭਾਵ ਮੈਂ ਰੋਟੀ ਦਾਲ ਤੋਂ ਬਿਨਾਂ ਹੀ ਭੁਖਾ ਦੁਖ ਸਹਾਰਦਾ ਹਾਂ ਅਤੇ ਜਿਨ੍ਹਾਂ ਨੇ ਚੋਪੜੀਆਂ ਖਾਧੀਆਂ ਹਨ ਓਹ ਬਹੁਤ ਦੁਖ ਸਹਾਰਨਗੇ॥

**ਰੁਖੀ ਸੁਖੀ ਖਾਇਕੈ ਠੰਢਾ ਪਾਣੀ ਪੀਉ॥**
**ਫਰੀਦਾ ਦੇਖਿ ਪਰਾਈ ਚੋਪੜੀ ਨਾ ਤਰਸਾਏ ਜੀਉ॥ ੨੯॥**

ਇਸ ਲਈ ਰੁਖੀ ਸੁਖੀ ਖਾਕੇ ਠੰਡਾ ਪਾਣੀ ਪੀ ਅਤੇ ਹੇ ਫਰੀਦਾ ਪਰਾਈ ਚੋਪੜੀ ਵੇਖਕੇ ਜੀਅ ਨੂੰ ਨਾਂ ਤਰਸਾ॥

**ਅਜੁ ਨ ਸੁਤੀ ਕੰਤ ਸਿਉ ਅੰਗ ਮੁੜੇ ਮੁੜਿ ਜਾਇ॥**
**ਜਾਇ ਪੁਛਹੁ ਡੋਹਾਗਣੀ ਤੁਮ ਕਿਉ ਰੈਣਿ ਵਿਹਾਇ॥ ੩੦॥**

ਰੈਣਿ = ਰਾਤ। ਵਿਹਾਇ = ਬੀਤਦੀ

ਮੈਂ ਅਜ ਹੀ ਆਪਣੇ ਕੰਤ ਨਾਲ ਨਹੀਂ ਸੁਤੀ ਅਤੇ ਮੇਰੇ ਅੰਗ ਮੁੜ ਮੁੜ ਜਾਂਦੇ ਹਨ ਪਰ ਅਫਸੋਸ ਕਿ ਦੋਹਾਗਣੀਆਂ ਤੋਂ ਜਾਕੇ ਪੁਛੋ ਕਿ ਤੁਹਾਡੀ ਰਾਤ ਕਿਕੂੰ ਗੁਜਰਦੀ ਹੈ॥

**ਸਾਹੁਰੈ*ਢੋਈ ਨ ਲਹੈ ਪੇਈਐ ਨਾਹੀ ਥਾਉ॥**
**ਪਿਰੁ ਵਾਤੜੀ ਨ ਪੁਛਈ ਧਨ ਸੋਹਾਗਣਿ ਨਾਉ॥ ੩੧॥**

*ਜੇਹੜੇ ਆਦਮੀ ਵਿਸ਼ਿਆਂ ਵਿਚ ਆਪਣਾਂ ਸਮਾਂ ਗਵਾ ਦੇਂਦੇ ਹਨ, ਉਨਾਂ ਨੂੰ ਲੋਕ ਪ੍ਰਲੋਕ ਵਿਚ ਢੋਈ ਨਹੀਂ ਮਿਲਦੀ ਅਤੇ ਵਾਹਿਗੁਰੂ ਵੀ ਬਾਤ ਨਹੀਂ ਪੁਛਦਾ ਤੇ ਤਾਂ ਫਿਰ ਓਹ ਮਨਮੁਖ ਧੰਨ ਹਨ।

ਸਾਹੁਰੇ ਤਾਂ ਢੋਈ ਨਹੀਂ ਲੈਂਦੀ ਅਤੇ ਪੇਕੇ ਕੋਈ ਥਾਂ ਨਹੀਂ ਅਤੇ ਪਤੀ ਬਾਤ ਨਹੀਂ ਪੁਛਦਾ ਤਾਂ ਫਿਰ ਵਾਹਵਾ ਸੁਹਾਗਣਿ ਨਾਮ ਹੈ ਅਥਵਾ ਤਾਂ ਫਿਰ ਓਹ ਵਾਹਵਾ ਇਸਤ੍ਰੀ ਹੈ ਜੇਹੜੀ ਆਪਣਾ ਨਾਮ ਸੁਹਾਗਣੀ ਧਰੌਂਦੀ ਹੈ।

(ਅਸਲ ਸੁਹਾਗਣ)

**ਸਾਹੁਰੈ ਪੇਈਐ ਕੰਤ ਕੀ ਕੰਤੁ ਅਗੰਮੁ ਅਥਾਹੁ ॥**
**ਨਾਨਕ ਸੋ ਸੋਹਾਗਣੀ ਜੁ ਭਾਵੈ ਬੇਪਰਵਾਹ ॥ ੩੨ ॥**

ਸੌਹਰੇ ਪੇਕੇ (ਲੋਕ ਪ੍ਰਲੋਕ) ਕੰਤ ਦੀ ਹੈ ਅਤੇ ਓਹ ਵਾਹਿਗੁਰੂ ਰੂਪ ਕੰਤ ਅਗੰਮ ਅਥਾਹ ਹੈ ਗੁਰੂ ਜੀ ਆਖਦੇ ਹਨ ਕਿ ਓਹ ਸੁਹਾਗਣ ਹੈ ਜੋ ਬੇਪ੍ਰਵਾਹ ਪ੍ਰਮਾਤਮਾਂ ਨੂੰ ਭਾਉਂਦੀ ਹੈ।

**ਨਾਤੀ ਧੋਤੀ ਸੰਬਹੀ ਸੁਤੀ ਆਇ ਨਚਿੰਦੁ ॥**
**ਫਰੀਦਾ ਰਹੀ ਸੁ ਬੇੜੀ ਹਿੰਙੁ ਦੀ ਗਈ ਕਥੂਰੀ ਗੰਧੁ ॥ ੩੩ ॥**

ਸੰਬਹੀ = ਨਵੇਂ ਕਪੜੇ ਪੌਣੇ, ਸਿੰਗਾਰ।

ਨ੍ਹਾ ਧੋਕੇ ਅਤੇ ਬਣ ਠਣ ਕੇ ਨਿਸਚਿੰਤ ਆ ਸੁਤੀ, ਪਰ ਓਹ ਹੰਕਾਰਨ ਇਸ.੍ਰੀ ਹਿੰਙ ਦੀ ਬੋੜੀ ਵਾਂਗੂੰ ਹੀ ਰਹੀ ਅਤੇ ਉਸ ਵਿਚੋਂ ਭਗਤੀ ਰੂਪੀ ਕਸਤੂਰੀ ਦੀ ਸੁਗੰਧੀ ਜਾਂਦੀ ਰਹੀ ॥

**ਜੋਬਨ ਜਾਂਦੇ ਨਾ ਡਰਾਂ ਜੇ ਸਹ ਪ੍ਰੀਤਿ ਨ ਜਾਇ ॥**
**ਫਰੀਦਾ ਕਿਤੰੀ ਜੋਬਨ ਪ੍ਰੀਤਿ ਬਿਨੁ ਸੁਕਿ ਗਏ ਕੁਮਲਾਇ ॥ ੩੪ ॥**

ਮੈਂ ਜੋਬਨ ਜਾਂਦੇ ਨਹੀਂ ਡਰਦੀ ਪਰ ਜੇ ਮੇਰੀ ਪਤੀ ਨਾਲੋਂ ਪ੍ਰੀਤ ਨਾਂ ਟੁਟੇ, ਕਿਉਂ ਜੋ ਪ੍ਰੀਤ ਤੋਂ ਬਿਨਾਂ ਕਈ ਜੋਬਨ ਸੁਕਕੇ ਕੁਮਲਾ ਗਏ ਭਾਵ ਮੇਰੇ ਬਹੁਤ ਜਨਮ ਐਵੇਂ ਚਲ ਗਏ ॥

**ਫਰੀਦਾ ਚਿੰਤ ਖਟੋਲਾ ਵਾਣੁ ਦੁਖੁ ਬਿਰਹਿ ਵਿਛਾਵਣ ਲੇਫੁ ॥**
**ਏਹੁ ਹਮਾਰਾ ਜੀਵਣਾ ਤੂ ਸਾਹਿਬ ਸਚੇ ਵੇਖੁ ॥ ੩੫ ॥**

ਫਰੀਦਾ ਚਿੰਤਾ ਤਾਂ ਮੰਜੂੜਾ ਹੈ, ਵਾਣ ਦੁਖ ਹੈ, ਅਤੇ ਵਿਛੋੜਾ ਵਾ ਪ੍ਰੇਮ ਵਿਛੌਣ ਵਾਸਤੇ ਲੇਫ ਹੈ ਹੇ ਸਚੇ ਸਾਹਿਬ ਤੂੰ ਏਹ ਵੇਖ ਜੋ ਸਾਡਾ ਜੀਉਣਾ ਹੈ ॥

**ਬਿਰਹਾ ਬਿਰਹਾ ਆਖੀਐ ਬਿਰਹਾ ਤੂ ਸੁਲਤਾਨੁ ॥**
**ਫਰੀਦਾ ਜਿਤੁ ਤਨਿ *ਬਿਰਹੁ ਨ ਊਪਜੈ**

---

*ਬਿਰਹੁ ਦਾ ਅੱਖਰੀ ਅਰਥ ਕਈ ਸਿਆਣੇ ਪ੍ਰੇਮ ਵੀ ਕਰਦੇ ਹਨ ਕਿ ਜਿਸ ਸਰੀਰ ਵਿਚ ਪ੍ਰੇਮ ਨਹੀਂ ਉਪਜਿਆ ਉਸ ਸਰੀਰ ਨੂੰ ਮੁਰਦੇ ਤੁਲ ਜਾਣ।

**ਸੋ ਤਨੁ ਜਾਣੁ ਮਸਾਣੁ ॥ ੩੬ ॥**

ਵਿਛੋੜੇ ਨੂੰ ਨਿੰਦੀਂ ਦਾ ਤਾਂ ਹੈ ਪਰ ਹੇ ਵਿਛੋੜੇ ਤੂੰ (ਚਿੰਤਾ ਦੁਖ ਰੋਗ ਆਦਿਕ ਸੰਪਦਾ ਦਾ) ਸੁਲਤਾਨ ਹੈਂ ਕਿਉਂ ਜੋ ਜਿਸ ਸਰੀਰ ਵਿੱਚ ਵਾਹਿਗੁਰੂ ਦਾ ਵਿਯੋਗ ਨਹੀਂ ਹੋਇਆ ਉਸ ਤਨ ਨੂੰ ਮਸਾਣ ਦੇ ਤੁਲ ਜਾਣ ॥

**ਫਰੀਦਾ ਏ ਵਿਸੁ ਗੰਦਲਾ ਧਰੀਆਂ ਖੰਡੁ ਲਿਵਾੜਿ ॥**
**ਇਕਿ ਰਾਹੇ ਦੇ ਰਹਿ ਗਏ ਇਕਿ ਰਾਧੀ ਗਏ ਉਜਾੜਿ ॥ ੩੭ ॥**

ਲਿਵਾੜਿ = ਗਲੇਫੀਆਂ, ਲਿੱਬੜੀਆਂ ਹੋਈਆਂ ॥ ਰਾਹੇ = ਬੀਜਦੇ, ਪਾਲਦੇ ।
ਰਾਧੀ = ਬੀਜੀ ਹੋਈ, ਰਿੰਨਿਆਂ ਹੋਇਆ ॥

ਫਰੀਦਾ ਏਹ ਇਸਤ੍ਰੀਆਂ ਵਿਹੁ ਦੀਆਂ ਭਰੀਆਂ ਹੋਈਆਂ ਗੰਦਲਾਂ ਖੰਡ ਵਿਚ ਲਪੇਟਕੇ ਰਖੀਆਂ ਹੋਈਆਂ ਹਨ, ਇਕ ਮੰਗੀਆਂ ਹੋਈਆਂ ਛੱਡ ਗਏ ਅਤੇ ਇਕ ਵਿਆਹਕੇ ਉਜਾੜ ਗਏ ਭਾਵ ਮਰ ਗਏ ॥

**ਫਰੀਦਾ ਚਾਰਿ ਗਵਾਇਆ ਹੰਢਿਕੈ ਚਾਰਿ ਗਵਾਇਆ ਸੰਮਿ॥**
**ਲੇਖਾ ਰਬੁ ਮੰਗੇਸੀਆ ਤੂ ਆਂਹੋ ਕੇਰ੍ਹੇ ਕੰਮਿ ॥ ੩੮ ॥**

ਹੰਢਿ = ਕੰਮਾਂ ਕਾਰਾਂ ਵਿਚ ਰੁੱਝਕੇ ।ਸੰਮਿ = ਸੌਂ ਕੇ ॥

ਫਰੀਦਾ ਚਾਰ ਪੈਹਰ ਦਿਨ ਤੂੰ ਆਪਣੇ ਕੰਮ ਕਾਰ ਵਿੱਚ ਫਸਕੇ ਗਵਾ ਦਿਤਾ ਅਤੇ ਚਾਰ ਪੈਹਰ ਰਾਤ ਸੌਂ ਕੇ । ਹਾਇ ਅਫਸੋਸ ! ਲੇਖਾ ਰੱਬ ਮੰਗੇਗਾ ਤੂੰ ਸੰਸਾਰ ਵਿਚ ਕੇਹੜੇ ਕੰਮ ਆਇਆ ਹੈਂ ।

**ਫਰੀਦਾ ਦਰਿ ਦਰਵਾਜੈ ਜਾਇਕੈ ਕਿਉ ਡਿਠੋ ਘੜੀਆਲੁ ॥**
**ਏਹੁ ਨਿਦੋਸਾਂ ਮਾਰੀਐ ਹਮ ਦੋਸਾਂ ਦਾ ਕਿਆ ਹਾਲੁ ॥ ੩੯ ॥**

ਫਰੀਦਾ ਤੂੰ ਦਰਵਾਜੇ ਵਿੱਚ ਜਾਕੇ ਘੜੀਆਲ ਦਾ ਕਿਹਾ ਹਾਲ ਦੇਖਿਆ ਹੈ ਕਿ ਏਹ ਤਾਂ ਵਿਚਾਰਾ ਬੇਦੋਸਾ ਮਾਰ ਖਾਂਦਾ ਹੈ ਅਸਾਂ ਪਾਪੀਆਂ ਦਾ ਕੀ ਹਾਲ ਹੋਵੇਗਾ ॥

**ਘੜੀਏ ਘੜੀਏ ਮਾਰੀਐ ਪਹਰੀ ਲਹੈ ਸਜਾਇ ॥**
**ਸੋ ਹੇੜਾ ਘੜੀਆਲ ਜਿਉ ਡੁਖੀ ਰੈਣਿ ਵਿਹਾਇ ॥ ੪੦ ॥**

ਹੇੜਾ = ਸਰੀਰ ॥ ਰੈਣਿ = ਰਾਤ ॥

ਇਸ ਘੜੀਆਲ ਨੂੰ ਘੜੀ ਘੜੀ ਮਗਰੋਂ ਮਾਰੀਦਾ ਹੈ ਅਤੇ ਫਿਰ ਪੈਹਰਾਂ ਦੇ ਬਾਦ ਬੜੀ ਸਜਾ ਲੈਂਦਾ ਹੈ ਸੋ ਏਹ ਸਰੀਰ ਘੜੀਆਲ ਵਾਂਙੂੰ ਦੁੱਖੀ ਹੋਕੇ ਰਾਤ (ਅਵਸਥਾ) ਬਤੌਂਦਾ ਹੈ।

**ਬुਢਾ ਹੋਆ ਸੇਖ ਫਰੀਦੁ ਕੰਬਣਿ ਲਗੀ ਦੇਹ॥**
**ਜੇ ਸਉ ਵਰ੍ਹਿਆ ਜੀਵਣਾ ਭੀ ਤਨੁ ਹੋਸੀ ਖੇਹ॥੪੧॥**

ਸ਼ੇਖ ਫਰੀਦ ਬੁੱਢਾ ਹੋ ਗਿਆ ਹੈ ਅਤੇ ਦੇਹੀ ਕੰਬਣ ਲਗ ਪਈ ਹੈ ਏਡੀ ਆਰਬਲਾ ਹੁੰਦਿਆਂ ਸੁੰਦਿਆਂ ਵੀ ਜੇ ਸੈਂਕੜਿਆਂ ਵਰ੍ਹਿਆਂ ਹੋਰ ਵੀ ਜੀਉਣਾਂ ਹੋਵੇ ਤੇ ਤਾਂ ਵੀ ਤਨ ਖੇਹ ਹੋ ਜਾਵੇਗਾ।

**ਫਰੀਦਾ ਬਾਰਿ ਪਰਾਇਐ ਬੈਸਣਾ ਸਾਂਈ ਮੁਝੈ ਨ ਦੇਹਿ॥**
**ਜੇ ਤੂ ਏਵੈ ਰਖਸੀ ਜੀਉ ਸਰੀਰਹੁ ਲੇਹਿ॥੪੨॥**

ਫਰੀਦਾ ਹੇ ਸਾਈਂ ਤੂੰ ਮੈਨੂੰ ਪਰਾਏ ਬੂਹੇ ਤੇ ਬੈਹਣਾ ਨ ਦੇਹ, ਜੇ ਤੂੰ ਮੈਨੂੰ ਇੱਕੁਰ ਹੀ (ਭਾਵ ਪਰਾਏ ਬੂਹੇ ਤੇ ਬੈਹਣਾਂ ਹੀ) ਰਖੇਂਗਾ ਤਾਂ ਇਸ ਨਾਲੋਂ ਹੇਛਾ ਹੈ ਜੋ ਮੇਰੇ ਸਰੀਰ ਵਿਚੋਂ ਜੀਉ ਕੱਢ ਲਏਂ।

**ਕੰਧਿ ਕੁਹਾੜਾ ਸਿਰਿ ਘੜਾ ਵਣਿ ਕੈ ਸਰੁ ਲੋਹਾਰੁ॥**
***ਫਰੀਦਾ ਹਉ ਲੋੜੀ ਸਹੁ ਆਪਣਾ**
**ਤੂ ਲੋੜਹਿ ਅੰਗਿਆਰ॥੪੩॥**

ਵਣਿ = ਜੰਗਲ ਦਾ ਦਰਖਤ।

ਮੋਢੇ ਉਤੇ ਕੁਹਾੜਾ ਰਖਿਆ ਹੋਇਆ ਅਤੇ ਸਿਰ ਤੇ ਪਾਣੀ ਦਾ ਘੜਾ ਚੁਕਿਆ ਹੋਇਆ ਜੰਗਲ ਦੇ ਸਿਰੇ ਤੇ ਲੋਹਾਰ ਆ ਪਹੁੰਚਾ ਵਾਵਣ ਬ੍ਰਿਛ ਦੇ ਪਾਸ ਆ ਖੜੋਤਾ ਫਰੀਦ ਜੀ ਕਹਿੰਦੇ ਹਨ ਕਿ ਮੈਂ ਤਾਂ ਆਪਣੇ ਪਤੀ ਪ੍ਰਮਾ-ਤਮਾਂ ਨੂੰ ਲੋੜਿਆ ਚਾਹੁੰਦਾ ਹਾਂ ਅਤੇ ਤੂੰ ਅੰਗਿਆਰ ਚਾਹੁੰਦਾ ਹੈਂ॥

**ਫਰੀਦਾ ਇਕਨਾ ਆਟਾ ਅਗਲਾ ਇਕਨਾ ਨਾਹੀ ਲੋਣੁ॥**
**ਅਗੈ ਗਏ ਸਿੰਵਾਪਸਨਿ ਚੋਟਾਂ ਖਾਸੀ ਕਉਣੁ॥੪੪॥**

ਫਰੀਦਾ ਇਕਨਾਂ ਦੇ ਪਾਸ ਤਾਂ ਆਟਾ ਬਹੁਤ ਸਾਰਾ ਹੈ ਅਤੇ ਇਕਨਾਂ ਦੇ ਪਾਸ ਲੂਣ ਵੀ ਨਹੀਂ ਹੈ ਪਰ ਇਸ ਗੱਲ ਦਾ ਅੱਗੇ ਜਾਕੇ ਨਿਰਨਾ ਹੋਵੇਗਾ ਕਿ ਚੋਟਾਂ ਕੌਣ ਖਾਵੇਗਾ॥

**ਪਾਸਿ ਦਮਾਮੇ ਛਤੁ ਸਿਰਿ ਭੇਰੀ ਸਡੋ ਰਡ॥**
**ਜਾਇ ਸੁਤੇ ਜੀਰਾਣ ਮਹਿ ਥੀਏ ਅਤੀਮਾ ਗਡ॥੪੫॥**

---

*ਫਰੀਦ ਜੀ ਜਿੱਥੇ ਤਪ ਕਰਦੇ ਸੀ ਓਥੇ ਇਕ ਲੁਹਾਰ ਆਇਆ ਅਤੇ ਫਰੀਦ ਨੂੰ ਵੇਖਕੇ ਹਸਕੇ (ਈਰਖਾ) ਕਰਨ ਲਗਾ ਕਿ ਇਹ ਵੀ ਕੋਲੇ ਲੈਣ ਆਇਆ ਹੈ।

ਭੇਰੀ = ਤੂਤੀ । ਸਡੋ = ਭੱਟ । ਰਡ = ਛੰਦ ।

ਜੀਰਾਣ = ਮਸਾਣ ਭੂਮਿਕਾ । ਅਤੀਮਾ = ਯਤੀਮ ।

ਜਿਨ੍ਹਾਂ ਰਾਜਿਆਂ ਦੇ ਪਾਸ ਨਗਾਰੇ ਅਤੇ ਸਿਰ ਉਤੇ ਛਤ੍ਰ ਅਤੇ ਪਾਸ ਤੂਤੀਆਂ ਵਜਦੀਆਂ ਸੀ ਅਤੇ ਭੱਟ ਲੋਕ ਓਨਾਂ ਦੀ ਛੰਦਾਂ ਵਿਚ ਉਸਤਤੀ ਕਰਦੇ ਸੀ ਓਹ ਵੀ ਮਸਾਣ ਭੂਮਿਕਾ ਵਿਚ ਜਾ ਸੁਤੇ ਅਤੇ ਜ਼ਮੀਨ ਵਿਚ ਯਤੀਮਾਂ ਵਾਙੂ ਗੱਡੇ ਗਏ ।

**ਫਰੀਦਾ ਕੋਠੇ ਮੰਡਪ ਮਾੜੀਆ ਉਸਾਰੇ ਦੇ ਭੀ ਗਏ ॥**
**ਕੂੜਾ ਸਉਦਾ ਕਰਿ ਗਏ ਗੋਰੀ ਆਇ ਪਏ ॥ ੪੬ ॥**

ਫਰੀਦਾ ਕੋਠੇ ਮੰਡਪ ਅਤੇ ਮਾੜੀਆਂ ਨੂੰ ਉਸਾਰਨ ਵਾਲੇ ਵੀ ਚਲੇ ਗਏ, ਕਿਉਂ ਜੋ ਝੂਠਾ ਸੌਦਾ ਕਰ ਗਏ ਅਤੇ ਗੋਰਾਂ ਵਿਚ ਆ ਪਏ ।

**ਫਰੀਦਾ ਖਿੰਥੜਿ ਮੇਖਾ ਅਗਲੀਆ ਜਿੰਦੁ ਨ ਕਾਈ ਮੇਖ ॥**
**ਵਾਰੀ ਆਪੋ ਆਪਣੀ ਚਲੇ ਮਸਾਇਕ ਸੇਖ ॥ ੪੭ ॥**

ਮੇਖ = ਟਾਕੀਆਂ ।

ਫਰੀਦਾ ਗੋਦੜੀ ਨੂੰ ਤਾਂ (ਪੱਕਾ ਕਰਨ ਵਾਸਤੇ) ਬਥੇਰੇ ਤੋਪੇ ਲੱਗੇ ਹੋਏ ਹਨ ਪਰ ਜਿੰਦ ਨੂੰ ਕੋਈ ਤੋਪਾ ਨਹੀਂ ਕਿਉਂ ਜੋ ਆਪੋ ਆਪਣੀ ਵਾਰੀ ਸਿਰ ਸ਼ੇਖ ਅਤੇ ਮਸਾਇਕ ਚਲ ਜਾਂਦੇ ਹਨ ।

**ਫਰੀਦਾ ਦੁਹੁ ਦੀਵੀ ਬਲੰਦਿਆ ਮਲਕੁ ਬਹਿਠਾ ਆਇ ॥**
**ਗੜੁ ਲੀਤਾ ਘਟੁ ਲੁਟਿਆ ਦੀਵੜੇ ਗਇਆ ਬੁਝਾਇ ॥ ੪੮ ॥**

ਫਰੀਦਾ ਦੋ ਅਖਾਂ ਰੂਪ ਦੀਵਿਆਂ ਦੇ ਬਲਦਿਆਂ ਬਲਦਿਆਂ ਵੀ ਮਲਕੁਲ ਮੌਤ (ਜਮਰਾਜ) ਆ ਬੈਂਹਦਾ ਹੈ ਅਤੇ ਸਰੀਰ ਰੂਪ ਕਿਲੇ ਨੂੰ ਲੈਕੇ ਅਤੇ ਰਿਦੇ ਰੂਪ ਖਜਾਨਾ ਲੁਟਿਆ ਅਤੇ ਨੇਤਰਾਂ ਰੂਪ ਦੋਵੇਂ ਦੀਵੇ ਬੁਝਾ ਗਿਆ ।

**ਫਰੀਦਾ ਵੇਖੁ ਕਪਾਹੈ ਜਿ ਥੀਆ ਜਿ ਸਿਰਿ ਥੀਆ ਤਿਲਾਹ ॥ ਕਮਾਦੈ ਅਰੁ ਕਾਗਦੈ ਕੁੰਨੇ ਕੋਇਲਿਆਹ ॥**
**ਮੰਦੇ ਅਮਲ ਕਰੇਦਿਆ ਏਹ ਸਜਾਇ ਤਿਨਾਹ ॥ ੪੯ ॥**

ਫਰੀਦਾ ਦੇਖ ਜੋ ਕਪਾਹ ਦਾ ਹਾਲ ਹੋਇਆ ਹੈ ਅਤੇ ਯਾਂ ਜੋ ਤਿਲਾਂ ਦੇ ਸਿਰ ਬੀਤੀ ਹੈ ਅਤੇ ਯਾਂ ਕਮਾਦ, ਕਾਗਦ, ਕੁੰਨੇ, ਕੋਲਿਆਂ ਦਾ ਹਾਲ ਹੋਇਆ ਹੈ। ਤਿਨਾਂ ਮੰਦੇ ਅਮਲ ਕਰਨ ਵਾਲਿਆਂ ਨੂੰ ਏਹ ਸਜ਼ਾ ਮਿਲੀ ਹੈ ।

**ਫਰੀਦਾ ਕੰਨਿ ਮੁਸਲਾ ਸੂਫੁ ਗਲਿ ਦਿਲਿ ਕਾਤੀ ਗੁੜੁ ਵਾਤਿ ॥**

**ਬਾਹਰਿ ਦਿਸੈ ਚਾਨਣਾ ਦਿਲਿ ਅੰਧਿਆਰੀ ਰਾਤਿ ॥ ੫੦ ॥**

ਫਰੀਦਾ ਮੋਢੇ ਉੱਤੇ ਤਾਂ ਮੁਸੱਲਾ ਹੈ ਅਤੇ ਗਲ ਵਿਚ ਸੂਫ (ਖਫਨੀ) ਪਾਇਆ ਹੋਇਆ ਹੈ ਅਤੇ ਦਿਲ ਜੋ ਹੈ ਸੋ ਕੈਂਚੀ ਵਰਗਾ ਹੈ ਅਤੇ ਮੂੰਹੋਂ ਬਚਨ ਗੁੜ ਵਾਂਗੂ ਮਿਠੇ ਬੋਲਦਾ ਹੈ ਬਾਹਰੋਂ ਤਾਂ ਬੜਾ ਚਾਨਣਾਂ ਗਿਆਨੀ ਦਿਸਦਾ ਹੈ ਪਰ ਅੰਦਰੋਂ ਅਗਯਾਨ ਰੂਪ ਕਾਲੀ ਬੋਲੀ ਰਾਤ ਹੈ।

**ਫਰੀਦਾ ਰਤੀ ਰਤੁ ਨ ਨਿਕਲੈ ਜੇ ਤਨੁ ਚੀਰੈ ਕੋਇ ॥**
**ਜੋ ਤਨ ਰਤੇ ਰਬ ਸਿਉ ਤਿਨ ਤਨਿ ਰਤੁ ਨ ਹੋਇ ॥ ੫੧ ॥**

ਫਰੀਦਾ ਜੇ ਕੋਈ ਮੇਰੇ ਤਨ ਨੂੰ ਚੀਰੇ ਤੇ ਤਾਂ ਰਤਾ ਭਰ ਵੀ ਰੱਤ ਨਾ ਨਿਕਲੇ ਕਿਉਂ ਜੋ ਜੇਹੜੇ ਤਨ ਰਬ ਦੇ ਪ੍ਰੇਮ ਵਿਚ ਰਤੇ ਹੋਏ ਹਨ ਤਿਨਾਂ ਦੇ (ਤਨ) ਵਿਚ ਰੱਤ ਨਹੀਂ ਹੁੰਦੀ।

**ਮਃ ੩ ॥*ਇਹੁ ਤਨੁ ਸਭੋ ਰਤੁ ਹੈ ਰਤੁ ਬਿਨੁ ਤੰਨੁ ਨ ਹੋਇ ॥**
**ਜੋ ਸਹ ਰਤੇ ਆਪਣੇ ਤਿਤੁ ਤਨਿ ਲੋਭੁ ਰਤੁ ਨ ਹੋਇ ॥**

ਏਹ ਤਨ ਸਾਰਾ ਰੱਤ ਦਾ ਬਣਿਆ ਹੋਇਆ ਹੈ ਕਿਉਂ ਜੋ ਰੱਤ ਤੋਂ ਬਿਨਾਂ ਤਨ ਨਹੀਂ ਹੋ ਸਕਦਾ, ਹਾਂ ਜੇਹੜੇ ਤਨ ਆਪਣੇ ਪਤੀ ਦੇ ਪ੍ਰੇਮ ਵਿਚ ਰਤੇ ਹੋਏ ਹਨ ਉਨ੍ਹਾਂ ਵਿਚ ਲੋਭ ਰੂਪ ਰਤ ਨਹੀਂ ਹੁੰਦੀ।

**ਭੈ ਪਇਐ ਤਨੁ ਖੀਣੁ ਹੋਇ ਲੋਭੁ ਰਤੁ ਵਿਚਹੁ ਜਾਇ ॥**
**ਜਿਉ ਬੈਸੰਤਰਿ ਧਾਤੁ ਸੁਧੁ ਹੋਇ ਤਿਉ**
**ਹਰਿਕਾ ਭਉ ਦੁਰਮਤਿ ਮੈਲੁ ਗਵਾਇ ॥**
**ਨਾਨਕ ਤੇ ਜਨ ਸੋਹਣੇ ਜਿ ਰਤੇ ਹਰਿ ਰੰਗੁ ਲਾਇ ॥ ੫੨ ॥**

ਵਾਹਿਗੁਰੂ ਦਾ ਭੈ ਓਨਾਂ ਤਨਾਂ ਵਿਚ ਪੈਣ ਕਰਕੇ ਓਨਾਂ ਤਨਾਂ ਨੂੰ ਕਮਜ਼ੋਰ ਕਰ ਦੇਂਦਾ ਹੈ, ਅਤੇ ਲੋਭ ਰੂਪ ਰੱਤ ਨੂੰ ਵਿਚੋਂ ਕੱਢ ਦੇਂਦਾ ਹੈ ਜਿੱਕਰ ਅੱਗ ਦੇ ਨਾਲ ਧਾਤੁ (ਮੈਲ ਆਦਿਕ ਤੋਂ) ਸੁਧ ਹੋ ਜਾਂਦੀ ਹੈ ਤਿੱਕਰ ਹੀ ਪ੍ਰਮੇਸ਼ਰ ਦੇ ਭੈ (ਰੂਪੀ ਅੱਗ) ਨਾਲ ਦੁਰਮਤ ਰੂਪੀ ਮੈਲ ਚਲੀ ਜਾਂਦੀ ਹੈ। ਗੁਰੂ ਜੀ ਆਖਦੇ ਹਨ ਕਿ ਓਹ ਆਦਮੀ ਸੋਭਨੀਕ ਹਨ ਜੇਹੜੇ ਵਾਹਿਗੁਰੂ ਦੇ ਪ੍ਰੇਮ ਵਿਚ ਬ੍ਰਿਤੀ ਲਾਕੇ ਰੱਤੇ ਗਏ ਹਨ।

---

*ਗੁਰੂ ਅਮਰਦਾਸ ਜੀ ਫਰੀਦ ਜੀ ਦੇ ਭਾਵ ਨੂੰ ਖੋਹਲਣ ਵਾਸਤੇ ਨੋਟ ਚਾੜ੍ਹਦੇ ਹਨ ਕਿ ਕਿਤੇ ਰੱਤ ਪਦ ਦੇ ਅਰਥ ਤੋਂ ਅਜ ਕਲ ਦੇ ਸਾਇੰਸ ਦਾਨ ਧੋਖਾ ਨਾ ਖਾ ਜਾਣ ॥

**ਫਰੀਦਾ ਸੋਈ ਸਰਵਰੁ ਢੂਢਿ ਲਹੁ ਜਿਥਹੁ ਲਭੀ ਵਥੁ ॥**
**ਛਪੜਿ ਢੂਢੈ ਕਿਆ ਹੋਵੈ ਚਿਕੜਿ ਡੁਬੈ ਹਥੁ ॥ ੫੩ ॥**

ਫਰੀਦਾ ਸੋਈ ਸਰਵਰ (ਤਲਾ) ਢੂੰਢ ਲੇ ਜਿਥੋਂ ਤੈਨੂੰ ਵਥ ਲਭੇ, ਕਿਉਂ ਜੋ ਛੱਪੜ ਵਿਚ ਲਭਿਆਂ ਕੁਝ ਹੱਥ ਨਹੀਂ ਆਉਂਦਾ ਅਤੇ ਹੱਥ ਚਿਕੜ ਵਿਚ ਲਿਬੜ ਜਾਂਦੇ ਹਨ।

(ਨੋਟ) ਸਰਵਰ ਤੋਂ ਭਾਵ ਗੁਰੂ ਆਤਮ ਗਿਆਨ ਦਾ ਦਾਤਾ ਹੈ ਅਤੇ ਛੱਪੜ ਦਾ ਭਾਵ ਫੋਕਟ ਕਰਮ ਅਤੇ ਦੇਵੀ ਦੇਵਤੇ ਹਨ ਚਿਕੜ ਤੋਂ ਮੁਰਾਦ ਅਗਜਾਨ ਹੈ। ਹੱਥ = ਅੰਤਹ ਕਰਣ।

**ਫਰੀਦਾ ਨੰਢੀ ਕੰਤੁ ਨ ਰਾਵਿਓ ਵਡੀ ਥੀ ਮੁਈਆਸੁ ॥**
**ਧਨ ਕੂਕੇਂਦੀ ਗੋਰ ਮੇ ਤੈ ਸਹ ਨਾ ਮਿਲੀਆਸੁ ॥ ੫੪॥**

ਨੱਢੀ = ਛੋਟੀ ਅਵਸਥਾ । ਧਨ = ਇਸਤ੍ਰੀ।

ਫਰੀਦਾ ਮੈਂ ਜੀਵ ਰੂਪੀ ਇਸਤ੍ਰੀ ਨੇ ਛੋਟੀ ਅਵਸਥਾ ਵਿਚ ਪਤੀ ਪ੍ਰਮੇਸ਼ਵਰ ਨੂੰ ਨ ਰਾਵਿਆ ਅਤੇ ਵਡੀ ਹੋਕੇ (ਭਗਤੀ ਤੋਂ ਬਿਨਾਂ) ਮਰ ਗਈ । ਇਹ ਜੀਵ ਰੂਪੀ ਇਸਤ੍ਰੀ ਗੋਰ ਵਿਚ ਪਈ ਹੋਈ ਕੂਕੇਗੀ ਕਿ ਮੈਂ ਤੈਨੂੰ ਕਿਉਂ ਨ ਮਿਲੀ।

**ਫਰੀਦਾ ਸਿਰੁ ਪਲਿਆ ਦਾੜੀ ਪਲੀ ਮੁਛਾਂ ਭੀ ਪਲੀਆਂ ॥**
**ਰੇ ਮਨ ਗਹਿਲੇ ਬਾਵਲੇ ਮਾਣਹਿ ਕਿਆ ਰਲੀਆਂ ॥ ੫੫ ॥**

ਰਲੀਆਂ = ਖੁਸ਼ੀਆਂ ।

ਫਰੀਦਾ ਸਿਰ ਵੀ ਪਲਿਆ ਦਾੜ੍ਹੀ ਵੀ ਪਲੀ, ਮੁਛਾਂ ਵੀ ਪਲੀਆਂ ਹਨ । (ਭਾਵ ਬ੍ਰਿਧ ਅਵਸਥਾ ਹੋ ਗਈ) ਹੇ ਮਨ ਗਾਫਲ ਤੇ ਬਾਵਰੇ ਤੂੰ ਕੀ ਕੀ ਖੁਸ਼ੀਆਂ ਮਾਣਦਾ ਹੈਂ।

**ਫਰੀਦਾ ਕੋਠੇ ਧੁਕਣੁ ਕੇਤੜਾ ਪਿਰ ਨੀਦੜੀ ਨਿਵਾਰਿ ॥**
**ਜੋ ਦਿਹ ਲਧੇ ਗਾਣਵੇ ਗਏ ਵਿਲਾੜਿ ਵਿਲਾੜਿ ॥ ੫੬ ॥**

ਧੁਕਣੁ = ਦੌੜਨਾ ॥ ਗਿਣਵੇਂ ॥ ਵਿਲਾੜ = ਬਤੀਤ

ਫਰੀਦਾ ਕੋਠੇ ਉਤੇ ਕਿੰਨਾਕੁ ਚਿਰ ਦੌੜਦਾ ਰਹੇਂਗਾ (ਭਾਵ ਇਹ ਸਰੀਰ ਵਿਚ ਕਿੰਨਾਕੁ ਚਿਰ ਰਖੇਂਗਾ) ਵਾਹਿਗੁਰੂ ਵਲੋਂ ਨੀਂਦ ਨੂੰ ਦੂਰ ਕਰ। ਵਾ ਹੇ ਪਿਆਰੇ ਨੀਂਦ ਨੂੰ ਛੱਡ (ਭਾਵ) ਗਾਫਲਤਾ ਨੂੰ ਛਡ ਕਿਉਂ ਜੋ ਜੇਹੜੇ ਗੇਣਵੇ ਦਿਨ ਤੈਨੂੰ ਲਭੇ ਹਨ ਉਹ ਤੇਰੇ ਐਵੇਂ ਹੀ ਬਤੀਤ ਹੋ ਗਏ ਹਨ।

**ਫਰੀਦਾ ਕੋਠੇ ਮੰਡਪ ਮਾੜੀਆ ਏਤੁ ਨ ਲਾਏ ਚਿਤੁ ॥**
**ਮਿਟੀ ਪਈ ਅਤੋਲਵੀ ਕੋਇ ਨ ਹੋਸੀ ਮਿਤੁ ॥ ੫੭ ॥**

ਅਤੋਲਵੀ = ਤੋਲਣ ਤੋਂ ਰਹਿਤ ॥

ਫਰੀਦਾ ਕੋਠੇ, ਮੰਡਪ ਅਤੇ ਮਾੜੀਆਂ ਇਨਾਂ ਨਾਲ ਚਿਤ ਨਾ ਲਾ ਕਿਉਂ ਜੋ ਇਹ ਤਾਂ ਅਤੋਲਵੀਂ ਮਿਟੀ ਪਈ ਇਨ੍ਹਾਂ ਵਿਚੋਂ ਕੋਈ ਵੀ ਸਹਾਇਕ ਨਹੀਂ ਹੋਵੇਗਾ ॥

**ਫਰੀਦਾ ਮੰਡਪ ਮਾਲੁ ਨ ਲਾਇ ਮਰਗ ਸਤਾਣੀ ਚਿਤਿ ਧਰਿ ॥**
**ਸਾਈ ਜਾਇ ਸਮਾਲਿ ਜਿਥੈ ਹੀ ਤਉ ਵੰਞਣਾ ॥ ੫੮ ॥**

ਮਰਗ = ਮੌਤ । ਸਤਾਣੀ = ਬਲਵਾਨ ॥

ਫਰੀਦਾ ਮੰਡਪ ਅਤੇ ਮਾਲ ਨਾਲਚਿਤ ਨਾ ਲਾ ਜੋਰਾਵਰ ਮੌਤ ਨੂੰ ਚੇਤੇ ਰਖ, ਅਤੇ ਉਸ ਜਗਾ ਦਾ ਖਿਆਲ ਰਖ ਜਿਥੇ ਤੂੰ ਅੰਤ ਨੂੰ ਜਾਣਾ ਹੈ ॥

**ਫਰੀਦਾ ਜਿਨੀ ਕੰਮੀ ਨਾਹਿ ਗੁਣ ਤੇ ਕੰਮੜੇ ਵਿਸਾਰਿ ॥**
**ਮਤੁ ਸਰਮਿੰਦਾ ਥੀਵਹੀ ਸਾਂਈ ਦੈ ਦਰਬਾਰਿ ॥ ੫੯ ॥**

ਫਰੀਦਾ ਜਿਨ੍ਹਾਂ ਕੰਮਾਂ ਵਿਚ ਕੋਈ ਗੁਣ (ਲਾਭ) ਨਹੀਂ ਓਹ ਛਡਦੇ ਤਾਂ ਕਿ ਸਾਈਂ ਦੇ ਦਰਬਾਰ ਵਿਚ ਤੈਨੂੰ ਸ਼ਰਮਿੰਦਾ ਨਾ ਹੋਣਾ ਪਵੇ ॥

**ਫਰੀਦਾ ਸਾਹਿਬ ਦੀ ਕਰਿ ਚਾਕਰੀ ਦਿਲਦੀ ਲਾਹਿ ਭਰਾਂਦਿ ॥**
**ਦਰਵੇਸਾ ਨੋ ਲੋੜੀਐ ਰੁਖਾਂ ਦੀ ਜੀਰਾਂਦਿ ॥ ੬੦ ॥**

ਭਰਾਂਦ = ਭਰਮ । ਜੀਰਾਂਦ = ਗੁਜ਼ਾਰਾ, ਜੀਵਣ ।

ਫਰੀਦਾ ਪ੍ਰਮੇਸ਼ਰ ਦੀ ਚਾਕਰੀ ਕਰ ਅਤੇ ਦਿਲ ਦੀ ਭ੍ਰਾਂਤੀ ਛਡਦੇ ਕਿਉਂ ਜੋ ਦਰਵੇਸ਼ ਨੂੰ ਰੁਖਾਂ ਵਾਕਰ ਜੀਵਨ ਬਤੀਤ ਕਰਨਾ ਚਾਹੀਦਾ ਹੈ (ਅਰਥਾਤ ਜਿਸਤਰਾਂ ਬ੍ਰਿਛ ਦੁਖ ਦੇਣ ਵਾਲੇ ਤੇ ਕ੍ਰੋਧ ਨਹੀਂ ਕਰਦੇ ਸਗੋਂ ਸ਼ਾਂਤੀ ਸਰੂਪ ਰਹਿੰਦੇ ਹਨ ਇਸਤਰਾਂ ਦਰਵੇਸ਼ਾਂ ਨੂੰ ਖਿਮਾ ਕਰਨੀ ਚਾਹੀਦੀ ਹੈ)

**ਫਰੀਦਾ ਕਾਲੇ ਮੈਡੇ ਕਪੜੇ ਕਾਲਾ ਮੈਡਾ ਵੇਸੁ ॥**
**ਗੁਨਹੀ ਭਰਿਆ ਮੈ ਫਿਰਾ ਲੋਕੁ ਕਹੈ ਦਰਵੇਸੁ ॥ ੬੧ ॥**

ਫਰੀਦਾ ਕਾਲੇ ਮੇਰੇ ਕਪੜੇ ਹਨ ਅਤੇ ਕਾਲਾ ਹੀ ਮੇਰਾ ਵੇਸ ਹੈ ਗੁਨਾਹਾਂ ਦਾ ਭਰਿਆ ਹੋਇਆ ਮੈਂ ਫਿਰਦਾ ਹਾਂ ਅਤੇ ਲੋਕ ਮੈਨੂੰ ਦਰਵੇਸ਼ ਆਖਦੇ ਹਨ ॥

**ਤਤੀ ਤੋਇ ਨ ਪਲਵੈ ਜੇ ਜਲਿ ਟੁਬੀ ਦੇਇ ॥**

**ਫਰੀਦਾ ਜੋ ਡੋਹਾਗਣਿ ਰਬ ਦੀ ਝੂਰੇਦੀ ਝੂਰੇਇ ॥ ੬੨ ॥**

ਤਤੀ = ਸੜੀ ਹੋਈ। ਪਲਵੈ = ਹਰਿਆ ਹੋਣਾ॥ ਤੋਇ = ਪਾਣੀ।

ਪਾਲਾ ਦੀ ਮਾਰੀ ਹੋਈ (ਖੇਤੀ) ਹਰੀ ਨਹੀਂ ਹੁੰਦੀ ਭਾਵੇਂ ਉਸਨੂੰ ਜਲ ਵਿਚ ਅਨੇਕਾਂ ਵੇਰਾਂ ਟੁਬੀ ਦੇਵੀਏ। ਫਰੀਦਾ ਤਿਕੁਰ ਹੀ ਜੋ ਰਬ ਪਤੀ ਦੀ ਡੋਹਾਗਣ (ਮਨਮੁਖ ਇਸਤ੍ਰੀ ਹੈ) ਉਹ ਸਦਾ ਝੂਰਦੀ ਹੀ ਰਹਿੰਦੀ ਹੈ। (ਭਾਵ) ਜੋ ਇਸਤ੍ਰੀ ਪ੍ਰਮੇਸ੍ਰ ਪਤੀ ਤੋਂ ਹੀਣੀ ਹੋ ਗਈ ਹੈ ਉਹ ਕਿਸੇ ਪਤੀ ਤੋਂ ਵੀ ਸੋਹਾਗਣ ਨਹੀਂ ਹੋ ਸਕਦੀ।

**ਜਾਂ ਕੁਆਰੀ ਤਾ ਚਾਉ ਵੀਵਾਹੀ ਤਾਂ ਮਾਮਲੇ ॥**
**ਫਰੀਦਾ ਏਹੋ ਪਛੋਤਾਉ ਵਤਿ ਕੁਆਰੀ ਨ ਥੀਐ ॥ ੬੩ ॥**

ਜਦੋਂ ਇਸਤ੍ਰੀ ਕੁਆਰੀ ਹੁੰਦੀ ਹੈ ਤਾਂ ਇਹ ਚਾ ਚੜ੍ਹਿਆ ਰਹਿੰਦਾ ਹੈ ਜੋ ਮੈਂ ਕਿਵੇਂ ਵਿਵਾਹੀ ਜਾਵਾਂ। ਤੇ ਜਦੋਂ ਵਿਵਾਹ ਹੋਇਆ ਤਾਂ ਬੜੇ ਕਜ਼ੀਏ ਆ ਪਏ, ਹੁਣ ਇਹੋ ਪਛੋਤਾਵਾ ਹੈ ਜੋ ਮੁੜ ਕੁਆਰੀ ਨਹੀਂ ਹੋ ਸਕਦੀ।

ਨੋਟ-ਮਨੁਖ (ਜੀਵ ਰੂਪੀ ਇਸਤ੍ਰੀ ਨੂੰ) ਜਦੋਂ ਵਿਸ਼ਿਆਂ ਦੀ ਬੋ ਨਹੀਂ ਸੀ ਲੱਗੀ ਤਦ ਇਹੋ ਚਾਉ ਸੀ ਜੋ ਇਨਾਂ ਨੂੰ ਭੋਗੀਏ, ਪਰ ਜਦੋਂ ਇਨਾਂ ਵਿਚ ਵੇੜ੍ਹਿਆ ਗਇਆ ਤੇ ਅਮੋਲਕ ਮਨੁਖ ਜਨਮ ਬਤੀਤ ਹੋਗਿਆ ਤਦ ਪਛਤਾਵਾ ਕਰਨ ਲੱਗੀ ਜੋ ਫਿਰ ਉਹ ਸਮਾਂ ਹੱਥ ਆਵੇ ਪਰ "ਹੁਣ ਪਛਤਾਏ ਹੋਤ ਕਿਆ ਜਬ ਚਿੜੀਆਂ ਚੁਗ ਗਈ ਖੇਤ"॥ ਕਈ ਕੁਆਰੀ ਦਾ ਭਾਵ ਜੀਉਂਦੀ ਅਤੇ ਵਿਵਾਹ ਤੋਂ ਮਰਨ ਦਾ ਭਾਵ ਲੈਂਦੇ ਹਨ।

**ਕਲਰ ਕੇਰੀ ਛਪੜੀ ਆਇ ਉਲਥੇ ਹੰਝ ॥**
**ਚਿੰਜੂ ਬੋੜਨਿ ਨ ਪੀਵਹਿ ਉਡਨ ਸੰਦੀ ਡੰਝ ॥ ੬੪ ॥**

ਉਲਥੇ = ਉਤਰੇ। ਡੰਝ = ਲਾਲਸਾ।

ਕੱਲਰ ਦੀ ਛੱਪੜੀ ਉਤੇ ਹੰਸ ਆਨ ਲਥੇ ਹਨ। ਚੁੰਝ ਬੋੜਦੇ ਹਨ ਪਰ ਪਾਣੀ ਕੌੜਾ ਹੋਣ ਕਰਕੇ ਪੀਂਦੇ ਨਹੀਂ ਅਤੇ ਇਹ ਲਾਲਸਾ ਹੈ ਜੋ ਮੁੜ ਉੱਡ ਚਲੀਏ। (ਭਾਵ) ਸੰਤ ਇਸ ਸੰਸਾਰ ਵਿਖੇ ਆਏ ਹਨ ਅਤੇ ਵਿਸ਼ਿਆਂ ਵਿੱਚ ਰਹਿਕੇ ਇਨ੍ਹਾਂ ਵਿੱਚ ਮਨ ਨਹੀਂ ਲਾਉਂਦੇ ਕਿਉਂ ਜੋ ਉਨ੍ਹਾਂ ਨੂੰ ਸਚੇ ਪ੍ਰਮੇਸ਼ਰ ਦੇ ਮਿਲਨ ਦੀ ਇੱਛਾ ਹੈ।

**ਹੰਸੁ ਉਡਰਿ ਕੋਧ੍ਰੈ ਪਇਆ ਲੋਕੁ ਵਿਡਾਰਣਿ ਜਾਇ ॥**
**ਗਹਲਾ ਲੋਕੁ ਨ ਜਾਣਦਾ ਹੰਸੁ ਨ ਕੋਧ੍ਰਾ ਖਾਇ ॥ ੬੫ ॥**

(ਮਹਾਤਮਾਂ ਰੂਪੀ) ਹੰਸ (ਪਦਾਰਥ ਰੂਪੀ) ਕੋਧ੍ਰੇ ਵਿੱਚ ਪਇਆ ਹੈ ਤੇ ਸੰਸਾਰੀ ਜੀਵ ਉਨ੍ਹਾਂ ਨੂੰ ਉਡਾਉਣ ਜਾਂਦੇ ਹਨ। ਪਰ ਬੌਰੇ ਲੋਕ ਨਹੀਂ ਜਾਣਦੇ

ਜੋ ਹੰਸ ਕੋਧ੍ਰਾ ਨਹੀਂ ਖਾਂਦਾ।

**ਚਲਿ ਚਲਿ ਗਈਆਂ ਪੰਖੀਆ ਜਿਨੀ ਵਸਾਏ ਤਲ ॥**
**ਫਰੀਦਾ ਸਰੁ ਭਰਿਆ ਭੀ ਚਲਸੀ ਥਕੇ ਕਵਲ ਇਕਲ ॥ ੬੬॥**

ਤਲ = ਤਅੱਲਕੇ।

ਪ੍ਰਿਥਵੀ ਦੇ ਹਿੱਸੇ ਵਡੇ੨ ਰਾਜਿਆਂ ਰੂਪੀ ਪੰਛੀ ਜਿਨ੍ਹਾਂ ਨੇ ਆਕੇ ਪ੍ਰਿਥਵੀ ਦੇ ਤਅੱਲਕੇ ਵਸਾਏ ਸੀ ਚਲਾਣਾ ਕਰ ਗਏ। ਫਰੀਦਾ ਨਾਨਾ ਤਤ੍ਹਾਂ ਦੇ ਪਦਾਰਥਾਂ ਰੂਪ ਜਲ ਨਾਲ ਸੰਸਾਰ ਸਰੋਵਰ ਭਰਿਆ ਹੋਇਆ ਵੀ ਚਲ ਜਾਵੇਗਾ ਅਤੇ ਕੱਲੇ ਸੰਤ ਮਹਾਤਮਾਂ ਰੂਪੀ ਕੇਵਲ ਅਥਿਰ ਰਹਿਣਗੇ।

**ਫਰੀਦਾ ਇਟ ਸਿਰਾਣੇ ਭੁਇ ਸਵਣੁ ਕੀੜਾ ਲੜਿਓ ਮਾਸਿ ॥**
**ਕੇਤੜਿਆ ਜੁਗ ਵਾਪਰੇ ਇਕਤੁ ਪਇਆ ਪਾਸਿ ॥ ੬੭ ॥**

ਵਾਪਰੇ = ਬੀਤੇ ।

ਫਰੀਦਾ (ਗੋਰ ਵਿੱਚ) ਇੱਟ ਸਿਰਹਾਣੇ ਲੈਕੇ ਭੁੰਵੇਂ ਸੌਂਣਾ ਹੋਵੇਗਾ ਅਤੇ ਮਾਸ ਨੂੰ ਕੀੜੇ ਤੋੜ ੨ ਖਾਣਗੇ। ਇਕ ਪਾਸੇ ਪਿਆਂ ਕਈ ਜੁਗ ਬੀਤ ਜਾਨਗੇ। ਫਰੀਦ ਜੀ ਆਪਣੇ ਮਨ ਨੂੰ ਨੀਂਦ ਤੋਂ ਹਟਾਉਂਦੇ ਹਨ ਕਿ ਗੋਰ ਵਿੱਚ ਬਥੇਰੀ ਨੀਂਦ ਭੋਗ ਲਏਂਗਾ।

**ਫਰੀਦਾ ਭੰਨੀ ਘੜੀ ਸਵੰਨਵੀ ਟੁਟੀ ਨਾਗਰ ਲਜੁ ॥**
**ਅਜਰਾਈਲ ਫਰੇਸਤਾ ਕੈ ਘਰਿ ਨਾਠੀ ਅਜੁ ॥ ੬੮ ॥**

ਸੁਵੰਨਵੀ = ਚੰਗੇ ਗੋਰੇ ਰੰਗ ਵਾਲੀ। ਨਾਗਰ = ਚਤ੍ਰ,ਸੁਦ੍ਰ। ਨਾਠੀ = ਪਰਾਹੁਣਾ

ਫਰੀਦਾ ਜਦੋਂ ਇਹ ਦੇਹ ਰੂਪੀ ਗੋਰੇ ਰੰਗ ਵਾਲੀ ਘੜੀ ਭੱਜ ਗਈ ਅਤੇ ਪ੍ਰਾਣਾਂ ਰੂਪੀ ਸੁੰਦ੍ਰ ਲੱਜ ਟੁਟ ਗਈ ਤਦ ਜਰੂਰ ਅਜਰਾਈਲ ਫਰੇਸ਼ਤਾ ਕਿਸੇ ਦੇ ਘਰ ਪਰਾਹੁਣਾ ਹੋਵੇਗਾ।

**ਫਰੀਦਾ ਭੰਨੀ ਘੜੀ ਸੁਵੰਨਵੀ ਟੂਟੀ ਨਾਗਰ ਲਜੁ ॥**
**ਜੋ ਸਜਣ ਭੁਇ ਭਾਰੁ ਥੇ ਸੇ ਕਿਉ ਆਵਹਿ ਅਜੁ ॥ ੬੯ ॥**

ਫਰੀਦਾ ਜਦੋਂ ਦੇਹ ਰੂਪ ਗੋਰੇ ਰੰਗ ਵਾਲੀ ਘੜੀ ਭਜ ਗਈ ਅਤੇ ਪ੍ਰਾਣਾ ਰੂਪ ਸੁੰਦਰ ਲੱਜ ਟੁਟ ਗਈ । ਤਦ ਜੇਹੜੇ ਸਜਣ (ਜੁਲਮ ਕਰ ਕਰਕੇ) ਧਰਤੀ ਉਪਰ ਭਾਰੂ ਹੋ ਗਏ ਸੀ ਸੋ (ਮਰਕੇ) ਅਜ ਕਿੱਕੁਰ ਮੁੜ ਆ ਸਕਦੇ ਹਨ। ਭਾਵੇ ਮੁੜ ਨਹੀਂ ਆ ਸਕਦੇ॥

**ਫਰੀਦਾ ਬੇ ਨਿਵਾਜਾ ਕੁਤਿਆ ਏਹ ਨ ਭਲੀ ਰੀਤਿ ॥**

**ਕਬਹੀ ਚਲਿ ਨ ਆਇਆ ਪੰਜੇ ਵਖਤ ਮਸੀਤਿ ॥ ੭੦ ॥**

ਫਰੀਦਾ ਨਮਾਜ ਨਾ ਪੜ੍ਹਨ ਵਾਲੇ ਕੁੱਤੇ ! ਇਹ ਰੀਤ ਚੰਗੀ ਨਹੀਂ ਕਿਉਂ ਜੋ ਤੂੰ ਕਦੇ ਵੀ ਪੰਜ ਵੇਲੇ ਮਸੀਤ ਵਿਚ (ਨਿਮਾਜ਼ ਪੜ੍ਹਨ ਲਈ) ਨਹੀਂ ਆਇਆ ।

**ਉਠੁ ਫਰੀਦਾ ਉਜੂ ਸਾਜਿ ਸੁਬਹ ਨਿਵਾਜ ਗੁਜਾਰਿ ॥**
**ਜੋ ਸਿਰੁ ਸਾਂਈ ਨਾ ਨਿਵੈ ਸੋ ਸਿਰੁ ਕਪਿ ਉਤਾਰਿ ॥ ੭੧ ॥**

ਫਰੀਦਾ ਉਠ ਖੜਾ ਹੋ ਅਤੇ ਉਜੂ ਕਰ ਅਤੇ ਸਵੇਰ ਦੀ ਨਿਮਾਜ਼ ਪੜ੍ਹ ਕਿਉਂ ਜੋ ਜੇਹੜਾ ਸਿਰ ਪ੍ਰਮੇਸ਼ਰ ਅੱਗੇ ਨਹੀਂ ਨਿਵਦਾ ਉਸਨੂੰ ਕਟ ਦੇਣਾ ਹੀ ਚੰਗਾ ਹੈ ।

**ਜੋ ਸਿਰੁ ਸਾਈ ਨਾ ਨਿਵੈ ਸੋ ਸਿਰੁ ਕੀਜੈ ਕਾਂਇ ॥**
**ਕੁੰਨੇ ਹੇਠਿ ਜਲਾਈਐ ਬਾਲਣ ਸੰਦੈ ਥਾਇ ॥ ੭੨ ॥**

ਪ੍ਰਸ਼ਨ--ਜੇਹੜਾ ਸਿਰ ਸਾਂਈ ਅਗੇ ਨਹੀਂ ਨਿਵਦਾ ਉਸਨੂੰ ਕੀ ਕਰਨਾ ਚਾਹੀਦਾ ਹੈ ? ਉਤ੍ਰ- ਉਸਨੂੰ ਬਾਲਣ ਦੀ ਥਾਂ ਕੁੰਨੇ ਹੇਠਾਂ ਜਲਾਉਣਾ ਚਾਹੀਦਾ ਹੈ ।

**ਫਰੀਦਾ ਕਿਥੈ ਤੈਡੇ ਮਾਪਿਆ ਜਿਨ੍ਹੀ ਤੂ ਜਣਿਓਹਿ ॥**
**ਤੈ ਪਾਸਹੁ ਓਇ ਲਦਿ ਗਏ ਤੂੰ ਅਜੈ ਨ ਪਤੀਣੋਹਿ ॥ ੭੩ ॥**

ਫਰੀਦਾ ਹੇ ਜੀਵ ਕਿਥੇ ਹਨ ਓਹ ਤੇਰੇ ਮਾਪੇ ਜਿਨ੍ਹਾਂ ਨੇ ਤੈਨੂੰ ਜਣਿਆਂ ਸੀ । ਓਹ ਤੇਰੇ ਪਾਸੋਂ ਕੂਚ ਕਰ ਗਏ ਅਤੇ ਤੂੰ ਅਜੇ ਤੀਕ ਵੀ ਨਹੀਂ ਪਤੀਜਿਆ (ਨਿਸਚਾ ਨ ਕੀਤਾ) ਕਿ ਸੰਸਾਰ ਨਾਸਮਾਨ ਹੈ ।

**ਫਰੀਦਾ ਮਨੁ ਮੈਦਾਨੁ ਕਰਿ ਟੋਏ ਟਿਬੇ ਲਾਹਿ ॥**
**ਅਗੈ ਮੂਲਿ ਨ ਆਵਸੀ ਦੋਜਕ ਸੰਦੀ ਭਾਹਿ ॥ ੭੪ ॥**

ਭਾਹਿ = ਅਗਨੀ ।

ਫਰੀਦਾ ਮਨ ਨੂੰ ਮਦਾਨ ਕਰ ਅਤੇ ਹੰਕਾਰ ਰੂਪੀ ਟਿੱਬੇ ਅਤੇ ਕਬੁਧ ਰੂਪੀ ਟੋਏ ਦੂਰ ਕਰ (ਜਿਸਦਾ ਫਲ ਇਹ ਹੋਵੇਗਾ) ਕਿ ਅਗੇ (ਦੇਹ ਛਡਣ ਤੇ) ਦੋਜ਼ਕ ਦੀ ਅੱਗ ਤੇਰੇ ਨੇੜੇ ਨਹੀਂ ਆਵੇਗੀ ।

**ਮਹਲਾ ੫ ॥ ਫਰੀਦਾ ਖਾਲਕੁ ਖਲਕ ਮਹਿ ਖਲਕ ਵਸੈ ਰਬ ਮਾਹਿ ॥ ਮੰਦਾ ਕਿਸਨੋ ਆਖੀਐ ਜਾਂ ਤਿਸੁ ਬਿਨ ਕੋਈ ਨਾਹਿ ॥ ੭੫ ॥**

ਗੁਰੂ ਪੰਚਮ ਜੀ ਫਰੀਦ ਜੀ ਦੇ ਇਸ ਵਾਕ ਕਿ "ਟੋਏ ਟਿਬੇ ਲਾਹ ਦੇ ਭਾਵ ਨੂੰ ਹੋਰ ਦ੍ਰਿੜ ਕਰਦੇ ਹਨ, ਕਿ ਫਰੀਦਾ ਖਾਲਕ (ਪ੍ਰਮੇਸਰ) ਖਲਕਤ ਵਿਚ ਹੈ ਅਤੇ ਖਲਕਤ ਰੱਬ ਵਿਖੇ ਸਮਾਈ ਹੋਈ ਹੈ। ਇਸ ਲਈ ਕਿਸਨੂੰ ਮੰਦਾ ਕਿਹਾ ਜਾਵੇ ਕਿਉਂ ਜੋ ਉਸ (ਪ੍ਰਮਾਤਮਾ) ਤੋਂ ਭਿੰਨ ਤਾਂ ਹੈ ਹੀ ਕੋਈ ਨਹੀਂ।

**ਫਰੀਦਾ ਜਿਦਿਹਿ ਨਾਲਾ ਕਪਿਆ ਜੇ ਗਲੁ ਕਪਹਿ ਚੁਖ ॥**
**ਪਵਨਿ ਨ ਇਤੀ ਮਾਮਲੇ ਸਹਾਂ ਨ ਇਤੀ ਦੁਖ ॥ ੭੬॥**

ਨਾਲਾ = (ਨਾੜੂਆ) । ਚੁਖ = ਰਤਾਕੁ ॥

ਫਰੀਦਾ ਜਿਸ ਦਿਨ (ਦਾਈ ਨੇ ਜਨਮ ਵੇਲੇ ਨਾੜੂਆ ਕਟਿਆ ਸੀ ਜੇਕਰ ਰਤਾਕੁ ਗਲ ਵੀ ਕਟ ਦੇਂਦੀ ਤਦ ਇਤੇ ਮਾ-ਲੇ (ਕਜੀਏ) ਨ ਪੈਂਦੇ ਅਤੇ ਅਜ ਇਤੇ ਦੁਖ ਨਾ ਸਹਾਰਦਾ। (ਭਾਵ) ਜੇਕਰ ਦਾਈ ਜਿੰਦ ਨੂੰ ਹੀ ਮੁਕਾ ਦਿੰਦੀ ਤਦ ਅਜ ਪ੍ਰਮੇਸਰ ਦੀ ਪ੍ਰਾਪਤੀ ਲਈ ਕਸ਼ਟ ਸਾਧਨ (ਵਾ ਜਨਮ ਮਰਨ ਦੇ ਦੁਖ) ਨਾ ਸਹਾਰਨੇ ਪੈਂਦੇ

**ਚਬਣ ਚਲਣ ਰਤੰਨ ਸੇ ਸੁਣੀਅਰ ਬਹਿ ਗਏ ॥**
**ਹੇੜੇ ਮੁਤੀ ਧਾਹ ਸੇ ਜਾਨੀ ਚਲਿ ਗਏ ॥ ੭੭॥**

(ਇਹ ਸਭ ਕਰਤਾ ਕ੍ਰਿਯਾ ਹਨ)

ਚਬਣ – ਚਬਣ ਵਾਲੇ (ਦੰਦ)। ਚਲਨ = ਚਲਨ ਵਾਲੇ (ਪੈਰ)।
ਰਤੰਨ = ਰਤਨਾ ਵਾਕਰ ਉਜਲੇ ( ਨੇਤ੍ਰ )। ਸੁਣੀਅਰ = ਸੁਣਨ ਵਾਲੇ (ਕੰਨ)।
ਬਹਿ ਗਏ = ਕੰਮ ਕਰਮ ਜੋਗੇ ਨ ਰਹੇ (ਢੇਰੀ ਢਾਹ ਬੈਠੇ)। ਹੇੜੇ = ਸਰੀਰ
(ਸ਼ਿਕਾਰ ਦਾ ਮਾਸ ਹੁੰਦਾ ਹੈ) ਮੁਤੀ = ਮਾਰੀ। ਧਾਹ = ਢਾਹ ॥

ਦੰਦ, ਪੈਰ, ਨੇਤ੍ਰ ਅਤੇ ਕੰਨ ਬਹਿ ਗਏ (ਕੰਮੋ ਨਿਕਾਰੇ ਹੋ ਗਏ) (ਇਹ ਦਸ਼ਾ ਦੇਖਕੇ) ਸਰੀਰ ਨੇ ਢਾਹ ਮਾਰੀ ਕਿ ਮੇਰੇ ਪਜਾਰੇ ਸਾਥੀ ਚਲੇ ਗਏ ਹਨ (ਕੰਮ ਜੋਗੇ ਨਹੀਂ ਰਹੇ) ਭਾਵ ਬ੍ਰਿਧ ਅਵਸਥਾ ਦੀ ਹਾਲਤ ਦਾ ਨਕਸ਼ਾ ਹੈ । ਜਦੋਂ ਸਭ ਅੰਗ ਅਤੇ ਇੰਦ੍ਰੇ ਬੇਕਾਰ ਹੋ ਜਾਂਦੇ ਹਨ ਤਦ ਸਰੀਰ ਲੰਮੇ ਸਾਹ ਲੈਂਦਾ ਹੈ ਕਿ ਮੇਰੇ ਜੀਵਨ ਦੀ ਕੋਈ ਆਸ ਨਹੀਂ। ਕਿਉਂ ਜੋ ਇਹ ਸਾਥੀ (ਇੰਦਰੇ) ਜੋ ਇਸਦੇ ਨਾਲ ਜੰਮੇ ਸੀ ਉਹ ਕੰਮ ਨਹੀਂ ਦੇ ਸਕਦੇ ਤੇ ਇਹ ਕੱਲਾ ਰਹਿ ਗਿਆ ਹੈ।

**ਫਰੀਦਾ ਬੁਰੇ ਦਾ ਭਲਾ ਕਰਿ ਗੁਸਾ ਮਨਿ ਨ ਹਢਾਇ ॥**
**ਦੇਹੀ ਰੋਗੁ ਨ ਲਗਈ ਪਲੈ ਸਭੁ ਕਿਛੁ ਪਾਇ ॥ ੭੮ ॥**

ਹਢਾਇ = ਰੱਖ, ਲਿਆਉ ॥

ਫਰੀਦਾ ਬੁਰਾ ਕਰਨ ਵਾਲੇ ਦਾ ਵੀ ਭਲਾ ਕਰ, ਅਤੇ ਗੁੱਸਾ ਮਨ

ਵਿੱਚ ਨ ਰੱਖ (ਇਹ ਕਰਨ ਕਰਕੇ) ਤੇਰੀ ਦੇਹੀ ਨੂੰ ਰੋਗ ਨਹੀਂ ਲਗੇਗਾ ਅਤੇ ਤੇਰੇ ਪਲੇ ਸਭ ਕੁਛ ਪਵੇਗਾ ਭਾਵ ਖਿਮਾ ਕਰਨ ਨਾਲ ਸੁਖ ਹੁੰਦਾ ਹੈ ਕਿਉਂ ਜੋ ਜੇਕਰ ਬੁਰਾ ਕਰਨ ਵਾਲੇ ਨਾਲ ਬਦਲਾ ਲੈਣ ਦੀ ਕਰੀਏ ਤਦ ਮਨ ਇਸੇ ਗਲ ਵਿਚ ਕੁੜ੍ਹਦਾ ਰਹਿੰਦਾ ਹੈ, ਜੋ ਮੈਨੂੰ ਕੋਈ ਦਾਉ ਲਭੇ ਜੋ ਮੈਂ ਵੀ ਬੁਰਾ ਕਰਾਂ ਅਤੇ ਇਸੇ ਚਿੰਤਾ ਵਿਚ ਹੀ ਜਿੰਦ ਕੁੜ੍ਹਦੀ ਰਹਿੰਦੀ ਹੈ।

**ਫਰੀਦਾ ਪੰਖ ਪਰਾਹੁਣੀ ਦੁਨੀ ਸੁਹਾਵਾ ਬਾਗੁ ॥**
**ਨਉਬਤਿ ਵਜੀ ਸੁਬਹ ਸਿਉ ਚਲਣ ਕਾ ਕਰਿ ਸਾਜੁ ॥੭੯॥**

ਫਰੀਦਾ ਜੀਵ ਰੂਪ ਪੰਛੀਆਂ ਦੀ ਡਾਰ ਦੁਨੀਆਂ ਸੁਹਾਵਨੇ ਬਾਗ ਵਿਚ ਪਰਾਹੁਣੀ ਹੈ। ਜਦ ਮੌਤ ਰੂਪੀ ਨਉਬਤ ਸਵੇਰ ਨੂੰ ਵੱਜੀ (ਤਾਂ ਉਸਨੇ ਕਿਹਾ) ਕਿ ਚੱਲਣ ਦਾ ਸਾਜ ਕਰ (ਭਾਵ) ਜਿਕੂੰ ਮੁਸਾਫਰ ਸਰਾਂ ਵਿੱਚ ਰਾਤ ਬ੍ਰਿਸਰਾਮ ਕਰਦੇ ਹਨ ਅਤੇ ਸਵੇਰ ਵੇਲੇ ਨਉਬਤ ਦੇ ਵਜਣ ਨਾਲ ਉਠ ਤੁਰਦੇ ਹਨ, ਇਕੁਰ ਹੀ ਪੰਛੀ ਰੂਪੀ ਜੀਵ*ਦੇਹ ਰੂਪੀ ਸਰਾਂ ਵਿਚੋਂ ਮੌਤ ਰੂਪੀ ਨਉਬਤ ਵਜਣ ਨਾਲ ਨਿਕਲ ਜਾਵੇਗਾ।

**ਫਰੀਦਾ ਰਾਤਿ ਕਥੂਰੀ ਵੰਡੀਐ ਸੁਤਿਆ ਮਿਲੈ ਨ ਭਾਉ ॥**
**ਜਿਨਾ ਨੈਣ ਨੀਂਦ੍ਰਾਵਲੇ ਤਿੰਨਾ ਮਿਲਣੁ ਕੁਆਉ ॥੮੦॥**

ਭਾਉ = ਹਿਸਾ, ਭਾਗ। ਕੁਆਉ = ਕਿੱਥੋਂ ਕਿਕੁਰ॥

ਫਰੀਦਾ (ਪਿਛਲੀ) ਰਾਤ ਵੇਲੇ ਪ੍ਰਮੇਸ਼ਰ ਦੀ ਭਗਤੀ ਰੂਪੀ ਕਸਤੂਰੀ ਵੰਡੀਦੀ ਹੈ ਪਰ ਸੁਤਿਆਂ ਹੋਇਆਂ ਨੂੰ ਹਿੱਸਾ ਨਹੀਂ ਮਿਲਦਾ ਅਰਥਾਤ ਜਿਨ੍ਹਾਂ ਦੇ ਨੇਤ੍ਰ ਨੀਂਦ ਨਾਲ ਭਰੇ ਹੋਏ ਹਨ ਉਨ੍ਹਾਂ ਨੂੰ ਪ੍ਰਮੇਸ਼ਰ ਕਿਕੁਰ ਮਿਲੇ ? ਭਾਵ ਜੋ ਪੁਰਸ਼ ਰਾਤ ਸੌਂ ਕੇ ਗੁਆ ਦਿੰਦੇ ਹਨ ਉਹ ਪ੍ਰਮੇਸ਼ਰ ਨੂੰ ਕਿੱਕੁਰ ਪ੍ਰਾਪਤ ਹੋ ਸਕਦੇ ਹਨ। ਕਿਉਂ ਜੋ ਪ੍ਰਾਤਾ ਕਾਲ ਦਾ ਸਮਾ ਭਗਤੀ ਵਾਸਤੇ ਚੰਗਾ ਹੁੰਦਾ ਹੈ ਇਸੇ ਵੇਲੇ ਹੀ ਮਨ ਇਕਾਗਰ ਹੋ ਸਕਦਾ ਹੈ।

**ਫਰੀਦਾ ਮੈ ਜਾਨਿਆ ਦੁਖੁ ਮੁਝਕੂ ਦੁਖੁ ਸਬਾਇਐ ਜਗਿ ॥**
**ਊਚੇ ਚੜਿਕੈ ਦੇਖਿਆ ਤਾਂ ਘਰਿ ਘਰਿ ਏਹਾ ਅਗਿ ॥੮੧॥**

ਫਰੀਦਾ ਮੈਂ ਜਾਨਿਆਂ ਕਿ ਮੈਨੂੰ ਹੀ ਦੁਖ ਹੈ ਪਰ (ਪਤਾ ਲਗਾ) ਕਿ ਸਾਰੇ ਜਗਤ ਨੂੰ ਹੀ ਦੁਖ ਹੈ। ਜਦ ਮੈਂ ਉਤੇ ਚੜ੍ਹਕੇ ਦੇਖਿਆ ਤਾਂ ਇਹ ਅਗ

---

*ਕਈ ਇਸ ਤੁਕ ਦਾ ਅਰਥ ਇਉਂ ਕਰਦੇ ਹਨ ਕਿ ਸਰੀਰ ਰੂਪੀ ਸੁਹਾਵਣੇ ਬਾਗ ਵਿੱਚ ਇਹ ਜੀਵ ਰੂਪੀ ਪੰਛੀ ਪਰਾਹੁਣਾਂ ਹੈ। ਇਸਨੂੰ ਸੁਬਹ ਜਨਮ ਤੋਂ ਹੀ ਨਉਬਤ ਬਜ ਰਹੀ ਹੈ ਕਿ ਚਲਣ ਦਾ ਸਾਜ ਕਰ।

ਘਰ ਘਰ ਲੱਗੀ ਹੋਈ ਸੀ। ਭਾਵ ਵਿਚਾਰ ਨਾਲ ਵੇਖਿਆ ਤਾਂ ਪਤਾ ਲੱਗਾ ਜੋ ਹਰ ਇਕ ਜੀਵ ਮਾਨੂ ਦੁਖੀ ਹੈ।

***ਮਹਲਾ ੫ ॥ ਫਰੀਦਾ ਭੂਮਿ ਰੰਗਾਵਲੀ ਮੰਝਿ ਵਿਸੂਲਾ ਬਾਗ ॥ ਜੋ ਜਨ ਪੀਰ ਨਿਵਾਜਿਆ ਤਿੰਨਾ ਅੰਚ ਨ ਲਾਗ ॥ ੯੨ ॥**

ਵਿਸੂਲਾ = ਵਿਹੁ ਵਾਲਾ। ਅੰਚ = ਅੱਗ।

ਫਰੀਦਾ ਇਸ ਰੰਗਾਵਲੀ ਧਰਤੀ ਵਿੱਚ ਵਿਸ਼ੇ ਰੂਪੀ ਬਾਗ ਹੈ ਪਰ ਜਿਨ੍ਹਾਂ ਨੂੰ ਗੁਰੂ ਪੀਰ ਨੇ ਨਿਵਾਜਿਆ ਹੈ ਉਨ੍ਹਾਂ ਨੂੰ ਰਤਾ ਵੀ ਅੱਗ ਨਹੀਂ ਲਗਦੀ (ਵਿਸ਼ੇ ਉਨ੍ਹਾਂ ਦਾ ਵਾਲ ਵਿੰਗਾ ਵੀ ਨਹੀਂ ਕਰ ਸਕਦੇ) ਵਾ ਇਸ ਦੇਹੀ ਰੂਪੀ ਰੰਗਾਵਲੀ ਧਰਤੀ ਵਿਚ ਕਾਮ ਕ੍ਰੋਧ ਆਦਿਕ ਵਿਹੁ ਭਰਿਆ ਬਾਗ ਹੈ ਕੇਵਲ ਉਹ ਇਸ ਵਿਹੁ ਦੀ ਅੱਗ ਤੋਂ ਬਚਦੇ ਹਨ ਜਿਨ੍ਹਾਂ ਨੂੰ ਗੁਰੂ ਪੀਰ ਨੇ ਨਿਵਾਜਿਆ ਹੈ।

**ਮਹਲਾ ੫ ॥ ਫਰੀਦਾ ਉਮਰ ਸੁਹਾਵੜੀ ਸੰਗਿ ਸੁਵੰਨੜੀ ਦੇਹ। ਵਿਰਲੇ ਕੇਈ ਪਾਈਅਨਿ ਜਿੰਨਾ ਪਿਆਰੇ ਨੇਹ ॥ ੯੩ ॥**

ਫਰੀਦਾ ਸੁਹਾਵਨੀ ਉਮਰ ਹੋਵੇ ਤੇ ਨਾਲ ਸੁੰਦਰ ਦੇਹੀ (ਵੀ) ਹੋਵੇ ਪਰ ਉਹ ਵਿਰਲੇ ਹੀ ਪਾਈਦੇ ਹਨ ਜਿਨਾਂ ਦਾ (ਪਿਆਰੇ) ਪਤੀ ਨਾਲ ਨੇਹੁ ਹੈ। ਭਾਵ ਸੁਹਾਵਣੀ ਉਮਰ ਅਤੇ ਸੁੰਦਰ ਦੇਹ ਪਾਕੇ ਕੋਈ ਵਿਰਲੇ ਵਾਹਿਗੁਰੂ ਜਪਦੇ ਹਨ।

**ਕੰਧੀ ਵਹਣ ਨ ਢਾਹਿ ਤਉ ਭੀ ਲੇਖਾ ਦੇਵਣਾ ॥ ਜਿਧਰਿ ਰਬ ਰਜਾਇ ਵਹਣੁ ਤਿਦਾਊ ਗੰਉ ਕਰੇ ॥ ੯੪ ॥**

ਹੇ ਵੈਹਣ ਤੂੰ ਕਿਨਾਰਿਆਂ ਨੂੰ ਨ ਢਾਹ ਕਿਉਂ ਜੋ ਤੈਨੇ ਵੀ ਲੇਖਾ ਦੇਣਾ ਹੈ। (ਪਰ ਇਹਦਾ ਕੀ ਦੋਸ਼ ਹੈ) ਜਿਧਰ ਰੱਬ ਦੀ ਰਜਾ ਹੋਵੇ ਉਧਰ ਵਹਣ ਰੁਖ ਕਰਦੀ ਹੈ। ਭਾਵ ਫਰੀਦ ਇਕ ਨਦੀ ਦੇ ਪਰਵਾਹ ਨੂੰ ਵੇਖਕੇ ਜੇਹੜੀ ਕੰਢਿਆਂ ਨੂੰ ਢਾਹ ਰਹੀ ਸੀ ਆਖਣ ਲਗੇ ਕਿ ਐਸਾ ਨਾ ਕਰ, ਪਰ ਫਿਰ ਸੋਚ ਫੁਰੀ ਕਿ ਇਹਦਾ ਕੁਝ ਦੋਸ਼ ਨਹੀਂ ਇਹ ਤਾਂ ਵਾਹਿਗੁਰੂ ਦੇ ਵੱਸ ਹੈ।

**ਫਰੀਦਾ ਡੁਖਾ ਸੇਤੀ ਦਿਹੁ ਗਇਆ ਸੂਲਾਂ ਸੇਤੀ ਰਾਤਿ ॥ ਖੜਾ ਪੁਕਾਰੇ ਪਾਤਣੀ ਬੇੜਾ ਕਪਰ ਵਾਤਿ ॥ ੯੫ ॥**

---

*ਪਿਛਲੇ ਸਲੋਕ ਵਿਖੇ ਫਰੀਦ ਜੀ ਨੇ ਕਥਨ ਕੀਤਾ ਸੀ ਕਿ ਸੰਸਾਰ ਹੀ ਦੁਖੀ ਹੈ ਪਰ ਗੁਰੂ ਜੀ ਆਖਦੇ ਹਨ ਕਿ ਵਿਚੋਂ ਕੋਈ ਕੋਈ ਨਾਮ ਜਪਣ ਵਾਲੇ ਜਿਨ੍ਹਾਂ ਨੂੰ ਗੁਰੂ ਦਾ ਆਸਰਾ ਹੈ, ਸੁਖੀ ਵੀ ਹੁੰਦੇ ਹਨ।

ਕਪਰ = ਲਹਿਰਾਂ। ਵਾਤ = ਮੂੰਹ। ਪਾਤਨੀ = ਮਲਾਹ ਗੁਰੂ।

ਫਰੀਦਾ ਦੁੱਖਾਂ ਵਿਚ ਤਾਂ ਦਿਨ ਚਲਾ ਗਿਆ ਤੇ ਚਿੰਤਾ ਰੂਪੀ ਸੂਲਾਂ ਨਾਲ ਰਾਤ ਬੀਤ ਗਈ ਗੁਰੂ ਰੂਪ ਮਲਾਹ ਖੜਾ ਹੋਕੇ ਪੁਕਾਰਦਾ ਹੈ ਕਿ ਹੇ ਸੰਸਾਰੀਓ ਤੁਹਾਡਾ ਬੇੜਾ ਲਹਿਰਾਂ ਦੇ ਮੂੰਹ ਵਿਚ ਹੈ ਭਾਵ ਸੰਸਾਰੀ ਜੀਵਾਂ ਦੀ ਦਸ਼ਾ ਵੇਖਕੇ ਗੁਰੂ ਜੀ ਕਹਿੰਦੇ ਹਨ ਕਿ ਇਨ੍ਹਾਂ ਦਾ ਦਿਨ ਤਾਂ ਵਿਹਾਰਾਂ ਦੇ ਧੰਦਿਆਂ ਵਿਚ ਬੀਤ ਗਿਆ ਅਤੇ ਉਨ੍ਹਾਂ ਵਿਹਾਰਾਂ ਦੀ ਚਿੰਤਾ ਵਿਚ ਰਾਤ ਲੰਘ ਗਈ ਤਾਂ ਉਪਦੇਸ਼ ਕਰਦੇ ਹਨ ਕਿ ਤੁਹਾਡਾ ਆਯੂ ਰੂਪੀ ਬੇੜਾ ਕਾਮਾਦੀ ਲਹਿਰਾਂ ਵਿਖੇ ਪਿਆ ਹੋਇਆ ਹੈ ਇਸ ਨੂੰ ਬਚਾਓ।

**ਲੰਮੀ ਲੰਮੀ ਨਦੀ ਵਹੈ ਕੰਧੀ ਕੇਰੈ ਹੇਤਿ ॥**
**ਬੇੜੇ ਨੋ ਕਪਰੁ ਕਿਆ ਕਰੇ ਜੇ ਪਾਤਣ ਰਹੈ ਸੁਚੇਤਿ। ੮੬ ॥**

ਆਯੂ ਰੂਪੀ ਨਦੀ ਲੰਮੀ ਲੰਮੀ (ਸਹਿਜੇ ਸਹਿਜੇ) ਵਗ ਰਹੀ ਹੈ (ਵਿਹਾ ਰਹੀ ਹੈ) ਸਰੀਰ ਰੂਪੀ ਕਿਨਾਰੇ ਨੂੰ ਢਾਹੁਣ ਲਈ, ਪਰ ਦੇਹ ਰੂਪੀ ਬੇੜੇ ਦਾ ਕਾਮਾਦੀ ਲਹਿਰਾਂ ਕੀ ਕਰ ਸਕਦੀਆਂ ਹਨ, ਜੇਕਰ ਗੁਰੂ ਰੂਪ ਮਲਾਹ ਸੁਚੇਤ ਰਹੇ। ਭਾਵ ਆਯੂ ਦੇ ਹੌਲੀ੨ ਬੀਤਣ ਕਰਕੇ ਇਹ ਸਰੀਰ ਵਿਸ਼ਿਆਂ ਨਾਲ ਨਾਸ ਹੋ ਰਿਹਾ ਹੈ। ਪਰ ਜੇਕਰ ਇਹਦਾ ਗੁਰੂ ਸਾਵਧਾਨ ਹੋਵੇ ਤਾਂ ਇਹਨੂੰ ਕਾਲ ਦੁਖਦਾਈ ਨਾ ਹੋਵੇਗਾ॥

**ਫਰੀਦਾ ਗਲੀ ਸੁ ਸਜਣ ਵੀਹ ਇਕੁ ਢੂੰਢੇਦੀ ਨ ਲਹਾਂ ॥**
**ਧੁਖਾਂ ਜਿਉ ਮਾਂਲੀਹ ਕਾਰਣਿ ਤਿੰਨਾ ਮਾ ਪਿਰੀ ॥੮੭ ॥**

ਮਾਪਿਰੀ = ਮੇਰੇ ਪਿਆਰੇ ॥ਮਾਲੀਹ = ਪਾਥੀਆਂ।

ਗੱਲਾਂ ਨਾਲ ਘਰ ਪੂਰਾ ਕਰਨ ਵਾਲੇ ਤਾਂ ਵੀਹ ਸੱਜਣ ਹਨ ਪਰ ਜਿਸਤਰਾਂ ਦਾ ਮੈਂ ਲਭਦੀ ਹਾਂ ਉਸ ਤਰਾਂ ਦਾ ਇੱਕ ਵੀ ਨਹੀਂ। ਇਸ ਲਈ ਐਸੇ ਪਿਆਰੇ ਦੇ ਵਿਯੋਗ ਵਿਚ ਮਲੀਹ ਵਾਕਰ ਧੁਖਦੀ ਹਾਂ, ਭਾਵ ਅਸੰਤ ਬਹੁਤ ਹਨ ਪਰ ਮਹਾਤਮਾਂ ਕੋਈ ਵਿਰਲੇ ਹੀ ਹੁੰਦੇ ਹਨ, ਐਸੇ ਮਹਾਤਮਾਂ ਦੇ ਨਾਂ ਮਿਲਣ ਕਰਕੇ ਮੈਂ ਚਿੰਤਾਤੁਰ ਹਾਂ।

**ਫਰੀਦਾ ਇਹੁ ਤਨੁ ਭਉਕਣਾ ਨਿਤ ਨਿਤ ਦੁਖੀਐ ਕਉਣੁ ॥**
**ਕੰਨੀ ਬੁਜੇ ਦੇ ਰਹਾ ਕਿਤੀ ਵਗੈ ਪਉਣੁ ॥ ੮੮ ॥**

ਫਰੀਦਾ ਇਹ ਤਨ ਕੁੱਤੇ ਵਾਕੁਰ ਭੌਂਕਣ ਵਾਲਾ ਹੈ ਪਰ ਇਸਦੇ ਆਖੇ ਲੱਗਕੇ ਕੌਣ ਦੁਖੀ ਹੋਵੇ, ਇਹ ਕਿਨਾਂ ਹੀ ਭਾਵੇਂ ਭੌਂਕੇ ਪਰ ਮੈਂ ਕੰਨਾਂ ਵਿਚ ਬੁੱਜੇ ਦੇ ਰੱਖਾਂ। ਭਾਵ ਇਹ ਸਰੀਰ ਆਪਣੇ ਨਿਰਬਾਹ ਦੇ ਸੁਖ ਮੰਗਦਾ ਹੈ।

ਪਰ ਇਸ ਦੀਆਂ ਰੋਜ ਰੋਜ ਕੌਣ ਲੋੜਾਂ ਪੂਰੀਆਂ ਕਰੇ । ਇਸ ਲਈ ਇਸਦੇ ਵੱਲ ਪਿੱਠ ਦੇ ਛੱਡੀਏ । ਭਾਵੇਂ ਕਿੰਨਾਂ ਹੀ ਬਕਬਾਦ ਕਰੇ ।

**ਫਰੀਦਾ ਰਬ ਖਜੂਰੀ ਪਕੀਆਂ ਮਾਖਿਅ ਨਈ ਵਹੰਨਿ੍ ॥**
**ਜੋ ਜੋ ਵੰਞੈ ਡੀਹੜਾ ਸੋ ਉਮਰ ਹਥ ਪਵੰਨਿ ॥੮੯॥**

ਫਰੀਦਾ ਰੱਬ ਦੀਆਂ ਖਜੂਰਾਂ ਪੱਕੀਆਂ ਹੋਈਆਂ ਹਨ ਅਤੇ ਸ਼ੈਹਤ ਦੀਆਂ ਨਦੀਆਂ ਵਗ ਰਹੀਆਂ ਹਨ । ਜੋ ਜੋ ਦਿਨ ਬੀਤ ਰਿਹਾ ਹੈ ਓਹ ਉਮਰ ਤੇ ਹੱਥ ਪੈ ਰਿਹਾ ਹੈ (ਭਾਵ ਉਮਰ ਦਾ ਹਿੱਸਾ ਬੀਤ ਰਿਹਾ ਹੈ) (ਭਾਵ) ਸੰਤ ਅਤੇ ਗੁਰੂ ਰੂਪ ਰੱਬ ਦੀਆਂ ਖਜੂਰਾਂ ਤੇ ਸ਼ੈਹਤ ਦੀਆਂ ਨਦੀਆਂ ਹਨ ਉਨ੍ਹਾਂ ਦੀ ਸ਼ਰਨੀ ਛੇਤੀ ਪੈਣਾ ਚਾਹੀਏ, ਕਿਉਂ ਜੋ ਇਕ ਇਕ ਦਿਨ ਦੇ ਬੀਤਣ ਨਾਲ ਆਯੂ ਵਿਹਾ ਰਹੀ ਹੈ ।

**ਫਰੀਦਾ ਤਨੁ ਸੁਕਾ ਪਿੰਜਰੁ ਥੀਆ ਤਲੀਆਂ ਖੂੰਡਹਿ ਕਾਗ ॥**
**ਅਜੈ ਸੁ ਰਬੁ ਨ ਬਾਹੁੜਿਓ ਦੇਖੁ ਬੰਦੇ ਕੇ ਭਾਗ ॥ ੯੦ ॥**

ਖੂੰਡਹਿ = ਠੂੰਗੇ ਮਾਰਨਾ । ਕਾਗ = ਕਾਂ ।

ਫਰੀਦਾ ਤਨ ਸੁਕਕੇ ਪਿੰਜਰ ਹੋ ਗਿਆ ਹੈ ਅਤੇ ਤਲੀਆਂ ਨੂੰ (ਮੁਰਦੇ ਵਾਕੁਰ) ਕਾਂ ਠੂੰਗੇ ਮਾਰਦੇ ਹਨ ਪਰ ਬੰਦੇ ਦੇ ਭਾਗ ਦੇਖੋ ਜੋ ਅਜੇ ਤੀਕ ਰੱਬ ਨਹੀਂ ਬਹੁੜਿਆ [ਪ੍ਰਾਪਤੀ ਨਹੀਂ ਹੋਈ] ਭਾਵ ਫਰੀਦ ਜੀ ਆਪਣੇ ਕਠਨ ਤਪ ਦੀ ਹਾਲਤ ਦਸਦੇ ਹਨ ਕਿ ਸਾਡਾ ਸਰੀਰ ਤਪ ਕਰਕੇ ਸੁਕਕੇ ਪਿੰਜਰ ਹੋ ਗਿਆ ਹੈ ਅਤੇ ਕਾਂ ਤਲੀਆਂ ਨੂੰ ਚੂੰਡਦੇ ਹਨ ਪਰ ਜਿਸ ਵਾਸਤੇ ਇਹ ਤਪੱਸਿਆ ਕੀਤੀ ਸੀ ਓਹ ਅਜੇ ਤੀਕ ਨਹੀਂ ਮਿਲਿਆ । ਸਾਡੇ ਕਹੇ ਖੋਟੇ ਭਾਗ ਹਨ ।

**ਕਾਗਾ ਕਰੰਗ ਢਢੋਲਿਆ ਸਗਲਾ ਖਾਇਆ ਮਾਸੁ ॥**
**ਏ ਦੁਇ ਨੈਨਾ ਮਤਿ ਛੁਹਉ ਪਿਰ ਦੇਖਨ ਕੀ ਆਸ ॥ ੯੧ ॥**

ਹੇ ਕਾਗ [ਕਾਂ] ਤੂੰ ਮੇਰੇ ਕਰੰਗ [ਸੁਕੇ ਪਿੰਜਰ] ਨੂੰ ਢੰਢੋਲਿਆ ਹੈ ਅਤੇ ਉਸ ਵਿਚੋਂ ਸਾਰਾ ਮਾਸ ਖਾ ਲਿਆ ਹੈ ਪਰ ਇਨ੍ਹਾਂ ਦੋ ਨੇਤ੍ਰਾਂ ਨੂੰ ਨਾ ਛੋਹਵੀਂ (ਖਾਵੀਂ) ਕਿਉਂ ਜੋ ਇਨਾਂ ਨਾਲ ਅਜੇ ਤੀਕ ਮੈਨੂੰ ਪਿਆਰੇ (ਦੇ ਦਰਸ਼ਨ ਕਰਨ) ਦੀ ਆਸ ਹੈ ।

**ਕਾਗਾ ਚੂੰਡਿ ਨ ਪਿੰਜਰਾ ਬਸੈ ਤ ਉਡਰਿ ਜਾਹਿ ॥**
**ਜਿਤੁ ਪਿੰਜਰੈ ਮੇਰਾ ਸਹੁ ਵਸੈ ਮਾਸੁ ਨ ਤਿਦੂ ਖਾਹਿ ॥ ੯੨ ॥**

ਹੇ ਕਾਗ ਮੇਰੇ ਪਿੰਜਰ ਨੂੰ ਨਾ ਚੂੰਡ [ਨਾ ਖਾ] ਜਿਥੇ ਤੂੰ ਵਸਦਾ ਹੈਂ ਓਧਰ

ਉਡਕੇ ਚਲਾ ਜਾ। ਕਿਉਂ ਜੋ ਜਿਸ ਪਿੰਜਰ ਵਿੱਚ ਮੇਰਾ ਪਤੀ ਪ੍ਰਮੇਸ੍ਵਰ ਵਸਦਾ ਹੈ ਓਥੋਂ ਮਾਸ ਨਾ ਖਾਹ, (ਵਾ ਹੇ ਕਾਂ ਮੇਰਾ ਪਿੰਜਰ ਨਾ ਚੂੰਡ, ਜੇਕਰ ਤੂੰ ਇਸ ਪਿੰਜਰ ਵਿਖੇ ਵਸਨਾਂ ਚਾਹੇਂ ਤਾਂ ਇਥੋਂ ਉਡਕੇ ਚਲਾ ਜਾਹ)।

**ਫਰੀਦਾ ਗੋਰ ਨਿਮਾਣੀ ਸਡੁ ਕਰੇ ਨਿਘਰਿਆ ਘਰਿ ਆਉ ॥**
**ਸਰ ਪਰ ਮੈਥੈ ਆਵਣਾ ਮਰਣਹੁ ਨਾ ਡਰਿਆਹੁ ॥ ੯੩ ॥**

ਸਡੁ = ਵਾਜ, ਹੋਕਾ।

ਫਰੀਦਾ ਨਿਮਾਣੀ ਗੋਰ (ਦੇਹ ਨੂੰ ਵਾਜਾਂ ਮਾਰ ਰਹੀ ਹੈ ਕਿ ਹੇ ਨਿਘਰਿਆ ਤੂੰ ਘਰ ਆਉ (ਮੈਂ ਤੇਰਾ ਘਰ ਹਾਂ) ਕਿਉਂ ਜੋ (ਅੰਤ ਨੂੰ ਜ਼ਰੂਰ ਤੈਨੂੰ ਮੇਰੇ ਵਲ ਆਵਣਾ ਪਏਗਾ) (ਤਾਂਤੇ) ਮਰਨੇ ਦਾ ਡਰ ਨਾ ਰੱਖ।

**ਇਨੀ ਲੋਇਣੀ ਦੇਖਦਿਆ ਕੇਤੀ ਚਲਿ ਗਈ ॥**
**ਫਰੀਦਾ ਲੋਕਾਂ ਆਪੋ ਆਪਣੀ ਮੈ ਆਪਣੀ ਪਈ ॥ ੯੪ ॥**

ਇਨ੍ਹਾਂ ਨੇਤਰਾਂ ਦੇ ਦੇਖਦਿਆਂ ਦੇਖਦਿਆਂ ਕਿਤਨੀ ਹੀ ਸ੍ਰਿਸ਼ਟੀ ਚਲ ਗਈ ਹੈ ਫਰੀਦਾ, ਲੋਕਾਂ ਨੂੰ ਆਪੋ ਆਪਣੀ ਚਿੰਤਾ ਹੈ। ਅਤੇ ਮੈਨੂੰ ਆਪਣੀ ਚਿੰਤਾ ਹੈ (ਭਾਵ ਲੋਕਾਂ ਨੂੰ ਆਪੋ ਆਪਣੇ ਵਿਵਹਾਰਾਂ ਦੀ ਬਿਪਤਾ ਹੈ) ਅਤੇ ਮੈਨੂੰ ਆਪਣੇ ਪ੍ਰਮੇਸ਼ਰ ਨਾਲ ਮਿਲਨ ਦੀ ਚਿੰਤਾ ਹੈ।

**ਆਪੁ ਸਵਾਰਹਿ ਮੈ ਮਿਲਹਿ ਮੈ ਮਿਲਿਆ ਸੁਖੁ ਹੋਇ ॥**
**ਫਰੀਦਾ ਜੇ ਤੂ ਮੇਰਾ ਹੋਇ ਰਹਹਿ ਸਭੁ ਜਗੁ ਤੇਰਾ ਹੋਇ ॥ ੯੫**

ਜੇਕਰ ਤੂੰ ਆਪਣੇ ਆਪ ਨੂੰ ਸਵਾਰੇਂ (ਸੁਧ ਕਰੇਂ) ਤਦ ਤੂੰ ਮੈਨੂੰ ਪ੍ਰਾਪਤ ਹੋਵੇਂਗਾ ਅਤੇ ਮੈਨੂੰ ਮਿਲਣ ਨਾਲ ਤੈਨੂੰ ਸੁਖ ਹੋਵੇਗਾ। ਫਰੀਦਾ ਜੇਕਰ ਤੂੰ ਮੇਰਾ ਹੋ ਰਹੇਂ ਤਾਂ ਸਾਰਾ ਜਗਤ ਤੇਰਾ (ਤੇਰੇ ਵਸ) ਹੋ ਜਾਵੇਗਾ। (ਭਾਵ ਫਰੀਦ ਜੀ ਨੂੰ ਅਕਾਸ ਬਾਣੀ ਹੋਈ ਕਿ ਹੇ ਫਰੀਦ ਤੂੰ ਮੇਰੀ ਸੇਵਾ ਕਰ ਫੇਰ ਸਾਰਾ ਜਗਤ ਤੇਰਾ ਦਾਸ ਹੈ)।

**ਕੰਧੀ ਉਤੈ ਰੁਖੜਾ ਕਿਚਰਕੁ ਬੰਨੈ ਧੀਰ ॥**
**ਫਰੀਦਾ ਕਚੈ ਭਾਂਡੈ ਰਖੀਐ ਕਿਚਰੁ ਤਾਈ ਨੀਰ ॥ ੯੬ ॥**

ਨਦੀ ਦੇ ਕਿਨਾਰੇ ਤੇ ਬ੍ਰਿਛ ਕਦ ਤੀਕੁਰ ਧੀਰਜ ਬੰਨ੍ਹ ਸਕਦਾ ਹੈ (ਕਦ ਤੀਕ ਖੜਾ ਰਹਿ ਸਕਦਾ ਹੈ) ਅਤੇ ਕਚੇ ਭਾਂਡੇ ਵਿੱਚ ਪਾਣੀ ਕਿੰਨਾ ਕੁ ਚਿਰ ਰਖ ਸਕਦਾ ਹੈ। ਭਾਵ ਜਿੱਕੁਰ ਨਦੀ ਦੇ ਕਿਨਾਰੇ ਬ੍ਰਿਛ ਨਹੀਂ ਖੜੋ ਸਕਦਾ ਅਤੇ ਕੱਚੇ ਭਾਂਡੇ ਵਿੱਚ ਜਲ ਨਹੀਂ ਰਹਿ ਸਕਦਾ ਤਿਕੁਰ ਹੀ ਇਹ ਸਰੀਰ ਸੰਸਾਰ ਵਿਚ ਨਾਸ ਸਮਾਨ ਹੈ ਨਹੀਂ ਰਹਿ ਸਕਦਾ

**ਫਰੀਦਾ ਮਹਲ ਨਿਸਖਣ ਰਹਿ ਗਏ ਵਾਸਾ ਆਇਆ ਤਲਿ ॥**
**ਗੋਰਾਂ ਸੇ ਨਿਮਾਣੀਆ ਬਹਸਨਿ ਰੂਹਾਂ ਮਲਿ ॥**
**ਆਖੀਂ ਸੇਖਾਂ ਬੰਦਗੀ ਚਲਣੁ ਅਜੁ ਕਿ ਕਲਿ ॥ ੯੭ ॥**

ਫਰੀਦ ਮਹਲ ਨਿਸਚੇ ਕਰਕੇ ਖਾਲੀ ਰਹਿ ਗਏ ਅਤੇ [ਸਭ ਦਾ] ਵਾਸਾ ਮਦਾਨ ਵਿਖੇ ਹੋਇਆ । ਨਿਮਾਣੀਆਂ ਗੋਰਾਂ ਨੂੰ ਰੂਹਾਂ ਮੱਲਕੇ ਬੈਠ ਰਹਿਣ-ਗੀਆਂ । ਤਾਂਤੇ ਹੇ ਸੇਖ ਤੂੰ (ਪ੍ਰਮੇਸ਼ਰ ਦੀ) ਬੰਦਗੀ ਆਖ (ਕਰ) ਕਿਉਂ ਜੋ ਤੂੰ ਅਜ ਜਾਂ ਕਲ ਛੇਤੀ ਹੀ ਚਲਾਣਾ ਕਰ ਜਾਣਾ ਹੈ ਵਾ ਸਰੀਰ ਰੂਪੀ ਮਹਲ ਖਾਲੀ ਰਹਿ ਜਾਣਗੇ ਅਤੇ ਵਾਸਾ ਪ੍ਰਿਥਵੀ ਦੇ ਥਲੇ ਗੋਰ ਵਿਚ ਹੋਵੇਗਾ । ਤੇ ਨੀਵੀਆਂ ਗੋਰਾਂ ਨੂੰ ਰੂਹਾਂ ਮੱਲਕੇ ਬੈਠ ਰਹਿਣਗੀਆਂ ।

**ਫਰੀਦਾ ਮਉਤੈ ਦਾ ਬੰਨਾ ਏਵੈ ਦਿਸੈ ਜਿਉ ਦਰੀਆਵੈ ਢਾਹਾ ॥**
**ਅਗੈ ਦੋਜਕ ਤਪਿਆ ਸੁਣੀਐ ਹੂਲ ਪਵੈ ਕਾਹਾਹਾ ॥**

ਹੂਲ = ਚੀਕ ਚਿਹਾੜਾ ।

ਫਰੀਦਾ ਮੌਤ ਦਾ ਬੰਨਾਂ ਇੱਕੁਰ ਦਿਸਦਾ ਹੈ ਜਿੱਕੁਰ ਦਰੀਯਾ ਵਿੱਚ ਢਾਹ ਲਗੀ ਹੋਈ ਹੁੰਦੀ ਹੈ ਅਗੇ ਦੋਜ਼ਖ ਤਪਿਆ ਹੋਇਆ ਸੁਣੀਦਾ ਹੈ ਅਤੇ ਪਾਪੀਆਂ ਦਾ ਚੀਕ ਚਿਹਾੜਾ ਪਿਆ ਹੋਇਆ ਹੈ ਭਾਵ ਮੌਤ ਦਾ ਬੰਨਾ ਸਰੀਰ ਇੱਕੁਰ ਨਾਸਮਾਨ ਹੈ ਜਿਕੁਰ ਨਦੀ ਦੇ ਕਿਨਾਰੇ ਡਿਗਣ ਵਾਲੇ ਦਿਸਦੇ ਹਨ ।

**ਇਕਨਾ ਨੋ ਸਭ ਸੋਝੀ ਆਈ ਇਕ ਫਿਰਦੇ ਵੇਪਰਵਾਹਾ ॥**
**ਅਮਲ ਜਿ ਕੀਤਿਆ ਦੁਨੀ ਵਿਚਿ ਸੇ ਦਰਗਹ ਓਗਾਹਾ ॥੯੮॥**

ਇਹ ਨਰਕ ਦੀ ਰੌਲ਼ੀ ਸੁਣਕੇ ਇਕਨਾਂ ਨੂੰ ਤਾਂ ਗਿਆਨ ਰੂਪੀ ਸੂਝ ਹੋਈ, ਅਤੇ ਕਈ ਸੁਣਕੇ ਬੇਪਰਵਾਹ ਹੀ ਫਿਰਦੇ ਹਨ, ਜੇਹੜੇ ਅਮਲ ਦੁਨੀਆਂ ਵਿਚ ਕੀਤੇ ਉਹ ਦਰਗਾਹ ਵਿਚ ਗਵਾਹ ਹੋਏ ਵਾ ਪ੍ਰਗਟ ਹੋਏ ।

**ਫਰੀਦਾ ਦਰੀਆਵੈ ਕੰਨੈ ਬਗੁਲਾ ਬੈਠਾ ਕੇਲ ਕਰੇ ॥**
**ਕੇਲ ਕਰੇਦੇ ਹੰਝਨੋ ਅਚਿੰਤੇ ਬਾਜ ਪਏ ॥**
**ਬਾਜ ਪਏ ਤਿਸੁ ਰਬ ਦੇ ਕੇਲਾਂ ਵਿਸਰੀਆਂ ॥**
**ਜੋ ਮਨਿ ਚਿਤਿ ਨ ਚੇਤਸਨਿ ਸੋ ਗਾਲੀ ਰਬ ਕੀਆਂ ॥ ੯੯ ॥**

ਫਰੀਦਾ ਦਰੀਆ ਦੇ ਕੰਢੇ ਤੇ ਬਗਲਾ ਬੈਠਾ ਕੇਲ ਅਨੰਦ ਕਰ ਰਿਹਾ ਸੀ, ਕੇਲ ਕਰਦੇ ਹੰਝ ਚਿੱਟੇ ਬਗਲੇ ਨੂੰ ਅਚਾਨਕ ਬਾਜ ਆ ਪਏ ਤੇ

ਸਾਰੀਆਂ ਕੇਲਾਂ ਭੁੱਲ ਗਈਆਂ। ਜੋ ਗੱਲਾਂ ਇਸਦੇ ਚਿੱਤ ਚੇਤੇ ਵੀ ਨਹੀਂ ਸਨ ਉਹ ਰੱਬ ਨੇ ਕਰ ਦਿਤੀਆਂ। ਭਾਵ ਸੰਸਾਰ ਸਾਗਰ ਵਿਚ ਇਹ ਜੀਵ ਬਗਲੇ ਦੀ ਨਿਆਈਂ ਵਿਸ਼ੇ ਵਿਕਾਰਾਂ ਵਿਚ ਅਨੰਦ ਕਰਦਾ ਹੈ ਅਤੇ ਕਾਲ ਰੂਪੀ ਬਾਜ ਇਸਨੂੰ ਅਚੱਨ ਚੇਤ ਆ ਪੈਂਦਾ ਹੈ, ਤੇ ਸਾਰੀਆਂ ਖੇਡਾਂ ਵਿਸਰ ਜਾਂਦੀਆਂ ਹਨ। ਜੋ ਗੱਲਾਂ ਇਸਨੂੰ ਚਿੱਤ ਚੇਤੇ ਵੀ ਨਹੀਂ ਸਨ ਸੋ ਰੱਬ ਕਰ ਦਿਖਾਲਦਾ ਹੈ।

**ਸਾਢੇ ਤ੍ਰੈ ਮਣ ਦੇਹੁਰੀ ਚਲੈ ਪਾਣੀ ਅੰਨਿ ॥**
**ਆਇਓ ਬੰਦਾ ਦੁਨੀ ਵਿਚਿ ਵਤਿ ਆਸੂਣੀ ਬੰਨਿ ॥**

ਸਾਢੇ ਤ੍ਰੈ ਮਣ ਦੀ ਦੇਹੀ ਅੰਨ ਅਤੇ ਪਾਣੀ ਦੇ ਆਸਰੇ ਚਲਦੀ ਹੈ ਬੰਦਾ ਦੁਨੀਆਂ ਵਿਚ ਆਇਆ ਹੈ ਅਤੇ ਫਿਰ ਆਸਾ (ਹੋਰ ਤ੍ਰਿਸ਼ਨਾ ਦਾ ਬੰਨ੍ਹਿਆਂ ਹੋਇਆ ਫਿਰਦਾ ਹੈ। ਭਾਵ ਅੰਨ ਪਾਣੀ ਤੇ ਸੰਤੋਖ ਨਹੀਂ ਕਰਦਾ ਸਗੋਂ ਹੋਰ ਤ੍ਰਿਸ਼ਨਾ ਕਰਦਾ ਹੈ)।

**ਮਲਕਲ ਮਉਤ ਜਾ ਆਵਸੀ ਸਭ ਦਰਵਾਜੇ ਭੰਨਿ ॥**
**ਤਿਨਾ ਪਿਆਰਿਆ ਭਾਈਆਂ ਅਗੈ ਦਿਤਾ ਬੰਨਿ ॥**

ਮਲਕਲ ਮਉਤ = ਮੌਤ ਦਾ ਮਲਕ ਫਰਿਸ਼ਤਾ, ਜਮ ਰਾਜ।

ਜਦੋਂ ਮਲਕਲ ਮੌਤ ਸਾਰੇ ਦਰਵਾਜੇ (ਇੰਦ੍ਰੇ) ਭੰਨਕੇ ਆਵੇਗਾ ਤਦ (ਇਸ ਜੀਵ) ਦੇ ਪਿਆਰੇ ਭਾਈਆਂ ਨੇ ਬੰਨਕੇ ਜਮਾਂ ਦੇ ਹਵਾਲੇ ਕਰ ਦਿਤਾ (ਭਾਵ ਜਿਸ ਵਾਸਤੇ ਉਹ ਸਾਰੇ ਉੱਦਮ ਕਰਦਾ ਹੈ ਉਹ ਇਹਦੇ ਸਾਥੀ ਨਹੀਂ ਹੁੰਦੇ)।

**ਵੇਖਹੁ ਬੰਦਾ ਚਲਿਆ ਚਹੁ ਜਣਿਆ ਦੈ ਕੰਨਿ ॥**
**ਫਰੀਦਾ ਅਮਲ ਜਿ ਕੀਤੇ ਦੁਨੀ ਵਿਚਿ**
**ਦਰਗਹ ਆਏ ਕੰਮਿ ॥ ੧੦੧ ॥**

ਵੇਖੋ ਬੰਦਾ ਚਹੁੰ ਆਦਮੀਆਂ ਦੇ ਮੋਢੇ ਤੇ ਚੜ੍ਹਕੇ ਚਲਿਆ ਹੈ। ਫਰੀਦਾ ਜੇਹੜ (ਸ਼ੁਭ) ਅਮਲ ਦੁਨੀਆਂ ਵਿਚ ਕੀਤੇ ਸਨ ਉਹ ਦਰਗਾਹ ਵਿਚ ਲਾਭ ਦਾਇਕ ਹੋਏ (ਅਥਵਾ ਤੈਨੂੰ ਸ਼ੁਭ ਅਸ਼ੁਭ ਕਰਮਾਂ ਦਾ ਲੇਖਾ ਦੇਣਾ ਪਿਆ)।

**ਫਰੀਦਾ ਹਉ ਬਲਿਹਾਰੀ ਤਿਨ ਪੰਖੀਆ ਜੰਗਲਿ ਜਿਨਾ ਵਾਸੁ।**
**ਕਕਰੁ ਚੁਗਨਿ ਥਲਿ ਵਸਨਿ ਰਬ ਨ ਛੋਡਨਿ ਪਾਸੁ ॥ ੧੦੨ ॥**

ਕਕਰ = ਰੋੜ। ਪਾਸੁ = ਪਾਸਾ ॥

ਫਰੀਦਾ ਮੈਂ ਉਨ੍ਹਾਂ ਪੰਛੀਆਂ ਦੇ ਬਲਿਹਾਰ ਹਾਂ ਜਿਨਾਂ ਦਾ ਜੰਗਲ ਵਿਚ ਨਿਵਾਸ ਹੈ ਕਿਉਂ ਜੋ ਕੰਕਰ [ਰੋੜ] ਚੁਗਦੇ ਹਨ ਅਤੇ ਥਲ ਵਿਚ ਵਸਦੇ ਹੋਏ ਰਬ ਨੂੰ ਮਨੋਂ ਨਹੀ ਭੁਲਾਉਂਦੇ, (ਵਾ ਰੱਬ ਦਾ ਪਾਸਾ ਨਹੀਂ ਤਿਆਗਦੇ) ਭਾਵ [ਮੈਂ ਉਨ੍ਹਾਂ ਸੰਤਾਂ ਦੇ ਕੁਰਬਾਨ ਹਾਂ ਜੇਹੜੇ ਇਸ ਸੰਸਾਰ ਰੁਪੀ ਜੰਗਲ ਵਿਚ ਰਹਿਕੇ ਫਲ ਫੁਲ ਖਾਕੇ ਰਬ ਨੂੰ ਨਹੀਂ ਭੁਲਾਉਂਦੇ)।

**ਫਰੀਦਾ ਰੁਤਿ ਫਿਰੀ ਵਣੁ ਕੰਬਿਆ ਪਤ ਝੜੇ ਝੜਿ ਪਾਹਿ ॥**
**ਚਾਰੇ ਕੁੰਡਾਂ ਢੂੰਢੀਆਂ ਰਹਣੁ ਕਿਥਾਊ ਨਾਹਿ ॥ ੧੦੩ ॥**

ਫਰੀਦਾ ਜਦੋਂ ਰੁਤ ਬਦਲੀ ਤਦ ਵਣ ਕੰਬਿਆ ਅਤੇ ਪਤ ਝੜਨ ਲਗੇ [ਉਹ ਪਤ੍ਰਾਂ ਨੇ ਚਾਰੇ ਕੁੰਡਾਂ ਭਾਲੀਆਂ ਪਰ ਕਿਤੇ ਟਿਕਾਣਾ ਨਾ ਪਯਾ,] [ਭਾਵ] ਜਦੋਂ ਅਵਸਥਾ ਰੂਪੀ ਰੁਤ ਫਿਰੀ [ਬਿਧ ਅਵਸਥਾ ਹੋਈ] ਤਦ ਸਰੀਰ ਕੰਬਣ ਲਗ ਪਿਆ ਅਤੇ ਦੰਦ ਆਦੀ ਅੰਗ ਤੇ ਇੰਦ੍ਰੇ ਝੜਨ ਲਗ ਪਏ, ਚਾਰੇ ਦਿਸ਼ਾਂ ਭਾਲੀਆਂ ਪਰ ਇਸ ਸਰੀਰ ਦਾ ਟਿਕਾਣਾ ਕਿਤੇ ਨਾ ਹੋਯਾ।

**ਫਰੀਦਾ ਪਾੜਿ ਪਟੋਲਾ ਧਜ ਕਰੀ ਕੰਬਲੜੀ ਪਹਿਰੇਉ ॥**
**ਜਿਨੀ ਵੇਸੀ ਸਹੁ ਮਿਲੈ ਸੇਈ ਵੇਸ ਕਰੇਉ ॥ ੧੦੪ ॥**

ਧਜ = ਕਫਨੀ, ਝੰਡੀ। ਪਟੋਲਾ = ਸੁੰਦਰ ਕੱਪੜੇ।

[ਮੈਨੂੰ] ਪ੍ਰਮੇਸ਼੍ਵਰ ਦੇ ਮਿਲਣ ਦਾ ਇੰਨਾ ਚਾਉ ਹੈ ਕਿ ਮੈਂ ਸੁੰਦਰ ਕਪੜੇ ਪਾੜਕੇ ਕਫਨੀ ਬਣਾ ਲਵਾਂ ਅਤੇ ਕੰਬਲੀ ਓਢ ਲਵਾਂ ਅਤੇ ਜਿਨ੍ਹਾਂ ਵੇਸਾਂ ਕਰਕੇ ਪਤੀ ਮਿਲੇ ਓਹੀ ਵੇਸ ਕਰਾਂ।

**ਮ: ੩ ॥ ਕਾਂਇ ਪਟੋਲਾ ਪਾੜਤੀ ਕੰਬਲੜੀ ਪਹਿਰੇਇ ॥**
**ਨਾਨਕ ਘਰ ਹੀ ਬੈਠਿਆ ਸਹੁ ਮਿਲੈ**
**ਜੇ ਨੀਅਤਿ ਰਾਸ ਕਰੇਇ ॥ ੧੦੫ ॥**

(ਗੁਰੂ ਅਮਰ ਦਾਸ ਜੀ ਕਹਿੰਦੇ ਹਨ) ਕਿ ਪਟੋਲਾ ਪਾੜਕੇ ਕੰਬਲੀ ਪਹਿਨਣ ਦੀ ਕੀ ਲੋੜ ਹੈ। (ਭਾਵ ਘਰ ਛਡਕੇ ਭੇਖਾਂ ਵਿੱਚ ਪ੍ਰਮੇਸ਼੍ਵਰ ਨਹੀਂ] ਕਿਉਂ ਜੋ ਘਰ ਹੀ ਬੈਠਿਆਂ ਪ੍ਰਮਾਤਮਾਂ ਮਿਲ ਜਾਂਦਾ ਹੈ ਜੇਕਰ ਨੀਅਤ ਰਾਸ ਕਰੀਏ।

**ਮ: ੫ ॥ ਫਰੀਦਾ ਗਰਬੁ ਜਿਨਾ ਵਡਿਆਈਆ**
**ਧਨਿ ਜੋਬਨਿ ਆਗਾਹ ॥**
**ਖਾਲੀ ਚਲੇ ਧਣੀ ਸਿਉ ਟਿਬੇ ਜਿਉ ਮੀਹਾਹੁ ॥ ੧੦੬ ॥**

ਮੀਹਾਹੁ = ਵਰਖਾ ਦਾ ਪਾਣੀ।

ਫਰੀਦਾ ਜਿਨਾਂ ਨੂੰ ਧਨ ਜੋਬਨ ਅਤੇ ਵਡਿਆਈਆਂ ਦਾ ਵੱਡਾ ਹੰਕਾਰ ਹੈ ਉਹ ਪ੍ਰਮੇਸ਼ਰ (ਦੇ ਨਾਮ) ਤੋਂ ਇੱਕੁਰ ਖਾਲੀ ਰਹਿੰਦੇ ਹਨ ਜਿੱਕੁਰ ਟਿਬੇ ਬਰਖਾ ਦੇ ਪਾਣੀ ਤੋਂ ਸੁੰਵੇ ਰਹਿ ਜਾਂਦੇ ਹਨ । (ਭਾਵ ਜੇਹੜੇ ਹੰਕਾਰ ਕਰਕੇ ਕਿਸੇ ਨੂੰ ਅੱਖ ਹੇਠਾਂ ਨਹੀਂ ਲਿਆਉਂਦੇ ਉਹ ਪ੍ਰਮੇਸ਼ਰ ਤੋਂ ਵਾਂਞੇ ਹੀ ਰਹਿੰਦੇ ਹਨ) ॥

**ਫਰੀਦਾ ਤਿਨਾ ਮੁਖ ਡਰਾਵਣੇ ਜਿਨਾ ਵਿਸਾਰਿਓਨੁ ਨਾਉ ॥**
**ਐਥੈ ਦੁਖ ਘਣੇਰਿਆ ਅਗੈ ਠਉਰੁ ਨ ਠਾਉ ॥ ੧੦੭ ॥**

ਫਰੀਦਾ ਜਿਨ੍ਹਾਂ ਨੇ (ਪ੍ਰਮੇਸ਼ਰ ਦਾ) ਨਾਮ ਵਿਸਾਰ ਦਿਤਾ ਹੈ ਉਨ੍ਹਾਂ ਦੇ ਮੁੱਖ ਡਰਾਉਂਣੇ ਹਨ। (ਓਨ੍ਹਾਂ ਵਾਸਤੇ) ਇਥੇ ਬਹੁਤ ਦੁੱਖ ਹਨ ਅਗੇ ਵੀ ਠਹਰਨ ਵਾਸਤੇ ਜਗ੍ਹਾ ਨਹੀਂ (ਭਾਵ ਲੋਕ ਪ੍ਰਲੋਕ ਵਿਖੇ ਟਿਕਾਣਾ ਨਹੀਂ)।

**ਫਰੀਦਾ ਪਿਛਲ ਰਾਤਿ ਨ ਜਾਗਿਓਹਿ ਜੀਵਦੜੋ ਮੁਇਓਹਿ ॥**
**ਜੇ ਤੈ ਰਬੁ ਵਿਸਾਰਿਆ ਤ ਰਬਿ ਨ ਵਿਸਰਿਓਹਿ ॥ ੧੦੮ ॥**

ਫਰੀਦਾ ਤੂੰ ਪਿਛਲੀ ਰਾਤੀ ਨਾ ਜਾਗਿਆ (ਭਾਵ ਭਜਨ ਲਈ ਪ੍ਰਾਤਾ ਕਾਲ ਨਹੀਂ ਉਠਿਆ) (ਤਦ ਤੂੰ ਜਾਣ) ਜੋ ਤੂੰ ਜਿਉਂਦਾਂ ਹੀ ਮਰ ਗਿਆ। ਪਰ ਜੇ ਰੱਬ ਨੂੰ ਵਿਸਾਰ ਦਿੱਤਾ ਹੈ ਤਾਂ ਰਬ ਨੂੰ ਤੂੰ ਨਹੀਂ ਭੁਲਿਆ। ਭਾਵ ਤੇਰੇ ਕਰਤੱਬ ਰਬ ਦੇਖ ਰਿਹਾ ਹੈ)।

**ਮਃ ੫ ॥ ਫਰੀਦਾ ਕੰਤੁ ਰੰਗਾਵਲਾ ਵਡਾ ਵੇ ਮੁਹਤਾਜੁ ॥**
**ਅਲਹ ਸੇਤੀ ਰਤਿਆ ਏਹੁ ਸਚਾਵਾ ਸਾਜੁ ॥ ੧੦੯ ॥**

ਫਰੀਦਾ (ਪਤੀ ਪ੍ਰਮੇਸ਼ਰ) ਰੰਗੀਲਾ ਹੈ ਅਤੇ ਵਡਾ ਬੇ ਮੁਹਤਾਜ ਹੈ। ਵਾਹਿਗੁਰੂ ਨਾਲ ਪ੍ਰੀਤੀ ਕਰਨਾ ਇਹ ਸਚਾ ਸਾਜ ਹੈ। (ਹੋਰ ਸਭ ਝੂਠੇ ਹਨ)

**ਮਃ੫॥ ਫਰੀਦਾ ਦੁਖੁ ਸੁਖੁ ਇਕੁ ਕਰਿ ਦਿਲ ਤੇ ਲਾਹਿ ਵਿਕਾਰੁ॥**
**ਅਲਹ ਭਾਵੈ ਸੋ ਭਲਾ ਤਾਂ ਲਭੀ ਦਰਬਾਰੁ ॥ ੧੧੦ ॥**

ਫਰੀਦਾ ਦੁਖ ਸੁਖ ਨੂੰ ਸਮਾਨ ਜਾਣ ਅਤੇ ਦਿਲ ਤੋਂ ਵਿਕਾਰ ਦੂਰ ਕਰ ਜੋ ਪ੍ਰਮੇਸ਼ਰ ਨੂੰ ਭਾਉਂਦਾ ਹੈ ਉਹਨੂੰ ਭਲਾ ਜਾਣ ਤਦ ਤੈਨੂੰ ਉਸਦੇ ਦਰਬਾਰ ਦੀ ਪ੍ਰਾਪਤੀ ਹੋਵੇਗੀ।

**ਮ: ੫ ॥ ਫਰੀਦਾ ਦੁਨੀ ਵਜਾਈ ਵਜਦੀ ਤੂੰਭੀ ਵਜਹਿ ਨਾਲ॥**
**ਸੋਈ ਜੀਉ ਨ ਵਜਦਾ ਜਿਸੁ ਅਲਹੁ ਕਰਦਾ ਸਾਰ ॥ ੧੧੧ ॥**

ਦੁਨੀਆਂ ਵਜਾਈ ਹੋਈ ਵਜਦੀ ਹੈ ਅਤੇ ਤੂੰ ਵੀ ਨਾਲ ਹੀ ਵੱਜ ਰਿਹਾ ਹੈਂ। ਪਰ ਉਹ ਜੀਵ ਨਹੀ ਵਜਦਾ ਜਿਸਦੀ ਪਰਮੇਸ਼ਰ ਸਾਰ ਲੈਂਦਾ ਹੈ (ਭਵ) ਦੁਨੀਆਂ ਇੱਕ ਦੂਜੇ ਦੀ ਪ੍ਰੇਰਨਾ ਤੇ ਕੰਮ ਕਰਦੀ ਹੈ ਜਿਧਰ ਕੋਈ ਲਾਉਂਦਾ ਹੈ ਉਧਰ ਲੱਗ ਤੁਰਦੀ ਹੇ ਅਤੇ ਹੇ ਜੀਵ ਤੂੰ ਵੀ ਦੁਨੀਆਂ ਦੇ ਮਗਰ ਜਾ ਰਿਹਾ ਹੈਂ, ਕੇਵਲ ਅਲਹ ਦੇ ਨਿਵਾਜੇ ਹੋਏ ਇਸਦੇ ਕਹੇ ਤੇ ਨਹੀਂ ਚਲਦੇ।

**ਮ: ੫ ॥ ਫਰੀਦਾ ਦਿਲੁ ਰਤਾ ਇਸੁ ਦੁਨੀ ਸਿਉ ਦੁਨੀ ਨ ਕਿਤੈ ਕੰਮਿ ॥ ਮਿਸਲ ਫਕੀਰਾਂ ਗਾਖੜੀ ਸੁ ਪਾਈਐ ਪੂਰ ਕਰੰਮਿ ॥ ੧੧੨ ॥**

ਮਿਸਲ = ਰਹਿਣੀ ਵਾ ਪੰਕਤੀ।

ਫਰੀਦਾ ਇਸ ਦੁਨੀਆਂ ਨਾਲ ਰੱਤਾ ਹੋਇਆ ਹੈਂ ਅਤੇ ਦੁਨੀਆਂ ਕਿਸੇ ਕੰਮ ਨਹੀਂ, ਫ਼ਕੀਰਾਂ ਦੀ ਰਹਿਣੀ ਵਡੀਔਖੀ, ਉਹ ਪੂਰਬਲੇ ਕਰਮਾਂ ਕਰਕੇ ਪਾਈਦੀ ਹੈ।

**ਪਹਿਲੈ ਪਹਿਰੈ ਫੁਲੜਾ *ਫਲੁ ਭੀ ਪਛਾ ਰਾਤਿ ॥ ਜੋ ਜਾਗੰਨਿ ਲਹੰਨਿ ਸੇ ਸਾਈ ਕੰਨੋ ਦਾਤਿ ॥ ੧੧੩ ॥**

ਰਾਤ ਦੇ ਪਹਿਲੇ ਪਹਿਰੇ ਵਿਖੇ (ਭਜਨ ਕਰਨਾ) ਫੁਲ (ਦੇ ਸਮਾਨ ਹੈ ਅਤੇ ਪਿਛਲੇ ਪਹਿਰ ਵਿਖੇ ਨਾਮ ਜਪਣਾ ਫਲ (ਦੇ ਤੁਲ) ਹੈ (ਭਾਵ ਪਿਛਲੀ ਰਾਤੀ ਭਜਨ ਕਰਨਾ ਅਧਕ ਹੈ) ਜੋ ਜਨ (ਪਿਛਲੀ ਰਾਤ) ਜਾਗਦੇ ਹਨ ਉਹ ਪ੍ਰਮੇਸ਼ਰ ਵਲੋਂ ਦਾਤ ਪਾਉਂਦੇ ਹਨ॥

**ਦਾਤੀ ਸਾਹਿਬ ਸੰਦੀਆ ਕਿਆ ਚਲੈ ਤਿਸੁ ਨਾਲਿ ॥ ਇਕ ਜਾਗੰਦੇ ਨਾ ਲਹਨਿ੍ ਇਕਨਾ ਸੁਤਿਆ ਦੇਇ ਉਠਾਲਿ ॥ ੧੧੪ ॥**

ਦਾਤਾਂ ਵਾਹਿਗੁਰੂ ਦੀਆਂ ਹਨ ਉਸ ਨਾਲ ਕਿਸੇ ਦਾ ਕੁਝ ਜੋਰ ਨਹੀਂ ਚਲਦਾ। ਇਹ ਦਾਤਾਂ) ਇਕ ਜਾਗਕੇ ਵੀ ਨਹੀਂ ਲੈ ਸਕਦੇ ਇਕਨਾਂ ਨੂੰ (ਓਹ) ਸੁਤਿਆਂ ਨੂ ਉਠਾਕੇ ਦੇ ਦਿੰਦਾ ਹੈ॥

---

*ਪਿਛਲੀ ਰਾਤ ਦਾ ਜਾਗਣਾ ਇਸ ਲਈ ਅਧਕ ਹੈ ਕਿ ਪਹਿਲੀ ਰਾਤ ਵਿਚ ਬ੍ਰਿਤੀਆਂ ਸੰਸਾਰਕ ਬਿਵਹਾਰਾਂ ਵਿੱਚ ਫਸੀ ਹੋਈ ਹੋਣ ਕਰਕੇ ਐਸੀ ਇਕਾਗਰ ਨਹੀਂ ਹੁੰਦੀ ਜਿਹੀ ਕਿ ਪ੍ਰਾਤਾ ਕਾਲ ਵਿਖੇ, ਉਸ ਵੇਲੇ ਬ੍ਰਿਤੀਆਂ ਨੀਂਦ ਕਰਕੇ ਦਬੀਆਂ ਜਾਂਦੀਆਂ ਹਨ ਅਤੇ ਮਨ ਨਿਰਮਲ ਹੁੰਦਾ ਹੈ ਤਾਂਤੇ ਉਸ ਵੇਲੇ ਦਾ ਭਜਨ ਵਧ ਫਲ ਦਾਇਕ ਹੁੰਦਾ ਹੈ।

**ਢੂਢੇਦੀਏ ਸੁਹਾਗ ਕੂ ਤਉ ਤਨਿ ਕਾਈ ਕੋਰ ॥**
**ਜਿਨ੍ਹਾ ਨਾਉ ਸੁਹਾਗਣੀ ਤਿਨਾ ਝਾਕ ਨ ਹੋਰ॥ ੧੧੫ ॥**

ਕੋਰ = ਕਸੂਰ, ਕਾਣ ॥

ਹੇ ਸੁਹਾਗ ਨੂੰ ਢੂੰਢਣ ਵਾਲੀਏ ਤੇਰੇ ਤਨ ਵਿੱਚ ਕੋਈ ਕਸੂਰ ਹੈ ਕਿਉਂ ਜੋ ਜਿਨ੍ਹਾਂ ਦਾ ਨਾਉਂ ਸੁਹਾਗਣੀ ਹੈ ਉਨ੍ਹਾਂ ਨੂੰ ਹੋਰ ਕਿਸੇ ਦੀ ਝਾਕ ਨਹੀਂ ਹੁੰਦੀ ।

**ਸਬਰ ਮੰਝ ਕਮਾਣ ਏ ਸਬਰੁ ਕਾ ਨੀਹਣੋ ॥**
**ਸਬਰ ਸੰਦਾ ਬਾਣੁ ਖਾਲਕੁ ਖਤਾ ਨ ਕਰੀ ॥ ੧੧੬ ॥**

ਨੀਹਣੋ = ਚਿੱਲਾ ॥ ਮੰਝ = ਵਿੱਚ ॥

ਹੇ ਭਾਈ! ਸੰਤੋਖ ਦੀ ਆਪਣੇ (ਚਿੱਤ) ਵਿਖੇ ਕਮਾਣ ਬਣਾ ਲੈ ਅਤੇ ਏਸ ਸਬਰ ਦਾ ਹੀ ਚਿਲਾ ਚੜ੍ਹਾ ਅਤੇ ਸਬਰ ਦਾ ਹੀ ਬਾਣ ਕਰ (ਅਤੇ ਮੁਖੋਂ ਆਖ) ਹੇ ਖਾਲਕ (ਪ੍ਰਮੇਸ਼ਰ) ਇਹ ਬਾਣ ਖਤਾ ਨਾ ਕਰੇ, (ਨਾ ਚੂਕ ਜਾਵੇ) ਵਾ: ਪ੍ਰਮੇਸ਼ਰ ਉਸ ਨੂੰ ਖਤਾ ਨਾ ਜਾਣ ਦੇਵੇਗਾ (ਸਿੱਧਾ ਨਿਸ਼ਾਨੇ ਤੇ ਲੱਗੇਗਾ) ਅਰਥਾਤ ਫਿਰ ਪਾਪ ਨਾ ਕਰੇਗਾ ।

**ਸਬਰ ਅੰਦਰਿ ਸਾਬਰੀ ਤਨੁ ਏਵੈ ਜਾਲੇਨਿ ॥**
**ਹੋਨਿ ਨਜੀਕਿ ਖੁਦਾਇ ਦੈ ਭੇਤੁ ਨ ਕਿਸੈ ਦੇਨਿ ॥ ੧੧੭ ॥**

ਸਾਬਰੀ = ਸੰਤੋਖੀ ॥

ਸੰਤੋਖੀ ਆਦਮੀ ਸੰਤੋਖ ਵਿੱਚ ਆਪਣੇ ਤਨ ਨੂੰ ਇੱਕੁਰ ਹੀ ਜਾਲਦੇ ਹਨ (ਆਯੂ ਬਤੀਤ ਕਰਦੇ ਹਨ) (ਅਤੇ ਐਸਾ ਕਰਨ ਤੇ) ਓਹ ਪ੍ਰਮੇਸ਼ਵਰ ਦੇ ਨਜੀਕ ਹੋ ਜਾਂਦੇ ਹਨ, ਪਰ ਇਸ ਗੱਲ ਦਾ ਭੇਦ ਕਿਸੇ ਨੂੰ ਨਹੀਂ ਦੇਂਦੇ ।

**ਸਬਰੁ ਏਹੁ ਸੁਆਉ ਜੇ ਤੂੰ ਬੰਦਾ ਦਿੜੁ ਕਰਹਿ ॥**
**ਵਧਿ ਥੀਵਹਿ ਦਰੀਆਉ ਟੁਟਿ ਨ ਥੀਵਹਿ ਵਾਹੜਾ ॥ ੧੧੮ ॥**

ਸੁਆਉ = ਪ੍ਰਯੋਜਨ ॥ ਵਾਹੜਾ = ਨਾਲਾ ॥

ਹੇ ਬੰਦੇ ਜੇ ਤੂੰ ਇਸ ਨੂੰ ਮਨ ਵਿੱਚ ਪੱਕਾ ਕਰੇਂ ਤਾਂ ਸਬਰ ਧਾਰਨੇ ਦਾ ਇਹ ਪ੍ਰਯੋਜਨ ਹੈ (ਲਾਭ ਹੈ) ਕਿ ਤੂੰ ਦਰੀਆ ਤੋਂ ਵੱਧ ਹੋਵੇਂਗਾ ਸਗੋਂ ਟੁਟ ਕੇ ਨਾਲਾ ਨਹੀਂ ਹੋਵੇਂਗਾ ।

**ਫਰੀਦਾ ਦਰਵੇਸੀ ਗਾਖੜੀ ਚੋਪੜੀ ਪਰੀਤਿ ॥**
**ਇਕਨਿ ਕਿਨੈ ਚਾਲੀਐ ਦਰਵੇਸਾਵੀ ਰੀਤਿ ॥ ੧੧੯ ॥**

ਫਰੀਦਾ ਸਾਧ ਗੀਰੀ ਬੜੀ ਕਠਨ ਹੈ ਅਤੇ ਤੇਰੀ ਪ੍ਰੀਤ ਤਾਂ ਵਿਖਾਵੇ ਮਾਤ੍ਰ ਹੀ ਹੈ। ਕੋਈ ਇੱਕ ਅਧਾ ਹੀ ਦਰਵੇਸ਼ਾਂ ਦੀ ਰੀਤ ਤੇ ਚਲਦਾ ਹੈ।

**ਤਨੁ ਤਪੈ ਤਨੂਰ ਜਿਉ ਬਾਲਣੁ ਹਡ ਬਲੰਨਿ੍ ॥**
**ਪੈਰੀ ਥਕਾਂ ਸਿਰਿ ਜੁਲਾਂ ਜੇ ਮੂੰ ਪਿਰੀ ਮਿਲੰਨਿ੍ ॥ ੧੨੦ ॥**

ਮੂੰ = ਮੈਨੂੰ। ਜੁਲਾਂ = ਚੱਲਣਾਂ। ਪਿਰੀ = ਪਿਆਰੇ।

ਤਨ ਤੰਦੂਰ ਵਾਕਰ ਤਪਾਵਾਂ ਅਤੇ ਹੱਡਾਂ ਨੂੰ ਬਾਲਨ ਵਾਕਰ ਜਾਲ ਦੇਵਾਂ ਤੇ ਪੈਰਾਂ ਨਾਲ ਚਲਦਾ ੨ ਥੱਕ ਜਾਵਾਂ ਤੇ ਸਿਰ ਦੇ ਭਾਰ ਤੁਰਾਂ ਜੇਕਰ ਮੈਨੂੰ ਪਿਆਰਾ ਮਿਲੇ।

**ਮਃ ੩ ॥ *ਤਨੁ ਨ ਤਪਾਇ ਤਨੂਰ ਜਿਉ ਬਾਲਣੁ ਹਡ ਨ ਬਾਲਿ ॥ ਸਿਰਿ ਪੈਰੀ ਕਿਆ ਫੇੜਿਆ ਅੰਦਰਿ ਪਿਰੀ ਨਿਹਾਲਿ ॥ ੧੨੧ ॥**

(ਗੁਰੂ ਤੀਜੀ ਪਾਤਸ਼ਾਹੀ ਕਥਨ ਕਰਦੇ ਹਨ) ਕਿ ਤਨ ਨੂੰ ਤੰਦੂਰ ਵਾਕਰ ਨਾ ਤਪਾਇ ਅਤੇ ਹੱਡਾਂ ਨੂੰ ਬਾਲਨ ਵਾਕਰ ਨਾ ਬਾਲ ਕਿਉਂ ਜੋ ਸਿਰ ਅਤੇ ਪੈਰਾਂ ਨੇ ਕੀ ਵਿਗਾੜਿਆ ਹੈ, ਤੂੰ ਆਪਨੇ ਅੰਦਰ ਹੀ ਪਿਆਰੇ ਨੂੰ ਦੇਖ।

**ਹਉ ਢੂਢੇਦੀ ਸਜਣਾ ਸਜਣੁ ਮੈਡੇ ਨਾਲਿ ॥**
**ਨਾਨਕ ਅਲਖੁ ਨ ਲਖੀਐ ਗੁਰਮੁਖਿ ਦੇਇ ਦਿਖਾਲਿ ॥੧੨੨॥**

ਮੈਂ ਸੱਜਣ ਨੂੰ ਢੂੰਢਦੀ ਹਾਂ ਪਰ ਸੱਜਣ ਤਾਂ ਮੇਰੇ ਨਾਲ ਹੀ ਹਨ। ਕਿਉਂ ਜੋ ਉਹ ਅਲਖ ਆਪੇ ਹੀ ਲਖਿਆ ਜਾ ਸਕਦਾ ਹੈ, ਪ੍ਰੰਤੂ ਗੁਰਮੁਖ ਦਿਖਾਲ ਦਿੰਦੇ ਹਨ (ਵਾ ਗੁਰੂ ਦੁਆਰੇ ਦਿਖਾਲੀ ਦਿੰਦਾ ਹੈ)।

**ਹੰਸਾ ਦੇਖਿ ਤਰੰਦਿਆ ਬਗਾ ਆਇਆ ਚਾਉ ॥**
**ਡੁਬਿ ਮੁਏ ਬਗ ਬਪੁੜੇ ਸਿਰੁ ਤਲਿ ਉਪਰਿ ਪਾਉ ॥ ੧੨੩ ॥**

ਹੰਸਾਂ ਨੂੰ ਤਰਦਿਆਂ ਵੇਖਕੇ ਬਗਲਿਆਂ ਨੂੰ ਵੀ ਤਰਨ ਦਾ ਚਾਉ ਆਯਾ, ਪਰ ਵਿਚਾਰੇ ਬਗਲੇ ਡੁਬ ਮੋਏ, ਸਿਰ ਤਲੇ ਹੋਗਿਆ ਅਤੇ ਪੈਰ ਉਪਰ ਹੋ ਗਏ।

ਭਾਵ ਸੰਤ ਜਨਾਂ ਨੂੰ ਤਰਦਿਆਂ ਵੇਖਕੇ ਕਪਟੀ ਪੁਰਸ਼ਾਂ ਨੂੰ ਵੀ ਚਾਉ

---

*ਗੁਰੂ ਜੀ ਫਰੀਦ ਜੀ ਦੇ ਕਥਨ ਨੂੰ ਮੰਡਨ ਕਰਦੇ ਹਨ ਕਿ ਦੇਹੀ ਨੂੰ ਦੁਖ ਦੇਣ ਦੀ ਕੋਈ ਲੋੜ ਨਹੀਂ। ਉਹ ਪ੍ਰਮੇਸ਼੍ਵਰ ਤਾਂ ਰਿਦੇ ਵਿਖੇ ਵੱਸ ਰਿਹਾ ਹੈ ਨਾ ਕਿ ਅੰਗ ਸਾਧਨਾ ਵਾ ਡੰਡੌਤ ਵਿਖੇ।

ਆਇਆ ਕਿ ਸੰਤਾਂ ਦੀ ਰੀਸ ਕਰੀਏ ਪਰ ਵਿਸ਼ੇ ਵਿਕਾਰ ਵਿੱਚ ਗਰਕ ਹੋ ਗਏ।

**ਮੈ ਜਾਨਿਆ ਵਡਹੰਸੁ ਹੈ ਤਾਂ ਮੈ ਕੀਤਾ ਸੰਗੁ ॥**
**ਜੇ ਜਾਣਾ ਬਗੁ ਬਪੁੜਾ ਜਨਮਿ ਨ ਭੇੜੀ ਅੰਗੁ ॥ ੧੨੪ ॥**

ਮੈਂ ਇਸ ਕਪਟੀ ਪੁਰਸ਼ ਨੂੰ ਉੱਤਮ ਹੰਸ ਜਾਣਿਆਂ ਤਾਂ ਮੈਂ ਇਸ ਦਾ ਸਾਥ ਕੀਤਾ ਜੇ ਮੈਂ ਜਾਣਦੀ ਕਿ ਏਹ ਵਿਚਾਰਾ ਬਗਲਾ ਹੈ ਤਦ ਕਦੀ ਜਨਮ ਭਰ ਵੀ ਅੰਗ ਨਾ ਮਿਲਾਉਂਦੀ। ਪਾਸ ਨ ਬੈਠਦੀ॥

**ਕਿਆ ਹੰਸੁ ਕਿਆ ਬਗੁਲਾ ਜਾਕਉ ਨਦਰਿ ਧਰੇ ॥**
**ਜੇ ਤਿਸੁ ਭਾਵੈ ਨਾਨਕਾ ਕਾਗਹੁ ਹੰਸੁ ਕਰੇ ॥ ੧੨੫ ॥**

ਚਾਹੇ ਕੋਈ ਹੰਸ ਹੋਵੇ ਚਾਹੇ ਬਗਲਾ ਹੋਵੇ, ਪ੍ਰੰਤੂ ਜਿਸ ਪਰ ਪ੍ਰਮੇਸ਼ਰ ਦੀ ਕਿਰਪਾ ਹੁੰਦੀ ਹੈ (ਓਹੀ ਸ੍ਰੇਸ਼ਟ ਹੈ) ਕਿਉਂ ਜੋ ਜੇ ਉਸ ਪ੍ਰਮੇਸ਼ੁਰ ਨੂੰ ਭਾਵੇ ਤਾਂ ਕਾਂ ਤੋਂ ਹੰਸ ਕਰ ਦੇਵੇ।

ਭਾਵ ਬੁਰਾ ਭਲਾ ਕੋਈ ਨਹੀਂ ਸ੍ਰੇਸ਼ਟਤਾ ਪ੍ਰਮੇਸ਼ੁਰ ਦੀ ਕਿਰਪਾ ਕਰਕੇ ਹੀ ਹੁੰਦੀ ਹੈ। ਪ੍ਰਮੇਸ਼ਰ ਜਿਸ ਨੂੰ ਚਾਹੇ ਉਹ ਭਾਵੇਂ ਕਿੰਨਾਂ ਹੀ ਨੀਚ ਹੋਵੇ, ਉਚਾ ਕਰ ਸਕਦਾ ਹੈ।

**ਸਰਵਰ ਪੰਖੀ ਹੇਕੜੋ ਫਾਹੀਵਾਲ ਪਚਾਸ ॥**
**ਇਹ ਤਨੁ ਲਹਰੀ ਗਡੁ ਥਿਆ ਸਚੇ ਤੇਰੀ ਆਸ ॥ ੧੨੬ ॥**

ਸੰਸਾਰ ਰੂਪੀ ਤਲਾ ਵਿੱਚ ਇਹ ਜੀਵ ਰੂਪੀ ਪੰਛੀ ਇਕ ਹੈ ਅਤੇ ਇਸ ਨੂੰ ਫਸਾਉਣ ਵਾਲੇ ਕਾਮ ਕ੍ਰੋਧਾਦੀ ਫੰਦਕ ਪੰਜਾਹ ਹਨ ਇਹ ਤਨ ਕਾਮ ਕਰੋਧ ਆਦਿਕ ਲਹਿਰਾਂ ਵਿਚ ਗੱਡਿਆ ਗਿਆ ਹੈ ਤਾਂਤੇ ਹੇ ਵਾਹਿਗੁਰੂ ਇਕ ਤੇਰੀ ਹੀ ਆਸ ਹੈ ॥

**ਕਵਣੁ ਸੁ ਅਖਰੁ ਕਵਣੁ ਗੁਣੁ ਕਵਣੁ ਸੁ ਮਣੀਆ ਮੰਤੁ ॥**
**ਕਵਣੁ ਸੁ ਵੇਸੋ ਹਉ ਕਰੀ ਜਿਤੁ ਵਸਿ ਆਵੈ ਕੰਤੁ ॥ ੧੨੭ ॥**

ਕੇਹੜੇ ਅੱਖਰ ਹਨ ਅਤੇ ਕੇਹੜੇ ਗੁਣ ਹਨ ਅਤੇ ਕੇਹੜੀਆਂ ਮਣੀਆਂ ਅਤੇ ਮੰਤ੍ਰ ਹਨ ਕੇਹੜਾ ਵੇਸ ਧਾਰਨ ਕਰਾਂ ਜਿਸ ਕਰਕੇ ਮੇਰਾ ਪਤੀ ਮੇਰੇ ਵੱਸ ਹੋ ਜਾਵੇ ਭਾਵ ਵਾਹਿਗੁਰੂ ਕੀਕੂੰ ਵਸ ਹੋਵੇ ?

**ਨਿਵਣੁ ਸੁ ਅਖਰੁ ਖਵਣੁ ਗੁਣੁ ਜਿਹਬਾ ਮਣੀਆ ਮੰਤੁ ॥**
**ਏ ਤ੍ਰੈ ਭੈਣੇ ਵੇਸ ਕਰਿ ਤਾ ਵਸਿ ਆਵੀ ਕੰਤੁ ॥ ੧੨੮ ॥**

ਨਿਵਣਾ ਸਰੇਸ਼ਟ ਅੱਖਰ ਹਨ ਅਤੇ ਖਿਮਾ ਕਰਕੇ ਦੁਰਬਚਨ ਨੂੰ

ਸ਼ਹਾਰਨਾਂ ਇਹ ਉੱਤਮ ਗੁਣ ਹਨ, ਜਿਹਵਾ ਨਾਲ ਉਸ ਪਤੀ ਦਾ ਨਾਮ ਜਪ ੍ਰਾਂ ਇਹ ਸੁਭ ਮੰਤ੍ਰ ਹੈ ਹੇ ਭੈਣ ਇਹੋ ਤ੍ਰੈ ਵੇਸ ਕਰ ਜਿਨ੍ਹਾਂ ਕਰਕੇ ਤੇਰਾ ਪਤੀ ਤੇਰੇ ਵਸ ਹੋ ਜਾਵੇ ॥

**ਮਤਿ ਹੋਦੀ ਹੋਇ ਇਆਣਾ ॥ ਤਾਨ ਹੋਦੇ ਹੋਇ ਨਿਤਾਣਾ ॥**
**ਅਨਹੋਦੇ ਆਪੁ ਵੰਡਾਏ ॥ ਕੋ ਐਸਾ ਭਗਤੁ ਸਦਾਏ ॥ ੧੨੮ ॥**

ਮਤ ਹੁੰਦਿਆਂ ਸੁੰਦਿਆਂ ਇਆਣਾਂ ਹੋਵੇ ਅਤੇ ਬਲ ਰਖਦਿਆਂ ਹੋਇਆਂ ਫਿਰ ਨਿਰਬਲ ਹੋਵੇ ਅਤੇ ਆਪਣੇ ਪਾਸ ਪਦਾਰਥ ਨਾ ਹੋਣ ਤੇ ਵੀ ਵੰਡ ਛਕੇ ਇਕੁਰ ਦਾ ਕੋਈ ਵਿਰਲਾ ਹੀ ਭਗਤ ਹੁੰਦਾ ਹੈ ॥

**ਇਕੁ ਫਿਕਾ ਨਾ ਗਾਲਾਇ ਸਭਨਾ ਮੈ ਸਚਾ ਧਣੀ ॥**
**ਹਿਆਉ ਨ ਕੈਹੀ ਠਾਹਿ ਮਾਣਕ ਸਭ ਅਮੋਲਵੇ ॥ ੧੨੯ ॥**

ਕਿਸੇ ਨੂੰ ਇਕ ਬਚਨ ਵੀ ਕੌੜਾ ਨਾ ਆਖ ਕਿਉਂਕਿ ਸਾਰਿਆਂ ਵਿੱਚ ਇਕ ਸਚਾ ਵਾਹਿਗੁਰੂ ਹੈ ਕਿਸੇ ਦਾ ਹਿਰਦਾ ਦੁਖੀ ਨਾ ਕਰ ਕਿਉਂ ਜੋ ਮਾਣਕ ਮੋਤੀ ਸਾਰੇ ਅਮੋਲਕ ਹੁੰਦੇ ਹਨ ਵਾ ਸਾਰਿਆਂ ਜੀਵਾਂ ਦੇ ਰਿਦਿਆਂ ਵਿੱਚ ਅਮੋਲਕ ਵਾਹਿਗੁਰੂ ਹੈ ਭਾਵ ਸਾਰਿਆਂ ਵਿੱਚ ਵਾਹਿਗੁਰੂ ਹੈ ਕਿਸੇ ਨੂੰ ਦੁਖ ਨ ਦੇ।

**ਸਭਨਾ ਮਨ ਮਾਣਿਕ ਠਾਹਣੁ ਮੂਲਿ ਮਚਾਂਗਵਾ ॥**
**ਜੇ ਤਉ ਪਿਰੀਆ ਦੀ ਸਿਕ**
**ਹਿਆਉ ਨ ਠਾਹੇ ਕਹੀਦਾ ॥ ੧੩੦ ॥ ੧ ॥**

ਠਾਹਣੁ = ਦੁਖੀ ਕਰਨਾ। ਮਚਾਂਗਵਾ = ਚੰਗਾ ਨਹੀਂ।
ਹਿਆਉ = ਰਿਦਾ। ਇਕ = ਇੱਛਾ।

ਸਾਰਿਆਂ ਦੇ ਮਨ ਮੋਤੀਆਂ ਵਾਂਗੂਰ ਅਮੋਲਕ ਹਨ ਉਹਨਾਂ ਨੂੰ ਦੁਖਾਉਣਾ ਮੂਲੋਂ ਹੀ ਚੰਗਾ ਨਹੀਂ, ਜੇ ਤੈਨੂੰ ਪਿਆਰੇ ਵਾਹਿਗੁਰੂ ਦੇ ਮਿਲਣ ਦੀ ਇਛਾ ਹੈ ਤਾਂ ਕਿਸੇ ਦਾ ਹਿਰਦਾ ਨਾ ਦੁਖਾ।

ਨੋਟ—ਪੰਜਾਬ ਯੂਨੀਵ੍ਰਸਟੀ ਦੇ "ਗਜਾਨੀ–ਇਮਤਹਾਨ" ਦੇ ਕੋਰਸ ਵਿੱਚ ਤਾਂ ਭਗਤ ਬਾਣੀ ਏਥੋਂ ਤਕ ਹੀ ਹੈ, ਪਰੰਤੂ ਇਸ ਤੋਂ ਅਗੇ ਆਮ ਸੱਜਣਾਂ ਦੀ ਇਛਜਾਨੁਸਾਰ ਸਲੋਕ ਸਹਸਕ੍ਰਿਤੀ ਤੇ ਸ੍ਵੈਯੇ ਆਦਿ ਬਾਣੀਆਂ ਦਾ ਟੀਕਾ ਭੀ ਨਾਲ ਸ਼ਾਮਿਲ ਕੀਤਾ ਗਿਆ ਹੈ॥

ਜਦ ਗੁਰੂ ਨਾਨਕ ਜੀ ਦੇਸਾਂ ਨੂੰ ਤਾਰਦੇ ਹੋਏ ਗੰਗਾ ਉਤੇ ਗਏ ਤਾਂ ਭੁਲੇ ਹੋਇ ਲੋਕ ਸੂਰਜ ਨੂੰ ਪਾਣੀ ਦੇਣ ਤੇ ਪੱਥਰ ਪੂਜਾ ਕਰਨ ਉਸ ਵਕਤ ਗੁਰੂ ਜੀ ਨੇ ਗੁਪਾਲ ਪੰਡਤ ਨੂੰ ਪੱਥਰ ਪੂਜਾ ਕਰਦਿਆਂ ਦੇਖਕੇ ਇਹ ਸਲੋਕ ਉਚਾਰਨ ਕੀਤੇ

## ੧ ਓ ਸਤਿਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈ ਭੰ ਗੁਰਪ੍ਰਸਾਦਿ ॥

## ਸਲੋਕ ਸਹਸਕ੍ਰਿਤੀ ਮਹਲਾ ੧

**ਪੜ੍ਹਿ ਪੁਸਤਕ ਸੰਧਿਆ ਬਾਦੰ ॥ ਸਿਲ ਪੂਜਸਿ ਬਗੁਲ ਸਮਾਧੰ ॥**

ਬਾਦੰ = ਝਗੜੇ ਜਾਂ ਬਿਅਰਥ ॥

ਪੁਸਤਕਾਂ ਨੂੰ ਪੜਨਾ ਤੇ ੩ ਤਰਾਂ ਦੀਆਂ ਸੰਧਿਆ ਕਰਨੀਆਂ, ਪੱਥਰਾਂ ਨੂੰ ਪੂਜਣਾ ਬਗਲੇ ਵਾਂਗੂੰ ਸਮਾਧੀਆਂ ਲਾਉਣੀਆਂ ਸਭ ਬਿਅਰਥ ਹਨ ।

**ਮੁਖਿ ਝੂਠੁ ਬਿਭੂਖਨ ਸਾਰੰ ॥ ਤ੍ਰੈਪਾਲ ਤਿਹਾਲ ਬਿਚਾਰੰ ॥**

ਜੋ ਮੂੰਹੋਂ ਝੂਠ ਬੋਲਦੇ ਹੋ ਓਹ ਚੰਗੇ ਗਹਿਣੇ ਵਾਂਙੂ ਕਰਕੇ ਸੱਚ ਦਿਖਾਉਂਦੇ ਹੋ ਇਹ ਵੀ ਬਿਅਰਥ ਹੇ ੩ ਪਦਾਂ ਵਾਲੀ ਗਾਇਤ੍ਰੀ ਦਾ ਜੋ ੩ ਸਮਿਆਂ ਵਿਚ ਵਿਚਾਰ ਕਰਦੇ ਹੋ ਸਭ ਬਿਅਰਥ ਹੈ ।

**ਗਲਿ ਮਾਲਾ ਤਿਲਕ ਲਿਲਾਟੰ ॥ ਦੋਇ ਧੋਤੀ ਬਸਤ੍ਰ ਕਪਾਟੰ ॥**

ਗਲ ਵਿਚ ਮਾਲਾ ਪਾਕੇ ਮੱਥੇ ਉਤੇ ਟਿੱਕਾ ਲਾਉਂਦੇ ਹੋ । ਦੋ ਧੋਤੀਆਂ ਅਤੇ ਚਾਰ ਤਹਿਆਂ ਕਰਕੇ ਜੋ ਮੱਥੇ ਉਤੇ ਪਰਨਾ ਸਾਫਾ ਰੱਖਦੇ ਹੋ ਜਾਂ ਰੇਸ਼ਮ ਦਾ ਕਪੜਾ ਪਾਉਂਦੇ ਹੋ ।

**ਜੋ ਜਾਨਸਿ ਬ੍ਰਹਮੰ ਕਰਮੰ ॥ ਸਭ ਫੋਕਟ ਨਿਸਚੈ ਕਰਮੰ ॥**

ਜੋ ਪ੍ਰਮਾਤਮਾਂ ਦੇ ਮਿਲਾਪ ਵਾਲੇ ਕੰਮਾਂ ਨੂੰ ਨਹੀਂ ਜਾਣਦਾ ਹੈ ਅਥਵਾ ਜੋ ਪ੍ਰਮਾਤਮਾਂ ਦੀ ਪ੍ਰਾਪਤੀ ਦੇ ਕੰਮਾਂ ਨੂੰ ਜਾਣਦਾ ਹੈ ਉਸ ਵਾਸਤੇ ਉਪਰ ਲਿਖੇ ਕੰਮ ਸਾਰੇ ਨਿਸਚੇ ਕਰਕੇ ਬਿਅਰਥ ਹਨ ।

**ਕਹੁ ਨਾਨਕ ਨਿਸਚੌ ਧ੍ਯਾਵੈ ॥**
**ਬਿਨ ਸਤਿਗੁਰ ਬਾਟ ਨ ਪਾਵੈ ॥ ੧ ॥**

ਗੁਰੂ ਜੀ, ਨਿਸਚੇ ਕਰਕੇ ਪ੍ਰਮਾਤਮਾਂ ਨੂੰ ਯਾਦ ਕਰੇ । ਬਿਨਾ ਗੁਰੂ ਤੋਂ ਪ੍ਰਮਾਤਮਾਂ ਪ੍ਰਾਪਤੀ ਦਾ ਰਸਤਾ ਜੀਵ ਨਹੀਂ ਪਾ ਸਕਦਾ ਹੈ ॥ ੧ ॥

**ਨਿਹਫਲੰਤਸ੍ਯ ਜਨਮਸ੍ਯ ਜਾਵਤ ਬ੍ਰਹਮ ਨ ਬਿੰਦਤੇ ॥**

ਜਿੰਨਾਂ ਚਿਰ ਇਹ ਜੀਵ ਪ੍ਰਮਾਤਮਾਂ ਨੂੰ ਨਹੀਂ ਜਾਣਦਾ ਓਨਾਂ ਚਿਰ ਇਸਦਾ ਜਨਮ ਸੰਸਾਰ ਵਿਚ ਹੋਣਾ ਨਿਕੰਮਾ ਹੈ।

**ਸਾਗਰੰ ਸੰਸਾਰਸ੍ਯ ਗੁਰ ਪਰਸਾਦੀ ਤਰਹਿ ਕੇ ॥**

ਇਸ ਸੰਸਾਰ ਰੂਪ ਸਮੁੰਦ੍ਰ ਤੋਂ ਗੁਰਾਂ ਦੀ ਕਿਰਪਾ ਨਾਲ ਕੋਈ ਵਿਰਲਾ ਹੀ ਤਰਦਾ ਹੈ।

**ਕਰਣ ਕਾਰਣ ਸਮਰਥੁ ਹੈ ਕਹੁ ਨਾਨਕ ਬੀਚਾਰਿ ॥**
**ਕਾਰਣੁ ਕਰਤੇ ਵਸਿ ਹੈ ਜਿਨਿ ਕਲ ਰਖੀ ਧਾਰਿ ॥ ੨ ॥**

ਗੁਰੂ ਜੀ ਜੋ ਪ੍ਰਮਾਤਮਾਂ ਸਭ ਕੰਮਾਂ ਦੇ ਕਰਨ ਨੂੰ ਸਮਰੱਥ ਹੈ ਤੁਸੀਂ ਓਸੇ ਦਾ ਹੀ ਵਿਚਾਰ ਕਰੋ ਸਾਰੇ ਸੰਸਾਰ ਦਾ ਕਰਨਾਂ ਪ੍ਰਮਾਤਮਾਂ ਦੇ ਵੱਸ ਹੈ ਜਿਸਨੇ ਸਾਰੀ ਸ਼ਕਤੀ ਆਪਣੇ ਆਸਰੇ ਰੱਖੀ ਹੋਈ ਹੈ ॥ ੨ ॥

"ਪੰਡਤਾਂ ਦੇ ਪੁਛਣ ਤੇ ਸਾਰਿਆਂ ਦਾ ਸਾਂਝਾ ਧਰਮ ਦਸਦੇ ਹਨ"

**ਜੋਗ ਸਬਦੰ ਗਿਆਨ ਸਬਦੰ ਬੇਦ ਸਬਦੰ ਤ ਬ੍ਰਾਹਮਣਹ ॥**

ਸਬਦੰ = ਵਾਹਿਗੁਰੂ। ਸਬਦੰ = ਧਰਮ ਹੈ।

ਜੋਗੀਆਂ ਦਾ ਧਰਮ ਵਾਹਿਗੁਰੂ ਦੇ ਗਿਆਨ ਦਾ ਜਾਨਣਾ ਜਾਂ ਵਾਹਿਗੁਰੂ ਵਿਚ ਮਨ ਲਾਉਂਣ ਦਾ ਤਰੀਕਾ ਲੋਕਾਂ ਨੂੰ ਦੱਸਣਾ ਹੈ, ਅਤੇ ਬ੍ਰਾਹਮਣਾ ਦਾ ਧਰਮ ਜਾਂ ਉਪਦੇਸ਼ ਵੇਦ ਪੜਨਾ ਪੜਾਉਂਣਾ, ਦਾਨ ਦੇਣਾ ਲੈਣਾ ਜੱਗ ਕਰਨਾ ਕਰਾਉਣਾ ਹੈ।

**ਖ੍ਯਤ੍ਰੀ ਸਬਦੰ ਸੂਰ ਸਬਦੰ ਸੂਦ੍ਰ ਸਬਦੰ ਪਰਾਕ੍ਰਿਤਹ ॥**

ਛਤ੍ਰੀਆਂ ਦਾ ਧਰਮ ਅਤੇ ਉਪਦੇਸ਼ ਸੂਰਬੀਰਤਾ ਪਰਜਾ ਦੀ ਰੱਖਿਆ ਕਰਨੀ ਅਤੇ ਦਾਨ ਦੇਣਾ ਹੈ ਅਤੇ (ਵੈਸ਼ ਦਾ ਉਪਰੋਂ ਅਧਿਆਹਾਰ ਕਰਨਾ,) ਵਣਜ ਖੇਤੀ ਗਊਆਂ ਦੀ ਰਖਿਆ ਕਰਨੀ ਵੈਸ਼ ਦਾ ਧਰਮ ਹੈ ਅਤੇ ਸ਼ੂਦਰ ਦਾ ਧਰਮ ਏਹੋ ਹੀ ਹੈ ਜੋ ਪਰਾਈ ਕਿਰਤ ਕਰਨੀ ਭਾਵ ਕਿਸੇ ਦੀ ਸੇਵਾ ਕਰਕੇ ਰੋਜੀ ਕਮਾਉਣੀ।

**ਸਰਬ ਸਬਦੰ ਤ ਏਕ ਸਬਦੰ ਜੇਕੋ ਜਾਨਸਿ ਭੇਉ ॥**

ਸਾਰਿਆਂ ਜਗਤ ਜੀਵਾਂ ਦਾ ਇਕ ਸਬਦੰ = ਧਰਮ ਹੈ ਜੋ ਸਬਦੰ = ਪ੍ਰਮਾਤਮਾਂ ਨੂੰ ਜਾਨਣਾ ਜੇਹੜਾ ਕੋਈ ਇਸ ਭੇਦ ਨੂੰ ਜਾਣਦਾ ਹੈ।

**ਨਾਨਕ ਤਾਕੋ ਦਾਸੁ ਹੈ ਸੋਈ ਨਿਰੰਜਨ ਦੇਉ ॥ ੩ ॥**

ਗੁਰੂ ਜੀ ! ਮੈਂ ਉਸਦਾ ਦਾਸ ਹਾਂ ਓਹ ਮਾਇਆ ਤੋਂ ਰਹਿਤ ਪ੍ਰਮਾਤਮਾਂ

ਦਾ ਰੂਪ ਹੈ ॥ ੩ ॥

**ਏਕ ਕ੍ਰਿਸ੍ਨੰ ਤ ਸਰਬ ਦੇਵਾ ਦੇਵ ਦੇਵਾ ਤ ਆਤਮਹ ॥**

ਸਾਰਿਆਂ ਦੇਵਤਿਆਂ ਦਾ ਦੇਵਤਾ ਜੋ ਇਕ ਕ੍ਰਿਸ਼ਨ ਪ੍ਰਮਾਤਮਾਂ ਭਾਵ ਵਾਹਿਗੁਰੂ ਹੈ ਓਹੋ ਹੀ ਆਤਮਹ = ਜੀਵ ਰੂਪ ਪ੍ਰਕਾਸ਼ ਹੋਯਾ ੨ ਹੈ ।

**ਆਤਮੰ ਸ੍ਰੀ ਬਾਸ੍ਵ ਦੇਵਸ੍ਯ ਜੇ ਕੋਈ ਜਾਨਸਿ ਭੇਵ ॥**

ਮਨ ਜੀਵ ਸ੍ਰੀ ਸੋਭਾ ਵਾਲਾ ਪ੍ਰਮਾਤਮਾਂ ਜੋ ਸਾਰਿਆਂ ਨੂੰ ਆਪਣੇ ਵਿਚ ਵਾਸ ਦੇ ਰਿਹਾ ਹੈ ਉਸਦਾ ਰੂਪ ਭਾਵ ਜੀਵ ਰੱਬ ਰੂਪ ਹੈ ਜੇਹੜਾ ਕੋਈ ਇਸ ਜੀਵ ਈਸ਼ਰ ਦੇ ਭੇਦ ਵਾਲੇ ਗਿਆਨ ਨੂੰ ਜਾਣਦਾ ਹੈ ॥

**ਨਾਨਕ ਤਾਕੋ ਦਾਸੁ ਹੈ ਸੋਈ ਨਿਰੰਜਨ ਦੇਵ ॥ ੪ ॥**

ਗੁਰੂ ਜੀ ! ਮੈਂ ਉਸਦਾ ਦਾਸ ਹਾਂ ਓਹ ਪ੍ਰਕਾਸ਼ਕ ਪ੍ਰਮਾਤਮਾਂ ਦਾ ਰੂਪ ਹੈ ॥ ੪ ॥

ਗੁਪਾਲ ਪੰਡਤ ਕਾਂਸ਼ੀ ਨਿਵਾਸੀ ਦੇ ਪੁਤ੍ਰ ਹਰਿ ਕ੍ਰਿਸ਼ਨ ਹਰਿਲਾਲ ਵਿਦਯਾ ਪੜ੍ਹਕੇ ਕਮਲੇ ਹੋਇ ਹੋਇ ਘਰ ਤੋਂ ਉਦਾਸ ਹੋਕੇ ਸ੍ਰੀ ਅੰਮ੍ਰਿਤਸਰ ਗੁਰੂ ਅਰਜਨ ਦੇਵ ਜੀ ਦੀ ਸ਼ਰਨ ਆਏ ਤਾਂ ਗੁਰੂ ਅਰਜਨ ਦੇਵ ਜੀਨੇ ਉਪਦੇਸ਼ ਕੀਤਾ

## ਸਲੋਕ ਸਹਸਕ੍ਰਿਤੀ ਮਹਲਾ ੫

**ੴ ਸਤਿਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈ ਭੰ ਗੁਰਪ੍ਰਸਾਦਿ ॥**

**ਕਤੰਚ ਮਾਤਾ ਕਤੰਚ ਪਿਤਾ ਕਤੰਚ ਬਨਿਤਾ ਬਿਨੋਦ ਸੁਤਹ ॥**

ਕਤੰਚ = ਫੇਰ ਕੀਹੈ ਭਾਵ ਕੁਛ ਨਹੀਂ ਹੈ । ਬਨਿਤਾ = ਇਸਤ੍ਰੀ॥ ਬਿਨੋਦ = ਅਨੰਦ।

ਮਾਤਾ ਪਿਤਾ ਕੀ ਹੈ ਤੇ ਇਸਤ੍ਰੀ ਪੁਤ੍ਰ ਦਾ ਅਨੰਦ ਕੀ ਹੈ ਭਾਵ ਕੁਛ ਨਹੀਂ ਹੈ।

**ਕਤੰਚ ਭ੍ਰਾਤ ਮੀਤ ਹਿਤ ਬੰਧਵ ਕਤੰਚ ਮੋਹ ਕੁਟੰਬ੍ਯ੍ਯਤੇ ॥**

ਭਰਾ, ਮਿਤ੍ਰ ਹਿਤੂ ਪਿਆਰੇ ਸਰਬੰਧੀਆਂ ਦਾ ਪਿਆਰ ਕੀ ਹੈ ਅਤੇ ਸਾਰੇ ਟੱਬਰ ਦਾ ਮੋਹ ਕੀ ਹੈ ਭਾਵ ਕੁਛ ਨਹੀਂ ਹੈ ।

**ਕਤੰਚ ਚਪਲ ਮੋਹਨੀ ਰੂਪੰ ਪੇਖੰਤੇ ਤਿਆਗੰ ਕਰੋਤਿ ॥**

ਇਹ ਮਾਇਆ ਜੋ ਮੋਹਨੀ ਚੰਚਲ ਰੂਪ ਹੈ ਜੋ ਆਪਣੇ ਦੇਖਦਿਆਂ ਹੀ ਜੀਵ ਨੂੰ ਛੱਡ ਕੇ ਚਲੀ ਜਾਂਦੀ ਹੈ ਕੀ ਹੈ ਭਾਵ ਤੁੱਛ ਹੈ।

**ਰਹੰਤ ਸੰਗ ਭਗਵਾਨ ਸਿਮਰਣ**

**ਨਾਨਕ ਲਬਧੰ ਅਚੁਤ ਤਨਹ ॥ ੧ ॥**

ਅਚੁਤ = ਨ ਡਿੱਗਣ ਵਾਲੇ ਭਾਵ ਜਨਮ ਮਰਨ ਰਹਿਤ ॥

ਤਨਹ = ਸਰੀਰ ਦਾ ਰੂਪ ਜਾਂ ਪੁਤ੍ਰ ॥

ਇਕ ਪਮੇਸ਼ਰ ਦਾ ਸਿਮਰਨ ਨਾਲ ਰਹਿੰਦਾ ਹੈ ਜੋ ਪ੍ਰਮੇਸ਼ਰ ਦੇ ਪੁਤ੍ਰਾਂ ਸੰਤਾਂ ਪਾਸੋਂ ਲੱਭਦਾ ਹੈ ॥ ੧ ॥

**ਧ੍ਰਿਗੰਤ ਮਾਤ ਪਿਤਾ ਸਨੇਹੰ ਧ੍ਰਿਗ ਸਨੇਹੰ ਭ੍ਰਾਤ ਬਾਂਧਵਹ ॥**

ਮਾਤਾ, ਪਿਤਾ, ਭਰਾ, ਸਰਬੰਧੀਆਂ ਦੇ ਪਿਆਰ ਨੂੰ ਧਿਰਕਾਰ ਹੈ।

**ਧ੍ਰਿਗ ਸ੍ਨੇਹੰ ਬਨਿਤਾ ਬਿਲਾਸ ਸੁਤਹ**

**ਧ੍ਰਿਗ ਸ੍ਨੇਹੰ ਗ੍ਰਿਹਾਰਥਕਹ ॥**

ਇਸਤ੍ਰੀ ਪੁਤ੍ਰ ਦੇ ਅਨੰਦ ਨੂ ਧਿਰਕਾਰ ਹੈ, ਘਰ ਦ ਪਿਆਰ ਅਤੇ ਘਰ ਦੇ ਧੰਦਿਆਂ ਨੂੰ ਧਿਰਕਾਰ ਹੈ।

**ਸਾਧ ਸੰਗ ਸ੍ਨੇਹ ਸਤ੍ਰਿ ॥ ਸੁਖਯੰ ਬਸੰਤਿ ਨਾਨਕਹ ॥ ੨ ॥**

ਸਾਧ ਸੰਗਤ ਦਾ ਪਿਆਰ ਸੱਚਾ ਹੈ "ਗੁਰੂ ਜੀ" ਜਿਸ ਪਿਆਰ ਕਰਕੇ ਇਹ ਜੀਵ ਸੁਖੀ ਵੱਸਦਾ ਹੈ।

**ਮਿਥੰਤ ਦੇਹੰ ਖੀਣੰਤ ਬਲਨੰ**

ਦੇਹ ਮਿਥਿਆ ਝੂਠੀ ਹੈ ਕਿਉਂ ਜੋ ਇਸਦਾ ਬਲ ਦਿਨ ੨ ਨਾਸ ਹੁੰਦਾ ਜਾਂਦਾ ਹੈ।

**ਬਰਧੰਤਿ ਜਰੂਆ ਹਿਤ੍ਰੰਤ ਮਾਇਆ ॥**

ਬੁਢੇਪਾ ਵਧਦਾ ਜਾਂਦਾ ਹੈ। ਫਿਰ ਵੀ ਇਸ ਜੀਵ ਦਾ ਮਾਇਆ ਵਿਚ ਹਿਤ ਵਧਦਾ ਜਾਂਦਾ ਹੈ।

**ਅਤ੍ਰੰਤ ਆਸਾ ਆਥਿਤ੍ਯ ਭਵਨੰ ॥**

ਇਸ ਜੀਵ ਨੂੰ ਪਦਾਰਥਾਂ ਦੀ ਆਸਾ ਬੜੀ ਲਗੀ ਹੋਈ ਹੈ ਅਤੇ ਦੁਨੀਆਂ ਉਤੇ ਰਹਿਣਾ ਇਸਤਰਾਂ ਹੈ ਜਿਸ ਤਰਾਂ ਕਿਸੇ ਦੇ ਘਰ ਪਰਾਹੁਣਾ ਹੁੰਦਾ ਹੈ।

**ਗਨੰਤ ਸ੍ਵਾਸਾ ਭੈਯਾਨ ਧਰਮੰ ॥**

ਡਰ ਦੇਣ ਵਾਲਾ ਧਰਮ ਰਾਜਾ ਤਿਸਦੇ ਸ੍ਵਾਸਾਂ ਨੂੰ ਗਿਣਦਾ ਰਹਿੰਦਾ ਹੈ।

**ਪਤੰਤਿ ਮੋਹ ਕੂਪ ਦੁਰਲਭ ਦੇਹੰ ਤਤ ਆਸ੍ਰਯੰ ਨਾਨਕ ॥**

**ਗੋਬਿੰਦ ਗੋਬਿੰਦ ਗੋਬਿੰਦ ਗੋਪਾਲ ਕ੍ਰਿਪਾ ॥ ੩ ॥**

ਇਹ ਜੀਵ ਦੁਰਲੱਭ ਦੇਹ ਨੂੰ ਧਾਰਕੇ ਮੋਹ ਰੂਪ ਖੂਹ ਵਿਚ ਡਿੱਗਦਾ ਜਾਂਦਾ ਹੈ "ਗੁਰੂ ਜੀ" ਇਸ ਲਈ ਮਨ ਤਨ ਬਾਣੀ ਕਰਕੇ ਗੋਬਿੰਦ ਗੁਪਾਲ ਦੀ ਕਿਰਪਾ ਦਾ ਹੀ ਆਸਰਾ ਕਰੇ ॥ ੩ ॥

**ਕਾਚ ਕੋਟੰ ਰਚੰਤਿ ਤੋਯੰ ਲੇਪਨੰ ਰਕਤ ਚਰਮਣਹ।**

ਇਹ ਸਰੀਰ ਕੱਚ ਦਾ ਕਿਲਾ ਹੈ ਅਤੇ ਪਾਣੀ ਭਾਵ ਬੀਰਜ ਦਾ ਬਣਾਇਆ ਹੋਇਆ ਹੈ ਅਤੇ ਲਹੂ ਅਤੇ ਚੰਮ ਨਾਲ ਲਿੰਬਿਆ ਹੋਇਆ ਹੈ।

**ਨਵੰਤ ਦੁਆਰੰ ਭੀਤ ਰਹਿਤੰ ਬਾਇ ਰੂਪੰ ਅਸਥੰਭਨਹ॥**

ਭੀਤ = ਕੰਧ, ਦਰਵਾਜਾ, ਬੂਹਾ।

ਨੌਂ ਗੋਲਕਾਂ ਨੌਂ ਦਰਵਾਜੇ ਹਨ ਪਰ ਤਖਤਿਆਂ ਤੋਂ ਰਹਿਤ ਹਨ ਅਤੇ ਪਵਨ ਭਾਵ ਸੁਾਸਾਂ ਦਾ ਇਸ ਵਿਚ ਥੰਮਾਂ ਹੈ ਭਾਵ ਸੁਾਸਾਂ ਨਾਲ ਖੜਾ ਹੈ।

**ਗੋਬਿੰਦ ਨਾਮੰ ਨਹ ਸਿਮਰੰਤਿ ਅਗਿਆਨੀ ਜਾਨੰਤਿ ਅਸਥਿਰੰ॥**

ਅਗਜਾਨੀ ਪ੍ਰਮੇਸ਼ਰ ਦਾ ਨਾਮ ਨਹੀਂ ਸਿਮਰਦਾ ਇਸ ਨੂੰ ਇਸਥਿਤ ਜਾਣਦਾ ਹੈ॥

**ਦੁਰਲਭ ਦੇਹ ਉਧਰੰਤ ਸਾਧ ਸਰਣ ਨਾਨਕ ॥**
**ਹਰਿ ਹਰਿ ਹਰਿ ਹਰਿ ਹਰਿ ਹਰੇ ਜਪੰਤਿ ॥ ੪ ॥**

ਜੋ ਆਦਮੀ ਸੰਤਾਂ ਦੀ ਸਰਣ ਜਾਕੇ ਦੁਖਾਂ ਦੇ ਨਾਸ਼ ਕਰਨ ਵਾਲੇ ਪ੍ਰਮਾਤਮਾਂ ਦਾ ਜਾਪ ਕਰਦਾ ਹੈ ਓਹ ਦੁਰਲੱਭ ਦੇਹ ਦਾ ਉਧਾਰ ਕਰ ਲੈਂਦਾ ਹੈ ॥ ੪ ॥

**ਸੁਭੰਤ ਤੁਯੰ ਅਚੁਤ ਗੁਣਗ੍ਯ ਪੂਰਨੰ ਬਹੁਲੋ ਕ੍ਰਿਪਾਲਾ ॥**

ਸੁਭੰਤ = ਸੋਭ ਰਿਹਾ ਹੈ ॥ ਤੁਯੰ = ਤੂੰ ॥

ਹੇ ਨਾਂ ਜਨਮ ਜੂਨੀਆਂ ਵਿਚ ਆਉਣ ਵਾਲੇ ਪ੍ਰਮਾਤਮਾਂ ਤੂੰ ਬਹੁਤ ਗੁਣਾਂ ਕਰਕੇ ਸੋਭਾ ਪਾਉਂਦਾ ਹੈ ਅਤੇ ਬਹੁਤ ਹੀ ਪੂਰਨ ਕਿਰਪਾ ਕਰਨ ਵਾਲਾ ਹੈਂ-

**ਗੰਭੀਰੰ ਊਚੈ ਸਰਬਗਿ ਅਪਾਰਾ ॥**

ਅਥਾਹ ਸਾਰਿਆਂ ਨਾਲੋਂ ਵੱਡਾ ਉੱਚਾ ਹੈ।

**ਭ੍ਰਿਤਿਆ ਪ੍ਰਿਅੰ ਬਿਸ੍ਰਾਮ ਚਰਣੰ ॥**

ਆਪਣੇ ਦਾਸਾਂ ਦਾ ਪਿਆਰਾ ਹੈ ਕਿਉਂ ਜੋ ਓਨਾਂ ਨੂੰ ਆਪਣੇ ਚਰਨਾਂ ਵਿੱਚ ਨਿਵਾਸ ਦਿੰਦਾ ਹੈ ॥

**ਅਨਾਥ ਨਾਥੇ ਨਾਨਕ ਸਰਣੰ ॥ ੫ ॥**

"ਗੁਰੂ ਜੀ" ਹੇ ਗਰੀਬਾਂ ਦੇ ਮਾਲਕ ਅਸੀਂ ਤੇਰੀ ਸ਼ਰਣ ਹਾਂ ।

"ਵਾਹਿਗੁਰੂ ਦੀ ਰੱਖਿਆ"

**ਮ੍ਰਿਗੀ ਪੇਖੰਤ ਬਧਿਕ ਪ੍ਰਹਾਰੇਣ ਲਖ੍ ਆਵਧਹ ॥**

ਇਕ ਹਰਨੀ ਨੂੰ ਫੰਦਕ ਨੇ ਵੇਖਕੇ ਲੱਖਾਂ ਸ਼ਸਤ੍ਰਾਂ ਨਾਲ ਸੱਟਾਂ ਮਾਰਨੀਆਂ ਸ਼ੁਰੂ ਕੀਤੀਆਂ ਭਾਵ 'ਇਕ ਪਾਸੇ ਆਪ ਖੜੋਤਾ ਦੂਜੇ ਪਾਸੇ ਕੁਤੇ ਨੂੰ ਖੜਾ ਕੀਤਾ ਤੀਜੇ ਪਾਸੇ ਬਣ ਨੂੰ ਅਗ ਲਾਈ ਚੌਥੇ ਪਾਸੇ ਫਾਹੀ ਲਾਈ, ਬੰਦੂਕ ਦੀ ਗੋਲੀ ਕੁਤੇ ਨੂੰ ਲੱਗੀ ਤੇ ਮਰਗਿਆ ਅਤੇ ਪੌਣ ਨਾਲ ਅੱਗ ਨੇ ਫਾਹੀ ਨੂੰ ਸਾੜ ਦਿਤਾ ਫੰਦਕ ਸੱਪ ਲੜਕੇ ਮਰ ਗਿਆ ਉਸ ਹਰਨੀ ਦੀ ਰਖਿਆ ਹੋਈ ।

**ਅਹੋ ਜਸ੍ ਰਖੇਣ ਗੋਪਾਲਹ ਨਾਨਕ ਰੋਮ ਨ ਛੇਦ੍ਤੇ ॥ ੬ ॥**

ਛੇਦ੍ਤੇ = ਵਿੰਨਣਾ ਛੇਕ ਪਾਉਣਾ ਵਿੰਗਾ ਕਰਨਾ ॥

ਗੁਰੂ ਜੀ, ਜਿਸਦੀ ਵਾਹਿਗੁਰੂ ਰਖਿਆ ਕਰਦਾ ਹੈ ਉਸਦਾ ਕੋਈ ਵਾਲ ਵੀ ਵਿੰਗਾ ਨਹੀਂ ਕਰ ਸੱਕਦਾ ॥ ੬ ॥

"ਜਿਸ ਨੂੰ ਓਹ ਮਾਰੇ ਉਸ ਨੂੰ ਕੌਣ ਬਚਾ ਸਕਦਾ ਹੈ"

**ਬਹੁਜਤਨ ਕਰਤਾ ਬਲਵੰਤ ਕਾਰੀ ਸੇਵੰਤ ਸੂਰਾ ਚਤੁਰਦਿਸਹ ॥**

ਜਿਸ ਆਦਮੀ ਦੀ ਰਖਿਆ ਕਰਨ ਵਾਲੇ ਭਾਵੇਂ ਬੜੇ ਬਲੀ ਵੀ ਹੋਣ ਅਤੇ ਉਸਦੇ ਆਗਯਾਕਾਰੀ ਸੂਰਬੀਰ ਚਹੁੰਆਂ ਪਾਸਿਆਂ ਵੱਲ ਖੜੇ ਹੋਕੇ ਉਸਦੀ ਸੇਵਾ ਕਰਨ ਭਾਵ ਪਹਿਰਾ ਦੇਕੇ ਰਾਖੀ ਕਰਨ ।

**ਬਿਖਮ ਥਾਨ ਬਸੰਤ ਊਚਹ ਨਹ ਸਿਮਰੰਤ ਮਰਣੰ ਕਦਾਂਚਹ ॥**

ਬੜੇ ਔਖੇ ਥਾਂ ਸਭ ਤੋਂ ਉਚੇ ਉਤੇ ਨਿਵਾਸ ਵੀ ਕਰਦਾ ਹੋਵੇ ਜਿਸ ਥਾਂ ਮੌਤ ਦਾ ਰਤਾ ਭਰ ਕਦੀ ਵੀ ਸਿਮਰਨ ਨ ਹੋ ਸਕਦਾ ਹੋਵੇ ਭਾਵ ਮੌਤ ਓਥੇ ਪੁਜ ਹੀ ਨ ਸਕੇ ਓਥੇ ਮੌਤ ਕਿਸੇ ਨੂੰ ਯਾਦ ਹੀ ਨ ਹੋਵੇ ॥

**ਹੋਵੰਤਿ ਆਗਿਆ ਭਗਵਾਨ ਪੁਰਖਹ ॥**

**ਨਾਨਕ ਕੀਟੀ ਸਾਸ ਅਕਰਖਤੇ ॥ ੭ ॥**

ਪਰ ਜਦੋਂ ਉਸ ਦੇ ਮਾਰਨ ਦੀ ਆਗਯਾ ਭਗਵਾਨ ਵੱਲੋਂ ਹੁੰਦੀ ਹੈ ਤਾਂ ਗੁਰੂ ਜੀ ! ਉਸਦੇ ਸੁਆਸਾਂ ਨੂੰ ਕੀੜੀ ਆ ਕੇ ਖਿੱਚ ਲੈਂਦੀ ਹੈ ॥ ੭ ॥

ਕੇਹੜਾ ਕਰਮ ਕਰਨਾ ਚੰਗਾ ਹੈ ।

**ਸਬਦੰ ਰਤੰ ਹਿਤੰ ਮਇਆ ਕੀਰਤੰ ਕਲੀ ਕਰਮ ਕ੍ਰਿਤੁਆ ॥**

ਕ੍ਰਿਤੁਆ = ਕਰਨੇ

ਗੁਰਾਂ ਦੇ ਸ਼ਬਦ ਵਿਚ ਪ੍ਰੀਤੀ ਕਰਨੀ ਅਤੇ ਦਯਾ ਕਰਨ ਵਿਚ ਪ੍ਰੇਮ ਕਰਨਾਂ ਅਤੇ ਉਸ ਪ੍ਰਮਾਤਮਾਂ ਦਾ ਕੀਰਤਨ ਕਰਨਾ ਕਲਜੁਗ ਵਿਚ ਇਹ ਕਰਮ ਕਰਨੇ ਚੰਗੇ ਹਨ ॥

**ਮਿਟੰਤਿ ਤਤ੍ਰਾ ਗਤ ਭਰਮ ਮੋਹੰ ॥**

ਤੱਤ੍ਰਾ = ਓਹਨਾਂ ॥

ਓਨਾਂ ਉਪਰ ਦੱਸੇ ਕਰਮਾਂ ਦੇ ਕਰਨ ਕਰਕੇ ਭਰਮ, ਮੋਹ, ਅਗਤੀ ਮਿਟ ਜਾਂਦੀ ਹੈ ॥

**ਭਗਵਾਨ ਰਮਣੰ ਸਰਬਤ੍ਰ ਥਾਨਿੵੰ ॥**

**ਦ੍ਰਿਸਟਿ ਤੁਯੰ ਅਮੋਘ ਦਰਸਨੰ ਬਸੰਤ ਸਾਧ ਰਸਨਾ ॥**

ਰਮਣੰ = ਫੈਲਿਆ ਪੂਰਨ ਹੋਯਾ ਹ । ਦ੍ਰਿਸਟਿਤੁਯੰ = ਦੇਖ ਲੈਂਦਾ ਹੈ ।

ਅਮੋਘ = ਸਫਲ ਖਾਲੀ ਨ ਜਾਵੇ ॥

ਓਹ ਪ੍ਰਮਾਤਮਾਂ ਨੂੰ ਸਾਰਿਆਂ ਥਾਂਵਾਂ ਵਿਚ ਫੈਲਿਆ ਹੋਇਆ ਜਾਣ ਲੈਂਦਾ ਹੈ । ਅਤੇ ਉਸਦਾ ਦਰਸਨ ਸਫਲ ਹੈ ਅਤੇ ਜੋ ਸੰਤਾਂ ਦੀ ਰਸਨਾ ਉਤੇ ਨਿਵਾਸ ਕਰਦਾ ਹੈ ਉਸ ਨੂੰ ਓਹ ਦੇਖ ਲੈਂਦਾ ਹੈ ।

**ਹਰਿ ਹਰਿ ਹਰਿ ਹਰੇ ਨਾਨਕ ਪ੍ਰਿਅੰ ਜਾਪੁ ਜਪਨਾ ॥ ੮ ॥**

ਓਹ ਸੰਤ ਉਸ ਪਿਆਰੇ ਪ੍ਰਮਾਤਮਾਂ ਦਾ ਜਾਪ ਜਪਦੇ ਹਨ ॥ ੮ ॥

"ਪ੍ਰਮਾਤਮਾ ਤੇ ਸੰਤ ਨਹੀਂ ਮਰਦੇ ਜਗਤ ਮਰਦਾ ਹੈ ॥"

**ਘਟੰਤ ਰੂਪੰ ਘਟੰਤ ਦੀਪੰ ਘਟੰਤ ਰਵਿ ਸਸੀਅਰ ਨਖੵਤ੍ਰ ਗਗਨੰ ॥**

ਰੂਪ ਵੀ ਘਟਦਾ ਹੈ ਸਭ ਦੀਪ ਵੀ ਨਾਸ ਹੁੰਦੇ ਹਨ ਅਤੇ ਸੂਰਜ, ਚੰਦ੍ਰਮਾਂ, ਤਾਰੇ, ਅਕਾਸ਼, ਵੀ ਘਟਦਾ ਜਾਂਦਾ ਹੈ ।

**ਘਟੰਤ ਬਸੁਧਾ ਗਿਰਿ ਤਰ ਸਿਖੰਡੰ ॥**

ਧਰਤੀ, ਪਹਾੜ, ਬ੍ਰਿਛ ਨਵਾਂ ਖੰਡਾਂ ਸਮੇਤ ਨਾਸਵੰਤ ਹਨ ।

**ਘਟੰਤ ਲਲਨਾ ਸੁਤ ਭ੍ਰਾਤ ਹੀਤੰ ॥**

ਇਸਤ੍ਰੀ, ਪੁਤ੍ਰ, ਭਰਾ ਆਦਿਕ ਸਾਰਿਆਂ ਸਬੰਧੀਆਂ ਦਾ ਹਿਤ ਪਿਆਰ ਘਟਦਾ ਹੈ ।

**ਘਟੰਤ ਕਨਿਕ ਮਾਨਿਕ ਮਾਇਆ ਸ੍ਵਰੂਪੰ ॥**

ਸੋਨਾ ਅਤੇ ਚੂਨੀਆਂ ਵਿਚ ਜੋ ਵੱਡਾ ਨਗ = ਮਾਲਕ ਹੁੰਦਾ ਹੈ ਇਹ ਸਭ

ਛਲ ਰੂਪ ਪਦਾਰਥ ਘਟਦੇ ਹਨ ॥

**ਨਹ ਘਟੰਤ ਕੇਵਲ ਗੋਪਾਲ ਅਚੁਤ ॥**
**ਅਸਥਿਰੰ ਨਾਨਕ ਸਾਧ ਜਨ ॥ ੯ ॥**

ਇਕ ਨਾਂ ਜਨਮ ਵਿਚ ਆਉਣੇ ਵਾਲਾ ਗੁਪਾਲ ਸੁੱਧ ਰੂਪ ਨਹੀਂ ਘਟਦਾ ਜੋ 'ਗੁਰੂ ਜੀ' ਤਿਸਦਾ ਸਰੂਪ ਜੋ ਸੰਤ ਹਨ ਓਹ ਵੀ ਇਸਥਿਤ ਰਹਿਣ ਵਾਲੇ ਹਨ ॥ ੯ ॥

**ਨਹ ਬਿਲੰਬ ਧਰਮੰ ਬਿਲੰਬ ਪਾਪੰ ॥**

(ਜਿਸ ਉਤੇ ਪ੍ਰਮਾਤਮਾਂ ਪ੍ਰਸੰਨ ਹੁੰਦਾ ਹੈ ਓਹ) ਧਰਮ ਕਰਨ ਵਿਚ ਚਿਰ ਨਹੀਂ ਲਾਉਂਦਾ ਅਤੇ ਪਾਪ ਕਰਨ ਲੱਗਾ ਚਿਰ ਲਾਉਂਦਾ ਹੈ ॥

**ਦ੍ਰਿੜੰਤ ਨਾਮੰ ਤਜੰਤ ਲੋਭੰ ॥**
**ਸਰਣਿ ਸੰਤੰ ਕਿਲਬਿਖ ਨਾਸੰ ਪ੍ਰਾਪਤੰ ਧਰਮ ਲਖਿਣ ॥**

ਰਿਦੇ ਵਿਚ ਨਾਮ ਨੂੰ ਪੱਕਿਆਂ ਕਰਦਾ ਹੈ ਅਤੇ ਲੋਭ ਨੂੰ ਛੱਡ ਦੇਂਦਾ ਹੈ ਅਤੇ ਸੰਤਾਂਦੀ ਸਰਨ ਜਾਕੇ ਪਾਪਾਂ ਦਾ ਨਾਸ ਕਰਦਾ ਹੈ ਇਹੋ ਜਹੇ ਧਰਮ ਦੇ ਲੱਛਨ ਤਿਸ ਨੂੰ ਪ੍ਰਾਪਤ ਹੁੰਦੇ ਹਨ ॥

**ਨਾਨਕ ਜਿਹ ਸੁ ਪ੍ਰਸੰਨ ਮਾਧਵਹ ॥ ੧੦ ॥**

ਜਿਸ ਉਤੇ ਮਾਇਆ ਦਾ ਮਾਲਕ ਪ੍ਰਸੰਨ ਹੁੰਦਾ ਹੈ ॥ ੧੦ ॥

**ਮਿਰਤ ਮੋਹੰ ਅਲਪ ਬੁਧੵੰ ਰਚੰਤਿ ਬਨਿਤਾ ਬਿਨੋਦ ਸਾਹੰ ॥**

ਮ੍ਰਿਤ = ਮੌਤ ॥ ਅਲਪ = ਥੋੜੀ ॥ ਬਨਿਤਾ = ਇਸਤ੍ਰੀ ॥
ਬਿਨੋਦ = ਅਨੰਦ ਤਮਾਸ਼ੇ ॥ ਸਾਹੰ = ਸਹਿਤ ਹੰਕਾਰ ਦੇ ॥

ਮੌਤ ਕਰਕੇ ਮੋਹਿਆ ਹੋਇਆ ਥੋੜੀ ਅਕਲਵਾਲਾ ਜੀਵ ਇਸਤ੍ਰੀ ਆਦਿਕ ਦੇ ਅਨੰਦਾਂ ਵਿਚ ਸਹਿਤ ਹੰਕਾਰ ਦੇ ਰਚਿਆ ਹੋਇਆ ਹੈ ॥

**ਜੌਬਨ ਬਹਿਕ੍ਰਮ ਕਨਿਕ ਕੁੰਡਲਹ ॥**
**ਬਚਿਤ੍ਰ ਮੰਦਿਰ ਸੋਭੰਤਿ ਬਸਤ੍ਰਾ ਇਤੵੰਤ ਮਾਇਆ ਬੵਾਪਿਤੰ ॥**

ਜੁਆਨੀ, ਬਲ,ਸੋਨੇ ਦੇ ਕੁੰਡਲ ਵਿਸ਼ੇਸ਼ ਕਰਕੇ ਕਈ ਤਰਾਂ ਦੇ ਸੁੰਦਰ ਮੰਦਰਾਂ ਬਸਤ੍ਰਾਂ ਕਰਕੇ ਸੋਭਦਾ ਹੈ ਇੱਕੁਰ ਦੀ ਜੀਵ ਨੂੰ ਬਹੁਤ ਤਰਾਂ ਦੀ ਮਾਇਆ ਵਿਆਪਦੀ ਹੈ ॥

**ਹੇ ਅਚੁਤ ਸਰਣਿ ਸੰਤ ਨਾਨਕ ਭੋ ਭਗਵਾਨਏ ਨਮਹ ॥੧੧॥**

ਸ੍ਰੀ ਗੁਰੂ ਜੀ ! ਜਨਮ ਵਿਚ ਆਉਣ ਵਾਲੇ ਅਬਨਾਸ਼ੀ ਸੰਤਾਂ ਦੇ ਆਸਰਾ ਰੂਪ ਤੈਨੂੰ ਮੇਰੀ ਨਮਸਕਾਰ ਹੈ ॥

**ਜਨਮੰਤ ਮਰਣੰ ਹਰਖੰਤ ਸੋਗੰ ਭੋਗੰਤ ਰੋਗੰ ॥**

**ਊਚੰਤ ਨੀਚੰ ਨਾਨ੍ਹਾ ਸੂਮੂਚੰ ॥**

ਜੀਵ ਦਾ ਜੰਮਣਾ ਹੈ ਤੇ ਨਾਲ ਮਰਨਾ ਵੀ ਹੈ, ਖੁਸ਼ੀ ਹੈ ਤੇ ਗਮੀ ਵੀ ਹੈ, ਭੋਗ ਹੈ ਤਾਂ ਰੋਗ ਵੀ ਜਰੂਰ ਹੁੰਦਾ ਹੈ, ਉੱਚਾ ਹੁੰਦਾ ਹੈ ਤਾਂ ਨੀਵਾਂ ਭੀ ਹੋਣਾਂ ਪੈਂਦਾ ਹੈ ਜੇ ਨਿੱਕਾ ਹੈ ਤਾਂ ਮੂਚੰ = ਵੱਡਾ ਵੀ ਹੁੰਦਾ ਹੈ।

**ਰਾਜੰਤ ਮਾਨੰ ਅਭਿਮਾਨੰਤ ਹੀਨੰ ॥**

ਜੇ ਰਾਜ ਪ੍ਰਾਪਤਿ ਹੁੰਦਾ ਹੈ ਤਾਂ ਹੀਨ ਵੀ ਹੋ ਜਾਂਦਾ ਹੈ ਜੇ ਮਾਨ ਆਦਰ ਹੁੰਦਾ ਹੈ ਤਾਂ ਅਪਮਾਨ = ਨਿਰਾਦਰ ਵੀ ਹੋ ਜਾਂਦਾ ਹੈ ॥

**ਪ੍ਰਵਿਰਤਿ ਮਾਰਗੰ ਵਰਤੰਤਿ ਬਿਨਾਸਨੰ ॥**

ਇਸ ਲਈ ਪਰਵਿਰਤੀ ਰਸਤੇ ਵਿਚ ਵਰਤਦਿਆਂ ਹੋਇਆਂ ਅੰਤ ਨੂੰ ਨਾਸ ਵੀ ਹੁੰਦਾ ਹੈ ॥

**ਗੋਬਿੰਦ ਭਜਨ ਸਾਧ ਸੰਗੇਣ ਅਸਥਿਰੰ**

**ਨਾਨਕ ਭਗਵੰਤ ਭਜਨਾਸਨੰ ॥ ੧੨ ॥**

ਸੰਤਾਂ ਨਾਲ ਮਿਲਕੇ ਜੋ ਪ੍ਰਮਾਤਮਾਂ ਦਾ ਭਜਨ ਕਰਨਾ ਹੈ ਓਹ ਅਸਥਿਰ ਹੈ ਸੋ ਇਸਤਰਾਂ ਦੇ ਸੰਤ ਅਬਿਨਾਸ਼ੀ ਹਨ ਕਿਉਂ ਜੋ ਇਹਨਾਂ ਸੰਤਾਂ ਨੇ ਭਗਵੰਤ ਦੇ ਭਜਨ ਦਾ ਅਸਨ = ਭੋਜਨ ਕੀਤਾ ਹੈ । ੧੨ ॥

**ਕਿਰਪੰਤ ਹਰੀਅੰ ਮਤਿ ਤਤੁ ਗਿਆਨੰ ॥**

ਜਦੋਂ ਇਸ ਜੀਵ ਉੱਤੇ ਹਰੀ ਦੀ ਕਿਰਪਾ ਹੁੰਦੀ ਹੈ ਤਾਂ ਇਸਦੀ ਬੁਧੀ ਵਿਚ ਯਥਾਰਥ ਗਿਆਨ ਹੁੰਦਾ ਹੈ।

**ਬਿਗਸੀਧ੍ਰਿ ਬੁਧਾ ਕੁਸਲ ਥਾਨੰ ॥**

ਇਸੇ ਲਈ ਸੁਖ ਰਹਿਣ ਵਾਲੇ ਥਾਂ ਨੂੰ ਲੱਭ ਕੇ ਬੁਧੀ ਖਿੜ ਆਉਂਦੀ ਹੈ।

**ਬਸ੍ਯ੍ਯਿੰਤਿ ਰਿਖਿਅੰ ਤਿਆਗਿ ਮਾਨੰ ॥**

ਹੰਕਾਰ ਨੂੰ ਛੱਡ ਦੇਂਦਾ ਹੈ ਇੰਦ੍ਰੀਆਂ ਵੱਸ਼ ਹੋ ਜਾਂਦੀਆਂ ਹਨ।

**ਸੀਤਲੰਤ ਰਿਦਯੰ ਦ੍ਰਿੜੁ ਸੰਤ ਗਿਆਨੰ ॥**

ਸੰਤਾਂ ਕਰਕੇ ਰਿਦੇ ਵਿਚ ਸਰੂਪ ਦਾ ਪੱਕਾ ਗਿਆਨ ਕਰਦਾ ਹੈ ਤਾਂ ਇਸਦਾ ਦਿਲ ਸੀਤਲ ਹੋ ਜਾਂਦਾ ਹੈ।

**ਰਹੰਤ ਜਨਮੰ ਹਰਿ ਦਰਸ ਲੀਣਾ ॥**

ਹਰੀ ਦੇ ਦਰਸਨ ਸਰੂਪ ਵਿਚ ਲੀਨ ਹੋਯਾ ੨ ਜਨਮ ਮਰਨ ਤੋਂ ਰਹਿਤ ਹੋ ਜਾਂਦਾ ਹੈ ॥

**ਬਾਜੰਤ ਨਾਨਕ ਸਬਦ ਬੀਣਾ ॥ ੧੩ ॥**

ਗੁਰੂ ਜੀ, ਤਿਸਦੇ ਰਿਦੇ ਵਿਚ ਗੁਰਾਂ ਦੇ ਸ਼ਬਦ ਦਾ ਵਾਜਾ ਵੱਜਦਾ ਹੈ ॥੧੩॥

**ਕਹੰਤ ਬੇਦਾ ਗੁਣੰਤ ਗੁਨੀਆ ਸੁਣੰਤ**

**ਬਾਲਾ ਬਹੁ ਬਿਧਿ ਪ੍ਰਕਾਰਾ ॥**

ਗੁਣੰਤ = ਵਿਚਾਰ ਕਰਕੇ ॥ ਬਾਲਾ = ਥੋੜੀ ਅਕਲ ਵਾਲੇ ਵਿਦਿਆਰਥੀ ॥

ਗੁਨ ਵਾਲੇ ਵੀਚਾਰਕੇ ਵੇਦਾਂ ਨੂੰ ਬਹੁਤ ਤਰਾਂ ਕਰਕੇ ਕਥਨ ਕਰਦੇ ਹਨ ਅਤੇ ਵਿਦਿਆਰਥੀ ਅਨੇਕ ਪ੍ਰਕਾਰ ਕਰਕੇ ਸੁਣਦੇ ਹਨ ॥

**ਦ੍ਰਿੜੰਤ ਸੁ ਬਿਦਿਆ ਹਰਿ ਹਰਿ ਕਿਰਪਾਲਾ ॥**

ਜਿਨਾਂ ਉਤੇ ਹਰੀ ਕਿਰਪਾਲੂ ਹੈ ਓਹ ਸਰਬ ਤਰਾਂ ਵਿਦਿਆ ਨੂੰ ਪੱਕਿਆਂ ਕਰਦੇ ਹਨ ॥

**ਨਾਮ ਦਾਨੁ ਜਾਚੰਤ ਨਾਨਕ ਦੈਨਹਾਰ ਗੁਰ ਗੋਪਾਲਾ ॥੧੪॥**

ਗੁਰੂ ਜੀ ! ਇਸ ਲਈ ਅਸੀਂ ਉਸ ਪ੍ਰਮਾਤਮਾਂ ਪਾਸੋਂ ਨਾਮ ਦਾਨ ਮੰਗਦੇ ਹਾਂ ਕਿਉਂ ਜੋ ਇਹ ਚੀਜ ਦੇਨਵਾਲਾ ਦਾਤਾਰ ਇਕ ਗੁਪਾਲ ਅਤੇ ਸਤਿਗੁਰੂ ਹੀ ਹੈ

**ਨਹ ਚਿੰਤਾ ਮਾਤ ਪਿਤ ਭ੍ਰਾਤਹ ਨਹ ਚਿੰਤਾ ਕਛੁ ਲੋਕ ਕਹ ॥**

ਇਸ ਜੀਵ ਨੂੰ ਮਾਤਾ ਪਿਤਾ ਭਰਾ ਆਦਿਕਾਂ ਦੀ ਚਿੰਤਾ ਨਹੀਂ ਕਰਨੀ ਚਾਹੀਦੀ ਅਤੇ ਲੋਕਾਂ ਦੀ ਵੀ ਚਿੰਤਾ ਕੁਛ ਨਹੀਂ ਕਰਨੀ ਚਾਹੀਦੀ ॥

**ਨਹ ਚਿੰਤਾ ਬਨਿਤਾ ਸੁਤ ਮੀਤਹ ਪ੍ਰਵਿਰਤਿ**

**ਮਾਇਆ ਸਨਬੰਧਨਹ ॥**

ਇਸਤ੍ਰੀ ਪੁਤ੍ਰ, ਮਿਤ੍ਰ ਆਦਿਕਾਂ ਦੀ ਵੀ ਚਿੰਤਾ ਨਹੀ ਕਰਨੀ ਚਾਹੀਦੀ ਹੈ ਕਿਉਂ ਜੋ ਇਹਨਾਂ ਸਰਬੰਧੀਆਂ ਦੀ ਪਰਵਿਰਤੀ ਮਾਇਆ ਦੇ ਮੇਲ ਜੋਲ ਕਰਕੇ ਹੀ ਹੈ ਜਦੋਂ ਬਿਪਤਾ ਆ ਪੈਂਦੀ ਹੈ ਤਾਂ ਕੋਈ ਬਾਤ ਨਹੀਂ ਪੁਛਦਾ ਹੈ ॥

**ਦਇਆਲ ਏਕ ਭਗਵਾਨ ਪੁਰਖਹ**

**ਨਾਨਕ ਸਰਬ ਜੀਅ ਪ੍ਰਤਿਪਾਲਕਹ ॥ ੧੫ ॥**

ਗੁਰੂ ਜੀ, ਜੋ ਇਕ ਭਗਵਾਨ ਪੁਰਖ ਸਾਰਿਆਂ ਉਤੇ ਦਿਆਲੂ ਹੋਕੇ ਸਾਰਿਆਂ ਜੀਵਾਂ ਦੀ ਪਾਲਨਾ ਕਰਦਾ ਹੈ ॥ ੧੫ ॥

**ਅਨਿਤ੍ ਵਿਤੰ ਅਨਿਤ੍ ਚਿਤੰ ਅਨਿਤ੍ ਆਸਾ ਬਹੁ ਬਿਧਿ ਪ੍ਰਕਾਰੰ**

ਅਨਿਤ = ਝੂਠਾ ॥ ਵਿਤੰ = ਧਨ ॥

ਧਨ ਵੀ ਝੂਠਾ ਹੈ ਮਿਤ੍ਰ ਵੀ ਝੂਠਾ ਹੈ ਭਾਵ ਬਦਲ ਜਾਂਦਾ ਹੈ ਬਹੁਤ ਤਰਾਂ ਦੇ ਪਦਾਰਥਾਂ ਦੀ ਬਹੁਤ ਤਰਾਂ ਦੀ ਵਾਸ਼ਨਾਂ ਵੀ ਝੂਠੀ ਹੈ ॥

**ਅਨਿਤ੍ ਹੇਤੰ ਅਹੰ ਬੰਧੰ ਭਰਮ ਮਾਇਆ ਮਲਨੰ ਬਿਕਾਰੰ ॥**

ਹੇਤੰ = ਪ੍ਰੇਮ ॥ ਅਹੰ = ਹੰਕਾਰ ॥ ਬੰਧੰ = ਬੰਨਿਆਂ ॥

ਓਨ੍ਹਾਂ ਪਦਾਰਥਾਂ ਜਾਂ ਸਬੰਧੀਆਂ ਵਿੱਚ ਝੂਠਾ ਪ੍ਰੇਮ ਕਰਕੇ ਹੰਕਾਰ ਦਾ ਬੰਨ੍ਹਿਆ ਹੋਇਆ ਜੀਵ ਭਰਮ ਕਰਕੇ ਮਾਇਆ ਮੈਲ ਵਿਕਾਰਾਂ ਵਿੱਚ ਲੱਗਾ ਹੋਇਆ ਹੈ ॥

**ਫਿਰੰਤ ਜੋਨਿ ਅਨੇਕ ਜਠਰਾਗਨਿ ਨਹ ਸਿਮਰੰਤ ਮਲੀਣਬੁਧੰ ।**

ਏਸੇ ਕਰਕੇ ਮਾਤਾ ਦੇ ਪੇਟ ਦੀ ਅੱਗ ਵਿੱਚ ਸੜਦਾ ਹੈ ਅਤੇ ਅਨੇਕ ਜੂਨੀਆਂ ਵਿਚ ਭਰਮਦਾ ਹੈ ਕਿਉਂ ਜੋ ਮੈਲੀ ਅਕਲ ਵਾਲਾ ਜੀਵ ਕਦੀ ਪ੍ਰਮਾਤਮਾ ਦਾ ਸਿਮਰਨ ਨਹੀਂ ਕਰਦਾ ਹੈ ।

**ਹੇ ਗੋਬਿੰਦ ਕਰਤ ਮਇਆ ਨਾਨਕ**
**ਪਤਿਤ ਉਧਾਰਣ ਸਾਧ ਸੰਗਮਹ ॥ ੧੬ ॥**

ਪਤਿਤ = ਪਾਪੀ ॥

ਗੁਰੂ ਜੀ, ਜਦੋਂ ਹੇ ਪ੍ਰਮਾਤਮਾਂ ਤੂੰ ਇਸ ਜੀਵ ਉਤੇ ਕਿਰਪਾ ਕਰਦਾ ਹੈਂ ਤਾਂ ਪਾਪੀ ਨੂੰ ਵੀ ਸੰਤਾਂ ਦੀ ਸੰਗਤ ਵਿਚ ਮੇਲਕੇ ਤਾਰ ਲੈਂਦਾ ਹੈ ॥

**ਗਿਰੰਤ ਗਿਰਿ ਪਤਿਤ ਪਾਤਾਲੰ ਜਲੰਤ ਦੇਦੀਪ੍ਯ ਬੈਸ੍ਵਾਂਤਰਹ ॥**

ਗਿਰੰਤ = ਡਿੱਗਣਾਂ ॥ ਗਿਰ = ਪਹਾੜ ॥ ਪਤਿਤ = ਡਿਗਣਾ ॥

ਕੋਈ ਆਦਮੀ ਪਹਾੜ ਤੋਂ ਡਿਗਕੇ ਨੀਵੇਂ ਥਾਂ ਵਿੱਚ ਆ ਡਿੱਗੇ ਇਕਰ ਵੀ ਇਸਤਰਾਂ ਦਾ ਕੋਈ ਦੁਖ ਨਹੀ ਹੈ ਅਤੇ ਦੇਹ ਨੂੰ ਜਗਤ ਉਤੇ ਸੜਦੀ ਬਲਦੀ ਅੱਗ ਵਿੱਚ ਪਾਕੇ ਸਾੜ ਦੇਵੇ ਤਾਂ ਵੀ ਕੋਈ ਦੁਖ ਨਹੀਂ ਹੈ ॥

**ਬਹੰਤਿ ਅਗਾਹ ਤੋਯੰ ਤਰੰਗੰ ਦੁਖੰਤ**
**ਗ੍ਰਹ ਚਿੰਤਾ ਜਨਮੰਤ ਮਰਣਹ ॥**

ਬਹੰਤਿ = ਰੁੜ੍ਹ ਜਾਣਾ ॥ ਤੋਯੰ = ਪਾਣੀ ॥

ਬਹੁਤ ਪਾਣੀ ਦੀਆਂ ਲਹਿਰਾਂ ਵਿਚ ਵੀ ਰੁੜ੍ਹ ਜਾਣ ਨਾਲ ਵੀ ਇਸਤਰਾਂ ਦਾ ਕੋਈ ਦੁਖ ਨਹੀਂ ਹੈ ਜਿਸਤਰਾਂ ਦਾ ਦੁਖ ਘਰ ਦੀ ਚਿੰਤਾ ਦਾ ਹੈ ਕਿਉਂ ਜੋ ਚਿੰ

ਦੁਖ ਤਾਂ ਥੋੜ੍ਹਾ ਚਿਰ ਹੁੰਦਾ ਹੈ ਫਿਰ ਹਟ ਜਾਂਦਾ ਹੈ ਪਰ ਘਰ ਦੀ ਚਿੰਤਾ ਦਾ ਦੁਖ ਹਮੇਸ਼ਾਂ ਜਨਮ ਮਰਨ ਦੇ ਦੁਖ ਨੂੰ ਭੋਗਦਾ ਰਹਿੰਦਾ ਹੈ ॥

**ਅਨਿਕ ਸਾਧਨੰ ਨ ਸਿਧ੍ਯਤੇ ਨਾਨਕ ॥**

ਗੁਰੂ ਜੀ, ਇਸ ਘਰਦੇ ਦੁਖਾਂ ਦੀ ਨਵਿਰਤੀਰੂਪ ਸਿੱਧੀ ਨੂੰ ਅਨੇਕ ਸਾਧਨਾ ਦੇ ਕਰਨ ਨਾਲ ਵੀ ਨਹੀ ਪਾਪਤਿ ਹੁੰਦਾ ਹੈ ॥

**ਅਸਥੰਭੰ ਅਸਥੰਭੰ ਅਸਥੰਭੰ ਸਬਦ ਸਾਧ ਸ੍ਵਜਨਹ ॥ ੧੭ ॥**

ਇਸ ਜੀਵ ਨੂੰ ਇਹਨਾਂ ਦੁਖਾਂ ਤੋਂ ਬਚਾਉਣੇ ਵਾਲਾ ਤਿੰਨਾਂ ਸਮਿਆਂ ਵਿਚ ਸੰਤ ਜਨੋਂ ਸੱਜਣਾਂ ਦਾ ਉਪਦੇਸ਼ ਆਸਰਾ ਰੂਪ ਹੈ ਭਾਵ ਗੁਰਉਪਦੇਸ਼ ਕਰਕੇ ਦੁਖ ਦੂਰ ਹੁੰਦੇ ਹਨ ॥ ੧੭ ॥

"ਨਾਮ ਦੀ ਮਹਿਮਾ"

**ਘੋਰ ਦੁਖ੍ਯੰ ਅਨਿਕ ਹਤ੍ਯੰ ਜਨਮ ਦਾਰਿਦ੍ਰੰ ਮਹਾ ਬਿਖ੍ਯਾਦੰ ॥**

ਭਾਵੇਂ ਜੀਵ ਨੂੰ ਭੈਆਨਕ ਦੁਖ ਵੀ ਲੱਗੇ ਹੋਇ ਹੋਣ ਅਤੇ ਅਨੇਕਾਂ ਹਤਿਆ ਵੀ ਕਰੀਆਂ ਹੋਈਆਂ ਹੋਣ ਕਈਆਂ ਜਨਮਾਂ ਦਾ ਦਰਿੱਦ੍ਰ ਵੀ ਹੋਵੇ ਬਹੁਤ ਬਿਖਾਧੀਆਂ ਕਰਕੇ ਵੀ ਦੁਖੀ ਹੋਵੇ ।

**ਮਿਟੰਤ ਸਗਲ ਸਿਮਰੰਤ ਹਰਿਨਾਮ ਨਾਨਕ ॥**
**ਜੈਸੇ ਪਾਵਕ ਕਾਸਟ ਭਸਮੰ ਕਰੋਤਿ ॥ ੧੮ ॥**

ਇਕ ਹਰੀ ਦਾ ਨਾਮ ਸਿਮਰਨ ਕਰਨ ਨਾਲ ਓਹ ਸਾਰੇ ਪਾਪ, ਦੁਖ ਮਿਟ ਜਾਂਦੇ ਹਨ ਕਿਸਤਰਾਂ? ਜਿਸਤਰਾਂ ਬਹੁਤੀਆਂ ਲਕੜੀਆਂ ਨੂੰ ਥੋੜੀ ਜਹੀ ਅੱਗ ਸੁਆਹ ਕਰ ਦੇਂਦੀ ਹੈ ॥ ੧੮ ॥

**ਅੰਧਕਾਰ ਸਿਮਰਤ ਪ੍ਰਕਾਸੰ ਗੁਣ ਰਮੰਤ ਅਘਖੰਡਨਹ ॥**

ਅਗਜਾਨ ਰੂਪ ਹਨੇਰੇ ਵਾਲਾ ਜੋ ਦਿਲ ਹੈ ਵਾਹਿਗੁਰੂ ਦਾ ਸਿਮਰਨ ਕਰਨ ਨਾਲ ਤਿਸ ਵਿਚ ਗਿਆਨ ਰੂਪ ਚਾਨਣ ਹੋ ਜਾਂਦਾ ਹੈ ਅਤੇ ਤਿਸ ਹਰੀ ਦੇ ਗੁਣਾਂ ਦੇ ਉਚਾਰਨ ਕਰਨ ਨਾਲ ਸਾਰੇ ਪਾਪ ਦੂਰ ਹੋ ਜਾਂਦੇ ਹਨ ॥

**ਰਿਦ ਬਸੰਤਿ ਭੈ ਭੀਤ ਦੂਤਹ ਕਰਮ ਕਰਤ ਮਹਾ ਨਿਰਮਲਹ ॥**

ਵਾਹਿਗੁਰੂ ਦੇ ਸਰੂਪ ਦਾ ਰਿਦੇ ਵਿਚ ਨਿਵਾਸ ਹੋਣ ਕਰਕੇ ਜਨਮ ੨ ਦੇ ਦੂਤ ਵੀ ਤਿਸ ਆਦਮੀ ਦੇ ਡਰ ਵਾਲੇ ਹੋ ਜਾਂਦੇ ਭਾਵ ਡਰ ਜਾਂਦੇ ਹਨ ਜੋ ਨਿਰਮਲ ਕਰਮਾਂ ਨੂੰ ਕਰਦਾ ਹੈ ॥

**ਜਨਮ ਮਰਣ ਰਹੰਤ ਸ੍ਰੋਤਾ ਸੁਖ ਸਮੂਹ ਅਮੋਘ ਦਰਸਨਹ ॥**

ਓਹ ਆਦਮੀ ਹਰੀ ਦੇ ਜਸ ਦਾ ਸੁਣਨ ਵਾਲਾ ਹੋਕੇ ਜਨਮ ਮਰਨ ਤੋਂ ਰਹਿਤ ਹੋ ਜਾਂਦਾ ਹੈ ਅਤੇ ਉਸ ਨੂੰ ਸੁਖਾਂ ਦਾ ਸਮੂਹ ਮਿਲਦਾ ਹੈ ਇਸ ਲਈ ਉਸ ਆਦਮੀ ਦਾ ਦਰਸ਼ਨ ਕਰਨਾ ਵੀ ਬਹੁਤ ਸਫਲ ਹੈ।

**ਸਰਣਿਜੋਗੀ ਸੰਤ ਪ੍ਰਿਅ ਨਾਨਕ ਸੋ ਭਗਵਾਨ ਖੇਮੰ ਕਰੋਤਿ॥੧੯॥**

ਜੋ ਸੰਤਾਂ ਦਾ ਪਿਆਰਾ ਸਰਣ ਦੇਣ ਯੋਗ ਭਗਵਾਨ ਹੈ ਜਿਸਦੇ ਧਿਆਨ ਦਾ ਪਿਛਾ ਮਹਾਤਮਾਂ ਲੋਕ ਕਰਦੇ ਹਨ "ਗੁਰੂ ਜੀ" ਓਹ ਭਗਵਾਨ ਦਾਸਾਂ ਦੀ ਖੇਮੰ ॥ ਰੱਖਿਆ ਕਰਦਾ ਹੈ ॥ ੧੯ ॥

"ਸਤਿਗੁਰਾਂ ਦੀ ਸੇਵਾ ਦਾ ਫਲ"

**ਪਾਛੈ ਕਰੋਤਿ ਅਗ੍ਰਣੀਵਹ ਨਿਰਾਸੰ ਆਸ ਪੂਰਨਹ ॥**

ਜੋ ਪਿਛੇ ਤੁਰਨ ਵਾਲਿਆਂ ਨੂੰ ਅਗੇ ਕਰ ਦੇਂਦਾ ਹੈ ਨਿਰਾਸਿਆਂ ਦੀਆਂ ਆਸਾਂ ਪੂਰੀਆਂ ਕਰ ਦੇਂਦਾ ਹੈ ॥

**ਨਿਰਧਨ ਭਯੰ ਧਨਵੰਤਹ ਰੋਗੀਅੰ ਰੋਗ ਖੰਡਨਹ ॥**

ਕੰਗਾਲ ਧਨ ਵਾਲਾ ਹੋ ਜਾਂਦਾ ਹੈ ਰੋਗੀਆਂ ਦਾ ਰੋਗ ਨਾਸ ਕਰਦਾ ਹੈ ॥

**ਭਗਤ੍ਯ੍ਯੰ ਭਗਤਿ ਦਾਨੰ ਰਾਮ ਨਾਮ ਗੁਣ ਕੀਰਤਨਹ ॥**

ਭਗਤਾਂ ਨੂੰ ਭਗਤੀ ਦਾਨ ਕਰਦਾ ਹੈ ਉਸ ਦੀ ਦਾਤ ਕੀਤੀ ਸੰਤ ਰਾਮਨਾਮ ਦੇ ਗੁਣਾਂ ਦਾ ਕੀਰਤਨ ਕਰਦੇ ਹਨ ॥

**ਪਾਰਬ੍ਰਹਮ ਪੁਰਖ ਦਾਤਾਰਹ ॥**

**ਨਾਨਕ ਗੁਰ ਸੇਵਾ ਕਿੰ ਨ ਲਭ੍ਯਤੇ ॥ ੨੦ ॥**

ਗੁਰੂ ਜੀ—ਪਰੇ ਰਹਿਣ ਵਾਲੇ ਪੁਰਖ ਕਰਤਾਰ ਦੀ ਕਿਰਪਾ ਅਤੇ ਗੁਰਾਂ ਦੀ ਸੇਵਾ ਕਰਕੇ ਆਦਮੀ ਕੀ ਨਹੀ ਲੱਭ ਲੈਂਦਾ ਭਾਵ ਸਭ ਕੁਛ ਲਭ ਲੈਂਦਾ ਹੈ ॥ ੨੦ ॥

**ਅਧਰੰ ਧਰੰ ਧਾਰਣਹ ਨਿਰਧਨੰ ਧਨ ਨਾਮ ਨਰਹਰਹ ॥**

ਅਧਰੰ = ਨਿਆਸਰੇ ॥ ਧਰੰ = ਆਸਰਾ ॥

ਨਿਆਸਰਿਆਂ ਦੇ ਧਾਰਨ ਨੂੰ ਆਸਰਾ ਰੂਪ ਹੈ ਅਤੇ ਕੰਗਾਲਾਂ ਦਾ ਧਨ, ਆਦਮੀਆਂ ਨੂੰ ਹਰਿਆ ਕਰਨ ਵਾਲੇ ਦਾ ਨਾਮ ਹੀ ਹੈ ॥

**ਅਨਾਥ ਨਾਥ ਗੋਬਿੰਦਹ ਬਲ ਹੀਣ ਬਲ ਕੇਸਵ੍ਹ ॥**

ਓਹ ਪਰਮੇਸ਼ਰ ਗਰੀਬਾਂ ਦਾ ਮਾਲਕ ਹੈ ਅਤੇ ਓਹ ਕੇਸ਼ਵ = ਵਾਹਿਗੁਰੂ ਕਮਜ਼ੋਰਿਆਂ ਦਾ ਬਲ ਹੈ ॥

**ਸਰਬ ਭੂਤ ਦਯਾਲ ਅਚੁਤ ਦੀਨ ਬਾਂਧਵ ਦਾਮੋਦਰਹ ॥**

ਭੂਤ = ਜੀਵ ।

ਓਹ ਨਾ ਜਨਮ ਵਿਚ ਆਉਣ ਵਾਲਾ ਸਾਰਿਆਂ ਜੀਵਾਂ ਉਤੇ ਦਯਾਲੂ ਹੈ ਫਿਰ ਓਹ ਦਮੋਦਰ ਹੀ ਗ਼ਰੀਬਾਂ ਦਾ ਸਰਬੰਧੀ ਭਾਵ ਰਖਿਆ ਕਰਨ ਵਾਲਾ ਹੈ ॥

**ਸਰਬਗ੍ਯ ਪੂਰਨ ਪੁਰਖ ਭਗਵਾਨਹ**
**ਭਗਤਿ ਵਛਲ ਕਰੁਣਾਮਯਹ ॥**

ਇਸਤਰਾਂ ਦਾ ਜੇਹੜਾ ਸਰਬੱਗ ਹੈ ਸੋ ਸਾਰਿਆਂ ਵਿਚ ਪੂਰਨ ਪੁਰਖ ਭਗਵਾਨ ਹੈ ਓਹੋ ਹੀ ਭਗਤਾਂ ਦਾ ਪਿਆਰਾ ਕਿਰਪਾ ਦਾ ਰੂਪ ਹੀ ਹੈ ॥

**ਘਟਿ ਘਟਿ ਬਸੰਤ ਬਾਸੁਦੇਵਹ ਪਾਰਬ੍ਰਹਮ ਪਰਮੇਸੁਰਹ ॥**

ਜੋ ਵਾਸਦੇਵ ਹਰ ਇਕ ਦਿਲ ਵਿੱਚ ਨਿਵਾਸ ਕਰਦਾ ਹੈ ਸੋ ਇਕੁਰ ਦਾ ਪਾਰਬ੍ਰਹਮ ਪ੍ਰਮੇਸਰ ਹੀ ਹੈ ॥

**ਜਾਚੰਤਿ ਨਾਨਕ ਕ੍ਰਿਪਾਲ ਪ੍ਰਸਾਦੰ**
**ਨਹ ਬਿਸਰੰਤਿ ਨਹ ਬਿਸਰੰਤਿ ਨਾਰਾਇਣਹ ॥੨੧ ॥**

ਗੁਰੂ ਜੀ–ਉਸ ਕਿਰਪਾਲ ਦੀ ਕਿਰਪਾ ਨੇ ਮੈਂ ਮੰਗਦਾ ਹਾਂ ਕਿ ਓਹ ਪ੍ਰਮਾਤਮਾਂ ਮੈਨੂੰ ਮਨ ਤਨ ਬਾਣੀ ਕਰਕੇ ਕਦੀ ਵੀ ਨਾਂ ਭੁਲੇ ॥ ੨੧ ॥

"ਬੇਨਤੀ"

**ਨਹ ਸਮਰਥੰ ਨਹ ਸੇਵਕੰ ਨਹ ਪ੍ਰੀਤਿ ਪਰਮ ਪੁਰਖੋਤਮੰ ॥**

ਉਸ ਪ੍ਰਮਾਤਮਾਂ ਅਗੇ ਇਸਤਰਾਂ ਬੇਨਤੀ ਕਰੋ ਕਿ ਹੇ ਪੁਰਖਾਂ ਵਿਚ ਉਤਮ ਪ੍ਰਮਾਤਮਾਂ ਮੇਰੇ ਵਿਚ ਸਾਧਨਾ ਰੂਪ ਕੋਈ ਸਮਰੱਥਾ ਨਹੀਂ ਹੈ, ਦਾਸਾ ਭਾਵ ਵੀ ਨਹੀਂ ਅਤੇ ਮੇਰੇ ਵਿੱਚ ਪ੍ਰੀਤੀ ਵੀ ਨਹੀਂ ਹੈ ॥

**ਤਵ ਪ੍ਰਸਾਦਿ ਸਿਮਰਤੇ ਨਾਮੰ**
**ਨਾਨਕ ਕ੍ਰਿਪਾਲ ਹਰਿ ਹਰਿ ਗੁਰੰ ॥ ੨੨ ॥**

ਗੁਰੂ ਜੀ–ਹੇ ਹਰੀ ਸਾਰਿਆਂ ਦੇ ਵੱਡੇ ਪਰਮ ਕ੍ਰਿਪਾਲੂ ਤੇਰੀ ਕਿਰਪਾ ਨਾਲ ਤੇਰੇ ਨਾਮ ਨੂੰ ਮੈਂ ਸਦਾ ਹੀ ਸਿਮਰਨ ਕਰਦਾ ਹਾਂ ॥ ੨੨ ॥

**ਭਰਣ ਪੋਖਣ ਕਰੰਤ ਜੀਆ ਬਿਸ੍ਰਾਮ ਛਾਦਨ ਦੇਵੰਤ ਦਾਨੰ ॥**

ਸਾਰਿਆਂ ਜੀਆਂ ਦੇ ਪੇਟ ਭਰਕੇ ਪਾਲਨਾ ਕਰਨ ਵਾਲੇ ਹੋ ਅਤੇ ਸੋਣ ਵਾਲੇ ਥਾਂ ਅਤੇ ਕਪੜੇ ਪਾਉਣ ਵਾਸਤੇ ਏਹੋ ਜਹੇ ਅਨੇਕਾਂ ਦਾਨ ਦੇਣ ਵਾਲੇ ਹੋ ॥

**ਸ੍ਰਿਜੰਤ ਰਤਨ ਜਨਮ ਚਤੁਰ ਚੇਤਨਹ ॥**

ਸ੍ਰਿਜੰਤ = ਰਚਿਆ, ਪੈਦਾ ਕੀਤਾ ॥

ਸਾਰੀਆਂ ਜੂਨੀਆਂ ਨਾਲੋਂ ਅਮੋਲਕ ਜਨਮ ਮਨੁਖਾ ਦੇਹੀ ਵਿਚ ਸਾਨੂੰ ਪੈਦਾ ਕੀਤਾ ਹੈ ਜੋ ਪ੍ਰਮਾਤਮਾਂ ਦਾ ਸਿਮਰਨ ਕਰਨ ਵਿਚ ਇਹ ਮਨੁਖਾ ਜਨਮ ਵੱਡਾ ਸਿਆਣਾ ਹੈ ਹੋਰ ਕਿਸੇ ਜੂਨੀ ਵਿੱਚ ਸਿਮਰਨ ਨਹੀਂ ਹੋ ਸਕਦਾ।

**ਵਰਤੰਤਿ ਸੁਖ ਆਨੰਦ ਪ੍ਰਸਾਦਹ ॥**

ਸਾਰੇ ਜੀਵ ਉਸ ਅਨੰਦ ਰੂਪ ਵਾਹਿਗੁਰੂ ਦੀ ਕਿਰਪਾ ਕਰਕੇ ਸੁਖ ਵਿਚ ਵਰਤਦੇ ਹਨ।

**ਸਿਮਰੰਤ ਨਾਨਕ ਹਰਿ ਹਰਿ ਹਰੇ ॥**
**ਅਨਿਤ੍ ਰਚਨਾ ਨਿਰਮੋਹਤੇ ॥ ੨੩ ॥**

ਇਸ ਮਨੁਖ ਦੇਹ ਵਿਚ ਜੋ ਸਾਰਿਆਂ ਨੂੰ ਹਰਿਆਂ ਕਰਨ ਵਾਲੇ ਹਰੀ ਦੇ ਨਾਮ ਨੂੰ ਹਰ ਪ੍ਰਕਾਰ ਕਰਕੇ ਸਿਮਰਨ ਕਰਦੇ ਹਨ ਸੋ ਸੰਸਾਰ ਦੀ ਝੂਠੀ ਰਚਨਾਂ ਤੋਂ ਨਿਰਮੋਹ ਹੁੰਦੇ ਹਨ॥ ੨੩ ॥

॥ ਰਾਜਿਆਂ ਦੀ ਗਤੀ ॥

**ਦਾਨੰ ਪਰਾ ਪੂਰਬੇਣ ਭੁੰਚੰਤੇ ਮਹੀਪਤੇ ॥**

ਪਹਿਲਿਆਂ ਜਨਮਾਂ ਵਿੱਚ ਪੁੰਨਾਂ ਕੀਤਿਆਂ ਹੋਇਆਂ ਦਾ ਧਰਤੀ ਦੇ ਮਾਲਕ ਸੁਖ ਭੋਗਦੇ ਹਨ।

**ਬਿਪਰੀਤ ਬੁਧੰ ਮਾਰਤ ਲੋਕਹ**
**ਨਾਨਕ ਚਿਰੰਕਾਲ ਦੁਖ ਭੋਗਤੇ ॥ ੨੪ ॥**

ਇਹਨਾਂ ਭੋਗਾਂ ਕਰਕੇ ਜਿਨਾਂ ਦੀ ਅਕਲ ਮਾਤਲੋਕ ਵਿਚ ਉਲਟੀ ਹੋ ਜਾਂਦੀ ਹੈ ਜੋ ਪਰਜਾ ਨੂੰ ਦੁਖ ਦੇਂਦੇ ਹਨ, ਗੁਰੂ ਜੀ—ਇਸ ਲਈ ਓਹ ਮਰਕੇ ਬਹੁਤ ਚਿਰ ਤਕ ਦੁਖ ਭੋਗਦੇ ਰਹਿੰਦੇ ਹਨ ॥ ੨੪ ॥

**ਬ੍ਰਿਥਾ ਅਨੁਗ੍ਰਹੰ ਗੋਬਿੰਦਹ ਜਸ੍ ਸਿਮਰਣ ਰਿਦੰਤਰਹ ॥**

ਜੇਹੜੇ ਰਾਜ ਵਾਹਿਗੁਰੂ ਦੀ ਕਿਰਪਾ ਤੋਂ ਖਾਲੀ ਹਨ ਅਤੇ ਜਿਨਾਂ ਦੇ ਰਿਦੇ ਅੰਦਰ ਉਸਦਾ ਸਿਮਰਨ ਨਹੀਂ ਹੈ ਜਾਂ ਉਸਦੇ ਜਸ ਕਰਨ ਦਾ ਰਿਦੇ ਵਿਚ ਫਰਕ ਹੈ ਭਾਵ ਨਹੀਂ ਕਰਦੇ।

**ਆਰੋਗੵ ਮਹਾਰੋਗੵ ਬਿਸਿਮ੍ਰਤੇ ਕਰੁਣਾਮਯਹ ॥ ੨੫ ॥**

ਜੇ ਓਹ ਰਾਜ਼ੀ ਵੀ ਹਨ ਤਾਂ ਵੀ ਓਹਨਾਂ ਨੂੰ ਬਹੁਤ ਵਡੇ ਰੋਗੀਆਂ ਸਮਾਨ ਸਮਝੋ ਕਿਉਂ ਜੋ ਕਿਰਪਾ ਦਾ ਰੂਪ ਪਰਮਾਤਮਾਂ ਉਨ੍ਹਾਂਨੂੰ ਭੁਲਿਆ ਹੋਇਆ ਹੈ॥੨੫॥

**ਰਮਣੰ ਕੇਵਲੰ ਕੀਰਤਨੰ ਸੁਧਰਮੰ ਦੇਹ ਧਾਰਣਹ ॥**

ਕੇਵਲ ਪਰਮਾਤਮਾਂ ਦੇ ਜਸ ਦਾ ਕੀਰਤਨ ਉਚਾਰਨ ਕਰਨਾ ਮਨੁਖ ਦੇਹ

ਦਾ ਸ੍ਰੇਸ਼ਟ ਧਰਮ ਧਾਰਨ ਕਰਨਾ ਏਹੋ ਹੀ ਬਹੁਤ ਚੰਗਾ ਹੈ।

**ਅੰਮ੍ਰਿਤ ਨਾਮੁ ਨਾਰਾਇਣ ਨਾਨਕ ਪੀਵਤੰ ਸੰਤ ਨ ਤ੍ਰਿਪ੍ਰਤੇ॥੨੬॥**

ਗੁਰੂ ਜੀ–ਸੰਤ ਜਨ ਇਕੁਰ ਦੇ ਪਰਮਾਤਮਾਂ ਦੇ ਨਾਮ ਨੂੰ ਅੰਮ੍ਰਿਤ ਰੂਪ ਜਾਣਕੇ ਪੀਂਦੇ ਹੋਏ ਰੱਜਦੇ ਨਹੀਂ ਹਨ ਭਾਵ ਸਦਾ ਹੀ ਸਿਮਰਨ ਕਰਦੇ ਰਹਿੰਦੇ ਹਨ॥ ੨੬ ॥

**ਸਹਣ ਸੀਲ ਸੰਤੰ ਸਮ ਮਿਤ੍ਰਸ੍ਯ ਦੁਰਜਨਹ॥**

ਸੰਤਾਂ ਦਾ ਸੀਤਲ ਸੁਭਾਵ ਖੋਟਿਆਂ ਬਚਨਾਂ ਦੇ ਸਹਾਰਨ ਵਾਲਾ ਹੈ ਜੋ ਦੁਰਜਨਾਂ ਨੂੰ ਵੀ ਆਪਣੇ ਮਿਤ੍ਰ ਸਮਝਦੇ ਹਨ।

**ਨਾਨਕ ਭੋਜਨ ਅਨਿਕ ਪ੍ਰਕਾਰੇਣ ਨਿੰਦਕ**
**ਆਵਧ ਹੋਇ ਉਪਤਿਸਟਤੇ ॥ ੨੭ ॥**

ਆਵਧ = ਸ਼ਸਤ੍ਰ। ਉਪ = ਪਾਸ। ਤਿਸ਼ਟਤੇ = ਇਸਥਿਤ ਹੋਣਾ।

ਗੁਰੂ ਜੀ, ਮਿਤ੍ਰ ਤਾਂ ਅਨੇਕ ਪ੍ਰਕਾਰ ਦੇ ਭੋਜਨ ਲੈਕੇ ਉਹਨਾਂ ਦੇ ਪਾਸ ਖੜੇ ਹੁੰਦੇ ਹਨ ਅਤੇ ਨਿੰਦਕ ਦੁਰਜਨ ਓਨਾਂ ਦੇ ਮਾਰਨ ਵਾਸਤੇ ਅਨੇਕ ਪ੍ਰਕਾਰ ਦੇ ਹਥਯਾਰ ਲੈਕੇ ਪਾਸ ਆ ਖੜੇ ਹੁੰਦੇ ਹਨ ਪਰ ਸੰਤਾਂ ਨੂੰ ਓਹ ਦੋਵੇਂ ਬਰਾਬਰ ਹਨ॥ ੨੭ ॥

**ਤਿਰਸਕਾਰ ਨਹ ਭਵੰਤਿ ਨਹ ਭਵੰਤ ਮਾਨ ਭਗਨਹ॥**

ਭਵੰਤ = ਹੁੰਦਾ। ਸੰਤਾਂ ਦਾ ਇਸ ਲੋਕ ਵਿਚ ਨਿਰਾਦਰ ਨਹੀਂ ਹੁੰਦਾ ਅਤੇ ਪਰਲੋਕ ਵਿਚ ਵੀ ਮਾਨ ਭੰਗ ਨਹੀਂ ਹੁੰਦਾ ਭਾਵ ਓਥੇ ਵੀ ਆਦਰ ਹੀ ਹੁੰਦਾ ਹੈ।

**ਸੋਭਾ ਹੀਨ ਨਹ ਭਵੰਤਿ ਨਹ ਪੋਹੰਤਿ ਸੰਸਾਰ ਦੁਖ ਨਹ ॥**

ਹੋਰ ਵੀ ਜੋ ਅਨੇਕ ਥਾਂਵਾਂ ਜਗਤ ਵਿਚ ਹਨ ਸੰਤ ਜਨ ਜਿੱਥੇ ਜਾਣ ਓਹ ਸੋਭਾ ਤੋਂ ਹੀਨ ਨਹੀਂ ਹੁੰਦੇ ਕਿਉਂ ਜੋ ਸੰਤਾਂ ਨੂੰ ਸੰਸਾਰ ਦੇ ਦੁਖ ਨਹੀਂ ਛੁਹ ਸਕਦੇ।

**ਗੋਬਿੰਦ ਨਾਮ ਜਪੰਤਿ ਮਿਲਿ ਸਾਧ ਸੰਗਹ**
**ਨਾਨਕ ਸੇ ਪ੍ਰਾਨੀ ਸੁਖ ਬਾਸਨਹ ॥ ੨੮ ॥**

ਇੱਕੁਰ ਦੇ ਸੰਤਾਂ ਨਾਲ ਮਿਲਕ ਜੋ ਪਰਮਾਤਮਾਂ ਦੇ ਨਾਮ ਨੂੰ ਜਪਦੇ ਹਨ ਗੁਰੂ ਜੀ–ਓਹ ਆਦਮੀ ਸੁਖਾਂ ਵਿੱਚ ਵਸਦੇ ਹਨ।

**ਸੈਨਾ ਸਾਧ ਸਮੂਹ ਸੂਰ ਅਜਿਤੰ ਸੰਨਾਹੰ ਤਨਿ ਨਿਮ੍ਰਤਾਹ॥**

ਦੈਵੀ ਸੰਪਤੀ ਓਹਨਾਂ ਸੰਤਾਂ ਦੀ ਸੂਰਬੀਰਤਾ ਵਾਲੀ ਨਾਂ ਜਿੱਤੀ ਜਾਣ ਵਾਲੀ ਸੈਨਾ ਹੈ ਅਤੇ ਜੋ ਸੰਤਾਂ ਨੇ ਨਿੰਮ੍ਰਤਾ ਧਾਰਨ ਕੀਤੀ ਹੈ ਇਹ ਓਹਨਾਂ ਦੀ ਸੰਜੋਇ ਸਰੀਰ ਉਤੇ ਹੈ।

**ਆਵਧਹ ਗੁਣਗੋਬਿੰਦ ਰਮਣੰ ਓਟ ਗੁਰਸਬਦ ਕਰਚਰਮਣਹ॥**

ਪ੍ਰਮਾਤਮਾਂ ਦੇ ਗੁਣਾਂ ਦਾ ਕਥਨ ਕਰਨਾ ਅਤੇ ਸੁਣਨਾ ਏਹੋ ਹੀ ਓਹਨਾਂ ਦੇ ਹਥਿਆਰ ਧਾਰਨ ਕੀਤੇ ਹੋਇ ਹਨ ਅਤੇ ਦੁਸ਼ਮਨਾਂ ਤੋਂ ਬਚਨ ਵਾਸਤੇ ਗੁਰਾਂ ਦੇ ਉਪਦੇਸ਼ ਦੀ ਢਾਲ ਦਾ ਆਸਰਾ ਲਿਆ ਹੋਇਆ ਹੈ।

**ਆਰੂੜ ਤੇ ਅਸ੍ਵ ਰਥ ਨਾਗਹ ਬੁਝੰਤੇ ਪ੍ਰਭ ਮਾਰਗਹ ॥**

ਨਾਗਹ = ਹਾਥੀ ।

ਜੋ ਮਾਲਕ ਦੇ ਰਸਤੇ ਨੂੰ ਸਮਝਦੇ ਹਨ ਏਹੋ ਹੀ ਓਹਨਾਂ ਨੇ ਘੋੜੇ, ਰਥਾਂ ਹਾਥੀਆਂ ਉਤੇ ਚੜ੍ਹਨਾ ਕੀਤਾ ਹੈ ॥

**ਬਿਚਰਤੇ ਨਿਰਭੰ ਸਤ੍ਰੁ ਸੈਨਾ ਧਾਯੰਤੇ ਗੋਪਾਲ ਕੀਰਤਨਹ ॥**

ਸੰਤ ਜਨ ਮੋਹ ਰੂਪੀ ਦੁਸ਼ਮਨਾਂ ਦੀ ਆਸੁਰੀ ਸੰਪਤੀ ਫੌਜ ਵਿਚ ਨਿਡਰ ਹੋਕੇ ਭੁਜੇ ਫਿਰਦੇ ਹਨ ਅਤੇ ਗੁਪਾਲ ਦੇ ਕੀਰਤਨ ਦਾ ਧਾਵਾ ਕਰਦੇ ਹਨ ਭਾਵ ਵੈਰੀ ਉਤੇ ਚੜ੍ਹਾਈ।

**ਜਿਤਤੇ ਬਿਸ੍ਵ ਸੰਸਾਰਹ ਨਾਨਕ ਵਸੰ ਕਰੋਤਿ ਪੰਚਤਸਕਰਹ॥੨੯**

ਸਾਰੇ ਸੰਸਾਰ ਨੂੰ ਜਿੱਤ ਲੈਂਦੇ ਹਨ ਗੁਰੂ ਜੀ-ਇੱਕੁਰ ਪੰਜਾਂ ਚੋਰਾਂ ਨੂੰ ਆਪਣੇ ਵੱਸ ਕਰ ਲੈਂਦੇ ਹਨ ॥ ੨੯ ॥

**ਮ੍ਰਿਗ ਤ੍ਰਿਸਨਾ ਗੰਧਰਬ ਨਗਰੰ ਦ੍ਰੂਮ ਛਾਯਾ ਰਚਿ ਦੁਰਮਤਿਹ ॥**

ਜਿਸਤਰਾਂ ਜੰਗਲ ਦੀ ਤਪੀ ਹੋਈ ਰੇਤ ਰੂਪ ਝੂਠਾ ਪਾਣੀ ਹਰਨ ਨੂੰ ਮਾਰਨ ਵਾਲਾ ਹੁੰਦਾ ਹੈ, ਸਵੇਰ ਦੇ ਵੇਲੇ ਅਕਾਸ਼ ਵਿੱਚ ਇਕ ਝੂਠੀ ਨਗਰੀ ਪਈ ਹੋਈ ਜਾਪਦੀ ਹੈ, ਰੁਖ ਦੀ ਛਾਯਾ ਝੂਠੀ ਹੁੰਦੀ ਹੈ ਏਹੋ ਜਹਿਆਂ ਝੂਠਿਆਂ ਖਿਆਲਾਂ ਵਿਚ ਖੋਟੀ ਅਕਲ ਵਾਲਾ ਰਚਦਾ ਭਾਵ ਮਨ ਲਾਉਂਦਾ ਤੇ ਦੁਖ ਪਾਉਂਦਾ ਹੈ ॥

**ਤਤਹ ਕੁਟੰਬ ਮੋਹ ਮਿਥ੍ਯਾ ਸਿਮਰੰਤਿ**
**ਨਾਨਕ ਰਾਮ ਰਾਮ ਨਾਮਹ ॥ ੩੦ ॥**

ਇੱਕੁਰ ਹੀ ਜਿਸ ਟੱਬਰ ਦਾ ਇਹ ਮੋਹ ਕਰਦਾ ਹੈ ਸੋ ਸਾਰਾ ਹੀ ਝੂਠਾ ਹੈ ॥ ਤਿਸਨੂੰ ਝੂਠਾ ਜਾਣਕੇ ਸੰਤ ਪ੍ਰੀਤੀ ਨਹੀਂ ਕਰਦੇ, ਛੱਡ ਦੇਂਦੇ ਹਨ ਤੇ ਵਿਆਪਕ ਰਾਮ ਦੇ ਨਾਮ ਨੂੰ ਯਾਦ ਕਰਦ ਹਨ ॥ ੩੦ ॥

"ਬੇਨਤੀ"

**ਨਚ ਬਿਦਿਆ ਨਿਧਾਨ ਨਿਗਮੰਨਚ ਗੁਣ ਗ੍ਯਨਾਮਕੀਰਤਨਹ॥**

ਨਿਗਮੰ = ਵੇਦ । ਨਚ = ਨਹੀਂ । ਨਿਧਾਨ = ਖਜ਼ਾਨਾ

ਹੇ ਪਰਮਾਤ੍ਮਾਂ ਮੈਂ ਵੇਦ ਵਿੱਦਯਾ ਦਾ ਖਜ਼ਾਨਾ ਵੀ ਨਹੀਂ ਹਾਂ ਅਤੇ ਗੁਣਾਂ

ਦਾ ਜਾਣੂ ਵੀ ਨਹੀਂ, ਨਾਮ ਦਾ ਕੀਰਤਨ ਵੀ ਨਹੀਂ ਕਰ ਸਕਦਾ ਹਾਂ ਜਾਂ ਕਰਦਾ ਹਾਂ

**ਨਚ ਰਾਗ ਰਤਨ ਕੰਠੰ ਨਹ ਚੰਚਲ ਚਤੁਰ ਚਾਤੁਰਹ॥**

ਰਾਗ ਰੂਪ ਰਤਨ ਵੀ ਮੇਰੇ ਗਲ ਵਿਚ ਨਹੀਂ ਹੈ ਅਤੇ ਸਰੀਰ ਕਰਕੇ ਕਾਰ ਵਿਹਾਰ ਵਿੱਚ ਵੀ ਚੰਚਲ ਨਹੀਂ ਹਾਂ। ਅਤੇ ਸਿਆਣਿਆਂ ਵਿਚ ਸਿਆਣਾ ਜਾਂ ਬਾਣੀ ਕਰਕੇ ਵੀ ਚਤਰ ਨਹੀਂ ਤੇ ਬੁਧੀ ਕਰਕੇ ਵੀ ਚਾਤੁਰ ਨਹੀਂ ਹਾਂ।

**ਭਾਗ ਉਦਿਮ ਲਬਧੵੰ ਮਾਇਆ ਨਾਨਕ**
**ਸਾਧ ਸੰਗਿ ਖਲ ਪੰਡਿਤਹ॥ ੩੧॥**

ਪੂਰਬਲੇ ਭਾਗਾਂ ਦੇ ਪ੍ਰਗਟ ਤੇ ਉੱਦਮ ਕਰਨ ਨਾਲ ਮਾਇਆ ਲੱਭਦੀ ਹੈ ਤਾਂ ਕਰਮਾਂ ਤੋਂ ਹੀਨ ਮੂਰਖ ਵੀ ਸਾਧ ਸੰਗਤ ਕਰਕੇ ਪੰਡਤ ਹੋ ਜਾਂਦਾ ਹੈ॥੩੧॥

**ਕੰਠ ਰਮਣੀਯ ਰਾਮ ਰਾਮ ਮਾਲਾਂ ਹਸਤ ਊਚ ਪ੍ਰੇਮ ਧਾਰਣੀ॥**

ਰਮਣੀਯ = ਸੁੰਦਰ

ਗਲ ਵਿਚ ਜੋ ਪਰਮਾਤਮਾਂ ਦਾ ਨਾਮ ਜਪਣਾ ਹੈ ਏਹੋ ਹੀ ਸੁੰਦਰ ਮਾਲਾ ਹੈ। ਹਸਤਊਚ = ਗੋਮੁਖੀ ਏਹੋ ਹੀ ਧਾਰਨ ਕੀਤੀ ਹੈ ਜੋ ਪ੍ਰੇਮ ਪਾਕੇ ਜਪਦੇ ਹਾਂ ਭਾਵ ਪ੍ਰੇਮ ਨਾਲ ਨਾਮ ਦਾ ਸਿਮਰਨ ਕਰਨਾਂ॥

**ਜੀਹ ਭਣਿਜੋ ਉਤਮ ਸਲੋਕ ਉਧਰਣੰ ਨੈਨ ਨੰਦਨੀ॥ ੩੨॥**

ਰਸਨਾਂ ਕਰਕੇ ਪ੍ਰਮਾਤਮਾਂ ਦੇ ਉਤਮ ਜਸ ਨੂੰ ਉਚਾਰਨ ਕਰਦੇ ਹਾਂ ਇਸ ਕਰਕੇ ਨੇਤਰਾਂ ਨੂੰ ਅਨੰਦ ਦੇਣ ਵਾਲੀ ਮਾਇਆ ਤੋਂ ਉਧਰੇ ਭਾਵ ਬਚੇ ਹੋਇ ਹਾਂ।

**ਗੁਰ ਮੰਤ੍ਰ ਹੀਣਸ੍ਯ ਜੋ ਪ੍ਰਾਣੀ ਧ੍ਰਿਗੰਤ ਜਨਮ ਭ੍ਰਸਟਣਹ॥**

ਜੋ ਪ੍ਰਾਣੀ ਗੁਰ ਉਪਦੇਸ਼ ਤੋਂ ਹੀਨ ਹੈ ਉਸ ਭੈੜੀ ਬੁਧੀ ਵਾਲੇ ਦੇ ਜਨਮ ਨੂੰ ਧਿਰਕਾਰ ਹੈ।

**ਕੂਕਰਹ ਸੂਕਰਹ ਗਰਧਭਹ ਕਾਕਹ**
**ਸਰਪਨਹ ਤੁਲਿ ਖਲਹ॥ ੩੩॥**

ਓਹ ਮੂਰਖ ਕੁੱਤਿਆਂ, ਸੂਰਾਂ, ਖੋਤਿਆਂ, ਕਾਵਾਂ, ਸੱਪਾਂ ਦੇ ਬਰਾਬਰ ਹੈ॥ ੩੩॥

"ਜਮਦੂਤਾਂ ਦੇ ਡਰ ਤੋਂ ਰਹਿਤ ਹੋਣ ਦਾ ਤਰੀਕਾ॥"

**ਚਰਣਾਰ ਬਿੰਦ ਭਜਨੰ ਰਿਦਯੰ ਨਾਮ ਧਾਰਣਹ॥**

ਜੇਹੜਾ ਆਦਮੀ ਪਰਮਾਤਮਾਂ ਦੇ ਚਰਨਾਂ ਕਮਲਾਂ ਨੂੰ ਰਿਦੇ ਵਿਚ ਧਾਰਕੇ ਨਾਮ ਦਾ ਭਜਨ ਕਰਦਾ ਹੈ॥

**ਕੀਰਤਨੰਸਾਧਸੰਗੇਣ ਨਾਨਕ ਨਹਦ੍ਰਿਸਟੰਤਿਜਮਦੂਤਨਹ ।੩੪।**

ਸਾਧ ਸੰਗਤ ਵਿਚ ਜਾਕੇ ਬਾਣੀ ਨਾਲ ਹਰੀ ਦੇ ਜਸ ਦਾ ਕੀਰਤਨ ਕਰਦਾ ਹੈ, ਗੁਰੂ ਜੀ–ਉਸ ਆਦਮੀ ਨੂੰ ਜਮ ਦੇ ਦੂਤ ਨਹੀਂ ਵੇਖ ਸਕਦੇ ਹਨ ॥ ੩੪ ॥

**ਨਚ ਦੁਰਲਭੰ ਧਨੰ ਰੂਪੰ ਨਚ ਦੁਰਲਭੰ ਸ੍ਵਰਗ ਰਾਜਨਹ ॥**

ਇਸ ਆਦਮੀ ਨੂੰ ਧਨ, ਰੂਪ ਦੀ ਪ੍ਰਾਪਤੀ ਵੀ ਦੁਰਲੱਭ ਨਹੀਂ ਹੈ ਅਤੇ ਸ੍ਵਰਗ ਦਾ ਰਾਜ ਭੀ ਦੁਰਲੱਭ ਨਹੀਂ ਹੈ।

**ਨਚ ਦੁਰਲਭੰ ਭੋਜਨੰ ਬਿੰਜਨੰ ਨਚ ਦੁਰਲਭੰ ਸ੍ਵਛ ਅੰਬਰਹ ॥**

ਅਨੇਕ ਪ੍ਰਕਾਰ ਦੇ ਖਾਣੇ ਵੀ ਦੁਰਲੱਭ ਨਹੀਂ ਹਨ ਅਤੇ ਨਿਰਮਲ ਕਪੜਿਆਂ ਦਾ ਪਾਉਣਾ ਵੀ ਦੁਰਲੱਭ ਨਹੀਂ ਹੈ।

**ਨਚ ਦੁਰਲਭੰ ਸੁਤ ਮਿਤ੍ਰ ਭ੍ਰਾਤ ਬਾਂਧਵ**
**ਨਚ ਦੁਰਲਭੰ ਬਨਿਤਾ ਬਿਲਾਸਹ ॥**

ਪੁੱਤ੍ਰ, ਮਿਤ੍ਰ, ਭਰਾ ਆਦਿਕ ਸਰਬੰਧੀਆਂ ਦਾ ਹੋਣਾ ਵੀ ਦੁਰਲਭ ਨਹੀਂ ਹੈ ਅਤੇ ਇਸਤ੍ਰੀਆਂ ਨਾਲ ਅਨੰਦ ਕਰਨਾ ਵੀ ਦੁਰਲਭ ਨਹੀਂ ਹੈ।

**ਨਚਦੁਰਲਭੰ ਬਿਦਿਆ ਪ੍ਰਬੀਣੰ ਨਚ ਦੁਰਲਭੰ ਚਤੁਰ ਚੰਚਲਹ॥**

ਵਿਦਯਾ ਵਿਚ ਸਿਆਣਿਆਂ ਹੋਣਾ ਵੀ ਦੁਰਲੱਭ ਨਹੀਂ ਹੈ, ਬਾਣੀ ਬੁਧੀ ਕਰਕੇ ਚਤਰ ਹੋਣਾ ਤੇ ਸਰੀਰ ਕਰਕੇ ਚੰਚਲ ਹੋਣਾਂ ਵੀ ਦੁਰਲੱਭ ਨਹੀਂ ਹੈਂ।

**ਦੁਰਲਭੰ ਏਕ ਭਗਵਾਨ ਨਾਮਹ**
**ਨਾਨਕ ਲਬਧਿੰ ਸਾਧ ਸੰਗਿ ਕ੍ਰਿਪਾ ਪ੍ਰਭੰ ॥ ੩੫ ॥**

ਗੁਰੂ ਜੀ–ਇਕ ਭਗਵਾਨ ਦਾ ਨਾਮ ਦੁਰਲੱਭ ਹੈ ਸੋ ਨਾਮ ਸਤਸੰਗ ਕਰਕੇ ਮਿਲਦਾ ਹੈ ਓਹ ਸਤਸੰਗ ਵਾਹਿਗੁਰੂ ਦੀ ਕਿਰਪਾ ਨਾਲ ਲੱਭਦਾ ਹੈ ॥ ੩੫ ।

"ਪ੍ਰਮਾਤਮਾਂ ਦੇ ਰਹਿਣ ਦਾ ਥਾਂ"

**ਜਤ ਕਤਹ ਤਤਹ ਦ੍ਰਿਸ੍ਟੰ ਸ੍ਵਰਗ ਮਰਤ ਪਯਾਲ ਲੋਕਹ ॥**

ਸੁਰਗ, ਮਾਤਲੋਕ, ਧਰਤੀ, ਪਤਾਲ ਲੋਕ ਜਿੱਥੇ ਕਿਥੇ ਓਹ ਨਜ਼ਰ ਆਉਂਦਾ ਹੈ।

**ਸਰਬਤ੍ਰ ਰਮਣੰ ਗੋਬਿੰਦਹ ਨਾਨਕ ਲੇਪ ਛੇਪ ਨ ਲਿਪ੍ਤੇ ॥੩੬।**

ਜੇਹੜਾ ਗੋਬਿੰਦ ਸਾਰਿਆਂ ਵਿਚ ਵਿਆਪਕ ਹੈ ਸੰਤ ਜਨ ਗਿਆਨ ਨਜ਼ਰ ਨਾਲ ਉਸਨੂੰ ਵੇਖਦੇ ਹਨ "ਗੁਰੂ ਜੀ" ਏਸੇ ਕਰਕੇ ਓਹ ਸੰਤ ਕਲੰਕ ਦੋਸ਼ਾਂ ਦੇ ਲੇਂਬਿਆਂ ਨਾਲ ਨਹੀਂ ਲਿੰਬੇ ਜਾਂਦੇ। ਭਾਵ ਸੰਤਾਂ ਨੂੰ ਕੋਈ ਕਲੰਕ ਨਹੀਂ

ਜਾਂਦਾ ਹੈ ॥ ੩੬ ॥

"ਜਦੋਂ ਹਰੀ ਰੂਪ ਗੁਰੂ ਕਿਰਪਾਲੂ ਹੋਣ"

**ਬਿਖਯਾ ਭਯੰਤਿ ਅੰਮ੍ਰਿਤੰ ਦ੍ਰੁਸਟਾਂ ਸਖਾ ਸ੍ਵਜਨਹ ॥**

ਵਿਖ ਅੰਮ੍ਰਿਤ ਰੂਪ ਹੋ ਜਾਂਦੀ ਹੈ ਅਤੇ ਦੁਸ਼ਟ ਦੁਸ਼ਮਣ ਪਿਆਰਿਆਂ ਸਜਣਾਂ ਤੋਂ ਵੀ ਸੱਜਣ ਬਣ ਜਾਂਦੇ ਹਨ।

**ਦੁਖੰ ਭਯੰਤਿ ਸੁਖ੍ਯੰ ਭੈ ਭੀਤੰਤ ਨਿਰਭਯਹ ॥**

ਦੁਖ ਸੁਖ ਰੂਪ ਹੋ ਜਾਂਦੇ ਹਨ ਜੇਹੜਾ ਆਦਮੀ ਡਰ ਦੇ ਨਾਲ ਭਰਿਆ ਰਹਿੰਦਾ ਸੀ ਓਹ ਨਿਡੱਰ ਹੋ ਜਾਂਦਾ ਹੈ।

**ਥਾਨ ਬਿਹੂਨ ਬਿਸ੍ਰਾਮ ਨਾਮੰ**
**ਨਾਨਕ ਕ੍ਰਿਪਾਲ ਹਰਿ ਹਰਿ ਗੁਰਹ ॥ ੩੭ ॥**

ਜੋ ਥਾਂ ਤੋਂ ਬਿਨਾਂ ਦੁਨੀਆਂ ਵਿੱਚ ਭੌਂਦਾ ਫਿਰਦਾ ਸੀ ਸੋ ਨਾਮ ਜਪਕੇ ਸ੍ਵੈ ਸਰੂਪ ਵਿਚ ਇਸਥਿਤੀ ਨੂੰ ਪਾਉਂਦਾ ਹੈ, ਗੁਰੂ ਜੀ-ਇਹ ਹਰੀ ਰੂਪ ਗੁਰੂ ਕਿਰਪਾਲੂ ਦੀ ਕਿਰਪਾ ਦਾ ਫਲ ਹੈ ॥ ੩੭ ॥

"ਭਗਤਾਂ ਦੀ ਵਾਸ਼ਨਾ"

**ਸਰਬ ਸੀਲ ਮਮੰ ਸੀਲੰ ਸਰਬ ਪਾਵਨ ਮਮ ਪਾਵਨਹ ॥**

ਜੇਹੜਾ ਵਾਹਿਗੁਰੂ ਸਾਰਿਆਂ ਨੂੰ ਸ਼ਾਂਤੀ ਦੇਣ ਵਾਲਾ ਹੈ ਓਹ ਮੈਨੂੰ ਵੀ ਸ਼ਾਂਤੀ ਦੇਵੇਗਾ ਜੇਹੜਾ ਸਾਰਿਆਂ ਨੂੰ ਪਵਿਤ੍ਰ ਕਰਨ ਵਾਲਾ ਹੈ ਸੋ ਮੈਨੂੰ ਵੀ ਪਵਿਤ੍ਰ ਕਰੇਗਾ।

**ਸਰਬ ਕਰਤਬ ਮਮੰ ਕਰਤਾ ਨਾਨਕ ਲੇਪ ਛੇਪ ਨ ਲਿਪ੍ਰਤੇ।੩੮**

ਜੇਹੜਾ ਸਾਰੇ ਸੰਸਾਰ ਦਾ ਕਰਤਾ ਹੈ ਓਹ ਮੇਰਾ ਵੀ ਕਰਤਾ ਹੈ "ਗੁਰੂ ਜੀ" ਓਹ ਪ੍ਰਮਾਤਮਾਂ ਦੋਸ਼ਾਂ ਦੇ ਕਲੰਕਾਂ ਰੂਪ ਲੇਬਿਆਂ ਨਾਲ ਨਹੀਂ ਲਿਬਿਆ ਜਾਂਦਾ ॥ ੩੮ ॥

ਸਤਸੰਗ ਦੀ ਵਡਿਆਈ ॥

**ਨਹ ਸੀਤਲੰ ਚੰਦ੍ਰਦੇਵਹ ਨਹ ਸੀਤਲੰ ਬਾਵਨ ਚੰਦਨਹ ॥**

ਇੱਕੁਰ ਦਾ ਚੰਦਰਮਾਂ ਦੇਵਤਾ ਵੀ ਸੀਤਲ ਨਹੀਂ ਹੈ ਅਤੇ ਬਾਵਨ ਚੰਦਨ ਵੀ ਸੀਤਲ ਨਹੀਂ ਹੈ।

**ਨਹ ਸੀਤਲੰ ਸੀਤ ਰੁਤੇਣ ਨਾਨਕ ਸੀਤਲੰ ਸਾਧਸ੍ਵਜਨਹ ।੩੯।**

ਸੀਤ = ਪੋਹ ਮਾਘ ਦੀ ਰੁਤ ਵੀ ਇੱਕੁਰ ਦੀ ਸੀਤਲ ਨਹੀਂ ਹੈ। "ਗੁਰੂ ਜੀ" ਜਿਸਤਰਾਂ ਦੇ ਸਾਰਿਆਂ ਦੇ ਸੱਜਣ ਸੰਤ ਜਨ ਸੀਤਲ ਹਨ ॥ ੩੯ ॥

"ਸੰਤਾਂ ਦੇ ਲੱਛਣ"

**ਮੰਤ੍ਰੰ ਰਾਮ ਰਾਮ ਨਾਮੰ ਧ੍ਯਾਨੰ ਸਰਬਤ੍ਰ ਪੂਰਨਹ ॥**

ਸੰਤਾਂ ਦਾ ਵਿਆਪਕ ਰਾਮ ਦੇ ਨਾਮ ਦਾ ਜਾਪ ੧ ਮੰਤ੍ਰ ਹੈ ਅਤੇ ਉਸ ਨੂੰ ਸਾਰਿਆਂ ਵਿਚ ਪੂਰਨ ਦੇਖਣਾ ਇਹੋ ਹੀ ਸੰਤਾਂ ਦਾ ਧਿਆਨ ਹੈ।

**ਗ੍ਯਾਨੰ ਸਮ ਦੁਖ ਸੁਖੰ ਜੁਗਤਿ ਨਿਰਮਲ ਨਿਰਵੈਰਣਹ ॥**

ਸੰਤ ਗਿਆਨ ਨਚਰ ਨਾਲ ਸੁਖ ਦੁਖ ਵਿਚ ਇਕ ਰਸ ਰਹਿੰਦੇ ਹਨ ਅਤੇ ਓਹਨਾਂ ਦੀ ਨਿਰਮਲ ਜੁਗਤੀ ਏਹੋ ਹੀ ਹੈ ਜੋ ਸਾਰਿਆਂ ਨਾਲ ਨਿਰਵੈਰ ਰਹਿੰਦੇ ਹਨ।

**ਦਯਾਲੰ ਸਰਬਤ੍ਰ ਜੀਆ ਪੰਚ ਦੋਖ ਬਿਵਰਜਿਤਹ ॥**

ਸਾਰਿਆਂ ਜੀਵਾਂ ਉਤੇ ਦਿਆਲੂ ਹਨ ਅਤੇ ਕਾਮ ਆਦਿਕ ਪੰਜਾਂ ਦੋਖਾਂ ਤੋਂ ਰਹਿਤ ਹਨ ਜਾਂ ਪੰਜਾਂ ਨੂੰ ਵਰਜਦੇ ਰਹਿੰਦੇ ਹਨ।

**ਭੋਜਨੰ ਗੋਪਾਲ ਕੀਰਤਨੰ ਅਲਿਪ ਮਾਯਾ ਜਲ ਕਮਲ ਰਹਤਹ ॥**

ਗੁਪਾਲ ਦਾ ਕੀਰਤਨ ਹੀ ਭੋਜਨ ਕਰਦੇ ਹਨ ਅਤੇ ਮਾਇਆ ਤੋਂ ਇਸ ਤਰੀਂ ਬਚੇ ਰਹਿੰਦੇ ਹਨ ਜਿਸ ਤਰਾਂ ਪਾਣੀ ਵਿਚ ਕੌਲ ਫੁਲ ਅਸੰਗ ਰਹਿੰਦਾ ਹੈ

**ਉਪਦੇਸੰ ਸਮ ਮਿਤ੍ਰ ਸਤ੍ਰਹ ਭਗਵੰਤ ਭਗਤਿ ਭਾਵਨੀ ॥**

ਮਿਤ੍ਰ ਤੇ ਸ਼ਤ੍ਰ ਨੂੰ ਇਕ ਰੂਪ ਦੇਖਕੇ ਉਪਦੇਸ਼ ਕਰਦੇ ਰਹਿੰਦੇ ਹਨ ਅਤੇ ਓਹਨਾ ਦੇ ਰਿਦੇ ਦੀ ਭਗਵੰਤ ਦੀ ਭਗਤੀ ਵਿਚ ਸਰਧਾ ਹੈ।

**ਪਰ ਨਿੰਦਾ ਨਹ ਸ੍ਰੋਤਿ ਸ੍ਰਵਣੰ ਆਪੁ ਤ੍ਯਿਾਗਿ ਸਗਲ ਰੇਣੁਕਹ ॥**

ਕੰਨਾਂ ਕਰਕੇ ਪਰਾਈ ਨਿੰਦਿਆ ਨਹੀਂ ਸੁਣਦੇ, ਹੰਕਾਰ ਨੂੰ ਛੱਡਕੇ ਸਾਰਿਆਂ ਦੇ ਚਰਨਾਂ ਦੀ ਧੂੜ ਹੁੰਦੇ ਹਨ।

**ਖਟ ਲਖ੍ਯਣ ਪੂਰਨੰ ਪੁਰਖਹ ਨਾਨਕ ਨਾਮ ਸਾਧ ਸ੍ਵਜਨਹ ॥੪੦॥**

ਛਿਆਂ ਲੱਖਣਾਂ (ਜਾਂ ਬਾਰਾਂ ਲੱਛਣਾਂ ਵਾਲੇ) ਜੋ ਪੂਰਨ ਪੁਰਖ ਸੰਤ ਹਨ। "ਗੁਰੂ ਜੀ" ਓਹਨਾਂ ਦਾ ਨਾਮ ਸਾਧੂ ਸੱਜਣ ਹੈ ॥ ੪੦ ॥

"ਗ੍ਰਹਸਤ ਦਾ ਦੁਖ"

**ਅਜਾ ਭੋਗੰਤ ਕੰਦ ਮੂਲੰ ਬਸੰਤੇ ਸਮੀਪਿ ਕੇਹਰਹ ॥**

ਅਜਾ = ਬਕਰੀ ॥ ਸਮੀਪ = ਪਾਸ ॥

ਜਿਸਤਰਾਂ ਬਕਰੀ ਫਲਾਂ ਪੱਤਾਂ ਨੂੰ ਖਾਕੇ ਰਾਜ਼ੀ ਹੁੰਦੀ ਹੈ ਪਰ ਸ਼ੇਰ ਦੇ ਪਾਸ ਵਸਦੀ ਹੈ ਭਾਵ ਸ਼ੇਰ ਤੋਂ ਡਰਦੀ ਹੈ।

ਤਤ੍ਰ ਗਤੇ ਸੰਸਾਰਹ ਨਾਨਕ ਸੋਗ ਹਰਖੰ ਬਿਆਪਤੇ ॥ ੪੧ ॥

ਗੁਰੂ ਜੀ—ਇੱਕੁਰ ਹੀ ਸੰਸਾਰ ਵਿਚ ਜੀਵ ਦੀ ਗਤੀ ਹੈ ਜੇ ਕੋਈ ਮਨ ਭਾਉਂਦੀ ਚੀਜ਼ ਮਿਲ ਜਾਵੇ ਤਾਂ ਖੁਸ਼ੀ ਹੁੰਦਾ ਹੈ ਜੇ ਕੁਝ ਨਾਸ ਹੋ ਜਾਵੇ ਤਾਂ ਸ਼ੋਕ ਹੁੰਦਾ ਹੈ ਇਹ ਖੁਸ਼ੀ ਗਮੀਂ ਜੀਵ ਨੂੰ ਵਜਾਪਦੀ ਰਹਿੰਦੀ ਹੈ ॥ ੪੧ ॥

ਛਲ ਛਿਦ੍ਰ ਕੋਟਿ ਬਿਘਨੰ ਅਪਰਾਧ ਕਿਲ ਬਿਖ ਮਲੰ ॥

ਕਿਸੇ ਨਾਲ ਛਲ ਕਰਨਾ ਹੋਰਨਾਂ ਦੇ ਦੋਖਾਂ ਨੂੰ ਦੇਖਣਾ, ਪਰਾਇਆਂ ਕੰਮਾਂ ਵਿਚ ਕਰੋੜਾਂ ਤਰਾਂ ਦੇ ਵਿਘਨ ਕਰਨੇ ਇੱਕੁਰ ਦੀ ਅਨੇਕ ਤਰਾਂ ਦੀ ਵਿਸ਼ਿਆਂ ਰੂਪ ਪਾਪਾਂ ਦੀ ਮੈਲ ਨਾਲ ਜੇਹੜੇ ਕਿਲ = ਨਿਸਚੇ ਕਰਕੇ ਭਰੇ ਹੋਇ ਹਨ ਵਾ ਕਿਲ ਵਿਖ = ਵਡਿਆਂ ਪਾਪਾਂ ਨਾਲ ।

ਭਰਮ ਮੋਹੰ ਮਾਨ ਅਪਮਾਨੰ ਮਦੰ ਮਾਯਾ ਬਿਆਪਤੰ ॥

ਭਰਮ, ਮੋਹ, ਆਦਰ, ਨਿਰਾਦਰ, ਹੰਕਾਰ, ਆਦਿਕ ਮਾਇਆ ਵਿਚ ਇਹ ਜੀਵ ਵਿਆਪਦੇ ਹਨ ।

ਮ੍ਰਿਤ੍ਯੁ ਜਨਮ ਭ੍ਰਮੰਤਿ ਨਰਕਹ ਅਨਿਕ ਉਪਾਵੰ ਨ ਸਿਧ੍ਯਤੇ ॥

ਏਸ ਲਈ ਇਹ ਜੀਵ ਜੰਮਦੇ ਮਰਦੇ ਅਨੇਕ ਜਨਮਾਂ ਨੂੰ ਪਾਕੇ ਨਰਕ ਦੇ ਦੁਖਾਂ ਨੂੰ ਭੋਗਦੇ ਹਨ ਅਤੇ ਚੰਗੇ ਕੰਮ ਕਰਨੇ ਇਹਨਾਂ ਉਪਾਵਾਂ ਕਰਕੇ ਜੋ ਮੁਕਤੀ ਨੂੰ ਪ੍ਰਾਪਤ ਨਹੀਂ ਹੁੰਦੇ ॥

ਨਿਰਮਲੰ ਸਾਧ ਸੰਗਹ ਜਪੰਤਿ ਨਾਨਕ ਗੋਪਾਲ ਨਾਮੰ ॥
ਰਮੰਤਿ ਗੁਣ ਗੋਬਿੰਦ ਨਿਤ ਪ੍ਰਤਹ ॥ ੪੨ ॥

ਗੁਰੂ ਜੀ—ਜੇਹੜਾ ਆਦਮੀ ਸੰਤਾਂ ਦੇ ਸੰਗ ਕਰਕੇ ਗੁਪਾਲ ਦੇ ਨਾਮ ਨੂੰ ਹਰ ਰੋਜ਼ ਜਪਦਾ ਹੈ ਅਤੇ ਗੋਬਿੰਦ ਦੇ ਗੁਣਾਂ ਨੂੰ ਹਰ ਰੋਜ਼ ਗੌਂਦਾ ਹੈ ਓਹੋ ਹੀ ਨਿਰਮਲ ਹੁੰਦਾ ਹੈ ॥ ੪੨ ॥

ਤਰਣ ਸਰਣ ਸੁਆਮੀ ਰਮਣ ਸੀਲ ਪਰਮੇਸੁਰਹ ॥

ਜੇਹੜਾ ਸਾਰਿਆਂ ਵਿਚ ਵਿਆਪਕ ਸੀਤਲ ਰੂਪ ਪਰਮੇਸ਼ਰ ਸਾਰਿਆਂ ਦਾ ਮਾਲਕ ਹੈ ਤਿਸ ਦੀ ਸਰਣ ਕਰਕੇ ਇਸ ਜੀਵ ਦਾ ਸੰਸਾਰ ਤੋਂ ਤਰਣਾ ਹੁੰਦਾ ਹੈ ॥

ਕਰਣ ਕਾਰਣ ਸਮਰਥਹ ਦਾਨੁ ਦੇਤ ਪ੍ਰਭੁ ਪੂਰਨਹ ॥

ਸਾਰੇ ਜਗਤ ਦੇ ਸਾਰੇ ਕੰਮ ਜੋ ਤੱਤ ਹਨ ਜੇਹੜਾ ਸਾਰਿਆਂ ਦੇ ਕਰਨ ਨੂੰ ਤਕੜਾ ਹੈ ਅਤੇ ਸਾਰਿਆਂ ਜੀਵਾਂ ਨੂੰ ਓਹ ਪ੍ਰਭੂ ਦਾਨ ਦੇਂਦਾ ਹੈ ॥

ਨਿਰਾਸ ਆਸ ਕਰਣੰ ਸਗਲ ਅਰਥ ਆਲਯਹ ॥

ਅਰਥ = ਪਦਾਰਥ ॥ ਆਲਯਹ = ਘਰ ॥

ਨਿਰਾਸਿਆਂ ਦੀਆਂ ਆਸਾਂ ਪੂਰਨ ਕਰਨ ਵਾਲਾ ਹੈ ਅਤੇ ਸਾਰਿਆਂ ਪਦਾਰਥਾਂ ਦਾ ਘਰ ਹੈ ॥

## ਗੁਣਨਿਧਾਨ ਸਿਮਰੰਤਿ ਨਾਨਕ ਸਗਲ ਜਾਚੰਤ ਜਾਚਿਕਹ ॥੪੩

ਗੁਰੂ ਜੀ-ਉਸ ਗੁਣਾਂ ਦੇ ਖਜ਼ਾਨੇ ਪਾਸੋਂ ਸਾਰੇ ਜੀਵ ਮੰਗਤੇ ਹੋਕੇ ਮੰਗਦੇ ਹਨ ਉਸਦਾ ਅਸੀਂ ਸਿਮਰਨ ਕਰਦੇ ਹਾਂ ॥ ੪੩ ॥

"ਸੰਤਾਂ ਦੀ ਸੰਗਤ ਕਰਕੇ ਕੀ ਮਿਲਿਆ" ਓਹ ਦੱਸਦੇ ਹਨ

## ਦੁਰਗਮ ਸਥਾਨ ਸੁਗਮੰ ਮਹਾ ਦੂਖ ਸਰਬ ਸੂਖਣਹ ॥

ਜਿਸ ਦੀ ਕਿਰਪਾ ਨਾਲ ਔਖੇ ਥਾਂ ਸੁਖਾਲੇ ਹੋ ਜਾਂਦੇ ਹਨ ਅਤੇ ਜੋ ਵੱਡੇ ਦੁਖ ਹਨ ਓਹ ਸਾਰੇ ਸੁਖ ਰੂਪ ਹੋ ਜਾਂਦੇ ਹਨ॥

## ਦੁਰਬਚਨ ਭੇਦ ਭਰੰਮੰ ਸਾਕਤ ਪਿਸਨੰ ਤ ਸੁਰਜਨਹ॥

ਭੇਦ = ਵਿੰਨਣਾਂ ॥ ਪਿਸਨੰ = ਚੁਗਲ ॥

ਜੇਹੜੇ ਸ਼ਕਤੀ ਮਾਇਆ ਦੇ ਉਪਾਸ਼ਕ ਆਦਮੀ ਚੁਗਲ ਭਰਮੇ ਹੋਇ ਖੋਟਿਆਂ ਬੋਲਾਂ ਨੂੰ ਆਖਕੇ ਰਿਦੇ ਨੂੰ ਵਿੰਨ ਸੁੱਟਦੇ ਸਨ ਓਹ ਸਜਣ ਰੂਪ ਹੋ ਜਾਂਦੇ ਹਨ।

## ਅਸਿਥੰਤ ਸੋਗ ਹਰਖੰ ਭੈ ਖੀਣੰਤ ਨਿਰਭਵਹ ॥

ਖੁਸ਼ੀ ਗਮੀ ਦੇ ਥਾਂ ਟਿਕਿਆ ਰਹਿਦਾ ਹੈ ਡਰ ਦੀ ਖੀਣਤਾ ਹਾਨੀ ਤੋਂ ਨਿਡਰ ਭਾਵ ਬਚਿਆ ਰਹਿੰਦਾ ਹੈ।

## ਭੈ ਅਟਵੀਅੰ ਮਹਾ ਨਗਰ ਬਾਸੰ ਧਰਮ ਲਖ੍ਣ ਪ੍ਰਭ ਮਇਆ ॥

ਅਟਵੀਅੰ = ਜੰਗਲ।

ਡਰਾਉਣਾ ਜੰਗਲ ਸੰਸਾਰ ਜੋ ਹੈ ਓਹਨਾਂ ਨੂੰ ਚੰਗਾ ਨਗਰ ਵਸਦਾ ਜਾਪਦਾ ਹੈ ਭਾਵ ਮਾਲਕ ਦੀ ਕਿਰਪਾ ਨਾਲ ਇਹ ਧਰਮ ਦਾ ਲੱਛਣ ਪ੍ਰਾਪਤ ਹੁੰਦਾ ਹੈ ਜੋ ਦੁਖਦਾਈ ਸੰਸਾਰ ਸੁਖਦਾਈ ਭਾਸਦਾ ਹੈ।

## ਸਾਧ ਸੰਗਮ ਰਾਮ ਰਾਮ ਰਮਣੰ ਸਰਣਿ ਨਾਨਕ ਹਰਿ ਹਰਿ ਦਯਾਲ ਚਰਣੰ ॥ ੪੪ ॥

ਸੰਤਾਂ ਦੀ ਸੰਗਤ ਕਰਕੇ ਜੋ ਵਿਆਪਕ ਪ੍ਰਮਾਤਮਾਂ ਦੇ ਨਾਮ ਨੂੰ ਉਚਾਰਨ ਕਰਕੇ ਦਿਆਲੂ ਦੇ ਚਰਨਾਂ ਦੀ ਸ਼ਰਨ ਆਇ ਹਨ ਓਹਨਾਂ ਨੂੰ ਉਪਰ ਦੱਸੇ ਫਲ ਪ੍ਰਾਪਤ ਹੋਇ ਹਨ।

## ਹੇ ਅਜਿਤ ਸੂਰ ਸੰਗ੍ਰਾਮੰ ਅਤਿ ਬਲਨਾ ਬਹੁ ਮਰਦਨਹ ॥

ਹੇ ਮੋਹ ਕਿਸੇ ਤੋਂ ਨ ਜਿੱਤੇ ਜਾਣ ਵਾਲੇ ਤੂੰ ਜੰਗ ਭੂਮਿਕਾ ਅਤਯੰਤ ਹੀ

ਬੜੇ ੨ ਬਲੀਆਂ ਨੂੰ ਪੈਰਾਂ ਹੇਠਾਂ ਮਲ ਸੁੱਟਿਆ ਜਾਂ ਹੱਥ ਨਾਲ ਮਲ ਸੁਟਿਆ ॥

ਗਣ ਗੰਧਰਬ ਦੇਵ ਮਾਨੁਖੵੰ ਪਸੁ ਪੰਖੀ ਬਿਮੋਹਨਹ ॥

ਸ਼ਿਵਜੀ ਦੇ ਗਣਾਂ, ਦੇਵਤਿਆਂ ਦੇ ਰਾਗੀਆਂ, ਅਤੇ ਸਾਰਿਆਂ ਦੇਵਤਿਆਂ ਮਨੁੱਖਾਂ ਪਸ਼ੂਆਂ ਪੰਛੀਆਂ ਸਾਰਿਆਂ ਨੂੰ ਤੂੰ ਵਿਸ਼ੇਸ਼ ਕਰਕੇ ਮੋਹਨ ਵਾਲਾ ਹੈਂ ।

ਹਰਿ ਕਰਨ ਹਾਰੰ ਨਮਸਕਾਰੰ ਸਰਣਿ ਨਾਨਕ ਜਗਦੀਸੁਰਹ ॥ ੪੫ ॥

ਸਾਰਿਆਂ ਦੇ ਕਰਨ ਵਾਲਾ ਜੋ ਜਗਤ ਦਾ ਮਾਲਕ ਹੈ "ਗੁਰੂ ਜੀ" ਅਸੀਂ ਉਸ ਨੂੰ ਨਮਸਕਾਰ ਕਰਦੇ ਹਾਂ ਓਹ ਤੇਰੇ ਬਲ ਨੂੰ ਨਾਸ ਕਰੇਗਾ ਜਾਂ ਹੇ ਲੋਕੋ ਪ੍ਰਮਾਤਮਾਂ ਦੀ ਸ਼ਰਨ ਲਵੋ ਜੇ ਮੋਹ ਤੋਂ ਬਚਣਾ ਚਾਹੁੰਦੇ ਹੋ ਤਾਂ ॥ ੪੫ ॥

ਹੇ ਕਾਮੰ ਨਰਕ ਬਿਸ੍ਰਾਮੰ ਬਹੁ ਜੋਨੀ ਭ੍ਰਮਾਵਣਹ ॥

ਹੇ ਕਾਮ ਤੂੰ ਆਦਮੀਆਂ ਨੂੰ ਨਰਕ ਵਿਚ ਪਾਉਣ ਵਾਲਾ ਹੈ ਅਤੇ ਜੀਵਾਂ ਨੂੰ ਜੂਨੀਆਂ ਵਿਚ ਭਰਮਾਉਣ ਵਾਲਾ ਹੈਂ ।

ਚਿਤ ਹਰਣੰ ਤ੍ਰੈ ਲੋਕ ਗੰਮੵੰ ਜਪ ਤਪ ਸੀਲ ਬਿਦਾਰਣਹ ॥

ਆਦਮੀਆਂ ਦੇ ਚਿੱਤ ਨੂੰ ਤੂੰ ਚੁਰਾਉਣ ਵਾਲਾ ਹੈਂ ਅਤੇ ਤਿੰਨ ਲੋਕਾਂ ਵਿਚ ਤੂੰ ਪ੍ਰਾਪਤ ਹੋਇਆਂ ੨ ਹੈਂ, ਜਪ ਤਪ ਸੀਤਲ ਸੁਭਾਵ ਆਦਿਕ ਲੋਕਾਂ ਦੇ ਚੰਗਿਆਂ ਗੁਣਾਂ ਦਾ ਤੂੰ ਨਸ਼ਟ ਕਰਨ ਵਾਲਾ ਹੈਂ ॥

ਅਲਪ ਸੁਖ ਅਵਿਤ ਚੰਚਲ ਊਚ ਨੀਚ ਸਮਾਵਣਹ ॥

ਅਵਿਤ = ਗਰੀਬ ॥

ਸੁਖ ਤੇਰਾ ਥੋੜਾ ਚਿਰ ਹੈ ਅਤੇ ਲੋਕਾਂ ਨੂੰ ਤੂੰ ਗਰੀਬ ਕਰ ਦੇਂਦਾ ਹੈਂ ਅਤੇ ਚੰਚਲ ਰੂਪ ਹੈਂ ਉਚ ਨੀਚ ਸਾਰਿਆਂ ਵਿਚ ਸਮਾਇਆ ਹੋਇਆ ਹੈਂ ॥

ਤਵ ਭੈ ਬਿਮੁੰਚਿਤ ਸਾਧ ਸੰਗਮ ਓਟ ਨਾਨਕ ਨਾਰਾਇਣਹ ॥

ਬਿਮੁੰਚਤ = ਨਾਸ ਹੁੰਦਾ ਹੈ ॥

ਗੁਰੂ ਜੀ-ਸੰਤਾਂ ਦੇ ਮਿਲਾਪ ਕਰਕੇ ਪ੍ਰਮਾਤਮਾਂ ਦਾ ਆਸਰਾ ਲੈਣ ਨਾਲ ਹੇ ਕਾਮ ਬਲਵਾਨ ਤੇਰਾ ਡਰ ਦੂਰ ਹੁੰਦਾ ਹੈ ॥ ੪੬ ॥

ਹੇ ਕਲਿ ਮੂਲ ਕ੍ਰੋਧੰ ਕਦੰਚ ਕਰੁਣਾ ਨ ਉਪਰਜਤੇ ॥

ਹੇ ਕ੍ਰੋਧ ਲੜਾਈ ਦਾ ਮੁਢ ਤੂੰ ਜਿਸਦੇ ਹਿਰਦੇ ਵਿਚ ਆਕੇ ਵੜਦਾ ਹੈਂ ਉਨ੍ਹਾਂ ਨੂੰ ਕਦੀ ਵੀ ਕਿਰਪਾ ਨਹੀਂ ਪੈਦਾ ਹੁੰਦੀ ਭਾਵ ਆਉਂਦੀ ॥

ਬਿਖਯੰਤ ਜੀਵੰ ਵਸੵੰ ਕਰੋਤਿ ਨਿਰਤੵੰ ਕਰੋਤਿ ਜਥਾ ਮਰਕਟਹ ॥

ਤੂੰ ਵਿਸ਼ਈ ਜੀਵਾਂ ਨੂੰ ਆਪਣੇ ਵੱਸ ਕਰ ਲੈਂਦਾ ਹੈਂ ਉਹ ਤੇਰੇ ਵਸ ਹੋਏ ੨

ਇੱਕਰ ਨਚਦੇ ਹਨ ਜਿਸਤਰਾਂ ਬਾਂਦਰ ਨਿਰਤ ਕਾਰੀ ਕਰਦਾ ਹੈ ॥

**ਅਨਿਕ ਸਾਸਨ ਤਾੜੰਤਿ ਜਮਦੂਤਹ ॥**

(ਤੇਰੇ ਨਾਲ ਮਿਲਾਪ ਕਰਨ ਵਾਲੇ ਨੀਚ ਹੋਇਆਂ ੨ ਲੋਕਾਂ ਨੂੰ)ਜਮਦੂਤ ਦੇ ਅਨੇਕ ਪ੍ਰਕਾਰ ਦੀ ਤਾੜਨਾਂ ਨਾਲ ਤਾੜਦੇ ਹਨ ॥

**ਤਵ ਸੰਗੇ ਅਧਮੰ ਨਰਹ ॥ ਦੀਨ ਦੁਖ ਭੰਜਨ ਦਯਾਲ ਪ੍ਰਭੁ ਨਾਨਕ ਸਰਬ ਜੀਅ ਰਖ੍ਯਾ ਕਰੋਤਿ ॥ ੪੭ ॥**

ਗੁਰੂ ਜੀ-ਜੋ ਗਰੀਬਾਂ ਦਾਸਾਂ ਦੇ ਦੁਖਾਂ ਨੂੰ ਨਸ਼ਟ ਕਰਨ ਵਾਲਾ ਦਿਆਲੂ ਮਾਲਕ ਹੈ ਓਹੋ ਹੀ ਤੇਰੇ ਕੋਲੋਂ ਸਾਰਿਆਂ ਜੀਵਾਂ ਦੀ ਰੱਖਿਆ ਕਰੇਗਾ ਜਾਂ ਸਾਡੀ ਕਰਦਾ ਹੈ ॥ ੪੭ ॥

**ਹੇ ਲੋਭਾ ਲੰਪਟ ਸੰਗ ਸਿਰ ਮੋਰਹ ਅਨਿਕ ਲਹਰੀ ਕਲੋਲਤੇ ॥**

ਹੇ ਲੋਭ ਤੂੰ ਸਾਰਿਆਂ ਦਾ ਸਿਰੋਮਣੀ ਹੈਂ ਸਾਰਿਆਂ ਦੇ ਨਾਲ ਤੂੰ ਚੰਬੜਿਆ ਹੋਇਆ ਹੈਂ ਏਸੇ ਕਰਕੇ ਤੇਰੀਆਂ ਲਹਿਰਾਂ ਕਰਕੇ ਜੀਵਾਂ ਵਿਚ ਅਨੇਕ ਵਿਹਾਰਾਂ ਦੇ ਕਲੋਲ = ਤਮਾਸ਼ੇ ਤਰੰਗ ਉਠਦੇ ਹਨ ਭਾਵ ਜਦੋਂ ਆਦਮੀ ਨੂੰ ਲੋਭ ਆਉਂਦਾਹੈ ਤਾਂ ਵਿਹਾਰਾਂ ਵਿਚ ਅਨੇਕ ਛਲ ਕਰਦਾ ਹੈ ॥

**ਧਾਵੰਤ ਜੀਆ ਬਹੁ ਪ੍ਰਕਾਰੰ ਅਨਿਕ ਭਾਂਤਿ ਬਹੁ ਡੋਲਤੇ ॥**

ਏਸੇ ਕਰਕੇ ਜੀਵ ਬਹੁਤ ਪਰਕਾਰ ਕਰਕੇ ਵਿਹਾਰਾਂ ਵਿਚ ਦੌੜਦੇ ਫਿਰਦੇ ਹਨ ਓਸੇ ਵਾਸ਼ਨਾ ਕਰਕੇ ਦਸਾਂ ਪਾਸਿਆਂ ਵੱਲ ਡੋਲਦੇ ਫਿਰਦੇ ਹਨ ।

**ਨਚ ਮਿਤ੍ਰੰ ਨਚ ਇਸਟੰ ਨਚ ਬਾਧਵ ਨਚ ਮਾਤ ਪਿਤਾ ਤਵ ਲਜਯਾ ॥**

ਤੇਰੇ ਕਰਕੇ ਨ ਮਿਤਰਾਂ ਦੀ ਨ ਪੂਜਨੀਕ ਗੁਰ = ਉਸਤਾਦ ਦੀ ਨ ਸਨਬੰਧੀਅ ਦੀ ਨ ਮਾਤਾ ਪਿਤਾ ਆਦਿਕਾਂ ਦੀ ਇਸ ਜੀਵ ਨੂੰ ਸ਼ਰਮ ਹੁੰਦੀ ਹੈ ਭਾਵ ਲੋਭ ਆਦਮੀ ਆਪਣਿਆਂ ਘਰਦਿਆਂ ਦਾ ਧਨ ਵੀ ਖੋਹ ਲੈਂਦਾ ਹੈ ॥

**ਅਕਰਣ ਕਰੋਤਿ ਅਖਾਦਿ੍ ਖਾਦਿੰ ਅਸਾਜੵੰ ਸਾਜਿ ਸਮਜਯਾ ॥**

ਜੇਹੜੇ ਕੰਮ ਨਹੀਂ ਕਰਨੇ ਓਹ ਜੀਵ ਤੋਂ ਤੂੰ ਕਰਵਾ ਦੇਂਦਾ ਹੈਂ ਜੋ ਨਹੀਂ ਖਾਣਾ ਸੋ ਖੁਆ ਦੇਂਦਾ ਹੈਂ ਜੇਹੜਾ ਕੰਮ ਨਹੀਂ ਸ਼ੁਰੂ ਕਰਨਾਂ ਓਹ ਕਰਵਾ ਦੇਂਦਾ ਹੈਂ ਹੇ ਲੋਭ ਤੂੰ ਸੰ = ਭਲੀ ਪ੍ਰਕਾਰ ਕਰਕੇ ਅਜਯਾ = ਅਜਿੱਤ ਹੈਂ ।

**ਤ੍ਰਾਹਿ ਤ੍ਰਾਹਿ ਸਰਣਿ ਸੁਆਮੀ ਬਿਗ੍ਯਾਪ੍ਤਿ ਨਾਨਕ ਹਰਿ ਨਰਹਰਹ ॥ ੪੮ ॥**

ਗੁਰੂ ਜੀ—ਹੇ ਨਰਾਂ ਨੂੰ ਹਰਿਆ ਕਰਨ ਵਾਲੇ ਨਰਸਿੰਘ ਰੂਪ ਧਾਰਨ ਕਰਨ ਵਾਲੇ ਵਾਹਿਗੁਰੂ ਤੇਰੇ ਪਾਸ ਅਸੀਂ ਬਿਰਜਾਪਤ = ਏਨਤੀ ਕਰਦੇ ਹਾਂ ਹੇ ਸੁਆਮੀ ਮੈਨੂੰ ਇਸ ਲੋਭ ਤੋਂ ਤ੍ਰਾਹ ਤਾਹ = ਬਚਾਲੋ ॥ ੪੮ ॥

ਹੇ ਜਨਮ ਮਰਣ ਮੂਲੰ ਅਹੰਕਾਰੰ ਪਾਪਾਤਮਾ ॥
ਮਿਤ੍ਰੰ ਤਜੰਤਿ ਸਤ੍ਰੰ ਦ੍ਰਿੜੰਤਿ ਅਨਿਕ ਮਾਯਾ ਬਿਸ੍ਤੀਰਨਹ ॥

ਬਿਸ੍ਤੀਰਨਹ = ਫੈਲਾਉ ਕਰਨਾ ।

ਹੇ ਜਨਮ ਮਰਨ ਦੇ ਮੁੱਢ ਹੰਕਾਰ ਪਾਪ ਦਾ ਰੂਪ ਤੂੰ ਮਿੱਤ੍ਰਾਂ ਨੂੰ ਛੱਡਕੇ ਵੈਰੀਆਂ ਨੂੰ ਪੱਕਿਆਂ ਕਰ ਲੈਂਦਾ ਹੈਂ । ਅਤੇ ਅਨੇਕ ਤਰਾਂ ਦੇ ਛਲਾਂ ਦਾ ਫੈਲਾਉ ਕਰਦਾ ਹੈਂ ਭਾਵ ਹੰਕਾਰ ਕਰਕੇ ਆਦਮੀ ਆਪਣੇ ਪਿਆਰੇ ਮਿਤ੍ਰਾਂ ਨਾਲ ਦੁਸ਼ਮਨੀ ਕਰਦਾ ਹੈ ।

ਆਵੰਤ ਜਾਵੰਤ ਥਕੰਤ ਜੀਆ ਦੁਖ ਸੁਖ ਬਹੁ ਭੋਗਣਹ ॥

ਤੇਰੀ ਸੰਗਤ ਕਰਕੇ ਜੀਵ ਜੰਮਦੇ ਮਰਦੇ ਥਕਤ ਹੋਕੇ ਦੁਖਾਂ ਸੁਖਾਂ ਨੂੰ ਬਹੁਤ ਪ੍ਰਕਾਰ ਕਰਕੇ ਭੋਗਦੇ ਹਨ ॥

ਭ੍ਰਮ ਭਯਾਨ ਉਦਿਆਨ ਰਮਣੰ ਮਹਾ ਬਿਕਟ ਅਸਾਧ ਰੋਗਣਹ॥

ਉਦਿਆਨ = ਉਜਾੜ ॥ ਰਮਣੰ = ਫਿਰਨ ॥ ਬਿਕਟ = ਔਖਾ ਨਾ ਕੱਟਿਆ ਜਾਣ ਵਾਲਾ ॥

ਏਸੇ ਲਈ ਜੀਵ ਭਰਮ ਕਰਕੇ ਭੈ ਦਾਇਕ ਚੁਰਾਸੀ ਲੱਖ ਜੂਨ ਰੂਪ ਉਜਾੜ ਵਿਚ ਫਿਰਦੇ ਹਨ ਇਸ ਲਈ ਹੇ ਹੰਕਾਰ ਤੂੰ ਵੱਡਾ ਔਖਾ ਅਸਾਧ ਰੋਗ ਜੀਵਾਂ ਨੂੰ ਲੱਗਾ ਹੋਇਆ ਹੈਂ ।

ਬੈਦੰ ਪਾਰਬ੍ਰਹਮ ਪਰਮੇਸ੍ਵਰ ਆਰਾਧਿ ਨਾਨਕ ਹਰਿਹਰਿਹਰੇ॥੪੯॥

ਗੁਰੂ ਜੀ—ਹੇ ਹੰਕਾਰ ਅਸਾਧ ਰੋਗ ਤੇਰਾ ਨਾਸ ਕਰਨ ਵਾਲਾ ਵੈਦ ਪ੍ਰਮਾਤਮਾਂ ਆਪ ਹੀ ਹੈ ਓਸੇ ਹਰੀ ਦੇ ਹਰਿਨਾਮ ਨੂੰ ਅਸੀਂ ਜਾਪ ਕਰਕੇ ਅਰਾਧਦੇ ਹਾਂ ॥ ੪੯ ॥

"ਬੇਨਤੀ"

ਹੇ ਪ੍ਰਾਣ ਨਾਥ ਗੋਬਿੰਦਹ ਕ੍ਰਿਪਾ ਨਿਧਾਨ ਜਗਦਗੁਰੋ ॥

ਹੇ ਪ੍ਰਾਣਾਂ ਦੇ ਮਾਲਕ ਕਿਰਪਾ ਦੇ ਖਜਾਨੇ ਗੋਬਿੰਦ ! ਜਗਤ ਦੇ ਗੁਰੂ ॥

ਹੇ ਸੰਸਾਰ ਤਾਪ ਹਰਣਹ ਕਰੁਣਾ ਮੈ ਸਭ ਦੁਖ ਹਰੋ ॥

ਹੇ ਸੰਸਾਰ ਦੇ ਤਾਪਾਂ ਨੂੰ ਨਾਸ ਕਰਨ ਵਾਲੇ ਕਿਰਪਾ ਦੇ ਰੂਪ ਜਨਮ ਮਰਨ ਆਦਿਕ ਮੇਰੇ ਦੁਖਾਂ ਨੂੰ ਦੂਰ ਕਰੋ ॥

**ਹੇ ਸਰਣਿਜੋਗ ਦਯਾਲਹ ਦੀਨਾ ਨਾਥ ਮਯਾ ਕਰੋ ॥**

ਹੇ ਸ਼ਰਨ ਆਇਆਂ ਦੀ ਰਖਿਆ ਕਰਨ ਦੇ ਯੋਗ ਦਿਆਲੂ, ਗਰੀਬਾਂ ਦੇ ਮਾਲਕ ਮੇਰੇ ਗਰੀਬ ਉਤੇ ਮੇਹਰਬਾਨੀ ਕਰੋ ॥

**ਸਰੀਰ ਸ੍ਵਸਥਖੀਣ ਸਮਏ ਸਿਮਰੰਤਿ ਨਾਨਕ ਰਾਮ ਦਾਮੋਦਰ ਮਾਧਵਹ ॥ ੫੦ ॥**

ਸ੍ਵਸਥ = ਸਾਵਧਾਨ ਵੇਲੇ।

ਗੁਰੂ ਜੀ—ਸਾਵਧਾਨ ਵੇਲੇ ਅਤੇ ਨਾਸ਼ ਹੋਣ ਵੇਲੇ ਹੇ ਦਮੋਦਰ ਮਾਇਆ ਦੇ ਪਤੀ ਮੈਂ ਤੇਰੇ ਨਾਮ ਨੂੰ ਹੀ ਸਿਮਰਦਾ ਰਹਾਂ ॥ ੫੦ ॥

**ਚਰਣ ਕਮਲ ਸਰਣੰ ਰਮਣੰ ਗੋਪਾਲ ਕੀਰਤਨਹ ॥**

ਰਮਣੰ = ਉਚਾਰਨਾ।

ਪ੍ਰਮਾਤਮਾਂ ਦੇ ਚਰਨਾਂ ਕਮਲਾਂ ਦੀ ਸ਼ਰਨ ਹੋਕੇ ਗੁਪਾਲ ਦਾ ਕੀਰਤਨ ਜਸ ਉਚਾਰਨ ਕਰਨ ਨਾਲ ॥

**ਸਾਧ ਸੰਗੇਣ ਤਰਣੰ ਨਾਨਕ ਮਹਾ ਸਾਗਰ ਭੈ ਦੁਤਰਹ ॥ ੫੧ ॥**

ਦੁਤਰਹ = ਔਖਾ।

ਗੁਰੂ ਜੀ—ਇੱਕੁਰ ਸੰਤਾਂ ਦੀ ਸੰਗਤ ਕਰਨ ਨਾਲ ਜੀਵ ਸੰਸਾਰ ਰੂਪ ਡਰਾਉਣੇ ਔਖੇ ਸਮੁੰਦਰ ਤੋਂ ਤਰ ਜਾਂਦਾ ਹੈ ॥ ੫੧ ॥

"ਜੀਵ ਦੀ ਰਖਿਆ ਵਾਲਾ ਸੰਜੋਇ"

**ਸਿਰ ਮਸਤਕ ਰਖ੍ਯਾ ਪਾਰਬ੍ਰਹਮੰ ਹਸਤ ਕਾਯਾ ਰਖ੍ਯਾ ਪਰਮੇਸ੍ਵਰਹ॥**

ਮੇਰੇ ਸਿਰ ਅਤੇ ਮੱਥੇ ਦੀ ਪਾਰਬ੍ਰਹਮ ਨਾਮ ਰਖਿਆ ਕਰੇ ਅਤੇ ਹੱਥਾਂ ਆਦਿਕ ਸਰੀਰ ਦੇ ਸਹਿਤ ਸਾਰੇ ਅੰਗਾਂ ਦੀ ਪ੍ਰਮੇਸ਼ਰ ਨਾਮ ਰਖਿਆ ਕਰੇ।

**ਆਤਮ ਰਖ੍ਯਾ ਗੋਪਾਲ ਸੁਆਮੀ ਧਨਚਰਣ ਰਖ੍ਯਾ ਜਗਦੀਸਰਹ॥**

ਮਨ ਦੀ ਰਖਿਆ ਗੁਪਾਲ ਸੁਆਮੀ ਨਾਮ ਕਰੇ, ਧਨ, ਚਰਨਾਂ ਦੀ ਜਗਤ ਦਾ ਮਾਲਕ ਨਾਮ ਰਖਿਆ ਕਰੇ।

**ਸਰਬ ਰਖ੍ਯਾ ਗੁਰ ਦਯਾਲਹ ਭੈ ਦੂਖ ਬਿਨਾਸਨਹ ॥**

ਗੁਰੂ ਦਿਆਲੂ ਮੇਰੀ ਹਰ ਪਾਸਿਓਂ ਰਖਿਆ ਕਰੇ, ਡਰਾਂ ਤੇ ਦੁਖਾਂ ਨੂੰ ਦੂਰ ਕਰੇ।

**ਭਗਤਿ ਵਛਲ ਅਨਾਥ ਨਾਥੇ ਸਰਣਿ ਨਾਨਕ ਪੁਰਖ ਅਚੁਤਹ ॥ ੫੨ ॥**

ਇੱਕੁਰ ਜੋ ਭਗਤਾਂ ਦਾ ਪਿਆਰਾ ਗਰੀਬਾਂ ਦਾ ਮਾਲਕ ਅਬਿਨਾਸ਼ੀ ਪ੍ਰਮਾਤਮਾ ਹੈ "ਗੁਰੂ ਜੀ" ਅਸੀ ਉਸ ਪੁਰਸ਼ ਦੀ ਹਮੇਸ਼ਾਂ ਹੀ ਸ਼ਰਨ ਹਾਂ ॥ ੫੨ ॥

**ਜੇਨ ਕਲਾ ਧਾਰਿਓ ਆਕਾਸੰ ਬੈਸੰਤਰੰ ਕਾਸਟ ਬੇਸਟੰ ॥**

ਜਿਸ ਪ੍ਰਮਾਤਮਾਂ ਦੀ ਸੱਤਾ ਨੇ ਅਕਾਸ਼ ਤੇ ਅਕਾਸ਼ ਆਦਿਕ ਜੀਵਾਂ ਨੂੰ ਠਹਰਾਇਆ ਭਾਵ ਆਪਣੇ ਆਸਰੇ ਰੱਖਕੇ ਰਖਿਆ ਕੀਤੀ ਹੋਈ ਹੈ ਅਤੇ ਜਿਸ ਸ਼ਕਤੀ ਨੇ ਲਕੜੀ ਵਿਚ ਅੱਗ ਬੇਸਟੰ = ਰਖੀ ਹੋਈ ਹੈ।

**ਜੇਨ ਕਲਾ ਸਸਿ ਸੂਰ ਨਖ੍ਯ੍ਤ੍ਰ ਜੋਤ੍ਯਿੰ ਸਾਸ ਸਰੀਰ ਧਾਰਣੰ ॥**

ਜਿਸ ਸ਼ਕਤੀ ਨੇ ਚੰਦਰਮਾਂ, ਸੂਰਜ, ਤਾਰੇ, ਪ੍ਰਕਾਸ਼ ਰੂਪ ਕੀਤੇ ਹਨ ਜਿਸ ਸੱਤਾ ਨੇ ਸਰੀਰ ਤੇ ਸ੍ਵਾਸ ਧਾਰਨ ਕੀਤੇ ਹਨ।

**ਜੇਨ ਕਲਾ ਮਾਤ ਗਰਭ ਪ੍ਰਤਿਪਾਲੰ**
**ਨਹ ਛੇਦੰਤ ਜਠਰ ਰੋਗਣਹ ।**

ਜਿਸ ਸੱਤਾ ਨੇ ਜੀਵ ਦੀ ਮਾਤਾ ਦੇ ਪੇਟ ਵਿਚ ਪਾਲਨਾ ਕੀਤੀ ਹੈ ਓਥੇ ਪੇਟ ਦੀ ਅੱਗ ਰੂਪ ਰੋਗ ਨਹੀਂ ਕੱਟ ਸਕਦਾ ਜਾਂ ਸਾੜ ਵਿੰਨ ਨਹੀਂ ਸਕਦਾ।

**ਤੇਨ ਕਲਾ ਅਸਥੰਭੰ ਸਰੋਵਰੰ ਨਾਨਕ ਨਹ**
**ਛਿਜੰਤਿ ਤਰੰਗ ਤੋਯਣਹ ॥ ੫੩ ॥**

ਗੁਰੂ ਜੀ-ਓਸੇ ਸੱਤਾ ਨੇ ਸਮੁੰਦਰ ਨੂੰ ਟਿਕਾਇਆ ਹੋਇਆ ਹੈ ਇਸ ਦੇ ਜਲ ਦੀ ਭੈ ਦਾਇਕ ਲਹਿਰ ਜੀਵਾਂ ਨੂੰ ਡੋਬਕੇ ਨਾਸ ਨਹੀਂ ਕਰ ਸਕਦੀ ॥ ੫੩ ॥

"ਇੱਕੁਰ ਦੇ ਈਸ਼ਰ ਦਾ ਰੂਪ ਕੀ ਹੈ"

**ਗੁਸਾਂਈ ਗਰਿਸਟ ਰੂਪੇਣ ਸਿਮਰਣ ਸਰਬਤ੍ਰ ਜੀਵਣਹ ॥**

ਗਰਿਸ੍ਟ = ਭਾਰੀ।

ਓਹ ਪ੍ਰਮਾਤਮਾਂ ਬੜੇ ਵਡੇ ਰੂਪ ਵਾਲਾ ਹੈ ਜਿਸਨੂੰ ਸਾਰੇ ਜੀਵ ਯਾਦ ਕਰਦੇ ਹਨ।

**ਲਬਧੵੰ ਸੰਤ ਸੰਗੇਣ ਨਾਨਕ ਸ੍ਵਛ ਮਾਰਗ ਹਰਿ ਭਗਤਣਹ॥੫੪॥**

ਗੁਰੂ ਜੀ-ਓਹ ਪ੍ਰਮਾਤਮਾਂ ਸੰਤਾਂ ਦੇ ਸੰਗ ਕਰ ਹਰੀ ਦੀ ਭਗਤੀ ਰੂਪ ਨਿਰਮਲ ਰਸਤੇ ਵਿਚ ਚੱਲਣ ਨਾਲ ਲੱਭਦਾ ਹੈ ॥ ੫੪ ॥

**ਮਸਕੰ ਭਗਨੰਤ ਸੈਲੰ ਕਰਦਮੰ ਤਰੰਤ ਪਪੀਲਕਹ ॥**

ਮੱਛਰ ਰੂਪ ਤੁੱਛ ਜੀਵ ਹੰਕਾਰ ਰੂਪ ਪਹਾੜ ਨੂੰ ਭੰਨ ਸੁਟਦਾ ਹੈ ਅਤੇ ਕੀੜੀ ਵਤ ਤੁਛ ਬੁਧੀ ਵਾਲਾ ਜੀਵ ਮੋਹ ਰੂਪ ਚਿੱਕੜ ਨੂੰ ਤਰ ਜਾਂਦਾ ਹੈ।

**ਸਾਗਰੰ ਲਘੰਤਿ ਪਿੰਗੰ ਤਮ ਪਰਗਾਸ ਅੰਧਕਹ ॥**

ਚੌਰੇ ਕ੍ਰਰਮ ਰੂਪ ਪੈਰਾਂ ਤੋਂ ਇਨਾਂ ਪਿੰਗਲਾ ਜੀਵ ਨਾਮ ਦੇ ਸ਼ਿਮਰਨ ਕਰ

ਸੰਸਾਰ ਸਮੁੰਦਰ ਨੂੰ ਲੰਘਕੇ ਪਾਰ ਹੋ ਜਾਂਦਾ ਹੈ ਅਤੇ ਅਗਜਾਨੀ ਅੰਨੇ ਨੂੰ ਹਨੇਰੇ ਵਿਚ ਪ੍ਰਗਟ ਹੀ ਚਾਨਣ ਹੋ ਜਾਂਦਾ ਹੈ।

**ਸਾਧ ਸੰਗੇਣਿ ਸਿਮਰੰਤਿ ਗੋਬਿੰਦ॥**

**ਸਰਣਿ ਨਾਨਕ ਹਰਿ ਹਰਿ ਹਰੇ॥ ੫੫॥**

ਗੁਰੂ ਜੀ—ਜੋ ਸੰਤਾਂ ਦੀ ਸੰਗਤ ਕਰਕੇ ਹਰੀ ਦੀ ਸ਼ਰਨ ਹੋਕੇ ਪ੍ਰਮਾਤਮਾਂ ਦੇ ਹਰ ਹਰ ਨਾਮ ਨੂੰ ਸਿਮਰਨ ਕਰਦਾ ਹੈ ਉਸਨੂੰ ਉਪਰ ਦੱਸੇ ਫਲ ਮਿਲਦੇ ਹਨ।੫੫।

**ਤਿਲਕ ਹੀਣੰ ਜਥਾ ਬਿਪ੍ਰਾ ਅਮਰ ਹੀਣੰ ਜਥਾ ਰਾਜਨਹ॥**

ਜਿੱਕੁਰ ਤਿਲਕ ਤੋਂ ਬਿਨਾ ਹੋਇ ੨ ਬ੍ਰਾਹਮਣ ਦਾ ਮੂੰਹ ਦੇਖਣਾ ਚੰਗਾ ਨਹੀਂ ਹੈ ਜਿੱਕੁਰ ਹੁਕਮ ਤੋਂ ਰਹਿਤ ਹੋਇਆ ੨ ਰਾਜਾ ਸੋਭਾ ਨਹੀਂ ਪਾਉਂਦਾ ਹੈ।

**ਆਵਧ ਹੀਣੰ ਜਥਾ ਸੂਰਾ॥**

**ਨਾਨਕ ਧਰਮ ਹੀਣੰ ਤਥਾ ਬੈਸਨਵਹ॥ ੫੬॥**

ਜਿੱਕੁਰ ਹਥਯਾਰਾਂ ਤੋਂ ਬਗੈਰ ਸੂਰਮਾਂ ਕਿਸੇ ਕੰਮ ਦਾ ਨਹੀਂ ਹੈ "ਗੁਰੂ ਜੀ" ਇੱਕਰ ਹੀ ਬਾਹਰੋਂ ਤਾਂ ਭਗਤ ਕਹਾਉਂਦਾ ਹੈ ਪਰ ਭਗਤੀ ਧਰਮ ਤੋਂ ਰਹਿਤ ਹੈ ਓਹ ਸੋਭਾ ਨਹੀਂ ਪਾਉਂਦਾ ਹੈ॥ ੫੬॥

ਅਕਾਲ ਦਾ ਰੂਪ ਕੀ ਹੈ ?

**ਨ ਸੰਖੰ ਨ ਚਕ੍ਰੰ ਨ ਗਦਾ ਨ ਸਿਆਮੰ ਅਸਚਰਜ ਰੂਪੰ ਰਹੰਤ ਜਨਮੰ।**

ਉਸਦੇ ਹੱਥਾਂ ਵਿਚ ਨ ਸੰਖ ਹੈ, ਨ ਚੱਕ੍ਰ ਹੈ, ਨ ਗਦਾ ਹੈ, ਨ ਪਦਮ ਹੈ, ਨ ਕੋਈ ਕਾਲਾ ਆਦਿਕ ਰੂਪ ਹੀ ਹੈ ਓਹ ਹੈ ਕੀ ? ਓਹ ਅਸਚਰਜ ਰੂਪ ਹੈ ਜੋ ਅਸੀਂ ਦਸ ਨਹੀਂ ਸਕਦੇ ਤੇ ਓਹ ਜਨਮ ਤੋਂ ਰਹਿਤ ਹੈ।

**ਨੇਤ ਨੇਤ ਕਥੰਤਿ ਬੇਦਾ॥ ਊਚ ਮੂਚ ਅਪਾਰ ਗੋਬਿੰਦਹ॥**

ਵੇਦ ਜਿਸਨੂੰ ਬੇਅੰਤ ਕਥਨ ਕਰਦੇ ਹਨ ਉਚੇ ਤੋਂ ਉਚਾ ਅਪਾਰ ਗੋਬਿੰਦ ਹੈ।

**ਬਸੰਤਿ ਸਾਧ ਰਿਦਯੰ ਅਚੁਤ ਬੁਝੰਤਿ**

**ਨਾਨਕ ਬਡਭਾਗੀਅਹ॥ ੫੭॥**

ਗੁਰੂ ਜੀ—ਓਹ ਸੰਤਾਂ ਦੇ ਰਿਦੇ ਵਿਚ ਨਿਵਾਸ ਕਰਦਾ ਹੈ ਉਸ ਅਵਿਨਾਸ਼ੀ ਨੂੰ ਵਡੇ ਭਾਗਾਂ ਵਾਲੇ ਹੀ ਜਾਣਦੇ ਹਨ। ੫੭॥

**ਉਦਿਆਨ ਬਸਨੰ ਸੰਸਾਰੰ ਸਨਬੰਧੀ ਸ੍ਵਾਨ ਸਿਆਲ ਖਰਹ॥**

ਸੰਸਾਰ ਰੂਪ ਉਜਾੜ ਵਿਚ ਜੀਵ ਦਾ ਵੱਸਣਾ ਹੈ ਜਿਥੇ ਕੁਤੇ, ਗਿਦੜ, ਖੋਤੇ, ਭਾਵ ਲੋਭੀ ਆਲਸੀ ਆਦਿਕ ਸਰਬੰਧੀ ਜੋ ਇਸਤ੍ਰੀਆਂ ਦ ਵੱਸ ਹੋਇ ੨

ਘੋੜੇ ਵੀ ਅਨੇਕ ਹਨ।

**ਬਿਖਮ ਸਥਾਨ ਮਨ ਮੋਹ ਮਦਿਰੰ ਮਹਾ ਅਸਾਧ ਪੰਚਤਸਕਰਹ॥**

ਇਸ ਸੰਸਾਰ ਜੰਗਲ ਵਿਚ ਮਨ ਹੀ ਬੜਾ ਔਖਾ ਥਾਂ ਹੈ, ਮੋਹ ਰੂਪ ਮਦਰਾ ਹੈ ਅਤੇ ਬੜੇ ਔਖੇ ਫੜਨੇ ਕਾਮ ਆਦਿਕ ਪੰਜ ਚੋਰ ਹਨ।

**ਹੀਤ ਮੋਹ ਭੈ ਭਰਮ ਭ੍ਰਮਣੰ ਅਹ ਫਾਂਸ ਤੀਖ੍ਯਨ ਕਠਿਨਹ॥**

ਪਿਆਰੇ ਹਿਤੂਆਂ ਨੂੰ ਏਥੇ ਮੋਹ ਰੂਪ ਬੜਾ ਡਰ ਹੈ ਇਸ ਜੀਵ ਨੂੰ ਜੋ ਭਰਮ ਹੈ ਇਹ ਇਸ ਸੰਸਾਰ ਜੰਗਲ ਵਿਚ ਭੁਲੇ ਭਟਕੇ ਫਿਰਨਾ ਹੈ, ਹੰਗਤਾ ਰੂਪ ਫਾਹੀ ਫਸਾਉਣ ਵਾਲੀ ਬੜੀ ਤੇਜ਼ ਹੈ ਜਿਸਦਾ ਗਿਆਨ ਤੋਂ ਬਿਨਾਂ ਟੁਟਣਾਂ ਔਖਾ ਹੈ॥

**ਪਾਵਕ ਤੋਅ ਅਸਾਧ ਘੋਰੰ ਅਗਮ ਤੀਰ ਨਹ ਲੰਘਨਹ॥**

ਤ੍ਰਿਸ਼ਨਾਂ ਅੱਗ ਹੈ ਜੋ ਨਾਸ ਕਰਨ ਤੋਂ ਅਸਾਧ ਹੈ ਤੇ ਪਦਾਰਥਾਂ ਰੂਪ ਬੜਾ ਪਾਣੀ ਡਰ ਵਾਲਾ ਹੈ ਇਹਦੇ ਦੇ ਸੰਸਾਰ ਬਲ ਦਾ ਕਿਨਾਰਾ ਲੱਭਣਾ ਬੜਾ ਅਗਮ = ਔਖਾ ਹੈ ਇਸ ਲਈ ਗਿਆਨ ਤੋਂ ਬਿਨਾਂ ਇਸਦੇ ਕਿਸੇ ਪਾਸੇ ਵੱਲ ਨਹੀਂ ਜਾਇਆ ਜਾਂਦਾ ਹੈ।

**ਭਜੁ ਸਾਧ ਸੰਗਿ ਗੁਪਾਲ ਨਾਨਕ ਹਰਿ**
**ਚਰਣ ਸਰਣ ਉਧਰਣ ਕ੍ਰਿਪਾ॥ ੫੮॥**

ਗੁਰੂ ਜੀ–ਇਸ ਲਈ ਹੇ ਪਜਾਰੇ ਸੰਤਾਂ ਦੇ ਨਾਲ ਮਿਲਕੇ ਗੁਪਾਲ ਦਾ ਨਾਮ ਜਪਕੇ ਉਸਦੇ ਚਰਨਾਂ ਦੀ ਸ਼ਰਨ ਨੂੰ ਪ੍ਰਾਪਤਿ ਹੋਵੇ ਕਿਉਂ ਜੋ ਉਸਦੀ ਕਿਰਪਾ ਨਾਲ ਇਸ ਸੰਸਾਰ ਤੋਂ ਉਧਾਰ ਹੋਵੇਗਾ॥ ੫੮॥

**ਕ੍ਰਿਪਾ ਕਰਤ ਗੋਬਿੰਦ ਗੋਪਾਲਹ ਸਗਲ੍ਯੰ ਰੋਗ ਖੰਡਣਹ॥**

ਜਦੋਂ ਗੋਬਿੰਦ ਗੁਪਾਲ ਜੀਵ ਉਤੇ ਕਿਰਪਾ ਕਰਦਾ ਹੈ ਤਾਂ ਇਸਦੇ ਸਾਰੇ ਰੋਗ ਨਾਸ ਹੋ ਜਾਂਦੇ ਹਨ।

**ਸਾਧ ਸੰਗੇਣ ਗੁਣ ਰਮਤ ਨਾਨਕ**
**ਸਰਣਿ ਪੂਰਨ ਪਰਮੇਸੁਰਹ॥ ੫੯॥**

ਗੁਰੂ ਜੀ–ਸੰਤਾਂ ਦੀ ਸੰਗਤ ਵਿਚ ਮਿਲਕੇ ਉਸਦੇ ਗੁਣਾਂ ਨੂੰ ਉਚਾਰਨ ਕਰਦਾ ਹੈ ਅਤੇ ਫਿਰ ਪੂਰਨ ਪ੍ਰਮਾਤਮਾਂ ਦੀ ਸ਼ਰਨ ਹੁੰਦਾ ਹੈ॥ ੫੯॥

**ਸਿਆਮਲੰ ਮਧੁਰ ਮਨੁਖ੍ਯੰ ਰਿਦਯੰ ਭੂਮਿ ਵੈਰਣਹ॥**

*ਜੋ ਪ੍ਰਮਾਤਮਾਂ ਕਾਲੇ ਰੰਗ ਆਦਿਕ ਵਾਲਾ ਹੈ, ਮਿੱਠੀ ਬਾਣੀ ਵਾਲਾ ਹੈ, ਭਗਤਾਂ ਦੀ ਰੱਖਿਆ ਵਾਸਤੇ ਕ੍ਰਿਸ਼ਨ ਆਦਿਕ ਮਨੁਖ ਅਵਤਾਰ ਧਾਰਨ ਕਰਨ ਵਾਲਾ ਹੈ ਉਸ ਨੂੰ ਜਿਹੜੇ ਆਦਮੀ ਆਪਣੇ ਦਿਲ ਰੂਪ ਧਰਤੀ ਵਿਚ ਨਿਵਾਸ ਦੇਂਦੇ ਹਨ ਭਾਵ ਧਿਆਨ ਕਰਦੇ ਹਨ ਓਹਨਾਂ ਦੇ ਦਿਲ ਵਿਚ ਵੈਰ ਵਿਰੋਧ ਆਦਿਕ ਕੋਈ ਵਿਕਾਰ ਨਹੀਂ ਹੁੰਦਾ ਹੈ।

**ਨਿਬੰਤਿ ਹੋਵੰਤਿ ਮਿਥਿਆ ਚੇਤਨੰ ਸੰਤ ਸ੍ਵਜਨਹ ॥ ੬੦ ॥**

ਓਹਨਾਂ ਇੱਕਰ ਦੇ ਸੰਤਾਂ ਅਗੇ ਜੇਹੜੇ ਆਦਮੀ ਸਿਰ ਨਵਾਉਂਦੇ ਹਨ ਓਹਨਾਂ ਨੂੰ ਇਹ ਸੰਸਾਰ ਝੂਠਾ ਨਾਸਵੰਤ ਨਜ਼ਰ ਆਉਂਦਾ ਹੈ ਓਹਨਾਂ ਸੰਤਾਂ ਸੱਜਣਾਂ ਦੀ ਕਿਰਪਾ ਨਾਲ ਓਹ ਆਦਮੀ ਚੇਤਨ ਪ੍ਰਮਾਤਮਾਂ ਦਾ ਰੂਪ ਹੀ ਹੋ ਜਾਂਦੇ ਹਨ ॥ ੬੦ ॥

**ਅਚੇਤ ਮੂੜਾ ਨ ਜਾਣੰਤ ਘਟੰਤ ਸਾਸਾ ਨਿਤਪ੍ਰਤੇ ॥**

ਇਹ ਮੂਰਖ ਜੀਵ ਬੇਸਮਝ ਹੋਇਆ ਏ ਨਹੀਂ ਜਾਣਦਾ ਜੋ ਸਾਹ ਹਰ ਰੋਜ ਘਟਦੇ ਜਾਂਦੇ ਹਨ।

**ਛਿਜੰਤ ਮਹਾ ਸੁੰਦਰੀ ਕਾਇਆ ਕਾਲ ਕੰਨਿਆ ਗ੍ਰਾਸਤੇ ॥**

ਵਡੇ ਸੁੰਦਰ ਰੂਪ ਵਾਲੀ ਦੇਹ ਨਾਸ ਹੁੰਦੀ ਜਾਂਦੀ ਹੈ ਅਤੇ ਕਾਲ ਮੌਤ ਦੀ ਧੀ ਜੋ ਬਿਧ ਉਮਰ ਹੈ ਓਹ ਆਕੇ ਗ੍ਰਾਸ ਭਾਵ ਫੜਕੇ ਦਬਾਈ ਜਾਂਦੀ ਹੈ।

**ਰਚੰਤਿ ਪੁਰਖਹ ਕੁਟੰਬ ਲੀਲਾ ਅਨਿਤ ਆਸਾ ਬਿਖਿਆ ਬਿਨੋਦ॥**

ਇੱਕਰ ਦੀ ਹਾਲਤ ਵਿਚ ਵੀ ਜੀਵ ਟੱਬਰ ਦੀ ਲੀਲਾ ਵਿਚ ਰਚਿਆ ਹੋਇਆ ਹੈ ਅਤੇ ਰੋਜ ਇਕ ਰਸ ਨ ਰਹਿਣ ਵਾਲੇ ਵਿਸ਼ਿਆਂ ਦੇ ਤਮਾਸ਼ਿਆਂ ਅਨੰਦਾਂ ਦੀ ਆਸਾ ਕਰਦਾ ਹੈ।

**ਭ੍ਰਮੰਤਿ ਭ੍ਰਮੰਤਿ ਬਹੁ ਜਨਮ ਹਾਰਿਓ**
**ਸਰਣਿ ਨਾਨਕ ਕਰੁਣਾਮਯਹ ॥ ੬੧ ॥**

ਏਸੇ ਕਰਕੇ ਜੀਵ ਭਰਮ ਕਰਕੇ ਅਨੇਕ ਜੂਨੀਆਂ ਵਿਚ ਜਨਮ ਲੈਕੇ ਭਰਮਦਾ ਹੋਇਆ ਹਾਰ ਗਿਆ ਹੈ "ਗੁਰੂ ਜੀ" ਹੇ ਕਿਰਪਾ ਦੇ ਰੂਪ ਮੈਂ ਤੇਰੀ ਸ਼ਰਨ ਪਿਆ ਹਾਂ ॥ ੬੧ ॥

*ਰਾਜ ਨੀਤੀ ਵੀ ਹੈ ਜੇਹੜਾ ਆਦਮੀ ਕਾਲੇ ਰੰਗ ਵਾਲਾ ਮਧਰਾ ਹੋਵੇ ਉਸਦੇ ਦਿਲ ਵਿਚ ਵੈਰ ਹੁੰਦਾ ਹੈ ਜੇ ਓਹ ਨਿਉਂਦਾ ਹੈ ਤੇ ਤਾਂ ਵੀ ਓਹ ਕਪਟੀ ਝੂਠਾ ਹੀ ਨਿਉਂਦਾ ਹੈ ਸੰਤ ਸੱਜਣ ਉਸ ਤੇ ਭਰੋਸਾ ਨਹੀਂ ਕਰਦੇ ਸਗੋਂ ਚੇਤਨ = ਸਾਵਧਾਨ ਰਹਿੰਦੇ ਹਨ।

"ਜੀਭ ਨੂੰ ਉਪਦੇਸ਼"

## ਹੇ ਜਿਹਬੇ ਹੇ ਰਸਗੇ ਮਧੁਰ ਪ੍ਰਿਅ ਤੁਯੰ ॥

ਹੇ ਜੀਭ ਰਸਾਂ ਦੇ ਸੁਆਦ ਸਮਝਣ ਵਾਲੀ ਤੈਨੂੰ ਮਿਠੇ ਰਸ ਪਿਆਰੇ ਲੱਗਦੇ ਹਨ।

## ਸਤਹਤੰ ਪਰਮਬਾਦੰ ਅਵਰ ਤ ਏਥਹ ਸੁਧ ਅਛਰਣ ॥ ਗੋਬਿੰਦ ਦਾਮੋਦਰ ਮਾਧਵੇ ॥ ੬੨ ॥

ਸਚ ਰੂਪ ਪ੍ਰਮਾਤਮਾਂ ਦੇ ਨਾਮ ਵਲੋਂ ਤੂੰ ਨਾਸ ਹੋ ਗਈ ਹੈਂ ਅਤੇ ਬੜੇ ੨ ਝਗੜੇ ਕਰਦੀ ਹੈਂ ਸੁਣ ਹੁਣ ਜੋ ਪ੍ਰਮਾਤਮਾਂ ਦੇ ਨਾਮ ਦੇ ਸੁਧ ਅਖਰ ਹਨ ਓਹਨਾਂ ਵਿਚ ਹੁਣ ਵਰਤਣਾ ਕਰ ਓਹ ਅਖਰ ਤੈਨੂੰ ਮੈਂ ਦਸਦਾ ਹਾਂ ਹੇ ਗੋਬਿੰਦ ਹੇ ਦਮੋਦਰ ਹੇ ਮਾਧਵ ਇਹੋ ਜੇਹੇ ਨਾਮਾਂ ਨੂੰ ਉਚਾਰ ਜਿਸ ਕਰਕੇ ਤੂੰ ਸਫਲ ੋਵੇਂ ॥ ੬੨ ॥
ਹ

## ਗਰਬੰਤਿ ਨਾਰੀ ਮਦੋਨ ਮਤੰ ॥ ਬਲਵੰਤ ਬਲਾਤ ਕਾਰਣਹ ॥

ਜੇਹੜੇ ਆਦਮੀ ਇਸਤ੍ਰੀਆਂ ਨੂੰ ਪਾਕੇ ਮਦੋਨ = ਕਾਮ ਕਰ ਮਸਤ ਹੋਇ ਹੋਇ ਹਨ ਅਤੇ ਓਹ ਆਪਣੇ ਆਪ ਨੂੰ ਬੜੇ ਬਲ ਵਾਲੇ ਮੰਨਕੇ ਬਲਾਤ = ਜਰੂਰ ਹੀ ਹੰਕਾਰ ਕਰਦੇ ਹਨ ॥

## ਚਰਨ ਕਮਲ ਨਹ ਭਜੰਤ ਤ੍ਰਿਣ ਸਮਾਨਿ ਧਿਗੁ ਜਨਮਨਹ ॥

ਪ੍ਰਮਾਤਮਾਂ ਦੇ ਚਰਨਾਂ ਕਮਲਾਂ ਨੂੰ ਨਹੀਂ ਯਾਦ ਕਰਦੇ ਓਹ ਤਿਲ ਦੇ ਬਰਾਬਰ ਤੁਛ ਹਨ ਓਹਨਾਂ ਦੇ ਜਨਮ ਨੂੰ ਧਿਰਕਾਰ ਹੈ।

## ਹੇ ਪਪੀਲਕਾ ਗ੍ਰਸਟੇ ਗੋਬਿੰਦ ਸਿਮਰਣ ਤੁਯੰ ਧਨੇ ॥ ੬੩ ॥

ਹੇ ਸੰਤ ਜਨੋਂ ਕੀੜੀ ਵਾਂਗੂੰ ਤੁਸੀਂ ਗਰੀਬ ਹੋ ਫਿਰ ਵੀ ਤੁਸੀਂ ਗ੍ਰਸਟੇ = ਬਹੁਤ ਵਡੇ ਧਨ ਵਾਲੇ ਹੋ ਕਿਉਂ ਜੋ ਪਰਮਾਤਮਾਂ ਦਾ ਸਿਮਰਨ ਹੀ ਤੁਹਾਡਾ ਵੱਡਾ ਧਨ ਹੈ ਵਾ ਸਿਮਰਨ ਕਰਕੇ ਤਸੀਂ ਧੰਨ ਹੋ।

## ਨਾਨਕ ਅਨਿਕ ਬਾਰ ਨਮੋ ਨਮਹ ॥ ੬੪ ॥

ਗੁਰੂ ਜੀ—ਇਸ ਲਈ ਹੇ ਸੰਤ ਕੀੜੀ ਤੈਨੂੰ ਸਾਡੀ ਮਨ ਤਨ ਬਾਣੀ ਕਰਕੇ ਅਨੇਕ ਬਾਰ ਨਮਸਕਾਰ ਹੈ ॥ ੬੪ ॥

## ਤ੍ਰਿਣੰਤ ਮੇਰ ਸਹਕੰਤ ਹਰੀਅੰ ॥

ਇਹ ਤ੍ਰਿਣ ਸਮਾਨ ਜੇਹੜਾ ਜੀਵ ਹੈ ਸੋ ਸੁਮੇਰ ਪਰਬਤ ਵਾਂਗੂੰ ਈਸ਼ਰ ਰੂਪ ਹੋ ਜਾਂਦਾ ਹੈ ਅਤੇ ਪ੍ਰੇਮ ਤੋਂ ਰਹਿਤ ਸੁਕਾ ਹੋਯਾ ਪ੍ਰੇਮ ਸਹਿਤ ਹਰਿਆ ਹੋ ਜਾਂਦਾ ਹੈ ॥

## ਬੂਡੰਤ ਤਰੀਅੰ ॥ ਊਨੰਤ ਭਰੀਅੰ ॥

ਸੰਸਾਰ ਵਿਚ ਡੁਬਦਾ ਹੋਇਆ ਤਰ ਜਾਂਦਾ ਹੈ ਅਤੇ ਗੁਣਾਂ ਤੋਂ ਖਾਲੀ ਜੋ ਹੈ ਸੋ ਗੁਣਾਂ ਨਾਲ ਭਰ ਜਾਂਦਾ ਹੈ।

## ਅੰਧਕਾਰ ਕੋਟਿ ਸੂਰ ਉਜਾਰੰ ॥

ਅਗਜਾਨ ਹਨੇਰੇ ਦੇ ਸਹਿਤ ਜੋ ਦਿਲ ਹੈ ਉਸ ਵਿਚ ਕਰੋੜਾਂ ਸੂਰਜਾਂ ਦੇ ਸਮਾਨ ਗਿਆਨ ਚਾਨਣ ਹੋ ਜਾਂਦਾ ਹੈ।

## ਬਿਨਵੰਤਿ ਨਾਨਕ ਹਰਿ ਗੁਰ ਦਯਾਰੰ ॥

ਗੁਰੂ ਜੀ–ਜਦੋਂ ਹਰੀ ਰੂਪ ਗੁਰੂ ਦਿਆਲੂ ਹੁੰਦੇ ਹਨ ॥ ੬੪ ॥

## ਬ੍ਰਹਮਣਹ ਸੰਗਿ ਉਧਰਣੰ ॥ ਬ੍ਰਹਮ ਕਰਮ ਜਿ ਪੂਰਣਹ ॥

ਜੋ ਵੇਦ ਨੂੰ ਪੜ੍ਹਾਨ ਆਦਿਕ ਬ੍ਰਾਹਮਣਾਂ ਦੇ ਕਰਮ ਵਿਚ ਪੂਰਾ ਹੈ ਓਹੋ ਜਹਿਆਂ ਬ੍ਰਹਮਣਾਂ ਦੀ ਸੰਗਤ ਕਰਕੇ ਜੀਵ ਦਾ ਉਧਾਰ ਹੁੰਦਾ ਹੈ।

## ਆਤਮ ਰਤੰ ਸੰਸਾਰ ॥ ਗਹੰਤੇ ਨਰ ਨਾਨਕ ਨਿਹਫਲਹ ॥ ੬੫ ॥

ਜੇਹੜੇ ਬ੍ਰਾਹਮਣ ਆਤਮ = ਮਨ ਕਰਕੇ ਰਤੰ = ਰਤੇ ਹੋਇ ਹਨ ਆਪਣੀ ਦੇਹ ਦੇ ਪਾਲਣ ਵਿਚ ਗਹੰਤੇ = ਫੜਦੇ ਹਨ ਭਾਵ ਦੇਹ ਦੇ ਪਾਲਣ ਵਾਲੇ ਕੰਮਾਂ ਨੂੰ ਗ੍ਰਹਣ ਕਰਦੇ ਹਨ "ਗੁਰੂ ਜੀ" ਓਹਨਾਂ ਬ੍ਰਾਹਮਣਾਂ ਆਦਮੀਆਂ ਦਾ ਜਨਮ ਨਿਸ਼ਫਲ ਹੈ ॥ ੬੫ ॥

## ਪਰ ਦਰਬ ਹਿਰਣੰ ਬਹੁ ਵਿਘਨ ਕਰਣੰ ॥ ਉਚਰਣੰ ਸਰਬ ਜੀਅ ਕਹ ॥

ਜੇਹੜੇ ਆਦਮੀ ਪਰਾਏ ਧਨ ਨੂੰ ਚੁਰਾਉਣੇ ਵਾਲੇ ਹਨ ਅਤੇ ਪਰਾਇ ਕੰਮਾਂ ਵਿਚ ਵਿਘਨ ਕਰਨ ਵਾਲੇ ਹਨ ਆਪਣੀ ਰੋਜ਼ੀ ਵਾਸਤੇ ਸਾਰੇ ਵਾਕ ਉਚਾਰਨ ਕਰਦੇ ਹਨ।

## ਲਉ ਲਈ ਤ੍ਰਿਸਨਾ ਅਤਿਪਤਿ ਮਨ ਮਾਏ ਕਰਮ ਕਰਤ ਸ ਸੂਕਰਹ ॥ ੬੬ ॥

ਲਉ = ਅਕੱਠਾ। ਲਈ = ਲੈਣ।

ਅਤਿਪਤਿ = ਨ ਰੱਜਣਾ।

ਤ੍ਰਿਸ਼ਨਾ ਦਾ ਅਕੱਠ ਕਰਕੇ ਆਪਣੇ ਹਿਦੇ ਵਿਚ ਲਈ ਫਿਰਦੇ ਹਨ ਏਸੇ ਲਈ ਓਹਨਾਂ ਦਾ ਮਨ ਮਾਇਆ ਕਰਕੇ ਤ੍ਰਿਪਤ ਭਾਵ ਰੱਜਦਾ ਨਹੀਂ ਹੈ ਵਿਹ

ਇੱਤਰ ਦੇ ਆਦਮੀ ਸੂਰਾਂ ਵਰਗੇ ਕੰਮ ਕਰਦੇ ਹਨ ॥ ੬੬ ॥

**ਮਤੇ ਸਮੇਵ ਚਰਣੰ ਉਧਰਣੰ ਭੈ ਦੁਤਰਹ ॥**

ਸਮੇਵ = ਭਲੀ ਪ੍ਰਕਾਰ। ਮਤੇ = ਮਸਤ ਹੋਇ।

ਜੇਹੜੇ ਆਦਮੀ ਚੰਗਾ ਤਰਾਂ ਪ੍ਰਮਾਤਮਾਂ ਦੇ ਚਰਨਾਂ ਵਿਚ ਮਸਤ ਹੋਇ ਹੋਇ ਹਨ ਓਹਨਾਂ ਦਾ ਭੈ ਦਾਇਕ ਔਖੇ ਸੰਸਾਰ ਸਮੁੰਦਰ ਤੋਂ ਉਧਾਰ ਹੋ ਜਾਂਦਾ ਹੈ।

**ਅਨੇਕ ਪਾਤਿਕ ਹਰਣੰ ਨਾਨਕ ਸਾਧ ਸੰਗਮ ਨ ਸੰਸਯਹ ॥ ੬੭ ॥ ੪ ॥**

ਗੁਰੂ ਜੀ—ਅਨੇਕ ਪਾਪਾਂ ਦੇ ਨਾਸ ਕਰਨ ਵਾਲਾ ਮਿਤਾਂ ਦਾ ਸੰਗ ਹੈ ਇਸ ਗੱਲ ਵਿਚ ਰਤਾ ਵੀ ਸ਼ੱਕ ਨਹੀਂ ਹੈ ॥ ੬੭ ॥ ੪ ॥

# ਮਹਲਾ ੫ ਗਾਥਾ

ਗਾਥਾ = ਕਥਾ ਦਾ ਨਾਮ ਹੈ ਇਸ ਬਾਣੀ ਦਾ ਨਾਮ ਹੀ ਗਾਥਾ ਹੈ।

**ੴ ਸਤਿਗੁਰਪ੍ਰਸਾਦਿ ॥**

**ਕਰਪੂਰ ਪੁਹਪ ਸੁਗੰਧਾ ਪਰਸ ਮਾਨੁਖ੍ ਦੇਹੰ ਮਲੀਣੰ ॥**

ਕਰਪੂਰ = ਮੁਸ਼ਕਪੂਰ। ਪੁਹਪ = ਫੁਲ।

ਹੇ ਪੰਡਤੋ ਮੁਸ਼ਕਪੂਰ, ਫੁਲ ਅਤੇ ਹੋਰ ਸੁਗੰਧੀ ਵਾਲੀਆਂ ਚੀਜ਼ਾਂ ਇਸ ਮਨੁਖ ਦੀ ਦੇਹ ਨੂੰ ਲੱਗਕੇ ਮੈਲੀਆਂ ਹੋ ਜਾਂਦੀਆਂ ਹਨ।

**ਮਜਾ ਰੁਧਿਰ ਦ੍ਰੁਗੰਧਾ ਨਾਨਕ ਅਥਿ ਗਰਬੇਣ ਅਗ੍ਯਾਨਣੋ ॥੧॥**

ਰੁਧਿਰ = ਲਹੂ। ਅਥਿ = ਫੇਰ।

ਮਿੱਝ, ਲਹੂ, ਇੱਤਰ ਦੀਆਂ ਦੁਰਗੰਧੀਆਂ ਨਾਲ ਭਰਿਆ ਹੋਇਆ ਹੈ "ਗੁਰੂ ਜੀ" ਇਤ੍ਰ ਦੀ ਮੈਲੀ ਦੇਹ ਨੂੰ ਪਾਕੇ ਇਹ ਜੀਵ ਅਗਿਆਨੀ ਫੇਰ ਹੰਕਾਰ ਕਰਦਾ ਹੈ।

**ਪਰਮਾਣੋ ਪਰਜੰਤ ਆਕਾਸਹ ਦੀਪ ਲੋਅ ਸਿਖੰਡਣਹ ॥**

ਭਾਵੇਂ ਇਹ ਜੀਵ ਨਿਕੇ ੨ ਪ੍ਰਮਾਣੂਆਂ ਪਰਜੰਤ ਨਿੱਕਾ ਜੇਹਾ ਬਣਕੇ ਕਿਸੇ ਵਿਸ਼ੇਸ਼ ਸਿੱਧੀ ਦੇ ਜੋਰ ਨਾਲ ਅਕਾਸ਼ ਵਿਚ ਜੋ ਸੱਤ ਲੋਕ ਹਨ ਓਹਨਾਂ ਅਤੇ ਦੀਪਾਂ ਜੇਹੜੇ ਖੰਡਾਂ ਦੇ ਸਹਿਤ ਹਨ।

## ਗਛੇਣ ਨੈਣ ਭਾਰੇਣ ਨਾਨਕ ਬਿਨਾ ਸਾਧੂ ਨ ਸਿਧ੍ਯਤੇ ॥ ੨ ॥

ਗਛੇਣ = ਜਾਕੇ ॥

ਨੇਤ੍ਰਾਂ ਦੇ ਫਰਕਣੇ ਵਿਚ ਜਾਕੇ ਫਿਰ ਆਵੇ "ਗੁਰੂ ਜੀ" ਪਰ ਫਿਰ ਵੀ ਸਾਧੂਆਂ ਦੀ ਸੰਗਤ ਤੋਂ ਬਿਨਾ ਜੀਵ ਕਿਸੇਤਰਾਂ ਵੀ ਮੁਕਤੀ ਨੂੰ ਪ੍ਰਾਪਤੀ ਨਹੀਂ ਹੋ ਸਕਦਾ ਹੈ ॥ ੨ ॥

## ਜਾਣੋ ਸਤਿ ਹੋਵੰਤੋ ਮਰਣੋ ਦ੍ਰਿਸਟੇਣ ਮਿਥਿਆ ॥

ਇਕ ਦਿਨ ਮਰਨਾ ਹੋਣਾ ਇਹ ਸੱਚ ਜਾਣੋਂ ਜੋ ਜਗਤ ਨਜ਼ਰ ਆ ਰਿਹਾ ਹੈ ਇਹ ਸਭ ਝੂਠਾ ਹੈ ॥

## ਕੀਰਤਿ ਸਾਥਿ ਚਲੰਥੋ ਭਣੰਤਿ ਨਾਨਕ ਸਾਧ ਸੰਗੇਣ ॥ ੩ ॥

ਗੁਰੂ ਜੀ—ਜੋ ਸੰਤਾਂ ਦੀ ਸੰਗਤ ਕਰਕੇ ਗੁਪਾਲ ਦਾ ਕੀਰਤਨ ਜਸ ਉਚਾਰਨ ਕਰਨਾ ਹੈ ਇਹ ਜਰੂਰ ਨਾਲ ਚਲਦਾ ਹੈ। ਭਣੰਤਿ = ਆਖਿਆ ਹੈ "ਗੁਰੂ ਜੀ"

## ਮਾਯਾ ਚਿਤ ਭਰਮੇਣ ਇਸਟ ਮਿਤ੍ਰੇਖੁ ਬਾਂਧਵਹ ॥

ਇਸ਼ਟ = ਪਿਆਰੇ ॥ ਖੁ = ਵਿਚ ॥

ਇਸ ਮਾਇਆ ਨੇ ਪਿਆਰਿਆਂ ਮਿਤ੍ਰਾਂ ਸਰਬੰਧੀਆਂ ਦੇ ਮੋਹ ਵਿਚ ਇਸ ਜੀਵ ਦਾ ਮਨ ਭਰਮਾ ਛੱਡਿਆ ਹੈ ॥

## ਲਬਧੰ ਸਾਧ ਸੰਗੇਣ ਨਾਨਕ ਸੁਖ ਅਸਥਾਨੰ ਗੋਪਾਲ ਭਜਣੰ ॥ ੪ ॥

ਗੁਰੂ ਜੀ—ਇਸ ਲਈ ਹੇ ਭਾਈ ਸੰਤਾਂ ਦੀ ਸੰਗਤ ਕਰਕੇ ਗੁਪਾਲ ਦਾ ਭਜਨ ਕਰਨ ਨਾਲ ਇਸ ਜੀਵ ਨੂੰ ਸੁਖਾਂ ਦਾ ਥਾਂ "ਸ੍ਵੈ ਸਰੂਪ" ਲੱਭਦਾ ਹੈ ॥੪॥

## ਮੈਲਾਗਰ ਸੰਗੇਣ ਨਿੰਮੁ ਬਿਰਖ ਸਿ ਚੰਦਨਹ ॥

ਜਿੱਕੁਰ ਮਲਿਆਗਰ ਚੰਦਨ ਦੇ ਨਾਲ ਮਿਲਕੇ ਨਿੰਮ ਆਦਿਕ ਕੌੜੇ ਰੁਖ ਵੀ ਚੰਦਨ ਹੋ ਜਾਂਦੇ ਹਨ।

## ਨਿਕਟਿ ਬਸੰਤੋ ਬਾਂਸੋ ਨਾਨਕ ਅਹੰਬੁਧਿ ਨ ਬੋਹਤੇ ॥ ੫ ॥

ਗੁਰੂ ਜੀ—ਪਰ ਨੇੜੇ ਰਹਿਣ ਵਾਲਾ ਵਾਂਸ ਉੱਚਤਾ ਦੇ ਹੰਕਾਰ ਕਰਕੇ ਭੈੜੀ ਅਕਲ ਵਾਲਾ ਸੁਗੰਧੀ ਵਾਲਾ ਨਹੀਂ ਹੁੰਦਾ ਸਗੋਂ ਆਪ ਨੂੰ ਆਪ ਹੀ ਸਾੜ ਲੈਂਦਾ ਹੈ ਇਕੁਰ ਹੀ ਸਾਕਤ ਦਾ ਹਾਲ ਸਮਝੋ ॥

## ਗਾਥਾ ਗੁੰਫ ਗੋਪਾਲ ਕਥੰ ਮਥੰ ਮਾਨ ਮਰਦਨਹ ॥

ਗਾਥਾ = ਬਾਣੀ ਦਾ ਨਾਮ ਹੈ ਜੋ ਇਹ ਟੀਕਾ ਹੋ ਰਿਹਾ ਹੈ ਵਿਸ਼ੇਸ਼ ਨਾਮ ਇਸਦਾ ਕਥਾ ਵੀ ਹੈ, ਗੁੰਫ = ਗੁੰਦਣ, ਮਾਲਾ ਪਰੋਣੀ, ਸਿਰ ਗੁੰਦਣਾ ॥

ਇਸ ਬਾਣੀ ਦੀ ਕਥਾ ਵਿਚ ਪ੍ਰਮੇਸਰ ਦੇ ਜਸਦਾ ਗੁੰਦਣਾ ਕੀਤਾ ਹੈ ਇਸਨੂੰ ਮਥੰ = ਵਿਚਾਰਨ ਨਾਲ ਦੇਹ ਦਾ ਹੰਕਾਰ ਮਾਨ ਆਦਿਕ ਵਿਕਾਰਾਂ ਦਾ ਮਲਣਾਭਾਵ ਨਾਸ ਹੋ ਜਾਂਦਾ ਹੈ ਦੂਜਾ ਭਾਵ ਹੰਕਾਰ ਰਹਿਤ ਹੋ ਜਾਂਦਾ ਹੈ।

**ਹਤੰ ਪੰਚ ਸਤ੍ਰੂਣ ॥ ਨਾਨਕ ਹਰਿ ਬਾਣੇ ਪ੍ਰਹਾਰਣਹ ॥ ੬ ॥**

ਗੁਰੂ ਜੀ–ਪ੍ਰਮਾਤਮਾਂ ਦੇ ਨਾਮਰੂਪ ਬਾਣਾਂ ਨੂੰ ਚਲਾਉਣ ਨਾਲ ਕਾਮ ਆਦਿਕ ਪੰਜ ਵੈਰੀ ਹਤੰ = ਨਸ਼ਟ ਹੋ ਜਾਂਦੇ ਹਨ ॥ ੬ ॥

**ਬਚਨ ਸਾਧ ਸੁਖ ਪੰਥਾ ਲਹੰਥਾ ਬਡ ਕਰਮਣਹ ॥**

ਪੰਥਾ = ਰਸਤਾ ॥ ਲਹੰਥਾ = ਲੈਣਾ, ਮੰਨਣਾ ॥

ਸੰਤਾਂ ਦਾ ਬਚਨ ਸੁਖ ਦਾ ਰਸਤਾ ਹੈ ਪਰ ਉਸ ਨੂੰ ਵਡਿਆਂ ਭਾਗਾਂ ਵਾਲਾ ਲੈ ਸਕਦਾ ਭਾਵ ਮੰਨਦਾ ਹੈ।

**ਰਹੰਤਾ ਜਨਮ ਮਰਣੇਨ ਰਮਣੰ ਨਾਨਕ ਹਰਿ ਕੀਰਤਨਹ ॥੭॥**

ਰਮਣੰ = ਉਚਾਰਨ ਕਰਨਾ ॥

ਗੁਰੂ ਜੀ–ਉਸ ਪ੍ਰਮਾਤਮਾਂ ਦੇ ਜਸ ਦਾ ਕੀਰਤਨ ਉਚਾਰਨ ਕਰਨ ਨਾਲ ਜੀਵ ਜਨਮ ਮਰਨ ਤੋਂ ਰਹਿਤ ਹੋ ਜਾਂਦਾ ਹੈ ॥ ੭ ॥

**ਪਤ੍ਰ ਭੁਰਿਜੇਣ ਝੜੀਯੰ ਨਹ ਜੜੀਅੰ ਪੇਡ ਸੰਪਤਾ ॥**

ਭੁਰਜੇਣ = ਭੁਰ ਜਾਣਾ। ਪੇਡ = ਰੁਖ ॥ ਸੰਪਤਾ = ਟਾਹਣੀਆਂ ॥

ਜਿਕੁਰ ਆਪਣੀ ੨ ਰੁਤ ਵਿਚ ਬ੍ਰਿਛਾਂ ਦੇ ਪੱਤ੍ਰ ਭੁਰਕੇ ਝੜ ਜਾਂਦੇ ਹਨ ਫਿਰ ਮੁੜਕੇ ਓਹੁ ਪੱਤ੍ਰ ਬ੍ਰਿਛਾਂ ਦੀਆਂ ਟਾਹਣੀਆਂ ਨਾਲ ਜੜੇ ਨਹੀਂ ਜਾਂਦੇ।

**ਨਾਮ ਬਿਹੂਣ ਬਿਖਮਤਾ ਨਾਨਕ ਬਹੰਤਿ ਜੋਨਿ ਬਾਸਰੋ ਰੈਣੀ ॥ ੮ ॥**

ਗੁਰੁ ਜੀ–ਇਕੁਰ ਹੀ ਨਾਮ ਜਪਣ ਤੋਂ ਬਿਨਾਂ ਔਖੀਆਂ ਜੂਨੀਆਂ ਵਿਚ ਦਿਨੇ ਰਾਤ ਜੰਮਦਾ ਮਰਦਾ ਭਰਮਦਾ ਰਹਿੰਦਾ ਹੈ ॥ ੮ ॥

**ਭਾਵਨੀ ਸਾਧ ਸੰਗੇਣ ਲਭੰਤੰ ਬਡ ਭਾਗਣਹ ॥**

ਭਾਵਨੀ = ਸਰਧਾ ॥

ਸੰਤਾਂ ਦੀ ਸੰਗਤ ਵਿਚ ਸਰਧਾ ਕਰਨੀ ਇਸ ਗਲ ਨੂੰ ਵੱਡਿਆਂ ਭਾਗਾਂ ਵਾਲਾ ਲੱਭਦਾ ਹੈ ਜਾਂ ਪੁਜਦਾ ਹੈ ॥

**ਹਰਿ ਨਾਮ ਗੁਣ ਰਮਣੰ ਨਾਨਕ ਸੰਸਾਰ ਸਾਗਰ ਨਹ ਬਿਆਪਣਹ ॥ ੯ ॥**

ਗੁਰੂ ਜੀ–ਸੰਤਾਂ ਦੀ ਸੰਗਤ ਕਰਕੇ ਜੋ ਪ੍ਰਮਾਤਮਾਂ ਦੇ ਨਾਮ ਤੇ ਗੁਣਾਂ ਨੂੰ

ਰਮਣੰ = ਉਚਾਰਨ ਕਰਦੇ ਹਨ ਓਹਨਾਂ ਨੂੰ ਸੰਸਾਰ ਸਮੁੰਦਰ ਨਹੀਂ ਛੁਹ ਸਕਦਾ ਭਾਵ ਦੁਖ ਦੇ ਸਕਦਾ ॥ ੯ ॥

**ਗਾਥਾ ਗੂੜ ਅਪਾਰੰ ਸਮਝਣੰ ਬਿਰਲਾ ਜਨਹ ॥**

ਇਹ ਜੋ ਅਪਾਰ ਪ੍ਰਮਾਤਮਾਂ ਦੀ ਕਥਾ ਹੈ ਇਸਦੇ ਮਤਲਬ ਨੂੰ ਕੋਈ ਵਿਰਲਾ ਆਦਮੀ ਹੀ ਸਮਝਦਾ ਹੈ ॥

**ਸੰਸਾਰ ਕਾਮ ਤਜਣੰ ॥ ਨਾਨਕ ਗੋਬਿੰਦ ਰਮਣੰ ਸਾਧ ਸੰਗਮਹ ॥ ੧੦ ॥**

ਗੁਰੂ ਜੀ–ਸੰਤਾਂ ਦੇ ਸੰਗ ਕਰਕੇ ਪ੍ਰਮਾਤਮਾਂ ਦੇ ਗੁਣਾਂ ਨੂੰ ਉਚਾਰਨ ਕਰਨਾ ਸੰਸਾਰ ਦੇ ਸੰਕਲਪਾਂ ਨੂੰ ਛੱਡ ਦੇਣਾ ਇਹ ਬੜਾ ਔਖਾ ਹੈ ਸੋ ਇਹਨਾਂ ਸੰਸਾਰ ਦੇ ਕੰਮਾਂ ਨੂੰ ਜਰੂਰ ਛੱਡਣਾ ਚਾਹੀਦਾ ਹੈ ॥ ੧੦ ॥

**ਸੁਮੰਤ੍ਰ ਸਾਧ ਬਚਨਾ ਕੋਟਿ ਦੋਖ ਬਿਨਾਸਨਹ ॥**

ਸ੍ਰੇਸ਼ਟ ਮੰਤ੍ਰ ਰੂਪ ਜੇਹੜੇ ਸੰਤਾਂ ਦੇ ਬਚਨ ਹਨ ਸੋ ਇਹ ਕਰੋੜਾਂ ਦੁਖਾਂ ਦਾ ਨਾਸ ਕਰਨ ਵਾਲੇ ਹਨ ।

**ਹਰਿ ਚਰਣ ਕਮਲ ਧ੍ਯਾਨੰ ਨਾਨਕ ਕੁਲਸਮੂਹ ਉਧਾਰਣਹ ॥ ੧੧**

ਉਪਰ ਦਸੇ ਬਚਨਾਂ ਨੂੰ ਸੁਣਕੇ ਜੇਹੜਾ ਪ੍ਰਮਾਤਮਾ ਦੇ ਚਰਨਾਂ ਕਮਲਾਂ ਦਾ ਧਿਆਨ ਧਰਦਾ ਹੈ "ਗੁਰੂ ਜੀ" ਓਹ ਆਪਣੀਆਂ ਸਾਰੀਆਂ ਕੁਲਾਂ ਦਾ ਉਧਾਰ ਕਰ ਲੈਂਦਾ ਹੈ ॥ ੧੧ ॥

**ਸੁੰਦਰ ਮੰਦਰ ਸੈਣਹ ॥ ਜੇਣ ਮਧ੍ਯ ਹਰਿ ਕੀਰਤਨਹ ॥**

ਸੈਣਹ = ਸੋਈ ॥

ਓਹੋ ਹੀ ਮੰਦਰ ਸੁੰਦਰ ਹਨ ਜਿਨਾਂ ਵਿਚ ਪ੍ਰਮਾਤਮਾਂ ਦਾ ਕੀਰਤਨ ਹੁੰਦਾ ਹੈ ।

**ਮੁਕਤੇ ਰਮਣ ਗੋਬਿੰਦਹ ॥ ਨਾਨਕ ਲਬਧ੍ਯੰ ਬਡ ਭਾਗਣਹ ॥ ੧੨**

ਜੇਹੜੇ ਪ੍ਰਮਾਤਮਾਂ ਦਾ ਨਾਮ ਉਚਾਰਨ ਕਰਦੇ ਹਨ ਓਹੋ ਹੀ ਮੁਕਤ ਹਨ ਪਰ 'ਗੁਰੂ ਜੀ' ਪ੍ਰਮਾਤਮਾਂ ਦਾ ਸਿਮਰਨ ਵੱਡਿਆਂ ਭਾਗਾਂ ਕਰਕੇ ਲੱਭਦਾ ਹੈ ॥ ੧੨ ॥

**ਹਰਿ ਲਬਧੋ ਮਿਤ੍ਰ ਸੁਮਿਤੋ ॥ ਬਿਦਾਰਣ ਕਦੇ ਨ ਚਿਤੋ ॥**

ਬਿਦਾਰਣ = ਨਾਸ ਕਰਨਾ ॥

ਸ੍ਰੇਸ਼ਟ ਮਿੱਤ੍ਰ ਜੋ ਸੰਤ ਹਨ ਓਹਨਾਂ ਕਰਕੇ ਹਰੀ ਮਿਤ੍ਰ ਲਭਦਾ ਹੈ ਸੋ ਓਹ ਪਰਮਾਤਮਾਂ ਕਿਸੇ ਦਾ ਚਿਤ ਕਦੀ ਵੀ ਦੁਖਾਉਣ ਵਾਲਾ ਨਹੀਂ ਹੈ ।

**ਜਾਕਾ ਅਸਥਲ ਤੋਲ ਅਮਿਤੋ ॥ ਸੋਈ ਨਾਨਕ ਸਖਾ**

## ਜੀਅ ਸੰਗਿ ਕਿਤੋ ॥ ੧੩ ॥

ਜਿਸ ਪ੍ਰਮਾਤਮਾਂ ਦੇ ਸਤਸੰਗ ਰੂਪੀ ਥਾਂ ਦਾ ਤੋਲ ਮਿਣਤੀ ਤੋਂ ਰਹਿਤ ਹੈ "ਗੁਰੂ ਜੀ" ਓਹ ਪ੍ਰਮਾਤਮਾਂ ਅਸਾਂ ਆਪਣੇ ਜੀਅ ਦਾ ਸਖਾ = ਪਿਆਰਾ ਕੀਤਾ ਹੈ ॥ ੧੩ ॥

## ਅਪਜਸੰ ਮਿਟੰਤ ਸਤ ਪੁਤ੍ਰਹ ॥ ਸਿਮਰਤਬ੍ਯ ਰਿਦੈ ਗੁਰ ਮੰਤ੍ਰਣਹ ॥

ਸ੍ਰੇਸ਼ਟ ਪੁਤ੍ਰ ਦੇ ਜੰਮਣ ਨਾਲ ਸਾਰਾ ਅਪਜਸ ਦੂਰ ਹੋ ਜਾਂਦਾ ਹੈ ਸੋ ਚੰਗਾ ਪੁਤਰ ਪੈਦਾ ਕਰਨ ਜੋਗ ਹੈ ਤਿਕੁਰ ਹੀ ਗੁਰਾਂ ਦਾ ਮੰਤਰ ਰਿਦੇ ਵਿਚ ਜਰੂਰ ਸਿਮ-ਰਨਾ ਚਾਹੀਦਾ ਹੈ ॥

## ਪ੍ਰੀਤਮ ਭਗਵਾਨ ਅਚੁਤ ॥ ਨਾਨਕ ਸੰਸਾਰ ਸਾਗਰ ਤਾਰਣਹ ॥ ੧੪ ॥

ਅਗਿੜ ਪਿਆਰਾ ਪਰਮਾਤਮਾਂ "ਗੁਰੂ ਜੀ" ਸੰਸਾਰ ਸਮੁੰਦਰ ਤੋਂ ਤਾਰ ਦੇਂਦਾ ਹੈ ॥ ੧੪ ॥

## ਮਰਣੰ ਬਿਸਰਣੰ ਗੋਬਿੰਦਹ ॥ ਜੀਵਣੰ ਹਰਿਨਾਮ ਧ੍ਯਾਵਣਹ ॥

ਜੇਹੜਾ ਪ੍ਰਮਾਤਮਾਂ ਦਾ ਭੁਲ ਜਾਣਾ ਹੈ ਇਹੋ ਹੀ ਜੀਵ ਦਾ ਮਰਨਾ ਹੈ ਜੇਹੜਾ ਪ੍ਰਮਾਤਮਾਂ ਦਾ ਨਾਮ ਧਿਆਵਣਾ ਹੈ ਇਹੋ ਹੀ ਜੀਵਣਾ ਹੈ ॥

## ਲਭਣੰ ਸਾਧ ਸੰਗੇਣ ॥ ਨਾਨਕ ਹਰਿ ਪੂਰਬਿ ਲਿਖਣਹ ॥੧੫॥

ਗੁਰੂ ਜੀ—ਸੋ ਪ੍ਰਮਾਤਮਾਂ ਦਾ ਨਾਮ ਸਿਮਣਨਾ ਪੂਰਬਲੇ ਕਰਮਾਂ ਦੇ ਅਨੁਸਾਰ ਸੰਤਾਂ ਦੀ ਸੰਗਤ ਕਰਕੇ ਲੱਭਦਾ ਹੈ ॥ ੧੫ ॥

## ਦਸਨ ਬਿਹੂਨ ਭੁਯੰਗੰ ਮੰਤ੍ਰੰ ਗਾਰੁੜੀ ਨਿਵਾਰੰ ॥

ਜਿੱਕੁਰ ਜੇਹੜਾ ਸੱਪ ਦੰਦਾਂ ਤੋਂ ਬਿਨਾ ਹੈ ਉਸਦੇ ਵੱਢਣ ਨਾਲ ਜਹਿਰ ਨਹੀ ਚੜ੍ਹਦੀ ਅਤੇ ਜੇਹੜਾ ਦੰਦਾਂ ਵਾਲਾ ਸੱਪ ਕਿਸੇ ਨੂੰ ਵੱਢੇ ਉਸਦੀ ਜੋ ਵਿਹ ਚੜ੍ਹਦੀ ਹੈ ਓਹ ਗਾਰੜੀ ਮੰਤਰ ਨਾਲ ਦੂਰ ਕਰ ਦੇਈਦੀ ਹੈ ਜਾਂ ਗਾਰੜ ਮੰਤ੍ਰ ਲਾਹ ਦੇਂਦਾ ਹੈ ਇੱਕੁਰ ਹੀ ਜਿਸਨੂੰ ਹੰਕਾਰ ਹੋਵੇ ਉਸਦਾ ਤੇ ਕੁਝ ਉਪਾਵ ਹੈ, ਪਰ ਜਿਸ ਨੂੰ ਹੰਕਾਰ ਦੇ ਨਾਲ ਰਾਗ ਦ੍ਵੈਖ ਦੰਦ ਅਤੇ ਹਰਖ ਸ਼ੋਕ ਜ਼ਹਿਰ ਆ ਚੜ੍ਹੇ ਤਾਂ ਗੁਰੂ ਮੰਤ੍ਰ ਦੂਰ ਕਰ ਦੇਂਦਾ ਹੈ ॥

## ਬ੍ਯਾਧਿ ਉਪਾੜਣ ਸੰਤੰ ॥ ਨਾਨਕ ਲਬਧ ਕਰਮਣਹ ॥ ੧੬ ॥

ਗੁਰੂ ਜੀ—ਉਸ ਬਿਆਧੀ ਰੋਗ ਦੇ ਦੂਰ ਕਰਨ ਵਾਲੇ ਸੰਤ ਹਨ ਜੋ ਸੰਤ ਚੰਗੇ ਕਰਮਾਂ ਕਰਕੇ ਲੱਭਦ ਹਨ ॥ ੧੬ ॥

## ਜਥ ਕਥ ਰਮਣੰ ਸਰਣੰ ਸਰਬਤ੍ਰ ਜੀਅਣਹ ॥

ਰਮਣੰ = ਫੈਲਿਆ। ਸਰਣੰ = ਆਸਰਾ।

ਜਿਥੋਂ ਕਿਥੇ ਸਾਰਿਆਂ ਥਾਂਵਾਂ ਵਿਚ ਫੈਲਿਆ ਹੋਇਆ ਸਾਰਿਆਂ ਜੀਵਾਂ ਦਾ ਆਸਰਾ ਪ੍ਰਮਾਤਮਾਂ ਹੀ ਹੈ।

**ਤਥ ਲਗਣੰ ਪ੍ਰੇਮ ਨਾਨਕ ॥ ਪਰਸਾਦੰ ਗੁਰ ਦਰਸਨਹ ॥੧੭॥**

ਤਥ = ਤਿਸ।

ਗੁਰੂ ਜੀ-ਗੁਰੂ ਦੇ ਦਰਸ਼ਨ ਅਤੇ ਕਿਰਪਾ ਕਰਕੇ ਤਿਸ ਵਿਚ ਪ੍ਰੇਮ ਲਗਦਾ ਹੈ ॥ ੧੭ ॥

**ਚਰਣਾਰ ਬਿੰਦ ਮਨ ਬਿਧ੍ਯੰ ॥ ਸਿਧ੍ਯੰ ਸਰਬ ਕੁਸਲਣਹ॥**

ਬਿਧਯੰ = ਮਿਲਿਆ। ਸਿਧਯੰ = ਮਿਲਦੇ, ਪ੍ਰਾਪਤ ਹੁੰਦੇ।

ਜਿਸਦਾ ਮਨ ਉਸ ਪ੍ਰਮਾਤਮਾਂ ਦੇ ਚਰਨਾਂ ਕਮਲਾਂ ਵਿਚ ਮਿਲਿਆ ਹੋਇਆ ਹੈ ਉਸਨੂੰ ਸਾਰੇ ਸੁਖ ਮਿਲਦੇ ਹਨ।

**ਗਾਥਾ ਗਾਵੰਤਿ ਨਾਨਕ ਭਬ੍ਯੰ ਪਰਾ ਪੂਰਬਣਹ॥ ੧੮ ॥**

ਗਾਥਾ = ਕਥਾ। ਭਬਯੰ = ਹੁਣ।

ਗੁਰੂ ਜੀ-ਜੇਹੜੇ ਪਰੰਪਰਾ ਪੂਰਬ ਗਿਆਨਵਾਨ ਹੋਇ ਹਨ ਓਹ ਵੀ ਪ੍ਰਮਾਤਮਾ ਦੀ ਕਥਾ ਨੂੰ ਗਾਂਉਂਦੇ ਸਨ ਅਤੇ ਹੁਣ ਵੀ ਗਾਉਂਦੇ ਹਨ ॥ ੧੮ ॥

**ਸੁਭ ਬਚਨ ਰਮਣੰ ਗਵਣੰ ਸਾਧ ਸੰਗੇਨ ਉਧਰਣਹ ॥**

ਗਵਣੰ = ਜਾਕੇ।

ਸੰਤਾਂ ਦੀ ਸੰਗਤ ਵਿਚ ਜਾਕੇ ਚੰਗੇ ਬਚਨਾਂ ਦਾ ਉਚਾਰਨ ਕਰਨਾ ਇਹੋ ਹੀ ਸੰਸਾਰ ਸਮੰਦਰ ਤੋਂ ਤਰਨਾ ਹੈ

**ਸੰਸਾਰ ਸਾਗਰੰ ਨਾਨਕ ਪੁਨਰਪਿ ਜਨਮ ਨ ਲਭ੍ਯਤੇ ॥ ੧੯ ॥**

ਗੁਰੂ ਜੀ-ਸੰਸਾਰ ਸਮੁੰਦਰ ਤੋਂ ਤਰ ਜਾਂਦਾ ਹੈ ਫੇਰ ਜਨਮ ਮਰਨ ਨੂੰ ਨਹੀਂ ਪਾਉਂਦਾ ਹੈ ॥ ੧੯ ॥

**ਬੇਦ ਪੁਰਾਨ ਸਾਸਤ੍ਰ ਬੀਚਾਰੰ ॥ ਏਕੰਕਾਰ ਨਾਮ ਉਰ ਧਾਰੰ ॥**

ਜਿਨ੍ਹਨੇ ਵੇਦਾਂ ਸ਼ਾਸਤ੍ਰਾਂ ਪੁਰਾਣਾਂ ਨੂੰ ਵਿਚਾਰਕੇ ਰਿਦੇ ਵਿਚ ਪ੍ਰਮਾਤਮਾਂ ਦੇ ਨਾਮ ਨੂੰ ਧਾਰਨ ਕੀਤਾ ਹੈ।

**ਕੁਲਹ ਸਮੂਹ ਸਗਲ ਉਧਾਰੰ ॥**

**ਬਡਭਾਗੀ ਨਾਨਕ ਕੋ ਤਾਰੰ ॥ ੨੦ ॥**

ਉਸਨੇ ਆਪਨੀ ਸਾਰੀਆਂ ਕੁਲਾਂ ਅਤੇ ਸਾਰਿਆਂ ਲੋਕਾਂ ਨੂੰ ਉਧਾਰ ਲਿਆ ਹੈ "ਗੁਰੂ ਜੀ" ਇੱਕਰ ਦੇ ਵਡਭਾਗੀ ਆਦਮੀ ਨਾਮ ਜਪਕੇ ਆਪ ਤਰ ਜਾਂਦੇ

ਤੇ ਹੋਰਨਾਂ ਨੂੰ ਤਾਰ ਲੈਂਦੇ ਹਨ ਪਰ ਇੱਕੁਰ ਦੇ ਹੁੰਦੇ ਕੋਈ ਵਿਰਲੇ ਹੀ ਹਨ ॥੨੦॥

**ਸਿਮਰਣੰ ਗੋਬਿੰਦ ਨਾਮੰ ਉਧਰਣੰ ਕੁਲ ਸਮੂਹਣਹ ॥**

ਪ੍ਰਮਾਤਮਾਂ ਦਾ ਨਾਮ ਸਿਮਰਨ ਨਾਲ ਬਹੁਤ ਕੁਲਾਂ ਦਾ ਉਧਾਰ ਹੁੰਦਾ ਹੈ।

**ਲਬਧਿਅੰ ਸਾਧ ਸੰਗੇਣ ਨਾਨਕ ਵਡਭਾਗੀ ਭੇਟੰਤਿ ਦਰਸਨਹ ॥ ੨੧ ॥**

ਪਰ ਓਹ ਨਾਮ ਸੰਤਾਂ ਦੀ ਸੰਗਤ ਕਰਕੇ ਮਿਲਦਾ ਹੈ "ਗੁਰੂ ਜੀ" ਸੰਤਾਂ ਦਾ ਦਰਸ਼ਨ ਵੀ ਵਡਿਆਂ ਭਾਗਾਂ ਕਰਕੇ ਪ੍ਰਾਪਤਿ ਹੁੰਦਾ ਹੈ ॥ ੨੧ ॥

**ਸਰਬ ਦੋਖ ਤਰੰ ਤਿਆਗੀ ਸਰਬ ਧਰਮ ਦ੍ਰਿੜੰਤਣਃ ॥**

ਚੰਗੀ ਤਰਾਂ ਸਾਰਿਆਂ ਦੋਖਾਂ ਨੂੰ ਛੱਡਕੇ ਸਭ ਤਰਾਂ ਕਰਕੇ ਜੇਹੜਾ ਧਰਮ ਨੂੰ ਰਿਦੇ ਵਿਚ ਪਕਿਆਂ ਕਰਨਾ ਹੈ।

**ਲਬਧੇਣਿ ਸਾਧ ਸੰਗੇਣਿ ਨਾਨਕ ਮਸਤਕਿ ਲਿਖਣਃ ॥ ੨੨ ॥**

ਗੁਰੂ ਜੀ—ਓਹ ਸੰਤਾਂ ਦੇ ਸੰਗ ਕਰਕੇ ਹੀ ਮਿਲਦਾ ਹੈ ਅਤੇ ਓਹ ਸਤਸੰਗ ਵੀ ਮਥੇ ਦੇ ਲੇਖਾਂ ਲਿਖਿਆਂ ਅਨੁਸਾਰ ਮਿਲਦਾ ਹੈ ॥ ੨੨ ॥

**ਹੋਯੋ ਹੈ ਹੋਵੰਤੋ ਹਰਣ ਭਰਣ ਸੰਪੂਰਣਃ ॥**

ਜੋ ਪ੍ਰਮਾਤਮਾਂ ਸਾਰੀ ਦੁਨੀਆਂ ਨੂੰ ਪਾਲਣ ਤੇ ਨਾਸ ਕਰਨ ਵਾਲਾ ਹੈ ਓਹ ਤ੍ਰੈ ਸਮਿਆਂ ਵਿਚ ਸੀ, ਹੈ, ਹੋਵੇਗਾ।

**ਸਾਧੂ ਸਤਮ ਜਾਣੋ ਨਾਨਕ ਪ੍ਰੀਤਿ ਕਾਰਣੰ ॥ ੨੩ ॥**

ਗੁਰੂ ਜੀ—ਉਸ ਪ੍ਰਮਾਤਮਾਂ ਦੀ ਪ੍ਰੀਤੀ ਦਾ ਕਾਰਨ ਸਾਰਿਆਂ ਨਾਲੋਂ ਉਤਮ ਸੰਤ ਜਨ ਹਨ ਇਕੁਰ ਇਹ ਸੱਚ ਜਾਣੋ ॥ ੨੩ ॥

**ਸੁਖੇਣ ਬੈਣ ਰਤਨੰ ਰਚਨੰ ਕਸੁੰਭ ਰੰਗਣਃ ॥**

ਜਿਨਾਂ ਆਦਮੀਆਂ ਦੀ ਸੁਖਾਂ ਦੇ ਦੇਣ ਵਾਲੇ ਸੰਤ ਜਨਾਂ ਦੇ ਰਤਨ ਰੂਪ ਬਚਨਾਂ ਵਿਚ ਪ੍ਰੀਤੀ ਨਹੀਂ ਹੁੰਦੀ ਅਤੇ ਕੁਸੁੰਭੇ ਦੇ ਰੰਗ ਬਰਾਬਰ ਪਲ ਵਿਚ ਨਾਸ ਹੋਣੇ ਵਾਲੇ ਸੁਖਾਂ ਵਿਚ ਰਚ ਰਹੇ ਹਨ।

**ਰੋਗ ਸੋਗ ਬਿਓਗੰ ਨਾਨਕ ਸੁਖੁ ਨ ਸੁਪਨਹ ॥ ੨੪ ॥**

ਗੁਰੂ ਜੀ—ਓਹ ਆਦਮੀ ਪ੍ਰਮਾਤਮਾਂ ਦੇ ਵਿਛੋੜੇ ਕਰਕੇ ਰੋਗਾਂ ਸੋਗਾਂ ਵਿਚ ਕੈਦ ਰਹਿੰਦੇ ਹਨ ਓਨਾਂ ਨੂੰ ਕਦੀ ਸੁਪਨੇ ਵਿਚ ਵੀ ਸੁਖ ਨਹੀਂ ਮਿਲਦਾ ਹੈ ॥੨੪॥

--o--

## ਫੁਨਹੇ ਮਹਲਾ ੫

## ੧ ੳ ਸਤਿਗੁਰਪ੍ਰਸਾਦਿ ॥

ਫੁਨਹੇ = ਛੰਦ ਦਾ ਨਾਮ ਹੈ ਜਿਸ ਵਿਚ ਗੁਰੂ ਜੀ ਨੇ ਕਈ ਤਰਾਂ ਕਰਕੇ ਪ੍ਰਮਾਤਮਾਂ ਦੀ ਉਸਤਤਿ ਕੀਤੀ ਹੈ ।

**ਹਾਥਿ ਕਲੰਮ ਅਗੰਮ ਮਸਤਕਿ ਲੇਖਾਵਤੀ ॥**

ਹੇ ਮਨ ਬਾਣੀ ਤੋਂ ਅਗੰਮ – ਅਪੁਜ ਪ੍ਰਮਾਤਮਾਂ ਤੇਰੇ ਹੱਥ ਵਿਚ ਹੁਕਮ ਰੂਪ ਜੇਹੜੀ ਕਲਮ ਹੈ ਓਹ ਹੀ ਸਾਰਿਆਂ ਜੀਵਾਂ ਦੇ ਮਥਿਆਂ ਉਤੇ ਲੇਖਾਂ ਨੂੰ ਲਿਖਦੀ ਆਂਵਦੀ ਹੈ ।

**ਉਰਝਿ ਰਹਿਓ ਸਭ ਸੰਗਿ ਅਨੂਪ ਰੂਪਾਵਤੀ॥**

ਹੇ ਸੁੰਦਰ ਰੂਪ ਵਾਲੇ ਤੂੰ ਸਾਰਿਆਂ ਦੇ ਨਾਲ ਮਿਲਿਆ ਹੋਇਆ ਹੈਂ ।

**ਉਸਤਤਿ ਕਹਨੁ ਨ ਜਾਇ ਮੁਖਹੁ ਤੁਹਾਰੀਆ॥**

ਇਸ ਲਈ ਮੇਰੇ ਮੂੰਹੋਂ ਤੇਰੀ ਉਸਤਤਿ ਨਹੀਂ ਕਥਨ ਕੀਤੀ ਜਾਂਦੀ ।

**ਮੋਹੀ ਦੇਖਿ ਦਰਸੁ ਨਾਨਕ ਬਲਿਹਾਰੀਆ ॥ ੧ ॥**

ਤੇਰੇ ਦਰਸ਼ਨ ਨੂੰ ਕਰਕੇ ਮੇਰੀ ਅਕਲ ਮੋਹੀ ਗਈ ਹੈ ਇਸ ਲਈ ਮੈਂ ਤੇਰੇ ਉਤੋਂ ਬਲਿਹਾਰ ਜਾਂਦਾ ਹਾਂ ॥ ੧ ॥

**ਸੰਤ ਸਭਾ ਮਹਿ ਬੈਸ ਕਿ ਕੀਰਤਿ ਮੈ ਕਹਾਂ ॥**

ਸੰਤਾਂ ਦੀ ਸਭਾ ਵਿਚ ਬੈਠਕੇ ਜੋ ਆਪਦੀ ਕੀਰਤੀ ਹੈ ਉਸਨੂੰ ਮੈ ਉਚਾਰਨ ਕਰਾਂ ।

**ਅਰਪੀ ਸਭੁ ਸੀਗਾਰੁ ਏਹੁ ਜੀਉ ਸਭੁ ਦਿਵਾ ॥**

ਸਾਧਨਾ ਰੂਪ ਸਾਰਿਆਂ ਸਿੰਗਾਰਾਂ ਨੂੰ ਅਰਪਨ ਕਰ ਦਿਆਂ । ਅਤੇ ਸਭ ਆਪਣਾ ਜੀਅ ਵੀ ਦਿਆਂ ਭਾਵ ਸਾਰੀ ਉਮਰ ਇਸਦੀ ਸੇਵਾ ਵਿਚ ਗੁਜਾਰਾਂ ।

**ਆਸ ਪਿਆਸੀ ਸੇਜ ਸੁ ਕੰਤਿ ਵਿਛਾਈਐ ॥**

ਉਸਦੇ ਦਰਸ਼ਨ ਦੀ ਆਸਾ ਕਰ ਪਿਆਸੀ ਹੋਕੇ ਪਤੀ ਦੇ ਮਿਲਨ ਵਾਸਤੇ ਸਰਧਾ ਰੂਪ ਸੇਜ ਨੂੰ ਵਿਛਾਵਣਾਂ ਕਰਾਂ ।

**ਹਰਿਹਾਂ ਮਸਤਕਿ ਹੋਵੈ ਭਾਗੁ ਤ ਸਾਜਨੁ ਪਾਈਐ ॥੨॥**

ਹਰਿਹਾਂ = ਹੇ ਭਾਈ ਸੰਬੋਧਨ ਹੈ ਕਈ ਇਉਂ ਕਥਨ ਕਰਦੇ ਹਨ ਕਿ ਜਦੋਂ ਗੁਰੂ ਅਰਜਨ ਜੀ ਦਾ ਵਿਆਹ ਪਉ ਪਿੰਡ ਵਿਚ ਹੋਣ ਲਗਾ ਤਾਂ ਗੁਰੂ ਜੀ

ਨੇ ਉਹਨਾਂ ਇਸਤ੍ਰੀਆਂ ਨੂੰ ਸੰਬੋਧਨ ਕਰਕੇ ਇਹ ਪਦ ਇਸ ਛੰਦ ਵਿਚ ਉਚਾਰਨ ਕੀਤਾ ਹੈ ਜਾਂ ਇਸ ਛੰਦ ਦੀ ਇਹ ਰੀਤ ਸਮਝੋ ।

ਜਦੋਂ ਮਥੇ ਉਤੇ ਪੂਰਨ ਭਾਗ ਹੋਣ ਤਾਂ ਉਸ ਵਾਹਿਗੁਰੂ ਸੱਜਣ ਨੂੰ ਪਾਈਦਾ ਹੈ ॥ ੨ ॥

**ਸਖੀ ਕਾਜਲ ਹਾਰ ਤੰਬੋਲੁ ਸਭੈ ਕਿਛੁ ਸਾਜਿਆ ॥**

ਹੇ ਸਖੀ ਸੰਤ ਜਨੋਂ ਸਮਾਧੀ ਰੂਪ ਕੱਜਲ ਹਰਿ ਹਰਿ ਨਾਮ ਰੂਪ ਹਾਰ ਮਿਠੇ ਬਚਨ ਰੂਪ ਪਾਨ ਬੀੜਾ ਏਹੋ ਜਹੇ ਸਾਰਿਆਂ ਕੰਮਾਂ ਨੂੰ ਸਾਜਣਾ ਕੀਤਾ ।

**ਸੋਲਹ ਕੀਏ ਸੀਗਾਰ ਕਿ ਅੰਜਨੁ ਪਾਜਿਆ ॥**

ਅੰਜਨ = ਸੁਰਮੇਂ ਦਾ ਨਾਮ ਹੈ ਕੱਜਲ ਹੋਰ ਸੁਰਮਾਂ ਹੁੰਦਾ ਹੈ।ਪਾਜਿਆ = ਪਾਇਆ।

ਦਸ ਇੰਦਰੇ ਪੰਜ ਪ੍ਰਾਣ ਇਕ ਮਨ ਇਹਨਾਂ ੧੬ ਨੂੰ ਆਪਣੇ ਵੱਸ ਕਰਨ ਰੂਪ ਸੋਲਾਂ ਸ਼ਿੰਗਾਰਾਂ ਨੂੰ ਕੀਤਾ ਸ਼ਾਸਤ੍ਰਾਂ ਦਾ ਗਿਆਨ ਸੁਰਮਾਂ ਵੀ ਪਾਇਆ ॥

**ਜੇ ਘਰਿ ਆਵੈ ਕੰਤੁ ਤ ਸਭੁ ਕਿਛੁ ਪਾਈਐ ॥**

ਜੇ ਅੰਤਸ਼ ਕਰਨ ਰੂਪ ਘਰ ਵਿਚ ਪਤੀ ਪਰਮਾਤਮਾਂ ਪਰਗਟ ਹੋਵੇ ਤਾਂ ਸਭ ਕੁਛ ਪਾ ਲਈ ਦਾ ਹੈ ਭਾਵ ਸਾਰੇ ਸਿੰਗਾਰ ਸਫਲ ਹੁੰਦੇ ਹਨ ॥

**ਹਰਿ ਹਾਂ ਕੰਤੈ ਬਾਝੁ ਸੀਗਾਰੁ ਸਭੁ ਬਿਰਥਾ ਜਾਈਐ ॥ ੩ ॥**

ਹੇ ਭਾਈ ਉਸ ਪਤੀ ਦੇ ਮਿਲਨ ਬਿਨਾਂ ਸਾਰੇ ਸਿੰਗਾਰ ਬਿਅਰਥ ਚਲੇ ਜਾਂਦੇ ਹਨ ॥ ੩ ॥

**ਜਿਸੁ ਘਰਿ ਵਸਿਆ ਕੰਤੁ ਸਾ ਵਡਭਾਗਣੇ ॥**

ਜਿਸਦੇ ਰਿਦੇ ਵਿਚ ਪ੍ਰਮਾਤਮਾਂ ਪਤੀ ਵੱਸਿਆ ਹੈ ਓਹ ਆਦਮੀ ਰੂਪ ਇਸਤ੍ਰੀ ਵੱਡਿਆਂ ਭਾਗਾਂ ਵਾਲੀ ਹੈ ॥

**ਤਿਸੁ ਬਨਿਆ ਹਭੁ ਸੀਗਾਰੁ ਸਾਈ ਸੋਹਾਗਣੇ ॥**

ਸਾਧਨਾ ਰੂਪ ਸਿੰਗਾਰ ਉਸਦਾ ਸਾਰਾ ਹੀ ਚੰਗਾ ਬਣਿਆ ਹੈ ਇਸੇ ਕਰਕੇ ਓਹੋ ਸੁਹਾਗਣੀ ਹੈ ॥

**ਹਉ ਸੁਤੀ ਹੋਇ ਅਚਿੰਤ ਮਨਿ ਆਸ ਪੁਰਾਈਆ ॥**

ਓਹਨਾਂ ਸੁਹਾਗਣੀਆਂ ਨੂੰ ਮਿਲਕੇ ਜੋ ਵੇਖਕੇ ਮੈਂ ਵੀ ਬੇਫਿਕਰ ਹੋਕੇ ਸੁਤੀ ਕਿਉਂ ਜੋ ਮਨ ਦੀ ਆਸਾ ਪੂਰੀ ਹੋ ਗਈ ॥

**ਹਰਿ ਹਾਂ ਜਾ ਘਰਿ ਆਇਆ ਕੰਤੁ ਤ ਸਭੁ ਕਿਛੁ ਪਾਈਆ ।੪।**

ਹੇ ਭਾਈ ਜਦੋਂ ਪਤੀ ਘਰ ਵਿਚ ਆਇਆ ਹੈ ਤਾਂ ਸਭ ਕੁਛ ਪਾਲਿਆ ਹੈ ॥੪॥

**ਆਸਾ ਇਤੀ ਆਸ ਕਿ ਆਸ ਪੁਰਾਈਐ ॥**

ਮੈਂ ਆਸਾ ਵਾਲੀ ਨੂੰ ਬਹੁਤ ਹੀ ਆਸਾ ਹੈ ਜੋ ਮੇਰੀ ਆਸਾ ਨੂੰ ਪੂਰੀ ਕਰੋ ॥

**ਸਤਿਗੁਰ ਭਏ ਦਇਆਲ ਤ ਪੂਰਾ ਪਾਈਐ ॥**

ਜਦੋਂ ਗੁਰੂ ਦਿਆਲੂ ਹੋਵੇ ਤਾਂ ਪੂਰਾ ਪ੍ਰਮਾਤਮਾਂ ਪਾਈਦਾ ਹੈ ॥

**ਮੈ ਤਨਿ ਅਵਗਣ ਬਹੁਤੁ ਕਿ ਅਵਗਣ ਛਾਇਆ ॥**

ਮੇਰੇ ਸਰੀਰ ਵਿਚ ਬਹੁਤ ਔਗੁਣ ਹਨ ਜਿਨਾਂ ਔਗਣਾਂ ਨੇ ਮੇਰਾ ਮਨ ਵੀ ਢੱਕਿਆ ਹੋਇਆ ਹੈ ॥

**ਹਰਿ ਹਾਂ ਸਤਿਗੁਰ ਭਏ ਦਇਆਲ ਤ ਮਨੁ ਠਹਰਾਇਆ ॥੫॥**

ਹੇ ਭਾਈ ਜਦੋਂ ਮੇਰੇ ਉਤੇ ਗੁਰੂ ਦਿਆਲੂ ਹੋਇ ਤਾਂ ਮੇਰਾ ਮਨ ਔਗਣਾਂ ਤੋਂ ਬਚਕੇ ਖੜੋ ਗਿਆ ॥ ੫ ॥

**ਕਹੁ ਨਾਨਕ ਬੇਅੰਤੁ ਬੇਅੰਤੁ ਧਿਆਇਆ ॥**

ਗੁਰੂ ਜੀ–ਜਿਨਾਂ ਨੇ ਬਿਅੰਤ ਪ੍ਰਮਾਤਮਾਂ ਨੂੰ ਬਿਅੰਤ ਵਾਰੀ ਯਾਦ ਕੀਤਾ ਹੈ।

**ਦੁਤਰੁ ਇਹੁ ਸੰਸਾਰੁ ਸਤਿਗੁਰੂ ਤਰਾਇਆ ॥**

ਓਹਨਾਂ ਨੂੰ ਇਸ ਔਖੇ ਸੰਸਾਰ ਤੋਂ ਗੁਰੂ ਨੇ ਤਰਾ ਲਿਆ ਹੈ ॥

**ਮਿਟਿਆ ਆਵਾ ਗਉਣੁ ਜਾਂ ਪੂਰਾ ਪਾਇਆ ॥**

ਜਦੋਂ ਪੂਰਾ ਪ੍ਰਮਾਤਮਾਂ ਪਾਇਆ ਤਾਂ ਸਾਡਾ ਜੰਮਣਾ ਮਰਣਾ ਦੂਰ ਹੋ ਗਿਆ

**ਹਰਿ ਹਾਂ ਅੰਮ੍ਰਿਤੁ ਹਰਿ ਕਾ ਨਾਮੁ ਸਤਿਗੁਰ ਤੇ ਪਾਇਆ ॥੬॥**

ਹੇ ਭਾਈ ਅੰਮ੍ਰਿਤ ਰੂਪ ਹਰੀ ਦਾ ਨਾਮ ਗੁਰੂ ਤੋਂ ਪਾ ਲਿਆ ਹੈ ॥ ੬ ॥

**ਮੇਰੈ ਹਾਥਿ ਪਦਮੁ ਆਗਨਿ ਸੁਖ ਬਾਸਨਾ ॥**

ਮੇਰੇ ਮਨ ਰੂਪ ਹੱਥ ਵਿਚ ਪ੍ਰੇਮ ਰੂਪ ਕੌਲਫੁਲ ਹੈ ਏਸੇ ਕਰਕੇ ਮੇਰੇ ਅੰਤਸ਼ ਕਰਨ ਰੂਪ ਵੇਹੜੇ ਵਿਚ ਸੁਖਾਂ ਦਾ ਵੱਸਣਾਂ ਹੋਇਆ ਹੈ ॥

**ਸਖੀ ਮੋਰੈ ਕੰਠਿ ਰਤੰਨੁ ਪੇਖਿ ਦੁਖੁ ਨਾਸਨਾ ॥**

ਹੇ ਸੰਤ ਮੇਰੇ ਗਲ ਵਿਚ ਪ੍ਰਮਾਤਮਾਂ ਦਾ ਪ੍ਰਗਟ ਹੋਣਾ ਰਤਨ ਹੈ ਜਿਸਨੂੰ ਦੇਖਕੇ ਮੇਰਾ ਸਾਰਾ ਦੁਖ ਨੱਸ ਗਿਆ ਹੈ ॥

**ਬਾਸਉ ਸੰਗਿ ਗੁਪਾਲ ਸਗਲ ਸੁਖ ਰਾਸਿ ਹਰਿ ॥**

ਹਰੀ ਗੁਪਾਲ ਜੇਹੜਾ ਸਾਰੇ ਸੁਖਾਂ ਦੀ ਰਾਸ ਹੈ ਹੁਣ ਮੈਂ ਉਸਦੇ ਨਾਲ ਹੀ ਵੱਸਦਾ ਹਾਂ ॥

**ਹਰਿ ਹਾਂ ਰਿਧਿ ਸਿਧਿ ਨਵਨਿਧਿ ਬਸਹਿ ਜਿਸੁ ਸਦਾ ਕਰਿ॥੭॥**

ਹੇ ਭਾਈ ਜਿਸਦੇ ਹੱਥ ਉਤੇ ਸਦਾ ਹੀ ਰਿਧੀਆਂ ਸਿਧੀਆਂ ਨੌ ਨਿਧੀਆਂ ਵਸਦੀਆਂ ਹਨ ॥ ੭ ॥

**ਪਰ ਤ੍ਰਿਅ ਰਾਵਣਿ ਜਾਹਿ ਸੇਈ ਤਾ ਲਾਜੀਅਹਿ॥**

ਜੇਹੜੇ ਪਰਾਈਆਂ ਇਸਤ੍ਰੀਆਂ ਨੂੰ ਬੁਰੀ ਵਾਸ਼ਨਾ ਕਰਕੇ ਮਿਲਨ ਜਾਂਦੇ ਹਨ ਓਹ ਪ੍ਰਮਾਤਮਾਂ ਪਾਸ ਜਾਕੇ ਲੱਜਿਆ ਵਾਲੇ ਹੁੰਦੇ ਹਨ ॥

**ਨਿਤਪ੍ਰਤਿ ਹਿਰਹਿ ਪਰ ਦਰਬੁ ਛਿਦ੍ਰ ਕਤ ਢਾਕੀਅਹਿ॥**

ਜੇਹੜੇ ਪਰਾਏ ਧਨ ਨੂੰ ਹਰ ਰੋਜ ਚੁਰਾਉਂਦੇ ਹਨ ਓਹਨਾਂ ਦੇ ਦੋਖ ਕਦ ਢਕੇ ਜਾਂਦੇ ਹਨ ਭਾਵ ਚੋਰੀ ਪ੍ਰਗਟ ਹੋ ਜਾਂਦੀ ਹੈ ॥

**ਹਰਿ ਗੁਣ ਰਮਤ ਪਵਿਤ੍ਰ ਸਗਲ ਕੁਲ ਤਾਰਈ॥**

ਜੇਹੜੇ ਪ੍ਰਮਾਤਮਾਂ ਦੇ ਗੁਣਾਂ ਨੂੰ ਉਚਾਰਨ ਕਰਦੇ ਹਨ ਓਹ ਪਵਿਤ੍ਰ ਹੋ ਗਏ ਹਨ ਅਤੇ ਸਾਰੀਆਂ ਕੁਲਾਂ ਨੂੰ ਓਹਨਾਂ ਨੇ ਤਾਰ ਲਿਆ ਹੈ ॥

**ਹਰਿ ਹਾਂ ਸੁਨਤੇ ਭਏ ਪੁਨੀਤ ਪਾਰਬ੍ਰਹਮ ਬੀਚਾਰਈ॥ ੮ ॥**

ਹੇ ਭਾਈ ਜੇਹੜੇ ਮਨ ਨਾਲ ਪ੍ਰਮਾਤਮਾਂ ਨੂੰ ਵਿਚਾਰਦੇ ਅਤੇ ਹਰੀ ਦਾ ਨਾਮ ਸੁਣਦੇ ਹਨ ਓਹ ਪਵਿੱਤ੍ਰ ਹੋਗਏ ਹਨ ॥ ੮ ॥

**ਊਪਰਿ ਬਨੈ ਅਕਾਸੁ ਤਲੈ ਧਰ ਸੋਹਤੀ॥**

ਉਤੇ ਅਕਾਸ਼ ਚੰਦੋਆ ਬਣਿਆ ਹੋਯਾ ਸੋਭਦਾ ਹੈ ਅਤੇ ਹੇਠਾਂ ਧਰਤੀ ਫਰਸ਼ ਹੋਕੇ ਸੋਭਦੀ ਹੈ ॥

**ਦਹਦਿਸ ਚਮਕੈ ਬੀਜੁਲਿ ਮੁਖ ਕਉ ਜੋਹਤੀ॥**

ਜੋਹਤੀ = ਦੇਖਦੀ ਜਾਂ ਚਾਹੁੰਦੀ ॥

ਬਿਜਲੀ ਵੀ ਜਿਸ ਦੀ ਸ਼ਕਤੀ ਨਾਲ ਚਾਨਣ ਕਰਦੀ ਹੈ ਜਾਂ ਦਸਾਂ ਪਾਸਿਆਂ ਵਿਚ ਬਿਜਲੀ ਵਾਂਗੂੰ ਚਾਨਣ ਹੈ ਮੈਂ ਉਸਦੇ ਮੂੰਹ ਨੂੰ ਦੇਖਦੀ ਹਾਂ ॥

**ਖੋਜਤ ਫਿਰਉ ਬਿਦੇਸਿ ਪੀਉ ਕਤ ਪਾਈਐ॥**

ਉਸਨੂੰ ਮੈਂ ਪਰਦੇਸਾਂ ਵਿਚ ਲੱਭਦੀ ਫਿਰਦੀ ਹਾਂ ਅਤੇ ਪੁਛਦੀ ਹਾਂ ਇੱਕੁਰ ਦੇ ਪਤੀ ਨੂੰ ਕਿਸਤਰਾਂ ਜਾਂ ਕਿੱਥੇ ਲੱਭੀਏ ॥

**ਹਰਿ ਹਾਂ ਜੇ ਮਸਤਕਿ ਹੋਵੈ ਭਾਗੁ ਤ ਦਰਸਿ ਸਮਾਈਐ॥ ੯ ॥**

ਹੇ ਭਾਈ ਜੇ ਮਥੇ ਉਤੇ ਪੂਰਨ ਭਾਗ ਹੋਵੇ ਤਾਂ ਉਸਦੇ ਦਰਸ਼ਨ ਵਿਚ ਸਮਾ ਜਾਈਦਾ ਹੈ ॥ ੯ ॥

"ਸ੍ਰੀ ਅੰਮ੍ਰਿਤਸਰ ਜਾਂ ਸਤਸੰਗ"

## ਡਿਠੇ ਸਭੇ ਥਾਵ ਨਹੀ ਤੁਧੁ ਜੇਹਿਆ ॥

ਹੇ ਅਮ੍ਰਿਤਸਰ ਸਾਰੇ ਥਾਂ ਦੇਖੇ ਹਨ ਪਰ ਤੇਰੇ ਵਰਗਾ ਕੋਈ ਨਹੀਂ ਦੇਖਿਆ

## ਬਧੋਹੁ ਪੁਰਖਿ ਬਿਧਾਤੈ ਤਾਂ ਤੂ ਸੋਹਿਆ ॥

ਮਨ ਦੀਆਂ ਇਛਿਆ ਪੂਰੀਆਂ ਕਰਨ ਵਾਲੇ ਗੁਰੂ ਰਾਮਦਾਸ ਪੁਰਖ ਨੇ ਤੈਨੂੰ ਬੰਨਿਆ ਭਾਵ ਵਸਾਯਾ ਹੈ ਏਸੇ ਕਰਕੇ ਤੂੰ ਬੜਾ ਸੋਹਣਾ ਲਗਦਾ ਹੈਂ ।

## ਵਸਦੀ ਸਘਨ ਅਪਾਰ ਅਨੂਪ ਰਾਮਦਾਸ ਪੁਰ ॥

ਤੇਰੀ ਵਸਦੀ ਅਪਾਰ ਸੰਘਣੀ ਹੈ ਬੜਾ ਸੁੰਦਰ ਗੁਰੂਰਾਮਦਾਸ ਦਾ ਸ਼ਹਿਰ ਹੈ।

## ਹਰਿਹਾਂ ਨਾਨਕ ਕਸਮਲ ਜਾਹਿ ਨਾਇਐ ਰਾਮਦਾਸ ਸਰ॥੧੦॥

ਗੁਰੂ ਜੀ–ਹੇ ਭਾਈ ਰਾਮਦਾਸ ਸਰੋਵਰ ਵਿਚ ਨ੍ਹਾਤਿਆਂ ਸਾਰੇ ਪਾਪ ਨਸ਼ਟ ਹੋ ਜਾਂਦੇ ਹਨ ॥

"ਅਥਵਾ ਦੂਜਾ ਅਰਥ"

ਹੇ ਸਤਿਸੰਗ ਤੂੰ ਬੜਾ ਸੋਹਣਾ ਥਾਂ ਹੈਂ ਤੇਰੇ ਵਰਗਾ ਮੈਂ ਹੋਰ ਕੋਈ ਥਾਂ ਨਹੀਂ ਵੇਖਿਆ ਹੈ ॥

ਕਿਉਂ ਜੋ ਅਕਾਲ ਪੁਰਖ ਮਨ ਦੀਆਂ ਇਛਿਆਂ ਪੂਰੀਆਂ ਕਰਨ ਵਾਲੇ ਨੇ ਤੈਨੂੰ ਵਸਾਇਆ ਹੈ ਏਸੇ ਕਰਕੇ ਤੇ ਤਾਂ ਸੋਭਾ ਪਾਉਂਦਾ ਹੈਂ ॥

ਰਾਮ ਦੇ ਦਾਸਾਂ ਦਾ ਸ਼ਹਿਰ ਸਤਿਸੰਗ ਬੜਾ ਸੁੰਦਰ ਹੈ ਜਿਸਦੀ*ਵਸਦੀ ਬੜੀ ਸੰਘਣੀ ਹੈ ॥

ਰਾਮ ਦੇ ਦਾਸਾਂ ਦੇ ਸਰੋਵਰ ਸਤਿਸੰਗ ਵਿਚ †ਨਾਈਏ ਭਾਈ ਆਈਏ ਜਾਈਏ ਤਾਂ ਸਾਰੇ ਪਾਪ ਦੂਰ ਹੋ ਜਾਂਦੇ ਹਨ ॥ ੧੦ ॥

## ਚਾਤ੍ਰਿਕ ਸੁਚਿਤ ਸੁ ਸਾਜਨੁ ਚਾਹੀਐ ॥

ਜਿੱਕੁਰ ਪਪੀਹਾ ਮਨ ਵਿਚ ਸੁਚੇਤ ਹੋਕੇ ਮੇਘ ਰੂਪੀ ਸ੍ਰੇਸ਼ਟ ਸੱਜਣ ਨੂੰ ਚਾਹੁੰਦਾ ਹੈ ॥

## ਜਿਸੁ ਸੰਗਿ ਲਾਗੇ ਪ੍ਰਾਣ ਤਿਸੈ ਕਉ ਆਹੀਐ ॥

ਜਿਸ ਬਦਲ ਦੇ ਨਾਲ ਉਸਦੇ ਪ੍ਰਾਣ ਲਗੇ ਹੋਏ ਹਨ ਭਾਵ ਸ੍ਵਾਂਤ ਬੂੰਦ ਕਰਕੇ ਉਸਦੇ ਪ੍ਰਾਣ ਖੜ੍ਹੋਂਦੇ ਹਨ ਉਸੇ ਦੇ ਦਰਸ਼ਨ ਨੂੰ ਆਹੀਐ = ਚਾਹੁੰਦਾ ਹੈ ॥

## ਬਨੁ ਬਨੁ ਫਿਰਤ ਉਦਾਸ ਬੂੰਦ ਜਲ ਕਾਰਣੇ ॥

---

*ਭਾਵ ਤੇਰੇ ਵਿਚ ਬੜੇ ਗੁਣ ਹਨ ।

†ਨਾਮ ਅੰਮ੍ਰਿਤ ਹੈ ਉਸ ਵਿਚ ਇਸ਼ਨਾਨ ਕਰਨਾ ਭਾਵ ਉਸਨੂੰ ਜਪਣਾ ॥

ਓਹ ਇਕ ਪਾਣੀ ਦੀ ਬੂੰਦ ਵਾਸਤੇ ਉਦਾਸ ਹੋਇਆ ੨ ਬਨਾਂ ੨ ਵਿਚ ਦਿਨੇ ਰਾਤ ਫਿਰਦਾ ਹੈ ॥

**ਹਰਿਹਾਂ ਤਿਉ ਹਰਿ ਜਨੁ ਮਾਂਗੈ ਨਾਮੁ ਨਾਨਕ ਬਲਿਹਾਰਣੇ॥੧੧**

ਗੁਰੂ ਜੀ–ਇੱਕੁਰ ਹੀ ਹਰੀ ਦੇ ਪਿਆਰੇ ਨਾਮ ਨੂੰ ਮੰਗਦੇ ਹਨ ਮੈਂ ਓਹਨਾਂ ਤੋਂ ਬਲਿਹਾਰ ਜਾਂਦਾ ਹਾਂ ॥ ੧੧ ॥

**ਮਿਤ ਕਾ ਚਿਤੁ ਅਨੂਪੁ ਮਰੰਮੁ ਨ ਜਾਨੀਐ ॥**

ਸਾਰਿਆਂ ਦਾ ਪਿਆਰਾ ਮਿਤ੍ਰ ਜੋ ਪ੍ਰਮਾਤਮਾਂ ਹੈ ਉਸਦਾ ਬੜਾ ਸੁੰਦਰ ਚਿਤ ਹੈ ਉਸਦਾ ਭੇਦ ਕਿਸੇ ਤਰਾਂ ਵੀ ਨਹੀਂ ਜਾਣਿਆਂ ਜਾਂਦਾ ਹੈ।

**ਗਾਹਕ ਗੁਨੀ ਅਪਾਰ ਸੁ ਤਤੁ ਪਛਾਨੀਐ ॥**

ਉਸ ਅਪਾਰ ਪ੍ਰਮਾਤਮਾਂ ਦੇ ਖਰੀਦਣ ਵਾਲੇ ਸਾਰਿਆਂ ਗੁਣਾਂ ਨਾਲ ਭਰੇ ਹੋਏ ਸੰਤ ਹਨ ਸੋ ਇਹ ਤੱਤ ਰੂਪ ਨੂੰ ਗੁਰੂ ਦੀ ਰਾਹੀਂ ਪਛਾਣ ਲੈਂਦੇ ਹਨ ॥

**ਚਿਤਹਿ ਚਿਤੁ ਸਮਾਇ ਤ ਹੋਵੈ ਰੰਗੁ ਘਨਾ ॥**

ਜੇਹੜਾ ਆਪਣੇ ਚਿਤ ਨੂੰ ਉਸ ਚੇਤਨ ਰੂਪ ਪ੍ਰਮਾਤਮਾਂ ਵਿਚ ਸਮਾਵੇ = ਮਿਲਾਵੇ ਤਾਂ ਬੜਾ ਅਨੰਦ ਮਿਲਦਾ ਹੈ ॥

**ਹਰਿਹਾਂ ਚੰਚਲ ਚੋਰਹਿ ਮਾਰਿ ਤ ਪਾਵਹਿ ਸਚੁ ਧਨਾ ॥ ੧੨ ॥**

ਹੇ ਭਾਈ ਕਾਮ ਆਦਿਕ ਚੰਚਲ ਚੋਰਾਂ ਨੂੰ ਮਾਰੀਦੇ ਤੇ ਤਾਂ ਸਚੇ ਨਾਮ ਧਨ ਨੂੰ ਪਾਈਦਾ ਹੈ ॥ ੧੨ ॥

**ਸੁਪਨੈ ਊਭੀ ਭਈ ਗਹਿਓ ਕੀ ਨ ਅੰਚਲਾ ॥**

ਹੇ ਸਖੀ ਸੰਤੋ ਮਹਾਤਮੋ ਮੈਂ ਸੁਪਨੇ ਵਿਚ ਦੋ ਰੂਪ ਹੋ ਗਈ ਭਾਵ ਇਕ ਮੈਂ ਅਤੇ ਇਕ ਮੇਰਾ ਪਤੀ ਭਾਵ ਪ੍ਰਮਾਤਮਾਂ ਮੇਰੇ ਰਿਦੇ ਵਿਚ ਪ੍ਰਗਟ ਹੋਇਆ "ਮੈਂ ਤੋ" ਹੇ ਭਾਈ ਪਿਆਰਿਆ ਤੂੰ ਫਿਰ ਉਸਦਾ ਪੱਲਾ ਕਿਉਂ ਨਾ ਫੜਿਆ ਭਾਵ ਉਸ ਨਾਲ ਮਨ ਕਿਉਂ ਨ ਮੇਲਿਆ ॥

**ਸੁੰਦਰ ਪੁਰਖ ਬਿਰਾਜਤ ਪੇਖਿ ਮਨੁ ਬੰਚਲਾ ॥**

"ਛੋਟੀ ਸਖੀ" ਹੇ ਸੰਤੋ ਜਦੋਂ ਉਹ ਸੁੰਦਰ ਪੁਰਖ ਬਿਰਾਜਮਾਨ ਹੋਇਆ ੨ ਵੇਖਿਆ ਤਾਂ ਉਸਨੇ ਮੇਰਾ ਮਨ ਮੋਹਤ ਕਰਕੇ ਠੱਗ ਲਿਆ ਏਸੇ ਕਰਕੇ ਮੈਨੂੰ ਫੜਨ ਦੀ ਸੁਧ ਨ ਰਹੀ ॥

**ਖੋਜਉ ਤਾ ਕੇ ਚਰਣ ਕਹਹੁ ਕਤ ਪਾਇਐ ॥**

ਹੁਣ ਮੈਂ ਉਸਦੇ ਚਰਨਾਂ ਨੂੰ ਲੱਭਦੀ ਫਿਰਦੀ ਹਾਂ ਹੇ ਸਖੀ ਦੱਸ ਉਸਨੂੰ ਕਿਸਤਰਾਂ ਪਾਈਦਾ ਹੈ ॥

ਹਰਿਹਾਂ ਸੋਈ ਜਤੰਨੁ ਬਤਾਇ ਸਖੀ ਪ੍ਰਿਉ ਪਾਈਐ ॥ ੧੩ ॥

ਹੇ ਭਾਈ ਉਹ ਜਤਨ ਦੱਸ ਜਿਸਤਰਾਂ ਉਸ ਪਿਆਰੇ ਪ੍ਰਮਾਤਮਾਂ ਨੂੰ ਪਾ ਲਈਏ ॥ ੧੩ ॥

"ਪ੍ਰਮਾਤਮਾਂ ਨੂੰ ਲੱਭਣ ਦਾ ਤਰੀਕਾ"

ਨੈਣ ਨ ਦੇਖਹਿ ਸਾਧ ਸਿ ਨੈਣ ਬਿਹਾਲਿਆ ॥

ਜੇਹੜੇ ਨੇਤ੍ਰ ਸੰਤਾਂ ਨੂੰ ਨ ਦੇਖਣ ਓਹੁ ਨੇਤ੍ਰ ਦੁਖੀ ਰਹਿੰਦੇ ਹਨ ॥

ਕਰਨ ਨ ਸੁਨਹੀ ਨਾਦੁ ਕਰਨ ਮੁੰਦਿ ਘਾਲਿਆ ॥

ਜੇਹੜੇ ਕੰਨ ਪ੍ਰਮਾਤਮਾਂ ਦੇ ਰਸ ਭਰੇ ਸ਼ਬਦ ਨੂੰ ਨਹੀਂ ਸੁਣਦੇ ਉਹਨਾਂ ਨੂੰ ਮੁੰਦ ਘਾਲਣਾ ਭਾਵ ਬੰਦ ਕਰ ਦੇਣਾ ਚਾਹੀਦਾ ਹੈ।

ਰਸਨਾ ਜਪੈ ਨ ਨਾਮੁ ਤਿਲੁ ਤਿਲੁ ਕਰਿ ਕਟੀਐ ॥

ਜੇਹੜੀ ਜੀਭ ਨਾਮ ਨੂੰ ਨਹੀਂ ਜਪਦੀ ਉਸ ਨੂੰ ਰਤਾ ੨ ਕੱਟ ਦੇਣਾ ਚਾਹੀਦਾ ਹੈ ॥

ਹਰਿਹਾਂ ਜਬ ਬਿਸਰੈ ਗੋਬਿਦ ਰਾਇ ਦਿਨੋਦਿਨੁ ਘਟੀਐ॥੧੪॥

ਹੇ ਭਾਈ ਜਦੋਂ ਪ੍ਰਮਾਤਮਾਂ ਭੁੱਲ ਜਾਵੇ ਤਾਂ ਦਿਨੋਂ ਦਿਨ ਘਾਟਾ ਹੀ ਹੁੰਦਾ ਹੈ।

ਪੰਕਜ ਫਾਥੇ ਪੰਕ ਮਹਾ ਮਦ ਗੁੰਫਿਆ ॥

ਪੰਕਜ = ਕੌਲ ਫੁਲ ॥ ਪੰਕ = ਚਿਕੜ ॥ ਮਹਾਮਦ = ਵੱਡੀ ਵਾਸ਼ਨਾ ॥

ਜਿਸਤਰਾਂ ਕੌਲ ਫੁੱਲ ਚਿਕੜ ਵਿਚ ਫਸੇ ਹੋਇ ਹਨ ਓਹਨਾਂ ਕਮਲਾਂ ਦਾ ਸਾਰਾ ਅੰਗ ਬੜੀ ਭਾਰੀ ਸੁਗੰਧੀ ਦੇ ਨਾਲ ਗੁੰਦਿਆ ਹੋਇਆ ਹੈ।

ਅੰਗ ਸੰਗ ਉਰਝਾਇ ਬਿਸਰਤੇ ਸੁੰਫਿਆ ॥

ਉਸ ਚਿਕੜ ਨਾਲ ਕੌਲਾਂ ਦੇ ਸਾਰੇ ਅੰਗ ਲਿਬੜੇ ਹੋਇ ਹਨ ਜਾਂ ਫਸੇ ਹੋਇ ਹਨ ਏਸੇ ਕਰਕੇ ਓਹਨਾਂ ਨੂੰ ਸੁੰਫਿਆ ॥ ਸਫਾਈ ਭੁਲ ਗਈ ਹੈ ਭਾਵ ਓਹ ਬੜੇ ਮੈਲੇ ਹੁੰਦੇ ਹਨ ॥

ਹੈ ਕੋਉ ਐਸਾ ਮੀਤੁ ਜਿ ਤੋਰੈ ਬਿਖਮ ਗਾਂਠਿ ॥

ਹੇ ਭਾਈ ਕੌਲ ਫੁਲ ਦਾ ਕੋਈ ਐਸਾ ਮਿਤ੍ਰ ਹੈ ਜੋ ਕੌਲ ਦੀ ਚਿੱਕੜ ਨਾਲ ਬੜੀ ਭਾਰੀ ਕਰੜੀ ਗੰਢ ਪਾਈ ਹੋਈ ਤੋੜ ਸੁਟੇ।

ਨਾਨਕ ਇਕੁ ਸ੍ਰੀ ਧਰ ਨਾਥੁ ਜਿ ਟੂਟੇ ਲੇਇ ਸਾਂਠਿ ॥ ੧੫ ॥

ਸਾਂਠ = ਗੰਢ ਲੈਣਾ ॥

ਸ੍ਰੀ ਧਰ ਨਾਥ = ਲੱਛਮੀ ਸ਼ਕਤੀ ਨੂੰ ਆਪਣੇ ਆਸਰੇ ਰੱਖਣ ਵਾਲਾ ਜੋ

ਉਸਦਾ ਮਾਲਕ ਪ੍ਰਮਾਤਮਾ ਹੈ। "ਗੁਰੂ ਜੀ" ਇਕ ਪ੍ਰਮਾਤਮਾਂ ਹੀ ਹੈ ਜੇਹੜਾ ਟੁੱਟਿਆਂ ਹੋਇਆਂ ਨੂੰ ਗੰਢ ਲੈਂਦਾ ਹੈ* ॥ ੧੫ ॥

**ਧਾਵਉ ਦਸਾ ਅਨੇਕ ਪ੍ਰੇਮ ਪ੍ਰਭ ਕਾਰਣੇ ॥**

ਮਾਲਕ ਦਾ ਪ੍ਰੇਮ ਲੱਭਣ ਵਾਸਤੇ ਮੈਂ ਅਨੇਕ ਪਾਸਿਆਂਵੱਲਭੁੱਜਾਫਿਰਦਾਹਾਂ।

**ਪੰਚ ਸਤਾਵਹਿ ਦੂਤ ਕਵਨ ਬਿਧਿ ਮਾਰਣੇ ॥**

ਮੈਨੂੰ ਪੰਜ ਚੁਗਲਖੋਰ ਕਾਮ ਆਦਿਕ ਬੜਾ ਸਤਾਉਂਦੇ ਹਨ ਇਹਨਾਂ ਨੂੰ ਮੈਂ ਕਿਸਤਰਾਂ ਮਾਰਨਾ ਕਰਾਂ ॥

**ਤੀਖਣ ਬਾਣ ਚਲਾਇ ਨਾਮੁ ਪ੍ਰਭ ਧ੍ਯਾਈਐ ॥**

ਮਾਲਕ ਦੇ ਨਾਮ ਦਾ ਧਿਆਵਣਾ ਤਿਖਿਆਂ ਬਾਣਾਂ ਦਾ ਚਲਾਉਂਣਾ ਕਰੀਏ

**ਹਰਿਹਾਂ ਮਹਾ ਬਿਖਾਦੀ ਘਾਤ ਪੂਰਨ ਗੁਰੁ ਪਾਈਐ ॥ ੧੬ ॥**

ਹੇ ਭਾਈ ਜਦੋਂ ਪੂਰੇ ਗੁਰੂ ਨੂੰ ਲੱਭ ਲਈਏ ਤਾਂ ਓਹਨਾਂ ਦੇ ਉਪਦੇਸ਼ ਨਾਲ ਵਡੀਆਂ ਬਿਖਾਧੀਆਂ ਦਾ ਘਾਤ ਕਰਨਾ ਜਾਣ ਲਈਦਾ ਹੈ ੧੬ ॥

**ਸਤਿਗੁਰ ਕੀਨੀ ਦਾਤਿ ਮੂਲਿ ਨ ਨਿਖੁਟਈ ॥**

---

*ਪ੍ਰਮਾਤਮਾਂ ਮੀਂਹ ਪਾਵੇ ਕੌਲ ਚਿਕੜ ਤੋਂ ਛੁਟਕੇ ਖਿੜ ਪੈਣ ਇਕੁਰ ਹੀ ਜੀਵ ਕਮਲ ਹੰਕਾਰ ਰੂਪ ਵਾਸ਼ਨਾ ਨਾਲ ਗੁੰਦੇ ਹੋਇ ਮੋਹ ਰੂਪ ਚਿਕੜ ਵਿਚ ਫਸੇ ਹੋਇ ਓਹਨਾਂ ਦਾ ਰਿਦਾ ਟੱਬਰ ਨਾਲ ਫਸਿਆ ਹੋਇਆ ਹੈ ਓਹਨਾਂ ਨੂੰ ਪ੍ਰਮਾਤਮਾਂ ਵੱਲ ਦੀ ਸਫਾਈ ਭੁਲ ਗਈ ਹੈ,ਜੀਵ ਦਾ ਇੱਕੁਰ ਦਾਕੋਈਪਿਆਰਾਹੈ? ਜੇਹੜਾ ਮੋਹ ਰੂਪ ਨਾੜੀ ਗੰਠ ਨੂੰ ਤੋੜ ਸੁੱਟੇ। ਸੋ ਗੁਰੂ ਬੱਦਲ ਉਪਦੇਸ਼ ਦੀ ਬਰਖਾ ਕਰਨ ਤਾਂ ਜੀਵ ਦਾ ਮਨ ਟੁੱਟਾ ਹੋਇਆ ਮੋਹ ਨੂੰ ਛੱਡਕੇ ਪ੍ਰਮਾਤਮਾਂ ਨਾਲ ਜੁੜ ਪਵੇ। ਹੋਰ ਇਸਤਰਾਂ ਵੀ ਅਰਥ ਕਰਦੇ ਹਨ ਜੋ ਕੌਲ ਨਾਲ ਭੌਰੇ ਫਸੇ ਹੋਇ ਹਨ ਜੋ ਬਹੁਤ ਹੀ ਵਾਸ਼ਨਾਂ ਵਿਚ ਗੁੰਦੇ ਹੋਇ ਹਨ ਓਹਨਾਂ ਦੇ ਅੰਗ ਕੌਲਾਂ ਨਾਲ ਫਸੇ ਹੋਇ ਹਨ, ਸੂਰਜ ਡੁਬਣ ਨਾਲ ਭੌਰੇ ਕੌਲਾਂ ਦੇ ਵਿਚ ਹੀ ਰਹਿੰਦੇ ਹਨ, ਉਡ ਜਾਣਾ ਸਫਾਈ ਭੁਲ ਗਈ ਹੈ ਇੱਕੁਰ ਦਾ ਕੋਈ ਭੌਰੇ ਦਾ ਮਿਤ੍ਰ ਹੈ ਜੋ ਕੌਲ ਨਾਲ ਗੰਢ ਪਈ ਹੋਈ ਤੋੜ ਦੇਵੇ ਗੁਰੂ ਜੀ ਇਕ ਪ੍ਰਮਾਤਮਾਂ ਸੂਰਜ ਹੀ ਹੈ ਜੋ ਚੜੇ ਤਾਂ ਭੌਰਾ ਉੱਡ ਜਾਵੇ ਭਾਵ ਇਕ ਆਦਮੀ ਘਰ ਦੇ ਧੰਧਿਆਂ ਵਿਚ ਫਸਿਆ ਹੋਇਆ ਹੈ ਸਾਰੇ ਹੀ ਅੰਗ ਉਸਦੇ ਘਰ ਦੇ ਮੋਹ ਰੂਪ ਚਿਕੜ ਵਿਚ ਫਸੇ ਹੋਇ ਹਨ ਉਸਨੂੰ ਸਫਾਈ ਭੁਲ ਗਈ ਹੈ ਕੋਈ ਚੰਗਾ ਮਿਤ੍ਰ ਹੋਵੇ ਜੋ ਉਸਦੀ ਮੋਹ ਗੰਢ ਤੋੜ ਦੇਵੇ ਤੇ ਪ੍ਰਮਾਤਮਾਂ ਨਾਲ ਪ੍ਰੀਤ ਜੋੜ ਦੇਵੇ ਸੋ ਪ੍ਰਮਾਤਮਾਂ ਹੀ ਹੈ ਜੇਹੜਾ ਜੀਵ ਨੂੰ ਕਿਰਪਾ ਕਰਕੇ ਚੰਗੇ ਪਾਸੇ ਲਾਉਂਦਾ ਹੈ।

ਜਿਨਾਂ ਨੂੰ ਗੁਰੂ ਨੇ ਨਾਮ ਦੀ ਦਾਤ ਕੀਤੀ ਹੈ ਓਹ ਓਹਨਾਂ ਪਾਸੋਂ ਕਦੀ ਮੁਕਦੀ ਨਹੀਂ ਹੈ ॥

**ਖਾਵਹੁ ਭੁੰਚਹੁ ਸਭਿ ਗੁਰਮੁਖਿ ਛੁਟਈ ॥**

ਓਹ ਸ ਰੇ ਖਾਂਦੇ ਖੁਆਂਦੇ ਅਨੰਦ ਲੈਂਦੇ ਨਾਮ ਨੂੰ ਜਪਦੇ ਦਿਲ ਵਿਚ ਧਾਰਦੇ ਓਹ ਗੁਰਮੁਖ ਸੰਸਾਰ ਬੰਧਨਾਂ ਤੋਂ ਛੁਟ ਜਾਂਦੇ ਹਨ ॥

**ਅੰਮ੍ਰਿਤੁ ਨਾਮੁ ਨਿਧਾਨੁ ਦਿਤਾ ਤੁਸਿ ਹਰਿ ॥**

ਪ੍ਰਮਾਤਮਾਂ ਨੇ ਪ੍ਰਸੰਨ ਹੋਕੇ ਨਾਮ ਦਾ ਖਜਾਨਾ ਦਿਤਾ ਹੈ ॥

**ਨਾਨਕ ਸਦਾ ਅਰਾਧਿ ਕਦੇ ਨ ਜਾਂਹਿ ਮਰਿ ॥ ੧੭ ॥**

ਉਸ ਇਕੁਰ ਦੇ ਨਾਮ ਨੂੰ ਓਹ ਹਮੇਸ਼ਾਂ ਯਾਦ ਕਰਦੇ ਹਨ ਤੇ ਕਦੀ ਵੀਕਿਤੇ ਮਰਕੇ ਨਹੀਂ ਜਾਂਦੇ ਹਨ ॥ ੧੭ ॥

**ਜਿਥੈ ਜਾਏ ਭਗਤੁ ਸੁ ਥਾਨੁ ਸੁਹਾਵਣਾ ॥**

ਭਗਤ ਜਿਥੇ ਜਾਣ ਓਹੋ ਥਾਂ ਸੋਹਣਾ ਲਗਦਾ ਹੈ ॥

**ਸਗਲੇ ਹੋਏ ਸੁਖ ਹਰਿਨਾਮੁ ਧਿਆਵਣਾ ॥**

ਜਿਨਾਂ ਨੇ ਹਰਿਨਾਮ ਦਾ ਧਿਆਂਵਣਾ ਕੀਤਾ ਹੈ ਓਹਨਾਂ ਨੂੰ ਸਾਰੇ ਸੁਖ ਹੀ ਸੁਖ ਹੁੰਦਾ ਹੈ ॥

**ਜੀਅ ਕਰਨਿ ਜੈਕਾਰ ਨਿੰਦਕ ਮੁਏ ਪਚਿ ॥**

ਸਾਰੇ ਜੀਅ ਓਹਨਾਂ ਦਾ ਜੈ ਜੈ ਕਾਰ ਕਰਦੇ ਹਨ ਅਤੇ ਨਿੰਦਕ ਖਪਕੇ ਮਰ ਗਏ ਹਨ ॥

**ਸਾਜਨ ਮਨਿ ਆਨੰਦੁ ਨਾਨਕ ਨਾਮੁ ਜਪਿ ॥ ੧੮ ॥**

ਗੁਰੂ ਜੀ–ਨਾਮ ਜਪਕੇ ਸੱਜਣਾਂ ਦੇ ਮਨ ਵਿਚ ਅਨੰਦ ਹੋਯਾ ਹੈ ।

**ਪਾਵਨ ਪਤਿਤ ਪੁਨੀਤ ਕਤਹ ਨਹੀ ਸੇਵੀਐ॥**

ਜੇਹੜੇ ਆਦਮੀ ਪਾਪੀਆਂ ਨੂੰ ਪਵਿਤ੍ਰ ਕਰਨ ਵਾਲੇ ਪਵਿਤ੍ਰ ਪ੍ਰਮਾਤਮਾਂ ਨੂੰ ਕਦੀ ਵੀ ਨਹੀਂ ਸੇਂਵਦੇ ॥

**ਝੂਠੈ ਰੰਗਿ ਖੁਆਰੁ ਕਹਾਂ ਲਗੁ ਖੇਵੀਐ ॥**

ਓਹ ਝੂਠੇ ਵਿਸ਼ਿਆਂ ਦੇ ਅਨੰਦ ਕਰਕੇ ਖਰਾਬ ਹੁੰਦੇ ਹਨ ਇਹ ਅਨੰਦ ਓਹਨਾਂ ਦੇ ਕਿਥੋਂ ਤਕ ਰਹਿਣਗੇ ਭਾਵ ਚਲਣਗੇ ਅੰਤ ਨੂੰ ਨਾਸ ਹਨ ।

**ਹਰਿ ਚੰਦਉਰੀ ਪੇਖਿ ਕਾਹੇ ਸੁਖੁ ਮਾਨਿਆ ॥**

ਅਕਾਸ਼ ਵਿਚ ਗੰਧਰਬ ਨਗਰੀ ਦੇ ਬਰਾਬਰ ਝੂਠੇ ਪਦਾਰਥਾਂ ਨੂੰ ਦੇਖਕੇ

ਹੇ ਜੀਵ ਤੂੰ ਕਿਉਂ ਸੁਖ ਮੰਨਿਆ ਹੈ ॥

ਹਰਿ ਹਾਂ ਹਉ ਬਲਿਹਾਰੀ ਤਿਨ ਜਿ ਦਰਗਹਿ ਜਾਨਿਆ॥੧੯॥

ਹੇ ਭਾਈ ਜਿਨਾਂ ਨੇ ਰਿਦੇ ਥਾਂ ਵਿਚ ਹਰੀ ਨੂੰ ਮੰਨਿਆਂ ਹੈ ਅਸੀਂ ਓਹਨਾਂ ਦੇ ਉਤੋਂ ਦੀ ਬਲਿਹਾਰ ਜਾਂਦੇ ਹਾਂ ਜਾਂ ਮੈਂ ਓਹਨਾਂ ਤੋਂ ਬਲਿਹਾਰ ਹਾਂ ਜੋ ਦਰਗਾਹ ਵਿਚ ਮੰਨੇ ਜਾਂਦੇ ਹਨ ॥ ੧੯ ॥

ਕੀਨੇ ਕਰਮ ਅਨੇਕ ਗਵਾਰ ਬਿਕਾਰ ਘਨ ॥

ਘਨ = ਬਹੁਤ ॥

ਇਸ ਆਦਮੀ ਨੇ ਜਿਸ ਸਰੀਰ ਵਾਸਤੇ ਬਹੁਤ ਵਿਕਾਰਾਂ ਰੂਪ ਅਨੇਕ ਕਰਮ ਕੀਤੇ ਹਨ ॥

ਮਹਾ ਦ੍ਰੁਗੰਧਤ ਵਾਸੁ ਸਠਕਾ ਛਾਰੁ ਤਨ ॥

ਮੂਰਖ ਦਾ ਇਹ ਸਰੀਰ ਮਹਾਂ ਦੁਰਗੰਧੀ ਦਾ ਘਰ ਹੈ ਅਤੇ ਅੰਤ ਨੂੰ ਇਹ ਸੜਕੇ ਸੁਆਹ ਹੋ ਜਾਣ ਵਾਲਾ ਹੈ ॥

ਫਿਰਤਉ ਗਰਬ ਗੁਬਾਰਿ ਮਰਣੁ ਨਹ ਜਾਨਈ ॥

ਫੇਰ ਏਸੇ ਸਰੀਰ ਦੇ ਹੰਕਾਰ ਰੂਪ ਹਨੇਰੇ ਵਿਚ ਫਿਰਦਾ ਹੈ ਅਤੇ ਮਰਨਾ ਨਹੀਂ ਜਾਣਦਾ ਹੈ ॥

ਹਰਿਹਾਂ ਹਰਿ ਚੰਦਉਰੀ ਪੇਖਿ ਕਾਹੇ ਸਚੁ ਮਾਨਈ ॥ ੨੦ ॥

ਹੇ ਭਾਈ ਗੰਧਰਬ ਨਗਰੀ ਬਰਾਬਰ ਇਸ ਝੂਠੇ ਸੰਸਾਰ ਨੂੰ ਵੇਖਕੇ ਕਿਸ ਵਾਸਤੇ ਸਚ ਮੰਨਦਾ ਹੈਂ ॥ ੨੦ ॥

ਜਿਸ ਕੀ ਪੂਜੈ ਅਉਧ ਤਿਸੈ ਕਉਣੁ ਰਾਖਈ ॥

ਜਿਸ ਆਦਮੀ ਦੀ ਉਮਰ ਮੁਕ ਜਾਂਦੀ ਹੈ ਉਸਨੂੰ ਕੌਣ ਰੱਖ ਸਕਦਾ ਹੈ ॥

ਬੈਦਕ ਅਨਿਕ ਉਪਾਵ ਕਹਾਂ ਲਉ ਭਾਖਈ ॥

ਵੈਦਕ ਦੀਆਂ ਕਤਾਬਾਂ ਨੂ ਜਾਨਣ ਵਾਲੇ ਹਕੀਮ ਵੀ ਅਨੇਕਾਂ ਉਪਾਵਾਂ ਨੂ ਕਿਥੋਂ ਤਕ ਉਚਾਰਨ ਕਰਨਗੇ ਕਿਉਂ ਜੋ ਉਸਨੇ ਤਾਂ ਅੰਤ ਨੂੰ ਜਰੂਰ ਮਰਨਾ ਹੈ।

ਏਕੋ ਚੇਤਿ ਗਵਾਰ ਕਾਜਿ ਤੇਰੈ ਆਵਈ ॥

ਹੇ ਮੂਰਖ ਜੀਵ ਇਕ ਪ੍ਰਮਾਤਮਾਂ ਦੇ ਨਾਮ ਨੂ ਯਾਦ ਕਰ ਕਿਉਂ ਜੋ ਏਹੋ ਹੀ ਤੇਰੇ ਕੰਮ ਆਵੇਗਾ ਭਾਵ ਜਨਮ ਮਰਨ ਤੋਂ ਰਹਿਤ ਕਰੇਗਾ ॥

ਹਰਿਹਾਂ ਬਿਨੁ ਨਾਵੈ ਤਨੁ ਛਾਰੁ ਬ੍ਰਿਥਾ ਸਭੁ ਜਾਵਈ ॥ ੨੧ ॥

ਹੇ ਭਾਈ ਨਹੀਂ ਤਾਂ ਨਾਮ ਦੇ ਜਪਿਆਂ ਬਿਨਾਂ ਇਹ ਸਰੀਰ ਸਾਰਾ ਸੜਕੇ ਸੁਆਹ ਹੋਕੇ ਬਿਅਰਥ ਹੀ ਜਾਵੇਗਾ ॥

ਅਉਖਧੁ ਨਾਮੁ ਅਪਾਰੁ ਅਮੋਲਕੁ ਪੀਜਈ ॥

ਅਪਾਰ ਪ੍ਰਮਾਤਮਾਂ ਦਾ ਨਾਮ ਜੋ ਅਮੋਲਕ ਦਵਾਈ ਹੈਉਸਨੂੰ ਜੋਹੜੇ ਸੰਤਜਨ ਸਦਾ ਪੀਂਦੇ ਹਨ ॥

ਮਿਲਿ ਮਿਲਿ ਖਾਵਹਿ ਸੰਤ ਸਗਲ ਕਉ ਦੀਜਈ ॥

ਓਹਨਾਂ ਸੰਤਾਂ ਨੂੰ ਮਿਲ ਮਿਲਕੇ ਹੋਰ ਵੀ ਅਨੇਕਾਂ ਅਧਕਾਰੀ ਖਾਂਦੇ ਹਨ ਭਾਵ ਧਾਰਦੇ ਹਨ ਓਹ ਸੰਤ ਜਨ ਸਾਰਿਆਂ ਜਗਜਾਸੂਆਂ ਨੂੰ ਨਾਮ ਧਨ ਦਾ ਦਾਨ ਕਰਦੇ ਹਨ ॥

ਜਿਸੈ ਪਰਾਪਤਿ ਹੋਇ ਤਿਸੈ ਹੀ ਪਾਵਣੇ ॥

ਜਿਸ ਕਿਸੇ ਨੂੰ ਓਹਨਾਂ ਸੰਤ ਜਨਾਂ ਦਾ ਮਿਲਾਪ ਪ੍ਰਾਪਤਿ ਹੋਇਆ ਹੈ ਉਸ ਨੇ ਹੀ ਨਾਮ ਜਪਕੇ ਅਨੰਦ ਪਾਉਣੇ ਕੀਤੇ ਹਨ ॥

ਹਰਿਹਾਂ ਹਉ ਬਲਿਹਾਰੀ ਤਿਨ ਜਿ ਹਰਿ ਰੰਗੁ ਰਾਵਣੇ ॥ ੨੨ ॥

ਹੇ ਭਾਈ ਮੈ ਓਹਨਾਂ ਤੋਂ ਬਲਿਹਾਰ ਜਾਂਦਾ ਹਾਂ ਜਿਨਾਂ ਨੇ ਪ੍ਰਮਾਤਮਾਂ ਦੇ ਨਾਮ ਪ੍ਰੇਮ ਨਾਲ ਰਾਵਣੇ = ਜਪਣੇ ਕੀਤੇ ਹਨ ॥ ੨੨ ॥

ਵੈਦਾ ਸੰਦਾ ਸੰਗੁ ਇਕਠਾ ਹੋਇਆ ॥

ਜਦੋਂ ਸੰਤਾਂ ਰੂਪ ਹਕੀਮਾਂ ਦਾ ਮਿਲਾਪ ਅਕੱਠਾ ਹੋਇਆ ਭਾਵ ਇਸ ਜੀਵ ਨੇ ਸੰਤਾਂ ਦਾ ਸੰਗ ਕੀਤਾ ॥

ਅਉਖਦ ਆਏ ਰਾਸਿ ਵਿਚਿ ਆਪਿ ਖਲੋਇਆ ॥

ਤਾਂ ਸਾਧਨ ਰੂਪ ਸਾਰੀਆਂ ਦਵਾਈਆਂ ਹੇ ਜਤਨ ਰਾਸ ਆ ਗਏ ਕਿਉਂ ਜੋ ਓਹਨਾਂ ਦੇ ਮੁਕਤੀ ਰੂਪ ਕੰਮ ਵਿਚ ਪ੍ਰਮਾਤਮਾਂ ਆਪ ਆਕੇ ਖਲੋਇਆ ਹੈ ॥

ਜੋ ਜੋ ਓਹਨਾ ਕਰਮ ਸੁ ਕਰਮ ਹੋਇ ਪਸਰਿਆ ॥

ਓਹਨਾਂ ਸ੍ਰੇਸ਼ਟ ਸਤਸੰਗੀਆਂ ਜੇਹੜਾ ੨ ਸਧਾਰਨ ਕਰਮ ਵੀ ਕੀਤਾ ਓਹ ਓਹ ਵੀ ਚੰਗਾ ਕਰਮ ਹੋਕੇ ਫੈਲ ਗਿਆ ॥

ਹਰਿਹਾਂ ਦੂਖ ਰੋਗ ਸਭਿ ਪਾਪ ਤਨ ਤੇ ਖਿਸਰਿਆ ॥ ੨੩ ॥

ਹੇ ਭਾਈ ਅੰਤਸ਼ਕਰਨ ਤੋਂ ਦੁਖਾਂ ਤੇ ਪਾਪਾਂ ਰੋਗਾਂ ਦਾ ਅਕੱਠ ਸਭ ਖਿਸਕ ਗਿਆ ਭਾਵ ਸਰੀਰ ਜਨਮ ਮਰਨ ਤੋਂ ਰਹਿਤ ਹੋਗਿਆ ॥ ੨੩ ॥

# ਚਉਬੋਲੇ ਮਹਲਾ ੫ ॥

## ੧ ੴ ਸਤਿਗੁਰਪ੍ਰਸਾਦਿ ॥

### "ਉਥਾਨਕਾ"

ਲਹੌਰ ਵਿਚ ਸੰਮਨ ਅਤੇ ਮੂਸਨ ਪਿਤਾ ਪੁਤ੍ਰ ਦੋਵੇਂ ਗੁਰੂ ਜੀ ਦੇ ਸਿੱਖ ਸਨ, ਇਕ ਦਿਨ ਗੁਰੂ ਅਰਜਨ ਦੇਵ ਜੀ ਇਹਨਾਂ ਦੇ ਘਰ ਆਏ, ਸਿੱਖਾਂ ਦੇ ਘਰ ਪਦਾ-ਰਥ ਕੋਈ ਨਹੀਂ ਸੀ, ਸਿੱਖਾਂ ਨੇ ਜਾਕੇ ਗੁਰੂ ਜੀ ਦੀ ਸੇਵਾ ਲਈ ਕਿਸੇ ਬਾਣੀਏਂ ਦੀ ਹੱਟ ਦੀ ਛੱਤ ਨੂੰ ਉੱਤੋਂ ਜਾ ਪਾੜਿਆ ਸੰਮਨ ਜੇਹੜਾ ਮੂਸਨ ਦਾ ਪਿਓ ਸੀ ਓਹ ਹੱਟੀ ਦੀ ਛੱਤ ਦੇ ਉਤੇ ਖੜੋਤਾ ਹੋਇਆ ਚੀਜਾਂ ਫੜੀ ਜਾਂਦਾ ਸੀ ਅਤੇ ਮੂਸਨ ਥਲਿਓਂ ਫੜਾਈ ਜਾਂਦਾ ਸੀ। ਜਦੋਂ ਪੁਤ੍ਰ ਨੂੰ ਸੰਮਨ ਉਤਾਹਾਂ ਖਿੱਚਣ ਲੱਗਾ ਤਾਂ ਬਾਣੀਏਂ ਨੇ ਜਾਗਕੇ ਮੂਸਨ ਦੀ ਲੱਤ ਫੜ ਲਈ ਤਾਂ ਸੰਮਨ ਨੇ ਵਿਚਾਰਿਆ ਜੇ ਸਾਡਾ ਕੰਮ ਪ੍ਰਗਟ ਹੋ ਗਿਆ ਤਾਂ ਲੋਕ ਕਹਿਣਗੇ ਗੁਰੂ ਕੇ ਸਿਖ ਚੋਰ ਹਨ, ਇਸ ਕਰਕੇ ਪੁਤ੍ਰ ਦਾ ਸਿਰ ਵੱਢ ਲਿਆ ਅਤੇ ਧਨ ਲਿਆਕੇ ਗੁਰੂ ਜੀ ਦਾ ਪ੍ਰਸ਼ਾਦ ਤਿਆਰ ਕੀਤਾ ਤੇ ਸਾਰੀ ਸੰਗਤ ਨੂੰ ਸੱਦਕੇ ਅਰਜ਼ ਕੀਤੀ ਜੀ ਪ੍ਰਸ਼ਾਦ ਛਕੋ, ਜਦੋਂ ਸੰਮਨ ਨੇ ਪ੍ਰਸ਼ਾਦ ਤਿਆਰ ਕਰਕੇ ਗੁਰੂ ਜੀ ਦੇ ਅੱਗੇ ਰਖਿਆ ਤਾਂ ਗੁਰੂ ਜੀ ਨੇ ਆਖਿਆ ਹੇ ਸੰਮਨ ! ਮੂਸਨ ਕਿਥੇ ਹੈ ? ਉਸਨੂੰ ਸਦੋ ਤਾਂ ਅਸੀਂ ਪ੍ਰਸ਼ਾਦ ਛਕਾਂਗੇ। ਸੰਮਨ ਸੁਣਕੇ ਚੁਪ ਕਰ ਰਿਹਾ, ਉਸ ਵੇਲੇ ਫਿਰ ਗੁਰੂ ਜੀ ਆਪ ਉਚੀ ਦਿਤੀ ਆਖਿਆ ਆਓ ਮੂਸਨ ਪ੍ਰਸ਼ਾਦ ਛਕੀਏ, ਇਹ ਬਚਨ ਸੁਣਕੇ ਮੂਸਨ ਨੇ ਦੌੜਕੇ ਆਕੇ ਗੁਰੂ ਜੀ ਨੂੰ ਮਥਾ ਟੇਕਿਆ ਤਾਂ ਗੁਰੂ ਜੀ ਨੇ ਪ੍ਰਸ਼ਾਦ ਛਕਿਆ ਜਦੋਂ ਗੁਰੂ ਜੀ ਪ੍ਰਸ਼ਾਦ ਛਕ ਬੈਠੇ ਤਾਂ ਸੰਮਨ ਦੇ ਮਨ ਵਿਚ ਆਈ ਕਿ ਮੈਂ ਆਪਣੇ ਪੁਤ੍ਰ ਦਾ ਸਿਰ ਕਟਿਆ ਸੀ ਕੁਝ ਇਸਦੇ ਮਨ ਵਿਚ ਮੇਰੇ ਵਲੋਂ ਦੁਖ ਨ ਹੋਇਆ ਹੋਵੇ ਇਸ ਕਰਕੇ ਉਸ ਵੇਲੇ ਪਿਤਾ ਪੁਤ੍ਰ ਨੇ ਜੋ ਆਪੋ ਵਿਚ ਦੀ ਗਲ ਬਾਤ ਕੀਤੀ ਓਹ ਗੁਰੂ ਜੀ ਆਪਣੇ ਮੁਖ ਤੋਂ ਉਚਾਰਨ ਕਰਦੇ ਹਨ ॥

## ਚਉਬੋਲੇ ਮਹਲਾ ੫

ਚਉਬੋਲੇ = ਛੰਦਾਂ ਦਾ ਨਾਮ ਹੈ ਜੋ ਛੰਦਾਂ ਵਿਚੋਂ ਇਕ ਵਿਸ਼ੇਸ਼ ਛੰਦ ਹਨ। ਅਥਵਾ ਜੇਹੜੇ ਪ੍ਰਸੰਗ ਚਾਰ ਭਗਤਾਂ ਨੇ ਬੋਲੇ ਹਨ ਓਹ ਗੁਰੂ ਜੀ ਇਸ ਬਾਣੀ ਵਿਚ ਆਪ ਛੰਦ ਬੰਦ ਕਰਕੇ ਓਹਨਾਂ ਦਾ ਨਾਮ ਚਉਬੋਲੇ ਰਖਦੇ ਹਨ ॥

**ਸੰਮਨ ਜਉ ਇਸ ਪ੍ਰੇਮ ਕੀ ਦਮ ਕਿਹੁ ਹੋਤੀ ਸਾਟ ॥**

ਦਮਕਿਹੁ = ਦੰਮਾਂ, ਦਮੜਿਆਂ ਰੁਪਯਾਂ, ਸੋਨੇ ਚਾਂਦੀ ਕਰਕੇ,
ਸਾਟ = ਬਦਲੀ ਕਰਨੀ ਕਿਸੇ ਨਾਲ ਕਿਸੇ ਚੀਜ਼ ਦੀ
ਬਦਲੀ ਕਰਨੀ ਕੋਈ ਚੀਜ਼ ਦੇਕੇ ਕੋਈ ਚੀਜ਼ ਲੈਣੀ।

ਸੰਮਨ ਕਹਿੰਦਾ ਹੈ ਹੇ ਪੁਤ੍ਰ ਜੇ ਇਸ ਪ੍ਰੇਮ ਦੀ ਦਮੜਿਆਂ ਨਾਲ ਬਦਲ ਹੁੰਦੀ ॥

**ਰਾਵਨ ਹੁਤੇ ਸੁ ਰੰਕ ਨਹਿ ਜਿਨਿ ਸਿਰ ਦੀਨੇ ਕਾਟਿ ॥ ੧ ॥**

ਤਾਂ ਰਾਵਨ ਬੜਾ ਵੱਡਾ ਰਾਜਾ ਸੀ ਕੁਝ ਓਹ ਗਰੀਬ ਨਹੀਂ ਸੀ ਜਿਸਦੇ ਘਰ ਵੀ ਸੋਨੇ ਦੇ ਸੀ ਜਿਸਨੇ ੧੧ ਵਾਰੀ ਆਪਣੇ ਸਿਰ ਕੱਟਕੇ ਸ਼ਿਵਜੀ ਮਹਾਰਾਜ ਨੂੰ ਦੇ ਦਿਤੇ ਸੀ ਫਿਰ ਕੀ ਉਸਨੂੰ ਪ੍ਰੇਮ ਮਿਲ ਗਿਆ, ਕੋਈ ਨਹੀਂ ਜੋ ਉਸ ਰਾਵਨ ਨੇ ਹੰਕਾਰੀ ਵਿਸ਼ਈ ਕੰਮ ਕੀਤੇ ਓਹ ਜਗਤ ਉਤੇ ਵਿਦਮਾਨ ਹਨ† ॥

ਮੂਸਨ ਆਖਦਾ ਹੈ

**ਪ੍ਰੀਤਿ ਪ੍ਰੇਮ ਤਨੁ ਖਚਿ ਰਹਿਆ ਬੀਚੁ ਨ ਰਾਈ ਹੋਤ ॥**

ਮੂਸਨ ਕਹਿੰਦਾ ਹੈ ਹੇ ਪਿਤਾ ਜੀ ਜਿਨਾਂ ਗੁਰਮੁਖਾਂ ਦਾ ਗੁਰੂ ਪ੍ਰਮਾਤਮਾਂ ਦੇ ਚਰਨਾਂ ਦੇ ਪ੍ਰੇਮ ਪ੍ਰੀਤੀ ਵਿਚ ਤਨ ਮਨ ਖੱਚਤ ਹੋਇਆ ਹੈ ਓਹਨਾਂ ਦਾ ਰਤਾ ਵੀ ਕੋਈ ਭੇਦ ਫਰਕ ਨਹੀ ਹੁੰਦਾ ॥

**ਚਰਨ ਕਮਲ ਮਨੁ ਬੇਧਿਓ ਬੂਝਨੁ ਸੁਰਤਿ ਸੰਜੋਗ ॥ ੨ ॥**

ਓਹਨਾਂ ਦਾ ਮਨ ਗੁਰਾਂ ਦੇ ਚਰਨਾਂ ਕਮਲਾਂ ਵਿਚ ਮਿਲਿਆ ਹੋਇਆ ਹੁੰਦਾ ਹੈ।ਇਸ ਬਾਤ ਨੂੰ ਸੁਰਤ = ਗਿਆਤ ਦੇ ਸੰਜੋਗ ਕਰਕੇ ਬੂਝਨ = ਸਮਝਣਾ ਹੁੰਦਾਹੈ। ਭਾਵ ਮੇਰੀ ਪ੍ਰੀਤੀ ਗੁਰੂ ਦੇ ਚਰਨਾਂ ਵਿਚ ਲੱਗੀ ਹੋਈ ਸੀ ਏਸੇ ਸਿਰ ਕਰਕੇ ਕੱਟਣ ਦੀ ਮੈਨੂੰ ਕੋਈ ਖਬਰ ਨਹੀਂ ਹੈ ॥ ੨ ॥

"ਪ੍ਰੇਮ ਦੀ ਵਡਿਆਈ"

**ਸਾਗਰ ਮੇਰ ਉਦਿਆਨ ਬਨ ਨਵਖੰਡ ਬਸੁਧਾ ਭਰਮ ॥**

ਸਾਗਰ = ਸਮੁੰਦਰ॥ਮੇਰ = ਸੁਮੇਰਪਰਬਤ॥ਉਦਿਆਨ = ਜੰਗਲ॥ਬਸੁਧਾ-ਧਰਤੀ।

ਸਮੁੰਦ੍ਰ, ਸੁਮੇਰ ਪਰਬਤ, ਜੰਗਲ, ਬਨ, ਨੌ ਖੰਡ ਧਰਤੀ ਵਿਚ ਜੇਹੜਾ ਭਰਮਣਾ ਫਿਰਨਾ ਹੈ ॥

**ਮੂਸਨ ਪ੍ਰੇਮ ਪਿਰੰਮ ਕੈ ਗਨਉ ਏਕ ਕਰਿ ਕਰਮ ॥ ੩ ॥**

---

†ਜਿਨਾਂਗੁਰਮੁਖਾਂ ਨੇ ਹੰਕਾਰ ਵਿਕਾਰ ਆਦਿਕ ਸਿਰ ਵੱਢ ਦਿਤਾ ਹੈ ਓਹ ਭਾਵੇਂ ਗਰੀਬ ਵੀ ਹਨ ਤਾਂ ਵੀ ਉਹ ਰਾਜੇ ਹਨ ਕਿਉਂ ਜੋ ਓਹਨਾਂ ਵਿਚ ਪ੍ਰੇਮ ਹੈ ਜੋ ਪੈਸਿਆਂ ਨਾਲ ਨਹੀਂ ਮਿਲਦਾ ॥

ਮੂਸਨ ਕਹਿੰਦਾ ਹੈ ਹੇ ਪਿਤਾ ਜੀ ਉਪਰ ਦਸਿਆਂ ਦੇ ਫਿਰਨ ਵਿਚ ਪਿਰੰਮ = ਪਤੀ ਪ੍ਰਮਾਤਮਾਂ ਦੇ ਪ੍ਰੇਮ ਪ੍ਰਾਪਤਿ ਹੋਣ ਨਾਲ ਇਹਨਾਂ ਵਿਚ ਫਿਰਨਾਂ ਵੀ ਮੈਂ ਇਕ *ਕਦਮਮਾਤ੍ਰ ਗਿਣਦਾ ਹਾਂ, ਭਾਵ ਇਤਨਾ ਫਿਰਨ ਵਿਚ ਵੀ ਮੈਨੂੰ ਬਖੇਵਾਂ ਨਹੀਂ ਹੁੰਦਾ ॥ ੩ ॥

**ਮੂਸਨ ਮਸਕਰ ਪ੍ਰੇਮ ਕੀ ਰਹੀ ਜੁ ਅੰਬਰੁ ਛਾਇ ॥**

ਮਸ = ਸਿਆਹੀ ॥ ਅੰਬਰ = ਅਕਾਸ਼ ॥

ਮੂਸਨ ਕਹਿੰਦਾ ਹੈ ਹੇ ਪਿਤਾ ਜੀ ਮੇਰੇ ਰਿਦੇ ਰੂਪ ਅਕਾਸ਼ ਵਿਚ ਜੋਹੜੀ ਸ਼ੰਕਾ ਰੂਪ ਜੰਗਾਲਤਾ ਛਾਈ ਹੋਈ ਹੈ ਉਸਨੂੰ ਤੂੰ ਪ੍ਰੇਮ ਰੂਪ ਮਸਕਲੇ ਨਾਲ ਮਾਂਜ ਸੁਟ ਭਾਵ ਲਾਹ ਦੇਹ ॥

**ਬੀਧੇ ਬਾਂਧੇ ਕਮਲ ਮਹਿ ਭਵਰ ਰਹੇ ਲਪਟਾਇ ॥ ੪ ॥**

ਜਿੱਕੁਰ ਕਮਲਾਂ ਵਿਚ ਪ੍ਰੇਮ ਨਾਲ ਭੌਰੇ ਬੰਨੇ ਜਾਂਦੇ ਹਨ ਅਤੇ ਕੰਡਿਆਂ ਨਾਲ ਵਿੰਨੇ ਵੀ ਜਾਂਦੇ ਹਨ ਫਿਰ ਵੀ ਓਹ ਓਥੇ ਚੰਬੜੇ ਹੀ ਰਹਿੰਦੇ ਹਨ। ਭਾਵ ਜੋ ਪ੍ਰੇਮੀਆਂ ਨੂੰ ਚੰਗੇ ਪਾਸੇ ਲਗਿਆਂ ਕੋਈ ਦੁਖ ਵੀ ਹੋਵੇ ਤਾਂ ਵੀ ਓਹ ਚੰਗਾ ਪਾਸਾ ਛੱਡਦੇ ਨਹੀਂ ਹਨ ॥ ੪ ॥

**ਜਪ ਤਪ ਸੰਜਮ ਹਰਖ ਸੁਖ ਮਾਨ ਮਹਤ ਅਰੁ ਗਰਬ ॥**

ਜਪ, ਤਪ, ਸੰਜਮ ਆਦਿਕ ਚੰਗਿਆਂ ਕੰਮਾਂ ਦਾ ਜੋ ਹੰਕਾਰ ਹੈ ਅਤੇ ਉਤਸ਼ਾਹ ਮਾਨ ਮਹੱਤਤਾ = ਮੁਰਾਤਬਾ ਆਦਿਕ ਪ੍ਰਾਪਤਿ ਹੋਣ ਕਰਕੇ ਜੋਹੜਾ ਸੁਖ ਅਨੰਦ ਹੁੰਦਾ ਹੈ ॥

**ਮੂਸਨ ਨਿਮਖਕ ਪ੍ਰੇਮ ਪਰਿ ਵਾਰਿ ਵਾਰਿ ਦੇਂਉ ਸਰਬ ॥ ੫ ॥**

ਮੂਸਨ ਕਹਿੰਦਾ ਹੈ ਇਹਨਾਂ ਸਾਰਿਆਂ ਨੂੰ ਮੈਂ ਇਕ ਪਲ ਭਰ ਦੇ ਪ੍ਰੇਮ ਕਰਨ ਦੇ ਉਤੋਂ ਦੀ ਵਾਰ ਦੇਂਦਾ ਹਾਂ ਭਾਵ ਪ੍ਰੇਮ ਦੇ ਬਰਾਬਰ ਕਿਸੇ ਨੂੰ ਨਹੀਂ ਜਾਣਦਾ ॥ ੫ ॥

**ਮੂਸਨ ਮਰਮੁ ਨ ਜਾਨਈ ਮਰਤ ਹਿਰਤ ਸੰਸਾਰ ॥**

ਮੂਸਨ ਆਖਦਾ ਹੈ ਇਹ ਜੀਵ ਭਾਵੇਂ ਸੰਸਾਰ ਨੂੰ ਮਰਦਿਆਂ ਜਾਂਦਿਆਂ ਹਿਰਤ = ਦੇਖਦਾ ਵੀ ਹੈ ਫਿਰ ਵੀ ਇਹ ਇਸ ਗਲ ਦਾ ਮਰਮ = ਭੇਦ ਨਹੀਂ ਜਾਣਦਾ ਜੋ ਆਖਦਾ ਹੈ ਮੈਂ ਬੈਠੇ ਰਹਿਣਾਂ ਹੈ ਮਰਨਾ ਨਹੀਂ ॥

**ਪ੍ਰੇਮ ਪਿਰੰਮ ਨ ਬੇਧਿਓ ਉਰਝਿਓ ਮਿਥ ਬਿਉਹਾਰ ॥ ੬ ॥**

ਏਸੇ ਕਰਕੇ ਇਸ ਜੀਵ ਦਾ ਪ੍ਰਮਾਤਮਾਂ ਪਤੀ ਦੇ ਪ੍ਰੇਮ ਵਿਚ ਮਨ ਮਿਲਿਆ

---

*ਕਰਮ = ਕਦਮ ਤਿੰਨ ਹੱਥ ਲੰਮੀ ਹੁੰਦੀ ਹੈ

ਨਹੀਂ ਹੋ ਅਤੇ ਸੰਸਾਰ ਦੇ ਝੂਠਿਆਂ ਧੰਧਿਆਂ ਵਿਚ ਫਸ ਰਿਹਾ ਹੈ ॥ ੬ ॥

## ਘਬੁ ਦਬੁ ਜਬ ਜਾਰੀਐ ਬਿਛੁਰਤ ਪ੍ਰੇਮ ਬਿਹਾਲ ॥

ਘਬ = ਘਰ ॥ ਦਬ = ਦਰਬ, ਧਨ ॥

ਜਦੋਂ ਪ੍ਰੇਮੀਆਂ ਆਦਮੀਆਂ ਦੇ ਘਰ ਨੂੰ ਸਾੜ ਦੇਈਏ, ਅਤੇ ਧਨ ਵੀ ਓਹਨਾਂ ਦਾ ਕੋਈ ਲੈ ਜਾਵੇ ਤਾਂ ਓਹ ਦੁਖੀ ਨਹੀਂ ਹੁੰਦੇ, ਪਰ ਪ੍ਰੇਮ ਦੇ ਵਿਛੋੜੇ ਕਰਕੇ ਬਹੁਤ ਦੁਖੀ ਹੁੰਦੇ ਹਨ ॥

## ਮੂਸਨ ਤਬ ਹੀ ਮੂਸੀਐ ਬਿਸਰਤ ਪੁਰਖ ਦਇਆਲ ॥ ੭ ॥

ਮੂਸਨ ਆਖਦਾ ਹੈ ਜਦੋਂ ਇਸ ਜੀਵ ਨੂੰ ਦਿਆਲੂ ਪੁਰਖ ਭੁੱਲ ਜਾਂਦਾ ਹੈ। ਤਾਂ ਹੀ ਤਾਂ ਵਿਚਾਰਾਂ ਕਰਕੇ ਠਗਿਆ ਜਾਂਦਾ ਹੈ ॥ ੭ ॥

## ਜਾ ਕੋ ਪ੍ਰੇਮ ਸੁਆਉ ਹੈ ਚਰਨ ਚਿਤਵ ਮਨ ਮਾਹਿ ॥

ਜਿਸ ਨੂੰ ਪ੍ਰੇਮ ਦਾ ਸੁਆਦ ਹੈ ਓਹੋ ਆਦਮੀ ਪਮਾਤਮਾਂ ਦੇ ਚਰਨਾਂ ਨੂੰ ਆਪਣੇ ਮਨ ਵਿਚ ਯਾਦ ਕਰਦਾ ਭਾਵ ਧਿਆਨ ਧਰਦਾ ਹੈ ॥

## ਨਾਨਕ ਬਿਰਹੀ ਬ੍ਰਹਮ ਕੇ ਆਨ ਨ ਕਤਹੂ ਜਾਹਿ ॥ ੮ ॥

ਗੁਰੂ ਜੀ-ਜੇਹੜੇ ਪ੍ਰਮਾਤਮਾਂ ਦੇ ਪ੍ਰੇਮੀ ਹਨ ਓਹ ਪ੍ਰਮਾਤਮਾਂ ਤੋਂ ਬਿਨਾਂ ਹੋਰ ਕਿਸੇ ਜਗਾ ਵਿਚ ਨਹੀਂ ਜਾਂਦੇ ॥ ੮ ॥

## ਲਖ ਘਾਟੀਂ ਊਂਚੋ ਘਨੋ ਚੰਚਲ ਚੀਤ ਬਿਹਾਲ ॥

ਘਨੋ = ਬਹੁਤਾ ॥ ਬਿਹਾਲ = ਦੁਖੀ ॥

ਲੱਖਾਂ ਔਖੀਆਂ ਘਾਟੀਆਂ ਭਾਵ ਬਹੁਤ ਹੰਕਾਰ ਹੋਇਆ ੨ ਤੇ ਚਿਤ ਚੰਚਲ ਹੋਇਆ ੨ ਦੁਖੀ ਰਹਿੰਦਾ ਹੈ ॥

## ਨੀਚ ਕੀਚ ਨਿੰਮ੍ਰਿਤ ਘਨੀ ਕਰਨੀ ਕਮਲ ਜਮਾਲ ॥ ੯ ॥

ਕੀਚ = ਚਿੱਕੜ ॥ ਘਨੀ = ਬਹੁਤੀ ॥

ਜਿੱਕੁਰ ਨੀਵੇਂ ਥਾਂ ਵਿਚ ਚਿੱਕੜ ਹੁੰਦਾ ਹੈ ਇਕੁਰ ਹੀ ਜਿਸਦੇ ਰਿਦੇ ਅਸਥਾਨ ਵਿਚ ਬਹੁਤ ਨਿੰਮ੍ਰਤਾ ਹੁੰਦੀ ਹੈ ਉਸਦੇ ਰਿਦੇ ਵਿਚ ਕਰਨੀ ਰੂਪ ਕਮਲ ਜਮਾਲ = ਦੇਖੀਦਾ ਹੈ ਜਾਂ ਜਮਾਲਾ ਸੰਤ ਆਖਦਾ ਹੈ ॥ ੯ ॥

## ਕਮਲ ਨੈਨ ਅੰਜਨ ਸਿਆਮ ਚੰਦ੍ਰ ਬਦਨ ਚਿਤ ਚਾਰ ॥

ਜਿਸ ਪ੍ਰਮਾਤਮਾਂ ਦੇ ਕਮਲ ਦੇ ਬਰਾਬਰ ਸੁਰਮੇਂ ਸਹਿਤ ਨੇਤ੍ਰ ਅਤੇ ਚੰਦ੍ਰਮਾਂ ਵਰਗਾ ਮੂੰਹ ਹੈ ਅਤੇ ਫੇਰ ਜਿਸਦਾ ਚਿਤ ਬੜਾ ਚਾਰ = ਸੁੰਦਰ ਹੈ ॥

## ਮੂਸਨ ਮਗਨ ਮਰੰਮ ਸਿਉ ਖੰਡ ਖੰਡ ਕਰਿ ਹਾਰ ॥ ੧੦ ॥

ਮੂਸਨ ਆਖਦਾ ਹੈ ਤਿਸ ਪਰਮਾਤਮਾਂ ਦੇ ਗਿਆਨ ਧਿਆਨ ਰੂਪ ਭੇਦ

ਵਿਚ ਜੇਹੜੇ ਮਸਤ ਹੋਏ ਹਨ ਓਹਨਾਂ ਨੂੰ ਭਾਵੇਂ ਕੋਈ ਟੁਕੜੇ ੨ ਕਰ ਦੇਵੇ ਫਿਰ ਵੀ ਓਹਨਾਂ ਨੂੰ ਕੱਟਣ ਵਾਲਾ ਹਾਰ ਜਾਂਦਾ ਹੈ । ਭਾਵ ਭਗਤ ਨੂੰ ਕੋਈ ਪੀੜ ਨਹੀਂ ਹੁੰਦੀ ॥ ੧੦ ॥

**ਮਗਨੁ ਭਇਓ ਪ੍ਰਿਅ ਪ੍ਰੇਮ ਸਿਉ ਸੂਧ ਨ ਸਿਮਰਤ ਅੰਗ ॥**

ਜੇਹੜਾ ਆਪਣੇ ਪਿਆਰੇ ਪ੍ਰਮਾਤਮਾਂ ਦੇ ਪ੍ਰੇਮ ਨਾਲ ਮਸਤ ਹੋਇਆ ਹੈ, ਉਸਨੂੰ ਸੁਧ ਅਸੁਧ ਜਾਂ ਵਿੱਗੇ ਸਿੱਧੇ ਹੋਣ ਦੀ ਵੀ ਅਪਣੀ ਖਬਰ ਨਹੀਂ ਰਹਿੰਦੀ ਭਾਵ ਓਹ ਅਪਣੇ ਅੰਗਾਂ ਨੂੰ ਵਿੰਗੀਆਂ ਸਿਧਿਆਂ ਕਰਨ ਦਾ ਜਤਨ ਨਹੀਂ ਕਰਦਾ।

**ਪ੍ਰਗਟਿ ਭਇਓ ਸਭ ਲੋਅ ਮਹਿ ਨਾਨਕ ਅਧਮ ਪਤੰਗ ॥੧੧॥**

ਗੁਰੂ ਜੀ–ਜੇਹੜਾ ਸਾਰਿਆਂ ਤੋਂ ਨੀਵਾਂ†ਪਤੰਗ ਹੈ ਓਹ ਦੀਵੇ ਨਾਲ ਪ੍ਰੀਤ ਕਰਨ ਕਰਕੇ ਸਾਰਿਆਂ ਸ਼ਾਸਤ੍ਰਾਂ ਜਾਂ ਲੋਕਾਂ ਵਿਚ ਪਰਗਟ ਹੋਗਿਆ ਹੈ। ਇੱਕਰ ਹੀ ਜੇਹੜਾ ਕੋਈ ਨੀਵੀਂ ਜਾਤੀ ਵਿਚ ਵੀ ਭਗਤ ਹੁੰਦਾ ਹੈ ਓਹ ਲੋਕਾਂ ਸ਼ਾਸਤ੍ਰਾਂ ਵਿਚ ਪ੍ਰਗਟ ਹੋ ਜਾਂਦਾ ਹੈ ॥ ੧੧ ॥

ਇਤੀ ਚਉਬੋਲੇ ਸੰਪੂਰਨ

ਇਤਿ

†ਪਤੰਗ ਭਗਤ ਦਾ ਨਾਮ ਵੀ ਹੈ ਜਿਸਨੇ ਇਹ ਸਲੋਕ ਉਚਾਰਿਆ ਹੈ, ੧ ਸੰਮਨ ੨ ਮੂਸਨ ੩ ਜਮਾਲ ੪ ਪਤੰਗ ਇਹਨਾਂ ਚਹੁੰਆਂ ਭਗਤਾਂ ਦੇ ਬਚਨ ਇਸ ਚਉਬੋਲੇ ਬਾਣੀ ਵਿਚ ਗੁਰੂ ਜੀ ਨੇ ਉਚਾਰਨ ਕੀਤੇ ਹਨ ।

ੴ ਸਤਿਗੁਰਪ੍ਰਸਾਦਿ ॥

--o--

# ਉਥਾਨਕਾ ਭੱਟਾਂ ਦੇ ਸਵੱਯਾਂ ਦੀ

ਇਹ ਭੱਟਾਂ ਦੀ ਬਾਣੀ ਹੈ, ਇਹ ਸਾਰੇ ਸਤਾਰਾਂ ਭੱਟ ਹਨ:-੧ ਕੱਲ, ੨ ਕਲਸਹਾਰ, ੩ ਦੱਲ, ੪ ਜਾਲਮ, ੫ ਜੱਲ, ੬ ਕੀਰਤ, ੭ ਸੱਲ, ੮ ਭੱਲ, ੯ ਨੱਲ, ੧੦ ਭਿੱਖਾ, ੧੧ ਗੰਗਾ, ੧੨ ਦਾਸ, ੧੩ ਗਯੰਦ, ੧੪ ਸੇਵਕ ੧੫ ਮਥਰਾ, ੧੬ ਬੱਲ, ੧੭ ਹਰਬੰਸ। ਇਹਨਾਂ ਸਾਰਿਆਂ ਭੱਟਾਂ ਵਿਚੋਂ ਭਿਖਾ ਭੱਟ ਵੱਡਾ ਸੀ, ਇਹ ਸਾਰੇ ਹੀ ਬੜੇ ਵਿਦਵਾਨ ਸਨ ਇਸ ਲਈ ਉਸ ਵੇਲੇ ਲੋਕ ਇਹਨਾਂ ਨੂੰ ਬ੍ਰਹਮਾਂ ਦੇ ਅਵਤਾਰ ਆਖਦੇ ਸਨ। ਬਲ, ਹਰਬੰਸ, ਮਥਰਾ ਸ਼ਾਮਵੇਦ ਦੇ ਚੰਗੇ ਜਾਣੂੰ ਸਨ, ਇਸ ਲਈ ਇਹਨਾਂ ਨੂੰ ਲੋਕ ਸ਼ਾਮਵੇਦ ਦਾ ਅਵਤਾਰ ਆਖਦੇ ਸਨ। ਕੱਲ, ਕਲਸਹਾਰ, ਜਲਨ, ਨੱਲ ਰਿਗਵੇਦ ਦੇ ਚੰਗੇ ਜਾਣੂੰ ਸਨ ਇਸ ਲਈ ਰਿਗਵੇਦ ਦੇ ਅਵਤਾਰ ਸਨ। ਟੱਲ, ਸੱਲ, ਜੱਲ, ਭੱਲ, ਯੁਜਰਵੇਦ। ਤੇ ਕੀਰਤ, ਗੋਬਿੰਦ, ਦਾਸ, ਅਥਰਬਣ ਵੇਦ ਦੇ ਅਵਤਾਰ ਸਨ, ਕਿਉਂ ਜੋ ਇਸ ਵੇਦ ਨੂੰ ਚੰਗਾ ਪੜ੍ਹਾਂਦੇ ਸਨ ਇਹਨਾਂ ਨੇ ਬਹੁਤ ਸਾਰਾ ਸਮਾਂ ਕਾਂਸ਼ੀ ਵਿਚ ਗੁਜ਼ਾਰਿਆ ਹੈ ਉਸ ਵੇਲੇ ਇਹਨਾਂ ਤੋਂ ਵਧਕੇ ਕੋਈ ਪੰਡਤ ਸ਼ਾਸਤ੍ਰਾਂ ਵੇਦਾਂ ਦਾ ਜਾਣੂੰ ਨਹੀਂ ਸੀ ਇਹ ਸਾਰੇ ਸਤਸੰਗ ਦੇ ਖੋਜੀ ਸਨ ਇਸ ਲਈ ਇਹਨਾਂ ਨੂੰ ਬਹੁਤਾ ਪੜ੍ਹਨ ਨਾਲ ਸਾਂਤ ਨ ਆਈ ਤੇ ਸੱਚ ਦੇ ਲਭਣ ਵਾਸਤੇ ਘਰ ਤੋਂ ਨਿਕਲ ਤੁਰੇ ਬੜੇ ੨ ਮੱਤਾਂ ਵਾਲੇ ਲੋਕ ਇਹਨਾਂ ਵੇਖੇ, ਭੌਂਦੇ ੨ ਸ੍ਰੀ ਅੰਮ੍ਰਿਤਸਰ ਜੀ ਸ੍ਰੀ ਹਰੀਮੰਦਰ ਆ ਗਏ, ਜਦੋਂ ਇਹਨਾਂ ਨੇ ਗੁਰੂ ਦਰਬਾਰ ਤੇ ਸਤਸੰਗ, ਕੀਰਤਨ, ਲੰਗਰ ਸੇਵਾ ਵੇਖੀ ਤਾਂ ਮਨ ਸਾਂਤ ਹੋ ਗਿਆ। ਬਾਬਾ ਬੁਢਾ ਭਾਈ ਗੁਰਦਾਸ ਭਾਈ ਲਾਲੋ ਸਾਲੋ ਵਰਗਿਆਂ ਸਿਖਾਂ ਦੀ ਰਹਿਣੀ ਬਹਿਣੀ ਵੇਖਕੇ ਹੈਰਾਨ ਹੋ ਗਏ, ਗੁਰੂ ਜੀ ਦੇ ਚਰਨਾਂ ਦੇ ਭੌਰੇ ਬਣ ਗਏ, ਫਿਰ ਇਹਨਾਂ ਨੇ ਇਹ ਸਤਿਗੁਰ ਮਹਿਮਾਂ ਨਾਮ ਦੀ ਬਾਣੀ ਉਚਾਰੀ:-

ਇਸ ਭੱਟ ਰਚਨਾਂ ਦਾ ਨਾਮ ਸਵੱਈਏ ਕਰਕੇ ਪ੍ਰਸਿਧ ਹੈ, ਇਕ ਮਾਤ੍ਰਕ ਸਵੱਯੇ ਹੁੰਦੇ ਹਨ ਅਤੇ ਦੂਸਰੇ ਗਣ ਸਵੱਯੇ, ਸੋ ਇਹ ਕਈ ਧਾਰਨਾਂ ਹਨ ਕਿਸੇ ਛੰਦ ਦੀ ਰਚਨਾਂ ਚੋਪਈ ਵਰਗੀ ਹੈ, ਕਿਸੇ ਦੀ ਛਪੈ ਛੰਦ ਵਰਗੀ ਹੈ, ਕਿਸੇ ਦੀ ਕਬਿੱਤ ਵਰਗੀ ਹੈ ਤੇ ਕੋਈ ਗਣ ਸਵੱਯਾਂ ਵਰਗੀ ਹੈ। ਜੋਹੜੇ ਸੱਜਣ ਪਿੰਗਲ

ਦੇ ਚੰਗੇ ਜਾਣੂੰ ਹਨ ਓਹ ਇਸ ਗਲ ਨੂੰ ਛੇਤੀ ਨਾਲ ਸਮਝ ਜਾਂਦੇ ਹਨ, ਜਦੋਂ ਕੋਈ ਪਾਠ ਕਰਦਾ ਹੋਵੇ ਓਹ ਓਸੇ ਵੇਲੇ ਹੀ ਜਾਣ ਜਾਂਦੇ ਹਨ ਕਿ ਇਹ ਅਮੁਕੇ ਛੰਦ ਦੀ ਧਾਰਨਾ ਹੈ ਜਿਸਤਰਾਂ:—

ਗੁਰ ਬਿਨੁ ਘੋਰੁ ਅੰਧਾਰੁ ਗੁਰੂ ਬਿਨੁ ਸਮਝ ਨ ਆਵੈ ॥

ਇਹ ਛਪਾ ਛੰਦ ਹੈ (ਹੋਰ ਦੇਖੋ)

ਅੰਤੁ ਨ ਪਾਵਤ ਦੇਵ ਸਬੈ ਮੁਨਿ ਇੰਦ੍ਰ ਮਹਾ ਸ਼ਿਵ ਜੋਗ ਕਰੀ ।

(ਇਹ ਗਣ ਸਵੱਯਾ ਹੈ ਇਸ ਵਿਚ ਸਤ ਭਗਣ ਗਣ ਤੇ ਇਕ ਦੀਰਘ ਅਖਰ ਹੈ) (ਹੋਰ ਦੇਖੋ)

ਅਲਖ ਰੂਪ ਜੀਅ ਲਖ੍ਯਾ ਨ ਜਾਈ
ਸਾਧਿਕ ਸਿਧ ਸਗਲ ਸਰਣਾਈ
ਗੁਰਕੇ ਬਚਨਿ ਸਤਿ ਜੀਅ ਧਾਰਹੁ
ਮਾਣਸ ਜਨਮੁ ਦੇਹ ਨਿਸਕਾਰਹੁ

} ਇਹ ਚੌਪਈ ਹੈ ਇਸ ਦੀ ਇਕ ਸਤਰ ਵਿਚ ੧੬ ਮਾਤ੍ਰਾਂ ਹਨ

ਇਕੁਰ ਹੀ ਕਈ ਹੋਰ ਛੰਦ ਹਨ ਸੋ ਤੁਸੀ ਜਿਸ ਜਿਸ ਤਰਾਂ ਆਪਣੀ ਵਿਦਜਾ ਨਾਲ ਵੇਖੋਗੇ ਤੁਹਾਨੂੰ ਅਲੰਕਾਰ ਤੇ ਕਈ ਨਜ਼ਰ ਆਉਣਗੇ ।

(ਬਿਸ਼ਨ ਸਿੰਘ ਗਿਆਨੀ)

## ਸਵੱਯੇ

## ੧ ੳ ਸਤਿਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰਪ੍ਰਸਾਦਿ ॥

ਵਾਹਿਗੁਰੂ ਇੱਕ ਹੈ, ਉਸਦਾ ਨਾਮ ਸੱਚਾ ਹੈ, ਸਭਦੇ ਕਰਨ ਵਾਲਾ ਹੈ, ਬੜਾ ਬਲੀ ਹੈ, ਕਿਸੇ ਤੋਂ ਡਰਦਾ ਨਹੀਂ, ਕਿਸੇ ਨਾਲ ਵੈਰ ਕਰਦਾ ਨਹੀਂ, ਮੌਤ ਤੋਂ ਰਹਿਤ ਮੂਰਤੀ ਹੈ, ਜਨਮ ਵਿਚ ਨਹੀਂ ਆਉਂਦੀ, ਸੁਤੇ ਪ੍ਰਕਾਸ਼ ਹੈ, ਇਹਨਾਂ ਵਿਸ਼ੇਸ਼ਣਾਂ ਵਾਲਾ ਵਾਹਿਗੁਰੂ ਗੁਰਾਂ ਦੀ ਕਿਰਪਾ ਨਾਲ ਮਿਲਦਾ ਹੈ ॥

## ਸਵਯੇ ਸ੍ਰੀ ਮੁਖਵਾਕ੍ ਮਹਲਾ ੫

**ਆਦਿ ਪੁਰਖ ਕਰਤਾਰ ਕਰਣ ਕਾਰਣ ਸਭ ਆਪੇ ॥**

ਹੇ ਆਦਿ ਪੁਰਖ ਵਾਹਿਗੁਰੂ ਤੂੰ ਆਪੇ ਹੀ ਸਾਰੇ ਜਗਤਦਾ ਕਰਨ ਵਾਲਾਹੈਂ।

**ਸਰਬ ਰਹਿਓ ਭਰਪੂਰਿ ਸਗਲ ਘਟ ਰਹਿਓ ਬਿਆਪੇ।**

ਸਾਰੇ ਜਗਤ ਵਿਚ ਭਰਪੂਰ ਹੋ ਰਿਹਾ ਹੈਂ, ਅਤੇ ਸਾਰਿਆਂ ਸਰੀਰਾਂ ਰੂਪ ਪਾਣੀ ਵਾਲਿਆਂ ਘੜਿਆਂ ਵਿਚ ਚੰਦਰਮਾਂ ਦੀਜੋਤ ਵਾਂਗੂ ਵਿਆਪਕ ਹੋ ਰਿਹਾ ਹੈਂ।

**ਬ੍ਯਾਪਤ ਦੇਖੀਐ ਜਗਤਿ ਜਾਨੈ ਕਉਨੁ ਤੇਰੀ ਗਤਿ ਸਰਬ ਕੀ ਰਖ੍ਯਾ ਕਰੈ ਆਪੇ ਹਰਿ ਪਤਿ ॥**

ਤੈਨੂੰ ਜਗਤ ਵਿਚ ਵਿਆਪਕ ਹੋਯਾ ਦੇਖੀਦਾਹੈ ਤੇਰੀਗਤ ਕੌਣ ਜਾਣਸਕਦਾ ਹੈ। ਭਾਵ ਕੋਈ ਨਹੀਂ ਹੇ ਵਾਹਿਗੁਰੂ ਸਾਰਿਆਂ ਦੇ ਪਤੀ ਤੂੰ ਆਪੇ ਹੀ ਸਾਰਿਆਂ ਦੀ ਰਖਿਆ ਕਰਦਾ ਹੈਂ ॥

**ਅਬਿਨਾਸੀ ਅਬਿਗਤ ਆਪੇ ਆਪਿ ਉਤਪਤਿ ॥**

ਹੇ ਵਾਹਿਗੁਰੂ ਅਬਿਨਾਸੀ ਤੂੰ ਆਪੇ ਹੀ ਸਾਰਿਆਂ ਦੀ ਉਤਪਤੀ ਕਰਨ ਵਾਲਾ ਹੈਂ ਤੇਰੀ ਗਤੀ ਕੋਈ ਨਹੀਂ ਜਾਣਦਾ ॥

**ਏਕੈ ਤੂਹੀ ਏਕੈ ਅਨ ਨਾਹੀ ਤੁਮ ਭਤਿ ॥**

ਇਕੋ ਇਕ ਤੂੰ ਹੀ ਹੈਂ ਹੋਰ ਕੋਈ ਤੇਰੇ ਵਰਗਾ ਨਹੀਂ ॥

**ਹਰਿ ਅੰਤੁ ਨਾਹੀ ਪਾਰਾਵਾਰੁ ਕਉਨੁ ਹੈ ਕਰੈ ਬੀਚਾਰੁ ਜਗਤ ਪਿਤਾ ਹੈ ਸਰਬ ਪ੍ਰਾਨ ਕੋ ਅਧਾਰੁ ॥**

ਹੇ ਵਾਹਿਗੁਰੂ ਤੇਰੇ ਪਾਰਉਰਾਰ ਦਾ ਕੋਈ ਅੰਤ ਨਹੀਂ ਆਖਣ ਦਾ ਕੌਣ ਹੈ।

ਜੇਹੜਾ ਤੇਰੇ ਪਾਰ ਉਰਾਰ ਦਾ ਵਿਚਾਰ ਕਰ ਸਕੇ ਤੂੰ ਸਾਰੇ ਜਗਤ ਦਾ ਪਿਤਾ ਹੈਂ ਸਾਰਿਆਂ ਦੇ ਪਰਾਣ ਦਾ ਆਸਰਾ ਹੈਂ ॥

**ਜਨੁ ਨਾਨਕੁ ਭਗਤੁ ਦਰਿ ਤੁਲਿ ਬ੍ਰਹਮ ਸਮਸਰਿ ਏਕ ਜੀਹ ਕਿਆ ਬਖਾਨੈ ॥**

ਸ੍ਰੀ ਗੁਰੂ ਅਰਜਨ ਜੀ ਆਖਦੇ ਹਨ, ਹੇ ਵਾਹਿਗੁਰੂ ਨਾਨਕ ਭਗਤ ਤੇਰੇ ਦਰਵਾਜੇ ਦਾ ਤਰੇ ਭਗਤਾਂ ਦੇ ਬਰਾਬਰ ਕੀ ਤੇਰੇ ਵਰਗਾ ਹੀ ਹੈ ਮੇਰੀ ਇਕ ਜੀਭ ਤੇਰੀ ਉਪਮਾ ਕੀ ਕਥਨ ਕਰੇ ॥

**ਹਾਂ ਕਿ ਬਲਿ ਬਲਿ ਬਲਿ ਬਲਿ ਸਦ ਬਲਿਹਾਰਿ ॥੧॥**

ਹਾਂ ਕਿ, ਹੇ ਸਤਿਗੁਰੂ ਜੀ ਮੈਂ ਆਪ ਤੋਂ ਮਨ ਬਾਣੀ ਕਰਕੇ ਹਮੇਸ਼ਾਂ ਹੀ ਬਲਿਹਾਰ ਜਾਂਦਾ ਹਾਂ॥ ੧ ॥

**ਅੰਮ੍ਰਿਤ ਪ੍ਰਵਾਹ ਸਰਿ ਅਤੁਲ ਭੰਡਾਰ ਭਰਿ ਪਰੈ ਹੀ ਤੇ ਪਰੈ ਅਪਰ ਅਪਾਰ ਪਰਿ ॥**

ਤੁਹਾਡੇ ਦਰਵਾਜੇ ਤੇ ਅੰਮ੍ਰਿਤ ਵਰਗੇ ਕਥਾ, ਕੀਰਤਨ, ਉਪਦੇਸ਼ ਦੇ ਪ੍ਰਵਾਹ ਚਲਦੇ ਹਨ ਆਪਦੇ ਅਤੁੱਲ ਭੰਡਾਰ ਭਰੇ ਹੋਏ ਹਨ ਮਨੁਖਾਂ ਤੋਂ ਪਰੇ ਦੇਵਤੇ, ਦੇਵ-ਤਿਆਂ ਤੋਂ ਪਰੇ ਬ੍ਰਹਮਾਂ ਆਦਿਕ, ਹੇ (ਅਪਾਰ) ਵਾਹਿਗੁਰੂ ਤੂੰ (ਅਪਰ) ਸਾਰਿਆਂ ਤੋਂ ਪਰੇ ਤੋਂ ਪਰੇ ਹੈਂ ॥

**ਆਪਨੌ ਭਾਵਨੁ ਕਰਿ ਮੰਤ੍ਰਿ ਨ ਦੂਸਰੋ ਧਰਿ ਓਪਤਿ ਪਰਲੌ ਏਕੈ ਨਿਮਖਤੁ ਘਰਿ ॥**

ਜੋ ਤੈਨੂੰ ਚੰਗਾ ਲਗਦਾ ਹੈ ਸੋ ਤੂੰ ਕਰਦਾ ਹੈਂ ਦੂਜੇ ਦੀ ਸਲਾਹ ਤੂੰ ਕੰਨ ਵਿਚ ਨਹੀਂ ਧਰਦਾ ਉਤਪਤੀ, ਪਰਲੌ ਇਕ ਨਿਮਖ ਵਿਚ ਤੂੰ ਕਰ ਦੇਂਦਾ ਹੈਂ, ਅਜੇਹਾ ਤੇਰਾ ਘਰ ਹੈ ॥

**ਆਨ ਨਹੀ ਸਮ ਸਰਿ ਉਜੀਆਰੋ ਨਿਰਮਰਿ ਕੋਟਿ ਪਰਾਛਤ ਜਾਹਿ ਨਾਮ ਲੀਏ ਹਰਿ ਹਰਿ ॥**

ਤੇਰੇ ਵਰਗਾ ਹੋਰ ਕੋਈ ਨਹੀਂ ਪ੍ਰਕਾਸ਼ ਤੇਰਾ ਨਿਰਮਲ ਹੈ। ਹੇ ਵਾਹਿਗੁਰੂ ਤੇਰਾ ਨਾਮ ਲੈਣ ਨਾਲ ਕਰੋੜਾਂ ਪਾਪ ਚਲੇ ਜਾਂਦੇ ਹਨ ॥

**ਜਨੁ ਨਾਨਕੁ ਭਗਤੁ ਦਰਿ ਤੁਲਿ ਬ੍ਰਹਮ ਸਮਸਰਿ ਏਕ ਜੀਹ ਕਿਆ ਬਖਾਨੈ ॥**

ਸ੍ਰੀ ਗੁਰੂ ਅਰਜਨ ਜੀ ਆਖਦੇ ਹਨ, ਹੇ ਵਾਹਿਗੁਰੂ ਨਾਨਕ ਭਗਤ ਤੇਰੇ

ਦਰਵਾਜੇ ਦਾ ਤੇਰੇ ਭਗਤਾਂ ਦੇ ਬਰਾਬਰ ਕੀ ਤੇਰੇ ਵਰਗਾ ਹੀ ਹੈ ਮੇਰੀ ਇਕ ਜੀਭ ਤੇਰੀ ਉਪਮਾਂ ਕੀ ਕਥਨ ਕਰੇ ॥

**ਹਾਂ ਕਿ ਬਲਿ ਬਲਿ ਬਲਿ ਬਲਿ ਸਦ ਬਲਿਹਾਰਿ ॥੨॥**

ਹਾਂ ਕਿ, ਹੇ ਸਤਿਗੁਰੂ ਜੀ ਮੈਂ ਆਪ ਤੋਂ ਮਨ ਬਾਣੀਕਰਕੇ ਹਮੇਸ਼ਾਂ ਹੀ ਬਲਿਹਾਰ ਜਾਂਦਾ ਹਾਂ।

**ਸਗਲ ਭਵਨ ਧਾਰੇ ਏਕ ਥੇਂ ਕੀਏ ਬਿਸਥਾਰੇ**
**ਪੂਰਿ ਰਹਿਓ ਸ੍ਰਬ ਮਹਿ ਆਪ ਹੈ ਨਿਰਾਰੇ ॥**

ਸਾਰੇ ਲੋਕ ਤੁਸਾਂ ਆਪਣੇ ਆਸਰੇ ਧਾਰੇ ਹੋਏ ਹਨ ਇਹ ਸਾਰੇ ਵਿਸਤਾਰ ਇਕ ਤੋਂ ਹੀ ਆਪ ਨੇ ਕੀਤੇ ਹਨ ਸਾਰਿਆਂ ਵਿਚ ਆਪ ਪੂਰਨ ਹੋ ਰਹੇ ਹੋ ਅਤੇ ਆਪ ਵਖਰੇ ਵੀ ਪ੍ਰਕਾਸ਼ ਕਰ ਰਹੇ ਹੋ ॥

**ਹਰਿ ਗੁਨਿ ਨਾਹੀ ਅੰਤ ਪਾਰੇ ਜੀਅ ਜੰਤ ਸਭਿ ਥਾਰੇ**
**ਸਗਲ ਕੋ ਦਾਤਾ ਏਕੈ ਅਲਖ ਮੁਰਾਰੇ ॥**

ਹੇ ਵਾਹਿਗੁਰੂ ਤੇਰੇ ਗੁਣਾਂ ਦਾ ਅੰਤ ਨਹੀਂ ਆਉਂਦਾ ਇਹ ਸਾਰੇ ਜੀਆ ਜੰਤ ਆਪ ਦੇ ਹੀ ਹਨ,ਹੇ ਅਲੱਖ ਮੁਰਾਰੀ ਵਾਹਿਗੁਰੂ ਸਾਰਿਆਂਦਾ ਦਾਤਾ ਤੂੰ ਹੀ ਹੈਂ।

**ਆਪ ਹੀ ਧਾਰਨ ਧਾਰੇ ਕੁਦਰਤਿ ਹੈ ਦੇਖਾਰੇ**
**ਬਰਨੁ ਚਿਹਨੁ ਨਾਹੀ ਮੁਖ ਨਸਕਾਰੇ ॥**

ਆਪ ਹੀ ਇਸ ਦੁਨੀਆਂ ਦੀ ਰਚਨਾਂ ਦੇ ਸਾਰੇ ਧਾਰਨਾ ਧਾਰਨ ਵਾਲੇ ਹੋ। ਆਪ ਹੀ ਇਸ ਆਪਣੀ ਕੁਦਰਤ ਨੂੰ ਵਿਖਾ ਰਹੇ ਹੋ, ਆਪਦਾ ਕੋਈ ਰੰਗ ਵਾ ਚਹੁ ਵਰਨਾਂ ਵਿਚੋਂ ਕਿਸੇ ਵਰਨ ਵਿਚ ਨਹੀਂ ਅਤੇ ਨਾਂ ਹੀ ਕੋਈ ਆਪਦਾ ਨਿਸ਼ਾਨ ਹੈ ਨਾਂ ਹੀ ਮੂੰਹ ਹੈ ਨਾਂ ਹੀ ਮਾਸ ਹੈ ॥

**ਜਨੁ ਨਾਨਕੁ ਭਗਤੁ ਦਰਿ ਤੁਲਿ ਬ੍ਰਹਮ ਸਮਸਰਿ**
**ਏਕ ਜੀਹ ਕਿਆ ਬਖਾਨੈ ॥**

ਗੁਰੂ ਅਰਜਨ ਜੀ ਆਖਦੇ ਹਨ, ਹੇ ਵਾਹਿਗੁਰੂ ਨਾਨਕ ਭਗਤ ਤੇਰੇ ਦਰਵਾਜ਼ੇ ਦਾ ਤੇਰੇ ਭਗਤਾਂ ਦੇ ਬਰਾਬਰ ਕੀ ਤੇਰੇ ਵਰਗਾ ਹੀ ਹੈ ਮੇਰੀ ਇਕ ਜੀਭ ਤੇਰੀ ਉਪਮਾਂ ਕੀ ਕਥਨ ਕਰੇ।

**ਹਾਂ ਕਿ ਬਲਿ ਬਲਿ ਬਲਿ ਬਲਿ ਸਦ ਬਲਿਹਾਰਿ ॥ ੩ ॥**

ਹਾਂ ਕਿ, ਹੇ ਸਤਿਗੁਰੂ ਜੀ ਮੈਂ ਆਪ ਤੋਂ ਮਨ ਬਾਣੀ ਕਰਕੇ ਹਮੇਸ਼ਾਂ ਹੀ ਬਲਿਹਾਰ ਜਾਂਦਾ ਹਾਂ ੩ ॥

**ਸਰਬ ਗੁਣ ਨਿਧਾਨੰ ਕੀਮਤਿ ਨ ਗ੍ਯਾਨੰ ਧ੍ਯਾਨੰ ਊਚੇ ਤੇ ਊਚੌ ਜਾਨੀਜੈ ਪ੍ਰਭ ਤੇਰੋ ਥਾਨੰ ॥**

ਹੇ ਸਾਰਿਆਂ ਗੁਣਾਂ ਦੇ ਖਜ਼ਾਨੇ ਵਾਹਿਗੁਰੂ ਤੇਰੇ ਗਿਆਨ ਧਿਆਨ ਦੀ ਕੋਈ ਕੀਮਤ ਨਹੀਂ ਪੈਂਦੀ, ਹੇ ਪ੍ਰਭੂ ਤੇਰਾ ਅਸਥਾਨ ਉੱਚੇ ਤੋਂ ਉਚਾ ਜਾਣੀਦਾ ਹੈ ॥

**ਮਨੁ ਧਨੁ ਤੇਰੋ ਪ੍ਰਾਨੰ ਏਕੈ ਸੂਤਿ ਹੈ ਜਹਾਨੰ ॥ ਕਵਨ ਉਪਮਾ ਦੇਉ ਬਡੇ ਤੇ ਬਡਾਨੰ ॥**

ਮਨ ਧਨ ਪ੍ਰਾਣ ਆਦਿਕ ਸਭ ਕੁਛ ਤੇਰਾ ਹੀ ਬਖਸ਼ਿਆ ਹੋਇਆ ਹੈ ਇਕ ਸੱਤਾ ਰੂਪ ਸੂਤਰ ਵਿਚ ਸਾਰਾ ਜਹਾਨ ਪਰੋਇਆ ਹੋਇਆ ਹੈ, ਹੇ ਵਾਹਿਗੁਰੂ ਕੇਹੜੀ ਵਾ ਕਿਸਦੀ ਉਪਮਾ ਆਪਨੂੰ ਦੇਈਏ ਤੁਸੀ ਵੱਡਿਆ ਦੇ ਵਡੇ ਹੋ ।

**ਜਾਨੈ ਕਉਨੁ ਤੇਰੋ ਭੇਉ ਅਲਖ ਅਪਾਰ ਦੇਉ ਅਕਲ ਕਲਾ ਹੈ ਪ੍ਰਭ ਸਰਬ ਕੌ ਧਾਨੰ ॥**

ਹੇ ਅਲੱਖ ਅਪਾਰ ਦੇਵ ਤੇਰਾ ਕੌਣ ਭੇਦ ਜਾਣੇ, ਹੇ ਸਾਰੀਆਂ ਕਲਪਣਾਂ ਤੋਂ ਰਹਿਤ ਕਲਾ ਵਾਲਾ ਵਾ ਅਕਾਲ ਪੁਰਖ ਸ਼ਕਤੀ ਸਹਿਤ ਸਾਰਿਆਂ ਨੂੰ ਤੂੰਹੇ ਹੀ ਅੰਨ ਦੇਕੇ ਪਾਲਨਾ ਹੈਂ ਵਾ ਸਾਰੇ ਤੇਰਾ ਹੀ ਧਿਆਨ ਧਰਦੇ ਹਨ।

**ਜਨੁ ਨਾਨਕੁ ਭਗਤੁ ਦਰਿ ਤੁਲਿ ਬ੍ਰਹਮ ਸਮਸਰਿ ਏਕ ਜੀਹ ਕਿਆ ਬਖਾਨੈ ॥**

ਗੁਰੂ ਅਰਜਨ ਜੀ ਆਖਦੇ ਹਨ, ਹੇ ਵਾਹਿਗੁਰੂ ਨਾਨਕ ਭਗਤ ਤੇਰੇ ਦਰਵਾਜ਼ੇ ਦਾ ਤੇਰੇ ਭਗਤਾਂ ਦੇ ਬਰਾਬਰ ਕੀ ਤੇਰੇ ਵਰਗਾ ਹੀ ਹੈ ਮੇਰੀ ਇਕ ਜੀਭ ਤੇਰੀ ਉਪਮਾਂ ਕੀ ਕਥਨ ਕਰੇ।

**ਹਾਂ ਕਿ ਬਲਿ ਬਲਿ ਬਲਿ ਬਲਿ ਸਦ ਬਲਿਹਾਰਿ ॥ ੪ ॥**

ਹਾਂ ਕਿ, ਹੇ ਸਤਿਗੁਰੂ ਜੀ ਮੈਂ ਆਪ ਤੋਂ ਮਨ ਬਾਣੀ ਕਰਕੇ ਹਮੇਸ਼ਾਂ ਹੀ ਬਲਿਹਾਰ ਜਾਂਦਾ ਹਾਂ ॥ ੪ ॥

**ਨਿਰੰਕਾਰੁ ਆਕਾਰ ਅਛਲ ਪੂਰਨ ਅਬਿਨਾਸੀ ॥**

ਹੇ ਨਿਰੰਕਾਰ ਆਪ ਹੀ ਇਹ ਕੰਮ ਕਾਰ ਕੀਤਾ ਹੈ ਅਤੇ ਆਪ ਹੀ ਮਾਯਾ ਤੋਂ ਰਹਿਤ ਅਛਲ. ਪੂਰਨ ਤੇ ਮੌਤ ਤੋਂ ਰਹਿਤ ਹੋ।

**ਹਰਖਵੰਤ ਆਨੰਤ ਰੂਪ ਨਿਰਮਲ ਬਿਗਾਸੀ॥**

ਹੇ ਅਨੰਦ ਵਾਲੇ ਇਹ ਤੇਰੀ ਹੀ ਅਨੰਤ ਰੂਪ ਦੁਨੀਆਂ ਨਿਰਮਲ ਸ਼ਕਤੀ ਕਰਕੇ ਖਿੜ ਰਹੀ ਹੈ।

**ਗੁਣ ਗਾਵਹਿ ਬੇਅੰਤ ਅੰਤੁ ਇਕੁ ਤਿਲੁ ਨਹੀ ਪਾਸੀ ॥**

ਬੇਅੰਤ ਤੇਰੇ ਗੁਣ ਗਾਉਂਦੇ ਹਨ ਪਰ ਅੰਤ ਤੇਰਾ ਰਤਾ ਜਿੰਨਾਂ ਵੀ ਕੋਈ ਨਹੀਂ ਪਾ ਸਕਦਾ ॥

**ਜਾਕਉ ਹੋਇ ਕ੍ਰਿਪਾਲ ਸੁ ਜਨੁ ਪ੍ਰਭ ਤੁਮਹਿ ਮਿਲਾਸੀ ॥**

ਹੇ ਪ੍ਰਭੂ, ਜਿਸ ਜਨ ਉਤੇ ਤੁਸੀਂ ਕ੍ਰਿਪਾਲੂ ਹੁੰਦੇ ਹੋ ਓਹ ਆਪਨੂੰ ਮਿਲਦਾ ਹੈ।

**ਧੰਨਿ ਧੰਨਿ ਤੇ ਧੰਨਿ ਜਨਿ ਜਿਹ ਕ੍ਰਿਪਾਲੁ ਹਰਿ ਹਰਿ ਭਯਉ॥**

ਹੇ ਹਰੀ, ਜਿਸਤੇ ਆਪ ਕਿਰਪਾਲੂ ਹੋਇ ਹੋ ਓਹ ਸਦਾ ਹੀ ਧੰਨ ਹੈ।

**ਹਰਿ ਗੁਰੁ ਨਾਨਕੁ ਜਿਨ ਪਰਸਿਉ ਸਿ**
**ਜਨਮ ਮਰਨ ਦੁਹਥੇ ਰਹਿਓ ॥ ੫ ॥**

ਜਿਨਾਂ ਨੇ ਵਾਹਿਗੁਰੂ ਗੁਰੂ ਨਾਨਕ ਸਾਹਿਬ ਨੂੰ ਪਰਸਿਆ ਹੈ ਭਾਵ ਚਰਨਾਂ ਨੂੰ ਛੋਹਿਆ ਤੇ ਯਾਦ ਕੀਤਾ ਹੈ ਓਹ ਆਦਮੀ ਜਨਮ ਮਰਨ ਦੋਹਾਂ ਤੋਂ ਰਹਿਤ ਹੋਏ ਹਨ ॥

**ਸਤਿ ਸਤਿ ਹਰਿ ਸਤਿ ਸਤਿ ਸਤੇ ਸਤਿ ਭਣੀਐ ॥**

ਹੇ ਵਾਹਿਗੁਰੂ, ਤੈਨੂੰ ਹਮੇਸ਼ਾਂ ਚਵਾਂ ਜੁਗਾਂ ਵਿਚ ਮਨ ਬਾਣੀ ਸਰੀਰ ਕਰਕੇ ਸੱਚਾ ਕਹੀਦਾ ਹੈ॥

**ਦੂਸਰ ਆਨ ਨ ਅਵਰੁ ਪੁਰਖੁ ਪਊਰਾਤਨੁ ਸੁਣੀਐ ॥**

ਤੇਰੇ ਵਰਗਾ ਹੋਰ ਦੂਸਰਾ ਕੋਈ ਨਹੀ ਤੂੰ ਪੁਰਾਤਨ ਅਕਾਲ ਪੁਰਖ ਸੁਣੀਦਾ ਹੈਂ ॥

**ਅੰਮ੍ਰਿਤੁ ਹਰਿ ਕੋ ਨਾਮੁ ਲੈਤ ਮਨਿ ਸਭ ਸੁਖ ਪਾਏ ॥**

ਵਾਹਿਗੁਰੂ ਦਾ ਅੰਮ੍ਰਿਤ ਨਾਮ ਲੈਂਦਿਆਂ ਹੋਇਆਂ ਹਰ ਇਕ ਨੇ ਮਨ ਵਿਚ ਸਭ ਸੁਖ ਪਾਏ ਹਨ ਵਾ ਸਿਰੋਮਣੀ ਸੁਖ ਪਾਇਆ ਹੈ।

**ਜੇਹ ਰਸਨ ਚਾਖਿਓ ਤੇਹ ਜਨ ਤ੍ਰਿਪਤਿ ਅਘਾਏ ॥**

ਰਸਨ = ਰਸਨਾ। ਤ੍ਰਿਪਤਿ ਅਘਾਏ = ਬੜੇ ਰੱਜ ਗਏ।

ਜਿੰਨਾਂ ਨੇ ਰਸਨਾ ਕਰਕੇ ਨਾਮ ਅਮ੍ਰਿਤ ਚਖਿਆ ਹੈ ਓਹ ਬੜੇ ਰੱਜ ਗਏ ਹਨ।

**ਜਿਹ ਠਾਕੁਰੁ ਸੁ ਪ੍ਰਸੰਨੁ ਭਯੋ ਸਤ ਸੰਗਤਿ ਤਿਹ ਪਿਆਰੁ ॥**

ਜਿੰਨਾਂ ਤੇ ਵਾਹਿਗੁਰੂ ਪ੍ਰਸੰਨ ਹੋਇਆ ਹੈ ਓਨਾਂ ਦਾ ਸਤ ਸੰਗਤ ਨਾਲ ਪਿਆਰ ਲੱਗਾ ਹੈ ॥

**ਹਰਿ ਗੁਰ ਨਾਨਕੁ ਜਿਨ ਪਰਸਿਓ**
**ਤਿਨ ਸਭ ਕੁਲ ਕੀਓ ਉਧਾਰੁ॥ ੬ ॥**

ਵਾਹਿਗੁਰੂ ਗੁਰੂ ਨਾਨਕ ਜੀ ਜਿੰਨਾਂ ਨੇ ਪਰਸਿਆ ਹੈ ਭਾਵ ਚਰਨਾਂ ਨੂੰ ਹਥ ਲਾਇਆ ਹੈ ਓਨਾਂ ਨੇ ਸਾਰੀਆਂ ਕੁਲਾਂ ਦਾ ਉਧਾਰ ਕਰ ਲਿਆ ਹੈ ॥ ੬ ॥

**ਸਚੁ ਸਭਾ ਦੀਬਾਨੁ ਸਚੁ ਸਚੇ ਪਹਿ ਧਰਿਓ॥**

ਹੇ ਸੱਚੇ ਤੇਰੀ ਸਭਾ ਵੀ ਸੱਚੀ ਤੇ ਆਸਰਾ ਵੀ ਸੱਚਾ ਹੇ ਸੱਚਾ ਨਾਮ ਆਪਨੇ ਸੱਚੇ ਗੁਰਾਂ ਪਾਸ ਰਖਿਆ ਹੈ ॥

**ਸਚੈ ਤਖਤਿ ਨਿਵਾਸੁ ਸਚੁ ਤਪਾਵਸੁ ਕਰਿਓ ॥**

ਆਪ ਨੇ ਸੱਚੇ ਤਖਤ ਉਤੇ ਨਿਵਾਸ ਕਰਕੇ ਸੱਚਾ ਨਿਆਉਂ ਕੀਤਾ ਹੈ।

**ਸਚਿ ਸਿਰਜਿਉ ਸੰਸਾਰੁ ਆਪਿ ਆਭੁਲੁ ਨ ਭੁਲਉ ॥**

ਹੇ ਸੱਚੇ ਤੂੰ ਸੱਚਾ ਸੰਸਾਰ ਬਣਾਇਆ ਹੈ(ਰਚਨਾ ਸਾਚ ਬਨੀ) (ਆਪ ਸਤ ਕੀਆ ਸਭ ਸਤ) (ਇਹ ਜਗ ਸਚੇ ਕੀ ਹੈ ਕੋਠੜੀ, ਆਪ ਤੂੰ ਅਭੁਲ ਹੈਂ ਕਦੀ ਭੁਲਿਆ ਨਹੀਂ ॥

**ਰਤਨ ਨਾਮੁ ਅਪਾਰੁ ਕੀਮ ਨਹੁ ਪਵੈ ਅਮੁਲਉ ॥**

ਹੇ ਅਪਾਰ ਤੇਰਾ ਨਾਮ ਰਤਨ ਅਮੋਲਕ ਹੈ ਇਸਦੀ ਕਿਸੇ ਤੋਂ ਕੀਮਤ ਨਹੀਂ ਪੈਂਦੀ॥

**ਜਿਹ ਕ੍ਰਿਪਾਲੁ ਹੋਯਉ ਗੋਬਿੰਦੁ ਸਰਬ ਸੁਖ ਤਿਨਹੂ ਪਾਏ ॥**

ਜਿਸਤੇ ਗੋਬਿੰਦ ਕਿਰਪਾਲੂ ਹੋਇਆ ਹੈ ਓਸਨੇ ਸਾਰੇ ਸੁਖ ਪਾਏ ਹਨ॥

**ਹਰਿ ਗੁਰੁ ਨਾਨਕੁ ਜਿਨ ਪਰਸਿਓ**
**ਤੇ ਬਹੁੜਿ ਫਿਰਿ ਜੋਨਿ ਨ ਆਏ ॥ ੭ ॥**

ਵਾਹਿਗੁਰੂ ਗੁਰੂ ਨਾਨਕ ਸਾਹਿਬ, ਜਿੰਨਾਂ ਨੇ ਪਰਸਿਆ ਹੈ ਮੁੜਕੇ ਫੇਰ ਓਹ ਜੂਨ ਵਿਚ ਨਹੀਂ ਆਏ ॥

**ਕਵਨ ਜੋਗੁ ਕਉਨੁ ਗ੍ਯਾਨੁ ਧ੍ਯਾਨੁ ਕਵਨ ਬਿਧਿ ਉਸ੍ਤਤਿ ਕਰੀਐ।**

ਕੌਣ ਜੋਗ ਕੌਣ ਗਿਆਨ ਧਿਆਨ ਹੈ ਜਿਸ ਕਰਕੇ ਤੇਰ ਵਿਚ ਜੁੜੀਏ, ਕਿਸ ਰੀਤੀ ਨਾਲ ਤੇਰੀ ਉਸਤਤਿ ਕਰੀਏ ॥

**ਸਿਧ ਸਾਧਿਕ ਤੇਤੀਸ ਕੋਰਿ ਤਿਰੁ ਕੀਮ ਨ ਪਰੀਐ ॥**

ਸਿਧਾਂ ਸਾਧਨਾਂ ਕਰਨ ਵਾਲਿਆਂ, ਤੇਤੀ ਕਰੋੜ ਦੇਵਤਿਆਂ ਤੋਂ ਤੇਰੀ ਤਿਲ ਮਾਤ੍ਰ ਵੀ ਕੀਮਤ ਨਹੀਂ ਪਈ ॥

**ਬ੍ਰਹਮਾਦਿਕ ਸਨਕਾਦਿ ਸੇਖ ਗੁਨ ਅੰਤੁ ਨ ਪਾਏ ॥**

ਬ੍ਰਹਮਾ ਆਦਿਕ, ਸਨਕ ਆਦਿਕ ਸ਼ੇਸ਼ਨਾਗ ਇਹ ਵੀ ਤੇਰੇ ਗੁਣਾਂ ਦਾ ਅੰਤ ਨਹੀਂ ਪਾ ਸਕਦੇ ॥

**ਅਗਹੁ ਗਹਿਓ ਨਹੀ ਜਾਇ ਪੂਰਿ ਸ੍ਰਬ ਰਹਿਓ ਸਮਾਇ ॥**

ਤੂੰ ਅਫੜ ਹੈਂ ਫੜਿਆ ਨਹੀਂ ਜਾਂਦਾ, ਪੂਰਨ ਹੋਕੇ ਸਾਰਿਆਂ ਵਿਚ ਸਮਾ ਰਿਹਾ ਹੈਂ ॥

**ਜਿਹ ਕਾਟੀ ਸਿਲਕ ਦਯਾਲ ਪ੍ਰਭਿ ਸੇਇ ਜਨ ਲਗੇ ਭਗਤੇ ॥**

ਸਿਲਕ = ਫਾਹੀ ॥

ਹੇ ਪ੍ਰਭੂ ਜਿੰਨਾਂ ਜਨਾਂ ਦੀ ਤੂੰ ਦਿਆਲੂ ਹੋਕੇ ਮਾਯਾ ਰੂਪ ਫਾਹੀ ਕਟੀ ਹੈ ਓਹ ਤੇਰੀ ਭਗਤੀ ਵਿਚ ਲਗੇ ਹਨ ॥

**ਹਰਿ ਗੁਰੁ ਨਾਨਕੁ ਜਿਨਿ ਪਰਸਿਓ**
**ਤੇ ਇਤ ਉਤ ਸਦਾ ਮੁਕਤੇ ॥ ੮ ॥**

ਜਿੰਨਾਂ ਨੇ ਵਾਹਿਗੁਰੂ ਗੁਰੂ ਨਾਨਕ ਪਰਸਿਆ ਹੈ ਓਹ ਲੋਕ ਪਰਲੋਕ ਵਿੱਚ ਸਦਾ ਮੁਕਤੇ ਹਨ ॥ ੮ ॥

**ਪ੍ਰਭ ਦਾਤਉ ਦਾਤਾਰ ਪਰ੍ਹਿਉ ਜਾਚਕੁ ਇਕੁ ਸਰਨਾ ॥**

ਹੇ ਦਾਤਿਆਂ ਦੇ ਦਾਤੇ ਪ੍ਰਭੂ ਮੈਂ ਇਕ ਮੰਗਤਾ ਤੇਰੀ ਸ਼ਰਨ ਪਿਆ ਹਾਂ ॥

**ਮਿਲੈ ਦਾਨੁ ਸੰਤ ਰੇਨ ਜੇਹ ਲਗਿ ਭਉਜਲੁ ਤਰਨਾ ॥**

ਸੰਤਾਂ ਦੇ ਚਰਨਾਂ ਦੀ ਧੂੜ ਦਾਨ ਮਿਲੇ ਜਿਸ ਕਰਕੇ ਸੰਸਾਰ ਸਮੁੰਦਰ ਤੋਂ ਤਰਨਾ ਹੁੰਦਾ ਹੈ ॥

**ਬਿਨਤਿ ਕਰਉ ਅਰਦਾਸਿ ਸੁਨਹੁ ਜੇ ਠਾਕੁਰ ਭਾਵੈ ॥**

ਮੈਂ ਨਿੰਮ੍ਰਤਾ ਸਹਿਤ ਅਰਦਾਸ ਕਰਦਾ ਹਾਂ ਜੇ ਆਪ ਨੂੰ ਭਾਉਂਦਾ ਹੈ ਤਾਂ ਸੁਣੋਂ ॥

**ਦੇਹੁ ਦਰਸੁ ਮਨਿ ਚਾਉ ਭਗਤਿ ਇਹੁ ਮਨੁ ਠਹਰਾਵੈ ॥**

ਮੇਰੇ ਮਨ ਵਿਚ ਇਹ ਚਾਉ ਹੈ ਕਿ ਮੈਨੂੰ ਦਰਸ਼ਨ ਦਿਓ ਮੇਰਾ ਮਨ ਆਪਦੀ ਭਗਤੀ ਵਿੱਚ ਠਹਿਰ ਜਾਵੇ ॥

**ਬਲਿਓ ਚਰਾਗੁ ਅੰਧ੍ਹਾਰੁ ਮਹਿ**
**ਸਭ ਕਲ ਉਧਰੀ ਇਕ ਨਾਮ ਧਰਮ ॥**

ਕਲਜੁਗ ਗਾੜ੍ਹੇ ਹਨੇਰੇ ਵਿਚ ਗਿਆਨ ਰੂਪ ਦੀਵਾ ਬਲਿਆ ਹੈ ਸਾਰੀ ਦੁਨੀਆਂ ਇਕ ਨਾਮ ਦੇ ਜਾਪ ਰੂਪ ਧਰਮ ਕਰਕੇ ਤਰ ਗਈ ਹੈ ॥

**ਪ੍ਰਗਟੁ ਸਗਲ ਹਰਿ ਭਵਨ ਮਹਿ**
**ਜਨੁ ਨਾਨਕੁ ਗੁਰ ਪਾਰਬ੍ਰਹਮ ॥ ੯ ॥**

ਗੁਰੂ ਅਰਜਨ ਸਾਹਿਬ ਜੀ ਆਖਦੇ ਹਨ ਮੈਂ ਦਾਸ ਬੇਨਤੀ ਕਰਦਾ ਹਾਂ ਕਿ ਸਾਰਿਆਂ ਭਵਨਾਂ ਵਿਚ ਹਰੀ ਨਿਰੰਕਾਰ ਦਾ ਅਵਤਾਰ ਗੁਰੂ ਨਾਨਕ ਜੀ ਪ੍ਰਗਟ ਹੋਏ ਹਨ ॥ ੯ ॥

# ਸਵਯੇ ਸ੍ਰੀ ਮੁਖਬਾਕ ਮਹਲਾ ੫

**ੴ ਸਤਿਗੁਰਪ੍ਰਸਾਦਿ ॥**

ਭੁੱਟਾਂ ਦਾ ਦੇਹ ਅਧਜਾਸ ਦੂਰ ਕਰਨ ਵਾਸਤੇ ਗੁਰੂ ਅਰਜਨ
ਸਾਹਿਬ ਜੀ ਉਪਦੇਸ਼ ਕਰਦੇ ਹਨ ॥

**ਕਾਚੀ ਦੇਹ ਮੋਹ ਫੁਨਿ ਬਾਂਧੀ ਸਠ ਕਠੋਰ ਕੁਚੀਲ ਕੁਗਿਆਨੀ॥**

ਕੱਚੀ ਦੇਹ ਦੇ ਮੋਹ ਵਿਚ ਇਸ ਜੀਵ ਨੇ ਫੇਰ ਆਪਣੀ ਬੁੱਧੀ ਬੰਨੀ ਹੋਈ ਹੈ ਇਸ ਲਈ ਮੂਰਖ, ਕਰੜਾ, ਮੈਲਾ, ਖੋਟਾ ਗਿਆਨੀ ਹੈ ॥

**ਧਾਵਤ ਭ੍ਰਮਤ ਰਹਨੁ ਨਹੀ ਪਾਵਤ**
**ਪਾਰਬ੍ਰਹਮ ਕੀ ਗਤਿ ਨਹੀ ਜਾਨੀ ॥**

ਦੌੜ ਜਾਣ ਵਾਲੇ ਪਦਾਰਥਾਂ ਵਿੱਚ ਭਰਮਦਾ ਰਹਿੰਦਾ ਹੈ । ਵਾਹਿਗੁਰੂ ਦੀ ਗਤੀ ਨਹੀਂ ਜਾਣੀ ਇਸੀ ਵਾਸਤੇ ਰਹਿਣਾ ਨਹੀਂ ਪਾਉਂਦਾ ॥

**ਜੋਬਨ ਰੂਪ ਮਾਇਆ ਮਦ ਮਾਤਾ**
**ਬਿਚਰਤ ਬਿਕਲ ਬਡੌ ਅਭਿਮਾਨੀ ॥**

ਜੋਬਨ ਸੁੰਦਰ ਰੂਪ ਕਰਕੇ ਮਾਇਆ ਦੇ ਮਦ ਵਿਚ ਮੱਤਾ ਹੋਇਆ ਹੈ ਵੱਡਾ ਹੰਕਾਰੀ ਆਦਮੀ ਦੁੱਖਾਂ ਕਰਕੇ ਵਿਆਕੁਲ ਹੋਇਆ ਜਨਮ ਮਰਨ ਵਿੱਚ ਭੌਂਦਾ ਹੈ ।

**ਪਰ ਧਨ ਪਰ ਅਪਵਾਦ ਨਾਰਿ ਨਿੰਦਾ ਯਹ ਮੀਠੀ**
**ਜੀਅ ਮਾਹਿ ਹਿਤਾਨੀ ॥**

ਪਰਾਯਾ ਧਨ, ਕਿਸੇ ਨਾਲ ਆਪੋ ਵਿਚ ਦੀ ਝਗੜਾ, ਪਰਾਈ ਇਸਤ੍ਰੀ ਨਾਲ ਪ੍ਰੀਤ, ਕਿਸੇ ਦੀ ਨਿੰਦਿਆ, ਇਹ ਚੰਗੀ ਮਿੱਠੀ ਇਸ ਜੀਅ ਨੇ ਜੀਅ ਵਿਚ ਆਂਦੀ ਹੈ ॥

**ਬਲ ਬੰਚ ਛਪਿ ਕਰਤ ਉਪਾਵਾ**
**ਪੇਖਤ ਸੁਨਤ ਪ੍ਰਭ ਅੰਤਰ ਜਾਮੀ ॥**

ਜੋਰ ਨਾਲ, ਛਲ ਕਰਕੇ, ਛਪਕੇ ਲੋਕਾਂ ਨਾਲ ਠੱਗੀ ਦੇ ਯਤਨ ਕਰਦਾ ਹੈ ਪ੍ਰਭੂ ਅੰਤਰਜਾਮੀ ਨਾਲ ਵੇਖਦਾ ਸੁਣਦਾ ਹੈ ॥

**ਸੀਲ ਧਰਮ ਦਯਾ ਸੁਚ ਨਾਸ੍ਤਿ ਆਇਓਸਰਨਿ ਜੀਅਕੇਦਾਨੀ॥**

ਸੀਲ, ਧਰਮ, ਦਯਾ, ਸੁਚ, ਮੇਰੇ ਵਿਚ ਨਾਸਿਤ = ਨਹੀ ਹੈ ॥ ਹੇ ਜੀਅ ਦੇ ਦਾਨੀ ਮੈਂ ਤੇਰੀ ਸਰਣ ਆਇਆ ਹਾਂ ॥

**ਕਾਰਣ ਕਰਣ ਸਮਰਥ ਸਿਰੀ ਧਰ**
**ਰਾਖਿ ਲੇਹੁ ਨਾਨਕ ਕੇ ਸੁਆਮੀ॥੧॥**

ਹੇ ਕਰਣ ਕਾਰਣ ਸਮਰੱਥ ਲੱਛਮੀ ਦੇ ਧਾਰਨ ਵਾਲੇ ਦਾਸਾਂ ਦੇ ਸੁਆਮੀ ਗੁਰੂ ਨਾਨਕ ਜੀ ਰਖ ਲੌ ॥ ੧ ॥

**ਕੀਰਤਿ ਕਰਨ ਸਰਨ ਮਨ ਮੋਹਨ ਜੋਹਨ ਪਾਪਬਿਦਾਰਨਕਉ॥**

ਜੋਹਨ = ਜੋਹੜੇ ਹਨ ॥ ਬਿਦਾਰਨ = ਨਾਸ ਕਰਨਾ ॥

ਮਨਮੋਹਨ ਦੀ ਕੀਰਤ ਕਰਨੀ ਅਤੇ ਸ਼ਰਨ ਆਉਣਾ ਇਹ ਦੋਵੇਂ ਕੰਮ ਪਾਪਾਂ ਦੇ ਨਾਸ ਕਰਨ ਨੂੰ ਤਕੜੇ ਹਨ ਵਾ ਦੇਖੀਦੇ ਹਨ ॥

**ਹਰਿ ਤਾਰਨ ਤਰਨ ਸਮ੍ਰਥ ਸਭੈ ਬਿਧਿ ਕੁਲਹ ਸਮੂਹ**
**ਉਧਾਰਨ ਸਉ ॥**

ਤਰਨ = ਜਹਾਜ ॥ ਸਉ = ਸੈਂਕੜ ॥

ਵਾਹਿਗੁਰੂ ਤਾਰਨ ਨੂੰ ਸਭ ਪ੍ਰਕਾਰ ਸਮਰੱਥ ਹੈ ਅਤੇ ਆਪਣੇ ਭਗਤਾਂ ਦੀਆਂ ਸਮੂਹ ਸੈਂਕੜੇ ਕੁਲਾਂ ਨੂੰ ਸੋ ਉਧਾਰ ਦੇਂਦਾ ਹੈ ॥

**ਚਿਤ ਚੇਤਿ ਅਚੇਤ ਜਾਨਿ ਸਤ ਸੰਗਤਿ**
**ਭਰਮ ਅੰਧੇਰ ਮੋਹਿਓ ਕਤ ਧੰਉ ॥**

ਧਉ = ਪੁਨਾਂ, ਦੌੜਦਾ ॥

ਹੇ ਅਚੇਤ ਮਨ ਵਾਹਿਗੁਰੂ ਦਾ ਸਰੂਪ ਜਾਨਣ ਵਾਲੀ ਸਤਿਸੰਗਤਦੁਆਰਾ ਨਾਮ ਨੂੰ ਯਾਦ ਕਰ, ਭਰਮ ਰੂਪ ਅੰਧੇਰੇ ਕਰਕੇ ਮੋਹਿਆ ਹੋਇਆ ਕੀ ਦੌੜ

ਰਿਹਾ ਹੈਂ।

**ਮੂਰਤ ਘਰੀ ਚਸਾ ਪਲੁ ਸਿਮਰਨ ਰਾਮਨਾਮ ਰਸਨਾ ਸੰਗਿਲਉ ॥**

ਦੋ ਘੜੀਆਂ, ਇਕ ਘੜੀ, ਅਧਾ ਪਲ, ਪਲ ਹਰ ਵੇਲੇ ਵਾਹਿਗੁਰੂ ਦੇ ਨਾਮ ਨੂੰ ਯਾਦ ਕਰਕੇ ਰਸਨਾ ਨਾਲ ਉਚਾਰ ॥

**ਹੋਛਉ ਕਾਜੁ ਅਲਪ ਸੁਖ ਬੰਧਨ ਕੋਟਿ ਜਨੰਮ ਕਹਾ ਦੁਖਭੰਉ॥**

ਵਿਸ਼ਿਆਂ ਦੇ ਥੋੜੇ ਸੁਖ ਜੋ ਬੰਧਨ ਰੂਪ ਹਨ ਉਨ੍ਹਾਂ ਦੇ ਵਾਸਤੇ ਤੁਛ ਕੰਮਾਂ ਵਿਚ ਲਗਕੇ ਬਹੁਤ ਜਨਮਾਂ ਵਿਚ ਭੌਂਦਾ ਹੋਯਾ ਕਿਉਂ ਦੁਖ ਨੂੰ ਪਾਉਂਦਾ ਹੈਂ।

**ਸਿਖ੍ਯਾ ਸੰਤ ਨਾਮੁ ਭਜੁ ਨਾਨਕ**
**ਰਾਮ ਰੰਗਿ ਆਤਮ ਸਿਉ ਰੰਉ ॥ ੨ ॥**

ਸੰਤਾਂ ਦੀ ਸਿਖ੍ਯਾ ਕਰਕੇ ਨਾਮ 'ਨਾਨਕ' ਯਾਦ ਕਰ ਮਨ ਦੇ ਪ੍ਰੇਮ ਨਾਲ ਵਾਹਿਗੁਰੂ ਨੂੰ ਉਚਾਰ ਅਥਵਾ ਆਤਮਾ ਕਰਕੇ ਵਾਹਿਗੁਰੂ ਦੇ ਰੰਗ ਵਿਚ ਰੰਗਿਆ ਜਾਹ।

**ਰੰਚਕ ਰੇਤ ਖੇਤ ਤਨਿ ਨਿਰਮਿਤ ਦੁਰਲਭ ਦੇਹ ਸਵਾਰਿ ਧਰੀ॥**

ਰੇਤ = ਬੀਰਜ। ਨਿਰਮਿਤ = ਪ੍ਰਾਪਤਿ ਹੋਣਾ।

ਜਿਸ ਵਾਹਿਗੁਰੂ ਨੇ ਥੋੜੇ ਜਹੇ ਰੇਤ ਦੇ ਖੇਤ ਭਾਵ ਮਾਤਾ ਪਿਤਾ ਦੇ ਬੀਰਜਨੂੰ ਪੇਟ ਰੂਪ ਖੇਤ ਵਿਚ ਪ੍ਰਾਪਤਿ ਕਰਕੇ ਦੁਰਲੱਭ ਦੇਹ ਸਵਾਰ ਦਿਤੀ ॥

**ਖਾਨ ਪਾਨ ਸੋਧੇ ਸੁਖ ਭੁੰਚਤ ਸੰਕਟ ਕਾਟਿ ਬਿਪਤਿ ਹਰੀ ॥**

ਸੋਧੇ = ਵਿਚਾਰੇ, ਮੰਦਰ। ਸੰਕਟ = ਦੁਖ। ਭੁੰਚਤ = ਭੋਗਦਾ।ਹਰੀ = ਨਾਸਕੀਤੀ।

ਜਿਸ ਵਾਹਿਗੁਰੂ ਨੇ ਇਸ ਜੀਵ ਦੇ ਖਾਨ ਪਾਨ ਵਿਚਾਰੇ ਵਾ ਮੰਦਰਾਂ ਦੇ ਸੁਖਾਂ ਨੂੰ ਭੋਗਦਾ ਹੈ (ਜੀਵ) ਅਤੇ ਫਿਰ ਵਾਹਿਗੁਰੂ ਨੇ ਇਸ ਜੀਵ ਦੀ ਮਾਤਾ ਦੇ ਪੇਟ ਵਿਚ ਰਹਿਣ ਵਾਲੀ ਦੁਖਦਾਈ ਵਿਪਦਾ ਕਟਕੇ ਨਾਸ ਕਰ ਦਿੱਤੀ ਹੈ ॥

**ਮਾਤ ਪਿਤਾ ਭਾਈ ਅਰੁ ਬੰਧਪ ਬੂਝਨ ਕੀ ਸਭ ਸੂਝ ਪਰੀ ॥**

ਜਿਸਦੀ ਕਿਰਪਾ ਨਾਲ ਇਸ ਜੀਵ ਨੂੰ ਮਾਤਾ ਪਿਤਾ ਭਾਈ ਅਤੇ ਹੋਰ ਸਾਰੇ ਸਰਬੰਧੀਆਂ ਦੇ ਸਮਝਣ ਦੀ ਸੋਝੀ ਪਈ ਹੈ ॥

**ਬਰਧਮਾਨ ਹੋਵਤ ਦਿਨਪ੍ਰਤ ਨਿਤਆਵਤਨਿਕਟਿਬਿਖੰਮਜਰੀ।**

ਜਿਸ ਵਾਹਿਗੁਰੂ ਦੀ ਕਿਰਪਾ ਨਾਲ ਇਹ ਸਰੀਰ ਰੋਜ ਰੋਜ ਪ੍ਰਤੀ ਵਧਦਾ ਜਾਂਦਾ ਹੈ ਅਤੇ ਔਖੀ ਦੁਖਦਾਈ ਬ੍ਰਿਧ ਅਵਸਥਾ ਨੇੜੇ ੨ ਆਉਂਦੀ ਜਾਂਦੀ ਹੈ ॥

**ਰੇ ਗੁਨ ਹੀਨ ਦੀਨ ਮਾਇਆ ਕ੍ਰਿਮ**

## ਸਿਮਰਿ ਸੁਆਮੀ ਏਕ ਘਰੀ ॥

ਹੇ ਗੁਨ ਹੀਨ ਵਿਸ਼ਿਆਂ ਦੇ ਵਾਸਤੇ ਦੀਨ ਹੋਇ ੨ ਮਾਇਆ ਦੇ ਕੀੜੇ ਇਕ ਘੜੀ ਤਾਂ ਵਾਹਿਗੁਰੂ ਨੂੰ ਯਾਦ ਕਰ ॥

## ਕਰੁ ਗਹਿ ਲੇਹੁ ਕ੍ਰਿਪਾਲ ਕ੍ਰਿਪਾ ਨਿਧਿ
## ਨਾਨਕ ਕਾਟਿ ਭਰੰਮ ਭਰੀ ॥ ੩ ॥

ਹੇ ਕ੍ਰਿਪਾਲੂ ਕ੍ਰਿਪਾ ਨਿਧੀ ਮੇਰਾ ਹੱਥ ਫੜ ਲੈ "ਗੁਰੂ ਜੀ" ਭਰਮ ਨਾਲ ਭਰੀ ਹੋਈ ਮੇਰੀ ਬੁਧੀ ਦੀ ਮੈਲ ਕਟੋ ॥

## ਰੇ ਮਨ ਮੂਸ ਬਿਲਾ ਮਹਿ ਗਰਬਤ ਕਰਤਬਕਰਤ ਮਹਾਂ ਮੁਘਨਾਂ।

ਮੂਸ = ਚੂਹਾ। ਬਿਲਾ = ਖੁੱਡ। ਮੁਘਨਾਂ = ਮੂਰਖ।

ਹੇ ਮਨ ਰੂਪ ਚੂਹੇ ਦੇਹ ਰੂਪ ਖੁਡ ਵਿਚ ਬੈਠਕੇ ਤੂੰ ਹੰਕਾਰ ਕਰਦਾ ਹੈਂ ਅਤੇ ਮਹਾਂ ਮੂਰਖਾਂ ਵਾਲੇ ਕੰਮ ਕਰਦਾ ਹੈਂ।

## ਸੰਪਤ ਦੋਲ ਝੋਲ ਸੰਗਿ ਝੂਲਤ ਮਾਇਆਮਗਨ ਭ੍ਰਮਤ ਘੁਘਨਾ॥

ਦੋਲ = ਚੰਡੋਲ ਵ ਪੰਘੂੜੇ। ਘੁਘਨਾ = ਉਲੂ॥

ਸੰਪਦਾ ਰੂਪ ਪੰਘੂੜੇ ਦੇ ਝੂਲਾਰੇ ਨਾਲ ਝੂਲਦਾ ਹੈਂ ਅਤੇ ਉਲੂ ਵਾਂਗੂੰ ਹੋਯਾ ਮਾਇਆ ਵਿਚ ਮਸਤ ਹੋਯਾ ਭੌਂਦਾ ਹੈਂ।

## ਸੁਤ ਬਨਿਤਾ ਸਾਜਨ ਸੁਖ ਬੰਧਪ
## ਤਾ ਸਿਉ ਮੋਹੁ ਬਢਿਓ ਸੁਘਨਾ ॥

ਸੁਤ = ਪੁਤ੍ਰ। ਬਨਿਤਾ – ਔਰਤ।ਬੰਧਪ = ਪਿਆਰੇ ਸਬੰਧੀ ਭਾਈ,ਘਨਾ = ਬਹੁਤ।

ਪੁਤਰ, ਇਸਤ੍ਰੀ, ਸੱਜਣ, ਸਰਬੰਧੀ ਆਦਿਕਾਂ ਦੇ ਸੁਖ ਕਰਕੇ ਇਹਨਾਂ ਵਿਚ ਤੇਰਾ ਮੋਹ ਬੜਾ ਵਧਿਆ ਹੋਯਾ ਹੈ ॥

## ਬੋਇਓ ਬੀਜੁ ਅਹੰਮਮ ਅੰਕੁਰੁ ਬੀਤਤ ਅਉਧ ਕਰਤ ਅਘਨਾ ॥

ਬੋਇਓ = ਬੀਜਣਾ। ਅੰਕੁਰੁ = ਅੰਗੂਰ, ਪਨੀਰੀ ॥ ਅਘਨਾ = ਪਾਪ।

ਤੂੰ ਆਪਣੇ ਹਿਰਦੇ ਵਿਚ ਹੰਕਾਰ ਰੂਪ ਬੀ ਬੀਜਿਆ ਹੈ ਏਸੇ ਲਈ ਮਮਤਾ ਰੂਪ ਪਨੀਰੀ ਉੱਗੀ ਹੈ ਤੇ ਏਸ ਵਾਸਤੇ ਪਾਪ ਕਰਦਿਆਂ ਤੇਰੀ ਸਾਰੀ ਉਮਰ ਬੀਤਦੀ ਹੈ ॥

## ਮਿਰਤੁ ਮੰਜਾਰ ਪਸਾਰਿ ਮੁਖੁ ਨਿਰਖਤ
## ਭੁੰਚਤ ਭੁਗਤਿ ਭੂਖ ਭੁਖਨਾ ॥

ਮਿਰਤ – ਮੌਤ। ਮੰਜਾਰ = ਬਿੱਲਾ। ਨਿਰਖਤ = ਵੇਖਦਾ। ਭੁੰਚਤ = ਖਾਂਦਾ॥

ਭੁਗਤਿ = ਖਾਣਾ ਛਕਣਾ ॥

ਹੇ ਜੀਵ ਜਮ ਬਿਲਾ ਤੈਨੂੰ ਮੂੰਹ ਪਸਾਰਕੇ ਦੇਖ ਰਿਹਾ ਹੈ ਅਤੇ ਤੂੰ ਚੰਗੇ ੨ ਖਾਣਿਆਂ ਨੂੰ ਖਾਂਦਾ ਹੋਯਾ ਹਮੇਸ਼ਾਂ ਭੁਖ ਕਰਕੇ ਭੁਖਾ ਹੀ ਰਹਿੰਦਾ ਹੈਂ ॥

**ਸਿਮਰਿ ਗੁਪਾਲ ਦਇਆਲ ਸਤ ਸੰਗਤਿ**
**ਨਾਨਕ ਜਗੁ ਜਾਨਤ ਸੁਪਨਾ ॥ ੪ ॥**

"ਨਾਨਕ" ਜਗਤ ਨੂੰ ਸੁਪਨਾ ਜਾਣ ਦਿਆਲੂ ਸੰਤਾਂ ਦੀ ਸਤਸੰਗਤ ਕਰਕੇ ਗੁਪਾਲ ਨੂੰ ਯਾਦ ਕਰ ॥ ੪ ॥

**ਦੇਹ ਨ ਗੇਹ ਨ ਨੇਹ ਨ ਨੀਤਾ ਮਾਇਆ ਮਤ ਕਹਾਲਉ ਗਾਰਹੁ॥**

ਗੇਹ = ਘਰ। ਨੇਹ = ਪਿਆਰ। ਗਾਰਹੁ = ਗਾਲਣਾਂ, ਹੰਕਾਰ ॥

ਹੇ ਜੀਵ ਦੇਹ, ਘਰ, ਆਦਿਕ ਪਦਾਰਥਾਂ ਦਾ ਪਿਆਰ ਹਮੇਸ਼ਾਂ ਨਹੀਂ ਹੈ ਮਾਇਆ ਵਿਚ ਮਸਤ ਹੋਯਾ ੨ ਤੂੰ ਇਹਨਾਂ ਵਿਚ ਕਿਥੋਂ ਤਕ ਆਪਣੇ ਆਪ ਨੂੰ ਗਾਲੇਂਗਾ ਜਾਂ ਇਹਨਾਂ ਦਾ ਹੰਕਾਰ ਕਰੇਂਗਾ ॥

**ਛਤ੍ਰ ਨ ਪਤ੍ਰ ਨ ਚਉਰ ਨ ਚਾਵਰ ਬਹਤੀ ਜਾਤ ਰਿਦੈ ਨ ਬਿਚਾਰਹੁ॥**

"ਪ੍ਰਲੋਕ ਵਿਚ" ਨਾਂ ਛੱਤ੍ਰ ਜਾਵੇਗਾ, ਨਾ ਪੱਤ੍ਰਿਕਾ ਪਰਵਾਨਾ ਜਾਵੇਗਾ ਨਾ ਚੌਰ ਨਾ ਚੌਰ ਵਾਲਾ ਵਾ ਚਾਵੜਾਂ ਕਰਨੀਆਂ ਜਾਣਗੀਆਂ ਤੇਰੀ ਆਯੂ ਰੂਪ ਨਦੀ ਵਗਦੀ ਜਾਂਦੀ ਹੈ, ਭਾਵ ਗੁਜਰਦੀ ਜਾਂਦੀ ਹੈ ਪਰਤੂੰ ਰਿਦੇ ਵਿਚ ਵਿਚਾਰ ਨਹੀਂ ਕਰਦਾ

**ਰਥ ਨ ਅਸ੍ਵ ਨ ਗਜ ਸਿੰਘਾਸਨ**
**ਛਿਨ ਮਹਿ ਤਿਆਗਤ ਨਾਂਗ ਸਿਧਾਰਹੁ ॥**

ਅਸ੍ਵ = ਘੋੜਾ। ਗਜ = ਹਾਥੀ। ਸਿਧਾਰਹੁ = ਚਲੇ ਜਾਓਗੇ ॥

ਨਾਂ ਰਥ ਨਾ ਘੋੜੇ ਨਾ ਹਾਥੀ ਆਦਕ ਸਵਾਰੀ ਨਾਲ ਜਾਵੇਗੀ ਅਤੇ ਨਾਂ ਸਿੰਘਾਸਨ ਆਦਕ ਸੰਪਦਾ ਨਾਲ ਜਾਵੇਗੀ, ਇਕ ਪਲ ਵਿਚ ਸਾਰੇ ਪਦਾਰਥ ਛਡਕੇ ਨੰਗੇ ਉਠਕੇ ਚਲੇ ਜਾਓਗੇ ॥

**ਸੂਰ ਨ ਬੀਰ ਨ ਮੀਰ ਨ ਖਾਨਮ**
**ਸੰਗਿ ਨ ਕੋਊ ਦ੍ਰਿਸਟਿ ਨਿਹਾਰਹੁ ॥**

ਨ ਸੂਰਮੇ ਨ ਬੀਰ ਬਹਾਦਰ ਨ ਅਮੀਰ ਵਜ਼ੀਰ ਨ ਖਾਨ ਪਠਾਣ ਇਹ ਜਿਤਨੇ ਤੂੰ ਦੇਖਦਾ ਹੈਂ ਕਿ ਮੇਰੇ ਸਹਾਇਕ ਹਨ ਜਰਾ ਵਿਚਾਰਕੇ ਦੇਖ ਇਹਨਾਂ ਵਿਚੋਂ ਕਿਸੇ ਵੀ ਤੇਰੇ ਨਾਲ ਨਹੀਂ ਜਾਣਾ।

**ਕੋਟ ਨ ਓਟ ਨ ਕੋਸ ਨ ਛੋਟਾ ਕਰਤ ਬਿਕਾਰ ਦੋਊ ਕਰ ਝਾਰਹੁ ॥**

ਨਾ ਕਿਸੇ ਕਿਲੇ ਦੇ ਆਸਰੇ ਨ ਕਿਸੇ ਖਜ਼ਾਨੇ ਕਰਕੇ ਤੇਰਾ ਛੁਟਕਾਰਾ

ਹੋਣਾਂ ਹੈ ਵਿਕਾਰ ਕਰਦਾ ਹੋਯਾ ਦੋਵੇਂ ਹਥ ਝਾੜਕੇ ਖਾਲੀ ਚਲਿਆ ਜਾਵੇਂਗਾ।

**ਮਿਤ੍ਰਨ ਪੁਤ੍ਰ ਕਲਤ੍ਰ ਸਾਜਨ ਸਖ**
**ਉਲਟਤ ਜਾਤ ਬਿਰਖ ਕੀ ਛਾਂਰਹੁ ॥**

ਨਾ ਮਿਤ੍ਰ ਨ ਪੁਤ੍ਰ ਨ ਇਸਤ੍ਰੀ ਨ ਸੱਜਣ ਨ ਸਖਾ ਕੋਈ ਤੇਰਾ ਸਹਾਇਕ ਨਹੀਂ ਹੋਣਾ ਇਹ ਸਾਰੇ ਪਦਾਰਥ ਬ੍ਰਿਛ ਦੀ ਛਾਯਾ ਵਾਂਗੂ ਉਲਟਦੇ ਜਾਂਦੇ ਹਨ ਭਾਵ ਨਾਸਵੰਤ ਤੇ ਦੁਖਦਾਈ ਹਨ।

**ਦੀਨ ਦਯਾਲ ਪੁਰਖ ਪ੍ਰਭ ਪੂਰਨ**
**ਛਿਨ ਛਿਨ ਸਿਮਰਹੁ ਅਗਮ ਅਪਾਰਹੁ ॥**

ਜੋ ਦੀਨ ਦਿਆਲ ਅਗੰਮ ਅਪਾਰ ਪੂਰਨ ਪ੍ਰਭੂ ਅਕਾਲ ਪੁਰਖ ਹੈ ਓਸਨੂੰ ਛਿਨ ੨ ਯਾਦ ਕਰੋ।

**ਸ੍ਰੀ ਪਤਿ ਨਾਥ ਸਰਣਿ ਨਾਨਕ ਜਨ**
**ਹੇ ਭਗਵੰਤ ਕ੍ਰਿਪਾ ਕਰਿ ਤਾਰਹੁ ॥ ੫ ॥**

ਗੁਰੂ ਜੀ–ਹੇ ਕੁਦਰਤਿ ਦੇ ਮਾਲਕ ਸਾਰਿਆਂ ਦੇ ਨਾਥ ਭਗਵੰਤ ਮੈਂ ਦਾਸ ਆਪਦੀ ਸ਼ਰਣ ਆਇਆ ਹਾਂ ਕਿਰਪਾ ਕਰਕੇ ਸੰਸਾਰ ਸਮੁੰਦਰ ਤੋਂ ਤਾਰੋ ॥ ੫ ॥

**ਪ੍ਰਾਨ ਮਾਨ ਦਾਨ ਮਗ ਜੋਹਨ**
**ਹੀਤੁ ਚੀਤੁ ਦੇ ਲੇਲੇ ਪਾਰੀ ॥**

ਮਗ = ਰਸਤਾ ॥ ਜੋਹਨ = ਵੇਖਣਾ ਵਾ ਨਾਸ ਕਰਨਾ ॥ ਪਾਰੀ = ਪਾਲਣਾਂ ॥

ਪ੍ਰਾਣਾਂਯਾਮੀਆਂ ਅਤੇ ਮਾਨੀਆਂ ਦਾਨੀਆਂ ਦੇ ਰਸਤੇ ਨੂੰ ਵੇਖਣ ਵਾਲੀ ਭਾਵ ਜੋ ਚੰਗੇ ਕਰਮ ਕਰਨ ਵਾਲਿਆਂ ਦੇ ਰਸਤਿਆਂ ਨੂੰ ਨਾਸ ਕਰਨ ਵਾਲੀ ਮਾਇਆ ਹੈ ਹੇ ਜੀਵ ! ਉਸ ਮਾਇਆ ਨੂੰ ਤੂੰ ਚਿਤ ਦਾ ਹਿਤ ਦੇਕੇ ਜਿਥੋਂ ਕਿਤੋਂ ਲੈ ਲੈ ਕੇ ਪਾਲੀ ਭਾਵ ਕੱਠੀ ਕੀਤੀ ॥

**ਸਾਜਨ ਸੈਨ ਮੀਤ ਸੁਤ ਭਾਈ**
**ਤਾਹੂ ਤੇ ਲੇ ਰਖੀ ਨਿਰਾਰੀ ॥**

ਸੇਨ = ਨਾਲ ਰਹਿਣ ਵਾਲੇ ਵ ਸਕੇ ਸਰਬੰਧੀ ॥

ਸੱਜਣ, ਸਕੇ, ਮਿਤ੍ਰ, ਪੁੱਤ੍ਰ, ਭਰਾ, ਤਿਨਾਂ ਤੋਂ ਲੇਕੇ ਵਖਰੀ ਰਖੀ ਭਾਵ ਸਭਨਾਂ ਸਕਿਆਂ ਸਰਬੰਧੀਆਂ ਤੋਂ ਮਾਇਆ ਨੂੰ ਲੁਕਾਕੇ ਰਖਿਆ ॥

**ਧਾਵਨ ਪਾਵਨ ਕੂਰ ਕਮਾਵਨ**
**ਇਹ ਬਿਧਿ ਕਰਤ ਅਉਧ ਤਨ ਜਾਰੀ ॥**

ਜਾਰੀ = ਗੁਜਾਰ ਦਿਤੀ ॥

ਤਿਸ ਮਾਇਆ ਨੂੰ ਪਾਉਣ ਵਾਸਤੇ ਦੂਰ ੨ ਤਕ ਦੌੜਕੇ ਝੂਠ ਕਮਾਇਆ ਇਸ ਰੀਤੀ ਨਾਲ ਸਰੀਰ ਦੀ ਸਾਰੀ ਉਮਰ ਗੁਜਾਰ ਦਿਤੀ ॥

**ਕਰਮ ਧਰਮ ਸੰਜਮ ਸੁਚ ਨੇਮਾ**

**ਚੰਚਲ ਸੰਗਿ ਸਗਲ ਬਿਧਿ ਹਾਰੀ ॥**

ਚੰਗੇ ਕਰਮ, ਧਰਮ, ਸੰਜਮ, ਪਵਿਤ੍ਰਤਾ, ਨੇਮ ਸਾਰੀਆਂ ਚੰਗੀਆਂ ੨ ਵਿਧੀਆਂ ਇਸ ਚੰਚਲ ਮਾਇਆ ਦੇ ਨਾਲ ਲਗਕੇ ਹਾਰ ਦਿਤੀਆਂ ॥

**ਪਸੁ ਪੰਖੀ ਬਿਰਖ ਅਸਥਾਵਰ**

**ਬਹੁ ਬਿਧਿ ਜੋਨਿ ਭ੍ਰਮਿਓ ਅਤਿ ਭਾਰੀ ॥**

ਪਸ਼ੂ, ਪੰਛੀ, ਬ੍ਰਿਛ, ਜੜ ਚੇਤਨ ਸਾਰੀਆਂ ਜੂਨੀਆਂ ਵਿਚ ਬਹੁਤ ਤਰਾਂ ਭ੍ਰਮਿਆ ਅਤੇ ਬੜਾ ਭਾਰੀ ਦੁਖ ਪਾਯਾ ॥

**ਖਿਨੁ ਪਲੁ ਚਸਾ ਨਾਮੁ ਨਹੀ ਸਿਮਰਿਓ**

**ਦੀਨਾ ਨਾਥ ਪ੍ਰਾਨ ਪਤਿਸਾਰੀ ॥**

ਜੇਹੜਾ ਦੀਨਾ ਨਾਥ ਸਾਰੀ ਦੁਨੀਆਂ ਦੇ ਪ੍ਰਾਣਾਂ ਦਾ ਪਤੀ ਹੈ ਉਸ ਦੇ ਨਾਮ ਨੂੰ ਇਸ ਜੀਵ ਨੇ ਖਿਨ ਪਲ ਰਤਾ ਮਾਤ੍ਰ ਵੀ ਯਾਦ ਨਹੀਂ ਕੀਤਾ ॥

**ਖਾਨ ਪਾਨ ਮੀਠ ਰਸ ਭੋਜਨ ਅੰਤ ਕੀ ਬਾਰ ਹੋਤ ਕਤ ਖਾਰੀ॥**

ਜੇਹੜੇ ਖਾਣ ਪੀਣ ਵਾਲੇ ਅੰਨ ਦੇ ਮਿਠੇ ਸੁਆਦੀ ਰਸ ਹਨ ਓਹ ਅੰਤ ਨੂੰ (ਕਤ) ਕੀ ਸਹਾਇਕ ਹੁੰਦੇ ਹਨ ਭਾਵ (ਖਾਰੀ) ਦੁਖਦਾਈ ਹੋ ਜਾਂਦੇ ਹਨ ॥

**ਨਾਨਕ ਸੰਤ ਚਰਨ ਸੰਗਿ ਉਧਰੇ**

**ਹੋਰਿ ਮਾਇਆ ਮਗਨ ਚਲੇ ਸਭਿ ਡਾਰੀ ॥੫॥**

ਗੁਰੂ ਜੀ—ਜੇਹੜੇ ਸੰਤਾਂ ਦੇ ਚਰਨ ਨਾਲ ਲਗੇ ਹਨ ਓਹ ਸੰਸਾਰ ਤੋਂ ਤਰ ਗਏ ਹਨ ਹੋਰ ਸਾਰੇ ਜੀਵ ਮਾਇਆ ਵਿਚ ਮਗਨ ਹੋਣ ਵਾਲੇ ਏਸੇ ਥਾਂ ਮਾਯਾ ਨੂੰ ਸੁਟ ਚਲੇ ਹਨ ॥ ੬ ॥

**ਬ੍ਰਹਮਾਦਿਕ ਸਿਵ ਛੰਦ ਮੁਨੀਸੁਰ**

**ਰਸਕਿ ਰਸਕਿ ਠਾਕੁਰ ਗੁਨ ਗਾਵਤ ॥**

ਬ੍ਰਹਮਾਂ ਆਦਿਕ ਸ਼ਿਵਜੀ ਅਤੇ ਵੇਦ ਮੁਨੀਸ਼ਰ ਸਾਰੇ ਪ੍ਰੇਮੀ, ਗਾੜੇ ਪ੍ਰੇਮ ਵਿਚ ਲਗਕੇ ਵਾਹਿਗੁਰੂ ਦੇ ਗੁਣ ਗਾਉਂਦੇ ਹਨ ॥

**ਇੰਦ੍ਰ ਮੁਨਿੰਦ੍ਰ ਖੋਜ ਤੇ ਗੋਰਖ**

ਧਰਣਿ ਗਗਨ ਆਵਤ ਫੁਨਿ ਧਾਵਤ ॥

ਫੁਨਿ = ਫੇਰ ॥ ਗਗਨ – ਅਕਾਸ਼ ॥

ਇੰਦ੍ਰ ਅਤੇ ਮੁਨੀਆਂ ਦੇ ਇੰਦ੍ਰ ਗੋਰਖ ਆਦਿਕ ਸਿਧ ਜੋ ਆਪਣੀਆਂ ਸ਼ਕਤੀਆਂ ਦੇ ਬਲ ਨਾਲ ਧਰਤੀ ਅਕਾਸ਼ ਵਿਚ ਆਉਂਦੇ ਜਾਂਦੇ ਹਨ ਓਹ ਵੀ ਵਾਹਿਗੁਰੂ ਨੂੰ ਲੱਭਦੇ ਫਿਰਦੇ ਹਨ।

ਸਿਧ ਮਨੁਖੵ ਦੇਵ ਅਰੁ ਦਾਨਵ
ਇਕੁ ਤਿਲੁ ਤਾਕੋ ਮਰਮੁ ਨ ਪਾਵਤ ॥

ਦਾਨਵ = ਦੈਂਤ ॥ ਮਰਮ = ਭੇਦ ॥

ਸਿੱਧ, ਮਨੁਖ, ਦੇਵਤੇ ਅਤੇ ਦੈਂਤ ਇਕ ਤਿਲ ਮਾਤਰ ਵੀ ਤਿਸਦਾ ਭੇਦ ਨਹੀਂ ਪਾ ਸਕਦੇ ॥

ਪ੍ਰਿਅ ਪ੍ਰਭ ਪ੍ਰੀਤਿ ਪ੍ਰੇਮ ਰਸ ਭਗਤੀ
ਹਰਿ ਜਨ ਤਾਕੈ ਦਰਸਿ ਸਮਾਵਤ ॥

ਪਿਆਰੇ ਪ੍ਰਭੂ ਦੀ ਪ੍ਰੀਤੀ ਨਾਲ ਪ੍ਰੇਮ ਭਗਤੀ ਦੇ ਰਸ ਵਿਚ ਜੇਹੜੇ ਮਸਤ ਰਹਿੰਦੇ ਹਨ ਓਹ ਵਾਹਿਗੁਰੂ ਦੇ ਦਾਸ ਤਿਸ ਵਾਹਿਗੁਰੂ ਦੇ ਦਰਸ਼ਨ ਵਿਚ ਸਮਾਉਂਦੇ ਹਨ ਭਾਵ ਮਿਲ ਜਾਂਦੇ ਹਨ।

ਤਿਸਹਿ ਤਿਆਗਿ ਆਨ ਕਉ ਜਾਚਹਿ
ਮੁਖ ਦੰਤ ਰਸਨ ਸਗਲ ਘਸਿ ਜਾਵਤ॥

ਜੇਹੜੇ ਓਸ ਵਾਹਿਗੁਰੂ ਨੂੰ ਛੱਡਕੇ ਹੋਰਨਾਂ ਦੇਵੀ ਦੇਵਤਿਆਂ ਪਾਸ ਜਾਕੇ ਮੰਗਦੇ ਹਨ ਓਨਾਂ ਦੇ ਮੂੰਹ ਦੰਦ ਰਸਨਾਂ ਆਦਿਕ ਸਭ ਇੰਦ੍ਰੇ ਘਸ ਜਾਂਦੇ ਹਨ।

ਰੇ ਮਨ ਮੂੜ ਸਿਮਰ ਸੁਖ ਦਾਤਾ
ਨਾਨਕ ਦਾਸ ਤੁਝਹਿ ਸਮਝਾਵਤ ॥ ੭ ॥

ਗੁਰੂ ਜੀ ਤੈਨੂੰ ਸਮਝਾਉਂਦੇ ਹਨ ਹੇ ਮਨ ਮੂਰਖ ਵਾਹਿਗੁਰੂ ਸੁਖਾਂ ਦੇ ਦਾਤੇ ਨੂੰ ਯਾਦ ਕਰ। ੭ ॥

ਮਾਇਆ ਰੰਗ ਬਿਰੰਗ ਕਰਤ ਭ੍ਰਮ
ਮੋਹ ਕੈ ਕੂਪਿ ਗੁਬਾਰਿ ਪਰਿਓ ਹੈ ॥

ਵਾਹਿਗੁਰੂ ਤੋਂ ਬੇਰੰਗ ਕਰਨ ਵਾਲਾ ਜਿਸ ਮਾਇਆ ਦਾ ਪ੍ਰੇਮ ਹੈ, ਉਸ ਮਾਇਆ ਦੇ ਪ੍ਰੇਮ ਨਾਲ ਇਹ ਆਦਮੀ ਭਰਮ ਕਰਕੇ ਮੋਹ ਰੂਪ ਗੜੇ ਅੰਨੇ ਖੂਹ ਵਿਚ ਡਿਗ ਰਿਹਾ ਹੈ।

**ਏਤਾ ਗਬੁ ਅਕਾਸਿ ਨ ਮਾਵਤ**
**ਬਿਸਟਾ ਅਸ੍ਤ ਕ੍ਰਿਮਿ ਉਦਰੁ ਭਰਿਓ ਹੈ ॥**

ਗਬ = ਹੰਕਾਰ ॥ ਅਸਤ = ਹੱਡੀਆਂ ॥ ਉਦਰ = ਪੇਟ ॥

ਐਡਾ ਹੰਕਾਰ ਕਰਦਾ ਹੈ ਕਿ ਅਕਾਸ ਵਿਚ ਵੀ ਨਹੀਂ ਸਮਾਉਂਦਾ (ਵਿਚੋਂ ਦੇਖੋ ਤਾਂ) ਗੰਦ ਹੱਡੀਆਂ ਕੀੜਿਆਂ ਨਾਲ ਢਿਡ ਭਰਿਆ ਹੋਇਆ ਹੈ।

**ਦਹਦਿਸ ਧਾਇ ਮਹਾ ਬਿਖਿਆ ਕਉ**
**ਪਰਧਨ ਛੀਨਿ ਅਗਿਆਨ ਹਰਿਓ ਹੈ ॥**

ਦਸਾਂ ਦਿਸਾਂ ਵੱਲ ਦੌੜਕੇ ਮਹਾਂ ਵਿਸ਼ਿਆਂ ਦੇ ਵਾਸਤੇ ਪਰਾਏ ਧਨ ਨੂੰ ਖੋਹ ਲਿਆਉਂਦਾ ਹੈ ਏਸੇ ਵਾਸਤੇ ਏਸਨੂੰ ਅਗਜਾਨ ਨੇ ਹਰ ਲਿਆ ਹੈ।

**ਜੋਬਨ ਬੀਤਿ ਜਰਾ ਰੋਗਿ ਗ੍ਰਸਿਓ**
**ਜਮ ਦੂਤਨ ਡੰਨੁ ਮਿਰਤੁ ਮਰਿਓ ਹੈ ॥**

ਜੋਬਨ ਬੀਤ ਗਿਆ ਬੁਢੇਪੇ ਰੋਗ ਨੇ ਗ੍ਰਸ ਲਿਆ ਫਿਰ ਮੌਤ ਦੇ ਵੇਲੇ ਜਮਦੂਤਾਂ ਨੇ ਇਸ ਜੀਵ ਦੇ ਸਿਰ ਤੇ ਡੰਡਾ ਮਾਰਿਆ।

**ਅਨਿਕ ਜੋਨਿ ਸੰਕਟ ਨਰਕ ਭੁੰਚਤ**
**ਸਾਸਨ ਦੂਖ ਗਰਤਿ ਗਰਿਓ ਹੈ ॥**

ਸੰਕਟ = ਦੁਖ॥ ਸਾਸਨ = ਤਾੜਨਾਂ ॥ ਗਰਿਓ = ਗਲਨਾਂ, ਗਰਤਿ = ਟੋਆ॥

ਅਨੇਕ ਜੂਨੀਆਂ ਵਿਚ ਨਰਕਾਂ ਦੇ ਦੁਖ ਨੂੰ ਭੋਗਦਾ ਹੈ ਅਤੇ ਜਮਦੂਤਾਂ ਦੀਆਂ ਤਾੜਨਾਂ ਕਰਕੇ ਦੁਖਾਂ ਨੂੰ ਪਾਉਂਦਾ ਹੋਯਾ ਗਰਭ ਰੂਪ ਟੋਏ ਵਿਚ ਪਿਆ ਹੋਯਾ ਗਲਦਾ ਹੈ।

**ਪ੍ਰੇਮ ਭਗਤਿ ਉਧਰਹਿਸੇ ਨਾਨਕ**
**ਕਰਿ ਕਿਰਪਾ ਸੰਤੁ ਆਪਿ ਕਰਿਓ ਹੈ ॥ ੮ ॥**

ਗੁਰੂ ਜੀ—ਜਿਨ੍ਹਾਂ ਨੂੰ ਸੰਤਾਂ ਨੇ ਕਿਰਪਾ ਕਰਕੇ ਆਪਣਾ ਰੂਪ ਕਰ ਲਿਆ ਹੈ ਓਹ ਆਦਮੀ ਪ੍ਰੇਮਾ ਭਗਤੀ ਕਰਕੇ ਬਚ ਗਏ ਹਨ ॥ ੮ ॥

**ਗੁਣ ਸਮੂਹ ਫਲ ਸਗਲ ਮਨੋਰਥ**
**ਪੂਰਨ ਹੋਈ ਆਸ ਹਮਾਰੀ ॥**

ਸਮੂਹ ਗੁਣ, ਸਾਰੇ ਫਲ, ਚਾਰੇ ਪਦਾਰਥ ਸਾਨੂੰ ਪ੍ਰਾਪਤਿ ਹੋ ਗਏ ਹਨ ਸਾਡੀ ਆਸ਼ਾ ਪੂਰਨ ਹੋ ਗਈ ਹੈ ॥

**ਅਉਖਧ ਮੰਤ੍ਰ ਤੰਤ੍ਰ ਪਰ ਦੁਖ ਹਰ**
**ਸਰਬ ਰੋਗ ਖੰਡਣ ਗੁਣ ਕਾਰੀ ॥**

ਵਾਹਿਗੁਰੂ ਦਾ ਨਾਮ ਸਾਰਿਆਂ ਰੋਗਾਂ ਦੇ ਨਾਸ ਕਰਨ ਨੂੰ ਦਵਾਈ ਹੈ ਪਰ ਹੋਰ ਸੁਣੋਂ ਦੁਖਾਂ ਦੇ ਨਾਸ ਕਰਨ ਨੂੰ ਮੰਤ੍ਰ ਤੰਤ੍ਰ ਰੂਪ ਗੁਣਕਾਰੀ ਹੈ ।

**ਕਾਮ ਕ੍ਰੋਧ ਮਦ ਮਤਸਰ ਤ੍ਰਿਸਨਾ ਬਿਨਸਿ ਜਾਹਿ**
**ਹਰਿਨਾਮੁ ਉਚਾਰੀ ॥**

ਵਾਹਿਗੁਰੂ ਦਾ ਨਾਮ ਉਚਾਰਨ ਨਾਲ ਕਾਮ, ਕ੍ਰੋਧ, ਹੰਕਾਰ, ਈਰਖਾ, ਤ੍ਰਿਸ਼ਨਾਂ ਸਭ ਵਿਸ਼ੇ ਨਾਸ ਹੋ ਜਾਂਦੇ ਹਨ ॥

**ਇਸਨਾਨ ਦਾਨ ਤਾਪਨ ਸੁਚਿ ਕਿਰਿਆ**
**ਚਰਣ ਕਮਲ ਹਿਰਦੈ ਪ੍ਰਭ ਧਾਰੀ ॥**

ਇਸ਼ਨਾਨ, ਦਾਨ, ਤਪ ਕਰਨਾ, ਪਵਿਤਰਤਾ, ਚੰਗੀ ਕਿਰਿਆ ਕਰਨੀ, ਏਹੋ ਹੀ ਹੈ ਜੇਹੜੀ ਵਾਹਿਗੁਰੂ ਦੇ ਚਰਨਾਂ ਕਮਲਾਂ ਦੀ ਪ੍ਰੀਤੀ ਰਿਦੇ ਵਿਚ ਧਾਰੀ ਹੈ ।

**ਸਾਜਨ ਮੀਤ ਸਖਾ ਹਰਿ ਬੰਧਪ**
**ਜੀਅ ਧਾਨ ਪ੍ਰਭ ਪ੍ਰਾਨ ਅਧਾਰੀ ॥**

ਧਾਨ = ਅੰਨ ॥

ਸੱਜਣ, ਮਿਤ੍ਰ, ਸਖਾ, ਪਿਆਰਾ ਸਰਬੰਧੀ ਇਕ ਵਾਹਿਗੁਰੂ ਹੀ ਹੈ, ਜੀਅ ਅਤੇ ਪ੍ਰਾਣਾਂ ਦਾ ਆਸਰਾ ਅਤੇ ਅੰਨ ਆਦਿਕਾਂ ਦਾ ਦਾਤਾ ॥

**ਓਟ ਗਹੀ ਸੁਆਮੀ ਸਮਰਥਹ**
**ਨਾਨਕ ਦਾਸ ਸਦਾ ਬਲਿਹਾਰੀ ॥ ੯ ॥**

ਗੁਰੂ ਜੀ—ਦਾਸ ਸਦਾ ਬਲਿਹਾਰੀ ਹੈ, ਤਕੜੇ ਸੁਆਮੀ ਦੀ ਓਟ ਫੜੀ ਹੈ ॥ ੯ ॥

**ਆਵਧ ਕਟਿਓ ਨ ਜਾਤ ਪ੍ਰੇਮ ਰਸ ਚਰਨ ਕਮਲ ਸੰਗਿ ॥**

ਆਵਧ = ਸ਼ਸਤ੍ਰ ॥

ਜੇਹੜਾ ਆਦਮੀ ਵਾਹਿਗੁਰੂ ਦੇ ਚਰਨਾਂ ਕਮਲਾਂ ਵਿਚ ਪ੍ਰੇਮ ਕਰਕੇ ਭਗਤੀ ਰਸ ਨੂੰ ਲੈਣ ਵਾਲਾ ਹੋਇਆ ਹੈ ਓਹ ਕਿਸੇ ਹਥਯਾਰ ਨਾਲ ਨਹੀਂ ਕਟਿਆ ਜਾਂਦਾ।

**ਦਾਵਨਿ ਬੰਧਿਓ ਨ ਜਾਤ ਬਿਧੇ ਮਨ ਦਰਸ ਮਗਿ ॥**

ਦਾਵਨਿ = ਰੱਸੀ ॥ ਮਗ = ਰਸਤਾ ॥

ਜੇਹੜੇ ਆਦਮੀ ਵਾਹਿਗੁਰੂ ਦੇ ਦਰਸ਼ਨ ਵਾਸਤੇ ਭਗਤੀ ਦੇ ਰਸਤੇ ਵਿਚ

ਵਿੰਨੇ, ਭਾਵ ਪ੍ਰਾਪਤਿ ਹੋਏ ਹਨ ਓਨਾਂ ਦਾ ਦਿਲ ਮੋਹ ਰੂਪ ਰੱਸੇ ਨਾਲ ਨਹੀਂ ਬੰਨਿਆਂ ਜਾਂਦਾ ॥

**ਪਾਵਕ ਜਰਿਓ ਨ ਜਾਤ ਰਹਿਓ ਜਨ ਧੂਰਿ ਲਗਿ ॥**

ਪਾਵਕ = ਅੱਗ

ਜੇਹੜਾ ਆਦਮੀ ਵਾਹਿਗੁਰੂ ਦੇ ਦਾਸਾਂ ਦੀ ਚਰਨ ਧੂੜ ਨਾਲ ਲੱਗ ਰਿਹਾ ਹੈ ਓਹ ਤ੍ਰਿਸ਼ਨਾਂ ਅਗ ਵਿਚ ਨਹੀਂ ਸੜਦਾ॥

**ਨੀਰੁ ਨ ਸਾਕਸਿ ਬੋਰਿ ਚਲਹਿ ਹਰਿ ਪੰਥ ਪਗਿ ॥**

ਨੀਰੁ = ਪਾਣੀ

ਜੇਹੜਾ ਪੈਰਾਂ ਕਰਕੇ ਵਾਹਿਗੁਰੂ ਦੇ ਰਸਤੇ ਵਿਚ ਚਲਦਾ ਹੈ ਉਸ ਨੂੰ ਪਦਾਰਥਾਂ ਰੂਪ ਪਾਣੀ ਡੋਬ ਨਹੀਂ ਸਕਦਾ ॥

**ਨਾਨਕ ਰੋਗ ਦੋਖ ਅਘ ਮੋਹ ਛਿਦੇ ਹਰਿਨਾਮ ਖਗਿ॥੧॥੧੦॥**

ਅਘ = ਪਾਪ ॥ ਖਗ = ਖੰਡਾ । ਛਿਦੇ = ਕਟੇ ॥

ਗੁਰੂ ਜੀ–ਰੋਗ, ਦੋਖ, ਪਾਪ, ਮੋਹ, ਇਹ ਸਾਰੇ ਵਿਕਾਰ ਵਾਹਿਗੁਰੂ ਦੇ ਨਾਮ ਉਚਾਰਨ ਰੂਪ ਖੰਡੇ ਨਾਲ ਕਟੇ ਜਾਂਦੇ ਹਨ॥ ੧ ॥ ੧੦ ॥

**ਉਦਮੁ ਕਰਿ ਲਾਗੇ ਬਹੁ ਭਾਤੀ**
**ਬਿਚਰਹਿ ਅਨਿਕ ਸਾਸਤ੍ਰ ਬਹੁ ਖਟੂਆ ॥**

ਖਟੂਆ = ਖੱਟੀ, ਛੇ ॥

ਲੋਕ ਅਨੇਕ ਤਰਾਂ ਦੇ ਉੱਦਮ ਕਰਨ ਵਿਚ ਲਗੇ ਹੋਇ ਹਨ ਅਨੇਕਾਂ ਆਦਮੀ ਛੇ ਸ਼ਾਸਤ੍ਰ ਖੱਟੀ ਦੇ ਵਾਸਤੇ ਉਚਾਰਦੇ ਹਨ ਵਾ ਅਨੇਕਾਂ ਵਾਰੀ ਵਿਚਾਰਦੇ ਹਨ ॥

**ਭਸਮ ਲਗਾਇ ਤੀਰਥ ਬਹੁ ਭ੍ਰਮਤੇ**
**ਸੂਖਮ ਦੇਹ ਬੰਧਹਿ ਬਹੁ ਜਟੂਆ ॥**

ਇਕ ਆਦਮੀ ਸਰੀਰ ਤੇ ਸੁਆਹ ਮਲਕੇ ਬਹੁਤ ਤੀਰਥਾਂ ਤੇ ਭੌਂਦੇ ਹਨ ਇਕ ਅੰਨ ਨੂੰ ਛਡਕੇ ਦੇਹੀ ਨੂੰ ਸੂਛਮ ਕਰ ਲੇਂਦੇ ਹਨ ਇਕ ਸਿਰ ਤੇ ਬੜੀਆਂ ੨ ਜਟਾਂ ਵਧਾ ਵ ਬੰਨ ਲੈਂਦੇ ਹਨ ॥

**ਬਿਨੁ ਹਰਿ ਭਜਨ ਸਗਲ ਦੁਖ ਪਾਵਤ**
**ਜਿਉ ਪ੍ਰੇਮ ਬਢਾਇ ਸੂਤ ਕੇ ਹਟੂਆ ॥**

ਵਾਹਿਗੁਰੂ ਦੇ ਭਜਨ ਤੋਂ ਬਿਨਾਂ ਸਾਰੇ ਹੀ ਦੁਖ ਪਾਉਂਦੇ ਹਨ, ਜਿਸਤਰਾਂ ਹੱਟੀ ਵਾਲਾ ਪ੍ਰੇਮ ਵਧਾਕੇ ਦੁਖ ਪਾਕੇ ਸੂਤ ਦੇ ਲੱਡੂ ਬਣਾਉਂਦਾ ਹੈ ਪਰ ਖਾਂਦਾ

ਨਹੀਂ ਅਥਵਾ ਹਟੂਆ ਬੰਬੋਰਾ ਜਿਸਤਰਾਂ ਆਪਣੀਆਂ ਤਾਰਾਂ ਵਿਚ ਆਪ ਹੀ ਫਸ ਜਾਂਦਾ ਹੈ ॥

**ਪੂਜਾ ਚਕ੍ਰ ਕਰਤ ਸੋਮ ਪਾਕਾ ਅਨਿਕ ਭਾਂਤਿ ਥਾਟਹਿ ਕਰਿ ਬਟੂਆ ॥ ੨ ॥ ੧੧ ॥ ੨੦ ॥**

ਇਕ ਦੁਆਰਕਾ ਆਦਿਕ ਤੀਰਥਾਂ ਉਤੇ ਜਾਕੇ ਸਰੀਰ ਤੇ ਚੱਕਰ ਛਾਪਾ ਆਦਿਕ ਲਗਾਉਂਦੇ ਹਨ ਇਕ ਪੂਜਾ ਕਰਦੇ ਹਨ ਇਕ ਚੰਦ੍ਰਮਾਂ ਨੂੰ ਵੇਖਕੇ ਵਰਤ ਉਪਾਰਦੇ ਹਨ ਅਨੇਕ ਤਰਾਂ ਦੇ ਥਾਟ ਅਕਠ ਕਰਮਾਂ ਦੇ ਠਟਦੇ ਭਾਵ ਕਰਦੇ ਹਨ। ਪਰ ਫਿਰ ਵੀ ਜਨਮ ਮਰਨ ਸਿਰ ਤੇ ਹੀ ਰਹਿੰਦਾ ਹੈ ॥ ੨ ॥੧੧ ॥

## ਸਵੀਏ ਮਹਲੇ ਪਹਿਲੇ ਕੇ ੧

**੧ ਓ ਸਤਿਗੁਰਪ੍ਰਸਾਦਿ ॥**

**ਇਕ ਮਨਿ ਪੁਰਖੁ ਧਿਆਇ ਬਰ ਦਾਤਾ ॥**

ਇਕ ਮਨ ਹੋਕੇ ਵਰਾਂ ਦੇ ਦਾਤੇ ਅਕਾਲ ਪੁਰਖ ਨੂੰ ਧਿਆਉਂਦਾ ਹਾਂ।

**ਸੰਤ ਸਹਾਰੁ ਸਦਾ ਬਿਖਿਆਤਾ ॥**

ਪ੍ਰਗਟ ਹੀ ਹਮੇਸ਼ਾਂ ਸੰਤਾਂ ਦਾ ਆਸਰਾ ਹਨ ॥

**ਤਾਸੁ ਚਰਨ ਲੇ ਰਿਦੈ ਬਸਾਵਉ ॥**

ਉਸ ਵਾਹਿਗੁਰੂ ਦੇ ਚਰਨ ਆਪਣੇ ਰਿਦੇ ਵਿਚ ਵਸਾਉਂਦਾ ਹਾਂ ॥

**ਤਉ ਪਰਮ ਗੁਰੂ ਨਾਨਕ ਗੁਨ ਗਾਵਉ ॥ ੧ ॥**

ਤਾਂ ਫਿਰ ਪਿਛੋਂ ਪਰਮ ਗੁਰੂ ਨਾਨਕ ਜੀ ਦੇ ਗੁਣ ਗਾਉਂਦਾ ਹਾਂ ॥ ੧ ॥

**ਗਾਵਉ ਗੁਨ ਪਰਮ ਗੁਰੂ ਸੁਖ ਸਾਗਰ ਦੁਰਤ ਨਿਵਾਰਣ ਸਬਦ ਸਰੇ ॥**

ਸਾਗਰ = ਸਮੁੰਦਰ ॥ ਦੁਰਤ = ਪਾਪ। ਸਰੇ = ਤਾਲ ॥

ਜੋ ਪਰਮ ਗੁਰੂ ਸੁਖਾਂ ਦਾ ਸਮੁੰਦ੍ਰ ਪਾਪਾਂ ਨੂੰ ਦੂਰ ਕਰਨ ਵਾਲੇ ਉਪਦੇਸ਼ ਦਾ ਸਰੋਵਰ ਹਨ, ਓਨਾਂ ਦੇ ਮੈਂ ਗੁਣ ਗਾਉਂਦਾ ਹਾਂ ॥

**ਗਾਵਹਿ ਗੰਭੀਰ ਧੀਰ ਮਤਿ ਸਾਗਰ ਜੋਗੀਜੰਗਮ ਧਿਆਨੁਧਰੇ॥**

ਜਿਨਾਂ ਦੇ ਗੁਣਾਂ ਨੂੰ ਬੜੇ ੨ ਗੰਭੀਰ, ਧੀਰਜਵਾਨ, ਅਕਲ ਦੇ ਸਮੁੰਦਰ, ਜੋਗੀ, ਜੰਗਮ ਗਾਉਂਦੇ ਅਤੇ ਧਿਆਨ ਧਰਦੇ ਹਨ ॥

**ਗਾਵਹਿ ਇੰਦ੍ਰਾਦ ਭਗਤ ਪ੍ਰਹਿਲਾਦਿਕ**
**ਆਤਮ ਰਸੁ ਜਿਨਿ ਜਾਣਿਓ ॥**

ਇੰਦ੍ਰ ਆਦਿਕ, ਭਗਤ ਪ੍ਰਹਿਲਾਦ ਆਦਿਕ ਜਿਨਾਂ ਨੇ ਆਤਮ ਅਨੰਦ ਨੂੰ ਜਾਣਿਆਂ ਹੈ ਓਹ ਗੁਰਾਂ ਦੇ ਗੁਣਾਂ ਨੂੰ ਗਾਉਂਦੇ ਹਨ ।

**ਕਬਿ ਕਲ ਸੁਜਸੁ ਗਾਵਉ ਗੁਰ ਨਾਨਕ**
**ਰਾਜੁ ਜੋਗੁ ਜਿਨਿ ਮਾਣਿਓ ॥ ੨ ॥**

ਕਲ ਕਵੀ ਆਖਦਾ ਹੈ ਜਿਨਾਂ ਨੇ ਰਾਜ ਵਿਚ ਹੀ ਜੋਗ ਮਾਣਿਆ ਹੈ ਓਸ ਗੁਰੂ ਨਨਕ ਜੀਦਾ ਮੈਂ ਜਸ ਗਾਉਂਦਾ ਹਾਂ ॥ ੨ ॥

**ਗਾਵਹਿ ਜਨਕਾਦਿ ਜੁਗਤਿ ਜੋਗੇਸੁਰ**
**ਹਰਿ ਰਸ ਪੂਰਨ ਸਰਬ ਕਲਾ**

ਸਾਰੀਆਂ ਕਲਾਂ ਵਿਚ ਪੂਰਨ ਵਾਹਿਗੁਰੂ ਰੂਪ ਗੁਰਾਂ ਦੇ ਗੁਣਾਂ ਨੂੰ ਅਨੰਦ ਨਾਲ ਗਾਉਂਦੇ ਹਨ ਜਨਕ ਆਦਿਕ ਜੋਗ ਦੀ ਜੁਗਤੀ ਵਿਚ ਜੁੜੇ ਹੋਏ ਜੋਗੀਆਂ ਦੇ ਈਸ਼ਰ ॥

**ਗਾਵਹਿ ਸਨਕਾਦਿ ਸਾਧ ਸਿਧਾਦਿਕ**
**ਮੁਨਿ ਜਨ ਗਾਵਹਿ ਅਛਲ ਛਲਾ ॥**

ਸਨਕ ਆਦਿਕ ਸਾਧ ਸਿਧ ਆਦਿਕ ਮੁਨੀ ਜਨਾਂ ਤੋਂ ਲੈਕੇ ਸਾਰੇ ਜੋ ਛਲਣ ਤੋਂ ਬਿਨਾਂ ਵਾਹਿਗੁਰੂ ਹੈ ਅਤੇ ਜਿਸਦੀ ਮਾਯਾ ਨੇ ਸਾਰਿਆਂ ਨੂੰ ਛਲਿਆ ਹੈ ਓਸਦੇ ਗੁਣਾਂ ਨੂੰ ਗਾਉਂਦੇ ਹਨ ॥

**ਗਾਵੈ ਗੁਣ ਧੋਮੁ ਅਟਲ ਮੰਡਲਵੈ ਭਗਤਿ ਭਾਇਰਸੁ ਜਾਣਿਓ॥**

ਧੋਮ = ਰਿਖੀ ॥

ਰਿਖੀ ਵੀ ਗੁਣਾਂ ਨੂੰ ਗਾਉਂਦਾ ਅਤੇ (ਵੈ) ਓਹ ਜੋ ਅਟਲ ਮੰਡਲ ਵਿਚ ਧਰੂ ਭਗਤ ਰਹਿੰਦਾ ਹੈ ਜਿਸਨੇ ਪ੍ਰੇਮਾਂ ਭਗਤੀ ਦੇ ਅਨੰਦ ਨੂੰ ਜਾਣਿਆਂ ਹੈ ਓਹ ਵੀ ਗੁਣ ਗਾਉਂਦਾ ਹੈ ॥

**ਕਬਿ ਕਲ ਸੁਜਸ ਗਾਵਉ ਗੁਰ ਨਾਨਕ**
**ਰਾਜ ਜੋਗੁ ਜਿਨਿ ਮਾਣਿਓ ॥ ੩ ॥**

(ਅਰਥ ਪਿਛੇ ਹੋ ਚੁਕਾ ਹੈ)

**ਗਾਵਹਿ ਕਪਿਲਾਦਿ ਆਦਿ ਜੋਗੇਸੁਰ ਅਪਰੰਪਰ ਅਵਤਾਰਵਰੋ॥**

ਸੰਸਾਰ ਦਾ ਪਰਾ ਰੂਪ ਜੋ ਵਾਹਿਗੁਰੂ ਦਾ ਸ੍ਰੇਸ਼ਟ ਅਵਤਾਰ ਕਪਲ

ਆਦਿਕ ਜੋਗੀਆਂ ਦੇ ਈਸ਼ਰ ਤੋਂ ਲੈਕੇ ਜਿੰਨੇ ਸਾਰੇ ਜੋਗੀ ਹਨ ਸਭ ਗਾਉਂਦੇ ਹਨ।

**ਗਾਵੈ ਜਮਦਗਨਿ ਪਰਸ ਰਾਮੇਸੁਰ**

**ਕਰ ਕੁਠਾਰੁ ਰਘੁ ਤੇਜੁ ਹਰਿਓ ॥**

ਜਮਦਗਨ ਰਿਖੀ ਅਤੇ ਪਰਸਰਾਮ ਜੇਹੜਾ ਈਸ਼ਰ ਦਾ ਅੰਸ਼ਾ ਅਵਤਾਰ ਹੈ ਜਿਸਨੇ ਹਥ ਵਿਚ ਕੁਹਾੜਾ ਫੜਕੇ ਰਾਘਵਾਂ ਦਾ ਤੇਜ ਨਾਸ ਕੀਤਾ ਹੈ ਵਾ ਰਾਮ ਨੇ ਜਿਸਦੇ ਹਥੋਂ ਕੁਹਾੜਾ ਤੇਜ ਸਹਿਤ ਹੀ ਖੋਹ ਲਿਆ ਸੀ ਓਹ ਉਸਦੇ ਜਸ ਨੂੰ ਗਾਉਂਦਾ ਹੈ ॥

**ਉਧੌ ਅਕ੍ਰੂਰੁ ਬਿਦਰੁ ਗੁਣ ਗਾਵੈ ਸਰਬਾਤਮੁ ਜਿਨਿ ਜਾਣਿਓ ॥**

ਊਧੋ, ਅਕਰੂਰ, ਬਿਦਰ ਗੁਣ ਗਾਉਂਦੇ ਹਨ ਜਿਨਾਂ ਨੇ ਸਾਰਿਆਂ ਜੀਵਾਂ ਵਿਚ ਵਾਹਿਗੁਰੂ ਨੂੰ ਹੀ ਜਾਣਿਆਂ ਹੈ।

**ਕਬਿ ਕਲ ਸੁਜਸੁ ਗਾਵਉ ਗੁਰ ਨਾਨਕ**

**ਰਾਜੁ ਜੋਗੁ ਜਿਨਿ ਮਾਣਿਓ ॥ ੪ ॥**

(ਇਸਦਾ ਅਰਥ ਹੋ ਚੁਕਾ ਹੈ)

**ਗਾਵਹਿ ਗੁਣ ਬਰਨ ਚਾਰਿ ਖਟ ਦਰਸਨ**

**ਬ੍ਰਹਮਾਦਿਕ ਸਿਮਰੰਥਿ ਗੁਨਾ ॥**

ਗੁਨਾ = ਗਿਣਨਾਂ ॥

ਚਾਰੇ ਵਰਨ ਛੀਏ ਦਰਸ਼ਨ ਗੁਰਾਂ ਦੇ ਗੁਣਾਂ ਨੂੰ ਗਾਉਂਦੇ ਹਨ ਤੇ ਬ੍ਰਹਮਾਂ ਆਦਿਕ ਈਸ਼ਰ ਸਮਰੱਥ ਤਿਨਾਂ ਦੇ ਗੁਣਾਂ ਨੂੰ ਯਾਦ ਕਰਦੇ ਹਨ।

**ਗਾਵੈ ਗੁਣ ਸੇਸੁ ਸਹਸ ਜਿਹਬਾ**

**ਰਸ ਆਦਿ ਅੰਤ ਲਿਵਲਾਗਿ ਧੁਨਾ ॥**

ਸਹਸ = ਹਜ਼ਾਰ ॥

ਸੇਸਨਾਗ ਹਜਾਰ ਰਸਨਾ ਨਾਲ ਗੁਣ ਗਾਉਂਦਾ ਹੈ ਜਿਸਦੀ ਆਦ ਤੋਂ ਲੈਕੇ ਅੰਤ ਪ੍ਰਯੰਤ ਨਾਮ ਦੀ ਅਵਾਜ਼ ਦੇ ਅਨੰਦ ਵਿਚ ਪ੍ਰੀਤੀ ਲਗੀ ਰਹਿੰਦੀ ਹੈ।

**ਗਾਵੈ ਗੁਣ ਮਹਾਦੇਉ ਬੈਰਾਗੀ**

**ਜਿਨਿ ਧਿਆਨ ਨਿਰੰਤਰਿ ਜਾਣਿਓ ॥**

ਸਤਿਗੁਰਾਂ ਦੇ ਗੁਣਾਂ ਨੂੰ ਸ਼ਿਵਜੀ ਬੈਰਾਗੀ (ਰਾਮਾਨੰਦ) ਗੌਂਦੇ ਹਨ। ਜਿਨਾਂ ਨੇ ਲਗਾਤਾਰ ਧਿਆਨ ਵਿਚ ਹੀ ਵਾਹਿਗੁਰੂ ਨੂੰ ਜਾਣਿਆਂ ਹੈ ॥

**ਕਬਿ ਕਲ ਸੁਜਸੁ ਗਾਵਉ ਗੁਰ ਨਾਨਕ**

ਰਾਜੁ ਜੋਗੁ ਜਿਨਿ ਮਾਣਿਓ ॥
(ਅਰਥ ਪਿਛੇ ਹੋ ਚੁਕਾ ਹੈ)

ਰਾਜੁ ਜੋਗੁ ਮਾਣਿਓ ਬਸਿਓ ਨਿਰਵੈਰੁ ਰਿਦੰਤਰਿ ॥

ਗੁਰੂ ਜੀ ਨੇ ਰਾਜ ਜੋਗ ਨੂੰ ਮਾਣਿਆਂ ਹੈ ਅਰ ਜਿਨਾਂ ਦੇ ਰਿਦੇ ਅੰਦਰ ਸਦਾ ਹੀ ਨਿਰਵੈਰ ਵਸਿਆ ਹੈ ਭਾਵ ਕਿਸੇ ਨਾਲ ਵੈਰ ਨਹੀਂ ਕੀਤਾ ॥

ਸ੍ਰਿਸਟਿ ਸਗਲ ਉਧਰੀ ਨਾਮਿ ਲੈ ਤਰਿਓ ਨਿਰੰਤਰਿ॥

ਸਾਰੀ ਦੁਨੀਆਂ ਉਧਰ ਗਈ ਹੈ ਜਿਨਾਂ ਪਾਸੋਂ ਇਕ ਰਸ ਨਾਮ ਦਾ ਉਪਦੇਸ਼ ਲੈਕੇ ਸਾਰਾ ਸੰਸਾਰ ਤਰਿਆ ਹੈ ॥

ਗੁਣ ਗਾਵਹਿ ਸਨਕਾਦਿ ਆਦਿ ਜਨਕਾਦਿ ਜੁਗਹ ਲਗਿ ॥

ਸਨਕ ਜਨਕ ਆਦਿਕ ਹੋਰ ਸਭ ਰਿਖੀ ਆਦਿਕ ਜੁਗਾਂ ਪ੍ਰਯੰਤ ਗੁਰਾਂ ਦੇ ਗੁਣਾਂ ਨੂੰ ਗਾਉਂਦੇ ਹਨ ।

ਧੰਨਿ ਧੰਨਿ ਗੁਰੁ ਧੰਨਿ ਜਨਮੁ ਸਕਯਥੁ ਭਲੌ ਜਗਿ ॥

ਤਿੰਨਾਂ ਸਮਿਆਂ ਵਿਚ ਧੰਨਤਾ ਯੋਗ ਸਤਿਗੁਰਾਂ ਦਾ ਉਤਮ ਅਵਤਾਰ ਜਗਤ ਵਿਚ ਚੰਗਾ ਸਫਲ ਹੋਯਾ ਹੈ ।

ਪਾਤਾਲ ਪੁਰੀ ਜੈਕਾਰ ਧੁਨਿ ਕਬਿ ਜਨ ਕਲ ਵਖਾਣਿਓ ॥

ਪਤਾਲ ਆਦਕ ਪੁਰੀਆਂ ਵਿਚ ਗੁਰੂ ਜੀ ਦੇ ਜੈਕਾਰ ਦੀ ਧੁਨੀ ਦਾ ਸ਼ਬਦ ਹੋ ਰਿਹਾ ਹੈ ਕਲ ਕਵੀ ਕਹਿੰਦਾ ਹੈ ਇੱਕੁਰ ਕਵੀ ਜਨਾਂ ਨੇ ਵਖਾਣਿਆਂ ਹੈ ॥

ਹਰਿ ਨਾਮ ਰਸਿਕ ਨਾਨਕ ਗੁਰ ਰਾਜੁ ਜੋਗੁ ਤੈ ਮਾਣਿਓ॥ ੬ ॥

ਹੇ ਵਾਹਿਗੁਰੂ ਦੇ ਨਾਮ ਦੇ ਰਸੀਏ ਗੁਰੂ ਨਾਨਕ ਜੀ ਆਪਨੇ ਹੀ ਰਾਜ ਜੋਗ ਨੂੰ ਮਾਣਿਆਂ ਹੈ ॥

ਸਤਜੁਗਿ ਤੈ ਮਾਣਿਓ ਛਲਿਓ ਬਲਿ ਬਾਵਨ ਭਾਇਓ ॥

ਸਤਿਜੁਗ ਵਿਚ ਆਪਨੇ ਇਸਤਰਾਂ ਦਾ ਰਾਜ ਜੋਗ ਮਾਣਿਆ ਹੈ ਜੋ ਬਲ ਰਾਜਾ ਨੂੰ ਇੰਦਰ ਵਾਸਤੇ ਛਲਿਆ ਸੀ ਏਸੇ ਵਾਸਤੇ ਬਾਵਨ ਅਵਤਾਰ ਆਪਨੂੰ ਚੰਗਾ ਲੱਗਾ ॥

ਤ੍ਰੇਤੈ ਤੈ ਮਾਣਿਓ ਰਾਮੁ ਰਘੁ ਵੰਸੁ ਕਹਾਇਓ ॥

ਤ੍ਰੇਤੇ ਵਿਚ ਆਪਨੇ ਇਹ ਰਾਜ ਮਾਣਿਆਂ ਹੈ ਜੋ ਰਾਘਵਾਂ ਦੀ ਵੰਸ ਵਿਚ ਰਾਮ ਰੂਪ ਕਹਾਏ ਹੋ ॥

ਦੁਆਪੁਰਿ ਕ੍ਰਿਸਨ ਮੁਰਾਰਿ ਕੰਸੁ ਕਿਰਤਾਰਥੁ ਕੀਓ ॥

ਦੁਆਪਰ ਵਿਚ ਮੁਰਾਰੀ ਕ੍ਰਿਸ਼ਨ ਅਵਤਾਰ ਧਾਰਕੇ ਕੰਸ ਨੂੰ ਮਾਰਕੇ ਕਲਜਾਨ ਕੀਤਾ।

**ਉਗ੍ਰਸੈਣ ਕਉ ਰਾਜੁ ਅਭੈ ਭਗਤਹ ਜਨ ਦੀਓ ॥**

ਉਗ੍ਰਸੈਣ ਨੂੰ ਰਾਜ ਦੇਕੇ ਆਪਣੇ ਭਗਤ ਜਨਾਂ ਨੂੰ ਅਭੈ ਦਾਨ ਦਿਤਾ।

**ਕਲਿ ਜੁਗਿ ਪ੍ਰਮਾਣੁ ਨਾਨਕ ਗੁਰੁ ਅੰਗਦੁ ਅਮਰੁ ਕਹਾਇਓ ॥**

ਹੁਣ ਕਲਜੁਗ ਵਿਚ ਤਿੰਨਾਂ ਜੁਗਾਂ ਵਾਂਗੂ ਗੁਰੂ ਨਾਨਕ ਗੁਰੂ ਅੰਗਦ ਗੁਰੂ ਅਮਰ ਦਾਸ ਕਹਾਏ ਹੋ।

**ਸ੍ਰੀ ਗੁਰੂ ਰਾਜੁ ਅਬਿਚਲੁ ਅਟਲੁ**
**ਆਦਿ ਪੁਰਖਿ ਫੁਰਮਾਇਓ ॥ ੭ ॥**

ਸ੍ਰੀ ਗੁਰੂ ਜੀ ਦਾ ਸਰੂਪ ਵੀ ਅਟੱਲ ਹੈ ਰਾਜ ਵੀ ਅਬਚਲ ਹੈ ਇਹ ਆਦਿ ਪੁਰਖ ਨੇ ਸਾਨੂੰ ਆਖਿਆ ਹੈ ॥ ੭ ॥

**ਗੁਣ ਗਾਵੈ ਰਵਿਦਾਸੁ ਭਗਤੁ ਜੈ ਦੇਵ ਤ੍ਰਿਲੋਚਨ ॥**

ਰਵਿਦਾਸ ਭਗਤ, ਜੈ ਦੇਵ, ਤ੍ਰਿਲੋਚਨ ਆਪਦੇ ਗੁਣਾਂ ਨੂੰ ਗਾਉਂਦੇ ਹਨ।

**ਨਾਮਾ ਭਗਤੁ ਕਬੀਰੁ ਸਦਾ ਗਾਵਹਿ ਸਮ ਲੋਚਨ ॥**

ਨਾਮਦੇਵ ਭਗਤ ਕਬੀਰ ਸਮਦ੍ਰਿਸ਼ਟੀ ਕਰਕੇ ਹਮੇਸ਼ਾਂ ਹੀ ਆਪਨੂੰ ਗਾਉਂਦੇਹਨ

**ਭਗਤੁ ਬੇਣਿ ਗੁਣ ਰਵੈ ਸਹਜਿ ਆਤਮ ਰੰਗੁ ਮਾਣੈ ॥**

ਬੇਣੀ ਭਗਤ ਜੋ ਵੀ ਆਪਦੇ ਗੁਣਾਂ ਨੂੰ ਉਚਾਰਨ ਕਰਦੇ ਹਨ ਅਤੇ ਸਹਿਜੇ ਹੀ ਆਤਮ ਅਨੰਦ ਨੂੰ ਮਾਣਦੇ ਹਨ।

**ਜੋਗ ਧਿਆਨਿ ਗੁਰ ਗਿਆਨਿ ਬਿਨਾ ਪ੍ਰਭ ਅਵਰੁ ਨ ਜਾਣੈ।**

ਗੁਰਾਂ ਦਾ ਗਿਆਨ ਪਾਕੇ ਜੋਗ ਧਿਆਨ ਵਿਚ ਟਿਕੇ ਹਨ ਵਾਹਿਗੁਰੂ ਤੋਂ ਬਿਨਾਂ ਹੋਰ ਕਿਸੇ ਨੂੰ ਨਹੀਂ ਜਾਣਦੇ।

**ਸੁਖਦੇਉ ਪਰੀਖ੍ਯਤੁ ਗੁਣ ਰਵੈ ਗੋਤਮ ਰਿਖਿ ਜਸੁ ਗਾਇਓ ॥**

ਸੁਖਦੇਵ, ਪਰੀਖਤ ਆਦਿਕ ਗੁਰਾਂ ਦੇ ਗੁਣ ਉਚਾਰਦੇ ਹਨ ਅਤੇ ਗੋਤਮ ਰਿਖੀ ਨੇ ਵੀ ਜਸ ਨੂੰ ਗਾਇਆ ਹੈ।

**ਕਬਿ ਕਲ ਸੁਜਸੁ ਨਾਨਕ ਗੁਰ**
**ਨਿਤ ਨਵਤਨੁ ਜਗਿ ਛਾਇਓ ॥ ੮ ॥**

ਕਲ ਕਵੀ ਆਖਦਾ ਹੈ ਗੁਰ ਨਾਨਕ ਜੀ ਦਾ ਜਸ ਨਿਤ ਹੀ ਨਵਾਂ ਜਗਤ ਵਿਚ ਛਾਇਆ ਹੋਇਆ ਹੈ ॥ ੮ ॥

**ਗੁਨ ਗਾਵਹਿ ਪਾਯਾਲਿ ਭਗਤ ਨਾਗਾਦਿ ਭੁਯੰਗਮ ॥**

ਆਪ ਦੇ ਗੁਣਾਂ ਨੂੰ ਪਤਾਲ ਵਿਚ ਭਗਤ ਸ਼ੇਸ਼ਨਾਗ ਆਦਿਕ ਸਾਰੇ ਸੱਪ ਗਾਉਂਦੇ ਹਨ ॥

**ਮਹਾਦੇਉ ਗੁਣ ਰਵੈ ਸਦਾ ਜੋਗੀ ਜਤਿ ਜੰਗਮ ॥**

ਸ਼ਿਵਜੀ ਤੋਂ ਲੈਕੇ ਸਾਰੇ ਜੋਗੀ ਜਤੀ ਜੰਗਮ ਹਮੇਸ਼ਾਂ ਗੁਣਾਂਨੂੰ ਉਚਾਰਦੇ ਹਨ।

**ਗੁਣ ਗਾਵੈ ਮੁਨਿ ਬ੍ਯਾਸੁ ਜਿਨਿ ਬੇਦ ਬ੍ਯਾਕਰਣ ਬੀਚਾਰਿਅ ॥**

ਵਿਆਸਮੁਨੀ ਗੁਣਾਂ ਨੂੰ ਗਾਉਂਦਾ ਹੈ ਜਿਸਨੇ ਵੇਦ ਅਤੇ ਵਯਾਕਰਨ ਨੂੰ ਵਿਚਾਰਿਆ ਹੈ ॥ ਅਥਵਾ ਜਿਸਨੇ ਵੇਦ ਦਾ ਵਯਾਕਰਨ ਵਿਚਾਰਿਆ ਹੈ ॥

**ਬ੍ਰਹਮਾ ਗੁਣ ਉਚਰੈ ਜਿਨਿ ਹੁਕਮਿ ਸਭ ਸ੍ਰਿਸਟਿ ਸਵਾਰੀਅ ॥**

ਬ੍ਰਹਮਾਂ ਗੁਣਾਂ ਨੂੰ ਉਚਾਰਦਾ ਹੈ ਜਿਸਨੇ ਵਾਹਿਗੁਰੂ ਦੇ ਹੁਕਮ ਨਾਲ ਸਾਰੀ ਸ੍ਰਿਸ਼ਟੀ ਨੂੰ ਸਵਾਰਿਆ ਹੈ ॥

**ਬ੍ਰਹਮੰਡ ਖੰਡ ਪੂਰਨ ਬ੍ਰਹਮੁ ਗੁਣ ਨਿਰਗੁਣ ਸਮਜਾਣਿਓ ॥**

ਬ੍ਰਹਮੰਡ ਖੰਡ ਵਿਚ ਜੋ ਪੂਰਨ ਬ੍ਰਹਮ ਵਿਆਪਕ ਹੈ ਗੁਰਾਂ ਨੇ ਉਸ ਨੂੰ ਸਰਗੁਣ ਨਿਰਗੁਣ ਰੂਪ ਬਰਾਬਰ ਜਾਣਿਆ ਹੈ ॥

**ਜਪੁ ਕਲ ਸੁ ਜਸੁ ਨਾਨਕ ਗੁਰ**
**ਸਹਜੁ ਜੋਗੁ ਜਿਨਿ ਮਾਣਿਓ ॥ ੯ ॥**

ਕਲ ਕਵੀ ਆਖਦਾ ਹੈ ਮੈਂ ਕਿਸ ਗੁਰੂ ਨਾਨਕ ਜੀ ਦੇ ਜਸ ਨੂੰ ਜਪਦਾ ਭਾਵ ਉਚਾਰਦਾ ਹਾਂ ਜਿਸਨੇ ਗਿਆਨ ਜੋਗ ਨੂੰ ਮਾਣਿਆ ਹੈ ॥ ੯ ॥

**ਗੁਣ ਗਾਵਹਿ ਨਵ ਨਾਥ ਧੰਨਿ ਗੁਰੁ ਸਾਚਿ ਸਮਾਇਓ॥**

ਨੌ ਨਾਥ ਵੀ ਗੁਣਾਂ ਨੂੰ ਗਾਉਂਦੇ ਹਨ, ਗੁਰੂ ਧੰਨ ਹਨ ਜਿਨਾਂ ਦਾ ਚਿਤ ਸਚ ਵਿਚ ਸਮਾਇਆ ਹੈ।

**ਮਾਂਧਾਤਾ ਗੁਣ ਰਵੈ ਜੇਨ ਚਕ੍ਰਵੈ ਕਹਾਇਓ ॥**

ਮਾਨ ਧਾਤਾ ਰਾਜਾ ਵੀ ਗੁਰਾਂ ਦੇ ਗੁਣਾਂ ਨੂੰ ਉਚਾਰਨ ਕਰਦਾ ਹੈ ਜਿਸਨੇ ਚਕਰ ਵਰਤੀ ਕਹਾਇਆ ਹੈ।

**ਗੁਣ ਗਾਵੈ ਬਲਿਰਾਉ ਸਪਤ ਪਾਤਾਲਿ ਬਸੰਤੌ ॥**

ਸਪਤ = ਪ੍ਰਤੱਗਯਾ ਵ ਸੌਂਹ।

ਬਲ ਰਾਜਾ ਵੀ ਗੁਰਾਂ ਦੇ ਗੁਣਾਂ ਨੂੰ ਉਚਾਰਨ ਕਰਦਾ ਹੈ ਜੋ ਢਾਈਆਂ ਕਰਮਾਂ ਦੀ ਸੌਂਹ = ਪ੍ਰਤੱਗਯਾ ਕਰਕੇ ਸਤਵੇਂ ਪਤਾਲ ਵਿਚ ਵਸਦਾ ਹੈ।

ਭਰਥਰਿ ਗੁਣ ਉਚਰੈ ਸਦਾ ਗੁਰਸੰਗਿ ਰਹੰਤੌ ॥

ਭਰਥਰੀ ਵੀ ਗੁਰਾਂ ਦੇ ਗੁਣਾਂ ਨੂੰ ਉਚਾਰਦਾ ਹੈ ਜੇਹੜਾ ਸਦਾ ਹੀ ਗੁਰੂ ਗੋਰਖ ਨਾਥ ਨਾਲ ਰਹਿੰਦਾ ਹੈ ॥

ਦੂਰਬਾ ਪਰੂਰਉ ਅੰਗਰੈ ਗੁਰ ਨਾਨਕ ਜਸੁ ਗਾਇਓ ॥

ਦੂਰਬਾ = ਦੁਰਬਾਸਾ ਰਿਖੀ ॥ ਪਰੂਰਉ = ਰਾਜਾ ॥ ਅੰਗਰੈ = ਰਿਖੀ ॥

ਦੁਰਬਾਸਾ, ਪਰੂਰਵਾ ਰਾਜਾ ਅੰਗਰੇ ਰਿਖੀ ਆਦਿਕਾਂ ਨੇ ਗੁਰੂ ਨਾਨਕ ਜੀ ਦਾ ਜਸ ਗਾਇਆ ਹੈ ॥

ਕਬਿ ਕਲ ਸੁ ਜਸੁ ਨਾਨਕ ਗੁਰ
ਘਟਿ ਘਟਿ ਸਹਜਿ ਸਮਾਇਓ ॥ ੧੦ ॥

ਕਲ ਕਵੀ ਆਖਦਾ ਹੈ ਗੁਰੂ ਨਾਨਕ ਜੀਦਾ ਜਸ ਘਟਾਂ ਘਟਾਂ ਵਿਚ ਬ੍ਰਹਮ ਰੂਪ ਕਰਕੇ ਸਹਿਜੇ ਹੀ ਸਮਾਇਆ ਹੋਇਆ ਹੈ ॥ ੧੦ ॥

## ਸਵਈਏ ਮਹਲੇ ਦੂਜੇ ਕੇ ੨

ੴ ਸਤਿਗੁਰਪ੍ਰਸਾਦਿ ॥ ॥ ਸੋਈ ਪੁਰਖੁ ਧੰਨੁ ਕਰਤਾ
ਕਾਰਣ ਕਰਤਾਰੁ ਕਰਣ ਸਮਰਥੋ ॥

ਸਾਰੇ ਜਗਤ ਦੇ ਕਾਰਨ ਜੋ ਤਤ ਹਨ ਤਿਨਾਂ ਦਾ ਕਰਤਾ ਜੋ ਬ੍ਰਹਮਾਂ ਹੈ ਤਿਸਦੇ ਕਰਨ ਨੂੰ ਸਮਰਥ ਕਰਤਾ ਪੁਰਖ ਵਾਹਿਗੁਰੂ ਧੰਨ ਹੈ ॥

ਸਤਿਗੁਰੂ ਧੰਨੁ ਨਾਨਕੁ ਮਸਤਕਿ ਤੁਮ ਧਰਿਓ ਜਿਨਿ ਹਥੋ ॥

ਸਤਿਗੁਰੂ ਨਾਨਕ ਜੀ ਵੀ ਧੰਨ ਹਨ ਜਿਨਾਂ ਨੇ ਆਪਦੇ ਮੱਥੇ ਤੇ ਹਥ ਧਰਿਆ ਹੈ ॥

ਤ ਧਰਿਓ ਮਸਤਕਿ ਹਥੁ ਸਹਜਿ ॥
ਅਮਿਉ ਵੁਠਉ ਛਜਿ ਸੁਰਿ ਨਰ ਗਣ ਮੁਨਿ ਬੋਹਯ ਅਗਾਜਿ ॥

ਜਦੋਂ ਮਥੇ ਤੇ ਹਥ ਧਰਿਆ ਤਾਂ ਸਹਿਜੇ ਹੀ ਉਪਦੇਸ਼ ਰੂਪ ਅੰਮ੍ਰਿਤ ਵਰਸਿਆ ਵਾ ਗੁਰਾਂ ਨੇ ਵਰਸਾਇਆ ਉਸ ਅਮ੍ਰਿਤ ਨਾਲ ਆਪ (ਛਜਿ) ਹੋਏ = ਸੋਭਾ ਵਾਲੇ ਹੋਏ ਉਸੇ ਅੰਮ੍ਰਿਤ ਤੋਂ ਦੇਵਤੇ, ਆਦਮੀ, ਸ਼ਿਵਜੀ ਦੇ ਸਮੂਹ ਗਣ, ਮੁਨੀ (ਬੋਹਯ) ਸੁਗੰਧੀ ਭਾਵ ਭੁਗਤੀ ਵਾਲੇ (ਅਗਾਜ) ਪ੍ਰਗਟ ਹੀ ਹੋ ਗਏ ॥

## ਮਾਰਿਓ ਕੰਟਕੁ ਕਾਲੁ ਗਰਜਿ ਧਾਵਤੁ
## ਲੀਓ ਬਰਜਿ ਪੰਚ ਭੂਤ ਏਕ ਘਰਿ ਰਾਖਿ ਲੇ ਸਮਜਿ ॥

ਕੰਟਕ = ਕੰਡਾ, ਦੁਖਦਾਈ ॥ ਗਰਜਿ = ਗੱਜਕੇ ॥

ਸਮਜਿ = ਸੰ, ਅਜ = ਚੰਗੀ ਤਰਾਂ ਅਜੀਤ ਸਨ ।

ਦੁਖਦਾਈ ਕਾਲ ਨੂੰ ਗੱਜਕੇ ਮਾਰਿਆ ਅਤੇ ਮਨ ਦੌੜਦੇ ਨੂੰ ਵਰਜ ਲਿਆ ਅਤੇ ਕਾਮ ਆਦਿਕਾਂ ਪੰਜਾਂ ਭੂਤਾਂ ਨੂੰ ਵੀ ਰਿਦੇ ਰੂਪ ਘਰ ਵਿਚ ਰਖ ਲਿਆ ਭਾਵ ਰੋਕ ਲਿਆ ॥

## ਜਗੁ ਜੀਤਉ ਗੁਰ ਦੁਆਰਿ ਖੇਲਹਿ ਸਮਤ ਸਾਰਿ
## ਰਥੁ ਉਨਮਨਿ ਲਿਵ ਰਾਖਿ ਨਿਰੰਕਾਰਿ ॥

ਗੁਰਾਂ ਦਾ ਉਪਦੇਸ਼ ਲੈਕੇ ਜਗਤ ਨੂੰ ਤੁਸਾਂ ਜਿਤ ਲਿਆ ਹੈ ਅਤੇ ਸਮਤਾ ਰੂਪ ਆਪ ਬਾਜੀ ਖੇਲ ਰਹੇ ਹੋ, ਤੁਰੀਆ ਪਦ ਨਿਰੰਕਾਰ ਵਿਚ ਮਨ ਦੀ ਬ੍ਰਿਤੀ ਰੂਪ (ਰਥ) ਪਰਵਾਹ ਨੂੰ ਰੋਕਕੇ ਰਖਿਆ ਹੈ ॥

## ਕਹੁ ਕੀਰਤਿ ਕਲ ਸਹਾਰ ਸਪਤਦੀਪ ਮਝਾਰ
## ਲਹਣਾ ਜਗਤ੍ਰ ਗੁਰੁ ਪਰਸਿ ਮੁਰਾਰਿ ॥ ੧ ॥

ਕਲ ਸਹਾਰ ਕਵੀ ਓਨਾਂ ਦਾ ਕੀਰਤੀ ਕਹਿੰਦਾ ਹੈ ਜੋ ਲਹਿਣਾ ਜੀ ਮੁਰਾਰੀ ਗੁਰੂ ਨਾਨਕ ਜੀ ਨੂੰ ਮਿਲਕੇ ਸਤਾਂ ਦੀਪਾਂ ਵਿਚ ਸਾਰੇ ਜਗਤ ਦੇ ਗੁਰੂ ਹੋਏ ਹਨ ॥ ੧ ॥

## ਜਾਕੀ ਦ੍ਰਿਸਟਿ ਅੰਮ੍ਰਿਤ ਧਾਰ ਕਾਲੁਖ ਖਨਿ ਉਤਾਰ
## ਤਿਮਰ ਅਗ੍ਯ੍ਯਾਨ ਜਾਹਿ ਦਰਸ ਦੁਆਰ ॥

ਖਨਿ = ਉਖੇੜ ॥ ਤਿਮਰ = ਹਨੇਰਾ ॥

ਜਿਨਾਂ ਦੀ ਨਜ਼ਰ ਅੰਮ੍ਰਿਤ ਦੀ ਧਾਰ ਵਾਂਗੂੰ ਹੈ ਅਤੇ ਪਾਪਾਂ ਰੂਪ ਕਾਲਖ ਨੂੰ ਉਖੇੜਕੇ ਲਾਹ ਘੱਤਦੀ ਹੈ ਅਤੇ ਜਿਨਾਂ ਦੇ ਦਰਸ਼ਨ ਦੁਆਰ ਨਾਲ ਵਾ ਦਰਵਾਜੇ ਤੇ ਜਾਕੇ ਦਰਸ਼ਨ ਕਰਨ ਨਾਲ ਅਗਜਾਨ ਹਨੇਰਾ ਚਲਿਆ ਜਾਂਦਾ ਹੈ ॥

## ਓਇ ਜੁ ਸੇਵਹਿ ਸਬਦੁ ਸਾਰੁ ਗਾਖੜੀ ਬਿਖਮ ਕਾਰ
## ਤੇ ਨਰ ਭਵ ਉਤਾਰਿ ਕੀਏ ਨਿਰਭਾਰ ॥

ਓਹ ਜੇਹੜੇ ਆਪਦੇ ਸਿਖ ਸ੍ਰੇਸ਼ਟ ਸ਼ਬਦ ਨੂੰ ਸੇਂਵਦੇ ਹਨ ਅਤੇ ਭਗਤੀ ਰੂਪ ਔਖੀ ਕਾਰ ਕਰਦੇ ਹਨ, ਓਹ ਆਦਮੀ ਆਪ ਨੇ ਪਾਪਾਂ ਰੂਪ ਭਾਰ ਤੋਂ ਬਿਨਾ ਕਰਕੇ ਸੰਸਾਰ ਸਮੁੰਦਰ ਤੋਂ ਪਾਰ ਉਤਾਰ ਦਿਤੇ ਹਨ ॥

## ਸਤਸੰਗਤਿ ਸਹਜ ਸਾਰਿ ਜਾਗੀਲੇ ਗੁਰ ਬੀਚਾਰਿ
## ਨਿੰਮਰੀਭੂਤ ਸਦੀਵ ਪਰਮ ਪਿਆਰਿ ॥

ਆਪ ਦੀ ਸਤਿ ਸੰਗਤ ਸਹਿਜੇ ਹੀ ਚੰਗੀ ਹੈ, ਹੇ ਗੁਰੂ ਜੀ ਆਪ ਦੀ ਬੁਧੀ ਵਿਚਾਰ ਵਿਚ ਜਗੀ ਰਹਿੰਦੀ ਹੈ ਅਤੇ ਨਿੰਮ੍ਰਤਾ ਬੜੀ ਰਖਦੇ ਹੋ, ਹਮੇਸ਼ਾਂ ਹੀ ਆਪਦਾ ਬੜਾ ਪਿਆਰ ਹੈ ਵਾ ਵਾਹਿਗੁਰੂ ਨਾਲ ਪਿਆਰ ਹੈ।

## ਕਹੁ ਕੀਰਤਿ ਕਲ ਸਹਾਰ ਸਪਤ ਦੀਪ ਮਝਾਰ
## ਲਹਣਾ ਜਗਤ੍ਰ ਗੁਰੁ ਪਰਸਿ ਮੁਰਾਰਿ ॥ ੨ ॥

ਏਸਦਾ ਅਰਥ ਪਿਛੇ ਹੋ ਚੁਕਾ ਹੈ ॥ ੨ ॥

## ਤੈ ਤਉ ਦ੍ਰਿੜਿਓ ਨਾਮੁ ਅਪਾਰੁ ॥
## ਬਿਮਲ ਜਾਸੁ ਬਿਥਾਰੁ ਸਾਧਿਕਸਿਧ ਸੁ ਜਨ ਜੀਆ ਕੋਅਧਾਰੁ॥

ਹੇ ਗੁਰੂ ਜੀ ਤੁਸਾਂ ਆਪਣੇ ਦਿਲ ਵਿਚ ਅਪਾਰ ਵਾਹਿਗੁਰੂ ਦਾ ਨਾਮ ਪੱਕਾ ਕੀਤਾ ਹੈ ਜਿਸਦਾ ਬੜਾ ਨਿਰਮਲ ਵਿਸਤਾਰ ਹੈ, ਸਾਧਨਾਂ ਕਰਨ ਵਾਲੇ, ਸਿਧ, ਸ੍ਰੇਸ਼ਟ ਜਨ ਆਦਿਕਾਂ ਸਾਰਿਆਂ ਜੀਵਾਂ ਦਾ ਆਸਰਾ ਹੈ।

## ਤੂ ਤਾ ਜਨਿਕ ਰਾਜਾ ਅਉਤਾਰੁ ਸਬਦੁ ਸੰਸਾਰਿ
## ਸਾਰੁ ਰਹਹਿ ਜਗਤ੍ਰ ਜਲ ਪਦਮ ਬੀਚਾਰ ॥

ਜਨਕ = ਪਿਤਾ। ਪਦਮ = ਕੌਲ ਫੁਲ।

ਸਾਰਿਆਂ ਦਾ ਪਿਤਾ ਤੇ ਸਾਰਿਆਂ ਦਾ ਰਾਜਾ ਜੋ ਵਾਹਿਗੁਰੂ ਹੈ ਤੂੰ ਤਾਂ ਓਸ ਦਾ ਅਵਤਾਰ ਹੈਂ ਇਸ ਸੰਸਾਰ ਵਿਚ ਆਪਦਾ ਸਬਦ ਹੀ ਚੰਗਾ ਹੈ ਅਤੇ ਆਪ ਵਿਚਾਰਕੇ ਵਾ ਮੈਂ ਵਿਚਾਰਿਆ ਹੈ, ਤੁਸੀਂ ਜਗਤ ਵਿਚ ਐਉਂ ਰਹਿੰਦੇ ਹੋ ਜਿਸਤਰਾਂ ਪਾਣੀ ਵਿਚ ਕੌਲ ਫੁਲ ਰਹਿੰਦਾ ਹੈ।

## ਕਲਿਪਤਰੁ ਰੋਗ ਬਿਦਾਰੁ ਸੰਸਾਰ ਤਾਪ ਨਿਵਾਰੁ
## ਆਤਮਾ ਤ੍ਰਿਬਿਧਿ ਤੇਰੈ ਏਕ ਲਿਵਤਾਰ ॥

ਕਲਪ ਬ੍ਰਿਛ ਵਾਂਗੂੰ ਆਪ ਸਾਰੀਆਂ ਇੱਛਾਂ ਪੂਰੀਆਂ ਕਰਕੇ ਰੋਗਾਂ ਦਾ ਨਾਸ ਕਰਦੇ ਹੋਏ ਸੰਸਾਰ ਦੇ ਤਾਪਾਂ ਨੂੰ ਦੂਰ ਕਰ ਦੇਂਦੇ ਹੋ, ਸਾਰਿਆਂ ਜੀਵਾਂ ਦਾ ਆਤਮਾ ਤਿੰਨ ਤਰਾਂ ਦਾ ਭਾਵ ਰਜੋ, ਸਤੋ, ਤਮੋ, ਹੈ ਅਤੇ ਆਪਦਾ ਮਨ ਇਕ ਵਾਹਿਗੁਰੂ ਦੀ ਪ੍ਰੀਤੀ ਵਿਚ ਤੇਲ ਧਾਰਾ ਵਾਂਗੂੰ ਹਮੇਸ਼ਾਂ ਲਗਾ ਰਹਿੰਦਾ ਹੈ।

## ਕਹੁ ਕੀਰਤਿ ਕਲ ਸਹਾਰ ਸਪਤ ਦੀਪ ਮਝਾਰ
## ਲਹਣਾ ਜਗਤ੍ਰ ਗੁਰੁ ਪਰਸਿ ਮੁਰਾਰਿ ॥ ੩ ॥

ਏਸਦਾ ਅਰਥ ਪਿਛੇ ਵੇਖੋ ॥ ੩ ॥

**ਤੈਤਾ ਹਦਰਥਿ ਪਾਇਓ ਮਾਨੁ ਸੇਵਿਆ ਗੁਰੁ ਪਰਵਾਨੁ**
**ਸਾਧਿ ਅਜਗਰੁ ਜਿਨਿ ਕੀਆ ਉਨਮਾਨੁ ॥**

ਹਦਰਥਿ = ਹਜ਼ਰਤ ਵਡੇ। ਸਾਧਿ = ਵੱਸ। ਅਜਗਰ = ਵੱਡਾ ਸੱਪ।

ਆਪ ਨੇ ਵੱਡੇ ਸਤਿਗੁਰੂ ਨਾਨਕ ਪਾਸੋਂ ਆਦਰ ਪਾਇਆ ਹੈ ਅਤੇ ਗੁਰਾਂ ਨੂੰ ਨਿਸਚੇ ਕਰਕੇ ਸੇਵਿਆ ਹੈ ਅਤੇ (ਉਨਮਾਨ) ਵਿਚਾਰ ਕਰਕੇ ਜਿਸ ਆਪ ਨੇ ਹੰਕਾਰ ਰੂਪ ਵਡੇ ਭਾਰੇ ਸੱਪ ਨੂੰ ਵੱਸ ਕੀਤਾ ਹੈ।

**ਹਰਿ ਹਰਿ ਦਰਸ ਸਮਾਨ ਆਤਮਾ ਵੰਤ ਗਿਆਨ**
**ਜਾਣੀਅ ਅਕਲਗਤਿ ਗੁਰ ਪਰਵਾਨ ॥**

ਆਤਮਾ = ਮਨ।

ਆਪਦਾ ਦਰਸ਼ਨ ਵਾਹਿਗੁਰੂ ਦੇ ਸਮਾਨ ਹੈ, ਮਨ ਆਪ ਦਾ ਗਿਆਨ ਵਾਲਾ ਹੈ, ਗੁਰਾਂ ਦੀ ਆਗਿਆ ਪਰਵਾਨ ਕਰਕੇ ਆਪ ਨੇ ਅਕਾਲ ਪੁਰਖ ਦੀ ਗਤੀ ਜਾਣੀ ਹੈ।

**ਜਾਕੀ ਦ੍ਰਿਸਟਿ ਅਚਲ ਠਾਣ ਬਿਮਲ ਬੁਧਿ ਸੁਥਾਨ**
**ਪਹਿਰਿ ਸੀਲ ਸਨਾਹੁ ਸਕਤਿ ਬਿਦਾਰਿ ॥**

ਸਨਾਹ = ਸੰਜੋਅ। ਸਕਤਿ = ਮਾਯਾ। ਬਿਦਾਰਿ = ਨਾਸ।

ਜਿਸ ਆਪ ਗੁਰੂ ਜੀ ਦੀ ਦ੍ਰਿਸ਼ਟੀ ਅਚੱਲ ਥਾਂ ਵਾਹਿਗੁਰੂ ਵਿਚ ਪਹੁੰਚੀ ਹੈ ਤੇ ਆਪ ਦੀ ਨਿਰਮਲ ਬੁਧੀ ਨੇ ਸਤਸੰਗ ਅਸਥਾਨ ਵਿਚ ਸ਼ਾਂਤੀ ਦੀ ਸੰਜੋਇ ਪਾਕੇ ਮਾਇਆ ਦਾ ਨਾਸ ਕੀਤਾ ਹੈ।

**ਕਹੁ ਕੀਰਤਿ ਕਲ ਸਹਾਰ ਸਪਤ ਦੀਪ ਮਝਾਰ**
**ਲਹਣਾ ਜਗਤ੍ਰ ਗੁਰੁ ਪਰਸਿ ਮੁਰਾਰਿ ॥ ੪ ॥**

ਇਸਦਾ ਅਰਥ ਪਿਛੇ ਵੇਖੋ ॥ ੪ ॥

**ਦ੍ਰਿਸਟਿ ਧਰਤ ਤਮ ਹਰਨ ਦਹਨ ਅਘ ਪਾਪ ਪ੍ਰਨਾਸਨ ॥**

ਤਮ = ਹਨੇਰਾ। ਹਰਨ = ਨਾਸ। ਦਹਨ = ਸਾੜਨਾ।

ਅਘ = ਪਾਪ। ਪ੍ਰਨਾਸਨ = ਨਾਸ ਕਰਨਾ।

ਜਿਸਤੇ ਆਪ ਕਿਰਪਾ ਦ੍ਰਿਸ਼ਟੀ ਕਰਦੇ ਹੋ ਉਸ ਦਾ ਅਗਯਾਨ ਰੂਪ ਅੰਧੇਰਾ ਨਾਸ ਕਰ ਦੇਂਦੇ ਹੋ ਅਤੇ ਵਡੇ ਛੋਟੇ ਪਾਪ ਜੀਵ ਅੰਤਸ਼ਕਰਨ ਦੇ ਨਾਸ ਕਰ ਦੇਂਦੇ ਹੋ।

**ਸਬਦ ਸੂਰ ਬਲਵੰਤ ਕਾਮ ਅਰੁ ਕ੍ਰੋਧ ਬਿਨਾਸਨ ॥**

ਸਬਦ ਰੂਪ ਨਾ ਖਾਲੀ ਜਾਣ ਵਾਲੇ ਸ਼ਸਤ੍ਰ ਨੂੰ ਆਪ ਧਾਰਕੇ ਬੜੇ ਬਲਵਾਨ ਸੂਰਮੇ ਸਿੱਖ ਦੇ ਕਾਮ ਕ੍ਰੋਧ ਦੁਸ਼ਮਨਾਂ ਨੂੰ ਨਾਸ ਕਰਨ ਵਾਸਤੇ ਬੜੇ ਤਕੜੇ ਹੋ।

**ਲੋਭ ਮੋਹ ਵਸਿ ਕਰਣ ਸਰਣ ਜਾਚਿਕ ਪ੍ਰਤਿਪਾਲਣ ॥**

ਲੋਭ ਮੋਹ ਨੂੰ ਵਸ ਕਰਨ ਵਾਲੇ ਹੋ ਅਤੇ ਜੋ ਆਪਦੀ ਸ਼ਰਨ ਮੰਗਦੇ ਹਨ ਭਾਵ ਲੈਂਦੇ ਹਨ ਓਨਾਂ ਦੀ ਆਪ ਪਾਲਣਾ ਕਰਦੇ ਹੋ।

**ਆਤਮ ਰਤ ਸੰਗ੍ਰਹਣ ਕਰਣ ਅੰਮ੍ਰਿਤ ਕਲ ਢਾਲਣ ॥**

ਆਪ ਨੇ ਆਪਣੇ ਮਨ ਵਿਚ ਵਾਹਿਗੁਰੂ ਨਾਲ ਚੰਗੀ ਤਰਾਂ ਪ੍ਰੀਤੀ ਗ੍ਰਹਣ ਕੀਤੀ ਹੈ ਅਤੇ ਆਪ ਦੇ ਜੋ ਬਿਆਨ ਕਰਨ ਦੀ ਰੀਤੀ ਹੈ ਸੋ ਅੰਮ੍ਰਤ ਵਰਗੇ ਸੁੰਦਰ ਬਚਨਾਂ ਦਾ ਢਾਲਣਾਂ ਕਰਦੀ ਹੈ।

**ਸਤਿਗੁਰੁ ਕਲ ਸਤਿਗੁਰ ਤਿਲਕੁ ਸਤਿ ਲਾਗੈ ਸੋ ਪੈ ਤਰੈ ॥**

ਕਲ = ਸੁੰਦਰ, ਵਾ ਕਲਜੁਗ ॥

ਹੇ ਸਤਿਗੁਰੋ ਆਪਨੂੰ ਸਤਿਗੁਰਾਂ ਨੇ ਸੁੰਦਰ ਤਿਲਕ ਦਿਤਾ ਹੈ ਈਸੇ ਵਾਸਤੇ ਅਸੀਂ ਸਚ ਜਾਣਿਆਂ ਹੈ ਜੋ ਆਪਦੇ ਚਰਨੀ ਲਗੇਗਾ ਸੋ ਬਹੁਤੇਂ ਤਰ ਜਾਵੇਗਾ।

**ਗੁਰੁ ਜਗਤ ਫਿਰਣ ਸੀਹ ਅੰਗਰਉ ਰਾਜੁ ਜੋਗੁ ਲਹਣਾਕਰੈ॥੫॥**

ਫਿਰਣ = ਫੇਰੂ ॥ ਸੀਹ = ਪੁਤ੍ਰ ॥ ਅੰਗਰਉ = ਅੰਗਦ ॥

ਹੇ ਜਗਤ ਦੇ ਗੁਰੂ ਫੇਰੂ ਦੇ ਪੁਤ੍ਰ ਅੰਗਦ ਜੀ ਆਪ ਹੀ ਲਹਿਣਾ ਲੈਣ ਵਾਲੇ ਹੋਕੇ ਰਾਜ ਜੋਗ ਕਰਦੇ ਹੋ ਭਾਵ ਪਹਿਲੇ ਆਪਦਾ ਲਹਿਣਾ ਨਾਮ ਸੀ ਫਿਰ ਗੁਰੂ ਅੰਗਦ ਜੀ ਹੋਕੇ ਰਾਜ ਜੋਗ ਕਰਦੇ ਹੋ ॥ ੫ ॥

**ਸਦਾ ਅਕਲ ਲਿਵਰਹੈ ਕਰਣ ਸਿਉ ਇਛਾ ਚਾਰਹ ॥**

ਅਕਲ = ਬੁਧੀ, ਕਲਪਣਾ। ਕਰਨ = ਇੰਦ੍ਰੀਆਂ। ਚਾਰਹ = ਚਾਰਦੇ, ਵਿਚਰਾਂਵਦੇ।

ਆਪਦੀ ਬ੍ਰਿਤੀ ਹਮੇਸ਼ਾਂ ਹੀ ਕਲਪਣਾ ਤੋਂ ਰਹਿਤ ਰਹਿੰਦੀ ਹੈ ਅਤੇ ਆਪਣੀ ਇਛਿਆ ਅਨੁਸਾਰ ਇੰਦ੍ਰੀਆਂ ਚਾਰਦੇ ਹੋ ਭਾਵ ਇੰਦ੍ਰੀਆਂ ਨੂੰ ਵੱਸ ਕਰਦੇ ਹੋ॥

**ਦ੍ਰੁਮ ਸਪੂਰ ਜਿਉ ਨਿਵੈ ਖਵੈ ਕਸੁ ਬਿਮਲ ਬੀਚਾਰਹ ॥**

ਦ੍ਰੁਮ = ਰੁਖ। ਸਪੂਰ = ਭਰਿਆ। ਖਵੈ = ਸਹਾਰਦਾ। ਕਸ = ਕਸੌਟੀ।

ਬਿਮਲ = ਨਿਰਮਲ ॥

ਫਲੇ ਹੋਇ ਰੁਖ ਵਾਕੂੰ ਨਿੰਵਦੇ ਹੋ ਸ੍ਰੀ ਗੁਰੂ ਨਾਨਕ ਸਾਹਿਬ ਜੀ ਦੀ ਤਤਿਖਿਆ ਰੂਪ ਕਸੌਟੀ ਨੂੰ ਸਹਾਰਦੇ ਹੋਏ ਨਿਰਮਲ ਵਿਚਾਰ ਵਿਚਾਰਦੇ ਹੋ ॥

**ਇਹੈ ਤਤੁ ਜਾਣਿਓ ਸਰਬ ਗਤਿ ਅਲਖੁ ਬਿਡਾਣੀ ॥**

ਜੇਹੜਾ ਅਲਖ ਅਸਚਰਜ ਵਾਹਗੁਰੂ ਸਾਰਿਆਂ ਵਿਚ (ਗਤਿ) ਪ੍ਰਾਪਤਿ ਹੋਯਾ ੨ ਹੈ (ਇਹੈ) ਇਸਨੂੰ ਆਪ ਨੇ ਠੀਕ ਜਾਣਿਆਂ ਹੈ ॥

## ਸਹਜ ਭਾਇ ਸੰਚਿਓ ਕਿਰਣਿ ਅੰਮ੍ਰਿਤ ਕਲ ਬਾਣੀ ॥

ਸੰਚਿਓ = ਕੱਠਾ ਕੀਤਾ । ਕਿਰਣਿ = ਕਿਰਣਾ । ਕਲ = ਸੁੰਦਰ, ਸ਼ਾਂਤੀ ॥

ਸ੍ਰੀ ਗੁਰੂ ਨਾਨਕ ਦੇਵ ਰੂਪ ਚੰਦਰਮਾਂ ਦੀ ਬਾਣੀ ਰੂਪ ਕਿਰਣਾਂ ਕਰਕੇ ਆਪ ਨੇ ਰਿਦੇ ਵਿਚ ਸ਼ਾਂਤੀ ਵਾ ਸੁੰਦਰ ਅੰਮ੍ਰਿਤ ਸਹਿਜ ਸੁਭਾ ਇਹੀ ਕੱਠਾ ਕੀਤਾ ਹੈ ਵਾ ਆਪ ਦੀ ਜੋ ਸ਼ਰਨ ਆਏ ਹਨ ਤਿਨਾਂ ਦੇ ਰਿਦੇ ਵਿਚ ਆਪ ਨੇ ਨਾਮ ਅੰਮ੍ਰਿਤ ਪਾਯਾ ਹੈ ॥

## ਗੁਰ ਗਮਿ ਪ੍ਰਮਾਣੁ ਤੈ ਪਾਇਓ ਸਤੁ ਸੰਤੋਖੁ ਗ੍ਰਾਹਜਿ ਲਯੌ ॥

ਗਮਿ = ਪਹੁੰਚਣਾ । ਗ੍ਰਾਹਜਿ = ਗ੍ਰਹਣ ਕਰਨਾਂ, ਫੜਨਾ ॥

ਪਹੁੰਚਿਆਂ ਹੋਇਆਂ ਗੁਰਾਂ ਦੀ ਰਾਹੀਂ ਆਪ ਨੇ ਨਿਸਚਾ ਪਾਇਆ ਹੈ ਏਸੇ ਵਾਸਤੇ ਆਪ ਨੇ ਸਤ ਸੰਤੋਖ ਆਦਿਕ ਨੂੰ ਵੱਸ ਕਰ ਲਿਆ ਹੈ ।

## ਹਰਿ ਪਰਸਿਓ ਕਲੁ ਸਮੁਲਵੈ ਜਨ ਦਰਸਨੁ ਲਹਣੈ ਭਯੌ ॥੬॥

ਮੁਲਵੈ = ਉਚਾਰਨਾ ॥ ਪਰਸਿਓ = ਮਿਲਿਆ ॥

ਕਲ ਭੱਟ ਆਖਦਾ ਹੈ ਹੇ ਗੁਰੂ ਜੀ ਮੈਂ ਆਪਦੇ ਜਸ ਨੂੰ ਉਚਾਰਨ ਕਰਦਾ ਹਾਂ ਕਿ ਜਿਨਾਂ ਆਦਮੀਆਂ ਨੂੰ ਆਪਦਾ ਦਰਸ਼ਨ ਹੋਯਾ ਹੈ ਓਨਾਂ ਨੂੰ ਵਾਹਿਗੁਰੂ ਮਿਲਿਆ ਹੈ ॥ ੬ ॥

## ਮਨਿ ਬਿਸਾਸੁ ਪਾਇਓ ਗਹਰਿ ਗਹੁ ਹਦਰਥਿ ਦੀਓ ॥

ਬਿਸਾਸੁ = ਨਿਸਚਾ।ਗਹਿਰ = ਡੂੰਘਾ। ਹਦਰਥ = ਹਜ਼ਰਤ,ਵਡੋ। ਗਹੁ = ਫੜਿਆ।

ਹੇ ਗੁਰੂ ਜੀ, ਮੇਰੇ ਮਨ ਨੂੰ ਨਿਸਚਾ ਆ ਗਿਆ ਹੈ ਕਿ ਡੂੰਘਾ ਅਥਾਹ ਵਾਹਿਗੁਰੂ ਵੱਡੇ ਗੁਰੂ ਨਾਨਕ ਜੀ ਨੇ ਆਪਨੂੰ ਪ੍ਰਾਪਤ ਕਰਾਇ ਦਿਤਾ ਹੈ ॥

## ਗਰਲ ਨਾਸੁ ਤਨਿ ਨਠਯੋ ਅਮਿਉ ਅੰਤਰਗਤਿ ਪੀਓ ॥

ਗਰਲ = ਵਿਹੁ ॥ ਅਮਿਉ = ਅੰਮ੍ਰਿਤ । ਗਤਿ = ਪਰਾਪਤਿ ॥

ਜੀਵਾਂ ਨੂੰ ਨਾਸ ਕਰਨ ਵਾਲਾ ਵਿਹੁ ਆਪਦੇ ਸਰੀਰ ਤੋਂ ਦੂਰ ਹੋ ਗਿਆ ਅਤੇ ਆਪਦੇ ਰਿਦੇ ਵਿਚ ਅੰਮ੍ਰਿਤ ਪ੍ਰਾਪਤ ਹੋਗਿਆ ਸੋ ਆਪਨੇ ਪੀਤਾ ਹੈ ।

## ਰਿਦਿ ਬਿਗਾਸੁ ਜਾਗਿਓ ਅਲਖਿ ਕਲ ਧਰੀ ਜੁਗੰਤਰਿ ॥

ਜਿਸ ਅਲੱਖ ਨੇ ਆਪਣੀ ਕਲਾ ਜੁਗਾਂ ੨ ਵਿਚ ਧਰ ਰਖੀ ਹੈ ਤਿਸਦਾ ਗਿਆਨ ਰੂਪ ਪ੍ਰਕਾਸ਼ ਆਪਦੇ ਰਿਦੇ ਵਿਚ ਜਾਗਿਆ ਹੈ।

## ਸਤਿਗੁਰ ਸਹਜ ਸਮਾਧਿ ਰਵਿਓ ਸਾਮਾਨਿ ਨਿਰੰਤਰਿ ॥

ਜੋ ਵਾਹਿਗੁਰੂ ਸਾਰਿਆਂ ਵਿਚ ਇਕੋ ਜੇਹਾ ਹੋਕੇ ਲਗਾਤਾਰ ਵਿਆਪਕ ਹੋਇ ਰਿਹਾ ਹੈ ਹੇ ਗੁਰੂ ਜੀ ਤਿਸ ਵਿਚ ਆਪਦੀ ਸਹਿਜੇ ਹੀ ਸਮਾਧੀ ਲਗੀ ਹੋਈ ਹੈ।

**ਉਦਾਰਉ ਚਿਤ ਦਾਰਿਦ ਹਰਨ ਪਿਖੰਤਿਹ ਕਲਮਲ ਤ੍ਰਸਨ ॥**

ਉਦਾਰਉ = ਦਲੇਰ ॥ ਹਰਨ = ਨਾਸ। ਪਿਖੰਤਹ = ਵੇਖਕੇ ॥
ਕਲਮਲ = ਪਾਪ ॥ ਤ੍ਰਸਨ = ਡਰਦੇ ॥

ਦਲੇਰ ਮਨ, ਦਲਿੱਦ੍ਰ ਦੇ ਨਾਸ ਕਰਨ ਵਾਲੇ ਗੁਰਾਂ ਨੂੰ ਵੇਖਕੇ ਸਾਰੇ ਪਾਪ ਡਰ ਖਾਂਦੇ ਹਨ ॥

**ਸਦ ਰੰਗਿ ਸਹਜ ਕਲੁ ਉਚਰੈ ਜਸੁ ਜੰਪਉ ਲਹਣੇ ਰਸਨ॥੭॥**

ਕਲ ਕਵੀ ਆਖਦਾ ਹੈ ਹੇ ਭਾਈ ਮੈਂ ਗੁਰੂ ਅੰਗਦ ਜੀ ਦਾ ਜੱਸ ਹਮੇਸ਼ਾਂ ਪ੍ਰੇਮ ਨਾਲ ਸਹਿਜੇ ਹੀ ਉਚਾਰਨ ਕਰਦਾ ਹਾਂ ॥ ੭ ॥

**ਨਾਮੁ ਅਵਖਧੁ ਨਾਮੁ ਅਧਾਰੁ ਅਰੁ ਨਾਮੁ ਸਮਾਧਿ ਸੁਖੁ ਸਦਾ ਨਾਮ ਨੀਸਾਣੁ ਸੋਹੈ ॥**

ਨਾਮ ਹੀ ਦਾਰੂ ਨਾਮ ਹੀ ਆਸਰਾ ਅਤੇ ਨਾਮ ਦੇ ਜਾਪਦਾ ਹੀ ਸਮਾਧੀ ਦਾ ਸੁਖ ਸਦਾ ਆਪਨੂੰ ਹੈ ਅਤੇ ਨਾਮ ਦਾ ਹੀ ਨਿਸ਼ਾਨਾਂ ਪਰਵਾਨਾਂ ਵਾ ਝੰਡਾ ਆਪਦੇ ਹੱਥ ਵਿਚ ਸੋਭਦਾ ਹੈ।

**ਰੰਗਿ ਰਤੌ ਨਾਮ ਸਿਉ ਕਲ ਨਾਮੁ ਸੁਰਿ ਨਰਹ ਬੋਹੈ**

ਵਾਹਿਗੁਰੂ ਦੇ ਨਾਮ ਦੇ ਪ੍ਰੇਮ ਵਿਚ ਆਪ ਰਤੇ ਹੋਏ ਹੋ ਵਾ ਪ੍ਰੇਮ ਨਾਲ ਨਾਮ ਵਿਚ ਰਤੇ ਹੋਏ ਹੋ ਸੁੰਦਰ ਨਾਮ ਨਾਲ ਆਪ ਨੇ ਦੇਵਤੇ ਆਦਮੀ ਭਗਤੀ ਸੁਗੰਧੀ ਵਾਲੇ ਕਰ ਦਿਤੇ ਹਨ ॥

**ਨਾਮ ਪਰਸੁ ਜਿਨਿ ਪਾਇਓ ਸਤੁ ਪ੍ਰਗਟਿਓ ਰਵਿ ਲੋਇ ॥**

ਪਰਸੁ = ਮਲਾਪ ਵ ਕੁਹਾੜਾ ॥ ਸਤ = ਜੱਸ ॥ ਰਵਿ = ਸੂਰਜ
ਲੋਇ = ਲੋਕ ਵਾ ਚਾਨਣ ॥

ਹੇ ਗੁਰੂ ਜੀ ਆਪ ਪਾਸੋਂ ਜਿਨਾਂ ਪੁਰਸ਼ਾਂ ਨੇ ਨਾਮ ਦਾ ਮਿਲਾਪ ਪਾਇਆ ਹੈ ਓਨਾਂ ਦਾ ਜੱਸ ਸੂਰਜ ਲੋਕ ਤਕ ਪਰਗਟ ਹੋਯਾ ਹੈ ਵਾ ਸੂਰਜ ਵਾਗੂੰ ਚਾਨਣਾ ਹੋਯਾ ਹੈ ॥

**ਦਰਸਨਿ ਪਰਸਿਐ ਗੁਰੂ ਕੈ ਅਠਸਠਿ ਮਜਨੁ ਹੋਇ ॥**

ਗੁਰੂ ਜੀ ਦੇ ਦਰਸ਼ਨ ਕਰਨ ਨਾਲ ਅਠਾਠ ਤੀਰਥਾਂ ਦੇ ਇਸ਼ਨਾਨ ਦ ਫਲ ਮਿਲਦਾ ਹੈ ॥ ੮ ॥

**ਸਚੁ ਤੀਰਥੁ ਸਚੁ ਇਸਨਾਨੁ ਅਰੁ ਭੋਜਨੁ ਭਾਉ**

**ਸਚੁ ਸਦਾ ਸਚੁ ਭਾਖੰਤੁ ਸੋਹੈ ॥**

ਭਾਖੰਤੁ = ਆਖਣਾ ॥

ਹੇ ਗੁਰੂ ਜੀ, ਸੱਚੇ ਨਾਮ ਦਾ ਹੀ ਆਪਦੇ ਰਿਦੇ ਵਿਚ ਤੀਰਥ ਹੈ ਅਤੇ ਸਚੇ ਨਾਮ ਦਾ ਹੀ ਇਸ਼ਨਾਨ ਹੈ, ਸਚੇ ਨਾਮਦਾ ਹੀ ਅੰਨ ਭਾਉਂਦਾ ਹੈ, ਸਚੇ ਨਾਮਦਾ ਹੀ ਉਚਾਰਨ ਕਰਨਾ ਆਪਦੇ ਮੂੰਹ ਤੋਂ ਸੋਭਾ ਪਾਉਂਦਾ ਹੈ ॥

**ਸਚੁ ਪਾਇਓ ਗੁਰ ਸਬਦਿ ਸਚੁ ਨਾਮੁ ਸੰਗਤੀ ਬੋਹੈ ॥**

ਗੁਰੂ ਨਾਨਕ ਜੀ ਤੋਂ ਸਚੇ ਨਾਮ ਦਾ ਹੀ ਆਪ ਨੇ ਉਪਦੇਸ਼ ਪਾਯਾ ਹੈ ਏਸੇ ਵਾਸਤੇ ਆਪ ਆਪਣੀ ਸੰਗਤ ਨੂੰ ਸਚੇ ਨਾਮ ਨਾਲ ਹੀ ਭਗਤੀ ਸੁਗੰਧੀ ਵਾਲੀ ਕੀਤਾ ਹੈ ॥

**ਜਿਸੁ ਸਚੁ ਸੰਜਮੁ ਵਰਤੁ ਸਚੁ ਕਬਿ ਜਨ ਕਲ ਵਖਾਣੁ ॥**

ਜਿਸ ਸਚੇ ਨਾਮ ਦਾ ਹੀ ਆਪ ਸੰਜਮ ਰਖਦੇ ਹੋ ਅਤੇ ਸਚੇ ਨਾਮ ਦਾ ਹੀ ਵਰਤ, ਕਲ ਜੀ ਆਖਦੇ ਹਨ ਹੇ ਗੁਰੂ ਜੀ ਆਪਦੇ ਜਸ ਨੂੰ ਕਵੀ ਜਨ ਉਚਾਰਨ ਕਰਦੇ ਹਨ ॥

**ਦਰਸਨਿ ਪਰਸਿਐ ਗੁਰੂ ਕੈ ਸਚੁ ਜਨਮੁ ਪਰਵਾਣੁ ॥ ੯ ॥**

ਆਪਦੇ ਦਰਸ਼ਨ ਕਰਨ ਕਰਕ ਨਿਸਚੇ ਕਰਕੇ ਇਹ ਜਨਮ ਸਫਲ ਹੋਂਦਾ ਹੈ ।

**ਅਮਿਅ ਦ੍ਰਿਸਟਿ ਸੁਭ ਕਰੈ ਹਰੈ ਅਘ ਪਾਪ ਸਕਲ ਮਲ ॥**

ਹੇ ਗੁਰੂ ਜੀ ! ਜਿਸ ਵੱਲ ਆਪ ਚੰਗੀ ਕ੍ਰਿਪਾ ਦ੍ਰਿਸ਼ਟੀ ਕਰਦੇ ਹੋ ਓਸਦੇ ਛੋਟੇ ਵਡੇ ਪਾਪ ਅਤੇ ਸਾਰੀ ਮੈਲ ਮਲਕੇ ਨਾਸ ਕਰ ਦੇਂਦੇ ਹੋ ॥

**ਕਾਮ ਕ੍ਰੋਧ ਅਰੁ ਲੋਭ ਮੋਹ ਵਸਿ ਕਰੈ ਸਭੈ ਬਲ ॥**

ਕਾਮ, ਕ੍ਰਧ ਅਤੇ ਲਭ, ਮੋਹ ਸਾਰੇ ਬਲੀ ਵਿਕਾਰਾਂ ਨੂੰ ਵੱਸ ਕਰ ਦੇਂਦੇ ਹੋ॥

**ਸਦਾ ਸੁਖੁ ਮਨਿ ਵਸੈ ਦੁਖੁ ਸੰਸਾਰਹ ਖੋਵੈ ॥**

ਤਿਸ ਆਦਮੀ ਦੇ ਮਨ ਵਿਚ ਸਦਾ ਹੀ ਸੁਖ ਵਸਦਾ ਹੈ ਅਤੇ ਓਹ ਸੰਸਾਰ ਦੇ ਸਾਰੇ ਦੁਖ ਨਾਸ ਕਰ ਦੇਂਦਾ ਹੈ ॥

**ਗੁਰੁ ਨਵ ਨਿਧਿ ਦਰੀਆਉ ਜਨਮ ਹਮ ਕਾਲਖ ਧੋਵੈ ॥**

ਹੇ ਗੁਰੂ ਜੀ, ਆਪ ਨੌ ਨਿਧੀ ਅਤੇ ਦਰਿਆ ਵਾਗੂੰ ਹੋ ਸਾਡੇ ਜਨਮਾਂ ਜਨਮਾਂ ਦੀ ਕਾਲਖ ਧੋ ਦੇਂਦੇ ਹੋ॥

**ਸੁ ਕਹੁ ਟਲ ਗੁਰੁ ਸੇਵੀਐ ਅਹਿਨਿਸਿ ਸਹਜਿ ਸੁਭਾਇ ॥**

ਸੁ ਕਵੀ ਟਲ ਜੀ ਆਖਦੇ ਹਨ ਹੇ ਭਾਈ ਸਹਿਜ ਸੁਭਾਇ ਰਾਤ ਦਿਨੇ

ਐਸੇ ਗੁਰਾਂ ਨੂੰ ਸੇਵੀਏ ॥

**ਦਰਸਨਿ ਪਰਸਿਐ ਗੁਰੂ ਕੈ ਜਨਮ ਮਰਣ ਦੁਖੁ ਜਾਇ ॥੧੦॥**

ਗੁਰੂ ਜੀ ਦੇ ਦਰਸ਼ਨ ਕਰਨ ਨਾਲ ਜਨਮ ਮਰਨ ਦਾ ਦੁਖ ਚਲਿਆ ਜਾਂਦਾ ਹੈ ॥ ੧ ॥

## ਸਵਈਏ ਮਹਲੇ ਤੀਜੇ ਕੇ ੩

### ੧ ਓ ਸਤਿਗੁਰਪ੍ਰਸਾਦਿ ॥

**ਸੋਈ ਪੁਰਖੁ ਸਿਵਰਿ ਸਾਚਾ ਜਾਕਾ ਇਕੁ ਨਾਮੁ ਅਛਲੁ ਸੰਸਾਰੇ॥**

ਜਿਸ ਵਾਹਿਗੁਰੂ ਦਾ ਇਕ ਨਾਮ ਸੰਸਾਰ ਵਿਚ ਅਛਲ ਹੈ ਓਸ ਸੱਚੇ ਅਕਾਲ ਪੁਰਖ ਨੂੰ ਸਿਮਰੋ ।

**ਜਿਨਿ ਭਗਤ ਭਵਜਲ ਤਾਰੇ ਸਿਮਰਹੁ ਸੋਈ ਨਾਮੁ ਪਰਧਾਨੁ ॥**

ਜਿਸਨੇ ਸੰਸਾਰ ਸਮੁੰਦਰ ਤੋਂ ਭਗਤ ਤਾਰੇ ਹਨ ਸੋਈ ਸਰੋਮਣੀ ਨਾਮ ਸਿਮਰੋ।

**ਤਿਤੁ ਨਾਮਿ ਰਸਿਕੁ ਨਾਨਕੁ ਲਹਣਾਂ ਥਪਿਓ ਜੇਨ ਸ੍ਰਬਸਿਧੀ ॥**

ਤਿਸ ਨਾਮ ਦੇ ਰਸੀਏ ਗੁਰੂ ਨਾਨਕ ਜੀ ਨੇ ਲਹਿਲੇ ਨੂੰ ਗੁਰੂ ਗੱਦੀ ਤੇ ਅਸਥਾਪਨ ਕੀਤਾ ਜਿਸ ਕਰਕੇ ਗੁਰੂ ਅੰਗਦ ਜੀ ਨੂੰ ਸਾਰੀਆਂ ਸਿਧੀਆਂ ਪ੍ਰਾਪਤਿ ਹੋ ਗਈਆਂ ॥

**ਕਵਿ ਜਨ ਕਲ੍ਯ ਸਬੁਧੀ ਕਰਤ ਜਨ ਅਮਰਦਾਸ ਬਿਸ੍ਤਰੀਯਾ ॥**

ਕਵੀ ਜਨ ਕਲ ਜੀ ਆਖਦੇ ਹਨ ਤਿਸ ਗੁਰੂ ਅੰਗਦ ਸਾਹਿਬ ਜੀ ਦੇ ਦਾਸ ਸ੍ਰੇਸ਼ਟ ਬੁਧੀ ਵਾਲੇ ਗੁਰੂ ਅਮਰ ਦਾਸ ਜੀ ਹੋਏ ਤਿਨਾਂ ਦੀ ਕੀਰਤੀ ਸੰਸਾਰ ਵਿਚ ਬੜੀ ਫੈਲੀ ਹੈ ॥

**ਕੀਰਤਿ ਰਵਿ ਕਿਰਣਿ ਪ੍ਰਗਟਿ ਸੰਸਾਰਹ**
**ਸਾਖ ਤਰੋਵਰ ਮਵਲ ਸਰਾ ॥**

ਰਵਿ = ਸੂਰਜ ॥ ਸਾਖ = ਖੇਤੀਆਂ ਵ ਟਾਹਣੀਆਂ ॥ ਤਰੋਵਰ = ਬ੍ਰਿਛ ॥
ਮਵਲ = ਮਿਲ ਰਹੀ ਹੈ ॥ ਸਰਾ = ਤਾਲ, ਸਮੁੰਦਰ ਵ ਸਾਰੇ ॥

ਸੋ ਓਹ ਕੀਰਤੀ ਗੁਰੂ ਅਮਰਦਾਸ ਜੀ ਦੀ ਸੂਰਜ ਦੀਆਂ ਕਿਰਣਾਂ ਵਾਗੂੰ ਸੰਸਾਰ ਵਿਚ ਪ੍ਰਗਟ ਹੀ ਪ੍ਰਕਾਸ਼ ਰਹੀ ਹੈ ਅਤੇ ਖੇਤੀਆਂ ਬਿਰਛਾਂ ਤਲਾਵਾਂ ਸਮੁੰਦ੍ਰਾਂ ਸਾਰਿਆਂ ਵਿਚ ਮਿਲ ਰਹੀ ਹੈ ॥

**ਉਤਰਿ ਦਖਿਣਹਿ ਪੁਬਿ ਅਰੁ ਪਸ੍ਚਮਿ ਜੈਜੈਕਾਰੁ ਜਪੰਥਿਨਰਾ ॥**

ਉੱਤਰ, ਦੱਖਣ, ਪੂਰਬ, ਅਤੇ ਪੱਛਮ ਸਾਰੀਆਂ ਦਿਸ਼ਾਂ ਵਲ ਸਾਰੇ ਆਦਮੀ ਜੈ ਜੈ ਕਾਰ ਜਪਦੇ ਹਨ ॥

**ਹਰਿ ਨਾਮੁ ਰਸਨਿ ਗੁਰਮੁਖਿ ਬਰਦਾਯਉ**
**ਉਲਟਿ ਗੰਗ ਪਸ੍ਚਮਿ ਧਰੀਆ ॥**

ਹੇ ਗੁਰੂ ਅਮਰਦਾਸ ਜੀ ਆਪਨੂੰ ਗੁਰੂ ਅੰਗਦ ਸਾਹਿਬ ਜੀ ਨੇ ਰਸਨਾ ਕਰਕੇ ਵਾਹਿਗੁਰੂ ਦਾ ਨਾਮ ਆਪਣੇ ਮੂੰਹੋਂ ਵਰ ਦਿਤਾ ਹੈ, ਅਥਵਾ ਆਪ ਨੇ ਵਾਹਿ-ਗੁਰੂ ਦੇ ਨਾਮ ਨੂੰ ਆਪਣੇ ਮੂੰਹੋਂ ਵਰਤਾਯਾ ਹੈ ਅਤੇ ਪੂਰਬ ਨੂੰ ਜਾਂਦੀ ਗੰਗਾ ਪੱਛਮ ਨੂੰ ਵਗਾ ਦਿਤੀ ਹੈ ਭਾਵ ਪੁਤਰਾਂ ਨੂੰ ਛਡਕੇ ਆਪ ਨੂੰ ਗੱਦੀ ਦਿਤੀ ਹੈ ਵਾ ਬਾਹਰ ਜਾਂਦੀ ਬਿਰਤੀ ਆਪ ਨੇ ਰੋਕੀ ਹੈ ॥

**ਸੋਈ ਨਾਮੁ ਅਛਲੁ ਭਗਤਹ ਭਵ ਤਾਰਣੁ**
**ਅਮਰਦਾਸ ਗੁਰ ਕਉ ਫੁਰਿਆ ॥ ੧ ॥**

ਜੇਹੜਾ ਵਾਹਿਗੁਰੂ ਦਾ ਅਛਲ ਨਾਮ ਭਗਤਾਂ ਨੂੰ ਸੰਸਾਰ ਸਮੁੰਦਰ ਤੋਂ ਤਾਰਨ ਵਾਲਾ ਹੈ ਓਹੋ ਹੀ ਗੁਰੂ ਅਮਰਦਾਸ ਜੀ ਨੂੰ ਫੁਰਿਆ ਹੈ ॥ ੧ ॥

**ਸਿਮਰਹਿ ਸੋਈ ਨਾਮੁ ਜਖੵ ਅਰੁ ਕਿੰਨਰ**
**ਸਾਧਿਕ ਸਿਧ ਸਮਾਧਿ ਹਰਾ ॥**

ਓਸੇ ਨਾਮ ਨੂੰ ਜੱਖ ਕਿੰਨਰ (ਦੇਵਤਿਆਂ ਦੇ ਛੋਟੇ ਵੱਡੇ ਰਾਗੀ) ਸਾਧਨ ਕਰਨ ਵਾਲੇ, ਸਿਧ ਅਤੇ ਸਮਾਧੀਆਂ ਲਾਉਣ ਵਾਲੇ (ਹਰਾ) ਸ਼ਿਵ ਜੀ ਆਦਿਕ ਸਿਮਰਦੇ ਹਨ।

**ਸਿਮਰਹਿ ਨਖੵਤ੍ਰ ਅਵਰ ਧ੍ਰੂ ਮੰਡਲ**
**ਨਾਰਦਾਦਿ ਪ੍ਰਹਲਾਦ ਵਰਾ ॥**

ਨਖਤ੍ਰ = ਤਾਰੇ ॥ ਵਰਾ = ਸ੍ਰੇਸ਼ਟ ॥

ਓਸੇ ਨਾਮ ਨੂੰ ਤਾਰੇ ਅਤੇ ਧ੍ਰੂ ਆਪਣੇ ਮੰਡਲ ਸਮੇਤ ਅਤੇ ਨਾਰਦ ਆਦਿਕ ਰਿਸ਼ੀ, ਪ੍ਰਹਲਾਦ ਭਗਤ ਹੋਰ ਜਿਨੇ ਕੁ ਸ੍ਰੇਸ਼ਟ ਜਨ ਹਨ ਸਿਮਰਦੇ ਹਨ ॥

**ਸਸੀਅਰੁ ਅਰੁ ਸੂਰੁ ਨਾਮੁ ਉਲਾਸਹਿ**
**ਸੈਲ ਲੋਅ ਜਿਨਿ ਉਧਰਿਆ ॥**

ਸਸੀਅਰ = ਚੰਦ੍ਰਮਾਂ ॥ ਉਲਾਸਹਿ = ਉਚਾਰਨ ਕਰਦੇ ॥ ਸੈਲ = ਪਹਾੜ ॥

ਚੰਦ੍ਰਮਾਂ ਅਤੇ ਸੂਰਜ ਵੀ ਨਾਮ ਨੂੰ ਉਚਾਰਨ ਕਰਦੇ ਹਨ ਜਿਸ ਨਾਮ ਨੇ

ਪੱਥਰਾਂ ਵਾਂਗੂੰ ਭਾਰੇ ਪਾਪੀ ਅਥਵਾ ਪਰਬਤ ਅਤੇ ਹੋਰ ਲੋਕ ਉਧਾਰ ਦਿਤੇ ਹਨ।

**ਸੋਈ ਨਾਮੁ ਅਛਲੁ ਭਗਤਹ ਭਵ ਤਾਰਨੁ**
**ਅਮਰਦਾਸ ਗੁਰ ਕਉ ਫੁਰਿਆ ॥ ੨ ॥**

ਇਸਦਾ ਅਰਥ ਪਿਛੇ ਦੇਖੋ ॥ ੨ ॥

**ਸੋਈ ਨਾਮੁ ਸਿਵਰਿ ਨਵ ਨਾਥ ਨਿਰੰਜਨੁ**
**ਸਿਵ ਸਨਕਾਦਿ ਸਮੁ ਧਰਿਆ ॥**

ਓਸ ਵਾਹਿਗੁਰੂ ਦੇ ਨਿਰੰਜਨ ਨਾਮ ਨੂੰ ਨੌ ਨਾਥ ਸਿਵਜੀ ਸਨਕ ਆਦਿਕ ਸਿਮਰਦੇ ਹਨ ਜਿਨਾਂ ਨੇ ਚੰਗੀਤਰਾਂ ਰਿਦੇ ਵਿਚ ਧਾਰਨ ਕੀਤਾ ਹੋਯਾ ਹੈ ਅਥਵਾ ਜਿਸ ਨਾਮ ਨੇ ਸਭਨਾਂ ਵਡਿਆਂ ੨ ਨੂੰ ਉਧਾਰ ਦਿਤਾ ਹੈ।

**ਚਵਰਾਸੀਹ ਸਿਧ ਬੁਧ ਜਿਤੁ ਰਾਤੇ ਅੰਬਰੀਕ ਭਵਜਲੁ ਤਰਿਆ॥**

ਜਿਸ ਨਾਮ ਵਿਚ ਚੌਰਾਸੀ ਸਿਧ ਅਤੇ ਬੁਧ ਆਦਿਕ ਸਾਰੇ ਨੌ ਗ੍ਰੈਹ ਅਥਵਾ ਸਾਰੇ ਅਕਲ ਵਾਲੇ ਆਦਮੀ ਰੱਤੇ ਹੋਏ ਹਨ ਅਤੇ ਜਿਸ ਨਾਮ ਕਰਕੇ ਅੰਬਰੀਕ ਭਗਤ ਸੰਸਾਰ ਸਮੁੰਦਰ ਤੋਂ ਤਰਿਆ ਹੈ।

**ਉਧਉ ਅਕ੍ਰੁਰੁ ਤ੍ਰਿਲੋਚਨੁ ਨਾਮਾ**
**ਕਲਿ ਕਬੀਰ ਕਿਲਵਿਖ ਹਰਿਆ॥**

*ਊਧੋ †ਅਕ੍ਰੂਰ, ਤ੍ਰਿਲੋਚਨ ਨਾਮਦੇਵ, ਜੀ ਨੇ ਕਲਜੁਗ ਵਿਚ ਕਬੀਰ ਤੋਂ ਆਦਿਕ ਲੈਕੇ ਸਾਰੇ ਭਗਤਾਂ ਨੇ ਜਿਸ ਨਾਮ ਦੇ ਜਾਪ ਕਰਕੇ ਸਾਰੇ ਪਾਪਾਂ ਨੂੰ ਦੂਰ ਕੀਤਾ ਹੈ।

**ਸੋਈ ਨਾਮੁ ਅਛਲੁ ਭਗਤਹ ਭਵਤਾਰਣੁ**
**ਅਮਰ ਦਾਸ ਗੁਰ ਕਉ ਫੁਰਿਆ ॥ ੩ ॥**

(ਇਸਦਾ ਅਰਥ ਪਿਛੋਂ ਦੇਖੋ) ॥ ੩ ॥

**ਤਿਤੁ ਨਾਮਿ ਲਾਗਿ ਤੇਤੀਸ ਧਿਆਵਹਿ**
**ਜਤੀ ਤਪੀਸੁਰ ਮਨਿ ਵਸਿਆ ॥**

ਤਿਸ ਨਾਮ ਵਿਚ ਲਗਕੇ ਤੇਤੀ ਕਰੋੜ ਦੇਵਤੇ ਵੀ ਵਾਹਿਗੁਰੂ ਨੂੰ ਧਿਆਂਉਦੇ ਹਨ ਸੋਈ ਨਾਮ ਜਤੀਆਂ ਅਤੇ ਤਪੀਆਂ ਦੇ ਮਨ ਵਿਚ ਵਸਿਆ ਹੈ।

**ਸੋਈ ਨਾਮੁ ਸਿਮਰਿ ਗੰਗੇਵ ਪਿਤਾਮਹ**

---

*ਕ੍ਰਿਸ਼ਨ ਜੀ ਦਾ ਦਾਸ ਸਖਾ। †ਕ੍ਰਿਸ਼ਨ ਜੀ ਦਾ ਮਾਮਾ।

**ਚਰਣ ਚਿਤ ਅੰਮ੍ਰਿਤ ਰਸਿਆ ॥**

ਸੋਈ ਨਾਮ ਸਿਮਰਕੇ ਗੰਗਾ ਜੀ ਦਾ ਪੁਤਰ ਜੋ ਭੀਸ਼ਮਪਿਤਾਮਾ ਹੈ ਤਿਸ ਦਾ ਮਨ ਵਾਹਿਗੁਰੂ ਦੇ ਚਰਨਾਂ ਦੇ ਅਨੰਦ ਅੰਮ੍ਰਤ ਵਿਚ ਰਸਿਆ ਹੈ।

**ਤਿਤੁ ਨਾਮਿ ਗੁਰੂ ਗੰਭੀਰ ਗਰੂਅ**
**ਮਤਿ ਸਤ ਕਰਿ ਸੰਗਤਿ ਉਧਰੀਆ॥**

ਗਰੂਅ = ਭਾਰੀ।

ਗੰਭੀਰ ਗੁਰਾਂ ਨੇ ਤਿਸ ਨਾਮ ਦੀ ਭਾਰੀ ਸਿਖਿਆ ਦੇਕੇ ਨਿਸਚੇ ਕਰਕੇ ਸੰਗਤ ਉਧਾਰੀ ਹੈ।

**ਸੋਈ ਨਾਮੁ ਅਛਲੁ ਭਗਤਹ ਭਵ ਤਾਰਣੁ**
**ਅਮਰਦਾਸ ਗੁਰ ਕਉ ਫੁਰਿਆ ॥ ੪ ॥**

(ਇਸਦਾ ਅਰਥ ਪਿਛੋਂ ਦੇਖੋ) ॥ ੪ ॥

**ਨਾਮ ਕਿਤਿ ਸੰਸਾਰਿ ਕਿਰਣਿ ਰਵਿ ਸੁਰ ਤਰ ਸਾਖਹ ॥**

ਕਿਤ = ਕੀਰਤੀ। ਰਵਿ = ਸੂਰਜ। ਸੁਰਤਰ = ਕਲਪ ਬ੍ਰਿਛ। ਸਾਖਹ = ਟਾਹਣੀਆਂ

ਜਿਸ ਵਾਹਿਗੁਰੂ ਦੇ ਨਾਮ ਦੀ ਕੀਰਤੀ ਸੰਸਾਰ ਵਿਚ ਸੂਰਜ ਦੀਆਂ ਕਿਰਣਾਂ ਵਾਂਗੂੰ ਚਾਨਣ ਕਰ ਰਹੀ ਹੈ ਅਤੇ ਕਲਪ ਬ੍ਰਿਛ ਦੀਆਂ ਟਾਹਣੀਆਂ ਵਾਂਗੂੰ ਮਨ ਦੀਆਂ ਇੱਛਾਂ ਪੂਰੀਆਂ ਕਰਨ ਵਾਲੀ ਹੈ।

**ਉਤਰਿ ਦਖਿਣਿ ਪੁਬਿ ਦੇਸਿ ਪਸ੍ਚਮਿ ਜਸੁ ਭਾਖਹ ॥**

ਉੱਤਰ, ਦੱਖਣ, ਪੂਰਬ ਤੋਂ ਲੈਕੇ ਪੱਛਮ ਦਿਸ਼ਾ ਵਿਚ ਵੀ ਨਾਮ ਦਾ ਹੀ ਜਸ ਆਖਦੇ ਹਨ।

**ਜਨਮੁ ਤ ਇਹੁ ਸਕਯਥੁ ਜਿਤੁ ਨਾਮੁ ਹਰਿ ਰਿਦੈ ਨਿਵਾਸੈ ॥**

ਜਨਮ ਤਾਂ ਇਹ ਸਫਲ ਹੈ ਜਿਸ ਵਿਚ ਵਾਹਿਗੁਰੂ ਦਾ ਨਾਮ ਰਿਦੇ ਵਿਚ ਨਿਵਾਸ ਕਰਦਾ ਹੈ।

**ਸੁਰਿ ਨਰ ਗਣ ਗੰਧਰਬ ਛਿਅ ਦਰਸਨ ਆਸਾਸੈ ॥**

ਸੁਰਿ = ਦੇਵਤੇ। ਆਸਾਸੈ = ਚਾਹੁੰਦੇ, ਤਾੜਨਾਂ ਤੋਂ ਰਹਿਤ ਹੁੰਦੇ।

ਦੇਵਤੇ, ਆਦਮੀ, ਸ਼ਿਵਜੀ ਦੇ ਨੰਦੀ ਆਦਿਕ ਗਣ, ਦੇਵਤਿਆਂ ਦੇ ਰਾਗੀ ਅਤੇ ਜੋਹੜੇ ਛੇ ਫਿਰਕੇ ਹਨ ਉਹ ਵੀ ਵਾਹਿਗੂਰੂ ਦੇ ਨਾਮ ਨੂੰ ਰਿਦੇ ਵਿਚ ਚਾਹੁੰਦੇ ਹਨ ਵਾ ਸੰਸਿਆਂ ਤੋਂ ਵਾ ਜਮਾਂ ਦੀ ਤਾੜਨਾ ਤੋਂ ਰਹਿਤ ਹੁੰਦੇ ਹਨ।

**ਭਲਉ ਪ੍ਰਸਿਧੁ ਤੇਜੋ ਤਨੌ ਕਲ੍ ਜੋੜਿ ਕਰ ਧ੍ਯਾਇਅਉ ॥**

ਚੰਗੀ, ਪ੍ਰਸਿੱਧ ਕੁਲ ਵਿਚ ਤੇਜੋ ਜੀ ਦੇ ਪੁਤ੍ਰ ਸ੍ਰੀ ਗੁਰੂ ਅਮਰਦਾਸ ਜੀ ਮੈਂ ਹਥ ਜੋੜਕੇ ਆਪਨੂੰ ਧਿਆਉਂਦਾ ਹਾਂ (ਕਲ ਜੀ ਆਖਦੇ ਹਨ)

**ਸੋਈ ਨਾਮੁ ਭਗਤ ਭਵਜਲ ਹਰਣੁ**
**ਗੁਰ ਅਮਰਦਾਸ ਤੈ ਪਾਇਓ ॥ ੫ ॥**

ਜੇਹੜਾ ਨਾਮ ਭਗਤਾਂ ਦੇ ਸੰਸਾਰ ਸਮੁੰਦਰ ਦੇ ਡਰ ਨੂੰ ਦੂਰ ਕਰਨ ਵਾਲਾ ਹੈ ਓਸ ਨਾਮ ਨੂੰ ਗੁਰੂ ਅਮਰਦਾਸ ਜੀ ਨੇ ਪਾਯਾ ਹੈ ॥ ੫ ॥

**ਨਾਮੁ ਧਿਆਵਹਿ ਦੇਵ ਤੇਤੀਸ ਅਰੁ ਸਾਧਿਕ ਸਿਧ ਨਰ**
**ਨਾਮਿ ਖੰਡ ਬ੍ਰਹਮੰਡ ਧਾਰੇ ॥**

ਜਿਸ ਨਾਮ ਨੂੰ ਤੇਤੀ ਕਰੋੜ ਦੇਵਤੇ ਅਰ ਸਾਧਨਾਂ ਕਰਨ ਵਾਲੇ, ਸਿਧ ਆਦਮੀ, ਆਦਿਕ ਧਿਆਉਂਦੇ ਹਨ ਅਤੇ ਨਾਮੀ ਵਾਹਿਗੁਰੂ ਨੇ ਹੀ ਆਪਣੇ ਨਾਮ ਦੀ ਤਾਕਤ ਕਰਕੇ ਖੰਡ ਬ੍ਰਹਮੰਡ ਚੁਕੇ ਭਾਵ ਟਿਕਾਇ ਹੋਏ ਹਨ ॥

**ਜਹ ਨਾਮੁ ਸਮਾਧਿਓ ਹਰਖੁ ਸੋਗੁ ਸਮ ਕਰਿ ਸਹਾਰੇ ॥**

ਜਿਸ ਆਦਮੀ ਨੇ ਚੰਗੀ ਤਰਾਂ ਨਾਮ ਨੂੰ ਅਰਾਧਿਆ ਹੈ ਉਸਨੇ ਖੁਸ਼ੀ ਗਮੀ ਆਦਿਕ ਸਭ ਇਕੋ ਜਹੇ ਕਰਕੇ ਸਹਾਰੇ ਹਨ ॥

**ਨਾਮੁ ਸਿਰੋਮਣਿ ਸਰਬ ਮੈ ਭਗਤ ਰਹੇ ਲਿਵਧਾਰਿ ॥**

ਸਾਰਿਆਂ ਵਿਚ ਨਾਮ ਹੀ ਸਿਰੋਮਣੀ ਹੈ ਤਿਸ ਵਿਚ ਭਗਤ ਜਨ ਬਿਰਤੀ ਨੂੰ ਧਾਰ ਰਹੇ ਹਨ।

**ਸੋਈ ਨਾਮੁ ਪਦਾਰਥੁ ਅਮਰ ਗੁਰ ਤੁਸਿ ਦੀਓ ਕਰਤਾਰਿ ॥੬॥**

ਹੇ ਗੁਰੂ ਜੀ, ਓਹੋ ਹੀ ਨਾਮ ਪਦਾਰਥ ਵਾਹਿਗੁਰੂ ਨੇ ਪਰਸੰਨ ਹੋਕੇ ਆਪ ਨੂੰ ਦਿਤਾ ਹੈ ॥ ੬ ॥

**ਸਤਿ ਸੂਰਉ ਸੀਲਿ ਬਲਵੰਤੁ ਸਤ ਭਾਇ ਸੰਗਤਿ**
**ਸਘਨ ਗਰੂਅ ਮਤਿ ਨਿਰਵੈਰਿ ਲੀਣਾ ॥**

ਹੇ ਗੁਰੂ ਜੀ ਆਪ ਸੱਚੇ, ਸੂਰਮੇ, ਸੀਤਲ ਸੁਭਾਇ ਵਾਲੇ, ਬਲ ਵਾਲੇ ਨਿਸਚੇ ਕਰਕੇ ਜੋ ਆਪਦੀ ਬਹੁਤੀ ਸੰਗਤ ਹੈ ਉਸਨੂੰ(ਗਰੂਅ) ਬੜੀ ਭਾਰੀ ਸਿਖਿਆ ਦੇਕੇ ਨਿਰਵੈਰ ਵਿਚ ਲੀਣ ਕਰ ਦੇਂਦੇ ਹੋ ਭਾਵ ਵੈਰ ਤੋਂ ਬਿਨਾਂ ਕਰ ਦੇਂਦੇ ਹੋ ॥

**ਜਿਸੁ ਧੀਰਜੁ ਧੁਰਿ ਧਵਲੁ ਧੁਜਾ ਸੇਤਿ ਬੈਕੁੰਠ ਬੀਣਾ ॥**

ਸੇਤਿ = ਚਿਟਾ। ਬੀਣਾ = ਵਾਜਾ ਵਾ ਬਣ ਰਹੀ ਹੈ।

ਤੁਸਾਂ ਜਿਨਾਂ ਨੇ ਧੁਰੋਂ ਹੀ ਬੈਲ ਵਾਂਗੂੰ ਧੀਰਜ ਰੱਖੀ ਹੈ,ਤੇ ਆਪ ਦੇ ਜਸ ਦੀ

ਚਿਟੀ ਝੰਡੀ ਸੁਰਗ ਵਿਚ ਬਣ ਰਹੀ ਹੈ ॥

## ਪਰਸਹਿ ਸੰਤ ਪਿਆਰੁ ਜਿਹ ਕਰ ਤਾਰਹ ਸੰਜੋਗੁ ॥

ਜਿਨਾਂ ਦਾ ਵਾਹਿਗੁਰੂ ਨਾਲ ਮਿਲਾਪ ਹੈ ਓਹ ਸੰਤ ਪਿਆਰ ਨਾਲ ਆਪਦੇ ਚਰਨਾਂ ਨੂੰ ਪਰਸਦੇ ਹਨ।

## ਸਤਿਗੁਰੂ ਸੇਵਿ ਸੁਖੁ ਪਾਇਓ ਅਮਰਿ ਗੁਰਿ ਕੀਤਉ ਜੋਗੁ॥੭॥

ਤੁਸਾਂ ਗੁਰੂ ਅੰਗਦ ਜੀ ਨੂੰ ਸੇਵਕੇ ਸੁਖ ਪਾਯਾ ਹੈ ਹੇ ਗੁਰੂ ਅਮਰਦਾਸ ਜੀ ਆਪਨੂੰ ਗੁਰਾਂ ਨੇ ਜੋਗ ਕੀਤਾ ਹੈ ॥ ੭ ॥

## ਨਾਮੁ ਨਾਵਣੁ ਨਾਮੁ ਰਸ ਖਾਣੁ ਅਰੁ ਭੋਜਨੁ ਨਾਮ ਰਸੁ ਸਦਾ ਚਾਯ ਮੁਖਿ ਮਿਸ੍ਟ ਬਾਣੀ ॥

ਨਾਮ ਦਾ ਇਸ਼ਨਾਨ ਹੈ ਅਨੇਕ ਰਸਾਂ ਦੇ ਖਾਣ ਦਾ ਸੁਆਦ ਵੀ ਨਾਮ ਹੀ ਹੈ ਤੇ ਅੰਨ ਦਾ ਸੁਆਦ ਵੀ ਨਾਮ ਹੀ ਹੈ ਅਤੇ ਮਿੱਠੀ ਬਾਣੀ ਬੋਲਣ ਦਾ ਹਮੇਸ਼ਾਂ ਆਪਦੇ ਮਨ ਵਿਚ ਚਾਉ ਰਹਿੰਦਾ ਹੈ ॥

## ਧਨਿ ਸਤਿਗੁਰੁ ਸੇਵਿਓ ਜਿਸੁ ਪਸਾਇ ਗਤਿ ਅਗਮ ਜਾਣੀ ॥

ਆਪ ਧੰਨ ਹੋ ਜਿਨਾਂ ਨੇ ਸਤਿਗੁਰਾਂ ਨੂੰ ਸੇਵਿਆ ਹੈ ਅਤੇ ਜਿਨਾਂ ਪਾਸੋਂ ਆਪ ਦਾਤ ਪਾਕੇ ਅਗੰਮ ਵਾਹਿਗੁਰੂ ਦੀ ਪ੍ਰਾਪਤੀ (ਦੀ ਗਤੀ) ਜਾਣੀ ਹੈ।

## ਕੁਲ ਸੰਬੂਹ ਸਮੁਧਰੇ ਪਾਯਉ ਨਾਮ ਨਿਵਾਸੁ ॥

ਜਿਸ ਕੁਲ ਵਿਚ ਆਪਨੇ ਅਵਤਾਰ ਲਿਆ ਹੈ ਉਸ ਕੁਲ ਦੇ ਸਾਰੇ ਆਦਮੀ ਚੰਗੀ ਤਰਾਂ ਉਧਰ ਗਏ ਹਨ ਕਿਉਂਕਿ ਆਪਨੇ ਹਮੇਸ਼ਾਂ ਵਾਹਿਗੁਰੂ ਦੇ ਨਾਮ ਵਿਚ ਨਿਵਾਸ ਪਾਯਾ ਹੈ ॥

## ਸਕਯਥੁ ਜਨਮੁ ਕਲ੍ਯੁਚਰੈ ਗੁਰੁ ਪਰਸਿਉ ਅਮਰ ਪ੍ਰਗਾਸੁ ॥ ੮ ॥

ਕਲ ਭੱਟ ਉਚਾਰਨ ਕਰਦਾ ਹੈ, ਹੇ ਗੁਰੂ ਜੀ ਜਿਨਾਂ ਨੇ ਆਪਦੇ ਪ੍ਰਕਾਸ਼ਕ ਚਰਨਾਂ ਨੂੰ ਪਰਸਿਆ ਹੈ ਓਹਨਾਂ ਦਾ ਜਨਮ ਜਹਾਨ ਤੇ ਸਫਲ ਹੋਯਾ ਹੈ ॥ ੮ ॥

## ਬਾਰਿਜੁ ਕਰਿ ਦਾਹਿਣੈ ਸਿਧਿ ਸਨਮੁਖ ਮੁਖੁ ਜੋਵੈ॥

ਬਾਰਿਜੁ = ਕਮਲ ॥ ਕਰ = ਹਥ ॥ ਦਾਹਿਣੈ = ਸੱਜੇ ॥ ਜੋਵੈ = ਦੇਖ ॥

ਜਿਸ ਆਪ ਦੇ ਸੱਜੇ ਹਥ ਵਿਚ ਕਮਲ ਦਾ ਨਿਸ਼ਾਨ ਹੈ ਓਸ ਵਲ ਅਠਾਰਾਂ ਸਿਧੀਆਂ ਖੜੀਆਂ ਸਾਹਮਣੇ ਆਪਦੇ ਮੂੰਹ ਵਲ ਤਕ ਰਹੀਆਂ ਹਨ ਕਿ ਕਦ ਸਾਨੂੰ ਆਗਿਆ ਕਰਦੇ ਹਨ ॥

**ਰਿਧਿ ਬਸੈ ਬਾਵਾਂਗਿ ਜੁ ਤੀਨਿ ਲੋਕਾਂਤਰ ਮੋਹੈ ॥**

ਰਿਧੀਆਂ ਖੱਬੇ ਅੰਗ ਵੱਲ ਵੱਸ ਰਹੀਆਂ ਹਨ ਜੋ ਤਿੰਨਾਂ ਲੋਕਾਂ ਨੂੰ ਮੋਹ ਰਹੀਆਂ ਹਨ ॥

**ਰਿਦੈ ਬਸੈ ਅਕਹੀਉ ਸੋਇ ਰਸੁ ਤਿਨਹੀ ਜਾਤਉ ॥**

ਆਪਦੇ ਰਿਦੇ ਵਿਚ (ਜੇਹੜਾ) ਵਾਹਿਗੁਰੂ (ਆਖਿਆ ਨਹੀਂ ਜਾਂਦਾ ਮਨ ਬਾਣੀ ਤੋਂ ਪਰੇ ਹੈ ਓਹ) ਵੱਸਦਾ ਹੈ ਉਸ ਵਾਹਿਗੁਰੂ ਦੇ ਨਾਮ ਦਾ ਰਸ ਆਪ ਨੇ ਹੀ ਜਾਣਿਆ ਹੈ ॥

**ਮੁਖਹੁ ਭਗਤਿ ਉਚਰੈ ਅਮਰੁ ਗੁਰੂ ਇਤੁ ਰੰਗਿ ਰਾਤਉ ॥**

ਹੇ ਗੁਰੂ ਜੀ, ਆਪ ਮੂੰਹੋਂ ਭਗਤੀ ਉਚਾਰਦੇ ਹੋਏ ਇਸੇ ਰੰਗ ਵਿਚ ਰਤੇ ਰਹਿੰਦੇ ਹੋ ॥

**ਮਸਤਕਿ ਨੀਸਾਣੁ ਸਚਉ ਕਰਮੁ ਕਲ੍ਯ ਜੋੜਿ ਕਰਿ ਧ੍ਯਾਇਅਉ॥**

ਆਪਦੇ ਮਥੇ ਤੇ ਸੱਚੇ ਕਰਮਾਂ ਦਾ ਨਿਸ਼ਾਨ ਹੈ ਏਸੇ ਵਾਸਤੇ ਕਲ ਜੀ ਆਖਦੇ ਹਨ ਮੈਂ ਆਪਨੂੰ ਹਥ ਜੋੜਕੇ ਧਿਆਇਆ ਹੈ ॥

**ਪਰਸਿਅਉ ਗੁਰੁ ਸਤਿਗੁਰ ਤਿਲਕੁ**
**ਸਰਬ ਇਛ ਤਿਨ ਪਾਇਓ ॥ ੯ ॥**

ਹੇ ਸਾਰਿਆਂ ਦੇ ਪੂਜਣ ਸਿਰੋਮਣੀ ਗੁਰੂ ਜੀ ਜਿਨਾਂ ਨੂੰ ਆਪ ਮਿਲੇ ਹੋ ਓਨਾਂ ਨੇ ਸਾਰੀਆਂ ਇਛਿਆਂ ਨੂੰ ਆਪ ਤੋਂ ਪਾ ਲਿਆ ਹੈ ॥ ੯ ॥

**ਚਰਣ ਤ ਪਰ ਸਕਯਥ ਚਰਣ ਗੁਰ ਅਮਰ ਪਵਲਿਰਯ ॥**

ਹੇ ਚਰਨ ਗੁਰੂ ਅਮਰਦਾਸ ਜੀ ਦੇ ਰਸਤੇ ਚਲਣ ਤੇ ਤਾਂ ਹੀ ਚੰਗੀਤਰਾਂ ਸਫਲ ਹਨ ॥

**ਹਥ ਤ ਪਰ ਸਕਯਥ ਹਥ ਲਗਹਿ ਗੁਰ ਅਮਰ ਪਯ ॥**

ਹੱਥ ਗੁਰੂ ਅਮਰਦਾਸ ਜੀਦੇ ਚਰਨੀ ਲਗਣ ਤੇ ਤਾਂ ਹੀ ਸਫਲ ਹਨ ॥

**ਜੀਹ ਤ ਪਰ ਸਕਯਥ ਜੀਹ ਗੁਰ ਅਮਰ ਭਣਿਜੈ ॥**

ਰਸਨਾਂ ਗੁਰੂ ਅਮਰਦਾਸ ਜੀ ਨੂੰ ਉਚਾਰੇ ਤੇ ਤਾਂ ਹੀ ਸਫਲ ਹੈ ॥

**ਨੈਣ ਤ ਪਰ ਸਕਯਥ ਨਯਣਿ ਗੁਰੁ ਅਮਰੁ ਪਿਖਿਜੈ ॥**

ਨੇਤ੍ਰ ਗੁਰੂ ਅਮਰਦਾਸ ਜੀ ਨੂੰ ਵੇਖਣ ਤੇ ਤਾਂ ਹੀ ਸਫਲ ਹਨ ॥

**ਸ੍ਰਵਣ ਤ ਪਰ ਸਕਯਥ ਸ੍ਰਵਣਿ ਗੁਰੁ ਅਮਰੁ ਸੁਣਿਜੈ ॥**

ਕੰਨ ਗੁਰੂ ਅਮਰਦਾਸ ਜੀ ਦਾ ਜਸ ਸੁਣਨ ਤੇ ਤਾਂ ਹੀ ਸਫਲ ਹਨ ॥

## ਸਕਯਥੁ ਸੁ ਹੀਉ ਜਿਤੁ ਹੀਅ ਬਸੈ
## ਗੁਰ ਅਮਰਦਾਸੁ ਨਿਜ ਜਗਤ ਪਿਤ ॥

ਦਿਲ ਓਹੋ ਹੀ ਸਫਲ ਹੈ ਜਿਸ ਵਿਚ ਜਗਤ ਦੇ ਪਿਤਾ ਗੁਰੂ ਅਮਰਦਾਸ ਜੀ ਵੱਸਦੇ ਹਨ॥

## ਸਕਯਥੁਸੁਸਿਰੁਜਾਲਪੁਭਣੈਜੁਸਿਰੁਨਿਵੈਗੁਰਅਮਰ ਨਿਤ।੧।੧੦।

ਜਾਲਪ ਭੱਟ ਆਖਦਾ ਹੈ ਸਿਰ ਓਹੋ ਹੀ ਸਫਲ ਹੈ ਜੋ ਰੋਜ਼ ਹੀ ਗੁਰੂ ਅਮਰਦਾਸ ਜੀ ਨੂੰ ਨਿੰਵਦਾ ਹੈ ॥ ੧ ॥ ੧੦ ॥

## ਤਿਨਰ ਦੁਖ ਨਹ ਭੁਖ ਤਿਨਰ ਨਿਧਨ ਨਹੁ ਕਹੀਅਹਿ ॥

ਤਿਨਾਂ ਆਦਮੀਆਂਨੂੰ ਨਾ ਦੁਖਹੈ ਨਾਂ ਭੁਖਹੈ ਓਹ ਆਦਮੀ ਗਰੀਬ ਵੀ ਨਹੀਂ ਕਹੀਦੇ

## ਤਿਨਰ ਸੋਕੁ ਨਹੁ ਹੁਐ ਤਿਨਰ ਸੇ ਅੰਤੁ ਨ ਲਹੀਅਹਿ ॥

ਤਿਨਾਂ ਆਦਮੀਆਂ ਨੂੰ ਸ਼ੋਕ ਨਹੀਂ ਹੁੰਦਾ ਤੇ ਤਿਨਾਂ ਆਦਮੀਆਂ ਦਾ ਕਿਸੇ ਕੋਲੋਂ ਅੰਤ ਵੀ ਨਹੀਂ ਲਿਆ ਜਾਂਦਾ ॥

## ਤਿਨਰ ਸੇਵ ਨਹੁ ਕਰਹਿ ਤਿਨਰ ਸਯ ਸਹਸ ਸਮਪਹਿ ॥

ਸਯ = ਸੈਂਕੜੇ ॥ ਸਹਸ = ਹਜ਼ਾਰਾਂ । ਸਮਪਹਿ = ਅਰਪਨ ॥

ਓਹ ਆਦਮੀ ਵਾਹਿਗੁਰੂ ਤੋਂ ਬਿਨਾ ਕਿਸੇ ਦੀ ਸੇਵਾ ਨਹੀਂ ਕਰਦੇ, ਓਹ ਆਦਮੀ ਆਪਣੇ ਦਾਸਾਂ ਨੂੰ ਸੈਂਕੜੇ ਹਜਾਰਾਂ ਚੀਜ਼ਾਂ ਬਖਸ਼ ਦੇਂਦੇ ਹਨ ॥

## ਤਿਨਰ ਦੁਲੀਚੈ ਬਹਹਿ ਤਿਨਰ ਉਥਪਿ ਬਿਥਪਹਿ ॥

ਦੁਲੀਚੈ = ਗਲੀਚਾ ॥ ਉਥਪ = ਉਠਾ ਦੇਣਾ ॥ ਬਿਥਪਹਿ = ਬਹਾ ਦੇਣਾ ॥

ਓਹ ਆਦਮੀ ਗਿਆਨ ਰੂਪ ਗਲੀਚੇ ਉਤੇ ਬੈਠਦੇ ਹਨ ਅਤੇ ਫਿਰ ਓਹ ਐਸੇ ਪੁਰਸ਼ ਕਿਸੇ ਨੂੰ ਪਲ ਵਿਚ ਕਿਸੇ ਜਗਾ ਰਾਜ ਭਾਗ ਤੋਂ ਉਠਾ ਦੇਂਦੇ ਹਨ ਕਿਸੇ ਨੂੰ ਅਸਥਾਪਨ ਕਰ ਦੇਣ ਵਿਚ ਬੜੇ ਸਮਰੱਥ ਹੁੰਦੇ ਹਨ ॥

## ਸੁਖ ਲਹਹਿ ਤਿਨਰ ਸੰਸਾਰ ਮਹਿ ਅਭੈ ਪਟੁ ਰਿਪ ਮਧਿ ਤਿਹ ॥

ਜਿਨਾਂ ਆਦਮੀਆਂ ਨੇ ਕਾਮ ਆਦਿਕ ਵੈਰੀਆਂ ਦੇ ਵਿਚ ਹੀ ਰਹਿੰਦਿਆਂ ਹੋਇਆਂ ਅਭੈਤਾ ਰੂਪ ਬਸਤ੍ਰ ਪੜਦਾ ਪਾਯਾ ਹੈ ਓਹ ਸੰਸਾਰ ਵਿਚ ਸੁਖ ਲੈਂਦੇ ਹਨ।

## ਸਕਯਥ ਤਿਨਰ ਜਾਲਪੁ ਭਣੈ
## ਗੁਰ ਅਮਰਦਾਸੁ ਸੁ ਪ੍ਰਸੰਨੁ ਜਿਹ ॥ ੨ ॥ ੧੧ ॥

ਜਾਲਪ ਕਹਿੰਦਾ ਹੈ ਓਹ ਆਦਮੀ ਸੰਸਾਰ ਵਿਚ ਸਫਲ ਹਨ ਜਿਨਾਂ ਉਤੇ ਗੁਰੂ ਅਮਰਦਾਸ ਜੀ ਪ੍ਰਸੰਨ ਹੋਏ ਹਨ ॥ ੨ ॥ ੧੧ ॥

## ਤੈ ਪੜਿਉ ਇਕੁ ਮਨਿ ਧਰਿਉ ਇਕੁ ਕਰਿ ਇਕੁ ਪਛਾਣਿਓ ॥

ਹੇ ਗੁਰੂ ਜੀ ਆਪ ਨੇ ਇਕ ਵਾਹਿਗੁਰੂ ਨੂੰ ਹੀ ਪੜ੍ਹਿਆ ਹੈ ਤੇ ਇਕ ਨੂੰ ਹੀ ਮਨ ਵਿਚ ਧਰਿਆ ਹੈ ਅਤੇ ਇਕ ਹੀ ਵਾਹਿਗੁਰੂ ਨੂੰ ਪਛਾਣਿਆ ਹੈ।

## ਨਯਣਿ ਬਯਣਿ ਮੁਹਿ ਇਕੁ ਇਕੁ ਦੁਹੁ ਠਾਂਇ ਨ ਜਾਣਿਓ ॥

ਨੇਤਰਾਂ ਨਾਲ ਇਕ ਨੂੰ ਵੇਖਦੇ ਹੋ ਮੂੰਹ ਤੇ ਬਚਨਾਂ ਨਾਲ ਇਕ ਨੂੰ ਉਚਾਰਦੇ ਲੋਕ ਪਰਲੋਕ ਵਾ ਜੀਵ ਈਸ਼੍ਵਰ ਵਿਚ ਤੁਸਾਂ ਇਕੋ ਹੀ ਵਾਹਿਗੁਰੂ ਨੂੰ ਜਾਣਿਆ ਹੈ।

## ਸੁਪਨਿ ਇਕੁ ਪਰਤਖਿ ਇਕੁ ਇਕਸ ਮਹਿ ਲੀਣਉ ॥

ਸੁਪਨੇ ਵਿਚ ਵੀ ਇਕ ਪ੍ਰਤੱਛ ਵੀ ਇਕ ਹਮੇਸ਼ਾਂ ਇਕ ਵਿਚ ਹੀ ਲੀਨ ਰਹਿੰਦੇ ਹੋ।

## ਤੀਸ ਇਕੁ ਅਰੁ ਪੰਜਿ ਸਿਧੁ ਪੈਤੀਸ ਨ ਖੀਣਉ ॥

ਤੀਹਾਂ ਰੋਜ਼ਿਆਂ ਵਿਚ ਪੰਜਾਂ ਨਮਾਜ਼ਾਂ ਵਿਚ ਇਕ ਵਾਹਿਗੁਰੂ ਨੂੰ ਹੀ ਆਪ ਨੇ ਸਿੱਧ ਕੀਤਾ ਹੈ ਅਤੇ ਹਿੰਦੂਆਂ ਦੀਆਂ ੨੪ ਇਕਾਦਸ਼ੀਆਂ ੨੫ ਗਣੇਸ਼ ਚੌਥ ੨੬ ਜਨਮ ਅਸ਼ਟਮੀ ੨੭ ਰਾਮਨੌਮੀ, ੨੮ ਸੰਗ੍ਰਾਂਦ ੨੯ ਮੱਸਿਆ ੩੦ ਵਿਤੀ ਪਾਤ ੩੫ ਪੰਜਭੂਤ ਇਹਨਾਂ ਪੈਤੀਆਂ ਵਿਚ ਵੀ ਇਕ ਨੂੰ ਨਾਸ ਨਹੀਂ ਜਾਣਿਆਂ ਭਾਵ ਵਾਹਿਗੁਰੂ ਹੈ।

## ਇਕਹੁ ਜਿ ਲਾਖੁ ਲਖਹੁ ਅਲਖੁ ਹੈ ਇਕੁ ਇਕੁ ਕਰਿ ਵਰਨਿਅਉ ॥

ਇਕ ਤੋਂ ਜੇਹੜਾ ਲੱਖ ਰੂਪ ਹੋ ਰਿਹਾ ਹੈ ਅਤੇ ਲੱਖਾਂ ਤੋਂ ਜੋ ਅਲੱਖ ਰੂਪ ਹੋ ਜਾਂਦਾ ਹੈ ਅਜੇਹੇ ਵਾਹਿਗੁਰੂ ਨੂੰ ਆਪਨੇ ਇਕ ਹੀ ਰੂਪ ਕਰਕੇ ਵਰਨਨ ਕੀਤਾਹੈ।

## ਗੁਰ ਅਮਰ ਦਾਸ ਜਾਲਪੁ ਭਣੈ ਤੂ ਇਕੁ ਲੋੜਹਿ ਇਕੁ ਮੰਨਿਅਉ ॥ ੩ ॥ ੧੨ ॥

ਜਾਲਪ ਕਹਿੰਦਾ ਹੈ ਹੇ ਗੁਰੂ ਜੀ ਆਪ ਇਕ ਨੂੰ ਹੀ ਚਾਹੁੰਦੇ ਹੋ ਅਤੇ ਇਕ ਨੂੰ ਹੀ ਮਨ ਵਿਚ ਮੰਨ ਲਿਆ ਹੈ ॥ ੩ ॥ ੧੨ ॥

## ਜਿ ਮਤਿ ਗਹੀ ਜੈ ਦੇਵਿ ਜਿ ਮਤਿ ਨਾਮੈ ਸੰਮਾਣੀ ॥

ਜੇਹੜੀ ਅਕਲ ਜੈ ਦੇਵ ਭਗਤ ਜੀ ਨੇ ਫੜੀ ਹੈ ਅਤੇ ਜੇਹੜੀ ਅਕਲ ਨਾਮਦੇਵ ਵਿਚ ਸਮਾਈ ਹੈ।

## ਜਿ ਮਤਿ ਤ੍ਰਿਲੋਚਨ ਚਿਤਿ ਭਗਤ ਕੰਬੀਰਹਿ ਜਾਣੀ ॥

ਜੇਹੜੀ ਅਕਲ ਤ੍ਰਿਲੋਚਨ ਜੀ ਦੇ ਮਨ ਵਿਚ ਆਈ ਹੈ ਅਤੇ ਜੇਹੜੀ ਅਕਲ ਕਬੀਰ ਭਗਤ ਜੀ ਨੇ ਜਾਣੀ ਹੈ।

**ਰੁਕਮਾਂਗਦ ਕਰਤੂਤਿ ਰਾਮੁ ਜੰਪਹੁ ਨਿਤ ਭਾਈ ॥**

ਜਿਸਤਰਾਂ ਰੁਕਮਾਂਗਦ ਰਾਜਾ ਨੇ ਚੰਗੀ ਕਰਤੂਤ ਕੀਤੀ ਹੈ ਉਸਤਰਾਂ ਹੀ ਹੈ ਭਾਈ ਤੁਸੀ ਵਾਹਿਗੁਰੂ ਨੂੰ ਜਪੋ।

**ਅੰਮਰੀਕ ਪ੍ਰਹਲਾਦਿ ਸਰਣਿ ਗੋਬਿੰਦ ਗਤਿ ਪਾਈ ॥**

ਜਿਸਤਰਾਂ ਅੰਮਰੀਕ ਰਾਜਾ ਅਤੇ ਪ੍ਰਹਿਲਾਦ ਭਗਤ ਨੇ ਵਾਹਿਗੁਰੂ ਦੀ ਸ਼ਰਨ ਪੈਕੇ ਗਤੀ ਪਾਈ ਹੈ।

**ਤੈ ਲੋਭੁ ਕ੍ਰੋਧੁ ਤ੍ਰਿਸਨਾ ਤਜੀ ਸੁ ਮਤਿ ਜਲ੍ਯ ਜਾਣੀ ਜੁਗਤਿ ॥**

ਜੱਲ ਜੀ ਆਖਦੇ ਹਨ ਹੇ ਗੁਰੂ ਜੀ, ਆਪ ਨੇ ਸ੍ਰੇਸ਼ਟ ਮਤੀ ਕਰਕੇ ਚੰਗੀ ਜੁਗਤੀ ਜਾਣੀ ਹੈ ਜੋ ਲੋਭ, ਕ੍ਰੋਧ, ਤ੍ਰਿਸ਼ਨਾ ਦੂਰ ਕਰ ਦਿਤੀ ਹੈ।

**ਗੁਰੁ ਅਮਰ ਦਾਸੁ ਨਿਜ ਭਗਤੁ ਹੈ**
**ਦੇਖਿ ਦਰਸੁ ਪਾਵਉ ਮੁਕਤਿ ॥ ੪ ॥ ੧੩ ॥**

ਗੁਰੂ ਅਮਰਦਾਸ ਜੀ ਆਪ ਭਗਤੀ ਦਾ ਅਵਤਾਰ ਹੋਏ ਹਨ ਮੈਂ ਵੀ ਆਪਦਾ ਦਰਸ਼ਨ ਕਰਕੇ ਮੁਕਤੀ ਨੂੰ ਪਾਵਾਂਗਾ ॥ ੪ ॥ ੧੩ ॥

**ਗੁਰੁ ਅਮਰਦਾਸੁ ਪਰਸੀਐ ਪੁਹਮਿ ਪਾਤਿਕ ਬਿਨਾਸਹਿ ॥**

ਗੁਰੂ ਜੀ ਦੇ ਪਰਸਨ ਨਾਲ ਧਰਤੀ ਦੇ ਪਾਪੀਆਂ ਦੇ ਪਾਪ ਨਾਸ ਹੋ ਜਾਂਦੇ ਹਨ।

**ਗੁਰੁ ਅਮਰਦਾਸੁ ਪਰਸੀਐ ਸਿਧ ਸਾਧਿਕ ਆਸਾਸਹਿ ॥**

ਆਸਾਸਹਿ = ਨਿਰਸ਼ੰਕਾ, ਵਾ ਚਾਹੁੰਦੇ ਹਨ ਵਾ ਪ੍ਰਸੰਨ ੩ ਅਰਥ ਹਨ।

ਗੁਰੂ ਜੀ ਦੇ ਪਰਸਨ ਨਾਲ, ਸਿੱਧ ਅਤੇ ਸਾਧਨਾਂ ਕਰਨ ਵਾਲੇ ਸ਼ੰਕਾ ਤੋਂ ਬਿਨਾਂ ਹੋ ਜਾਂਦੇ ਹਨ।

**ਗੁਰੁ ਅਮਰਦਾਸੁ ਪਰਸੀਐ ਧਿਆਨੁ ਲਹੀਐ ਪਉ ਮੁਕਹਿ ॥**

ਗੁਰੂ ਜੀ ਦੇ ਪਰਸਨ ਨਾਲ ਵਾਹਿਗੁਰੂ ਦਾ ਧਿਆਨ ਪ੍ਰਾਪਤਿ ਹੁੰਦਾ ਹੈ ਅਤੇ ਮੁਕਤੀ ਪਾ ਲਈਦੀ ਹੈ ਵਾ ਲਉ = ਬਾਜ਼ੀ ਚੁਰਾਸੀ ਵਾਲੀ ਮੁਕ ਜਾਂਦੀ ਹੈ।

**ਗੁਰੁ ਅਮਰਦਾਸੁ ਪਰਸੀਐ ਅਭਉ ਲਭੈ ਗਉ ਚੁਕਹਿ ॥**

ਗੁਰੂ ਜੀ ਦੇ ਪਰਸਨ ਨਾਲ ਨਿਡਰ ਪ੍ਰਮਾਤਮਾਂ ਪ੍ਰਾਪਤ ਹੁੰਦਾ ਹੈ ਤੇ ਜਾਣਾ ਆਉਣਾਂ ਨਾਸ ਹੋ ਜਾਂਦਾ ਹੈ ਵਾ ਹਰ ਇਕ ਦਾ ਗੌਂ ਦੂਰ ਹੋ ਜਾਂਦਾ ਹੈ।

**ਇਕੁ ਬਿੰਨਿ ਦੁਗਣ ਜੁ ਤਉ ਰਹੈ**

**ਜਾਸੁ ਮੰਤ੍ਰਿ ਮਾਨਵਹਿ ਲਹਿ ॥**

ਇਕ ਵਾਹਿਗੁਰੂ ਤੋਂ ਬਿਨਾਂ ਜੇਹੜਾ ਦੂਜਾ ਭਾਵ ਗਿਣੀਦਾ ਹੈ ਤਿਸ ਦ੍ਵੈਤ ਭਾਵ ਤੋਂ ਜੀਵ ਤਾਂ ਰਹਿਤ ਹੁੰਦਾ ਹੈ ਜਦੋਂ ਗੁਰਾਂ ਦਾ ਉਪਦੇਸ਼ ਲੈਂਦਾ ਹੈ ॥

**ਜਾਲਪਾ ਪਦਾਰਥ ਇਤੜੇ**

**ਗੁਰ ਅਮਰਦਾਸਿ ਡਿਠੈ ਮਿਲਹਿ ॥ ੫ ॥ ੧੪ ॥**

ਜਾਲਪ ਜੀ ਆਖਦੇ ਹਨ ਇਤਨੇ ਜੇਹੜੇ ਪਦਾਰਥ ਪਿਛੇ ਵਰਨਨ ਕੀਤੇ ਹਨ ਉਹ ਸਾਰੇ ਗੁਰੂ ਜੀ ਦੇ ਦਰਸ਼ਨ ਕਰਨ ਨਾਲ ਮਿਲ ਜਾਂਦੇ ਹਨ ॥ ੫ ॥ ੧੪॥

**ਸਚੁ ਨਾਮੁ ਕਰਤਾਰੁ ਸੁ ਦ੍ਰਿੜੁ ਨਾਨਕਿ ਸੰਗ੍ਰਹਿਅਉ ॥**

ਜੇਹੜਾ ਵਾਹਿਗੁਰੂ ਦਾ ਸੱਚਾ ਨਾਮ ਹੈ ਓਹ ਗੁਰੂ ਨਾਨਕ ਜੀ ਨੇ ਚੰਗੀ ਤਰਾਂ ਪੱਕਾ ਕਰਕੇ ਕੱਠਾ ਵਾ ਗ੍ਰਹਣ ਕੀਤਾ ਹੈ ॥

**ਤਾਤੇ ਅੰਗਦੁ ਲਹਣਾ ਪ੍ਰਗਟਿ ਤਾਸੁ ਚਰਣਹ ਲਿਵ ਰਹਿਅਉ ॥**

ਤਿਸ ਗੁਰੂ ਨਾਨਕ ਜੀ ਤੋਂ ਲਹਿਣਾ ਗੁਰੂ ਅੰਗਦ ਜੀ ਪ੍ਰਗਟ ਹੋਕੇ ਤਿਸ ਵਾਹਿਗੁਰੂ ਰੂਪ ਗੁਰੂ ਨਾਨਕ ਜੀ ਦੇ ਚਰਨਾਂ ਵਿਚ ਪ੍ਰੀਤੀ ਲਾ ਰਹੇ ਹਨ ॥

**ਤਿਤੁ ਕੁਲਿ ਗੁਰ ਅਮਰਦਾਸੁ ਆਸਾ ਨਿਵਾਸੁ**

**ਤਾਸੁ ਗੁਣ ਕਵਣ ਵਖਾਣਉ ॥**

ਤਿਸ ਗੁਰੂ ਨਾਨਕ ਜੀ ਦੀ ਕੁਲ (ਸੰਪ੍ਰਦਾਯ) ਵਿਚ ਗੁਰੂ ਅਮਰਦਾਸ ਜੀ ਆਸਾ ਦੇ ਪਾਤ੍ਰ ਭਾਵ ਸਿਖਾਂ ਦੀਆਂ ਸਾਰੀਆਂ ਇੱਛਿਆ ਪੂਰਨ ਕਰਨ ਵਾਲੇ ਹੋਏ ਹਨ ਓਨਾਂ ਦੇ ਮੈਂ ਕੇਹੜੇ ੨ ਗੁਣ ਉਚਾਰਨ ਕਰਾਂ।

**ਜੋ ਗੁਣ ਅਲਖ ਅਗੰਮ ਤਿਨਹ ਗੁਣ ਅੰਤੁ ਨ ਜਾਣਉ ॥**

ਜੇਹੜੇ ਗੁਣ ਅਲੱਖ ਅਗੰਮ ਵਾਹਿਗੁਰੂ ਵਿਚ ਹਨ ਓਹੋ ਹੀ ਓਨਾਂ ਵਿਚ ਹਨ ਇਸ ਲਈ ਮੈਂ ਓਨਾਂ ਗੁਣਾਂ ਦਾ ਅੰਤ ਨਹੀਂ ਜਾਣ ਸਕਦਾ॥

**ਬੋਹਿਥਉ ਬਿਧਾਤੈ ਨਿਰਮਯੋ ਸਭ ਸੰਗਤਿ ਕੁਲ ਉਧਰਣ ॥**

ਵਾਹਿਗੁਰੂ ਨੇ ਸਾਰੀ ਸੰਗਤ ਤੇ ਕੁਲਾਂ ਦੇ ਉਧਾਰ ਵਾਸਤੇ ਗੁਰੂ ਜੀ ਨੂੰ ਜਹਾਜ਼ ਉਤਪਤ ਕੀਤਾ ਹੈ ॥

**ਗੁਰ ਅਮਰਦਾਸ ਕੀਰਤੁ ਕਹੈ**

**ਤ੍ਰਾਹਿ ਤ੍ਰਾਹਿ ਤੁਅ ਪਾ ਸਰਣ ॥ ੧ ॥ ੧੫ ॥**

ਕੀਰਤ ਜੀ ਆਖਦੇ ਹਨ ਹੇ ਗੁਰੂ ਜੀ ਮੈਂ ਆਪ ਦੀ ਸ਼ਰਨ ਪਿਆ ਹਾਂ ਮੇਰੀ ਰਖਿਆ ਕਰੋ ॥ ੧ ॥ ੧੫ ॥

**ਆਪਿ ਨਰਾਇਣੁ ਕਲਾ ਧਾਰਿ ਜਗ ਮਹਿ ਪਰਵਰਿਅਉ ॥**

ਆਪ ਵਾਹਿਗੁਰੂ ਕਲਾ ਧਾਰਨ ਵਾਲਾ ਵਾ ਕਲਾ ਧਾਰਕੇ ਜਗਤ ਵਿਚ ਪਰਗਟ ਹੋਯਾ ਹੈ ॥

**ਨਿਰੰਕਾਰਿ ਆਕਾਰੁ ਜੋਤਿ ਜਗ ਮੰਡਲਿ ਕਰਿਅਉ ॥**

ਆਪ ਵਾਹਿਗੁਰੂ ਰੂਪ ਅਕਾਰ ਧਾਰਕੇ ਜਗਤ ਮੰਡਲ ਵਿਚ ਆਪਣੀ ਜੋਤ ਦਾ ਪ੍ਰਕਾਸ਼ ਕੀਤਾ ਹੈ ਵਾ ਆਪਣੀ ਜੋਤਿ ਨਾਲ ਪਰਕਾਸ਼ ਕੀਤਾ ਹੈ ॥

**ਜਹ ਕਹ ਤਹ ਭਰਪੂਰੁ ਸਬਦੁ ਦੀਪਕਿ ਦੀਪਾਯਉ ॥**

ਜਿਥੇ ਕਿਥੇ ਤਿਸ ਪਰੀ ਪੂਰਨ ਵਾਹਿਗੁਰੂ ਨੂੰ ਗੁਰੂ ਜੀ ਨੇ ਆਪਣੇ ਉਪਦੇਸ਼ ਰੂਪ ਦੀਵੇ ਨਾਲ ਚਾਨਣ ਕੀਤਾ ਹੈ ਭਾਵ ਸਿਖਾਂ ਦੇ ਦਿਲਾਂ ਵਿਚ ਵਾਹਿਗੁਰੂ ਦਾ ਗਿਆਨ ਪਰਗਟ ਕੀਤਾ ਹੈ ॥

**ਜਿਹ ਸਿਖਹ ਸੰਗ੍ਰਹਿਓ ਤਤੁ ਹਰਿ ਚਰਣ ਮਿਲਾਯਉ ॥**

ਜਿਨਾਂ ਸਿਖਾਂ ਨੇ ਤਿਸ ਉਪਦੇਸ਼ ਨੂੰ ਚੰਗੀ ਤਰਾਂ ਆਪਣੇ ਰਿਦੇ ਵਿਚ ਕੱਠਾ ਵਾਂ ਗ੍ਰਹਿਣ ਕੀਤਾ ਹੈ ਓਨਾਂ ਨੂੰ ਗੁਰਾਂ ਨੇ ਛੇਤੀ ਨਾਲ ਵਾਹਿਗੁਰੂ ਦੇ ਚਰਣਾਂ ਵਿਚ ਮਿਲ਼ਾ ਦਿਤਾ ਹੈ ॥

**ਨਾਨਕ ਕੁਲਿ ਨਿੰਮਲੁ ਅਵਤਰਿਉ ਅੰਗਦ ਲਹਣੇ ਸੰਗਿ ਹੁਅ ॥**

ਗੁਰੂ ਨਾਨਕ ਜੀ ਦੀ ਜੇਹੜੀ ਨਿਰਮਲ ਕੁਲ (ਸੰਪ੍ਰਦਾਯ) ਹੈ ਤਿਨਾਂ ਦੀ ਸੰਗਤ ਵਿਚ ਮਿਲਕੇ ਜੋ ਲਹਿਣੇ ਤੋਂ ਗੁਰੂ ਅੰਗਦ ਜੀ ਹੋਏ ਤਿਸ ਗੁਰੂ ਨਾਨਕ ਜੀ ਦੀ ਕੁਲ ਵਿਚ ਆਪ ਅਵਤਾਰ ਪਰਗਟ ਹੋਏ ਹੋ ॥

**ਗੁਰ ਅਮਰਦਾਸ ਤਾਰਣ ਤਰਣ**
**ਜਨਮ ਜਨਮ ਪਾ ਸਰਣਿ ਤੁਅ ॥੨॥ ੧੬ ॥**

ਹੇ ਗੁਰੂ ਜੀ ਆਪ ਜੀਵਾਂ ਨੂੰ ਸੰਸਾਰ ਸਮੁੰਦਰ ਤੋਂ ਤਾਰਨ ਵਾਸਤੇ ਜਹਾਜ਼ ਰੂਪ ਹੋ ਮੈਂ ਆਪਦੇ ਚਰਨਾਂ ਦੀ ਜਨਮਾਂ ਜਨਮਾਂ ਤੋਂ ਸ਼ਰਨ ਹਾਂ ॥ ੨ ॥ ੧੬ ॥

**ਜਪੁ ਤਪੁ ਸਤੁ ਸੰਤੋਖੁ ਪਿਖਿ ਦਰਸਨੁ ਗੁਰ ਸਿਖਹ ॥**

ਹੇ ਗੁਰੂ ਜੀ ਆਪਦੇ ਸਿਖਾਂ ਦਾ ਦਰਸ਼ਨ ਕਰਨ ਨਾਲ ਹੀ ਜਪ ਤਪ ਸਤ ਸੰਤੋਖ ਆਦਿਕ ਗੁਣ ਪਰਾਪਤ ਹੁੰਦੇ ਹਨ ॥

**ਸਰਣਿ ਪਰਹਿ ਤੇ ਉਬਰਹਿ ਛੋਡਿ ਜਮਪੁਰ ਕੀ ਲਿਖਹ ॥**

ਜੇਹੜੇ ਆਪਦੀ ਸ਼ਰਨ ਪੈਂਦੇ ਹਨ ਉਹ ਜਮਪੁਰ ਵਿਚ ਖੜਨ ਵਾਲੀ ਲਿਖਤ ਨੂੰ ਛਡਕੇ ਤਰ ਜਾਂਦੇ ਹਨ ॥

**ਭਗਤਿ ਭਾਇ ਭਰਪੂਰੁ ਰਿਦੈ ਉਚਰੈ ਕਰਤਾਰੈ ॥**

ਆਪਦੇ ਹਿਦੇ ਵਿਚ ਭਗਤੀ ਪ੍ਰੇਮ ਬਹੁਤ ਹੈ ਇਸੀ ਵਾਸਤੇ ਵਾਹਿਗੁਰੂ ਦਾ ਉਚਾਰਨ ਕਰਦੇ ਰਹਿੰਦੇ ਹੋ ॥

**ਗੁਰੁ ਗਉਹਰੁ ਦਰੀਆਉ ਪਲਕ ਡੁਬੰਤਹ ਤਾਰੈ ॥**

ਹੇ ਗੁਰ ਜੀ ਆਪ ਮੋਤੀ ਵਾਂਗੂੰ ਉੱਜਲ ਹੋ, ਅਤੇ ਆਪ ਪਲ ਵਿਚ ਜੀਵ ਨੂੰ ਸੰਸਾਰ ਸਮੁੰਦਰ ਤੋਂ ਡੁਬਦਿਆਂ ਤਾਰ ਲੈਂਦੇ ਹੋ ॥

**ਨਾਨਕ ਕੁਲਿ ਨਿੰਮਲੁ ਅਵਤਰ੍ਯਿਉ ਗੁਣ ਕਰਤਾਰੈ ਉਚਰੈ॥**

ਸ੍ਰੀ ਗੁਰੂ ਨਾਨਕ ਜੀ ਦੀ ਨਿਰਮਲ ਕੁਲ (ਸੰਪ੍ਰਦਾਇ) ਵਿਚ ਆਪ ਅਵਤਾਰ ਹੋਇ ਹੋ ਅਤੇ ਵਾਹਿਗੁਰੂ ਦੇ ਗੁਣਾਂ ਨੂੰ ਉਚਾਰਨ ਕਰਦੇ ਹੋ ॥

**ਗੁਰ ਅਮਰਦਾਸੁ ਜਿਨ ਸੇਵਿਅਉ**

**ਤਿਨ ਦੁਖ ਦਰਿਦ੍ਰੁ ਪਰਹਰਿ ਪਰੈ ॥ ੩॥ ੧੭॥**

ਹੇ ਗੁਰੂ ਜੀ ਜਿਨਾਂ ਨੇ ਆਪਨੂੰ ਸੇਵਿਆ ਹੈ ਓਨਾਂ ਨੇ ਆਪਣੇ ਦੁਖ ਦਲਿਦ੍ਰ ਨਾਸ ਕਰਕੇ ਦੂਰ ਪਰੇ ਕਰ ਦਿਤੇ ਹਨ ॥ ੩ ॥ ੧੭ ॥

**ਚਿਤਿ ਚਿਤਵਉ ਅਰਦਾਸਿ ਕਹਉ ਪਰੁ ਕਹਿ ਭਿ ਨ ਸਕਉ ॥**

ਹੇ ਗੁਰੂ ਜੀ ਮੈਂ ਆਪਦੇ ਅਗੇ ਚਿਤ ਵਿਚ ਬੇਨਤੀ ਕਰਨੀ ਚਾਹੁੰਦਾ ਹਾਂ ਪਰ ਕਹਿ ਨਹੀਂ ਸਕਦਾ ਕਿਉਂਕਿ ਆਪ ਦਿਲ ਦੀ ਜਾਨਦੇ ਹੋ ॥

**ਸਰਬ ਚਿੰਤ ਤੁਝੁ ਪਾਸਿ ਸਾਧ ਸੰਗਤਿ ਹਉ ਤਕਉ ॥**

ਸਾਰਿਆਂ ਦੇ ਚਿਤ ਦੀ ਚਿੰਤਾ ਆਪਦੇ ਪਾਸ ਹੈ ਭਾਵ ਸਾਰਿਆਂ ਦੇ ਦਿਲ ਦਾ ਆਪ ਜਾਣਦੇ ਹੋ ਫਿਰ ਵੀ ਮੈਂ ਆਪਦੇ ਪਾਸ ਸਾਧ ਸੰਗਤ ਦੇ ਦਰਸ਼ਨ ਕਰਨੇ ਮੰਗਦਾ ਹਾਂ ਭਾਵ ਗੁਰਮੁਖਾਂ ਦਾ ਸੰਗ ਹਮੇਸ਼ਾਂ ਮਿਲੇ ॥

**ਤੇਰੈ ਹੁਕਮਿ ਪਵੈ ਨੀਸਾਣੁ ਤਉ ਕਰਉ ਸਾਹਿਬ ਕੀ ਸੇਵਾ ॥**

ਹੇ ਗੁਰੂ ਜੀ ਜੇ ਆਪਦੇ ਹੁਕਮ ਕਰਕੇ ਮੇਰੇ ਮੱਥੇ ਉਤੇ ਚੰਗੇ ਲੇਖਾਂ ਦਾ ਨਿਸ਼ਾਨ ਪਵੇ ਤਾਂ ਮੈਂ ਆਪਦੇ ਚਰਨਾਂ ਦੀ ਸੇਵਾ ਕਰਾਂ ॥

**ਜਬ ਗੁਰੁ ਦੇਖੈ ਸੁਭ ਦਿਸਟਿ ਨਾਮੁ ਕਰਤਾ ਮੁਖਿ ਮੇਵਾ ॥**

ਹੇ ਗੁਰੂ ਜੀ ਜਦੋਂ ਆਪ ਕ੍ਰਿਪਾ ਦ੍ਰਿਸ਼ਟੀ ਨਾਲ ਵੇਖਦੇ ਹੋ ਤਦੋਂ ਮੈਂ ਕਰਤਾ ਪੁਰਖ ਦਾ ਨਾਮ ਮਿੱਠਾ ਸਮਝਦਾ ਹਾਂ ਵਾ ਮੁਖ ਵਿਚ ਸਮਾਉਂਦਾ ਹੈ ॥

**ਅਗਮ ਅਲਖ ਕਾਰਣ ਪੁਰਖ ਜੋ ਫੁਰਮਾਵਹਿ ਸੋ ਕਹਉ ॥**

ਹੇ ਅਗੰਮ ਅਲੱਖ ਸਾਰਿਆਂ ਦੇ ਕਰਨ ਵਾਲੇ ਅਕਾਲ ਪੁਰਖ ਗੁਰੂ ਜੀ ਜੋ

ਆਪ ਫੁਰਮਾਉਂਦੇ ਹੋ ਸੋ ਮੈਂ ਆਖਦਾ ਹਾਂ ॥

**ਗੁਰੁ ਅਮਰਦਾਸ ਕਾਰਣ ਕਰਣ**
**ਜਿਵ ਤੂ ਰਾਖਹਿ ਤਿਵ ਰਹਉ ॥ ੪ ॥ ੧੮ ॥**

ਹੇ ਗੁਰੂ ਜੀ ਸਭਦੇ ਕਰਨ ਵਾਲੇ ਜਿਸਤਰਾਂ ਤੁਸੀ ਰੱਖੋ ਓਸੇਤਰਾਂ ਮੈਂ ਰਹਿੰਦਾ ਹਾਂ ॥ ੪ ॥ ੧੮ ॥

**ਭਿਖੇਕੇ॥ਗੁਰੁ ਗਿਆਨੁ ਅਰੁ ਧਿਆਨੁ ਤਤ ਸਿਉ ਤਤੁ ਮਿਲਾਵੈ॥**

ਤਤ = ਛੇਤੀ । ਤਤ = ਸਿਟਾ, ਮੱਖਨ, ਵਾਹਿਗੁਰੂ

ਹੇ ਗੁਰੂ ਜੀ ਆਪ ਸਿੱਖਾਂ ਨੂੰ ਧਿਆਨ ਵਿਚ ਲਾਕੇ ਅਤੇ ਆਤਮ ਗਿਆਨ ਦੇਕੇ ਛੇਤੀ ਨਾਲ ਵਾਹਿਗੁਰੂ ਨਾਲ ਮਿਲਾ ਦੇਂਦੇ ਹੋ ।

**ਸਚਿ ਸਚੁ ਜਾਣੀਐ ਇਕ ਚਿਤਹਿ ਲਿਵਲਾਵੈ ॥**

ਜੇਹੜਾ ਆਦਮੀ ਇਕ ਮਨ ਹੋਕੇ ਆਪਦੇ ਚਰਨਾਂ ਵਿਚ ਪੀਤੀ ਲਾਉਂਦਾ ਹੈ ਓਹ ਨਿਸਚੇ ਕਰਕੇ ਵਾਹਿਗੁਰੂ ਜਾਣ ਲੈਂਦਾ ਹੈ ॥

**ਕਾਮ ਕ੍ਰੋਧ ਵਸਿਕਰੈ ਪਵਣੁ ਉਡੰਤ ਨ ਧਾਵੈ ॥**

ਓਹ ਆਦਮੀ ਕਾਮ ਕ੍ਰੋਧ ਨੂੰ ਵਸ ਕਰ ਲੈਂਦਾ ਹੈ ਅਤੇ ਜੇਹੜਾ ਮਨ ਪੌਣ ਵਾਂਗੂੰ ਉਡਦਾ ਹੈ ਉਹ ਨਹੀਦੌੜਦਾ ਮਰਨ ਦੇਪਿਛੋਂਪ੍ਰਾਣ ਇਕ ਵਿਚਟਿਕਜਾਂਦੇਹਨ।

**ਨਿਰੰਕਾਰ ਕੈ ਵਸੈ ਦੇਸਿ ਹੁਕਮੁ ਬੁਝਿ ਬੀਚਾਰੁ ਪਾਵੈ ॥**

ਜੇਹੜਾ ਆਦਮੀ ਆਪਦਾ ਹੁਕਮ ਸਮਝਕੇ ਵਿਚਾਰ ਨੂੰ ਪਾਉਂਦਾ ਹੈ ਓਹ ਵਾਹਿਗੁਰੂ ਦੇ ਦੇਸ ਜਾ ਵਸਦਾ ਹੈ ॥

**ਕਲਿ ਮਾਹਿ ਰੂਪੁ ਕਰਤਾ ਪੁਰਖੁ**
**ਸੋ ਜਾਣੈ ਜਿਨਿ ਕਿਛੁ ਕੀਅਉ ॥**

ਹੇ ਗੁਰੂ ਜੀ, ਆਪ ਕਲਜੁਗ ਵਿਚ ਕਰਤਾ ਪੁਰਖ ਦਾ ਰੂਪ ਹੋ ਪਰ ਇਸ ਗੱਲ ਨੂੰ ਓਹ ਜਾਣਦਾ ਹੈ ਜਿਸਨੇ ਕੁਛ ਪਿਛੇ ਚੰਗੇ ਕਰਮ ਕੀਤੇ ਹਨ ॥

**ਗੁਰੁ ਮਿਲ੍ਹਉ ਸੋਇ ਭਿਖਾ ਕਹੈ**
**ਸਹਜ ਰੰਗਿ ਦਰਸਨੁ ਦੀਅਉ ॥ ੧ ॥ ੧੯ ॥**

ਭਿੱਖਾ ਜੀ ਆਖਦੇ ਹਨ ਹੇ ਭਾਈ ਸਾਨੂੰ ਕਰਤਾਰ ਦਾ ਰੂਪ ਗੁਰੂ ਜੀ ਮਿਲੇ ਹਨ ਜਦੋਂ ਗੁਰਾਂ ਨੇ ਦਰਸਨ ਦਿਤਾ ਤੁਦੋਂ ਸਹਿਜੇ ਹੀ ਸਾਨੂੰ ਅਨੰਦ ਹੋ ਗਿਆ॥੧॥

**ਰਹਿਓ ਸੰਤ ਹਉ ਟੋਲਿ ਸਾਧ ਬਹੁਤੇਰੇ ਡਿਠੇ ॥**

ਹੇ ਗੁਰੂ ਜੀ ਆਪਦੇ ਦਰਸ਼ਨ ਤੋਂ ਪਹਿਲਾਂ ਮੈ ਬੜੇ ਸੰਤ ਟੋਲਦਾ ਰਿਹਾ

ਅਤੇ ਬੜੇ ਸਾਧ ਡਿਠੇ।

ਸੰਨਿਆਸੀ ਤਪਸੀਅਹ ਮੁਖਹੁ ਏ ਪੰਡਿਤ ਮਿਠੇ ॥

ਸੰਨਜਾਸੀ, ਤਪਸੀ ਅਤੇ ਜੇਹੜੇ ਪੰਡਿਤ ਮੂੰਹੋਂ ਮਿੱਠੇ ਹਨ।

ਬਰਸੁ ਏਕੁ ਹਉ ਫਿਰਿਓ ਕਿਨੈ ਨਹੁ ਪਰਚਉ ਲਾਯਉ ॥

ਇਕ ਵਰ੍ਹਾ ਮੈਂ ਫਿਰਦਾ ਰਿਹਾ ਪਰ ਕਿਸੇ ਨੇ ਵੀ ਮੇਰਾ ਚਿਤ ਵਾਹਿਗੁਰੂ ਵਿਚ ਨਹੀਂ ਲਗਾਯਾ ਵਾ ਵਾਹਿਗੁਰੂ ਵਿਚ ਪਰਚਾ ਲਾਯਾ।

ਕਹਤਿਅਹ ਕਹਤੀ ਸੁਣੀ ਰਹਤ ਕੋ ਖੁਸੀ ਨ ਆਯਉ ॥

ਇਸਤਰਾਂ ਵੇ ਕਹਿਣ ਵਾਲਿਆਂ ਦੀ ਬਾਣੀ ਵੇਦਾਂ ਸ਼ਾਸਤਰਾਂ ਨੂੰ ਕਹਿੰਦੀ ਹੋਈ ਤਾਂ ਮੈਂ ਜ਼ਰੂਰ ਸੁਣੀ ਪਰ ਰਹਿਤ ਧਾਰਨ ਵਾਲਾ ਕਮਾਈ ਕਰਨ ਵਾਲਾ ਮੈਨੂੰ ਕੋਈ ਵੀ (ਖੁਸ਼ੀ) ਪਸੰਦ ਨਹੀਂ ਆਯਾ।

ਹਰਿ ਨਾਮੁ ਛੋਡਿ ਦੂਜੈ ਲਗੇ ਤਿਨਕੇ ਗੁਣ ਹਉ ਕਿਆ ਕਹਉ॥

ਜੇਹੜੇ ਵਾਹਿਗੁਰੂ ਨੂੰ ਛਡਕੇ ਦ੍ਵੈਤ ਭਾਵ ਵਾ ਦੂਜਿਆਂ ਖਿਆਲਾਂ ਵਿਚ ਲਗੇ ਹੋਏ ਹਨ ਓਨਾਂ ਦੇ ਗੁਣ ਮੈਂ ਕੀ ਕਹਾਂ।

ਗੁਰਦਯਿ ਮਿਲਾਯਉ ਭਿਖਿਆ

ਜਿਵ ਤੂ ਰਖਹਿ ਤਿਵ ਰਹਉ ॥ ੨ ॥ ੨੦ ॥

ਭਿੱਖਾ ਜੀ ਆਖਦੇ ਹਨ ਹੇ ਮਨ ਵਾਹਿਗੁਰੂ ਨੇ ਗੁਰੂ ਨੂੰ ਮਿਲਾ ਦਿਤਾ ਹੈ ਹੁਣ ਮੈਨੂੰ ਜਿਸਤਰਾਂ ਗੁਰੂ ਜੀ ਰਖਣ ਓਸੇ ਤਰਾਂ ਹੀ ਰਹਿੰਦਾ ਹਾਂ ॥ ੨ ॥ ੨੦ ॥

ਪਹਿਰਿ ਸਮਾਧਿ ਸਨਾਹੁ ਗਿਆਨਿ ਹੈ ਆਸਣਿ ਚੜਿਅਉ ॥

ਹੇ ਗੁਰੂ ਜੀ ਆਪ ਸਮਾਧੀ ਰੂਪ ਸੰਜੋਇ ਪਾਕੇ ਗਿਆਨ ਰੂਪ ਘੋੜੇ ਦੇ ਆਸਣ ਤੇ ਚੜੇ ਹੋ ॥

ਧ੍ਰੰਮ ਧਨਖੁ ਕਰ ਗਹਿਓ ਭਗਤ ਸੀਲਹ ਸਰਿ ਲੜਿਅਉ ॥

ਆਪ ਨੇ ਹਥ ਵਿਚ ਧਰਮ ਦਾ ਧਨਖ ਫੜਿਆ ਹੈ ਅਤੇ ਭਗਤੀ ਦੀ ਢਾਲ ਨਾਲ ਸੀਤਲ ਸੁਭਾਉ ਦਾ ਬਾਣ ਲੈਕੇ ਕਾਮ ਕ੍ਰੋਧ ਨਾਲ ਆਪ ਲੜੇ ਹੋ ॥

ਭੈ ਨਿਰਭਉ ਹਰਿ ਅਟਲੁ ਮਨਿ ਸਬਦਿ ਗੁਰ ਨੇਜਾ ਗਡਿਓ ॥

ਜੇਹੜਾ ਡਰ ਤੋਂ ਨਿਡਰ ਕਰਨ ਵਾਲਾ ਵਾਹਿਗੁਰੂ ਦਾ ਨਾਮ ਹੈ ਸੋ ਗੁਰੂ ਅੰਗਦ ਜੀ ਦੇ ਉਪਦੇਸ਼ ਨਾਲ ਆਪ ਨੇ ਆਪਣੇ ਮਨ ਰੂਪ ਮੈਦਾਨ ਵਿਚ ਅਟੱਲ ਨੇਜ਼ਾ ਗਡਿਆ ਹੈ ॥

ਕਾਮ ਕ੍ਰੋਧ ਲੋਭ ਮੋਹ ਅਪਤੁ ਪੰਚ ਦੂਤ ਬਿਖੰਡਿਓ ॥

ਅਪਤ = ਹੰਕਾਰ। ਕਾਮ, ਕ੍ਰੋਧ, ਲੋਭ, ਮੋਹ, ਹੰਕਾਰ, ਏਨਾਂ ਪੰਜਾਂ ਦੂਤਾਂ ਨੂੰ ਆਪ ਨੇ ਨਾਸ ਕੀਤਾ ਹੈ।

**ਭਲਉ ਭੂਹਾਲੁ ਤੇਜੋ ਤਨਾ ਨ੍ਰਿਪਤਿ ਨਾਥੁ ਨਾਨਕ ਬਰਿ ॥**

ਚੰਗੇ ਰਾਜੇ ਤਜੇ ਦੇ ਪੁਤਰ ਰਾਜਿਆਂਦੇ ਮਾਲਕ,ਗੁਰੂਨਾਨਕਜੀਦੇ ਵਰਨਾਲਹੋਏਹੋ।

**ਗੁਰ ਅਮਰਦਾਸ ਸਚੁ ਸਲ੍ਯ ਭਣਿ**

**ਤੈ ਦਲੁ ਜਿਤਉ ਇਵ ਜੁਧੁ ਕਰਿ ॥ ੧ ॥ ੨੧ ॥**

ਸੱਲ ਜੀ ਸਚ ਆਖਦੇ ਹਨ ਹੇ ਗੁਰੂ ਜੀ ਆਪ ਨੇ ਇਸਤਰਾਂ ਜਿਸਤਰਾਂ ਪਿਛੇ ਕਿਹਾ ਹੈ ਜੁਧ ਕਰਕੇ ਕਾਮ ਆਦਿਕ ਵੈਰੀਆਂ ਦਾ ਦਲ ਜਿਤਿਆ ਹੈ ॥ ੧ ॥

**ਘਨਹਰ ਬੂੰਦ ਬਸੁਅ ਰੋਮਾਵਲਿ ਕੁਸਮ ਬਸੰਤ ਗਨੰਤ ਨ ਆਵੈ॥**

ਘਨਹਰ = ਬਦਲ। ਬਸੁਅ = ਧਰਤੀ। ਕੁਸਮ = ਫੁਲ।

ਬਦਲਾਂ ਦੀਆਂ ਬੂੰਦਾਂ ਦੀ ਅਤੇ ਧਰਤੀ ਦੀ ਰੁਮਾਵਲੀ ਭਾਵ ਘਾਹ ਬੂਟ ਆਦਕ ਦੀ ਅਤੇ ਬਸੰਤ ਦੇ ਫੁਲਾਂ ਦੀ ਗਿਣਤੀ ਨਹੀਂ ਆਉਂਦੀ।

**ਰਵਿ ਸਸਿ ਕਿਰਣਿ ਉਦਰੁ ਸਾਗਰ ਕੋ**

**ਗੰਗ ਤਰੰਗ ਅੰਤੁ ਕੋ ਪਾਵੈ ॥**

ਸੂਰਜ ਚੰਦਰਮਾਂ ਦੀਆਂ ਕਿਰਣਾਂ ਦਾ ਸਮੁੰਦਰ ਦੇ ਪੇਟ ਦਾ ਗੰਗਾ ਆਦਿਕ ਨਦੀਆਂ ਦੇ ਤਰੰਗਾਂ ਦਾ ਕੌਣ ਅੰਤ ਪਾ ਸਕਦਾ ਹੈ ॥

**ਰੁਦ੍ਰ ਧਿਆਨ ਗਿਆਨ ਸਤਿਗੁਰ ਕੇ**

**ਕਬਿਜਨ ਭਲ੍ਯ ਉਨਹ ਜੁੋ ਗਾਵੈ ॥**

ਸ਼ਿਵਜੀ ਜੀ ਦੇ ਧਿਆਨ ਦਾ ਸਤਿਗੁਰਾਂ ਦੇ ਗਿਆਨ ਦਾ ਜਿਸਤਰਾਂ ਕੋਈ ਏਨਾਂ ਚੀਜ਼ਾਂ ਦਾ ਅੰਤ ਨਹੀਂ ਪਾ ਸਕਦਾ ਅਥਵਾ ਭਲ ਕਵੀ ਜਨ ਜੀ ਆਖਦੇ ਹਨ ਜੇ ਕੋਈ ਉਪ੍ਰੋਕਤ *ਚੀਜ਼ਾਂ ਦੀ ਗਿਣਤੀ ਕਰ ਲਵੇ ਤਾਂ ਕਰ ਲਵੇ ॥

**ਭਲੇ ਅਮਰਦਾਸ ਗੁਣ ਤੇਰੇ**

**ਤੇਰੀ ਉਪਮਾ ਤੋਹਿ ਬਨਿ ਆਵੈ ॥ ੧ ॥ ੨੨ ॥ ੯॥੧੯॥੬੦॥**

ਭਲਿਆਂ ਦੀ ਕੁਲ ਵਿਚ ਅਵਤਾਰ ਧਾਰਨ ਵਾਲੇ ਸਤਿਗੁਰੂ ਜੀ ਪਰ ਤੇਰੀ †ਉਪਮਾਂ ਆਪਨੂੰ ਹੀ ਬਣ ਆਉਂਦੀ ਹੈ ॥ ੧ ॥ ੨੨ ॥ ੯ ॥ ੧੯ ॥ ੬੦ ॥

---

*ਭਲ ਉਨਹ = ਕਵੀ ਜੀ ਕਹਿੰਦੇ ਹਨ ਓਨਾਂ ਨੂੰ ਗਾ ਲਵੇ ਤਾਂ ਗਾ ਲਵੇ ਪਰ ਗੁਰਾਂ ਦਾ ਅੰਤ ਕੋਈ ਨਹੀਂ ਪਾ ਸਕਦਾ ॥

†ਉਪਮਾਨ ਲੁਪਤਾਲੰਕਾਰ ਹੈ ॥

## ਸਵਈਏ ਮਹਲੇ ਚਉਥੇਕੇ ੪

ੴ ਸਤਿਗੁਰਪ੍ਰਸਾਦਿ ॥

ਇਕ ਮਨਿ ਪੁਰਖੁ ਨਿਰੰਜਨੁ ਧਿਆਵਉ ॥
ਗੁਰ ਪ੍ਰਸਾਦਿ ਹਰਿ ਗੁਣ ਸਦ ਗਾਵਉ ॥

ਪਹਿਲੇ ਇਕ ਮਨ ਹੋਕੇ ਵਾਹਿਗੁਰੂ ਨੂੰ ਧਿਆਉਂਦਾ ਹਾਂ ਜਿਸ ਵਾਹਿਗੁਰੂ ਦੀ ਕਿਰਪਾ ਨਾਲ ਹਮੇਸ਼ਾਂ ਹੀ ਗੁਰਾਂ ਦੇ ਗੁਣ ਗਾਉਂਦਾਂ ਰਹਾਂ ॥

ਗੁਨ ਗਾਵਤ ਮਨਿ ਹੋਇ ਬਿਗਾਸਾ ॥
ਸਤਿਗੁਰ ਪੂਰਿ ਜਨਹ ਕੀ ਆਸਾ ॥

ਗੁਰਾਂ ਦੇ ਗੁਣ ਗਾਉਂਦਿਆਂ ਹੋਇਆਂ ਮਨ ਵਿਚ ਅਨੰਦ ਹੁੰਦਾ ਹੈ ਗੁਰੂ ਜੀ ਦਾਸਾਂ ਦੀਆਂ ਆਸਾਂ ਪੂਰਨ ਕਰਦੇ ਹਨ ਵਾ ਮੈਂ ਦਾਸ ਦੀ ਆਸਾ ਪੂਰਨ ਕਰੋ।

ਸਤਿਗੁਰੁ ਸੇਵਿ ਪਰਮ ਪਦੁ ਪਾਯਉ ॥
ਅਬਿਨਾਸੀ ਅਬਿਗਤੁ ਧਿਆਯਉ ॥

ਗੁਰੂ ਰਾਮਦਾਸ ਜੀ ਨੇ ਗੁਰੂ ਅਮਰਦਾਸ ਜੀ ਨੂੰ ਸੇਵ ਕੇ ਪਰਮ ਪਦ ਪਾਯਾ ਹੈ ਅਤੇ ਅਬਿਨਾਸੀ ਅਬਿਗਤ ਵਾਹਿਗੁਰੂ ਨੂੰ ਯਾਦ ਕੀਤਾ ਹੈ।

ਤਿਸੁ ਭੇਟੇ ਦਾਰਿਦ੍ਰੁ ਨ ਚੰਪੈ ॥
ਕਲ੍ਯ ਸਹਾਰੁ ਤਾਸੁ ਗੁਣ ਜੰਪੈ ॥

ਤਿਸ ਗੁਰੂ ਜੀ ਦੇ ਮਿਲਾਪ ਕਰਕੇ ਦਲਿੱਦ੍ਰ ਨਹੀਂ ਦਬਾ ਸਕਦਾ ਕਲ ਸਹਾਰ ਕਵੀ ਜੀ ਗੁਰੂ ਦੇ ਗੁਣਾਂ ਨੂੰ ਉਚਾਰਨ ਕਰਦੇ ਹਨ ॥

ਜੰਪਉ ਗੁਣ ਬਿਮਲ ਸੁਜਨ ਜਨ ਕੇਰੇ
ਅਮਿਅ ਨਾਮੁ ਜਾਕਉ ਫੁਰਿਆ ॥

ਹੇ ਮੇਰੇ ਪਿਆਰਿਓ ਜੇਹੜੇ ਗੁਰੂ ਦਾਸਾਂ ਦੇ ਸਜਨ ਹਨ ਓਨਾਂ ਦੇ ਨਿਰਮਲ ਗੁਣ ਉਚਾਰਨ ਕਰੋ ਜਿਨਾਂ ਨੂੰ ਅਮ੍ਰਿਤ ਰੂਪ ਨਾਮ ਫਲਿਆ ਭਾਵ ਵਰ ਦੇਣ ਵਾਲਾ ਹੋਯਾ ਹੈ ॥

ਇਨਿ ਸਤਿਗੁਰੁ ਸੇਵਿ ਸਬਦ ਰਸੁ ਪਾਯਾ
ਨਾਮੁ ਨਿਰੰਜਨ ਉਰਿ ਧਰਿਆ ॥

ਹੇ ਭਾਈ ਇਸ ਰਾਮਦਾਸ ਗੁਰੂ ਜੀ ਨੇ ਗੁਰੂ ਅਮਰਦਾਸ ਜੀ ਨੂੰ ਸੇਵਕੇ ਵਾਹਿਗੁਰੂ ਦਾ ਨਾਮ ਰਿਦੇ ਵਿਚ ਧਰਿਆ ਹੈ ਅਤੇ ਗੁਰ ਉਪਦੇਸ਼ ਦਾ ਅਨੰਦ ਪਾਯਾ ਹੈ ॥

**ਹਰਿਨਾਮ ਰਸਿਕੁ ਗੋਬਿੰਦ ਗੁਣ ਗਾਹਕੁ**
**ਚਾਹਕੁ ਤਤ ਸਮਤ ਸਰੇ ॥**

ਵਾਹਿਗੁਰੂ ਦੇ ਨਾਮ ਦੇ ਰਸੀਏ ਅਤੇ ਵਾਹਿਗੁਰੂ ਦੇ ਨਾਮ ਨੂੰ ਗ੍ਰਹਿਣ ਕਰਨ ਵਾਲੇ ਅਤੇ ਤਤ ਸਰੂਪ ਵਾਹਿਗੁਰੂ ਨੂੰ ਇਕ ਦ੍ਰਿਸ਼ਟੀ ਨਾਲ (ਸਰੇ) ਸਾਰੇ ਵੇਖਨ ਵਾਲੇ ਹਨ ॥

**ਕਵਿ ਕਲ੍ਯ ਠਕੁਰ ਹਰਦਾਸੁ ਤਨੇ**
**ਗੁਰ ਰਾਮਦਾਸ ਸਰ ਅਭਰ ਭਰੇ ॥ ੧ ॥**

ਕਵੀ ਕਲ ਜੀ ਆਖਦੇ ਹਨ ਸੁਆਮੀ ਹਰਦਾਸ ਜੀ ਦੇ ਪੁਤ੍ਰ ਹੇ ਗੁਰੂ ਰਾਮ ਦਾਸ ਜੀ ਜਿਨ੍ਹਾ ਆਦਮੀਆਂ ਦੇ ਰਿਦੇ ਰੂਪ ਤਲਾਉ ਪ੍ਰੇਮ ਰੂਪ ਪਾਣੀ ਤੋਂ ਖਾਲੀ ਸਨ ਆਪਨੇ ਗੁਣਾਂ ਨਾਲ ਭਰ ਦਿੱਤੇ ਹਨ ॥ ੧ ॥

**ਛੁਟਤ ਪਰਵਾਹ ਅਮਿਅ ਅਮਰਾਪਦ**
**ਅੰਮ੍ਰਿਤ ਸਰੋਵਰ ਸਦ ਭਰਿਆ ॥**

ਆਪਦੇ ਸ੍ਰੀ ਅੰਮ੍ਰਿਤਸਰ ਦਰਬਾਰ ਵਿਚ ਅੰਮ੍ਰਿਤ ਦੇ ਪਰਵਾਹ ਅਮਰਾ ਪਦ ਦੇਣ ਵਾਲੇ ਚਲਦੇ ਹਨ ਅਤੇ ਸਰੋਵਰ ਹਮੇਸ਼ਾਂ ਹੀ ਅੰਮ੍ਰਿਤ ਨਾਲ ਭਰਿਆ ਰਹਿੰਦਾ ਹੈ ਵਾ ਅੰਮ੍ਰਿਤਸਰ ਕਥਾ ਕੀਰਤਨ ਦੇ ਪ੍ਰਵਾਹ ਚਲਦੇ ਹਨ ਵਾ ਆਪਦਾ ਦਿਲ ਨਾਮ ਅੰਮ੍ਰਿਤ ਨਾਲ ਭਰਿਆ ਰਹਿੰਦਾ ਹੈ ਅਤੇ ਉਪਦੇਸ਼ ਦੇ ਪ੍ਰਵਾਹ ਚਲਦੇ ਰਹਨ।

**ਤੇ ਪੀਵਹਿ ਸੰਤ ਕਰਹਿ ਮਨਿ ਮਜਨੁ ਪੁਬ ਜਿਨਹੁ ਸੇਵਾ ਕਰੀਆ ॥**

ਜਿਨਾਂ ਨੇ ਪਹਿਲੇ ਜਨਮ ਵਿਚ ਸਤਿਗੁਰੂ ਸੰਤਾਂ ਦੀ ਸੇਵਾ ਕੀਤੀ ਹੈ ਓਹ ਗੁਰ ਸਿਖ ਅੰਮ੍ਰਿਤਸਰ ਵਿਚ ਇਸ਼ਨਾਨ ਕਰਕੇ ਮਨ ਲਾਕੇ ਅੰਮ੍ਰਿਤ ਨੂੰ ਪੀਂਦੇ ਹਨ।

**ਤਿਨ ਭਉ ਨਿਵਾਰਿ ਅਨਭੈ ਪਦੁ ਦੀਨਾ**
**ਸਬਦ ਮਾਤ੍ਰ ਤੇ ਉਧਰ ਧਰੇ ॥**

ਤਿਨਾਂ ਗੁਰ ਸਿੱਖਾਂ ਦਾ ਆਪ ਨੇ ਡਰ ਦੂਰ ਕਰਕੇ ਅਨਭੈ ਪਦ ਬਖਸ਼ ਦਿਤਾ ਹੈ ਆਪ ਨੇ ਆਪਣੇ ਸਿਖ ਉਪਦੇਸ਼ ਨਾਲ ਉਧਾਰ ਦਿਤੇ ਹਨ ॥

**ਕਵਿ ਕਲ੍ਯ ਠਕੁਰ ਹਰਦਾਸ ਤਨੇ**
**ਗੁਰ ਰਾਮਦਾਸ ਸਰ ਅਭਰ ਭਰੇ ॥ ੨ ॥**

ਇਸਦਾ ਅਰਥ ਪਿਛੇ ਦੇਖੋ ॥ ੨ ॥

ਸਤਿਗੁਰ ਮਤਿ ਗੂੜ੍ਹ ਬਿਮਲ ਸਤਸੰਗਤਿ
ਆਤਮੁ ਰੰਗਿ ਚਲੂਲੁ ਭਯਾ ॥

ਗੁਰੂ ਜੀ ਆਪ ਦੀ ਅਕਲ ਬੜੀ ਗੂੜ੍ਹੀ ਹੈ ਅਤੇ ਸਤਿਸੰਗਤ ਆਪਦੀ ਬੜੀ ਨਿਰਮਲ ਹੈ ਕਿਉਂਕਿ ਆਪਨੂੰ ਆਤਮ ਅਨੰਦ ਬੜਾ ਗਾੜ੍ਹਾ ਪ੍ਰਾਪਤਿਹੋਯਾ ਹੈ।

ਜਾਗ੍ਯਾ ਮਨੁ ਕਵਲੁ ਸਹਿਜ ਪਰਕਾਸ੍ਯਾ
ਅਭੈ ਨਿਰੰਜਨੁ ਘਰਹਿ ਲਹਾ ॥

ਜਦੋਂ ਆਪਦੇ ਚਿਤ ਵਿਚ ਗਿਆਨ ਰੂਪ ਸੂਰਜ ਪਰਕਾਸਿਆ ਤਦੋਂ ਆਪ ਦਾ ਮਨ ਕਮਲ ਖਿੜਿਆ ਏਸੇ ਵਾਸਤੇ ਅਭੈ ਨਿਰੰਜਨ ਵਾਹਿਗੁਰੂ ਆਪ ਨੇ ਰਿਦੇ ਰੂਪ ਘਰ ਵਿਚ ਹੀ ਪਾ ਲਿਆ ਹੈ ॥

ਸਤਿਗੁਰਿ ਦਯਾਲਿ ਹਰਿ ਨਾਮੁ ਦ੍ਰਿੜਾਯਾ
ਤਿਸੁ ਪ੍ਰਸਾਦਿ ਵਸਿ ਪੰਚ ਕਰੇ॥

ਗੁਰੂ ਅਮਰਦਾਸ ਜੀ ਨੇ ਦਿਆਲੂ ਹੋਕੇ ਜੋ ਆਪਨੂੰ ਵਾਹਿਗੁਰੂ ਦਾ ਨਾਮ ਪੱਕਾ ਕਰਾਯਾ ਹੈ ਏਸੇ ਵਾਸਤੇ ਆਪ ਨੇ ਗੁਰਾਂ ਦੀ ਕਿਰਪਾ ਨਾਲ ਕਾਮ ਕ੍ਰੋਧ ਆਦਿਕ ਪੰਜਾਂ ਦੂਤਾਂ ਨੂੰ ਵਸ ਕਰ ਲਿਆ ਹੈ ॥

ਕਵਿ ਕਲ੍ਯ ਠਕੁਰ ਹਰਦਾਸ ਤਨੇ
ਗੁਰ ਰਾਮਦਾਸ ਸਰ ਅਭਰ ਭਰੇ ॥ ੩ ॥

(ਇਸਦਾ ਅਰਥ ਪਿਛੇ ਦੇਖੋ) ॥ ੩ ॥

ਅਨ ਭਉ ਉਨਮਾਨਿ ਅਕਲ ਲਿਵ ਲਾਗੀ
ਪਾਰਸੁ ਭੇਟਿਆ ਸਹਜ ਘਰੇ ॥

ਆਪ ਨੇ ਅਨ ਭੌ ਦਾ ਵਿਚਾਰ ਕੀਤਾ ਹੈ ਏਸੇ ਵਾਸਤੇ ਆਪ ਦੀ ਪ੍ਰੀਤੀ ਅਕਾਲ ਪੁਰਖ ਵਿਚ ਲਗ ਗਈ ਹੈ ਅਤੇ ਪਾਰਸ ਰੂਪ ਗੁਰੂ ਆਪਨੂੰ ਸੁਭਾਵਕ ਹੀ ਘਰ ਵਿਚ ਮਿਲ ਪਿਆ ਹੈ ॥

ਸਤਗੁਰ ਪਰਸਾਦਿ ਪਰਮਪਦੁ ਪਾਯਾ
ਭਗਤਿ ਭਾਇ ਭੰਡਾਰ ਭਰੇ ॥

ਗੁਰੂ ਜੀ ਦੀ ਕਿਰਪਾ ਨਾਲ ਆਪ ਨੇ ਪਰਮਪਦ ਪਾਯਾ ਹੈ ਏਸੇ ਵਾਸਤੇ ਆਪਦੇ ਭੰਡਾਰ ਭਗਤੀ ਅਤੇ ਪ੍ਰੇਮ ਨਾਲ ਭਰੇ ਹੋਏ ਹਨ ॥

ਮੇਟਿਆ ਜਨਮਾਂਤੁ ਮਰਣ ਭਉ ਭਾਗਾ

## ਚਿਤੁ ਲਾਗਾ ਸੰਤੋਖ ਸਰੇ ॥

ਆਪ ਨੇ ਜਨਮ ਦਾ ਦੁੱਖ ਦੂਰ ਕੀਤਾ ਹੈ ਅੰਤ ਨੂੰ ਮਰਨ ਦਾ ਡਰ ਵੀ ਦੂਰ ਹੋਇਆ ਹੈ ਅਤੇ ਸੰਤੋਖ ਆਦਿਕ ਗੁਣਾਂ ਦੇ ਸਮੁੰਦ੍ਰ ਵਾਹਿਗੁਰੂ ਵਿਚ ਚਿਤ ਲਗਾ ਹੋਯਾ ਹੈ ॥

## ਕਵਿ ਕਲੵ ਠਕੁਰ ਹਰਦਾਸ ਤਨੇ
## ਗੁਰ ਰਾਮਦਾਸ ਸਰ ਅਭਰ ਭਰੇ ॥ ੪ ॥

(ਇਸਦਾ ਅਰਥ ਪਿਛੇ ਦੇਖੋ) ॥ ੪ ॥

## ਅਭਰ ਭਰੇ ਪਾਯਉ ਅਪਾਰੁ ਰਿਦ ਅੰਤਰਿ ਧਾਰਿਓ ॥

ਖਾਲੀ ਭਰ ਦਿਤੇ, ਵਾਹਿਗੁਰੂ ਨੂੰ ਯਾਦ ਕੀਤਾ ਰਿਦੇ ਵਿਚ ਵੀ ਵਾਹਿਗੁਰੂ ਦਾ ਧਿਆਨ ਧਾਰਿਆ ਹੈ ॥

## ਦੁਖ ਭੰਜਨੁ ਆਤਮ ਪ੍ਰਬੋਧੁ ਮਨਿ ਤਤੁ ਬੀਚਾਰਿਓ ॥

ਦੁਖਾਂ ਦੇ ਨਾਸ ਕਰਨ ਵਾਲਾ ਆਤਮਗਿਆਨ ਹੋਯਾ ਹੈ ਅਤੇ ਮਨ ਵਿਚ ਸਚ, ਝੂਠ ਨੂੰ ਵਾ ਵਾਹਿਗੁਰੂ ਨੂੰ ਵਿਚਾਰਿਆ ਹੈ ॥

## ਸਦਾ ਚਾਇ ਹਰਿ ਭਾਇ ਪ੍ਰੇਮ ਰਸੁ ਆਪੇ ਜਾਣਇ ॥

ਵਾਹਿਗੁਰੂ ਦੇ ਪ੍ਰੇਮ ਦਾ ਹਮੇਸ਼ਾਂ ਹੀ ਉਤਸ਼ਾਹ ਹੈ, ਪ੍ਰੇਮ ਅਨੰਦ ਨੂੰ ਵੀ ਆਪੇ ਹੀ ਜਾਣਦੇ ਹੋ ॥

## ਸਤਗੁਰ ਕੈ ਪਰਸਾਦਿ ਸਹਜ ਸੇਤੀ ਰੰਗੁ ਮਾਣਇ ॥

ਗੁਰੂ ਅਮਰਦਾਸ ਜੀ ਦੀ ਕਿਰਪਾ ਨਾਲ ਆਪ ਸਹਿਜੇ ਨਾਲ ਹੀ ਅਨੰਦ ਮਾਣਦੇ ਹੋ ॥

## ਨਾਨਕ ਪ੍ਰਸਾਦਿ ਅੰਗਦ ਸੁ ਮਤਿ
## ਗੁਰਿ ਅਮਰਿ ਅਮਰੁ ਵਰਤਾਇਓ ॥

ਗੁਰੂ ਨਾਨਕ ਜੀ ਦੀ ਕਿਰਪਾ ਨਾਲ ਗੁਰੂ ਅੰਗਦ ਜੀ ਦੀ ਚੰਗੀ ਅਕਲ ਹੋਈ ਅਤੇ ਗੁਰੂ ਅੰਗਦ ਜੀ ਨੇ ਗੁਰੂ ਅਮਰ ਦਾਸ ਜੀ ਦਾ ਹੁਕਮ ਵਰਤਾਯਾ ॥

## ਗੁਰ ਰਾਮਦਾਸ ਕਲੵੁਚਰੈ ਤੈਂ ਅਟਲ ਅਮਰ ਪਦੁ ਪਾਇਓ॥੫॥

ਕਲ ਜੀ ਆਖਦੇ ਹਨ ਹੇ ਗੁਰੂ ਜੀ ਆਪ ਨੇ ਗੁਰੂ ਅਮਰਦਾਸ ਜੀਦੀ ਕਿਰਪਾ ਨਾਲ ਅਟੱਲ ਅਮਰ ਪਦ ਪਾਯਾ ਹੈ ॥ ੫ ॥

## ਸੰਤੋਖ ਸਰੋਵਰਿ ਬਸੈ ਅਮਿਅ ਰਸੁ ਰਸਨ ਪ੍ਰਕਾਸੈ ॥

ਹੇ ਗੁਰੂ ਜੀ ਆਪ ਸੰਤੋਖ ਆਦਿਕ ਗੁਣਾਂ ਦੇ ਸਰੋਵਰ ਵਿਚ ਵੱਸਦੇ ਹੋ

ਅਤੇ ਆਪ ਦੀ ਰਸਨਾਂ ਉਤੇ ਅੰਮ੍ਰਿਤ ਰਸ ਦਾ ਹੀ ਪ੍ਰਕਾਸ਼ ਦਾ ਹੈ ਭਾਵ ਉਪਦੇਸ਼।

**ਮਿਲਤ ਸਾਂਤਿ ਉਪਜੈ ਦੁਰਤੁ ਦੂਰੰਤਰਿ ਨਾਸੈ ॥**

ਆਪਦੇ ਮਿਲਨ ਨਾਲ ਸ਼ਾਂਤੀ ਪੈਦਾ ਹੁੰਦੀ ਹੈ ਅਤੇ ਪਾਪ ਦੂਰ ਹੋ ਜਾਂਦੇ ਹਨ।

**ਸੁਖ ਸਾਗਰੁ ਪਾਇਅਉ ਦਿੰਤੁ ਹਰਿ ਮਗਿ ਨ ਹੁਟੈ ॥**

ਆਪ ਨੇ ਸੁਖਾਂ ਦਾ ਸਮੁੰਦਰ ਵਾਹਿਗੁਰੂ ਪਾਯਾ ਹੈ ਅਤੇ ਗੁਰੂ ਅਮਰ ਦਾਸ ਜੀ ਦਾ ਜੋ ਉਪਦੇਸ਼ ਰਸਤਾ ਦਿਤਾ ਹੋਯਾ ਹੈ ਉਸਤੋਂ ਆਪ ਹਟਦੇ ਨਹੀਂ ਹੋ।

**ਸੰਜਮੁ ਸਤੁ ਸੰਤੋਖੁ ਸੀਲ ਸੰਨਾਹੁ ਮਫੁਟੈ ॥**

ਇੰਦ੍ਰੀਆਂ ਨੂੰ ਰੋਕਣਾ, ਸਚ ਬੋਲਣਾ, ਸੰਤੋਖ ਰਖਨਾ, ਸੀਤਲ ਸੁਭਾ ਇਹ ਜੋ ਆਪਨੇ ਸੰਜੋਅ ਪਾਈ ਹੋਈ ਹੈ ਸੋ ਟੁਟਦੀ ਨਹੀਂ ਹੈ।

**ਸਤਿਗੁਰਪ੍ਰਮਾਣੁ ਬਿਧਨੈ ਸਿਰਿਓ ਜਗਿ ਜਸ ਤੂਰੁਬਜਾਇਅਉ॥**

ਹੇ ਗੁਰੂ ਜੀ ਗੁਰੂ ਅਮਰਦਾਸ ਜੀ ਦੇ ਬਰਾਬਰ ਹੀ ਵਾਹਿਗੁਰੂ ਨੇ ਆਪਨੂੰ ਪੈਦਾ ਕੀਤਾ ਹੈ ਅਤੇ ਆਪਦੇ ਜਸ ਦਾ ਜਗਤ ਵਿਚ ਵਾਜਾ ਵਜਾਇਆ ਹੈ।

**ਗੁਰ ਰਾਮਦਾਸ ਕਲ੍ਯਚਰੈ ਤੈ ਅਭੈ ਅਮਰਪਦੁ ਪਾਇਅਉ ॥ ੬॥**

ਕਲ ਜੀ ਆਖਦੇ ਹਨ ਹੇ ਗੁਰੂ ਜੀ ਆਪ ਨੇ ਅਭੈ ਅਮਰਪਦ ਪਾਯਾ ਹੈ ॥ ੬ ॥

**ਜਗੁ ਜਿਤਉ ਸਤਿਗੁਰ ਪ੍ਰਮਾਣਿ ਮਨਿ ਏਕੁ ਧਿਆਯਉ ॥**

ਗੁਰੂ ਅਮਰਦਾਸ ਜੀ ਦੇ ਬਰਾਬਰ ਹੀ ਆਪਨੇ ਜਗਤ ਨੂੰ ਜਿਤਿਆ ਹੈ ਤੇ ਮਨ ਵਿਚ ਇਕ ਵਾਹਿਗੁਰੂ ਨੂੰ ਯਾਦ ਕੀਤਾ ਹੈ ॥

**ਧਨਿ ਧਨਿ ਸਤਿਗੁਰ ਅਮਰਦਾਸੁ ਜਿਨਿ ਨਾਮੁ ਦ੍ਰਿੜਾਯਉ ॥**

ਗੁਰੂ ਅਮਰਦਾਸ ਜੀ ਧੰਨ ਹਨ ਜਿਨਾਂ ਨੇ ਆਪਨੂੰ ਨਾਮ ਪੱਕਾ ਕਰਾਯਾ ਹੈ।

**ਨਵਨਿਧਿ ਨਾਮੁ ਨਿਧਾਨੁ ਰਿਧਿ ਸਿਧਿ ਤਾਕੀ ਦਾਸੀ ॥**

ਜੇਹੜਾ ਨਾਮ ਨੌ ਨਿਧੀਆਂ ਦਾ ਭੰਡਾਰ ਹੈ ਰਿੱਧੀਆਂ ਸਿੱਧੀਆਂ ਵੀ ਸਾਰੀਆਂ ਉਸਦੀਆਂ ਦਾਸੀਆਂ ਹਨ ਭਾਵ ਆਪ ਪਾਸ ਨਾਮ ਹੈ ॥

**ਸਹਜ ਸਰੋਵਰੁ ਮਿਲਿਓ ਪੁਰਖੁ ਭੇਟਿਓ ਅਬਿਨਾਸੀ ॥**

ਗਿਆਨ ਰੂਪ ਪਾਣੀ ਨਾਲ ਭਰਿਆ ਹੋਯਾ ਸਰੋਵਰ ਵਾਹਿਗੁਰੂ ਆਪਨੂੰ ਮਿਲਿਆ ਹੈ ਏਸੇ ਵਾਸਤੇ ਅਬਿਨਾਸ਼ੀ ਪੁਰਖ ਆਪਨੂੰ ਮਿਲ ਪਿਆ ਹੈ ॥

**ਆਦਿ ਲੇ ਭਗਤ ਜਿਤੁ ਲਗਿ ਤਰੇ**

**ਸੋ ਗੁਰਿ ਨਾਮੁ ਦ੍ਰਿੜਾਇਅਉ ॥**

ਜਿਸ ਨਾਮ ਦੇ ਆਸਰੇ ਆਦਿਲੇ ਭਗਤ ਤਰੇ ਹਨ, ਸੋ ਨਾਮ ਗੁਰੂ ਜੀ ਨੇ ਆਪਨੂੰ ਪੱਕਾ ਕਰਾਯਾ ਹੈ ॥

**ਗੁਰ ਰਾਮਦਾਸ ਕਲੁਚਰੈ**
**ਤੈ ਹਰਿ ਪ੍ਰੇਮ ਪਦਾਰਥੁ ਪਾਇਅਉ ॥੭॥**

ਕਲ ਜੀ ਆਖਦੇ ਹਨ ਹੇ ਗੁਰੂ ਜੀ ਆਪਨੇ ਵਾਹਿਗੁਰੂ ਦਾ ਪ੍ਰੇਮ ਪਦਾਰਥ ਪਾਯਾ ਹੈ ॥ ੭ ॥

**ਪ੍ਰੇਮ ਭਗਤਿ ਪਰਵਾਹ ਪ੍ਰੀਤਿ ਪੁਬਲੀ ਨ ਹੁਟਇ ॥**

ਪੁਬਲੀ = ਪਹਿਲੀ । ਹੁਟਇ = ਹਟਦੀ, ਥਕਦੀ ॥

ਆਪ ਦੇ ਦਰਬਾਰ ਪ੍ਰੇਮਾਂ ਭਗਤੀ ਦੇ ਪਰਵਾਹ ਚਲਦੇ ਹਨ ਆਪ ਨੇ ਜੋ ਵਾਹਿਗੁਰੂ ਵਿਚ ਪਹਿਲੋਂ ਦੀ ਹੀ ਪ੍ਰੀਤੀ ਕੀਤੀ ਹੋਈ ਹੈ ਓਹ ਘਟਦੀ ਨਹੀਂ ॥

**ਸਤਿਗੁਰ ਸਬਦੁ ਅਥਾਹੁ ਅਮਿਅ ਧਾਰਾ ਰਸੁ ਗੁਟਇ ॥**

ਸ਼ਬਦ = ਵਾਹਿਗੁਰੂ ॥

ਹੇ ਗੁਰੂ ਜੀ ਅਗਾਧ ਵਾਹਿਗੁਰੂ ਰੂਪ ਅੰਮ੍ਰਿਤ ਧਾਰਾ ਦੇ ਸੁਆਦ ਨੂੰ ਆਪ ਪੀ ਰਹੇ ਹੋ ।

**ਮਤਿ ਮਾਤਾ ਸੰਤੋਖੁ ਪਿਤਾ ਸਰਿ ਸਹਜ ਸਮਾਯਉ ॥**

ਚੰਗੀ ਅਕਲ ਆਪਦੀ ਮਾਤਾ ਹੈ ਅਤੇ ਸੰਤੋਖ ਆਪਦਾ ਪਿਤਾ ਹੈ ਭਾਵ ਏਨਾਂ ਗੁਣਾਂਨੂੰ ਧਾਰਦੇਹੋ ਅਤੇ ਸ਼ਾਂਤੀ ਰੂਪ ਤਾਲਵਿਚ ਆਪਦਾ ਮਨ ਸਮਾਇਆ ਰਹਿੰਦਾਹੈ।

**ਆਜੋਨੀ ਸੰਭਵਿਅਉ ਜਗਤੁ ਗੁਰ ਬਚਨਿ ਤਰਾਯਉ ॥**

ਸੰਭਵਿਅਉ = ਪ੍ਰਗਟ ਹੋਏ ਹੋ ॥

ਜੇਹੜਾ ਵਾਹਿਗੁਰੂ ਜੂਨੀਆਂ ਤੋਂ ਰਹਿਤ ਹੈ ਆਪ ਓਸਦਾ ਰੂਪ ਪ੍ਰਗਟ ਹੋਏ ਹੋ ਸਾਰੇ ਜਗਤ ਨੂੰ ਆਪ ਨੇ ਆਪਣੇ ਬਚਨ ਨਾਲ ਹੀ ਤਾਰ ਦਿਤਾ ਹੈ।

**ਅਬਿਗਤ ਅਗੋਚਰੁ ਅਪਰਪਰੁ ਮਨਿ ਗੁਰਸਬਦੁ ਵਸਾਇਅਉ॥**

ਜਿਸਦੇ ਪਾਸ ਪਹੁੰਚਿਆ ਨਾਂ ਜਾਵੇ ਜੇਹੜਾ ਨਜ਼ਰ ਨਾਂ ਆਵੇ ਜੇਹੜਾ ਸੰਸਾਰ ਤੋਂ ਪਰੇ ਹੋਵੇ ਸੋ ਵਾਹਿਗੁਰੂ ਆਪ ਨੇ ਗੁਰਾਂ ਦੇ ਉਪਦੇਸ਼ ਕਰਕੇ ਮਨ ਵਿਚ ਵਸਾਇਆ ਹੈ ॥

**ਗੁਰ ਰਾਮਦਾਸ ਕਲੁਚਰੈ ਤੈ ਜਗਤੁ ਉਧਾਰਣੁ ਪਾਇਅਉ॥੮॥**

ਕਲ ਜੀ ਆਖਦੇ ਹਨ ਹੇ ਗੁਰੂ ਜੀ ਆਪ ਨੇ ਜਗਤ ਦੇ ਉਧਾਰਨ ਵਾਲੇ ਵਾਹਿਗੁਰੂ ਨੂੰ ਪਾਇਆ ਹੈ ॥ ੮ ॥

**ਜਗਤ ਉਧਾਰਣ ਨਵ ਨਿਧਾਨ ਭਗਤਹ ਭਵ ਤਾਰਣ ॥**

ਜੇਹੜਾ ਵਾਹਿਗੁਰੂ ਦਾ ਨਾਮ ਜਗਤ ਨੂੰ ਉਧਾਰਨ ਵਾਲਾ ਨੌ ਨਿਧੀਆਂ ਦਾ ਖਜ਼ਾਨਾ ਹੈ ਅਤੇ ਭਗਤਾਂ ਨੂੰ ਸੰਸਾਰ ਸਮੁੰਦਰ ਤੋਂ ਤਾਰਨ ਵਾਲਾ ਹੈ।

## ਅਮ੍ਰਿਤ ਬੂੰਦ ਹਰਿ ਨਾਮੁ ਬਿਸੁ ਕੀ ਬਿਖੈ ਨਿਵਾਰਣੁ ॥

ਸੰਸਾਰ ਦੇ ਵਿਸ਼ਿਆਂ ਦੀ ਵਾਸ਼ਨਾਂ ਵਿਹੁ ਉਤਾਰਨ ਵਾਲਾ ਅੰਮ੍ਰਿਤ ਦੀ ਬੂੰਦ ਵਾਂਗੂੰ ਜੇਹੜਾ ਵਾਹਿਗੁਰੂ ਦਾ ਨਾਮ ਹੈ।

## ਸਹਜ ਤਰੋਵਰ ਫਲਿਓ ਗਿਆਨ ਅੰਮ੍ਰਿਤ ਫਲ ਲਾਗੇ ॥

ਜਿਸ ਨਾਮ ਕਰਕੇ ਸ਼ਾਂਤੀ ਰੂਪ ਬਿਰਛ ਫਲਿਆ ਹੈ ਅਤੇ ਗਿਆਨ ਆਦਿਕ ਗੁਣਾਂ ਰੂਪ ਅੰਮ੍ਰਿਤ ਫਲ ਲਗੇ ਹਨ ॥

## ਗੁਰ ਪ੍ਰਸਾਦਿ ਪਾਈਅਹਿ ਧੰਨਿ ਤੇ ਜਨ ਬਡਭਾਗੇ ॥

ਸੋ ਨਾਮ ਗੁਰਾਂ ਦੀ ਕਿਰਪਾ ਨਾਲ ਪਾਈਦਾ ਹੈ ਓਹ ਪਾਉਣ ਵਾਲੇ ਵਡੇ ਭਾਗਾਂ ਵਾਲੇ ਸਿਖ ਵੀ ਧੰਨ ਹਨ ॥

## ਤੇ ਮੁਕਤੇ ਭਏ ਸਤਿਗੁਰ ਸਬਦਿ ਮਨਿ ਗੁਰ ਪਰਚਾ ਪਾਇਅਉ॥

ਹੇ ਗੁਰੂ ਜੀ, ਜਿਨਾਂ ਨੇ ਆਪਦੇ ਸ਼ਬਦ ਵਿਚ ਆਪਣੇ ਮਨ ਦਾ ਪਰਚਾ ਪਾਇਆ ਹੈ ਓਹ ਸੰਸਾਰ ਤੋਂ ਮੁਕਤ ਹੋ ਗਏ ਹਨ ॥

## ਗੁਰ ਰਾਮਦਾਸ ਕਲੵਚਰੈ ਤੈ ਸਬਦ ਨੀਸਾਨੁ ਬਜਾਇਅਉ ॥੯॥

ਕਲ ਜੀ ਆਖਦੇ ਹਨ ਹੇ ਗੁਰੂ ਜੀ ਆਪ ਨੇ ਸੁਤਿਆਂ ਨੂੰ ਜਗਾਉਣ ਵਾਸਤੇ ਉਪਦੇਸ਼ ਰੂਪ ਨਗਾਰਾ ਵਜਾਇਆ ਹੈ ॥ ੯ ॥

## ਸੇਜ ਸਧਾ ਸਹਜੁ ਛਾਵਾਣੁ ਸੰਤੋਖੁ ਸਰਾਇਚਉ ਸਦਾ ਸੀਲ ਸੰਨਾਹੁ ਸੋਹੈ ॥

ਸਧਾ = ਸਰਧਾ ॥ ਸਰਾਇਚਉ = ਕਨਾਤ ॥ ਸੰਨਾਹੁ = ਸੰਜੋਅ

ਹੇ ਗੁਰੂ ਜੀ, ਸਰਧਾ ਆਪਦੀ ਸੇਜ ਵਿਛੀ ਹੋਈ ਹੈ ਅਤੇ ਗਿਆਨ ਦਾਂ ਛਾਇਵਾਨ ਆਪ ਉਤੇ ਤਣਿਆ ਹੋਯਾ ਹੈ ਸੰਤੋਖ ਦੀ ਕਨਾਤ ਲਗੀ ਹੋਈ ਹੈ ਅਤੇ ਸਦਾ ਹੀ ਸ਼ਾਂਤੀ ਸੀਤਲ ਸੁਭਾ ਦੀ ਸੰਜੋਅ ਪਾਈ ਹੋਈ ਹੈ ਇਸਤਰਾਂ ਗੁਰੂ ਜੀ ਸੋਭ ਰਹੇ ਹਨ ॥

## ਗੁਰ ਸਬਦਿ ਸਮਾਚਰਿਓ ਨਾਮੁ ਟੇਕ ਸੰਗਾਦਿ ਬੋਹੈ ॥

ਸਮਾਚਰਿਓ = ਚੰਗੀ ਤਰਾਂ ਕੱਠਾ ਕੀਤਾ ॥

ਹੇ ਗੁਰੂ ਜੀ, ਆਪ ਨੇ ਗੁਰੂ ਅਮਰਦਾਸ ਜੀ ਦੇ ਉਪਦੇਸ਼ ਨੂੰ ਚੰਗੀ ਤਰਾਂ ਰਿਦੇ ਵਿਚ ਗ੍ਰਹਣ ਕੀਤਾ ਹੈ ਅਤੇ ਆਪ ਨੇ ਆਪਣੇ ਨਾਮ ਦੇ ਆਸਰੇ ਕਰਕੇ ਆਪਣੇ ਸੰਗੀ ਸਾਥੀ ਆਦਿਕ ਭਗਤੀ ਸੁਗੰਧੀ ਵਾਲੇ ਕਰ ਲਏ ਹਨ।

ਆਜੋਨੀਉ ਭਲੵ ਅਮਲੁ ਸਤਿਗੁਰ ਸੰਗਿ ਨਿਵਾਸੁ ॥

ਹੇ ਗੁਰੂ ਜੀ, ਆਪ ਤੀਸਰੇ ਗੁਰੂ ਜੀ ਦੇ ਸੰਗ ਨਿਵਾਸ ਕਰਕੇ ਅਤੇ ਚੰਗੇ ਭਲੇ ਕਰਮਾਂ ਨੂੰ ਕਰਕੇ ਜੂਨੀਆਂ ਤੋਂ ਰਹਿਤ ਹੋਏ ਹੋ ॥

ਗੁਰ ਰਾਮਦਾਸ ਕਲੵਚਰੈ ਤੁਅ ਸਹਜ ਸਰੋਵਰਿ ਬਾਸੁ ॥ ੧੦ ॥

ਕਲ ਜੀ ਆਖਦੇ ਹਨ ਹੇ ਗੁਰੂ ਜੀ ਆਪਦਾ ਗਿਆਨ ਰੂਪ ਸਰੋਵਰ ਵਿਚ ਸਦਾ ਹੀ ਨਿਵਾਸ ਹੈ ॥ ੧੦ ॥

ਗੁਰ ਜਿਨਕਉ ਸੁ ਪ੍ਰਸੰਨੁ ਨਾਮੁ ਹਰਿ ਰਿਦੈ ਨਿਵਾਸੈ ॥

ਜਿੰਨਾਂ ਨੂੰ ਗੁਰੂ ਪਰਸੰਨ ਹੁੰਦੇ ਹਨ ਓਨਾਂ ਦੇ ਰਿਦੇ ਵਿਚ ਵਾਹਿਗੁਰੂ ਦੇ ਨਾਮ ਦਾ ਨਿਵਾਸ ਹੁੰਦਾ ਹੈ ॥

ਜਿਨ ਕਉ ਗੁਰੁ ਸੁ ਪ੍ਰਸੰਨੁ ਦੁਰਤੁ ਦੂਰੰਤਰਿ ਨਾਸੈ ॥

ਜਿਨਾਂਨੂੰ ਗੁਰੂ ਪ੍ਰਸੰਨ ਹੁੰਦੇ ਹਨ ਓਨਾਂ ਦੇ ਪਾਪ ਦੂਰ ਨਸ ਜਾਂਦੇ ਹਨ ॥

ਗੁਰੁ ਜਿਨ ਕਉ ਸੁ ਪ੍ਰਸੰਨੁ ਮਾਨੁ ਅਭਿਮਾਨੁ ਨਿਵਾਰੈ ॥

ਜਿੰਨਾਂ ਨੂੰ ਗੁਰੂ ਪਰਸੰਨ ਹੁੰਦੇ ਹਨ ਓਨਾਂ ਦੇ ਰਿਦੇ ਵਿਚੋਂ ਮਾਨ ਅਭਿਮਾਨ ਆਦਿਕ ਵਿਕਾਰ ਨਿਵਾਰ ਦੇਂਦੇ ਹਨ ॥

ਜਿਨੑ ਕਉ ਗੁਰੁ ਸੁ ਪ੍ਰਸੰਨੁ ਸਬਦਿ ਲਗਿ ਭਵਜਲੁ ਤਾਰੈ ॥

ਗੁਰੂ ਜਿੰਨਾਂ ਤੇ ਪ੍ਰਸੰਨ ਹੁੰਦੇ ਹਨ ਓਨਾਂ ਨੂੰ ਆਪਣੇ ਉਪਦੇਸ਼ ਵਿਚ ਲਾਕੇ ਸੰਸਾਰ ਸਮੁੰਦਰ ਤੋਂ ਤਾਰ ਦਿੰਦੇ ਹਨ ।

ਪਰਚਉ ਪ੍ਰਮਾਣੁ ਗੁਰ ਪਾਇਅਉ
ਤਿਨ ਸਕਯਥਉ ਜਨਮੁ ਜਗਿ ॥

ਜਿੰਨਾਂ ਨੂੰ ਆਪ ਨੇ ਨਿਸਚੇ ਕਰਕੇ ਸਚੇ ਸ਼ਬਦ ਦਾ ਪਰਚਾ ਪਾਇਆ ਹੈ ਓਨਾਂ ਦਾ ਜਨਮ ਜਗਤ ਵਿਚ ਸਫਲ ਹੋਯਾ ਹੈ ।

ਸ੍ਰੀ ਗੁਰੂ ਸਰਣਿ ਭਜੁ ਕਲੵ ਕਬਿ
ਭੁਗਤਿ ਮੁਕਤਿ ਸਭ ਗੁਰੂ ਲਗਿ ॥੧੧॥

ਕਲ ਜੀ ਆਖਦੇ ਹਨ ਇਕੁਰ ਦੇ ਗੁਰਾਂ ਦੀ ਸ਼ਰਨ ਭਜ ਕਿਉਂਕਿ ਭੋਗ ਮੋਖ ਸਾਰੇ ਪਦਾਰਥ ਗੁਰਾਂ ਨੂੰ ਮਿਲਨ ਨਾਲ ਪ੍ਰਾਪਤ ਹੁੰਦੇ ਹਨ ॥ ੧੧ ।

ਸਤਿਗੁਰਿ ਖੇਮਾ ਤਾਣਿਆ ਜੁਗ ਜੂਥ ਸਮਾਣੇ ॥

ਸਤਿਗੁਰਾਂ ਨੇ ਵਾਹਿਗੁਰੂ ਦੇ ਜਸ ਦਾ ਸਾਰੇ ਜਗਤ ਤੇ ਤੰਬੂ ਵਾ ਚੰਦੋਆ ਤਾਣਿਆ ਹੈ ਜਿਸਦੇ ਹੇਠਾਂ ਕਲਜੁਗ ਦੇ ਜੀਵਾਂ ਦੇ ਟੋਲਿਆਂ ਦੇ ਟੋਲੇ ਸਮਾ ਰਹੇ ਹਨ।

**ਅਨਭਉ ਨੇਜਾ ਨਾਮੁ ਟੇਕ ਜਿਤੁ ਭਗਤ ਅਘਾਣੇ ॥**

ਅਨਭਵ ਦਾ ਪ੍ਰਗਟ ਹੋਣਾ ਏਹੋ ਹੀ ਆਪਦੇ ਹਥ ਵਿਚ ਨੇਜਾ ਹੈ ਅਤੇ ਨਾਮ ਦਾ ਆਪਨੇ ਆਸਰਾ ਲਿਆ ਹੋਯਾ ਹੈ ਜਿਸ ਨਾਮ ਕਰਕੇ ਭਗਤ ਰਜੇ ਰਹਿੰਦੇਹਨ॥

**ਗੁਰੁ ਨਾਨਕੁ ਅੰਗਦੁ ਅਮਰੁ ਭਗਤ ਹਰਿ ਸੰਗਿ ਸਮਾਣੇ ॥**

ਗੁਰੂ ਨਾਨਕ, ਗੁਰੂ ਅੰਗਦ, ਗੁਰੂ ਅਮਰਦਾਸ ਜੀ ਭਗਤੀ ਕਰਕੇ ਵਾਹਿਗੁਰੂ ਨਾਲ ਮਿਲ ਗਏ ॥

**ਇਹੁ ਰਾਜ ਜੋਗ ਗੁਰ ਰਾਮਦਾਸ**
**ਤੁਮ ਹੂ ਰਸੁ ਜਾਣੇ ॥ ੧੨ ॥**

ਹੇ ਗੁਰੂ ਜੀ ਏਸ ਗਿਆਨ ਜੋਗਦਾ ਅਨੰਦ ਆਪਹੀ ਜਾਣਦੇ ਹੋ ॥ ੧੨ ॥

**ਜਨਕੁ ਸੋਇ ਜਿਨਿ ਜਾਣਿਆ ਉਨ ਮਨਿ ਰਥੁ ਧਰਿਆ ॥**

ਜਨਕ ਰਾਜਾ ਵਾ ਜਗਤ ਦਾ ਪਿਤਾ ਓਹੋ ਹੀ ਹੈ ਜਿਸਨੇ ਆਪ ਆਪਣੇ ਆਪਨੂੰ ਵਾ ਵਾਹਿਗੁਰੂ ਨੂੰ ਜਾਣਿਆਂ ਹੈ ਅਤੇ ਉਸਨੇ ਤੁਰੀਆ ਪਦ ਵਿਚ ਆਪਨੀ ਬ੍ਰਿਤੀ ਦੇ ਪ੍ਰਵਾਹ ਰੂਪ ਰਥ ਨੂੰ ਧਰਿਆ ਹੈ ॥

**ਸਤੁ ਸੰਤੋਖੁ ਸਮਾਚਰੇ ਅਭਰਾ ਸਰੁ ਭਰਿਆ ॥**

ਸਤ ਸੰਤੋਖ ਨੂੰ ਕੱਠਾ ਕੀਤਾ ਹੈ ਅਤੇ ਸਿੱਖਾਂ ਦੇ ਖਾਲੀ ਰਿਦਿਆਂ ਰੂਪ ਤਲਾਵਾਂ ਨੂੰ ਪ੍ਰੇਮ ਜਲ ਨਾਲ ਭਰਿਆ ਹੈ ॥

**ਅਕਥ ਕਥਾ ਅਮਰਾ ਪੁਰੀ ਜਿਸੁ ਦੇਇ ਸੁ ਪਾਵੈ ॥**

ਅਕਥ ਵਾਹਿਗੁਰੂ ਦੀ ਕਥਾ ਜੇਹੜੀ ਅਮਰਾ ਪੁਰੀ ਵਿਚ ਪਹੁੰਚਾਣ ਵਾਲੀ ਆਪਦੇ ਦਰਬਾਰ ਵਿਚ ਹੁੰਦੀ ਹੈ ਓਹਦਾ ਅਨੰਦ ਜਿਸਨੂੰ ਆਪ ਦੇਂਦੇ ਹੋ ਓਹੋ ਹੀ ਪਾਉਂਦਾ ਹੈ ॥

**ਇਹੁ ਜਨਕ ਰਾਜੁ ਗੁਰ ਰਾਮਦਾਸ**
**ਤੁਝਹੀ ਬਣਿ ਆਵੈ ॥ ੧੩ ॥**

ਹੇ ਗੁਰੂ ਰਾਮਦਾਸ ਜੀ ਇਹ ਜਨਕ ਵਰਗਾ ਰਾਜ ਭਾਵ ਗਿਆਨ ਦਾ ਪ੍ਰਕਾਸ਼ ਆਪਨੂੰ ਹੀ ਬਣ ਆਉਂਦਾ ਹੈ ॥ ੧੩ ॥

**ਸਤਿਗੁਰ ਨਾਮੁ ਏਕ ਲਿਵ ਮਨਿ ਜਪੈ ਦ੍ਰਿੜੁ**
**ਤਿਨ੍ ਜਨ ਦੁਖ ਪਾਪੁ ਕਹੁ ਕਤ ਹੋਵੈ ਜੀਉ ॥**

ਹੇ ਭਾਈ ਜੇਹੜਾ ਇਕ ਲਿਵ ਮਨ ਲਾਕੇ ਗੁਰੂ ਦੁਆਰੇ ਵਾਹਿਗੁਰੂ ਦੇ ਨਾਮ ਨੂੰ ਪੱਕੇ ਖਿਆਲ ਨਾਲ ਜਪਦਾ ਹੈ ਦਸ ਖਾਂ ਤਿਸ ਆਦਮੀ ਨੂੰ ਦੁਖ ਪਾਪ

ਕਿਸਤਰਾਂ ਹੋ ਸਕਦਾ ਹੈ ॥

**ਤਾਰਣ ਤਰਣ ਖਿਨ ਮਾਤ੍ਰ ਜਾਕਉ ਦ੍ਰਿਸਿ ਧਾਰੈ**
**ਸਬਦੁ ਰਿਦ ਬੀਚਾਰੈ ਕਾਮੁ ਕ੍ਰੋਧੁ ਖੋਵੈ ਜੀਉ ॥**

ਜਹਾਜ਼ ਵਾਂਗੂ ਸੰਸਾਰ ਤੋਂ ਤਾਰਨ ਵਾਲੇ ਸਤਿਗੁਰੂ ਜਿਸਤੇ ਇਕ ਪਲ ਕ੍ਰਿਪਾ ਦ੍ਰਿਸ਼ਟੀ ਕਰਦੇ ਹਨ ਓਹ ਆਦਮੀ ਰਿਦੇ ਵਿਚ ਸ਼ਬਦ ਨੂੰ ਵਿਚਾਰਦਾ ਹੈ ਅਤੇ ਕਾਮ ਕ੍ਰੋਧ ਆਦਿਕਾਂ ਨੂੰ ਦੂਰ ਕਰ ਦੇਂਦਾ ਹੈ ॥

**ਜੀਅਨ ਸਭਨ ਦਾਤਾ ਅਗਮ ਗ੍ਯਾਨ ਬਿਖ੍ਯਾਤਾ**
**ਅਹਿਨਿਸਿ ਧ੍ਯਾਨ ਧਾਵੈ ਪਲਕ ਨ ਸੋਵੈ ਜੀਉ ॥**

ਜੇਹੜਾ ਅਗੰਮ ਵਾਹਿਗੁਰੂ ਸਾਰਿਆਂ ਜੀਵਾਂ ਦਾ ਦਾਤਾ ਹੈ ਉਸਦਾ ਗਿਆਨ ਪ੍ਰਗਟ ਹੀ ਉਸਦੇ ਰਿਦੇ ਵਿਚ ਹੋ ਆਉਂਦਾ ਹੈ ਏਸੇ ਵਾਸਤੇ ਓਹ ਰਾਤ ਦਿਨੇ ਵਾਹਿਗੁਰੂ ਦੇ ਧਿਆਨ ਵਿਚ ਦੌੜਦਾ ਵਾ ਓਸਦੀ ਬ੍ਰਿਤੀ ਦੌੜਦੀ ਰਹਿੰਦੀ ਹੈ ਉਹ ਪਲ ਵੀ ਨਹੀਂ ਸੌਂਦਾ ਹੈ ॥

**ਜਾਕਉ ਦੇਖਤ ਦਰਿਦ੍ਰੁ ਜਾਵੈ ਨਾਮੁ ਸੋ ਨਿਧਾਨੁ ਪਾਵੈ**
**ਗੁਰਮੁਖਿ ਗ੍ਯਾਨਿ ਦੁਰਮਤਿ ਮੈਲੁ ਧੋਵੈ ਜੀਉ ॥**

ਜਿਸ ਗੁਰੂ ਜੀ ਦੇ ਦਰਸ਼ਨ ਕਰਨ ਨਾਲ ਦਲਿੱਦ੍ਰ ਚਲੇ ਜਾਂਦੇ ਹਨ ਅਤੇ ਸੋ ਆਦਮੀ ਨਿਧੀਆਂ ਦਾ ਖਜਾਨਾ ਨਾਮ ਪਾ ਲੈਂਦਾ ਹੈ ਅਤੇ ਸਿਰੋਮਣੀ ਗੁਰੂ ਦੁਆਰੇ ਗਿਆਨ ਪਾਕੇ ਖੋਟੀ ਅਕਲ ਰੂਪ ਮੈਲ ਨੂੰ ਧੋ ਦੇਂਦਾ ਹੈ ॥

**ਸਤਿਗੁਰ ਨਾਮੁ ਏਕ ਲਿਵ ਮਨਿ ਜਪੈ ਦ੍ਰਿੜ੍ਹੁ**
**ਤਿਨ ਜਨ ਦੁਖ ਪਾਪ ਕਹੁ ਕਤ ਹੋਵੈ ਜੀਉ ॥ ੧ ॥**

(ਇਸ ਦਾ ਅਰਥ ਪਿਛੇ ਹੋ ਚੁਕਾ ਹੈ) ॥ ੧ ॥

**ਧਰਮ ਕਰਮ ਪੂਰੈ ਸਤਿਗੁਰੁ ਪਾਈ ਹੈ ॥**

ਪੂਰੇ ਸਤਿਗੁਰਾਂ ਦੇ ਰਾਹੀਂ ਧਰਮ ਕਰਮ ਦੇ ਫਲ ਦੀ ਪ੍ਰਾਪਤਿ ਪਾਈਦੀਹੈ॥

**ਜਾਕੀ ਸੇਵਾ ਸਿਧ ਸਾਧ ਮੁਨਿ ਜਨ ਸੁਰਿ ਨਰ ਜਾਚਹਿ**
**ਸਬਦ ਸਾਰੁ ਏਕ ਲਿਵ ਲਾਈ ਹੈ ॥**

ਜਿਨ੍ਹਾਂ ਸਤਿਗੁਰਾਂ ਦੀ ਸੇਵਾ ਨੂੰ ਸਿੱਧ, ਸਾਧ, ਮੁਨੀ, ਜਨ, ਦੇਵਤੇ, ਆਦਮੀ ਆਦਿਕ ਸਾਰੇ ਵਾਹਿਗੁਰੂ ਤੋਂ ਮੰਗਦੇ ਹਨ ਅਤੇ ਜਿਨਾਂ ਦੇ ਚੰਗੇ ਉਪਦੇਸ਼ ਕਰਕੇ ਸਾਰਿਆਂ ਨੇ ਵਾਹਿਗੁਰੂ ਵਿਚ ਬ੍ਰਿਤੀ ਲਾਈ ਹੈ ॥

**ਫੁਨਿ ਜਾਨੈ ਕੋ ਤੇਰਾ ਅਪਾਰੁ ਨਿਰਭਉ ਨਿਰੰਕਾਰੁ**

ਅਕਥ ਕਥਨਹਾਰੁ ਤੁਝਹਿ ਬੁਝਾਈ ਹੈ ॥

ਹੇ ਅਪਾਰ ਸਤਿਗੁਰੂ ਤੇਰਾ ਅੰਤ ਕੌਣ ਜਾਣਦਾ ਹੈ ਨਿਰਭੌ ਨਿਰੰਕਾਰ ਦੇ ਕਥਨ ਵਾਲੇ ਵਾਹਿਗੁਰੂ ਦੀ ਸਮਝ ਆਪਨੂੰ ਹੀ ਆਈ ਹੈ ॥

ਭਰਮ ਭੂਲੇ ਸੰਸਾਰ ਛੁਟਹੁ ਜੂਨੀ ਸੰਘਾਰ
ਜਮ ਕੋ ਨ ਡੰਡਕਾਲ ਗੁਰਮਤਿ ਧ੍ਯਾਈ ਹੈ ॥

ਹੇ ਭਰਮ ਵਿਚ ਭੁਲਿਓ ਹੋਇਓ ਜੀਵੋ ! ਇਹ ਦਾ ਉਦਮ ਕਰੋ ਕਿ ਜੂਨੀਆਂ ਦੇ ਬਾਰ ੨ ਸੰਘਾਰ ਤੋਂ ਛੁਟ ਜਾਵੋ, ਗੁਰਾਂ ਦੀ ਸਿਖਿਆ ਲੈਕੇ ਵਾਹਿਗੁਰੂ ਨੂੰ ਧਿਆਈਏ ਫਿਰ ਤੁਹਾਡੇ ਉਤੇ ਜਮ ਦਾ ਡੰਡਾ ਵਾ ਮਾਮਲਾ ਜਨਮ ਮਰਨ ਨਹੀਂ ਹੋਵੇਗਾ ॥

ਮਨ ਪ੍ਰਾਣੀ ਮੁਗਧ ਬੀਚਾਰੁ ਅਹਿਨਿਸਿ ਜਪੁ
ਧਰਮ ਕਰਮ ਪੂਰੈ ਸਤਿਗੁਰੁ ਪਾਈ ਹੈ ॥ ੨ ॥

ਹੇ ਮੂਰਖ ਆਦਮੀ ਤੂੰ ਮਨ ਵਿਚ ਵਿਚਾਰ ਕਰਕੇ ਰਾਤ ਦਿਨੇ ਵਾਹਿਗੁਰੂ ਨੂੰ ਜਪ ਧਰਮ ਕਰਮ ਦਾ ਫਲ ਗਿਆਨ ਗੁਰੂ ਦੁਆਰੇ ਪਾਈਦਾ ਹੈ ॥ ੨ ॥

ਹਉ ਬਲਿ ਬਲਿ ਜਾਉ ਸਤਿਗੁਰ ਸਾਚੇ ਨਾਮ ਪਰ॥

ਹੇ ਗੁਰੂ ਜੀ ਮੈਂ ਆਪਦੇ ਸੱਚੇ ਨਾਮ ਤੋਂ ਬਲਿਹਾਰ ਜਾਂਦਾ ਹੈ ॥

ਕਵਨ ਉਪਮਾ ਦੇਉ ਕਵਨ ਸੇਵਾ ਸਰੇਉ
ਏਕ ਮੁਖ ਰਸਨਾ ਰਸਹੁ ਜੁਗਿ ਜੋਰਿ ਕਰ ॥

ਮੈਂ ਆਪਨੂੰ ਕੇਹੜੀ ਉਪਮਾਂ ਦਿਆਂ ਅਤੇ ਕੇਹੜੀ ਆਪਦੀ ਸੇਵਾ ਕਰਾਂ (ਜਿਸ ਕਰਕੇ ਤੁਸੀ ਪ੍ਰਸੰਨ ਹੋਵੋ) ਮੂੰਹ ਵਿਚ ਇਕ ਰਸਨਾਂ ਨਾਲ ਦੋਵੇਂ ਹਥ ਜੋੜਕੇ ਆਪਦੇ ਨਾਮਨੂੰ ਚੰਗੀਤਰਾਂ ਜਪਾਂ ॥

ਫੁਨਿ ਮਨ ਬਚ ਕ੍ਰਮ ਜਾਨੁ ਅਨਤ ਦੂਜਾ ਨ ਮਾਨੁ
ਨਾਮੁ ਸੋ ਅਪਾਰੁ ਸਾਰੁ ਦੀਨੋ ਗੁਰਿ ਰਿਦ ਧਰ ॥

ਅਨਤ = ਹੋਰ॥

ਫਿਰ ਮੈਂ ਮਨਬਾਣੀ ਸਰੀਰ ਕਰਕੇ ਵਾਹਿਗੁਰੂ ਰੂਪ ਆਪਨੂੰ ਜਾਣਦਾ ਹਾਂ ਦੂਜਾ ਹੋਰ ਕੋਈ ਨਹੀਂ ਮੰਨਦਾ ਹਾਂ ਜੋ ਆਪ ਨੇ ਅਪਾਰ ਵਾਹਿਗੁਰੂ ਦਾ ਚੰਗਾ ਨਾਮ ਰਿਦੇ ਵਿਚ ਧਰ ਦਿਤਾ ਹੈ ਵਾ ਮੈਂ ਧਰ ਲਿਆ ਹੈ ॥

ਨਲ ਕਵਿ ਪਾਰਸ ਪਰਸ ਕਚ ਕੰਚਨਾ ਹੁਇ

ਚੰਦਨਾ ਸੁ ਬਾਸੁ ਜਾਸੁ ਸਿਮਰਤ ਅਨਤਰ ॥

ਨਲ ਕਵੀ ਆਖਦਾ ਹੈ ਹੇ ਗੁਰੂ ਜੀ ਆਪ ਪਾਰਸ ਨੂੰ ਅਸੀਂ ਪਰਸਕੇ ਕੱਚ ਤੋਂ ਸੋਨਾ ਬਣ ਗਏ ਹਾਂ ਅਤੇ ਜਿਸ ਆਪਦੇ ਸਿਮਰਨ ਕਰਨ ਰੂਪ ਚੰਦਨ ਦੀ ਚੰਗੀ ਵਾਸ਼ਨਾਂ ਕਰਕੇ ਹੋਰ ਜਿੰਨੇ ਕੁ ਰੁਖ ਜਗਤ ਜੀਵ ਹਨ ਸਭ ਮਨ ਭਗਤੀ ਵਾਲੇ ਹੋ ਜਾਂਦੇ ਹਨ ॥

ਜਾਕੇ ਦੇਖਤ ਦੁਆਰੇ ਕਾਮ ਕ੍ਰੋਧ ਹੀ ਨਿਵਾਰੇ ਜੀ
ਹਉ ਬਲਿਬਲਿ ਜਾਉ ਸਤਿਗੁਰ ਸਾਚੇ ਨਾਮ ਪਰ ॥ ੩ ॥

ਜਿਸ ਆਪਦੇ ਦਰਸ਼ਨ ਦੁਆਰੇ ਅਸਾਂ ਕਾਮ ਕ੍ਰੋਧ ਦੂਰ ਕਰ ਦਿਤੇ ਹਨ, ਮੈਂ ਆਪਦੇ ਸਚੇ ਨਾਮ ਤੋਂ ਬਲਿਹਾਰ ਜਾਂਦਾ ਹਾਂ ॥ ੩ ॥

ਰਾਜੁ ਜੋਗੁ ਤਖਤੁ ਦੀਅਨੁ ਗੁਰ ਰਾਮਦਾਸ ॥

ਹੇ ਗੁਰੂ ਜੀ ਇਹ ਜੇਹੜਾ ਰਾਜਜੋਗ ਦਾ ਤਖਤ ਗੁਰੂ ਜੀਨੇ ਆਪਨੂੰ ਦਿਤਾਹੈ।

ਪ੍ਰਥਮੇ ਨਾਨਕ ਚੰਦੁ ਜਗਤ ਭਯੋ ਆਨੰਦੁ
ਤਾਰਨਿ ਮਨੁਖ੍ਯ ਜਨ ਕੀਅਉ ਪ੍ਰਗਾਸ ॥

ਪਹਿਲੇ ਗੁਰੂ ਨਾਨਕ ਜੀ ਚੰਦ੍ਰਮਾਂ ਵਾਂਗੂੰ ਜਗਤ ਵਿਚ ਪ੍ਰਗਟ ਹੋਏ ਜਿਨਾਂ ਦੇ ਅਵਤਾਰ ਧਾਰਨ ਨਾਲ ਸਾਰੇ ਜਗਤ ਵਿਚ ਬੜਾ ਅਨੰਦ ਹੋਯਾ ਓਨਾਂ ਨੇ ਇਸ ਤਖਤ ਉਤੇ ਬੈਠਕੇ ਆਪਣੇ ਦਾਸਾਂ ਨੂੰ ਸੰਸਾਰ ਸਮੁੰਦ੍ਰ ਤੋਂ ਤਾਰਨ ਵਾਸਤੇ ਗਿਆਨ ਦਾ ਪ੍ਰਕਾਸ਼ ਕੀਤਾ ॥

ਗੁਰ ਅੰਗਦ ਦੀਉ ਨਿਧਾਨੁ ਅਕਥ ਕਥਾ ਗਿਆਨੁ
ਪੰਚ ਭੂਤ ਬਸਿ ਕੀਨੇ ਜਮਤਨ ਤ੍ਰਾਸ ॥

ਫਿਰ ਗੁਰੂ ਨਾਨਕ ਜੀ ਨੇ ਗੁਰੂ ਅੰਗਦ ਜੀ ਨੂੰ ਨਿਧੀਆਂ ਦਾ ਖਜਾਨਾਂ ਨਾਮ ਤੇ ਅਕਥ ਵਾਹਿਗੁਰੂ ਦੀ ਕਥਾ ਦਾ ਗਿਆਨ ਦਿਤਾ ਏਸੇ ਵਾਸਤੇ ਗੁਰੂ ਜੀਨੇ ਪੰਜਾਂ ਭੂਤਾਂ ਕਾਮਾਦਿਕਾਂ ਨੂੰ ਵਸ ਕਰ ਲਿਆ ਜਿਸ ਕਰਕੇ ਫਿਰ ਕੋਈ ਡਰ (ਜਮਤਨ) ਪੈਦਾ ਹੀ ਨਹੀਂ ਹੁੰਦਾ ਵਾ ਜਮ ਦੇ ਪੁਤ੍ਰ ਨੂੰ ਡਰ ਦਿਤਾ ॥

ਗੁਰ ਅਮਰੁ ਗੁਰੂ ਸ੍ਰੀਸਤਿ ਕਲਿਜੁਗ ਰਾਖੀ ਪਤਿ
ਅਘਨ ਦੇਖਤ ਗਤੁ ਚਰਨ ਕਵਲ ਜਾਸ ॥

ਗੁਰੂ ਅੰਗਦ ਜੀ ਨੇ ਗੁਰੂ ਅਮਰਦਾਸ ਜੀ ਦੀ ਕਲਜੁਗ ਵਿਚ ਲਜਿਆ ਰਖੀ ਜਿੰਨਾਂ ਗੁਰੂ ਅਮਰਦਾਸ ਹੋਰਾਂ ਦੇ ਚਰਨਾਂ ਕਮਲਾਂ ਨੂੰ ਦੇਖਦਿਆਂ ਹੀ(ਅਘਨ) ਪਾਪ (ਗਤ) ਨਾਸ ਹੋ ਜਾਂਦੇ ਹਨ॥

**ਸਭ ਬਿਧਿ ਮਾਨ੍ਯ੍ਉ ਮਨੁ ਤਬਹੀ ਭਯਉ ਪ੍ਰਸੰਨੁ**
**ਰਾਜੁ ਜੋਗੁ ਤਖਤੁ ਦੀਅਨੁ ਗੁਰ ਰਾਮਦਾਸ ॥ ੪ ॥**

ਤਿਸ ਗੁਰੂ ਅਮਰਦਾਸ ਜੀ ਦਾ ਮਨ ਜਦੋਂ ਸਰਬ ਪਰਕਾਰ ਕਰਕੇ ਆਪ ਉਤੇ ਮੰਨ ਗਿਆ ਤਦੋਂ ਓਨ੍ਹਾਂਨੇ ਬੜੇ ਪ੍ਰਸੰਨ ਹੋਕੇ ਇਹ ਰਾਜ ਜੋਗਦਾ ਤਖਤ ਆਪਨੂੰ ਦਿਤਾ ॥ ੪ ॥

## ॥ ਰਡ ॥

ਰਡ = ਛੰਦ ਦਾ ਨਾਮ ਹੈ ॥

**ਜਿਸਹਿ ਧਾਰ੍ਯ੍ਉ ਧਰਤਿ ਅਰੁ ਵਿਉਮੁ ਅਰੁ ਪਵਣੁ ਤੇ**
**ਨੀਰ ਸਰ ਅਵਰ ਅਨਲ ਅਨਾਦਿ ਕੀਅਉ ॥**

ਵਿਉਮੁ = ਅਕਾਸ਼ ॥ ਨੀਰ = ਪਾਣੀ ॥ ਸਰ = ਤਾਲ, ਸਮੁੰਦ੍ਰ ॥ ਅਨਲ = ਅੱਗ

ਜਿਸ ਵਾਹਿਗੁਰੂ ਨੇ ਧਰਤੀ ਅਤੇ ਅਕਾਸ਼ ਤੇ ਪੌਣ ਨੂੰ ਧਾਰਿਆ ਭਾਵ ਆਪਣੇ ਹੁਕਮ ਵਿਚ ਰਖਿਆ ਹੋਯਾ ਹੈ, ਅਤੇ ਪਾਣੀ, ਸਮੁੰਦਰ ਅਤੇ ਅਗ, ਅੰਨ ਆਦਿਕ ਪਦਾਰਥਾਂ ਦਾ ਅਕੱਠ ਪੈਦਾ ਕੀਤਾ ਹੈ ॥

**ਸਸਿ ਰਿਖਿ ਨਿਸਿ ਸੂਰ ਦਿਨਿ ਸੈਲ ਤਰੂਅ ਫਲਫੁਲ ਦੀਅਉ।**

ਚੰਦ੍ਰਮਾਂ, ਤਾਰੇ, ਰਾਤ, ਸੂਰਜ, ਦਿਨ, ਪਰਬਤ ਇਹਨਾਂ ਸਭਨਾਂ ਨੂੰ ਬਣਾਕੇ ਬਿਰਛਾਂ ਨੂੰ ਫਲ ਫੁਲ ਦਿਤਾ ਹੈ॥

**ਸੁਰਿ ਨਰ ਸਪਤ ਸਮੁਦ੍ਰ ਕਿਅ ਧਾਰਿਓ ਤ੍ਰਿਭਵਣ ਜਾਸੁ ॥**

ਦੇਵਤੇ, ਆਦਮੀ, ਸਤ ਸਮੁੰਦਰ ਜਿਸ ਵਾਹਿਗੁਰੂ ਨੇ ਕੀਤੇ ਹਨ ਅਤੇ ਜਿਸ ਨੇ ੩ ਲੋਕਾਂ ਨੂੰ ਧਾਰਿਆ (ਚੁਕਿਆ) ਭਾਵ ਹੁਕਮ ਵਿਚ ਰਖਕੇ ਸਭ ਦੀ ਪਾਲਨਾਂ ਕੀਤੀ ਹੈ॥

**ਸੋਈ ਏਕੁ ਨਾਮੁ ਹਰਿਨਾਮੁ ਸਤਿ**
**ਪਾਇਓ ਗੁਰ ਅਮਰ ਪ੍ਰਗਾਸੁ ॥ ੧ ॥ ੫ ॥**

ਜੇਹੜਾ ਇਕ ਵਾਹਿਗੁਰੂ ਦਾ ਨਾਮ ਪ੍ਰਸਿਧ ਹੈ ਹੇ ਗੁਰੂ ਜੀ ਓਸੇ ਸਚੇ ਨਾਮ ਦਾ ਆਪਨੇ ਪ੍ਰਕਾਸ਼ ਗੁਰੂ ਅਮਰਦਾਸ ਜੀ ਪਾਸੋਂ ਪਾਯਾ ਹੈ ॥ ੧ ॥ ੫ ॥

**ਕਚਹੁ ਕੰਚਨੁ ਭਇਅਉ ਸਬਦੁ ਗੁਰ ਸ੍ਰਵਣਹਿ ਸੁਣਿਓ ॥**

ਹੇ ਗੁਰੂ ਜੀ-ਜਿਸਨੇ ਆਪਦਾ ਉਪਦੇਸ਼ ਕੰਨੀ ਸੁਣਿਆ ਹੈ ਓਹ ਆਦਮੀ ਕੱਚ ਤੋਂ ਸੋਨਾਂ ਬਣ ਗਿਆ ਹੈ ॥

**ਬਿਖੁ ਤੇ ਅੰਮ੍ਰਿਤੁ ਹੁਯਉ ਨਾਮੁ ਸਤਿਗੁਰ ਮੁਖਿ ਭਣਿਅਉ ॥**

ਜਿਸਨੇ ਆਪਦੇ ਉਪਦੇਸ਼ ਕਰਕੇ ਵਾਹਿਗੁਰੂ ਦਾ ਨਾਮ ਮੂਹੋਂ ਉਚਾਰਨ ਕੀਤਾ ਹੈ ਓਹ ਆਦਮੀ ਵਿਹੁ ਤੋਂ ਅੰਮ੍ਰਿਤ ਬਣ ਗਿਆ ਹੈ ॥

ਲੋਹਉ ਹੋਯਉ ਲਾਲੁ ਨਦਰਿ ਸਤਿਗੁਰੁ ਜਦਿ ਧਾਰੈ ॥

ਜਦੋਂ ਗੁਰੂ ਜੀ ਕਿਰਪਾ ਦ੍ਰਿਸ਼ਟੀ ਕਰਦੇ ਹਨ ਤਾਂ ਆਦਮੀ ਲੋਹੇ ਤੋਂ ਲਾਲ ਵਤ ਹੋ ਜਾਂਦਾ ਹੈ।

ਪਾਹਣ ਮਾਣਕ ਕਰੈ ਗਿਆਨੁ ਗੁਰ ਕਹਿਅਉ ਬੀਚਾਰੈ ॥

ਹੇ ਗੁਰੂ ਜੀ–ਜੇਹੜਾ ਆਪਦੇ ਉਚਾਰਨ ਕੀਤੇ ਹੋਏ ਗਿਆਨ ਨੂੰ ਵਿਚਾਰਦਾ ਹੈ ਉਸਨੂੰ ਆਪ ਪੱਥਰ ਤੋਂ ਮਾਣਕ ਵਤ ਬਣਾ ਦੇਂਦੇ ਹੋ ॥

ਕਾਠਹੁ ਸ੍ਰੀ ਖੰਡ ਸਤਿਗੁਰਿ ਕੀਅਉ
ਦੁਖ ਦਰਿਦ੍ਰ ਤਿਨਕੇ ਗਇਅ ॥

ਸ੍ਰੀ ਖੰਡ = ਚੰਦਨ ॥

ਹੇ ਗੁਰੂ ਜੀ, ਜੇਹੜੇ ਆਦਮੀ ਲਕੜ ਵਤ ਸੀ ਓਨਾਂ ਨੂੰ ਆਪ ਨੇ ਚੰਦਨ ਵਤ ਬਣਾ ਦਿਤਾ ਹੈ ਅਤੇ ਦੁਖ ਦਲਿੱਦਰ ਓਨਾਂ ਦੇ ਦੂਰ ਹੋ ਗਏ ਹਨ ॥

ਸਤਿਗੁਰੂ ਚਰਨ ਜਿਨ ਪਰਸਿਆ
ਸੇ ਪਸੁ ਪਰੇਤ ਸੁਰਿ ਨਰ ਭਇਅ ॥ ੨ ॥ ੬॥

ਹੇ ਗੁਰੂ ਜੀ–ਜਿਸਨੇ ਆਪਦੇ ਚਰਨਾਂ ਕਮਲਾਂ ਨੂੰ ਪਰਸਿਆ ਹੈ ਓਹ ਪਸ਼ੂ ਤੋਂ ਦੇਵਤਾ ਅਤੇ ਪ੍ਰੇਤ ਤੋਂ ਆਦਮੀ ਬਣ ਗਿਆ ॥ ੨ ॥ ੬ ॥

ਜਾਮਿ ਗੁਰੂ ਹੋਇ ਵਲਿ ਧਨਹਿ ਕਿਆ ਗਾਰਵੁ ਦਿਜਇ ॥

ਜਿਸਦੇ ਗੁਰੂ ਵਲ ਹੁੰਦੇ ਹਨ ਉਸਨੂੰ ਧਨ ਦਾ ਹੰਕਾਰ ਕੀ ਕਰ ਸਕਦਾ ਹੈ।

ਜਾਮਿ ਗੁਰੂ ਹੋਇ ਵਲਿ ਲਖ ਬਾਹੇ ਕਿਆ ਕਿਜਇ ॥

ਜਿਸਦੇ ਗੁਰੂ ਹੀ ਸਹਾਇਕ ਹੁੰਦੇ ਹਨ ਉਸਨੂੰ ਲੱਖਾਂ ਬਾਹਾਂ ਭਾਵ ਬਹੁਤੇ ਆਦਮੀ ਕੀਹ ਕਰ ਸਕਦੇ ਹਨ।

ਜਾਮਿ ਗੁਰੂ ਹੋਇ ਵਲਿ ਗਿਆਨ ਅਰੁ ਧਿਆਨ ਅਨਨ ਪਰਿ॥

ਜਿਸਦੇ ਗੁਰੂ ਜੀ ਮਦਤਗਾਰ ਹੁੰਦੇ ਹਨ ਓਹ ਗਿਆਨ ਅਤੇ ਧਿਆਨ ਦੇ ਵਿਚ ਤਕੜੇ ਰਹਿੰਦੇ ਹਨ ਓਨਾਂ ਨੂੰ ਹੋਰ ਕੋਈ ਦਬਾ ਨਹੀਂ ਸਕਦਾ ਵਾ ਗਿਆਨ ਧਜ ਨ ਬਾਹਰਲਾ ਹੋਰ ਕੋਈ ਓਨਾਂ ਨੂੰ ਦਬਾ ਨਹੀਂ ਸਕਦਾ ॥

ਜਾਮਿ ਗੁਰੂ ਹੋਇ ਵਲਿ ਸਬਦੁ ਸਾਖੀ ਸੁ ਸਚਹ ਘਰਿ॥

ਜਦੋਂ ਗੁਰੂ ਜੀ ਮਦਤ ਕਰਨ ਵਾਲੇ ਹੁੰਦੇ ਹਨ ਤਦੋਂ ਆਦਮੀ ਦੇ ਹਿਰਦੇ

ਘਰ ਵਿਚ ਵਾਹਿਗੁਰੂ ਸਚਾ ਪ੍ਰਾਪਤ ਹੁੰਦਾ ਹੈ ਅਤੇ ਓਹ ਸਬਦ ਸਾਖੀਆਂ ਵਾਹਿਗੁਰੂ ਦੀਆਂ ਕਰਦਾ ਹੈ ॥

**ਜੋ ਗੁਰੁ ਗੁਰੁ ਅਹਿਨਿਸਿ ਜਪੈ ਦਾਸੁ ਭਟੁ ਬੇਨਤਿ ਕਹੈ ॥**

ਦਾਸ ਭੱਟ ਬੇਨਤੀ ਕਰਕੇ ਕਹਿੰਦਾ ਹੈ ਜੇਹੜਾ ਰਾਤ ਦਿਨੇ ਗੁਰੂ ੨ ਜਪਦਾ ਹੈ ॥

**ਜੋ ਗੁਰੂ ਨਾਮੁ ਰਿਦਮਹਿ ਧਰੈਸੋ ਜਨਮ ਮਰਣਦੁਹਥੇਰਹੈ॥੩॥੭॥**

ਹੇ ਗੁਰੂ ਜੀ, ਜੇਹੜਾ ਆਦਮੀ ਆਪਦੇ ਨਾਮ ਨੂੰ ਰਿਦੇ ਵਿਚ ਧਾਰਨ ਕਰਦਾ ਹੈ ਓਹ ਜਨਮ ਮਰਨ ਦੋਹਾਂ ਤੋਂ ਰਹਿਤ ਹੋ ਜਾਂਦਾ ਹੈ॥ ੩ ॥ ੭ ॥

***ਗੁਰ ਬਿਨੁ ਘੋਰੁ ਅੰਧਾਰੁ ਗੁਰੂ ਬਿਨੁ ਸਮਝ ਨ ਆਵੈ ॥**

ਇਸ ਜੀਵ ਨੂੰ ਗੁਰੂ ਤੋਂ ਬਿਨਾਂ ਬੜਾ ਭਾਰਾ ਗਾਹੜਾ ਹਨੇਰਾ ਹੈ ਅਤੇ ਗੁਰੂ ਤੋਂ ਬਿਨਾਂ ਕਾਸੇ ਦੀ ਸਮਝ ਵੀ ਨਹੀਂ ਆਉਂਦੀ ।

**ਗੁਰ ਬਿਨੁ ਸੁਰਤਿ ਨ ਸਿਧਿ ਗੁਰੂ ਬਿਨੁ ਮੁਕਤਿ ਨ ਪਾਵੈ ॥**

ਗੁਰੂ ਤੋਂ ਬਿਨਾਂ ਵਾਹਿਗੁਰੂ ਦੀ ਵੀ ਸੁਰਤੀ ਅਤੇ ਸਿੱਧੀ "ਪ੍ਰਾਪਤੀ" ਨਹੀਂ ਗੁਰੂ ਤੋਂ ਬਿਨਾਂ ਮੁਕਤੀ ਵੀ ਨਹੀਂ ਪਾਉਂਦਾ ॥

**ਗੁਰੁ ਕਰੁ ਸਚੁ ਬੀਚਾਰੁ ਗੁਰੂ ਕਰੁ ਰੇ ਮਨ ਮੇਰੇ ॥**

ਹੇ ਮੇਰੇ ਮਨ ਗੁਰੂ ਧਾਰਨ ਕਰ ਅਤੇ ਗੁਰੂ ਜੀ ਦੇ ਰਾਹੀਂ ਹੀ ਸਚ ਦਾ ਵਿਚਾਰ ਕਰ ਗੁਰੂ ਦੁਆਰੇ ਹੀ ਤੈਨੂੰ ਵਾਹਿਗੁਰੂ ਮਿਲੇਗਾ ਇਸ ਲਈ ਸੱਚਾ ਗੁਰੂ ਵਿਚਾਰਕੇ ਕਰ ॥

**ਗੁਰੁ ਕਰੁ ਸਬਦੁ ਸਪੁੰਨ ਅਘਨ ਕਟਹਿ ਸਭ ਤੇਰੇ ॥**

ਜੇਹੜਾ ਗੁਰੂ ਵਾਹਿਗੁਰੂ ਦਾ ਉਪਦੇਸ਼ ਦੇਣ ਦੇ ਲਾਇਕ ਹੈ ਓਸ ਨੂੰ ਕਰ ਤੇਰੇ ਸਾਰੇ ਪਾਪ ਕੱਟ ਦੇਵੇਗਾ ॥

**ਗੁਰੁ ਨਯਣਿ ਬਯਣਿ ਗੁਰੁ ਗੁਰੁ ਕਰਹੁ**
**ਗੁਰੂ ਸਤਿ ਕਵਿ ਨਲ੍ਯ ਕਹਿ ॥**

ਕਵੀ ਨਲ ਜੀ ਆਖਦੇ ਹਨ ਹੇ ਭਾਈ ਗੁਰੂ ਸੱਚੇ ਹਨ ਸੱਚ ਨੂੰ ਮਿਲਾ ਦੇਂਦੇ ਹਨ ਇਸ ਲਈ ਨੇਤ੍ਰਾਂ ਕਰਕੇ ਸਤਿਗੁਰਾਂ ਦਾ ਦਰਸ਼ਨ ਕਰੋ, ਬਚਨਾਂ ਦੁਆਰੇ ਉਚਾਰਨ ਕਰੋ ਸਦਾ ਹੀ ਗੁਰੂ ਗੁਰੂ ਕਰੋ ॥

*ਇਹ ਛੁਪਾ ਛੰਦ ਹੈ ॥

ਜਿਨਿ ਗੁਰੂ ਨ ਦੇਖਿਅਉ ਨਹੁ ਕੀਅਉ
ਤੇ ਅਕਯਥ ਸੰਸਾਰ ਮਹਿ ॥ ੪ ॥ ੮ ॥

ਜਿਸਨੇ ਨਾਂ ਗੁਰੂ ਜੀਦਾ ਦਰਸ਼ਨ ਕੀਤਾ ਹੈ ਅਤੇ ਨਾ ਓਨਾਂ ਦਾ ਉਪਦੇਸ਼ ਧਾਰਨ ਕੀਤਾ ਨਾ ਗੁਰੂ ਧਾਰਨ ਕੀਤਾ ਹੈ ਓਸਦਾ ਸੰਸਾਰ ਵਿਚਹੋਣਾਂਬਿਅਰਥਹੈ ॥

ਗੁਰੂ ਗੁਰੂ ਗੁਰੁ ਕਰੁ ਮਨ ਮੇਰੇ ॥

ਹੇ ਮੇਰੇ ਮਨ ਗੁਰੂ ਗੁਰੂ ਕਰ ॥

ਤਾਰਣ ਤਰਣ ਸਮ੍ਰਥੁ ਕਲਜੁਗਿ
ਸੁਨਤ ਸਮਾਧਿ ਸਬਦ ਜਿਸੁ ਕੇਰੇ ॥

ਜੋ ਸੰਸਾਰ ਸਮੁੰਦ੍ਰ ਤੋਂ ਤਾਰਨ ਨੂੰ ਜਹਾਜ਼ ਵਤ ਸਮਰੱਥ ਹੈ ਅਤੇ ਕਲਜੁਗ ਵਿਚ ਜਿਸਦਾ ਉਪਦੇਸ਼ ਸੁਣਦਿਆਂ ਹੋਯਾਂ ਸਹਿਜੇ ਹੀ ਸਮਾਧੀ ਲਗ ਜਾਂਦੀ ਹੈ ॥

ਫੁਨਿ ਦੁਖਨਿ ਨਾਸੁ ਸੁਖ ਦਾਯਕੁ ਸੂਰਉ
ਜੋ ਧਰਤ ਧਿਆਨੁ ਬਸਤ ਤਿਹ ਨੇਰੇ ॥

ਫਿਰ ਦੁਖਾਂ ਨੂੰ ਨਾਸ ਕਰਨ ਵਾਲਾ, ਸੁਖਾਂ ਨੂੰ ਦੇਨ ਵਾਲਾ, ਸਤਿਗੁਰ ਸੂਰਮਾਂ ਹੈ ਜੇਹੜਾ ਧਿਆਨ ਧਰਦਾ ਹੈ ਉਸਦੇ ਪਾਸ ਵਸਦੇ ਹਨ ॥

ਪੂਰਉ ਪੁਰਖੁ ਰਿਦੈ ਹਰਿ ਸਿਮਰਤ
ਮੁਖੁ ਦੇਖਤ ਅਘ ਜਾਹਿ ਪਰੇਰੇ ॥

ਪੂਰਨ ਪੁਰਖ ਗੁਰੂ ਜੀ ਵਾਹਿਗੁਰੂ ਨੂੰ ਰਿਦੇ ਵਿਚ ਯਾਦ ਕਰਦੇ ਹਨ ਅਤੇ ਤਿਨਾਂ ਦਾ ਮੂੰਹ ਦੇਖਿਦਿਆਂ ਹੀ ਪਾਪ ਦੂਰ ਹੋ ਜਾਂਦੇ ਹਨ ॥

ਜਉ ਹਰਿ ਬੁਧਿ ਰਿਧਿ ਸਿਧਿ ਚਾਹਤ
ਗੁਰੂ ਗੁਰੂ ਗੁਰੁ ਕਰੁ ਮਨ ਮੇਰੇ ॥ ੫ ॥ ੯ ॥

ਹੇ ਮੇਰੇ ਮਨ ਜੇ ਤੂੰ ਚੰਗੀ ਅਕਲ ਰਿਧੀਆਂ ਸਿਧੀਆਂ ਚਾਹੁੰਦਾ ਹੈਂ ਤਾਂ ਹਮੇਸ਼ਾਂ ਗੁਰੂ ਗੁਰੂ ਕਰ ॥ ੫ ॥ ੯ ॥

ਗੁਰੂ ਮੁਖੁ ਦੇਖਿ ਗਰੂ ਸੁਖੁ ਪਾਯੋ ॥

ਗੁਰਾਂ ਦਾ ਮੂੰਹ ਦੇਖਕੇ ਵੱਡਾ ਸੁਖ ਪਾਯਾ ਹੈ ॥

ਹੁਤੀ ਜੁ ਪਿਆਸ ਪਿਊਸ ਪਿਵੰਨ ਕੀ
ਬੰਛਤ ਸਿਧਿ ਕਉ ਬਿਧਿ ਮਿਲਾਯਉ ॥

ਜੇਹੜੀ ਉਪਦੇਸ਼ ਰੂਪ ਅੰਮ੍ਰਿਤ ਦੇ ਪੀਣ ਦੀ ਸਾਨੂੰ ਤ੍ਰੇਹ ਲੱਗੀ ਹੋਈ ਸੀ ਓ

ਮੇਰੇ ਮਨ ਭਾਉਂਦੀ ਸਿਧੀ ਵਾਸਤੇ ਵਾਹਿਗੁਰੂ ਨੇ ਆਪਨੂੰ ਮਿਲਾ ਦਿਤਾ ਹੈ ॥

**ਪੂਰਨ ਭੋ ਮਨ ਠਉਰ ਬਸੋ ਰਸ**
**ਬਾਸਨ ਸਿਉ ਜੁ ਦਹੰਦਿਸਿ ਧਾਯਉ॥**

ਰਸ = ਸੁਆਦੀ, ਵਿਸ਼ੇ ॥

ਜੇਹੜਾ ਮੇਰਾ ਮਨ ਵਿਸ਼ਿਆਂ ਦੀਆਂ ਵਾਸ਼ਨਾਂ ਕਰਕੇ ਚਾਰ ਚੁਫੇਰੇ ਭੱਜਾ ਫਿਰਦਾ ਸੀ ਸੋ ਹੁਣ ਆਪਦੇ ਉਪਦੇਸ਼ ਕਰਕੇ ਪੂਰਨ ਹੋਕੇ ਇਕ ਜਗਾ ਵਾਹਿਗੁਰੂ ਵਿਚ ਵੱਸ ਗਿਆ ਹੈ ॥

**ਗੋਬਿੰਦਵਾਲੁ ਗੋਬਿੰਦ ਪੁਰੀ ਸਮ**
**ਜਲੵਨ ਤੀਰਿ ਬਿਪਾਸ ਬਨਾਯਉ ॥**

ਜਲ੍ਹਨ ਜੀ ਆਖਦੇ ਹਨ ਬਿਆਸਾ ਨਦੀ ਦੇ ਕੰਢੇ ਉਤੇ ਗੋਵਿੰਦਵਾਲ ਗੋਬਿੰਦ ਪੁਰੀ ਵਰਗਾ ਗੁਰੂ ਅਮਰਦਾਸ ਜੀ ਨੇ ਬਣਾਇਆ ਹੈ ॥

**ਗਯਉ ਦੁਖੁ ਦੂਰਿ ਬਰਖਨ ਕੋ**
**ਸੁ ਗੁਰੂਮੁਖੁ ਦੇਖਿ ਗਰੂ ਸੁਖੁ ਪਾਯਉ ॥ ੬ ॥ ੧੦ ॥**

ਜੇਹੜਾ ਕਈਆਂ ਵਰ੍ਹਿਆਂ ਦਾ ਦੁਖ ਸੀ ਸੋ ਸਭ ਦੂਰ ਚਲਿਆ ਗਿਆ ਸੋ ਗੁਰਾਂ ਦਾ ਮੂੰਹ ਵੇਖਕੇ ਵੱਡਾ ਸੁਖ ਪਾਇਆ ਹੈ ॥ ੬ ॥ ੧੦ ॥

**ਸਮਰਥ ਗੁਰੂ ਸਿਰਿ ਹਥੁ ਧਰਿਅਉ ॥**

ਸਮਰੱਥ ਗੁਰੂ ਅਮਰਦਾਸ ਜੀ ਨੇ ਆਪਦੇ ਸਿਰ ਤੇ ਹਥ ਧਰਿਆ ਹੈ ॥

**ਗੁਰ ਕੀਨੀ ਕ੍ਰਿਪਾ ਹਰਿ ਨਾਮੁ ਦੀਅਉ**
**ਜਿਸੁ ਦੇਖਿ ਚਰੰਨ ਅਘੰਨ ਹਰ੍ਯਉ ॥**

ਜਿੰਨਾਂ ਗੁਰਾਂ ਨੇ ਆਪ ਉਤੇ ਵਾ ਸਾਰੇ ਸਿੱਖਾਂ ਉਤੇ ਕਿਰਪਾ ਕਰਕੇ ਵਾਹਿਗੁਰੂ ਦਾ ਨਾਮ ਦਿਤਾ ਹੈ ਜਿੰਨਾਂ ਗੁਰਾਂ ਦੇ ਚਰਨ ਵੇਖਕੇ ਸਿਖਾਂ ਨੇ ਆਪਣੇ ਪਾਪਾਂ ਨੂੰ ਨਾਸ ਕੀਤਾ ਹੈ ॥

**ਨਿਸਿ ਬਾਸੁਰ ਏਕ ਸਮਾਨ ਧਿਆਨ**
**ਸੁ ਨਾਮ ਸੁਨੇ ਸੁਤੁ ਭਾਨ ਡਰ੍ਯਉ ॥**

ਜੇੜੇ ਗੁਰੂ ਰਾਤ ਦਿਨੇ ਲਗਾਤਾਰ ਵਾਹਿਗੁਰੂ ਦਾ ਧਿਆਨ ਲਾ ਰਹੇ ਹਨ* ਤੇ ਜਿਸ ਗੁਰੂ ਅਮਰਦਾਸ ਜੀ ਦਾ ਨਾਮ ਸੁਣਕੇ ਸੂਰਜ ਦਾ ਪੁਤ੍ਰ ਧਰਮਰਾਜ ਡਰਦਾ ਹੈ।

*ਗੁਰੂ ਅਮਰਦਾਸ ਜੀ ਦੇ ਵਕਤ ਮਾਪਿਆਂ ਦੇ ਹੁੰਦਿਆਂ ਕੋਈ ਲੜਕਾ ਮਰਦਾ ਨਹੀਂ ਸੀ ॥

ਭਨਿ ਦਾਸ ਸੁ ਆਸ ਜਗਤ੍ਰ ਗੁਰੂ ਕੀ
ਪਾਰਸੁ ਭੇਟਿ ਪਰਸੁ ਕਰ੍ਉ ॥

ਦਾਸ ਭੱਟ ਜੀ ਆਖਦੇ ਹਨ ਤਿਸ ਜਗਤ ਦੇ ਮਾਲਕ ਗੁਰੂ ਜੀ ਦੀ ਮੈਨੂੰ ਆਸ ਹੈ ਜੋ ਪਾਰਸ ਰੂਪ ਗੁਰੂ ਜੀ ਨੇ ਆਪਨੂੰ ਆਪਣੇ ਨਾਲ ਮਿਲਾਕੇ ਪਾਰਸ ਬਣਾ ਦਿਤਾ ਹੈ ॥

ਰਾਮਦਾਸੁ ਗੁਰੂ ਹਰਿ ਸਤਿ ਕੀਯਉ
ਸਮਰਥ ਗੁਰੂ ਸਿਰਿ ਹਥੁ ਧਰ੍ਉ ॥ ੭॥ ੧੧॥

ਜਦੋਂ ਸਮਰੱਥ ਗੁਰੂ ਜੀ ਨੇ ਆਪਦੇ ਸਿਰ ਉਤੇ ਹਥ ਧਰਿਆ ਤਦੋਂ ਗੁਰੂ ਰਾਮਦਾਸ ਜੀ ਨੇ ਵਾਹਿਗੁਰੂ ਨੂੰ ਨਿਸਚੇ ਕੀਤਾ॥ ੭ ॥ ੧੧ ॥

ਅਬ ਰਾਖਹੁ ਦਾਸ ਭਾਟ ਕੀ ਲਾਜ ॥

ਹੁਣ ਦਾਸ ਭੱਟ ਦੀ ਲੱਜਿਆ ਰਖੋ ॥

ਜੈਸੀ ਰਾਖੀ ਲਾਜ ਭਗਤ ਪ੍ਰਹਿਲਾਦ ਕੀ
ਹਰਨਾਖਸ ਫਾਰੇ ਕਰ ਆਜ ॥

ਕਰ = ਹਥ । ਆਜ – ਨਹੁੰ

ਜਿਸਤਰਾਂ ਹਥਾਂ ਦੇ ਨਹੁੰਆਂ ਨਾਲ ਹਰਨਾਖਸ ਦਾ ਢਿਡ ਪਾੜਕੇ ਪ੍ਰਹਿਲਾਦ ਭਗਤ ਦੀ ਲੱਜਿਆ ਰਖੀ ਹੈ ॥

ਫੁਨਿ ਦ੍ਰੋਪਤੀ ਲਾਜ ਰਖੀ ਹਰਿ ਪ੍ਰਭ ਜੀ
ਛੀਨਤ ਬਸਤ੍ਰ ਦੀਨ ਬਹੁ ਸਾਜ ॥

ਹੇ ਵਾਹਿਗੁਰੂ ਦੇ ਰੂਪ ਪ੍ਰਭ ਸਤਿਗੁਰੂ ਜੀ ਜਿਸਤਰਾਂ ਦ੍ਰੋਪਦੀ ਦੇ ਕਪੜੇ ਲਾਹੁੰਦਿਆਂ ਹੋਇਆਂ ਆਪਨੇ ਬਹੁਤ ਸਾਰੇ ਕਪੜੇ ਸਾਜਕੇ ਦ੍ਰੋਪਦੀ ਦੀ ਲਜਿਆ ਰਖੀ ਸੀ ॥

ਸੋਦਾਮਾ ਅਪਦਾ ਤੇ ਰਾਖਿਆ ਗਨਿਕਾ ਪੜ੍ਹਤ ਪੂਰੇ ਤਿਹਕਾਜ॥

ਜਿਸਤਰਾਂ ਆਪਣਾ ਮਿਤ੍ਰ ਸੁਦਾਮਾਂ ਤੁਸਾਂ ਵਿਪਦਾ ਤੋਂ ਰਖਿਆ ਸੀ ਭਾਵ ਓਸਦੇ ਸੋਨੇ ਦੇ ਘਰ ਬਣਾ ਦਿਤੇ ਸਨ ਤੇ ਗਨਿਕਾ ਤੋਤੇ ਨੂੰ ਪੜ੍ਹਾਉਂਦੀ ਸੀ ਓਸਦੇ ਤੁਸਾਂ ਸਾਰੇ ਕੰਮ ਪੂਰਨ ਕੀਤੇ ॥

ਸ੍ਰੀ ਸਤਿਗੁਰ ਸੁ ਪ੍ਰਸੰਨ ਕਲਜੁਗ ਹੋਇ
ਰਾਖਹੁ ਦਾਸ ਭਾਟ ਕੀ ਲਾਜ ॥ ੮ ॥ ੧੨ ॥

ਤਿਸੇ ਤਰਾਂ ਹੀ ਹੇ ਗੁਰੂ ਜੀ ਆਪ ਮੇਰੇ ਉਤੇ ਪ੍ਰਸੰਨ ਹੋਕੇ ਮੇਰੀ ਦਾਸ ਭੱਟ

ਦੀ ਲਜਿਆ ਰਖ ਲੌ ॥ ੮ ॥ ੧੩ ॥

## ॥ ਝੋਲਨਾ ॥

ਝੁਲਣਾਂ = ਛੰਦ ਦਾ ਨਾਮ ਹੈ

**ਗੁਰੂ ਗੁਰੁ ਗੁਰੂ ਗੁਰੁ ਗੁਰੂ ਜਪੁ ਪ੍ਰਾਨੀਅਹੁ ॥**

ਹੇ ਭਾਈ ਹਮੇਸ਼ਾਂ ਗੁਰੂ ਗੁਰੂ ਜਪੋ ॥

**ਸਬਦੁ ਹਰਿ ਹਰਿ ਜਪੈ ਨਾਮੁ ਨਵਨਿਧਿ ਅਪੈ**
**ਰਸਨਿ ਅਹਿਨਿਸਿ ਰਸੈ ਸਤਿ ਕਰਿ ਜਾਨੀਅਹੁ ॥**

ਜੋਹੜੇ ਸਤਿਗੁਰੂ ਹਰਿ ਹਰਿ ਜਪਦੇ ਹਨ ਅਤੇ ਨੌ ਨਿਧੀਆਂ ਰੂਪ ਨਾਮ ਸਿੱਖਾਂ ਨੂੰ ਅਰਪਣ ਕਰਦੇ ਹਨ, ਅਤੇ ਰਸਨਾ ਕਰਕੇ ਓਸ ਵਾਹਿਗੁਰੂ ਵਿਚ ਰਾਤ ਦਿਨੇ ਲਗਾਤਾਰ ਲਗੇ ਰਹਿੰਦੇ ਹਨ ਇਹ ਠੀਕ ਨਿਸਚੇ ਕਰਕੇ ਜਾਣੋ ॥

**ਫੁਨਿ ਪ੍ਰੇਮ ਰੰਗ ਪਾਈਐ ਗੁਰਮੁਖਹਿ ਧਿਆਈਐ**
**ਅੰਨ ਮਾਰਗ ਤਜਹੁ ਭਜਹੁ ਹਰਿ ਗ੍ਯਾਨੀਅਹੁ ॥**

ਜਿਨਾਂ ਸਤਿਗੁਰਾਂ ਵਿਚ ਪ੍ਰੇਮ ਕਰਕੇ ਅਨੰਦ ਪਾਈਦਾ ਹੈ ਓਨਾਂ ਗੁਰਮੁਖਾਂ ਦੁਆਰਾ ਵਾਹਿਗੁਰੂ ਨੂੰ ਧਿਆਈਏ, ਹੋਰ ਰਸਤਾ ਛਡਕੇ ਇਕ ਵਾਹਿਗੁਰੂ ਨੂੰ ਯਾਦ ਕਰੋ ਹੇ ਗਿਆਨੀਓ ॥

**ਬਚਨ ਗੁਰ ਰਿਦਿ ਧਰਹੁ ਪੰਚ ਭੂ ਬਸਿ ਕਰਹੁ**
**ਜਨਮੁ ਕੁਲ ਉਧਰਹੁ ਦ੍ਵਾਰਿ ਹਰਿ ਮਾਨੀਅਹੁ ॥**

ਗੁਰਾਂ ਦੇ ਬਚਨਾਂ ਨੂੰ ਰਿਦੇ ਵਿਚ ਧਰੋ, ਪੰਜਾਂ ਭੂਤਾਂ ਕਾਮ ਆਦਿਕਾਂ ਨੂੰ ਵੱਸ ਕਰੋ, ਅਤੇ ਆਪਣੀ ਕੁਲ ਦਾ ਉਧਾਰ ਕਰੋ ਅਤੇ ਜਨਮ ਨੂੰ ਸਫਲ ਕਰਕੇ ਵਾਹਿਗੁਰੂ ਦੇ ਸਤਿਸੰਗਤ ਦਰਵਾਜੇ ਉਤੇ ਮਾਨ ਪਾਓਗੇ ॥

**ਜਉ ਤ ਸਭ ਸੁਖ ਇਤਉਤ ਤੁਮ ਬੰਛਵਹੁ**
**ਗੁਰੂ ਗੁਰੁ ਗੁਰੂ ਗੁਰੁ ਗੁਰੂ ਜਪੁ ਪ੍ਰਾਨੀਅਹੁ ॥ ੧ ॥ ੧੩ ॥**

ਜੇਕਰ ਏਧਰ ਓਧਰ ਦੋਹਾਂ ਲੋਕਾਂ ਵਿਚ ਤੁਸੀਂ ਸੁਖ ਚਾਹੁੰਦੇ ਹੋ ਤਾਂ ਹੇ ਪ੍ਰਾਣੀਓਂ ਗੁਰੂ ਗੁਰੂ ਜਪੋ ॥ ੧ ॥ ੧੩ ॥

**ਗੁਰੂ ਗੁਰੁ ਗੁਰੂ ਗੁਰੁ ਗੁਰੂ ਜਪਿ ਸਤਿ ਕਰਿ ॥**

ਨਿਸਚੇ ਕਰਕੇ ਗੁਰੂ ਗੁਰੂ ਜਪੋ ॥

**ਅਗਮ ਗੁਨਜਾਨੁ ਨਿਧਾਨੁ ਹਰਿ ਮਨਿ ਧਰਹੁ**

**ਧ੍ਹਾਨ ਅਹਿਨਿਸਿ ਕਰਹੁ ਬਚਨ ਗੁਰ ਰਿਦੈ ਧਰਿ ॥**

ਗੁਰਾਂ ਦੇ ਬਚਨਾਂ ਨੂੰ ਦਿਲ ਵਿਚ ਧਾਰਕੇ ਅਗੰਮ ਸਰੂਪ ਗੁਣਾਂ ਦੇ ਖਜ਼ਾਨੇ ਵਾਹਿਗੁਰੂ ਰੂਪ ਗੁਰਾਂ ਨੂੰ ਜਾਨਕੇ ਦਿਨੇ ਰਾਤ ਮਨ ਵਿਚ ਤਿਨਾਂ ਦਾ ਧਿਆਨ ਧਰੋ ।

**ਫੁਨਿ ਗੁਰੂ ਜਲ ਬਿਮਲ ਅਥਾਹ ਮਜਨੁ ਕਰਹੁ**
**ਸੰਤ ਗੁਰ ਸਿਖ ਤਰਹੁ ਨਾਮ ਸਚ ਰੰਗ ਸਗਿ॥**

ਹੇ ਗੁਰੂ ਜੀ ਦੇ ਸਿਖੋ ਸਚੇ ਨਾਮ ਰੂਪ ਨਿਰਮਲ ਜਲ ਦਾ ਜੋ ਅਥਾਹ ਸਰੋਵਰ ਸ਼ਾਂਤੀ ਰੂਪ ਸਤਿਗੁਰੂ ਜੀ ਹਨ ਤਿਸ ਵਿਚ ਜਦੋਂ ਤੁਸੀ ਪ੍ਰੇਮ ਨਾਲ ਇਸ਼ਨਾਨ ਕਰੋਗੇ ਤਾਂ ਸੰਸਾਰ ਸਮੁੰਦਰ ਤੋਂ ਤਰ ਜਾਓਗੇ ॥

**ਸਦਾ ਨਿਰਵੈਰੁ ਨਿਰੰਕਾਰੁ ਨਿਰਭਉ ਜਪੈ**
**ਪ੍ਰੇਮ ਗੁਰ ਸਬਦ ਰਸਿ ਕਰਤ ਦ੍ਰਿੜ੍ਹ ਭਗਤਿ ਹਰਿ॥**

ਸਦਾ ਨਿਰਵੈਰ ਰੂਪ ਗੁਰੂ ਜੀ ਨਿਡਰ ਹੋਕੇ ਨਿਰੰਕਾਰ ਨੂੰ ਜਪਦੇ ਹਨ ਅਤੇ ਗੁਰਾਂ ਦੇ ਉਪਦੇਸ਼ ਵਿਚ ਪ੍ਰੇਮ ਕਰਕੇ ਵਾਹਿਗੁਰੂ ਦੀ ਭਗਤੀ ਦੇ ਅਨੰਦ ਨੂੰ ਦਿਲ ਵਿਚ ਪੱਕਾ ਕਰਦੇ ਹਨ ॥

**ਮੁਗਧ ਮਨ ਭ੍ਰਮੁ ਤਜਹੁ ਨਾਮੁ ਗੁਰਮੁਖਿ ਭਜਹੁ**
**ਗੁਰੂ ਗੁਰੁ ਗੁਰੂ ਗੁਰੁ ਗੁਰੂ ਜਪੁ ਸਤਿ ਕਰਿ ॥ ੨ ॥ ੧੪ ॥**

ਹੇ ਮੂਰਖ ਮਨ ਭਰਮ ਨੂੰ ਛੱਡ ਦਿਓ ਗੁਰਮੁਖਾਂ ਨਾਲ ਮਿਲਕੇ ਨਾਮ ਨੂੰ ਯਾਦ ਕਰੋ ਅਤੇ ਨਿਸਚੇ ਕਰਕੇ ਗੁਰੂ ਗੁਰੂ ਜਪੋ ॥ ੨ ॥ ੧੪ ॥

**ਗੁਰੂ ਗੁਰੁ ਗੁਰੁ ਕਰਹੁ ਗੁਰੂ ਹਰਿ ਪਾਈਐ ॥**

ਹੇ ਭਾਈ ਜਦੋਂ ਮਨ ਬਾਣੀ ਸਰੀਰ ਕਰਕੇ ਗੁਰੂ ਜੀ ਦਾ ਜਾਪ ਕਰੋਗੇ ਤਾਂ ਪੂਜਣੇ ਯੋਗ ਪਰਮਾਤਮਾਂ ਨੂੰ ਪਾ ਲਵੋਗੇ ॥

**ਉਦਧਿ ਗੁਰੁ ਗਹਿਰ ਗੰਭੀਰ ਬੇਅੰਤੁ ਹਰਿ**
**ਨਾਮ ਨਗ ਹੀਰ ਮਣਿ ਮਿਲਤ ਲਿਵਲਾਈਐ॥**

ਉਦਧਿ = ਸਮੁੰਦਰ ॥ ਗਹਿਰ = ਡੂੰਘੇ ॥ ਗੰਭੀਰ = ਇਸਥਿਤ ॥

ਗੁਰ ਡੂੰਘੇ ਸਮੁੰਦਰ ਵਾਂਙੂ ਇਸਥਿਤ ਭਾਵ ਧੀਰਜ ਵਾਲੇ ਹਨ ਇਨਾਂ ਵਿਚ ਪ੍ਰੀਤੀ ਲਾਉਣਨਾਲ ਬੇਅੰਤ ਪ੍ਰਮਾਤਮਾਂ ਦਾ ਹੀਰਾ, ਨਗ, ਮਣੀਰੂਪ ਨਾਮਮਿਲਦਾਹੈ

**ਫੁਨਿ ਗੁਰੂ ਪਰਮਲ ਸਰਸ ਕਰਤ ਕੰਚਨੁ**
**ਪਰਸ ਮੈਲੁ ਦੁਰਮਤਿ ਹਿਰਤ ਸਬਦਿ ਗੁਰੁ ਧ੍ਹਾਈਐ ॥**

ਪਰਮਲ = ਚੰਦਨ ॥ ਸਰਸ = ਅਧਕ ਚੰਗੇ ॥ ਕੰਚਨ = ਸੋਨਾ॥ਹਿਰਤ = ਨਾਸ॥

ਫੇਰ ਗੁਰੂ ਜੀ ਚੰਦਨ ਤੇ ਪਾਰਸ ਵਰਗੇ ਜਾਂ ਦੋਹਾਂ ਨਾਲੋਂ ਚੰਗੇ ਹਨ ਤੇ ਲੋਹੇ ਨੂੰ ਛੋਹ ਕੇ ਸੋਨਾ ਕਰ ਦੇਂਦੇ ਹਨ ਅਤੇ ਕਾਠ ਤੋਂ ਚੰਦਨ ਬਣਾ ਦੇਂਦੇ ਹਨ ਜਦੋਂ ਗੁਰਾਂ ਦਾ ਸ਼ਬਦ ਯਾਦ ਕਰਕੇ ਵਾਹਿਗੁਰੂ ਨੂੰ ਯਾਦ ਕਰੀਏ ਤਾਂ ਖੋਟੀ ਮੈਲ ਨਾਸ ਹੋ ਜਾਂਦੀ ਹੈ ॥

**ਅਮ੍ਰਿਤ ਪਰਵਾਹ ਛੁਟਕੰਤ ਸਦ ਦ੍ਵਾਰਿ ਜਿਸੁ**
**ਗ੍ਯ਼ਾਨ ਗੁਰ ਬਿਮਲ ਸਰ ਸੰਤ ਸਿਖ ਨਾਈਐ॥**

ਜਿਸ ਗੁਰੂ ਰਾਮਦਾਸ ਜੀਦੇ ਦਰਬਾਰ ਵਿਚ ਕਥਾ ਕੀਰਤਨ ਰੂਪ ਨਦੀਆਂ ਦੇ ਅੰਮ੍ਰਿਤ ਰੂਪ ਪਰਵਾਹ ਛੁਟਦੇ ਹਨ ਇਸਤਰਾਂ ਦੇ ਗੁਰੂ ਰੂਪ ਸਰੋਵਰ ਵਿਚ ਗਿਆਨ ਰੂਪੀ ਨਿਰਮਲ ਜਲ ਵਿਚ ਸਿਖ ਹੋਕੇ ਇਸ਼ਨਾਨ ਕਰੀਏ ਤਾਂ ਸੰਤ ਬਣ ਜਾਈਦਾ ਹੈ ॥

**ਨਾਮੁ ਨਿਰਬਾਣੁ ਨਿਧਾਨੁ ਹਰਿ ਉਰਿਧਰਹੁ**
**ਗੁਰੂ ਗੁਰੁ ਗੁਰੁ ਕਰਹੁ ਗੁਰੂ ਹਰਿ ਪਾਈਐ ॥ ੩ ॥ ੧੫ ॥**

ਜਦੋਂ ਸੁਧ ਰੂਪ ਵਾਹਿਗੁਰੂ ਦਾ ਨਾਮ ਖਜ਼ਾਨਾ ਰਿਦੇ ਵਿਚ ਧਾਰਨ ਕਰੋਗੇ ਤਾਂ ਮਨ ਤਨ ਬਾਣੀ ਕਰਕੇ ਗੁਰੂ ਗੁਰੂ ਉਚਾਰਨ ਕਰੋਗੇ ਤਾਂ ਪੂਜਣੇ ਯੋਗ ਪ੍ਰਮਾਤਮਾਂ ਨੂੰ ਪਾ ਲਵੋਗੇ ॥ ੩ ॥ ੧੫ ॥

**ਗੁਰੂ ਗੁਰੁ ਗੁਰੂ ਗੁਰੁ ਗੁਰੂ ਜਪੁ ਮੰਨਰੇ ॥**

ਹੇ ਮਨ ਹਮੇਸ਼ਾਂ ਮਨ ਤਨ ਬਾਣੀ ਕਰਕੇ ਗੁਰੂ ਗੁਰੂ ਜਪਿਆ ਕਰ ॥

**ਜਾਕੀ ਸੇਵ ਸਿਵ ਸਿਧ ਸਾਧਿਕ ਸੁਰ ਅਸੁਰ**
**ਗਣ ਤਰਹਿ ਤੇਤੀਸ ਗੁਰ ਬਚਨ ਸੁਣਿ ਕੰਨ ਰੇ ॥**

ਸੁਰ = ਦੇਵਤੇ ॥ ਅਸੁਰ = ਦੈਂਤ ॥

ਜਿਸ ਗੁਰੂ ਜੀ ਦੀ ਸੇਵਾ ਕਰਕੇ ਅਤੇ ਕੰਨਾਂ ਵਿਚ ਬਚਨਾਂ ਨੂੰ ਸੁਣਕੇ ਸਿਧ, ਸਾਧਨ ਕਰਨ ਵਾਲੇ, ਦੇਵਤੇ, ਦੈਂਤ, ਸ਼ਿਵਜੀ ਦੇ ਨੰਦੀ ਭ੍ਰਿੰਗੀ ਆਦਕ ਦਾਸ, ਸ਼ਿਵ ਜੀ ਸਮੇਤ ਤੇਤੀ ਕਰੋੜ ਦਵਤੇ ਸਾਰੇ ਤਰ ਜਾਂਦੇ ਹਨ ॥

**ਫੁਨਿ ਤਰਹਿ ਤੇ ਸੰਤ ਹਿਤ ਭਗਤ ਗੁਰੁ ਗੁਰੁ ਕਰਹਿ**
**ਤਰਿਓ ਪ੍ਰਹਲਾਦੁ ਗੁਰ ਮਿਲਤ ਮੁਨਿ ਜੰਨ ਰੇ ॥**

ਫੇਰ ਓਹ ਤਰ ਜਾਂਦੇ ਹਨ ਜੋ ਸੰਤਾਂ ਵਿਚ ਪ੍ਰੇਮ ਕਰਕੇ ਭਗਤ ਹੋਕੇ ਗੁਰੂ ਗੁਰੂ ਕਹਿੰਦੇ ਹਨ ਮਨੀਜਨ = ਨਾਰਦ ਨੂੰ ਮਿਲਕੇ ਪ੍ਰਹਿਲਾਦ ਤਰ ਗਿਆ ॥

ਤਰਹਿ ਨਾਰਦਾਦਿ ਸਨਕਾਦਿ ਹਰਿ ਗੁਰਮੁਖਹਿ
ਤਰਹਿ ਇਕ ਨਾਮ ਲਗਿ ਤਜਹੁ ਰਸ ਅੰਨਰੇ ॥

ਗੁਰੂ ਨਾਲ ਮਿਲਕੇ ਇਕ ਪ੍ਰਮਾਤਮਾਂ ਦਾ ਜਾਪ ਕਰਕੇ ਨਾਰਦ ਸਨਕਾਦਕ ਆਦਿਕ ਬ੍ਰਹਮਾਂ ਦੇ ਪੁਤ੍ਰ ਤਰ ਗਏ ਹਨ ਇਸ ਲਈ ਹੋਰਨਾਂ ਸੁਆਦਾਂ ਨੂੰ ਛੱਡ ਦਿਓ ਤੇ ਇਕ ਨਾਮ ਜਪਣ ਵਿਚ ਲੱਗੇ ਰਹੋ ॥

ਦਾਸੁ ਬੇਨਤਿ ਕਹੈ ਨਾਮੁ ਗੁਰਮੁਖਿ ਲਹੈ
ਗੁਰੂ ਗੁਰੁ ਗੁਰੂ ਗੁਰੁ ਗੁਰੂ ਜਪੁ ਮੰਨਰੇ ॥ ੪ ॥ ੧੬ ॥ ੨੯ ॥

ਦਾਸ ਭੱਟ ਜੀ ਬੇਨਤੀ ਕਰਕੇ ਕਹਿੰਦੇ ਹਨ ਕਿ ਗੁਰੂ ਨਾਲ ਮਿਲਕੇ ਨਾਮ ਪ੍ਰਾਪਤ ਹੋਵੇਗਾ ਮਨ ਤਨ ਬਾਣੀ ਕਰਕੇ ਗੁਰੂ ਗੁਰੂ ਜਪਿਆ ਕਰੋ ॥੪॥੧੬॥੨੯॥

ਸਿਰੀ ਗੁਰੂ ਸਾਹਿਬੁ ਸਭ ਊਪਰਿ
ਕਰੀ ਕ੍ਰਿਪਾ ਸਤਜੁਗਿ ਜਿਨਿ ਧ੍ਰੂ ਪਰਿ ॥

ਜਿਸ ਗੁਰੂ ਜੀ ਨੇ ਸਤਿਯੁਗ ਵਿਚ ਧਰੂ ਉਤੇ ਕਿਰਪਾ ਕੀਤੀ ਹੈ ਓਹ ਸਭ ਦਾ ਸਿਰੋਮਣੀ ਹੈ ॥

ਸ੍ਰੀ ਪ੍ਰਹਲਾਦ ਭਗਤ ਉਧਰੀਅੰ ਹਸ੍ਤ ਕਮਲਮਾਥੇ ਪਰ ਧਰੀਅੰ ॥

ਜਦੋਂ ਹਥਾਂ ਕਮਲਾਂ ਨੂੰ ਮਥੇ ਉਤੇ ਧਰਿਆ ਤਾਂ ਪ੍ਰਹਿਲਾਦ ਭਗਤ ਤਰ ਗਿਆ॥

ਅਲਖ ਰੂਪ ਜੀਅ ਲਖ੍ਯ੍ਯਾ ਨ ਜਾਈ ॥

ਗੁਰੂ ਬਿਨਾ ਜੀਵਾਂ ਪਾਸੋਂ ਪ੍ਰਮਾਤਮਾਂ ਅਲੱਖ ਵੇਖਿਆ ਨਹੀਂ ਜਾਂਦਾ ਹੈ ॥

ਸਾਧਿਕ ਸਿਧ ਸਗਲ ਸਰਣਾਈ ॥

ਸਾਧਨਾ ਕਰਨ ਵਾਲੇ ਤੇ ਸਿੱਧ ਸਾਰੇ ਜਿਸਦੀ ਸ਼ਰਣ ਆਕੇ ਪਏ ਹੋਏਹਨ।

ਗੁਰ ਕੇ ਬਚਨਿ ਸਤਿ ਜੀਅ ਧਾਰਹੁ॥

ਹੇ ਭਾਈ! ਜੇ ਗੁਰੂ ਕੇ ਬਚਨ ਸੱਚੇ ਜਾਣਕੇ ਜੀਅ ਵਿਚ ਧਾਰਨ ਕਰੋ ॥

ਮਾਣਸ ਜਨਮੁ ਦੇਹ ਨਿਸਾਰਹੁ ॥

ਤਾਂ ਮਨੁਖ ਜਨਮ ਵਿਚ ਦੇਹ ਨੂੰ ਝੱਟ ਤਾਰ ਲਵੋ ॥

ਗੁਰੁ ਜਹਾਜੁ ਖੇਵਟੁ ਗੁਰੂ ਗੁਰ ਬਿਨੁ ਤਰਿਆ ਨ ਕੋਇ ॥

ਗੁਰੂ ਪਾਸ ਨਾਮਰੂਪੀ ਜਹਾਜ਼ ਹੈ ਗੁਰੂ ਮਲਾਹਤੋਂਬਿਨਾਂਕੋਈਨਹੀਂਤਰਿਆ॥

ਗੁਰਪ੍ਰਸਾਦਿ ਪ੍ਰਭੁ ਪਾਈਐ ਗੁਰ ਬਿਨੁ ਮੁਕਤਿ ਨ ਹੋਇ ॥

ਗੁਰੂ ਦੀ ਕਿਰਪਾ ਨਾਲ ਪ੍ਰਮਾਤਮਾਂ ਨੂੰ ਪਾਈਦਾ ਹੈ ਤੇ ਗੁਰੂ ਤੋਂ

ਬਿਨਾਂ ਮੁਕਤੀ ਵੀ ਨਹੀਂ ਹੁੰਦੀ ਹੈ ॥

ਗੁਰੁ ਨਾਨਕੁ ਨਿਕਟਿ ਬਸੈ ਬਨਵਾਰੀ ॥

ਸਾਰੀ ਦੁਨੀਆਂ ਦਾ ਮਾਲਕ ਗੁਰੂ ਨਾਨਕ ਦੇਵ ਜੀ ਦੇ ਪਾਸ ਵੱਸਦਾ ਹੈ ॥

ਤਿਨਿ ਲਹਣਾ ਥਾਪਿ ਜੋਤਿ ਜਗਿ ਧਾਰੀ ॥

ਓਨਾਂ ਨੇ ਲਹਿਣੇ ਨੂੰ ਆਪਣੀ ਥਾਂ ਤੇ ਜਗਤ ਵਿਚ ਗੱਦੀ ਉਤੇ ਬਹਾਕੇ ਆਪਣੀ ਜੋਤ ਵਿਚ ਧਾਰਨ ਕੀਤੀ ਹੈ।

ਲਹਣੈ ਪੰਥੁ ਧਰਮ ਕਾ ਕੀਆ ॥

ਲਹਿਣੇ ਨੇ ਭਗਤੀ ਦਾ ਰਸਤਾ ਪ੍ਰਗਟ ਕੀਤਾ ਹੈ ॥

ਅਮਰਦਾਸ ਭਲੇ ਕਉ ਦੀਆ ॥

ਓਹੋ ਰਸਤਾ ਅਮਰਦਾਸ ਭੱਲੇ ਨੂੰ ਅੱਗੇ ਦੇ ਦਿਤਾ ਹੈ ॥

ਤਿਨਿ ਸ੍ਰੀ ਰਾਮਦਾਸੁ ਸੋਢੀ ਥਿਰੁ ਥਪ੍ਹਉ ॥

ਗੁਰੂ ਅਮਰਦਾਸ ਜੀਨੇ ਗੁਰੂ ਰਾਮਦਾਸ ਜੀਨੂੰ ਇਸਥਿਤ ਕਰਕੇ ਆਪਣੀ ਥਾਂ ਬਹਾਇਆ ॥

ਹਰਿ ਕਾ ਨਾਮੁ ਅਖੈ ਨਿਧਿ ਅਪ੍ਹਉ ॥

ਪ੍ਰਮਾਤਮਾਂ ਦਾ ਨਾਮ ਨਾ ਨਾਸ ਹੋਣ ਵਾਲੀ ਨਿਧੀ ਅਰਪਣ ਕੀਤਾ ਹੈ ॥

ਅਪ੍ਹਉ ਹਰਿ ਨਾਮੁ ਅਖੈ ਨਿਧਿ ਚਹੁ ਜੁਗਿ
ਗੁਰ ਸੇਵਾ ਕਰਿ ਫਲੁ ਲਹੀਅੰ ॥

ਗੁਰੂ ਜੀ ਨੇ ਨਾ ਨਾਸ ਹੋਣੇ ਵਾਲੀ ਨਿਧੀ ਨਾਮ ਅਰਪਣ ਕੀਤਾ ਹੈ ਕਿਉਂ ਜੋ ਚਹੁੰਆਂ ਜੁਗਾਂ ਵਿਚ ਸੇਵਾ ਕਰਕੇ ਹੀ ਫਲ ਲਿਆ ਹੈ ॥

ਬੰਦਹਿ ਜੋ ਚਰਣ ਸਰਣਿ ਸੁਖੁ ਪਾਵਹਿ
ਪਰਮਾਨੰਦ ਗੁਰਮੁਖਿ ਕਹੀਅੰ ॥

ਜੋ ਗੁਰੂ ਜੀ ਦੀ ਚਰਨ ਸ਼ਰਨ ਆਕੇ ਨਮਸਕਾਰ ਕਰਦੇ ਹਨ ਓਹੋ ਸੁਖ ਪਾਉਂਦੇ ਹਨ ਅਤੇ ਓਹੋ ਹੀ ਵਡੇ ਅਨੰਦ ਲੈਣ ਵਾਲੇ ਗੁਰਮੁਖ ਕਹੀਦੇ ਹਨ ॥

ਪਰਤਖਿ ਦੇਹ ਪਾਰਬ੍ਰਹਮੁ ਸੁਆਮੀ ਆਦਿ ਰੂਪਿ ਪੋਖਣ ਭਰਣੰ॥

ਜੋ ਸਾਰਿਆਂ ਦਾ ਆਦ ਰੂਪ ਸਾਰਿਆਂ ਨੂੰ ਅੰਨ ਆਦਿਕ ਦੇਕੇ ਪੂਰਨ ਕਰਨ ਵਾਲਾ ਪ੍ਰਮਾਤਮਾਂ ਹੈ ਓਹੋ ਹੀ ਪ੍ਰਗਟ ਗੁਰੂ ਰਾਮਦਾਸ ਮੇਰੇ ਸੁਆਮੀ ਹਨ ॥

ਸਤਿਗਰ ਗੁਰ ਸੇਵਿ ਅਲਖ ਗਤਿ ਜਾਕੀ

ਸ੍ਰੀ ਰਾਮਦਾਸੁ ਤਾਰਣ ਤਰਣੰ ॥ ੧ ॥

ਇਕੁਰ ਦੇ ਵਡੇ ਗੁਰੂ ਜਿਨਾਂ ਦੀ ਗਤੀ ਲਖੀ ਨਹੀ ਜਾਂਦੀ ਤਿਨਾਂ ਦੇ ਚਰਨਾਂ ਦੀ ਸੇਵਾ ਕਰ, ਕਿਉਂ ਜੋ ਗੁਰੂ ਜੀ ਸੰਸਾਰ ਤੋਂ ਤਾਰਨ ਨੂੰ ਜਹਾਜ ਹਨ ॥ ੧ ॥

ਜਿਹ ਅੰਮ੍ਰਿਤ ਬਚਨ ਬਾਣੀ ਸਾਧੂ ਜਨ
ਜਪਹਿ ਕਰਿ ਬਿਚਿਤਿ ਚਾਓ ॥
ਆਨੰਦੁ ਨਿਤੁ ਮੰਗਲੁ ਗੁਰ ਦਰਸਨੁ ਸਫਲੁ ਸੰਸਾਰਿ ॥

ਜਿਸ ਗੁਰੂ ਰਾਮਦਾਸ ਜੀ ਦੇ ਬਚਨਾਂ ਨੂੰ ਸਾਧੂ ਜਨ ਚਿਤ ਵਿਚ ਵਸ਼ੇਸ਼ ਕਰਕੇ ਉਤਸ਼ਾਹ ਨਾਲ ਬਾਣੀ ਦੁਆਰਾ ਜਪਦੇ ਹਨ ਤਿਨਾਂ ਸਤਿਗੁਰਾਂ ਦਾ ਦਰਸ਼ਨ ਸੰਸਾਰ ਵਿਚ ਹਮੇਸ਼ਾਂ ਹੀ ਅਨੰਦ ਵਾਲਾ ਤੇ ਸਫਲਾ ਹੈ ॥

ਸੰਸਾਰਿ ਸਫਲੁ ਗੰਗਾ ਗੁਰ ਦਰਸਨੁ
ਪਰਸਨ ਪਰਮ ਪਵਿਤ੍ਰ ਗਤੇ ॥

ਗੰਗਾ ਭੱਟ ਜੀ ਕਹਿੰਦੇਹਨ ਕਿ ਗੁਰੂ ਦਾ ਦਰਸ਼ਨ ਸੰਸਾਰ ਵਿਚ ਸਫਲ ਹੈ ਜਿਨਾਂ ਦਾ ਦਰਸ਼ਨ ਕਰਨ ਨਾਲ ਜੀਵ ਨੂੰ ਵਡੀ ਤੇ ਪਵਿਤ੍ਰ ਮੁਕਤੀ ਮਿਲਜਾਂਦੀਹੈ।

ਜੀਤਹਿ ਜਮਲੋਕੁ ਪਤਿਤ ਜੇ ਪ੍ਰਾਣੀ
ਹਰਿ ਜਨ ਸਿਵ ਗੁਰ ਗ੍ਯ੍ਯਾਨਿ ਰਤੇ ॥

ਇਕੁਰ ਦੇ ਹਰੀ ਦੇ ਜਨ ਗੁਰੂ ਜੋ ਆਦਮੀ ਆਪਦੀ ਕਿਰਪਾ ਨਾਲ ਸਿਵ = ਕਲਜਾਨ ਸਰੂਪ ਪ੍ਰਮਾਤਮਾਂ ਦੇ ਗਿਆਨ ਵਿਚ ਰਤੇ ਹਨ ਓਹ ਆਦਮੀ ਭਾਵੇਂ ਪਾਪੀ ਵੀ ਸਨ ਪਰ ਫਿਰ ਵੀ ਓਨਾਂ ਨੇ ਜਮਲੋਕ ਨੂੰ ਜਿੱਤ ਲਿਆ ਭਾਵ "ਦੂਰ ਰਹੀ ਓਹ ਜਨ ਤੇ ਬਾਟ" ॥

ਰਘੁਬੰਸਿ ਤਿਲਕੁ ਸੁੰਦਰ ਦਸਰਥ ਘਰਿ
ਮੁਨਿ ਬੰਛਹਿ ਜਾਕੀ ਸਰਣੰ ॥

ਰਾਘਵਾਂ ਦੀ ਬੰਸ ਵਿਚ ਸਿਰੋਮਣੀ ਰਾਜਾ ਦਸਰਥ ਦੇ ਘਰ ਵਿਚ ਸੁੰਦਰ ਰੂਪ ਵਾਲੇ ਜੋ ਰਾਮ ਚੰਦ ਜੀ ਪ੍ਰਗਟ ਹੋਏ ਹਨ ਜਿਨਾਂ ਦੀ ਸਰਨ ਸਾਰੇ ਮੁਨੀ ਜਨ ਚਾਹੁੰਦੇ ਹਨ ਓਹੋ ਰੂਪ ਗੁਰੂ ਜੀ ਹਨ ॥

ਸਤਿਗੁਰੁ ਗੁਰ ਸੇਵਿ ਅਲਖ ਗਤਿ ਜਾਕੀ
ਸ੍ਰੀ ਰਾਮਦਾਸੁ ਤਾਰਣ ਤਰਣੰ ॥ ੨ ॥

ਜਿੰਨਾਂ ਦੀ ਨਾਂ ਲਖੀ ਜਾਣ ਵਾਲੀ ਗਤੀ ਹੈ ਜੋ ਪੂਜਨ ਯੋਗ ਹਨ ਸੰਸਾਰ

ਤੋਂ ਤਾਰਣ ਨੂੰ ਜਹਾਜ਼ ਹਨ ਇੱਕੁਰ ਦੇ ਗੁਰੂ ਜੀ ਦੀ ਸੇਵਾ ਕਰ ॥

**ਸੰਸਾਰੁ ਅਗਮ ਸਾਗਰੁ ਤੁਲਹਾ ਹਰਿ ਨਾਮੁ ਗੁਰੂਮੁਖਿ ਪਾਯਾ ॥**

ਇਹ ਸੰਸਾਰ ਵਡਾ ਸਮੁੰਦ੍ਰ ਹੈ ਜਿੰਨਾਂ ਆਦਮੀਆਂ ਨੇ ਗੁਰੂ ਨਾਲ ਮਿਲਕੇ ਹਰੀ ਦੇ ਨਾਮ ਵਾਲਾ ਕੱਖਾਂ ਦਾ ਫਲ੍ਹਾ ਬੇੜਾ ਪਾਇਆ ਹੈ ॥

**ਜਗਿ ਜਨਮ ਮਰਣੁ ਭਗਾ ਇਹ ਆਈ ਹੀਐ ਪਰਤੀਤਿ ॥**

ਓਨਾਂ ਦਾ ਜਗਤ ਵਿਚ ਜਨਮ ਮਰਨ ਭੱਜ ਗਿਆ ਹੈ ਦਿਲ ਵਿਚ ਇ ਪਰਤੀਤ ਆ ਗਈ ਹੈ ॥

**ਪਰਤੀਤਿ ਹੀਐ ਆਈ ਜਿਨ ਜਨਕੈ**
**ਤਿਨ੍ਹਕਉ ਪਦਵੀ ਉਚ ਭਈ ॥**

ਜਿਨਾਂ ਜਨਾਂ ਦੇ ਦਿਲ ਵਿਚ ਪ੍ਰਤੀਤ ਆ ਗਈ ਹੈ ਓਨਾਂ ਨੂੰ ਉਚੀ ਪਦਵੀ ਮਿਲ ਗਈ ਹੈ ॥

**ਤਜਿ ਮਾਇਆ ਮੋਹੁ ਲੋਭੁ ਅਰੁ ਲਾਲਚੁ**
**ਕਾਮ ਕ੍ਰੋਧ ਕੀ ਬ੍ਰਿਥਾ ਗਈ ॥**

ਓਨਾਂ ਨੇ ਮਾਇਆ ਦਾ ਮੋਹ ਅਤੇ ਮਾਇਆ ਨੂੰ ਕੱਠਿਆਂ ਕਰਨ ਦਾ ਲੋਭ ਖਾਣ ਪੀਣ ਦਾ ਲਾਲਚ ਸਭ ਛੱਡ ਦਿਤਾ ਹੈ ਏਸੇ ਲਈ ਕਾਮ ਕ੍ਰੋਧ ਆਦਿਕ ਵਿਕਾਰਾਂ ਦੀ ਪੀੜਾ ਓਨਾਂ ਦੀ ਨਾਸ ਹੋ ਗਈ ਹੈ ॥

**ਅਵਲੋਕ੍ਹਾ ਬ੍ਰਹਮੁ ਭਰਮੁ ਸਭੁ ਛੁਟਕ੍ਹਾ**
**ਦਿਬ੍ਯ ਦ੍ਰਿਸਟਿ ਕਾਰਣ ਕਰਣੰ ॥**

ਜੋ ਸਾਰੇ ਕੰਮ ਕਰਨ ਵਾਲਾ ਪ੍ਰਮਾਤਮਾਂ ਹੈ ਓਨਾਂ ਨੇ ਸਾਫ ਲੰਮੀ ਨਜ਼ਰ ਨਾਲ ਵੇਖ ਲਿਆ ਹੈ ਏਸੇ ਲਈ ਓਨਾਂ ਦਾ ਸਾਰਾ ਭ੍ਰਮ ਦੂਰ ਹੋ ਗਿਆ ਹੈ ॥

**ਸਤਿਗੁਰੁ ਗੁਰੁ ਸੇਵਿ ਅਲਖ ਗਤਿ ਜਾਕੀ**
**ਸ੍ਰੀ ਰਾਮਦਾਸੁ ਤਾਰਣ ਤਰਣੰ ॥ ੩ ॥**

(ਇਸਦਾ ਅਰਥ ਪਿਛੇ ਦੇਖੋ)

**ਪਰਤਾਪੁ ਸਦਾ ਗੁਰਕਾ ਘਟਿ ਘਟਿ ਪਰਗਾਸੁ ਭਯਾਜਸੁਜਨਕੈ॥**

ਗੁਰੂ ਜੀ ਦੇ ਜਸ ਦਾ ਪ੍ਰਤਾਪ ਸਾਰਿਆਂ ਜਨਾਂ ਦੇ ਦਿਲਾਂ ਵਿਚ ਹਮੇਸ਼ਾਂ ਪ੍ਰਕਾਸ਼ਕਦਾ ਆਇਆ ਹੈ ॥

**ਇਕਿ ਪੜਹਿ ਸੁਣਹਿ ਗਾਵਹਿ ਪਰਭਾਤਿਹਿ ਕਰਹਿ ਇਸ੍ਨਾਨੁ ॥**

ਇਕ ਸਵੇਰੇ ਉਠਕੇ ਇਸ਼ਨਾਨ ਕਰਕੇ ਗੁਰੂ ਜੀ ਦੇ ਜਸ ਨੂੰ ਪੜ੍ਹਦੇ ਤੇ ਸੁਣਦੇ, ਗਾਉਂਦੇ ਹਨ।

**ਇਸ਼ਨਾਨੁ ਕਰਹਿ ਪਰਭਾਤਿ ਸੁਧ ਮਨਿ**
**ਗੁਰ ਪੂਜਾ ਬਿਧਿ ਸਹਿਤ ਕਰੰ ॥**

ਜੋ ਸਵੇਰੇ ਇਸ਼ਨਾਨ ਕਰਦੇ ਹਨ ਓਹ ਸੁਧ ਮਨ ਹੋਕੇ ਵਿਧੀ ਨਾਲ ਗੁਰੂ ਦੀ ਪੂਜਾ ਕਰਦੇ ਹਨ॥

**ਕੰਚਨੁ ਤਨੁ ਹੋਇ ਪਰਸਿ ਪਾਰਸ ਕਉ**
**ਜੋਤਿ ਸਰੂਪੀ ਧ੍ਯਾਨੁ ਧਰੰ ॥**

ਪਾਰਸ ਰੂਪ ਗੁਰੂ ਨਾਲ ਮਿਲਕੇ ਓਨਾਂ ਦਾ ਸਰੀਰ ਸੋਨਾਂ ਹੋ ਜਾਂਦਾ ਹੈ ਤੇ ਜੋਤੀ ਸਰੂਪ ਹਰੀ ਦਾ ਧਿਆਨ ਧਰਦੇ ਹਨ॥

**ਜਗ ਜੀਵਨੁ ਜਗੰਨਾਥੁ ਜਲ ਥਲ ਮਹਿ**
**ਰਹਿਆ ਪੂਰਿ ਬਹੁ ਬਿਧਿ ਬਰਨੰ ॥**

ਜੋ ਜਗਤ ਦਾ ਜੀਵਨ ਤੇ ਜਗਤ ਦਾ ਮਾਲਕ ਜਲਾਂ ਥਲਾਂ ਵਿਚ ਪੂਰਨ ਹੋਇਆ ਹੋਇਆ ਹੈ ਜਿਸਨੂੰ ਸਿਆਣੇ ਬਹੁਤ ਪ੍ਰਕਾਰ ਕਰਕੇ ਵਰਨਨ ਕਰਦੇ ਹਨ।

**ਸਤਿਗੁਰੁ ਗੁਰੁ ਸੇਵਿ ਅਲਖ ਗਤਿ ਜਾਕੀ**
**ਸ੍ਰੀ ਰਾਮਦਾਸੁ ਤਾਰਣ ਤਰਣੰ ॥ ੪ ॥**

ਇਸਦਾ ਅਰਥ ਪਿਛੇ ਦੇਖੋ ॥ ੪॥

**ਜਿਨਹੁ ਬਾਤ ਨਿਸ੍ਚਲ ਧ੍ਰੂਅ ਜਾਨੀ ਤੇਈ ਜੀਵ ਕਾਲ ਤੇ ਬਚਾ ॥**

ਜਿਨਾਂ ਆਦਮੀਆਂ ਨੇ ਧ੍ਰੂ ਵਾਂਗੂੰ ਇਸਥਿਤ ਰਹਿਣ ਵਾਲੀ ਸੱਚੀ ਗਲ ਜਾਣੀ ਹੈ ਜੋ ਜਗਤ ਝੂਠਾ ਹੈ ਤੇ ਭਜਨ ਕੀਤਾ ਹੈ ਓਹ ਜੀਵਾਂ ਦਾ ਟੋਲਾ ਕਾਲ ਤੋਂ ਬਚ ਗਿਆ ਹੈ॥

**ਤਿਨ੍ ਤਰਿਓ ਸਮੁਦ੍ਰੁ ਰੁਦ੍ਰੁ ਖਿਨ ਇਕ ਮਹਿ**
**ਜਲਹਰ ਬਿੰਬ ਜੁਗਤਿ ਜਗੁ ਰਚਾ ॥**

ਰੁਦ੍ਰ = ਭੈਦਾਈ॥

ਓਨਾਂ ਨੇ ਡਰਾਉਣੇ ਸਮੁੰਦਰ ਨੂੰ ਇਕ ਪਲ ਵਿਚ ਤਰ ਲਿਆ ਹੈ ਜਿਸਤਰਾਂ ਪਾਣੀ ਉਤੇ ਬੁਲਬੁਲਾ ਹੁੰਦਾ ਹੈ ਇੱਕਰ ਹੀ ਪ੍ਰਮਾਤਮਾਂ ਨੇ ਇਹ ਜਗਤ ਰਚਿਆ ਹੈ ਭਾਵ ਜਿਸਤਰਾਂ ਜਲ ਦਾ ਬੁਲਬੁਲਾ ਜਲ ਨਾਲੋਂ ਵਖਰਾ ਨਹੀਂ ਹੁੰਦਾ ਹੈ ਇਕਰ ਹੀ ਸੰਸਾਰ ਵਾਹਿਗੁਰੂ ਨਾਲੋਂ ਵਖਰਾ ਨਹੀਂ ਹੈ ਤੇ ਜਲਦਾ ਬੁਲਬੁਲਾ ਨਾਸ ਹੁੰਦਾ ਜਲ

ਰੂਪ ਹੈ ਇਕੁਰ ਹੀ ਸੰਸਾਰ ਹੈ ॥

**ਕੁੰਡਲਨੀ ਸੁਰਝੀ ਸਤ ਸੰਗਤਿ ਪਰਮਾਨੰਦ ਗੁਰੂ ਮੁਖਿ ਮਚਾ ॥**

ਚਿਤ ਦੀ ਬ੍ਰਿਤੀ ਓਨਾਂ ਦੀ ਜੋ ਫਸੀ ਹੋਈ ਸੀ ਸਤ ਸੰਗਤ ਕਰਕੇ ਓਹ ਗੰਢ ਖੁਲ ਗਈ ਹੈ ਵਡੇ ਅਨੰਦ ਨੂੰ ਦੇਣ ਵਾਲਾ ਅੰਮ੍ਰਿਤ ਗੁਰੂ ਪਾਸੋਂ ਲੈਕੇ ਓਨਾਂ ਦਾ ਮਨ ਬਹੁਤ ਪਰਸੰਨ ਹੋਇਆ ਹੈ ॥

**ਸਿਰੀ ਗੁਰੂ ਸਾਹਿਬੁ ਸਭ ਊਪਰਿ**
**ਮਨ ਬਚ ਕ੍ਰੰਮ ਸੇਵੀਐ ਸਚਾ ॥ ੫ ॥**

ਇੱਕੁਰ ਦੇ ਸਚੇ ਗੁਰੂ ਜੀ ਦੀ ਜੋ ਸਾਰਿਆਂ ਦੇ ਸਰੋਮਣੀ ਹਨ ਮਨ ਤਨ ਬਾਣੀ ਕਰਕੇ ਸੇਵਾ ਕਰੀਏ ॥ ੫ ॥

**ਵਾਹਿਗੁਰੂ ਵਾਹਿਗੁਰੂ ਵਾਹਿਗੁਰੂ ਵਾਹਿ ਜੀਉ ॥**

ਹੇ ਗੁਰੂ ਜੀ ਤੁਸੀ ਚਹੁੰਆਂ ਜੁਗਾਂ ਵਿਚ ਪ੍ਰਮਾਤਮਾਂ ਦਾ ਸਰੂਪ ਅਵਤਾਰ ਧਾਰਦੇ ਆਏ ਹੋ ॥

**ਕਵਲ ਨੈਨ ਮਧੁਰ ਬੈਨ ਕੋਟਿ ਸੈਨ ਸੰਗ ਸੋਭ**
**ਕਹਤ ਮਾ ਜਸੋਦ ਜਿਸਹਿ ਦਹੀ ਭਾਤੁ ਖਾਹਿ ਜੀਉ ॥**

ਦ੍ਵਾਪਰ ਵਿਚ ਆਪ ਕ੍ਰਿਸ਼ਨ ਰੂਪ ਹੋਏ ਤੇ ਕਮਲ ਵਰਗੇ ਆਪਦੇ ਨੇਤਰ ਮਿੱਠੇ ਬਚਨਾਂ ਕਰੋੜਾਂ ਗੋਪਾਂ ਦੀਆਂ ਫੌਜਾਂ ਆਪਦੇ ਨਾਲ ਸੋਭਾ ਪਾਉਂਦੀਆਂ ਸਨ ਅਤੇ ਜਿਸ ਆਪਨੂੰ ਮਾਂ ਜਸੋਦਾ ਕਹਿੰਦੀ ਸੀ ਦਹੀ ਤੇ ਚੌਲ ਖਾ ਜਾਓ ਜੀ ॥

**ਦੇਖਿ ਰੂਪੁ ਅਤਿ ਅਨੂਪੁ ਮੋਹ ਮਹਾ ਮਗ ਭਈ**
**ਕਿੰਕਨੀ ਸਬਦ ਝਨਤਕਾਰ ਖੇਲੁ ਪਾਹਿ ਜੀਉ ॥**

ਆਪਦਾ ਬਹੁਤ ਚੰਗਾ ਅਨੂਪਮ ਰੂਪ ਵੇਖਕੇ ਮਾਤਾ ਮੋਹ ਵਿਚ ਮਗਨ ਹੋ ਜਾਂਦੀ ਸੀ ਕਿਉਂ ਜੋ ਆਪਦੇ ਖੇਲ ਵੱਡੇ ਅਸਚਰਜ ਹੁੰਦੇ ਸੀ ਤੇ ਜਦੋਂ ਖੇਡਦੇ ਸਾਓ ਉਸ ਵੇਲੇ ਆਪਦੀ ਤੜਾਗੀ ਦਾ ਅਵਾਜ਼ ਛਣ ੨ ਕਰਕੇ ਬੜਾ ਖੜਾਕ ਪਾਉਂਦਾ ਸੀ ॥

**ਕਾਲ ਕਲਮ ਹੁਕਮੁ ਹਾਥਿ ਕਹਹੁ ਕਉਨੁ ਮੇਟਿ ਸਕੈ**
**ਈਸੁ ਬੰਮੁ ਗ੍ਯਾਨ ਧ੍ਯਾਨੁ ਧਰਤ ਹੀਐ ਚਾਹਿ ਜੀਉ ॥**

ਈਸ = ਸ਼ਿਵਜੀ ॥ ਬੰਮ = ਬ੍ਰਹਮਾਂ ॥

ਫੇਰ ਆਪ ਕਾਲ ਰੂਪ ਹੋ ਅਤੇ ਹੁਕਮ ਦੀ ਕਲਮ ਆਪਦੇ ਹਥ ਵਿਚ ਹੈ ਦਸੋ ਖਾਂ ਆਪਦੇ ਹੁਕਮ ਨੂੰ ਕੌਣ ਮੇਟ ਸਕਦਾ ਹੈ ਏਸੇ ਕਰਕੇ ਸ਼ਿਵ ਜੀ ਆਪਦਾ ਧਿਆਨ ਧਰਦੇ ਤੇ ਬ੍ਰਹਮਾਂ ਗਿਆਨ ਕਰਦੇ ਦੋਵੇਂ ਚਿਤ ਵਿਚ ਵਿਚਾਰਨ ਦੀ ਚਾਹ

ਕਰਦੇ ਰਹਿੰਦੇ ਸਨ ॥

**ਸਤਿ ਸਾਚੁ ਸ੍ਰੀ ਨਿਵਾਸੁ ਆਦਿ ਪੁਰਖੁ ਸਦਾ ਤੁਹੀ**
**ਵਾਹਿਗੁਰੂ ਵਾਹਿਗੁਰੂ ਵਾਹਿਗੁਰੂ ਵਾਹਿ ਜੀਉ ॥ ੧ ॥ ੬ ॥**

ਤਿੰਨਾਂ ਸਮਿਆਂ ਵਿਚ ਨ ਨਾਸ ਹੋਣੇ ਵਾਲੇ ਸੱਚੇ, ਲੱਛਮੀ ਨੂੰ ਨਿਵਾਸ ਦੇਣ ਵਾਲੇ ਆਦ ਪੁਰਖ ਦਾ ਰੂਪ ਹਮੇਸ਼ਾਂ ਚਹੁੰ ਜੁਗਾਂ ਵਿਚ ਆਪ ਹੀ ਅਸਚਰਜ ਰੂਪ ਵਾਲੇ ਹੋ ॥ ੧ ॥ ੬ ॥

**ਰਾਮ ਨਾਮ ਪਰਮ ਧਾਮ ਸੁਧ ਬੁਧ ਨਿਰੀਕਾਰ**
**ਬੇਸੁਮਾਰ ਸਰਬਰ ਕਉ ਕਾਹਿ ਜੀਉ ॥**

ਸਾਰਿਆਂ ਜੀਵਾਂ ਵਿਚ ਰਮੇ ਹੋਏ ਪ੍ਰਮਾਤਮਾਂ ਦਾ ਨਾਮ ਵੱਡਾ ਆਸਰਾ ਰੂਪ, ਬੋਧ ਰੂਪ ਸੁਧੁ ਸਰੂਪ ਅਕਾਰ ਤੋਂ ਬਿਨਾਂ, ਬਿਅੰਤ ਹੋ ਆਪਦੇ ਬਰਾਬਰ ਕਿਸਨੂੰ ਦਸੀਏ।

**ਸੁਥਰ ਚਿਤ ਭਗਤ ਹਿਤ ਭੇਖੁ ਧਰਿਓ**
**ਹਰਨਾਖਸੁ ਹਰਿਓ ਨਖ ਬਿਦਾਰਿ ਜੀਉ ॥**

ਨਖ = ਨਹੁੰ ॥ ਹਰਿਓ = ਨਾਸ ਕੀਤਾ ॥ ਬਿਦਾਰ = ਪਾੜਿਆ ॥

ਸੁਧ ਚਿਤ ਵਾਲੇ ਪਹਿਲਾਦ ਭਗਤ ਦੀ ਰਖਿਆ ਵਾਸਤੇ ਨਰਸਿੰਘ ਨੇ ਆਪਣਾ ਭੇਖ ਧਾਰਕੇ ਹਰਨਾਖਸ਼ ਦੁਸ਼ਟ ਦਾ ਪੇਟ ਆਪਣੇ ਨਹੁੰਆਂ ਨਾਲ ਪਾੜਿਆ ਤੇ ਮਾਰਿਆ ॥

**ਸੰਖ ਚਕ੍ਰ ਗਦਾ ਪਦਮ ਆਪਿ ਆਪੁਕੀਓ ਛਦਮ**
**ਅਪਰੰਪਰ ਪਾਰਬ੍ਰਹਮ ਲਖੈ ਕਉਨੁ ਤਾਹਿ ਜੀਉ ॥**

ਸੰਖ, ਚੱਕ੍ਰ, ਗਦਾ, ਪਦਮ, ਨੂੰ ਧਾਰਨ ਵਾਲੇ ਤੁਸਾਂ ਆਪ ਹੀ ਬਾਵਣ ਰੂਪ ਧਾਰਕੇ ਛਦਮ = ਛਲ ਕੀਤਾ ਜੋ ਸੰਸਾਰ ਦਾ ਪਰਾ ਰੂਪ ਤੇਰਾ ਪਾਰਬ੍ਰਹਮ ਸਰੂਪ ਹੈ ਓਸਨੂੰ ਕੌਣ ਜਾਣ ਸਕਦਾ ਹੈ।

**ਸਤਿ ਸਾਚੁ ਸ੍ਰੀ ਨਿਵਾਸੁ ਆਦਿ ਪੁਰਖੁ ਸਦਾ ਤੁਹੀ**
**ਵਾਹਿਗੁਰੂ ਵਾਹਿਗੁਰੂ ਵਾਹਿਗੁਰੂ ਵਾਹਿ ਜੀਉ ॥ ੨ ॥ ੭ ॥**

ਇਸਦਾ ਅਰਥ ਪਿਛੇ ਦੇਖੋ ॥ ੨ ॥ ੭ ॥

**ਪੀਤ ਬਸਨ ਕੁੰਦ ਦਸਨ ਪ੍ਰਿਆ ਸਹਿਤ ਕੰਠ ਮਾਲ**
**ਮੁਕਟੁ ਸੀਸਿ ਮੋਰ ਪੰਖ ਚਾਹਿ ਜੀਉ ॥**

ਪੀਤ = ਪੀਲੇ ॥ ਕੁੰਦ = ਮਰਤਬਾਨ ਚਿੱਟੀ ਕਲੀ ਦਾ ਫੁਲ ॥ ਦਸਨ = ਦੰਦ ॥

ਪੀਲੇ ਕਪੜੇ ਪਾਉਣੇ ਵਾਲੇ ਚਿਟਿਆਂ ਦੰਦਾਂ ਵਾਲੇ ਆਪਣੀ ਪਿਆਰੀ ਰਾਧਕਾਂ ਸਮੇਤ ਬੈਠੇ ਹੋ ਤੇ ਗਲ ਵਿਚ ਮਾਲਾ ਸੋਭਾ ਪਾਉਂਦੀ ਹੈ ਅਤੇ ਸਿਰ ਉਤੇ ਮੋਰਾਂ ਦੇ ਖੰਭਾਂ ਵਾਲਾ ਮੁਕਟ ਚਾਹਿ = ਦੇਖੀਦਾ ਹੈ ਜਾਂ ਜਾਹ = ਗਰੜ ਦੀਅਸਵਾਰੀ ਵਾਲੇ ਵਿਸ਼ਨ ਰੂਪ ਹੋ ॥

**ਬੇ ਵਜੀਰ ਬਡੇ ਧੀਰ ਧਰਮ ਅੰਗ ਅਲਖ ਅਗਮ**
**ਖੇਲੁ ਕੀਆ ਆਪਣੈ ਉਛਾਹਿ ਜੀਉ ॥**

ਵਜੀਰ ਤੋਂ ਬਿਨਾਂ ਬੜੇ ਧੀਰਜ ਵਾਲੇ ਹੋ ਧਰਮੀਆਂ ਦਾ ਪੱਖ ਕਰਨ ਵਾਲੇ ਹੋ ਨ ਲਿਖਿਆ ਜਾਣ ਵਾਲਾ ਮਨ ਬਾਣੀ ਤੋਂ ਪਰੇ ਅਗੰਮ ਆਪ ਨੇ ਆਪਣੇ ਉਤਸ਼ਾਹ ਕਰਕੇ ਇਹ ਜਗਤ ਰੂਪ ਖੇਲ ਕੀਤਾ ਹੈ ॥

**ਅਕਥ ਕਥਾ ਕਥੀ ਨ ਜਾਇ ਤੀਨਿ ਲੋਕ ਰਹਿਆ ਸਮਾਇ**
**ਸੁਤਹ ਸਿਧ ਰੂਪੁ ਧਰਿਓ ਸਾਹਨ ਕੈ ਸਾਹਿ ਜੀਉ ॥**

ਆਪਦੀ ਅਕੱਥ ਕਥਾ ਹੈ ਕਥੀ ਨਹੀਂ ਜਾਂਦੀ ਹੈ ਕਿਉਂ ਜੋ ਆਪ ਤਿੰਨਾਂ ਲੋਕਾਂ ਵਿਚ ਸਮਾ ਰਹੇ ਹੋ, ਸ਼ਾਹਾਂ ਦੇ ਸ਼ਾਹ ਗੁਰੂ ਜੀ ਇਹ ਸੁਤੇ ਸਿੱਧ ਆਪ ਨੇ ਹੀ ਸਰੂਪ ਧਾਰਨ ਕੀਤਾ ਹੈ ॥

**ਸਤਿ ਸਾਚੁ ਸ੍ਰੀ ਨਿਵਾਸੁ ਆਦਿ ਪੁਰਖੁ ਸਦਾ ਤੁਹੀ**
**ਵਾਹਿਗੁਰੂ ਵਾਹਿਗੁਰੂ ਵਾਹਿਗੁਰੂ ਵਾਹਿ ਜੀਉ॥ ੩ ॥ ੮॥**

ਇਸ ਦਾ ਅਰਥ ਪਿਛੇ ਦੇਖੋ ॥ ੩ ॥ ੮ ॥

**ਸਤਿਗੁਰੂ ਸਤਿਗੁਰੂ ਸਤਿਗੁਰੁ ਗੁਬਿੰਦ ਜੀਉ ॥**

ਹੇ ਗੁਰੂ ਜੀ, ਆਪ ਤਿੰਨਾਂ ਹੀ ਸਮਿਆਂ ਵਿਚ ਗੋਬਿੰਦ ਸਰੂਪ ਹੋ ॥

**ਬਲਿਹਿ ਛਲਨ ਸਬਲ ਮਲਨ ਭਗ੍ਤਿ ਫਲਨ ਕਾਨ੍ ਕੁਅਰ**
**ਨਿਹਕਲੰਕ ਬਜੀ ਡੰਕ ਚੜ੍ਹ ਦਲ ਰਵਿੰਦ ਜੀਉ ॥**

ਬਾਵਨ ਰੂਪ ਹੋਕੇ ਆਪਨੇ ਬਲ ਰਾਜੇ ਨੂੰ ਛਲਨਾ ਕੀਤਾ ਹੈ ਅਤੇ ਬਲ ਦੇ ਸਹਿਤ ਜੋ ਦੈਂਤ ਸੀ ਓਨਾਂ ਨੂੰ ਮਲਕੇ ਭਾਵ ਮਾਰਕੇ ਭਗਤਾਂ ਨੂੰ ਮਨ ਭਾਉਂਦੇ ਫਲ ਦਿਤੇ ਹਨ ਜਸੋਦਾਂ ਜਾਂ ਦੇਵਕੀ ਨੇ ਕ੍ਰਿਸ਼ਨ ਕੁਮਾਰ ਕਹਾਏ ਹੋ ਅਤੇ ਹੁਣ ਅਗੇ ਨੂੰ ਆਪਨੇ ਹੀ ਨਿਹਕਲੰਕ ਸਰੂਪ ਹੋਣਾ ਹੈ ਜੋ ਧੌਂਸਿਆਂ ਉਤੇ ਡੰਡਿਆਂ ਦੀਆਂ ਚੋਟ ਲਗਣ ਗੀਆਂ ਅਤੇ ਸੰਭਲ ਨਗਰ ਵਿਚ ਦਲਾਂ ਸਮੇਤ ਆਉਗੇ ਜਾਂ ਰਵਿੰਦ ਸੂਰਜ ਚੰਦ੍ਰਮਾਂ ਦੇਵਤਿਆਂ ਦੇ ਦਲਾਂ ਸਮੇਤ ਆਉਗੇ ॥

**ਰਾਮ ਰਵਣ ਦੁਰਤ ਦਵਣ ਸਕਲ ਭਵਣ ਕੁਸਲ ਕਰਣ**

**ਸਰਬ ਭੂਤ ਆਪਿ ਹੀ ਦੇਵਾਧਿ ਦੇਵ ਸਹਸ ਮੁਖ ਫਨਿੰਦਜੀਉ॥**

ਰਵਣ = ਵਿਆਪਕ ॥ ਦੁਰਤ = ਪਾਪ ॥ ਦਵਣ = ਦਬਾਉਣਾ ॥
ਭੂਤ = ਜੀਵ ॥ ਦੇਵਾਧਿ = ਦੇਵਤਿਆਂ ਦੇ ਦੇਵਤੇ ॥ ਸਹਸ = ਹਜ਼ਾਰ ॥
ਫਨਿੰਦ = ਸੱਪ ।

ਆਪ ਵਿਆਪਕ ਰਾਮ ਪਾਪਾਂ ਦੇ ਨਾਸ ਕਰਨ ਵਾਲੇ ਸਾਰਿਆਂ ਲੋਕਾਂ ਨੂੰ ਸੁਖ ਦੇਣ ਵਾਲੇ ਸਾਰਿਆਂ ਜੀਵਾਂ ਦਾ ਰੂਪ ਦੇਵਤਿਆਂ ਦੇ ਦੇਵਤੇ ਹੋ ਹਜ਼ਾਰ ਮੂੰਹ ਵਾਲਾ ਸੱਪ ਆਪ ਦੀ ਉਸਤਤਿ ਕਰਦਾ ਹੈ ॥

**ਜਰਮ ਕਰਮ ਮਛ ਕਛ ਹੁਅ ਬਰਾਹ ਜਮੁਨਾ ਕੈ**
**ਕੂਲਿ ਖੇਲੁ ਖੇਲਿਓ ਜਿਨਿ ਗਿੰਦ ਜੀਉ ॥**

ਮੱਛ ਕੱਛ ਵਰਾਹ ਆਦਿਕ ਜਨਮ ਧਾਰਕੇ ਆਪਨੇ ਅਸਚਰਜ ਕਰਮ ਕੀਤੇ ਹਨ ਅਤੇ ਜਮਨਾਂ ਨਦੀ ਦੇ ਕੰਢੇਉਤੇ ਜਿਸ ਆਪਨੇ ਗੇਂਦ ਨਾਲ ਖੇਲ ਖੇਲਿਆਹੈ

**ਨਾਮੁਸਾਰੁ ਹੀਏ ਧਾਰੁ ਤਜੁ ਬਿਕਾਰੁ ਮਨ ਗਯੰਦ**
**ਸਤਿਗੁਰੂ ਸਤਿਗੁਰੂ ਸਤਿਗੁਰ ਗੁਬਿੰਦ ਜੀਉ ॥ ੪ ॥ ੯ ॥**

ਗਯੰਦ ਭੱਟ ਆਖਦਾ ਹੈ ਹੇ ਭਾਈ ਇਸਤਰਾਂ ਦੇ ਗੁਰੂ ਜੀਦਾ ਜੋ ਸ੍ਰੇਸ਼ਟ ਨਾਮ ਹੈ ਉਸਨੂੰ ਦਿਲ ਵਿਚ ਧਾਰਕੇ ਵਿਕਾਰਾਂ ਨੂੰ ਛੱਡ ਦੇਹ ਗੁਰੂ ਜੀ ਤਿੰਨਾਂ ਸਮਿਆਂ ਵਿਚ ਗੋਬਿੰਦ ਦਾ ਸਰੂਪ ਹਨ ॥ ੪ ॥ ੯ ॥

**ਸਿਰੀਗੁਰੂ ਸਿਰੀਗੁਰੂ ਸਿਰੀਗੁਰੂ ਸਤਿ ਜੀਉ ॥**

ਸ੍ਰੀ ਗੁਰੂ ਜੀ ਤਿੰਨਾਂ ਹੀ ਸਮਿਆਂ ਵਿਚ ਸਚੇ ਹਨ ॥

**ਗੁਰ ਕਹਿਆ ਮਾਨੁ ਨਿਜ ਨਿਧਾਨੁ ਸਚੁ ਜਾਨੁ ਮੰਤ੍ਰੁ**
**ਇਹੈ ਨਿਸਿ ਬਾਸੁਰ ਹੋਇ ਕਲ੍ਯ੍ਯਾਨੁ ਲਹਹਿ ਪਰਮਗਤਿ ਜੀਉ ॥**

ਨਿਜ = ਆਪਣਾ ਸਰੂਪ ॥ ਨਿਧਾਨ = ਖਜਾਨਾ ॥ ਮੰਤ੍ਰ = ਉਪਦੇਸ਼ ॥

ਗੁਰੂ ਜੀ ਦਾ ਆਖਿਆ ਹੋਇਆ ਬਚਨ ਉਪਦੇਸ਼ ਮੰਨ ਫਿਰ ਤੈਨੂੰ ਆਪਣਾ ਸਰੂਪ ਖਜ਼ਾਨਾ ਮਿਲ ਜਾਵੇਗਾ ਅਤੇ ਰਾਤ ਦਿਨ ਤੈਨੂੰ ਸੁਖ ਮਿਲੇਗਾ ਅਤੇ ਅੰਤ ਨੂੰ ਵੱਡੀ ਮੁਕਤੀ ਪਾ ਲਵੇਂਗਾ ਇਹ ਗਲ ਸੱਚੀ ਜਾਣੀਂ ॥

**ਕਾਮੁ ਕ੍ਰੋਧੁ ਲੋਭੁ ਮੋਹੁ ਜਣ ਜਣ ਸਿਉ ਛਾਡੁ ਧੋਹੁ**
**ਹਉਮੈ ਕਾ ਫੰਧੁ ਕਾਟੁ ਸਾਧ ਸੰਗਿ ਰਤਿ ਜੀਉ ॥**

ਕਾਮ, ਕ੍ਰੋਧ, ਲੋਭ, ਮੋਹ, ਵਿਕਾਰਾਂ ਨੂੰ ਛੱਡਕੇ ਜਣੇ ੨ ਨਾਲ ਛੱਲ ਕਰਨਾ ਛੱਡ ਦੇਹ ਹੰਕਾਰ ਦਾ ਫਾਹ ਕੱਟ ਅਤੇ ਸਾਧ ਸੰਗਤ ਨਾਲ ਪ੍ਰੀਤੀ ਕਰ ॥

ਦੇਹ ਗੇਹੁ ਤ੍ਰਿਅ ਸਨੇਹੁ ਚਿਤ ਬਿਲਾਸੁ ਜਗਤ ਏਹੁ
ਚਰਨ ਕਮਲ ਸਦਾ ਸੇਉ ਦ੍ਰਿੜਤਾ ਕਰੁ ਮਤਿ ਜੀਉ ॥

ਸਰੀਰ, ਘਰ, ਇਸਤ੍ਰੀ ਦਾ ਇਹ ਜਿਤਨਾ ਪ੍ਰੇਮ ਪਿਆਰ ਹੈ ਇਹ ਸਾਰਾ ਇਕ ਜਗਤ ਚਿਤ ਦਾ ਹੀ ਬਿਲਾਸ ਸਮਝ, ਭਾਵ ਮਨ ਦਾ ਅਨੰਦ ਹੈ ਇਸ ਲਈ ਜਗਤ ਦੇ ਚੇਤਨ ਪ੍ਰਮਾਤਮਾਂ ਦਾ ਸਰੂਪ ਗੁਰੂ ਜੀਦੇ ਚਰਨਾਂ ਕਮਲਾਂ ਦੀ ਸੇਵਾ ਕਰ ਇਸਤਰਾਂ ਦੀ ਭਾਵਨਾ ਅਕਲ ਵਿਚ ਪੱਕੀ ਕਰ।

ਨਾਮੁ ਸਾਰੁ ਹੀਏ ਧਾਰੁ ਤਜੁ ਬਿਕਾਰੁ ਮਨ ਗਯੰਦ
ਸਿਰੀਗੁਰੂ ਸਿਰੀਗੁਰੂ ਸਿਰੀਗੁਰੂ ਸਤਿ ਜੀਉ ॥ ੫ ॥ ੧੦ ॥

ਇਸਦਾ ਅਰਥ ਪਿਛੇ ਦੇਖੋ ॥ ੫ ॥ ੧੦ ॥

ਸੇਵਕ ਕੈ ਭਰਪੂਰ ਜੁਗੁ ਜੁਗੁ
ਵਾਹਗੁਰੂ ਤੇਰਾ ਸਭੁ ਸਦਕਾ॥

ਹੇ ਵਾਹਿਗੁਰੂ ਤੂੰ ਦਾਸਾਂ ਦੇ ਕੰਮ ਹਮੇਸ਼ਾਂ ਜੁਗਾਂ ੨ ਵਿਚ ਭਰਪੂਰ ਕਰਦਾ ਆਯਾ ਹੈਂ ਇਸ ਲਈ ਸਭ ਤੇਰੇ ਸਿਰ ਦਾ ਸਦਕਾ ਖਾਂਦੇ ਹਨ।

ਨਿਰੰਕਾਰੁ ਪ੍ਰਭੁ ਸਦਾ ਸਲਾਮਤਿ
ਕਹਿ ਨ ਸਕੈ ਕੋਊ ਤੂ ਕਦਕਾ ॥

ਹੇ ਅਕਾਰ ਤੋਂ ਬਿਨਾਂ ਸਾਡੇ ਮਾਲਕ ਤੁਸੀਂ ਸਦਾ ਹੀ ਸਲਾਮਤ ਹੋ ਕੋਈ ਕਹਿ ਨਹੀਂ ਸਕਦਾ ਕਿ ਤੂੰ ਕਦੋਂ ਦਾ ਹੈਂ।

ਬ੍ਰਹਮਾ ਬਿਸਨੁ ਸਿਰੇ ਤੈ ਅਗਨਤ
ਤਿਨ ਕਉ ਮੋਹੁ ਭਯਾ ਮਨ ਮਦਕਾ॥

ਬ੍ਰਹਮਾਂ ਬਿਸ਼ਨ ਅਨੇਕ ਆਪ ਨੇ ਪੈਦਾ ਕੀਤੇ ਹਨ ਓਨਾਂ ਦੇ ਮਨ ਵਿਚ ਮਾਇਆ ਦੇ ਹੰਕਾਰ ਦਾ ਮੋਹ ਹੋਇਆ ਹੈ ॥

ਚਵਰਾਸੀਹ ਲਖ ਜੋਨਿ ਉਪਾਈ
ਰਿਜਕੁ ਦੀਆ ਸਭਹੂ ਕਉ ਤਦਕਾ॥

ਤੁਸਾਂ ਜਦੋਂ ਦੀ ਚੁਰਾਸੀ ਲਖ ਜੂਨ ਪੈਦਾ ਕੀਤੀ ਹੈ ਤਦੋਂ ਦਾ ਹੀ ਸਭਨਾਂ ਨੂੰ ਰਿਜ਼ਕ ਦਿਤਾ ਹੈ ॥

ਸੇਵਕ ਕੈ ਭਰਪੂਰ ਜੁਗੁ ਜੁਗੁ
ਵਾਹਗੁਰੂ ਤੇਰਾ ਸਭੁ ਸਦਕਾ ॥ ੧ ॥ ੧੧ ॥

ਇਸਦਾ ਅਰਥ ਪਿਛੇ ਦੇਖੋ ॥ ੧ ॥ ੧੧ ॥

ਵਾਹੁ ਵਾਹੁ ਕਾ ਬਡਾ ਤਮਾਸਾ ॥

ਅਸਚਰਜ ਰੂਪ ਵਾਹਿਗੁਰੂ ਦਾ ਇਹ ਜਗਤ ਤਮਾਸ਼ਾ ਬੜਾ ਅਸਚਰਜ ਹੈ ।

ਆਪੇ ਹਸੈ ਆਪਿ ਹੀ ਚਿਤਵੈ
ਆਪੇ ਚੰਦੁ ਸੂਰੁ ਪਰਗਾਸਾ ॥

ਆਪੇ ਹੀ ਹਸਦਾ ਆਪੇ ਹੀ ਸਾਰਿਆਂ ਨੂੰ ਯਾਦ ਕਰਦਾ ਆਪ ਹੀ ਚੰਦ੍ਰਮਾਂ ਸੂਰਜ ਵਿਚ ਚਾਨਣ ਕਰਦਾ ਹੈ ॥

ਆਪੇ ਜਲੁ ਆਪੇ ਥਲੁ ਥੰਮ੍ਹਨੁ
ਆਪੇ ਕੀਆ ਘਟਿ ਘਟਿ ਬਾਸਾ ॥

ਆਪੇ ਹੀ ਪਾਣੀ ਹੈ ਆਪੇ ਹੀ ਪਾਣੀ ਨੂੰ ਖੜਾ ਰੱਖਣ ਵਾਲਾ ਥਾਂ ਹੈ ਆਪ ਹੀ ਘਟਾਂ ੨ ਵਿਚ ਵਾਸਾ ਕੀਤਾ ਹੈ ।

ਆਪੇ ਨਰੁ ਆਪੇ ਫੁਨਿ ਨਾਰੀ
ਆਪੇ ਸਾਰਿ ਆਪ ਹੀ ਪਾਸਾ ॥

ਆਪੇ ਹੀ ਆਦਮੀ ਆਪੇ ਹੀ ਇਸਤ੍ਰੀ ਆਪੇ ਹੀ ਜੀਵ ਰੂਪ ਨਰਦਾਂ ਤੇ ਆਪੇ ਹੀ ਤਿੰਨਾਂ ਗੁਣਾਂ ਰੂਪ ਪਾਸਾ ਹੈ ।

ਗੁਰਮੁਖਿ ਸੰਗਤਿ ਸਭੈ ਬਿਚਾਰਹੁ
ਵਾਹੁਵਾਹੁ ਕਾ ਬਡਾ ਤਮਾਸਾ ॥ ੨ ॥੧੨॥

ਹੇ ਗੁਰਮੁਖੋ ਸਤਿਗੁਰੂ ਦੀ ਸੰਗਤ ਵਿਚ ਬੈਠਕੇ ਤੁਸੀ ਸਾਰੇ ਵਿਚਾਰ ਕਰੋ ਕਿ ਵਾਹਿਗੁਰੂ ਦਾ ਬੜਾ ਅਸਚਰਜ ਤਮਾਸ਼ਾ ਹੈ ।

ਕੀਆ ਖੇਲੁ ਬਡ ਮੇਲੁ ਤਮਾਸਾ
ਵਾਹਿਗੁਰੂ ਤੇਰੀ ਸਭ ਰਚਨਾ ॥

ਹੇ ਵਾਹਿਗੁਰੂ ਤੁਸਾ ਪੰਜਾਂ ਤੱਤਾਂ ਨੂ ਮੇਲਕੇ ਇਹ ਆਪਣੀ ਖੇਲ ਵਾਸਤੇ ਜਗਤ ਰੂਪ ਵੱਡਾ ਤਮਾਸ਼ਾ ਕੀਤਾ ਹੈ ਇਹ ਜਗਤ ਆਪਦਾ ਅਸਚਰਜ ਤਮਾਸ਼ਾ ਹੈ ॥

ਤੂ ਜਲਿ ਥਲਿ ਗਗਨਿ ਪਯਾਲਿ ਪੂਰਿ ਰਹ੍ਯਾ
ਅੰਮ੍ਰਿਤ ਤੇ ਮੀਠੇ ਜਾਕੇ ਬਚਨਾ ॥

ਤੂੰ ਆਪ ਹੀ ਜਲਾਂ ਥਲਾਂ ਅਕਾਸ਼ਾਂ ਪਤਾਲਾਂ ਵਿਚ ਪੂਰਨ ਹੋ ਰਿਹਾ ਹੈਂ ਜਿਸ ਆਪਦੇ ਅੰਮ੍ਰਿਤ ਨਾਲੋਂ ਵੀ ਮਿਠੇ ਬਚਨ ਹਨ ।

**ਮਾਨਹਿ ਬ੍ਰਹਮਾਦਿਕ ਰੁਦ੍ਰਾਦਿਕ**
**ਕਾਲਕਾ ਕਾਲੁ ਨਿਰੰਜਨ ਜਚਨਾ ॥**

ਜਿਸ ਆਪਨੂੰ ਬ੍ਰਹਮਾਂ ਤੋਂ ਲੈਕੇ ਸ਼ਿਵਜੀ ਆਦਿਕ ਸਾਰੇ ਹੀ ਮੰਨਦ ਹਨ ਹੇ ਕਾਲ ਦੇ ਕਾਲ ਕਰਨਵਾਲੇ ਮਾਇਆ ਤੋਂ ਰਹਿਤ ਸਭ ਆਪ ਪਾਸੋਂ ਹੀ ਮੰਗਦੇ ਹਨ।

**ਗੁਰਪ੍ਰਸਾਦਿ ਪਾਈਐ ਪਰਮਾਰਥੁ**
**ਸਤ ਸੰਗਤਿ ਸੇਤੀ ਮਨੁ ਖਚਨਾ ॥**

ਸਤਿਗੁਰਾਂ ਦੀ ਕ੍ਰਿਪਾ ਨਾਲ ਸੰਤਾਂ ਦੀ ਸੰਗਤ ਵਿਚ ਮਨ ਨੂੰ ਖੱਚਤ ਕਰਨ ਨਾਲ ਪਰਮ ਅਰਥ ਰੂਪ ਨੂੰ ਪਾਈਦਾ ਹੈ ॥

**ਕੀਆ ਖੇਲੁ ਬਡ ਮੇਲੁ ਤਮਾਸਾ**
**ਵਾਹਗੁਰੂ ਤੇਰੀ ਸਭ ਰਚਨਾ ॥ ੩ ॥ ੧੩ ॥ ੪੨ ॥**

ਵੈਰੀ ਤੱਤਾਂ ਨੂੰ ਕੱਠਿਆਂ ਕਰਕੇ ਇਹ ਤਮਾਸ਼ਾ ਕੀਤਾ ਹੈ ਇਹ ਆਪਦੀ ਹੀ ਰਚਨਾ ਹੈ ॥ ੩ ॥ ੧੩ ॥ ੪੨ ॥

**ਅਗਮੁ ਅਨੰਤੁ ਅਨਾਦਿ ਆਦਿ ਜਿਸੁ ਕੋਇ ਨ ਜਾਣੈ ॥**

ਮਨ ਬਾਣੀ ਤੋਂ ਅਗੰਮ ਬੜਾ ਵੱਡਾ ਅਨਾਦੀ ਜਿਸ ਆਪ ਦਾ ਆਦ ਕੋਈ ਨਹੀਂ ਜਾਣਦਾ ਹੈ ॥

**ਸਿਵ ਬਿਰੰਚਿ ਧਰਿ ਧ੍ਯਾਨੁ ਨਿਤਹਿ ਜਿਸੁ ਬੇਦ ਬਖਾਣੈ ॥**

ਸ਼ਿਵਜੀ ਤੇ ਬ੍ਰਹਮਾਂ ਜਿਸਦਾ ਧਿਆਨ ਧਰਦੇ ਹਨ ਜਾਂ ਸਿਵਜੀ ਜਿਸਦਾ ਧਿਆਨ ਧਰਦੇ ਹੇ ਬ੍ਰਹਮਾਂ ਜਾਂ ਵੇਦਾਂ ਨਾਲ ਹਮੇਸ਼ਾਂ ਹੀ ਜੱਸ ਉਚਾਰਨ ਕਰਦੇ ਹਨ।

**ਨਿਰੰਕਾਰੁ ਨਿਰਵੈਰੁ ਅਵਰੁ ਨਹੀ ਦੂਸਰ ਕੋਈ ॥**

ਇਸ ਤਰ੍ਹਾਂ ਦਾ ਨਿਰੰਕਾਰ ਜੋ ਨਿਰਵੈਰ ਹੈ ਜਿਸਦੇ ਬਰਾਬਰ ਹੋਰ ਕੋਈ ਨਹੀਂ।

**ਭੰਜਨ ਗੜ੍ਹਣ ਸਮਥੁ ਤਰਣ ਤਾਰਣ ਪ੍ਰਭੁ ਸੋਈ ॥**

ਨਾਸ ਕਰਨ, ਘੜਨ ਨੂੰ ਤਕੜਾ ਹੈ ਸੰਸਾਰ ਤੋਂ ਤਾਰਨ ਵਾਸਤੇ ਓਹੋ ਹੀ ਮਾਲਕ ਜਹਾਜ ਹੈ ॥

**ਨਾਨਾ ਪ੍ਰਕਾਰ ਜਿਨਿ ਜਗੁ ਕੀਓ ਜਨੁ ਮਥੁਰਾ ਰਸਨਾ ਰਸੈ ॥**

ਮਥਰਾ ਭੱਟ ਜੀ ਆਖਦੇ ਹਨ ਜਿਸ ਪ੍ਰਮਾਤਮਾਂ ਨੇ ਇਹ ਜਗਤ ਨਾਨਾ ਪ੍ਰਕਾਰ ਕਰਕੇ ਪੈਦਾ ਕੀਤਾ ਹੈ ਮੈਂ ਤਿਸਦਾ ਦਾਸ ਹਾਂ ਅਤੇ ਰਸਨਾ ਕਰਕੇ ਉਸ ਨੂੰ ਹੀ ਜਪਦਾ ਹਾਂ ॥

**ਸ੍ਰੀ ਸਤਿਨਾਮੁ ਕਰਤਾ ਪੁਰਖੁ ਗੁਰ ਰਾਮਦਾਸ ਚਿਤਹ ਬਸੈ ॥੧॥**

ਹੇ ਗੁਰੂ ਰਾਮਦਾਸ ਜੀ ਓਹੋ ਹੀ ਸ੍ਰਭਾਇਮਾਨ ਸਤਿਨਾਮ ਅਕਾਲ ਪੁਰਖ ਦਾ ਆਪਦੇ ਚਿਤ ਵਿਚ ਵੱਸਦਾ ਹੈ ॥ ੧ ॥

**ਗੁਰੂ ਸਮਰਥੁ ਗਹਿ ਕਰੀ ਆਧ੍ਰੂਵ ਬੁਧਿ**
**ਸੁਮਤਿ ਸਮਾਰਨ ਕਉ ॥**

ਸਮਰਥ ਗੁਰੂ ਅਮਰਦਾਸ ਜੀ ਨੇ ਆਪ ਦੀ ਬੁਧੀ ਪ੍ਰੇਮ ਦੀ ਖਿੱਚ ਨਾਲ ਫੜਕੇ ਸ੍ਰੇਸ਼ਟ ਮੱਤ ਦੇ ਸੰਭਾਲਣ ਵਾਸਤੇ ਭਾਵ ਭੁਗਤੀ ਦਾ ਪ੍ਰਚਾਰ ਕਰਨ ਵਾਸਤੇ ਸਭ ਪਾਸਿਆਂ ਤੋਂ ਅਚੱਲ ਕਰ ਦਿਤੀ ਹੈ ॥

**ਫੁਨਿ ਧ੍ਰੰਮ ਧੁਜਾ ਫਹਰੰਤਿ ਸਦਾ**
**ਅਘ ਪੁੰਜ ਤਰੰਗ ਨਿਵਾਰਨ ਕਉ ॥**

ਆਪਦੇ ਦਰਵਾਜੇ ਉਤੇ ਧਰਮ ਦੀ ਧੁਜਾ ਸੰਸਾਰ ਸਮੁੰਦ੍ਰ ਦੇ ਪਾਪਾਂ ਦੀਆਂ ਬਹੁਤ ਲਹਿਰਾਂ ਦਾ ਨਾਸ ਕਰਨ ਵਾਸਤੇ ਝੂਲ ਰਹੀ ਹੈ ॥

**ਮਥੁਰਾ ਜਨ ਜਾਨਿ ਕਹੀ ਜੀਅ ਸਾਚੁ**
**ਸੁ ਅਉਰ ਕਛੂ ਨ ਬਿਚਾਰਨ ਕਉ ॥**

ਮਥਰਾ ਜੀ ਆਖਦੇ ਹਨ ਮੈਂ ਦਾਸ ਨੇ ਇਹ ਬਾਤ ਜੀਅ ਵਿਚ ਸੱਚ ਜਾਣਕੇ ਉਚਾਰਨ ਕੀਤੀ ਹੈ ਹੋਰ ਕੁਛ ਵਿਚਾਰਨ ਵਾਸਤੇ ਇਸ ਵਿਚ ਸ਼ੱਕ ਨਹੀਂ ਹੈ ॥

**ਹਰਿ ਨਾਮੁ ਬੋਹਿਥੁ ਬਡੌ ਕਲਿ ਮੈ**
**ਭਵ ਸਾਗਰ ਪਾਰਿ ਉਤਾਰਨ ਕਉ ॥੨॥**

ਇਸ ਕਲਜੁਗ ਵਿਚ ਆਦਮੀਆਂ ਦੇ ਸੰਸਾਰ ਸਮੁੰਦ੍ਰ ਤੋਂ ਪਾਰ ਉਤਾਰਨ ਵਾਸਤੇ ਹਰੀ ਦਾ ਨਾਮ ਹੀ ਵੱਡਾ ਜਹਾਜ ਹੈ ॥ ੨ ॥

**ਸੰਤਤ ਹੀ ਸਤ ਸੰਗਤਿ ਸੰਗ**
**ਸੁ ਰੰਗ ਰਤੇ ਜਸੁ ਗਾਵਤ ਹੈ ॥**

ਸੰਤਤ = ਇਕ ਰਸ ॥

ਜੋ ਪੁਰਸ਼ ਆਪਦੀ ਸੰਗਤ ਨਾਲ ਮਿਲਕੇ ਇਕ ਰਸ ਹੀ ਪ੍ਰੇਮ ਰੰਗ ਵਿਚ ਰੱਤੇ ਹੋਏ ਪ੍ਰਮਾਤਮਾਂ ਦਾ ਜਸ ਗਾਉਂਦੇ ਹਨ ॥

**ਧ੍ਰਮ ਪੰਥੁ ਧਰਿਓ ਧਰਨੀ ਧਰ ਆਪਿ**
**ਰਹੇ ਲਿਵਧਾਰਿ ਨ ਧਾਵਤ ਹੈ ॥**

ਧਰਤੀ ਦੇ ਧਾਰਨ ਵਾਲੇ ਪ੍ਰਮਾਤਮਾਂ ਨੇ ਹੀ ਗੁਰੂ ਰੂਪ ਹੋਕੇ ਧਰਮ ਦਾ ਰਸਤਾ ਭਗਤੀ ਧਾਰਨ ਕੀਤਾ ਹੈ ਓਸੇ ਵਿਚ ਆਪ ਬ੍ਰਿਤੀ ਲਾ ਰਹੇ ਹੋ ਅਤੇ ਕਦੀ ਕਿਧਰੇ ਜਾਂਦੇ ਨਹੀਂ ਹੋ ॥

**ਮਥੁਰਾ ਭਨਿ ਭਾਗ ਭਲੇ ਉਨਕੇ**
**ਮਨ ਇਛਤ ਹੀ ਫਲ ਪਾਵਤ ਹੈ ॥**

ਮਥਰਾ ਜੋ ਆਖਦੇ ਹਨ ਓਨਾਂ ਦੇ ਵਡੇ ਭਾਗ ਹਨ ਜੋ ਆਪ ਦੀ ਸੇਵਾ ਕਰਕੇ ਮਨ ਭਾਉਂਦੇ ਫਲ ਪਾਉਂਦੇ ਹਨ ॥

**ਰਵਿ ਕੇ ਸੁਤ ਕੋ ਤਿਨ ਤ੍ਰਾਸੁ ਕਹਾ**
**ਜੁ ਚਰੰਨ ਗੁਰੂ ਚਿਤੁ ਲਾਵਤ ਹੈ ॥ ੩ ॥**

ਸੂਰਜ ਦੇ ਪੁਤ੍ਰ ਧਰਮਰਾਜਾ ਦਾ ਓਨਾਂ ਨੂੰ ਕੀ ਡਰ ਹੈ ਜੋ ਗੁਰੂ ਦੇ ਚਰਨ ਨਾਲ ਮਨ ਲਾਉਂਦੇ ਹਨ ॥ ੩ ॥

**ਨਿਰਮਲ ਨਾਮੁ ਸੁਧਾ ਪਰ ਪੂਰਨ**
**ਸਬਦ ਤਰੰਗ ਪ੍ਰਗਟਿਤ ਦਿਨ ਆਗਰੁ ॥**

ਸੁਧਾ = ਅੰਮ੍ਰਿਤ ॥ ਤਰੰਗ = ਲਹਿਰਾਂ ॥ ਆਗਰ = ਅੱਗੋਂ ਹੀ, ਪਹਿਲੋਂ ਹੀ ॥

ਆਪਦੇ ਦਰਬਾਰ ਅੰਮ੍ਰਿਤਸਰ ਜਾਂ ਸਤਸੰਗਤ ਵਿਚ ਨਾਮ ਰੂਪ ਨਿਰਮਲ ਅੰਮ੍ਰਿਤ ਪਰ ਪੂਰਨ ਹੋਏ ੨ ਸ਼ਬਦ ਦੀਆਂ ਲਹਿਰਾਂ ਦਿਨ ਚੜ੍ਹਨ ਤੋਂ ਪਹਿਲੋਂ ਹੀ ਪ੍ਰਗਟ ਹੁੰਦੀਆਂ ਹਨ ਭਾਵ ਸ਼ਬਦ ਦਾ ਉਚਾਰਨ ਹੁੰਦਾ ਹੈ ॥

**ਗਹਿਰ ਗੰਭੀਰੁ ਅਥਾਹ ਅਤਿ ਬਡ**
**ਸੁਭਰੁ ਸਦਾ ਸਭ ਬਿਧਿ ਰਤਨਾਗਰੁ ॥**

ਡੂੰਘੇ ਇਸਥਿਤ ਨਾ ਹਾਥ ਵਾਲੇ ਬੜੇ ਵੱਡੇ ਭਰਪੂਰ ਰਤਨਾਂ ਦੀ ਖਾਨਾ ਸਾਰੀਆਂ ਵਿਧੀਆਂ ਵਾਲੇ ਹਮੇਸ਼ਾਂ ਹੀ ਆਪ ਹੋ ॥

**ਸੰਤ ਮਰਾਲ ਕਰਹਿ ਕੰਤੂਹਲ**
**ਤਿਨ ਜਮ ਤ੍ਰਾਸ ਮਿਟਿਓ ਦੁਖ ਕਾਗਰੁ ॥**

ਮਰਾਲ = ਹੰਸ ॥ ਕੰਤੂਹਲ = ਕੌਤਕ ॥

ਸੰਤ ਹੰਸ ਆਪਦੇ ਦਰਬਾਰ ਦੇ ਕਨਾਰੇ ਅਨੰਦ ਕਰਦੇ ਹਨ ਓਨਾਂ ਦਾ ਜਮ ਦੇ ਦੁਖਾਂ ਦੇ ਕਾਗਜ ਦਾ ਹਿਸਾਬ ਦੂਰ ਹੋ ਗਿਆ ਹੈ ॥

**ਕਲਜੁਗ ਦੁਰਤ ਦੂਰਿ ਕਰਬੇ ਕਉ**
**ਦਰਸਨੁ ਗੁਰੂ ਸਗਲ ਸੁਖ ਸਾਗਰੁ ॥ ੪ ॥**

ਸ੍ਰੀ ਸਤਿਨਾਮੁ ਕਰਤਾ ਪੁਰਖੁ ਗੁਰ ਰਾਮਦਾਸ ਚਿਤਹ ਬਸੈ ॥੧॥

ਹੇ ਗੁਰੂ ਰਾਮਦਾਸ ਜੀ ਓਹੋ ਹੀ ਸ੍ਵਭਾਇਮਾਨ ਸਤਿਨਾਮ ਅਕਾਲ ਪੁਰਖ ਦਾ ਆਪਦੇ ਚਿਤ ਵਿਚ ਵੱਸਦਾ ਹੈ ॥ ੧ ॥

ਗੁਰੂ ਸਮਰਥੁ ਗਹਿ ਕਰੀ ਧ੍ਰੁਵ ਬੁਧਿ
ਸੁਮਤਿ ਸਮ੍ਹਾਰਨ ਕਉ ॥

ਸਮਰਥ ਗੁਰੂ ਅਮਰਦਾਸ ਜੀ ਨੇ ਆਪ ਦੀ ਬੁਧੀ ਪ੍ਰੇਮ ਦੀ ਖਿੱਚ ਨਾਲ ਫੜਕੇ ਸ੍ਰੇਸ਼ਟ ਮੱਤ ਦੇ ਸੰਭਾਲਣ ਵਾਸਤੇ ਭਾਵ ਭਗਤੀ ਦਾ ਪ੍ਰਚਾਰ ਕਰਨ ਵਾਸਤੇ ਸਭ ਪਾਸਿਆਂ ਤੋਂ ਅਚੱਲ ਕਰ ਦਿਤੀ ਹੈ ॥

ਫੁਨਿ ਧ੍ਰੰਮ ਧੁਜਾ ਫਹਰੰਤਿ ਸਦਾ
ਅਘ ਪੁੰਜ ਤਰੰਗ ਨਿਵਾਰਨ ਕਉ ॥

ਆਪਦੇ ਦਰਵਾਜੇ ਉਤੇ ਧਰਮ ਦੀ ਧੁਜਾ ਸੰਸਾਰ ਸਮੁੰਦ੍ਰ ਦੇ ਪਾਪਾਂ ਦੀਆਂ ਬਹੁਤ ਲਹਿਰਾਂ ਦਾ ਨਾਸ ਕਰਨ ਵਾਸਤੇ ਝੂਲ ਰਹੀ ਹੈ ॥

ਮਥੁਰਾ ਜਨ ਜਾਨਿ ਕਹੀ ਜੀਅ ਸਾਚੁ
ਸੁ ਅਉਰ ਕਛੂ ਨ ਬਿਚਾਰਨ ਕਉ ॥

ਮਥਰਾ ਜੀ ਆਖਦੇ ਹਨ ਮੈਂ ਦਾਸ ਨੇ ਇਹ ਬਾਤ ਜੀਅ ਵਿਚ ਸੱਚ ਜਾਣਕੇ ਉਚਾਰਨ ਕੀਤੀ ਹੈ ਹੋਰ ਕੁਛ ਵਿਚਾਰਨ ਵਾਸਤੇ ਇਸ ਵਿਚ ਸ਼ੱਕ ਨਹੀਂ ਹੈ ॥

ਹਰਿ ਨਾਮੁ ਬੋਹਿਥੁ ਬਡੌ ਕਲਿ ਮੈ
ਭਵ ਸਾਗਰ ਪਾਰਿ ਉਤਾਰਨ ਕਉ ॥੨॥

ਇਸ ਕਲਜੁਗ ਵਿਚ ਆਦਮੀਆਂ ਦੇ ਸੰਸਾਰ ਸਮੁੰਦ੍ਰ ਤੋਂ ਪਾਰ ਉਤਾਰਨ ਵਾਸਤੇ ਹਰੀ ਦਾ ਨਾਮ ਹੀ ਵੱਡਾ ਜਹਾਜ ਹੈ ॥ ੨ ॥

ਸੰਤਤ ਹੀ ਸਤ ਸੰਗਤਿ ਸੰਗ
ਸੁ ਰੰਗ ਰਤੇ ਜਸੁ ਗਾਵਤ ਹੈ ॥

ਸੰਤਤ = ਇਕ ਰਸ ॥

ਜੋ ਪੁਰਸ਼ ਆਪਦੀ ਸੰਗਤ ਨਾਲ ਮਿਲਕੇ ਇਕ ਰਸ ਹੀ ਪ੍ਰੇਮ ਰੰਗ ਵਿਚ ਰੱਤੇ ਹੋਏ ਪ੍ਰਮਾਤਮਾਂ ਦਾ ਜਸ ਗਾਉਂਦੇ ਹਨ ॥

ਧ੍ਰਮ ਪੰਥੁ ਧਰਿਓ ਧਰਨੀ ਧਰ ਆਪਿ
ਰਹੇ ਲਿਵ ਧਾਰਿ ਨ ਧਾਵਤ ਹੈ ॥

ਧਰਤੀ ਦੇ ਧਾਰਨ ਵਾਲੇ ਪ੍ਰਮਾਤਮਾਂ ਨੇ ਹੀ ਗੁਰੂ ਰੂਪ ਹੋਕੇ ਧਰਮ ਦਾ ਰਸਤਾ ਭਗਤੀ ਧਾਰਨ ਕੀਤਾ ਹੈ ਓਸੇ ਵਿਚ ਆਪ ਬ੍ਰਿਤੀ ਲਾ ਰਹੇ ਹੋ ਅਤੇ ਕਦੀ ਕਿਧਰੇ ਜਾਂਦੇ ਨਹੀਂ ਹੋ ॥

**ਮਥੁਰਾ ਭਨਿ ਭਾਗ ਭਲੇ ਉਨਕੇ**
**ਮਨ ਇਛਤ ਹੀ ਫਲ ਪਾਵਤ ਹੈ ॥**

ਮਥਰਾ ਜੋ ਆਖਦੇ ਹਨ ਓਨਾਂ ਦੇ ਵਡੇ ਭਾਗ ਹਨ ਜੋ ਆਪ ਦੀ ਸੇਵਾ ਕਰਕੇ ਮਨ ਭਾਉਂਦੇ ਫਲ ਪਾਉਂਦੇ ਹਨ ॥

**ਰਵਿ ਕੇ ਸੁਤ ਕੋ ਤਿਨ ਤ੍ਰਾਸੁ ਕਹਾ**
**ਜੁ ਚਰੰਨ ਗੁਰੂ ਚਿਤੁ ਲਾਵਤ ਹੈ ॥ ੩ ॥**

ਸੂਰਜ ਦੇ ਪੁਤ੍ਰ ਧਰਮਰਾਜਾ ਦਾ ਓਨਾਂ ਨੂੰ ਕੀ ਡਰ ਹੈ ਜੋ ਗੁਰੂ ਦੇ ਚਰਨ ਨਾਲ ਮਨ ਲਾਉਂਦੇ ਹਨ ॥ ੩ ॥

**ਨਿਰਮਲ ਨਾਮੁ ਸੁਧਾ ਪਰ ਪੂਰਨ**
**ਸਬਦ ਤਰੰਗ ਪ੍ਰਗਟਿਤ ਦਿਨ ਆਗਰੁ ॥**

ਸੁਧਾ = ਅੰਮ੍ਰਿਤ ॥ ਤਰੰਗ = ਲਹਿਰਾਂ ॥ ਆਗਰ = ਅੱਗੋਂ ਹੀ, ਪਹਿਲੋਂ ਹੀ ॥

ਆਪਦੇ ਦਰਬਾਰ ਅੰਮ੍ਰਿਤਸਰ ਜਾਂ ਸਤਸੰਗਤ ਵਿਚ ਨਾਮ ਰੂਪ ਨਿਰਮਲ ਅੰਮ੍ਰਿਤ ਪਰ ਪੂਰਨ ਹੋਏ ੨ ਸ਼ਬਦ ਦੀਆਂ ਲਹਿਰਾਂ ਦਿਨ ਚੜਨ ਤੋਂ ਪਹਿਲੋਂ ਹੀ ਪ੍ਰਗਟ ਹੁੰਦੀਆਂ ਹਨ ਭਾਵ ਸ਼ਬਦ ਦਾ ਉਚਾਰਨ ਹੁੰਦਾ ਹੈ ॥

**ਗਹਿਰ ਗੰਭੀਰੁ ਅਥਾਹ ਅਤਿ ਬਡ**
**ਸੁਭਰੁ ਸਦਾ ਸਭ ਬਿਧਿ ਰਤਨਾਗਰੁ ॥**

ਡੂੰਘੇ ਇਸਥਿਤ ਨਾ ਹਾਥ ਵਾਲੇ ਬੜੇ ਵੱਡੇ ਭਰਪੂਰ ਰਤਨਾਂ ਦੀ ਖਾਨਾ ਸਾਰੀਆਂ ਵਿਧੀਆਂ ਵਾਲੇ ਹਮੇਸ਼ਾਂ ਹੀ ਆਪ ਹੋ ॥

**ਸੰਤ ਮਰਾਲ ਕਰਹਿ ਕੰਤੂਹਲ**
**ਤਿਨ ਜਮ ਤ੍ਰਾਸ ਮਿਟਿਓ ਦੁਖ ਕਾਗਰੁ ॥**

ਮਰਾਲ = ਹੰਸ ॥ ਕੰਤੂਹਲ = ਕੌਤਕ ॥

ਸੰਤ ਹੰਸ ਆਪਦੇ ਦਰਬਾਰ ਦੇ ਕਨਾਰੇ ਅਨੰਦ ਕਰਦੇ ਹਨ ਓਨਾਂ ਦਾ ਜਮ ਦੇ ਦੁਖਾਂ ਦੇ ਕਾਗਜ ਦਾ ਹਿਸਾਬ ਦੂਰ ਹੋ ਗਿਆ ਹੈ ॥

**ਕਲਜੁਗ ਦੁਰਤ ਦੂਰਿ ਕਰਬੇ ਕਉ**
**ਦਰਸਨੁ ਗੁਰੂ ਸਗਲ ਸੁਖ ਸਾਗਰੁ ॥ ੪ ॥**

ਕਲਜੁਗ ਵਿਚ ਪਾਪਾਂ ਦੇ ਦੂਰ ਕਰਨ ਵਾਸਤੇ ਸਾਰੇ ਸੁਖਾਂ ਦਾ ਸਮੁੰਦਰ ਆਪਦਾ ਦਰਸ਼ਨ ਹੀ ਹੈ ॥ ੪ ॥

**ਜਾਕਉ ਮੁਨਿ ਧ੍ਯਾਨੁ ਧਰੈ ਫਿਰਤ ਸਗਲ ਜੁਗ**
**ਕਬਹੁ ਕ ਕੋਊ ਪਾਵੈ ਆਤਮ ਪ੍ਰਗਾਸ ਕਉ ॥**

ਜਿਸ ਪ੍ਰਮਾਤਮਾਂ ਦਾ ਧਿਆਨ ਸਾਰੇ ਮੁਨੀ ਜੰਨ ਕਰਕੇ ਸਾਰਿਆਂ ਜੁਗਾਂ ਵਿਚ ਫਿਰਦੇਹਨ ਜੋ ਓਨਾਂਵਿਚੋਂ ਕੋਈਕੁ ਕੋਈ ਕਦੀ ਕੋਈ ਕਿਤੇ ਮਨ ਦੇ ਚਾਨਣ ਨੂੰ ਪਾ ਲੈਂਦਾ ਹੈ ॥

**ਬੇਦ ਬਾਣੀ ਸਹਿਤ ਬਿਰੰਚਿ ਜਸੁ ਗਾਵੈ ਜਾਕੋ**
**ਸਿਵ ਮੁਨਿ ਗਹਿ ਨ ਤਜਾਤ ਕਬਿਲਾਸ ਕੰਉ ॥**

ਬੇਦ ਬਾਣੀ ਦੇ ਨਾਲ ਬ੍ਰਹਮਾਂ ਜਿਸਦੇ ਜਸ ਨੂੰ ਉਚਾਰਨ ਕਰਦਾ ਹੈ ਫੇਰ ਜਿਸਨੂੰ ਸ਼ਿਵਜੀ ਮੁਨੀ ਫੜਕੇ ਹਿਰਦੇ ਦਾ ਧਿਆਨ ਧਰਦਾ ਹੈ ਜੋ ਕੈਲਾਸ ਪਰਬਤ ਨੂੰ ਛੱਡਦਾ ਹੀ ਨਹੀਂ ਹੈ ॥

**ਜਾਕੌ ਜੋਗੀ ਜਤੀ ਸਿਧ ਸਾਧਿਕ ਅਨੇਕ ਤਪ**
**ਜਟਾ ਜੂਟ ਭੇਖ ਕੀਏ ਫਿਰਤ ਉਦਾਸ ਕਉ ॥**

ਜਿਸਦੇ ਲੱਭਣ ਵਾਸਤੇ ਗੋਰਖ ਆਦਕ ਜੋਗੀ,ਜਤੀ ਸਿੱਧਅਨੇਕ ਸਾਧਨਾਂ ਕਰਨ ਵਾਲੇ ਜੋ ਤਪੀ ਹਨ ਜਟਾ ਜੂਟ ਹੋਕੇ ਹੋਰ ਅਨੇਕ ਭੇਖਾਂ ਨੂੰ ਧਾਰਕੇ ਉਦਾਸ ਹੋਇ ਫਿਰਦੇ ਹਨ ॥

**ਸੁ ਤਿਨਿ ਸਤਿਗੁਰਿ ਸੁਖ ਭਾਇ ਕ੍ਰਿਪਾ ਧਾਰੀ ਜੀਅ**
**ਨਾਮ ਕੀ ਬਡਾਈ ਦਈ ਗੁਰ ਰਾਮਦਾਸ ਕਉ ॥ ੫ ॥**

ਤਿਸ ਪ੍ਰਮਾਤਮਾਂ ਨੇ ਗੁਰੂ ਅਮਰਦਾਸ ਰੂਪ ਧਾਰਕੇ ਸੁਖੱਲੇ ਤਰੀਕੇ ਨਾਲ ਕਿਰਪਾ ਕਰਕੇ ਨਾਮ ਦੀ ਵਡਿਆਈ ਗੁਰੂ ਰਾਮਦਾਸ ਜੀ ਨੂੰ ਦਿੱਤੀ ਹੈ ॥ ੫ ॥

**ਨਾਮੁ ਨਿਧਾਨੁ ਧਿਆਨ ਅੰਤਰ ਗਤਿ**
**ਤੇਜ ਪੁੰਜ ਤਿਹੁ ਲੋਗ ਪ੍ਰਗਾਸੇ ॥**

ਵਾਹਿਗੁਰੂ ਦਾ ਨਾਮ ਨਿਧੀਆਂ ਦਾ ਖਜ਼ਾਨਾ ਹੈ ਤਿਸਦਾ ਧਿਆਨ ਗੁਰੂ ਰਾਮਦਾਸ ਜੀ ਦੇ ਅੰਦਰ ਹੋ ਰਿਹਾ ਹੈ ਇਸੇ ਕਰਕੇ ਬਹੁਤ ਪ੍ਰਕਾਸ਼ ਦਾ ਚਾਨਣ ਤਿੰਨਾਂ ਲੋਕਾਂ ਵਿਚ ਹੋਇਆ ਹੈ ਜਾਂ ਬਹੁਤੇ ਤੇਜ ਵਾਲੇ ਹੋਕੇ ਤਿੰਨਾਂ ਲੋਕਾਂ ਵਿਚ ਪ੍ਰਕਾਸ਼ੇ ਹਨ ॥

**ਦੇਖਤ ਦਰਸੁ ਭਟਕਿ ਭ੍ਰਮੁ ਭਜਤ**

ਦੁਖ ਪਰਹਰਿ ਸੁਖ ਸਹਜ ਬਿਗਾਸੇ ॥

ਭਟਕ = ਛੇਤੀ । ਪਰਹਰਿ = ਨਾਸ ॥

ਗੁਰੂ ਦਾ ਦਰਸ਼ਨ ਦੇਖਦਿਆਂ ਹੀ ਛੇਤੀ ਨਾਲ ਭਰਮ ਭੱਜ ਜਾਂਦਾ ਹੈ ਜਾਂ ਭਟਕਣਾ ਤੇ ਭਰਮ ਦੂਰ ਹੋ ਜਾਂਦਾ ਹੈ, ਦੁਖਾਂ ਦਾ ਨਾਸ ਤੇ ਸਹਿਜੇ ਹੀ ਰਿਦੇ ਵਿਚ ਸਖ ਫਲ ਪੈਂਦੇ ਹਨ

ਸੇਵਕ ਸਿਖ ਸਦਾ ਅਤਿ ਲੁਭਿਤ

ਅਲਿ ਸਮੂਹ ਜਿਉ ਕੁਸਮ ਸੁ ਬਾਸੇ ॥

ਗੁਰੂ ਦੇ ਦਰਸ਼ਨ ਉਤੇ ਸੇਵਕ ਸਿਖ ਇਸਤਰਾਂ ਬਹੁਤ ਲੋਭ ਲਾਲਚ ਵਾਲੇ ਹੋਏ ਹੋਏ ਹਨ ਜਿਸ ਤਰਾਂ ਬਹੁਤ ਕਮਲਾਂ ਦੀ ਵਾਸ਼ਨਾ ਉਤੇ ਭੌਰਿਆਂ ਦਾ ਸਮੂਹ ਲੋਭਿਆ ਹੁੰਦਾ ਹੈ ॥

ਬਿਦ੍ਮਾਨ ਗੁਰਿ ਆਪਿ ਥਪ੍ਉ ਥਿਰੁ

ਸਾਚਉ ਤਖਤੁ ਗੁਰੂ ਰਾਮਦਾਸੈ ॥ ੬ ॥

ਬਿਦਮਾਨ = ਹੁੰਦਿਆਂ ਹੀ ॥

ਗੁਰੂ ਅਮਰਦਾਸ ਜੀ ਨੇ ਆਪ ਹੁੰਦਿਆਂ ਹੀ ਸਚੇ ਤਖਤ ਉਤੇ ਗੁਰੂ ਰਾਮ ਦਾਸ ਜੀ ਨੂੰ ਆਪ ਅਸਥਾਪਨ ਕੀਤਾ ਹੈ ॥ ੬ ॥

ਤਰ੍ਉ ਸੰਸਾਰੁ ਮਾਯਾ ਮਦ ਮੋਹਿਤ

ਅੰਮ੍ਰਿਤ ਨਾਮੁ ਦੀਅਉ ਸਮਰਥੁ ॥

ਹੇ ਸਮਰਥ ਗੁਰੂ ਜੀ ਜੇਹੜੇ ਜੀਵ ਮਾਇਆ ਕਰਕੇ ਮੋਹਿਤ ਵੀ ਸਨ ਓਨਾਂ ਨੂੰ ਜਦੋਂ ਆਪਨੇ ਅੰਮ੍ਰਤ ਨਾਮ ਦਿਤਾ ਤਾਂ ਓਨਾਂ ਨੇ ਸੰਸਾਰ ਸਮੁੰਦ੍ਰ ਨੂੰ ਤਰ ਲਿਆਹੈ

ਫੁਨਿ ਕੀਰਤਿ ਵੰਤ ਸਦਾ ਸੁਖ ਸੰਪਤਿ

ਰਿਧਿ ਅਰੁ ਸਿਧਿ ਨ ਛੋਡਇ ਸਥੁ ॥

ਆਪ ਕੀਰਤ ਵਾਲੇ ਹੋ ਸੁਖ ਅਤੇ ਦੈਵੀ ਸੰਪਤੀ ਗੁਣ ਆਪ ਦੇ ਪਾਸ ਹਮੇਸ਼ਾਂ ਰਹਿੰਦੇ ਹਨ ਰਿਧੀਆਂ ਸਿਧੀਆਂ ਵੀ ਆਪਦਾ ਸਾਥ ਨਹੀਂ ਛਡਦੀਆਂ ਹਨ ।

ਦਾਨਿ ਬਡੌ ਅਤਿਵੰਤੁ ਮਹਾਂ ਬਲਿ

ਸੇਵਕਿ ਦਾਸਿ ਕਹਿਓ ਇਹੁ ਤਥੁ ॥

ਆਪਦਾ ਦਾਨ ਵੀ ਬੜਾ ਵਡਾ ਹੈ ਅਤੇ ਕਾਮ ਕ੍ਰੋਧ ਦੇ ਜਿਤਣ ਵਾਸਤੇ ਆਪ। ਬਲੀ ਵੀ ਬਹੁਤ ਹੋ ਦਾਸ ਭੱਟ ਕਹਿੰਦਾ ਹੈ ਮੈਂ ਦਾਸ ਨੇ ਇਹ ਸ੍ਰੇਸ਼ਟ ਬਾਤਕੀਤੀਹੈ।

ਤਾਹਿ ਕਹਾ ਪਰਵਾਹ ਕਾਹੂ ਕੀ

ਜਾਕੈ ਬ ਸੀਸਿ ਧਰਿਓ ਗੁਰਿ ਹਥੁ ॥ ੭ ॥ ੪੯ ॥

ਤਿਸਨੂੰ ਕਿਸੇ ਦੀ ਕੀ ਲੋੜ ਹੈ ਜਿਸਦੇ ਸਿਰ ਉਤੇ ਆਪ ਨੇ ਹਥ ਧਰਿਆ ਹੈ ॥ ੭ ॥ ੯ ॥ ੪੯ ॥

ਤੀਨਿ ਭਵਨ ਭਰਪੂਰਿ ਰਹਿਓ ਸੋਈ

ਅਪਨ ਸਰਸੁ ਕੀਅਉ ਨ ਜਗਤ ਕੋਈ ॥

ਤਿੰਨਾਂ ਲੋਕਾਂ ਵਿਚ ਓਹੋ ਹੀ ਪ੍ਰਮਾਤਮਾਂ ਭਰਪੂਰ ਹੋ ਰਿਹਾ ਹੈ ਆਪਣੇ ਬਰਾਬਰ ਜਗਤ ਵਿਚ ਉਸਨੇ ਕੋਈ ਨਹੀਂ ਕੀਤਾ ਹੈ ॥

ਆਪੁਨ ਆਪੁ ਆਪਹੀ ਉਪਾਯਉ ॥

ਸੁਰਿ ਨਰ ਅਸੁਰ ਅੰਤੁ ਨਹੀ ਪਾਯਉ ॥

ਜਿਸਨੇ ਆਪਣਾ ਆਪ ਆਪ ਹੀ ਜਗਤ ਵਿਚ ਪੈਦਾ ਕੀਤਾ ਹੈ । ਦੇਵਤੇ ਆਦਮੀ ਦੈਂਤਾਂ ਕਿਸੇ ਨੇ ਅੰਤ ਨਹੀਂ ਪਾਇਆ ॥

ਪਾਯਉ ਨਹੀ ਅੰਤੁ ਸੁਰੇ ਅਸੁਰਹ ਨਰ ਗਣ ਗੰਧ੍ਰਬ ਖੋਜੰਤ ਫਿਰੇ।

ਦੇਵਤਿਆਂ ਦੈਤਾਂ ਆਦਮੀਆਂ ਨੇ ਅੰਤ ਨਹੀਂ ਪਾਇਆ ਗਣ ਸ਼ਿਵ ਜੀ ਦੇ ਅਤੇ ਦੇਵਤਿਆਂ ਦੇ ਰਾਗੀ ਵੀ ਖੋਜਦੇ ਫਿਰਦੇ ਹਨ ॥

ਅਬਿਨਾਸੀ ਅਚਲੁ ਅਜੋਨੀ ਸੰਭਉ ਪੁਰਖੋਤਮੁ ਅਪਾਰ ਪਰੇ ॥

ਨ ਮਰਨ ਵਾਲਾ, ਇਸਥਿਤ ਰਹਿਨ ਵਾਲਾ, ਨ ਜਨਮ ਵਿਚ ਆਉਣ ਵਾਲਾ, ਸੁਤੇ ਪਰਕਾਸ਼ ਰੂਪ, ਪੁਰਸ਼ਾਂ ਵਿਚ ਉਤਮ ਰੂਪ ਵਡਾ ਸਭਨਾਂ ਤੋਂ ਪਰੇ ਹੈ ॥

ਕਰਣਕਾਰਣਸਮਰਥੁ ਸਦਾ ਸੋਈ ਸਰਬਜੀਅ ਮਨਿਧ੍ਯਾਇਯਉ॥

ਸਾਰਿਆਂ ਦੇ ਕਰਨ ਨੂੰ ਕਾਰਨ ਰੂਪ ਸਮਰੱਥ ਹੈ ਉਸ ਨੂੰ ਸਾਰਿਆਂ ਜੀਵਾਂ ਨੇ ਮਨ ਵਿਚ ਯਾਦ ਕੀਤਾ ਹੈ॥

ਸ੍ਰੀ ਗੁਰ ਰਾਮਦਾਸ ਜਯੋਜਯ ਜਗਮਹਿ

ਤੈ ਹਰਿ ਪਰਮ ਪਦੁ ਪਾਇਯਉ ॥ ੧ ॥

ਹੇ ਗੁਰੂ ਜੀ ਜਗਤ ਵਿਚ ਆਪਦੇ ਜੈ ਜੈ ਕਾਰ ਹੁੰਦੇ ਹਨ ਕਿਉਂ ਜੋ ਪਿਛੇ ਦੱਸੇ ਵਿਸ਼ੇਸ਼ਣਾ ਵਾਲਾ ਪਰਮਾਤਮਾਂ ਆਪਨੇ ਪਾਇਆ ਹੈ ॥ ੧ ॥

ਸਤਿਗੁਰਿ ਨਾਨਕਿ ਭਗਤਿ ਕਰੀ

ਇਕ ਮਨਿ ਤਨ ਮਨ ਧਨ ਗੋਬਿੰਦ ਦੀਅਉ ॥

ਪਹਿਲੇ ਗੁਰੂ ਨਾਨਕ ਜੀ ਨੇ ਇਕ ਮਨ ਹੋਕੇ ਭਗਤੀ ਕੀਤੀ ਮਨ ਤਨ ਧਨ ਸਭ ਪ੍ਰਮੇਸ਼ਰ ਨੂੰ ਦੇ ਦਿਤਾ।

**ਅੰਗਦਿ ਅਨੰਤ ਮੂਰਤਿ ਨਿਜ ਧਾਰੀ**
**ਅਗਮ ਗ੍ਯਾਨਿ ਰਸਿ ਰਸ੍ਯਉ ਹੀਅਉ ॥**

ਬਿਅੰਤ ਰੂਪ ਪ੍ਰਮਾਤਮਾਂ ਨੇ ਹੀ ਆਪਣੀ ਮੂਰਤੀ ਅੰਗਦ ਰੂਪ ਧਾਰੀ ਹੈ ਅਗੰਮ ਪ੍ਰਮੇਸ਼ਰ ਦੇ ਗਿਆਨ ਵਿਚ ਜਿਨਾਂ ਦਾ ਰਿਦਾ ਅਨੰਦਤ ਹੋਇਆ ੨ ਹੈ ॥

**ਗੁਰਿ ਅਮਰਦਾਸਿ ਕਰਤਾਰੁ ਕੀਅਉ ਵਸਿ**
**ਵਾਹੁ ਵਾਹੁ ਕਰਿ ਧ੍ਯਾਇਯਉ ॥**

ਗੁਰੂ ਅਮਰਦਾਸ ਜੀ ਨੇ ਕਰਤਾਰ ਨੂ ਆਪਣੇ ਵੱਸ ਕਰ ਲਿਆ ਹੈ ਤੇ ਅਸਚਰਜ ੨ ਕਰਕੇ ਧਿਆਇਆ ਹੈ ॥

**ਸ੍ਰੀ ਗੁਰ ਰਾਮਦਾਸ ਜਯੋ ਜਯ ਜਗ ਮਹਿ**
**ਤੈ ਹਰਿ ਪਰਮ ਪਦੁ ਪਾਇਯਉ ॥ ੨ ॥**

ਇਸਦਾ ਅਰਥ ਪਿਛੇ ਦੇਖੋ ॥ ੨ ॥

**ਨਾਰਦੁ ਧ੍ਰੂ ਪ੍ਰਹਲਾਦੁ ਸੁਦਾਮਾ ਪੁਬ ਭਗਤ ਹਰਿਕੇ ਜੁ ਗਣੰ ॥**

ਨਾਰਦ ਧ੍ਰ ਪ੍ਰਹਿਲਾਦ, ਸੁਦਾਮਾ ਆਦਿ ਭਗਤ ਪਰਮਾਤਮਾਂ ਦੇ ਪਹਿਲੋਂ ਜੁਗਾਂ ਵਿਚ ਗਿਣੀਂਦੇ ਹਨ ॥

**ਅੰਬਰੀਕੁ ਜਯਦੇਵ ਤ੍ਰਿਲੋਚਨੁ ਨਾਮਾ ਅਵਰੁ ਕਬੀਰੁ ਭਣੰ ॥**

ਅੰਬਰੀਕ, ਜੈਦੇਵ, ਤ੍ਰਿਲੋਚਨ, ਨਾਮਦੇਵ, ਕਬੀਰ ਜੀ ਉਚਾਰਨ ਕੀਤੇ ਜਾਂਦੇ ਹਨ।

**ਤਿਨਕੌ ਅਵਤਾਰੁ ਭਯਉ ਕਲਿ ਭਿੰਤਰਿ**
**ਜਸੁ ਜਗਤ੍ਰ ਪਰਿ ਛਾਇਯਉ ॥**

ਇਹਨਾਂ ਦਾ ਕਲਜੁਗ ਵਿਚ ਅਵਤਾਰ ਹੋਇਆ ਹੈ ਤੇ ਨਾਮ ਕਰਕੇ ਸਾਰੇ ਜਗਤ ਵਿਚ ਜਸ ਦਾ ਛੱਤ੍ਰ ਛਾਇਆ ਹੈ।

**ਸ੍ਰੀ ਗੁਰ ਰਾਮਦਾਸ ਜਯੋ ਜਯ ਜਗ ਮਹਿ**
**ਤੈ ਹਰਿ ਪਰਮ ਪਦੁ ਪਾਇਯਉ ॥ ੩ ॥**

ਇਸਦਾ ਅਰਥ ਪਿਛੇ ਦੇਖੋ ॥ ੩ ॥

**ਮਨਸਾ ਕਰਿ ਸਿਮਰੰਤ ਤੁਝੈ ਨਰ**

**ਕਾਮੁ ਕ੍ਰੋਧੁ ਮਿਟਿਅਉ ਜੁ ਤਿਣੈ ॥**

ਜੋ ਆਦਮੀ ਆਪਨੂੰ ਚੰਗੀ ਬੁਧੀ ਦੀ ਵਾਸ਼ਨਾਂ ਕਰਕੇ ਯਾਦ ਕਰਦੇ ਹਨ ਓਨਾਂ ਦਾ ਕਾਮ ਕ੍ਰੋਧ ਮਿਟ ਜਾਂਦਾ ਹੈ ॥

**ਬਾਚਾ ਕਰਿ ਸਿਮਰੰਤ ਤੁਝੈ**

**ਤਿਨ ਦੁਖੁ ਦਰਿਦ੍ਰੁ ਮਿਟਿਯਉ ਜੁ ਖਿਣੈ ॥**

ਜੋ ਆਦਮੀ ਬਾਣੀ ਕਰਕੇ ਆਪੇਨੂੰ ਯਾਦ ਕਰਦੇ ਹਨ ਓਨਾਂ ਦਾ ਦੁਖ ਦਰਿਦ੍ਰ ਇਕ ਛਿਨ ਵਿਚ ਮਿਟ ਜਾਂਦਾ ਹੈ ॥

**ਕਰਮ ਕਰਿਤੁ ਅਦਰਸ ਪਰਸ ਪਾਰਸ**

**ਸਰਬਲ੍ਯ ਭਟ ਜਸੁ ਗਾਇਯਉ ॥**

ਸਰੀਰ ਕਰਕੇ ਜੋ ਆਪਦਾ ਦਰਸ਼ਨ ਪਰਸਨ ਕਰਦੇ ਹਨ ਸੋ ਪਾਰਸ ਦੇ ਬਰਾਬਰ ਹੋ ਜਾਂਦੇ ਹਨ ਬਲ ਭੱਟ ਕਹਿੰਦਾ ਹੈ ਮੈਂ ਆਪਦਾ ਜਸ ਗਾਇਆ ਹੈ ॥

**ਸ੍ਰੀ ਗੁਰ ਰਾਮਦਾਸ ਜਯੋ ਜਯ ਜਗ ਮਹਿ**

**ਤੈ ਹਰਿ ਪਰਮ ਪਦੁ ਪਾਇਯਉ ॥ ੪ ॥**

ਇਸਦਾ ਅਰਥ ਪਿਛੇ ਦੇਖੋ ॥ ੪ ॥

**ਜਿਹ ਸਤਿਗੁਰ ਸਿਮਰੰਤ ਨਯਨ ਕੇ ਤਿਮਰ ਮਿਟਹਿ ਖਿਨੁ ॥**

ਜਿਸ ਗੁਰੂ ਦੇ ਸਿਮਰਨ ਕਰਨ ਨਾਲ ਬੁਧੀ ਰੂਪ ਨੇਤਰਾਂ ਦਾ ਅਗਜਾਨ ਰੂਪ ਵਿਕਾਰ ਹਨੇਰਾ ਇਕ ਛਿਨ ਵਿਚ ਮਿਟ ਜਾਂਦਾ ਹੈ ॥

**ਜਿਹ ਸਤਿਗੁਰ ਸਿਮਰੰਥਿ ਰਿਦੈ ਹਰਿ ਨਾਮੁ ਦਿਨੋ ਦਿਨੁ ॥**

ਜਿਸ ਗੁਰ ਦੇ ਸਿਮਰਨ ਕਰਨ ਨਾਲ ਦਿਨੋ ਦਿਨ ਪ੍ਰਮਾਤਮਾਂ ਦੇ ਨਾਮ ਦੀ ਪ੍ਰਾਪਤੀ ਹੁੰਦੀ ਹੈ ॥

**ਜਿਹ ਸਤਿਗੁਰ ਸਿਮਰੰਥਿ ਜੀਅ ਕੀ ਤਪਤਿ ਮਿਟਾਵੈ ॥**

ਜਿਸ ਗੁਰੂ ਦੇ ਸਿਮਰਨ ਕਰਨ ਨਾਲ ਇਹ ਜੀਵ ਦਿਲ ਦੀ ਤਪਤ ਮਿਟਾ ਦੇਂਦਾ ਹੈ ॥

**ਜਿਹ ਸਤਿਗੁਰ ਸਿਮਰੰਥਿ ਰਿਧਿ ਸਿਧਿ ਨਵਨਿਧਿ ਪਾਵੈ ॥**

ਜਿਸ ਗੁਰੂ ਦੇ ਸਿਮਰਨ ਕਰਨ ਨਾਲ ਰਿਧੀਆਂ ਸਿਧੀਆਂ ਨਿਧੀਆਂ ਨੂੰ ਜੀਵ ਪਾ ਲੈਂਦਾ ਹੈ ।

**ਸੋਈ ਰਾਮਦਾਸੁ ਗੁਰੁ ਬਲ੍ਯ ਭਣਿ**

ਮਿਲਿ ਸੰਗਤਿ ਧੰਨਿ ਧੰਨਿ ਕਰਹੁ ॥

ਬਲ ਭੱਟ ਕਹਿੰਦਾ ਹੈ ਓਹੋ ਗੁਰੂ ਰਾਮਦਾਸ ਜੀ ਹਨ ਗੁਰ ਦੀ ਸੰਗਤ ਵਿਚ ਮਿਲਕੇ ਧੰਨ ਧੰਨ ਕਰੋ ॥

ਜਿਹ ਸਤਿਗੁਰ ਲਗਿ ਪ੍ਰਭੁ ਪਾਈਐ

ਸੋ ਸਤਿਗੁਰ ਸਿਮਰਹੁ ਨਰਹੁ ॥ ੫ ॥ ੫੪ ॥

ਜਿਸ ਗੁਰੂ ਦੀ ਚਰਨੀ ਲਗਕੇ ਪ੍ਰਭੂ ਨੂੰ ਪਾਈਦਾ ਹੈ ਉਸ ਗੁਰੂ ਦਾ ਸਿਮਰਨ ਕਰੋ ॥ ੫ ॥ ੫੪ ॥

ਜਿਨਿ ਸਬਦੁ ਕਮਾਇ ਪਰਮ ਪਦੁ ਪਾਇਓ

ਸੇਵਾ ਕਰਤ ਨ ਛੋਡਿਓ ਪਾਸੁ ॥

ਜਿਸ ਗੁਰੂ ਰਾਮਦਾਸ ਜੀ ਨੇ ਗੁਰ ਉਪਦੇਸ਼ ,ਨੂੰ ਕਮਾਉਂਦਿਆਂ ਹੋਇਆਂ ਉਚਾ ਮੁਰਾਤਬਾ ਪਾਇਆ ਹੈ ਅਤੇ ਸੇਵਾ ਕਰਦਿਆਂ ਹੋਇਆਂ ਗੁਰੂ ਅਮਰਦਾਸ ਜੀ ਦਾ ਸਾਥ ਨਹੀਂ ਛਡਿਆ ਹੈ ॥

ਤਾਤੇ ਗਉਹਰੁ ਗ੍ਯਾਨ ਪ੍ਰਗਟੁ ਉਜੀਆਰਉ

ਦੁਖ ਦਰਿਦ੍ਰ ਅੰਧ੍ਯਾਰ ਕੋ ਨਾਸੁ ॥

ਉਸ ਸੇਵਾ ਕਰਕੇ ਮੋਤੀ ਰੂਪ ਸੁਧ ਗਿਆਨ ਪ੍ਰਗਟ ਹੋਇਆ ਉਸ ਪ੍ਰਕਾਸ਼ ਕਰਕੇ ਦੁਖ ਦਰਿਦਰ ਹਨੇਰੇ ਦਾ ਨਾਸ ਹੋ ਗਿਆ ਹੈ ॥

ਕਵਿ ਕੀਰਤ ਜੋ ਸੰਤ ਚਰਨ ਮੁੜਿ ਲਾਗਹਿ

ਤਿਨ੍ ਕਾਮ ਕ੍ਰੋਧ ਜਮ ਕੋ ਨਹੀ ਤ੍ਰਾਸੁ ॥

ਕੀਰਤ ਕਵੀ ਕਹਿੰਦਾ ਹੈ ਜੇਹੜੇ ਆਦਮੀ ਸੰਸਾਰ ਤੋਂ ਮੁੜਕੇ ਸੰਤ ਗੁਰੂ ਦੀ ਚਰਨੀ ਲੱਗੇ ਹਨ ਓਨਾਂ ਨੂੰ ਕਾਮ ਕ੍ਰੋਧ ਜਮ ਦਾ ਭੈ ਨਹੀਂ ਹੁੰਦਾ ਹੈ ॥

ਜਿਵ ਅੰਗਦੁ ਅੰਗਿ ਸੰਗਿ ਨਾਨਕ ਗੁਰ

ਤਿਵ ਗੁਰ ਅਮਰਦਾਸ ਕੈ ਗੁਰੁ ਰਾਮਦਾਸੁ ॥ ੧ ॥

ਜਿਕੁਰ ਗੁਰੂ ਨਾਨਕ ਦੇਵ ਜੀ ਦੇ ਅੰਗ ਸੰਗ ਗੁਰ ਅੰਗਦ ਦੇਵ ਜੀ ਸਨ ਇੱਕੁਰ ਹੀ ਅਮਰਦਾਸ ਜੀ ਦੇ ਨਾਲ ਗੁਰੂ ਰਾਮਦਾਸ ਜੀ ਹਨ ॥ ੧ ॥

ਜਿਨਿ ਸਤਿਗੁਰੁ ਸੇਵਿ ਪਦਾਰਥੁ ਪਾਯਉ

ਨਿਸਿ ਬਾਸੁਰ ਹਰਿ ਬਚਨ ਨਿਵਾਸੁ ॥

ਹੇ ਗੁਰੂ ਜੀ ਤੁਸਾਂ ਗੁਰੂ ਅਮਰਦਾਸ ਨੂੰ ਸੇਵਕੇ ਮੁਕਤੀ ਪਦਾਰਥ ਪਾਇਆ

ਹੈ ਪ੍ਰਮਾਤਮਾਂ ਰੂਪ ਗੁਰੂ ਦੇ ਚਰਨਾਂ ਵਿਚ ਹਮੇਸ਼ਾਂ ਨਿਵਾਸ ਕੀਤਾ ਹੈ ॥

ਤਾਤੇ ਸੰਗਤਿ ਸਘਨ ਭਾਇ ਭਉ ਮਾਨਹਿ
ਤੁਮ ਮਲੀਆਗਰ ਪ੍ਰਗਟ ਸੁਬਾਸੁ ॥

ਏਸੇ ਕਰਕੇ ਸਾਰੀ ਸੰਗਤ ਆਪ ਤੋਂ ਡਰਦੀ ਤੇ ਪ੍ਰੇਮ ਕਰਦੀ ਹੈ ਆਪ ਚੰਦਨ ਹੋ, ਚੰਗੀ ਵਾਸਨਾ ਜਗਤ ਵਿਚ ਫੈਲ ਰਹੀ ਹੈ ॥

ਧ੍ਰੂ ਪ੍ਰਹਿਲਾਦ ਕਬੀਰ ਤਿਲੋਚਨ ਨਾਮ ਲੈਤ ਉਪਜੇ੍ ਜੁ ਪ੍ਰਗਾਸੁ॥

ਧ੍ਰੂ, ਪ੍ਰਹਿਲਾਦ, ਕਬੀਰ ਤ੍ਰਿਲੋਚਨ ਇਨਾਂ ਨੂੰ ਨਾਮ ਲੈਣ ਕਰਕੇ ਚਾਨਣ ਪ੍ਰਗਟ ਹੋਇਆ ਹੈ ॥

ਜਿਹ ਪਿਖਤ ਅਤਿ ਹੋਇ ਰਹਸੁ ਮਨਿ
ਸੋਈ ਸੰਤ ਸਹਾਰੁ ਗੁਰੂ ਰਾਮਦਾਸੁ ॥ ੨ ॥

ਜਿਸਦਾ ਦਰਸ਼ਨ ਕਰਨ ਕਰਕੇ ਮਨ ਵਿਚ ਬਹੁਤ ਹੀ ਅਨੰਦ ਹੁੰਦਾ ਹੈ ਓਹੋ ਹੀ ਸੰਤਾਂ ਦਾ ਆਸਰਾ ਗੁਰੂ ਰਾਮਦਾਸ ਜੀ ਹਨ ॥ ੨ ॥

ਨਾਨਕਿ ਨਾਮੁ ਨਿਰੰਜਨ ਜਾਨ੍ਉ
ਕੀਨੀ ਭਗਤਿ ਪ੍ਰੇਮ ਲਿਵਲਾਈ ॥

ਪਹਿਲੇ ਗੁਰੂ ਨਾਨਕ ਦੇਵ ਜੀ ਨੇ ਨਿਰੰਜਨ ਦੇ ਨਾਮ ਨੂੰ ਜਾਣਿਆਂ ਹੈ ਤੇ ਬ੍ਰਿਤੀ ਜੋੜਕੇ ਪ੍ਰੇਮਾ ਭਗਤੀ ਕੀਤੀ ਹੈ ॥

ਤਾਤੈ ਅੰਗਦੁ ਅੰਗ ਸੰਗਿ ਭਯੋ ਸਾਇਰੁ
ਤਿਨਿ ਸਬਦ ਸੁਰਤਿ ਕੀਨੀ ਵਰਖਾਈ ॥

ਗੁਰੂ ਅੰਗਦ ਜੀ ਦੇ ਅੰਗ ਸੰਗ ਹੋਕੇ ਗੁਰੂ ਅਮਰਦਾਸ ਜੀ ਜਸ ਕਰਨ ਵਾਲੇ ਕਵੀ ਜਾਂ ਸਮੁੰਦਰ ਵਤ ਹੋ ਗਏ ਫਿਰ ਆਪਨੇ ਪ੍ਰਮਾਤਮਾਂ ਦੀ ਸੁਰਤੀ ਦੀ ਪਰਾਪਤੀ ਦੇ ਗਿਆਨ ਦੀ ਨੀਂਹ ਰੱਖੀ ਹੈ ਜਾਂ ਬਰਖਾ ਕੀਤੀ ਹੈ ॥

ਗੁਰ ਅਮਰਦਾਸ ਕੀ ਅਕਥ ਕਥਾ ਹੈ
ਇਕ ਜੀਹ ਕਛੁ ਕਹੀ ਨ ਜਾਈ ॥

ਗੁਰੂ ਅਮਰਦਾਸ ਜੀ ਦੀ ਕਥਾ ਅਕਥ ਹੈ ਇਕ ਜੀਭ ਨਾਲ ਕੁਛ ਕਹੀ ਨਹੀਂ ਜਾਂਦੀ ਹੈ ॥

ਸੋਢੀ ਸ੍ਰਿਸ੍ਟਿ ਸਕਲ ਤਾਰਣ ਕਉ
ਅਬ ਗੁਰ ਰਾਮਦਾਸ ਕਉ ਮਿਲੀ ਬਡਾਈ ॥ ੩ ॥

ਸਾਰੀ ਸ੍ਰਿਸ਼ਟੀ ਨੂੰ ਤਾਰਨ ਵਾਸਤੇ ਹੁਣ ਗੁਰੂ ਰਾਮਦਾਸ ਸੋਢੀ ਨੂੰ ਜਗਤ ਵਿਚ ਗੁਰਿਆਈ ਦੀ ਵਡਿਆਈ ਮਿਲੀ ਹੈ ॥ ੩ ॥

ਹਮ ਅਵਗੁਣ ਭਰੇ ਏਕੁ ਗੁਣੁ ਨਾਹੀ ॥
ਅੰਮ੍ਰਿਤੁ ਛਾਡਿ ਬਿਖੈ ਬਿਖੁ ਖਾਈ ॥

ਅਸੀਂ ਔਗੁਣਾਂ ਨਾਲ ਭਰੇ ਹੋਏ ਹਾਂ ਸਾਡੇ ਵਿਚ ਇਕ ਵੀ ਗੁਣ ਨਹੀਂ ਹੈ ਨਾਮ ਅੰਮ੍ਰਿਤ ਨੂੰ ਛੱਡਕੇ ਵਿਹੁ ਰੂਪ ਵਿਸ਼ਿਆਂ ਨੂੰ ਖਾਂਦੇ ਹਾਂ ॥

ਮਾਯਾ ਮੋਹ ਭਰਮ ਪੈ ਭੂਲੇ ਸੁਤ ਦਾਰਾ ਸਿਉ ਪ੍ਰੀਤਿ ਲਗਾਈ ॥

ਮਾਇਆ ਦੇ ਮੋਹ ਕਰਕੇ ਭਰਮ ਵਿਚ ਪੈਕੇ ਆਪ ਤੋਂ ਭੁਲ ਗਏ ਸਾਂ ਅਤੇ ਪੁਤਰ ਇਸਤ੍ਰੀ ਝੂਠਿਆਂ ਪਦਾਰਥਾਂ ਨਾਲ ਪਰੀਤੀ ਕੀਤੀ ਸੀ ॥

ਇਕੁ ਉਤਮ ਪੰਥੁ ਸੁਨਿਓ ਗੁਰ ਸੰਗਤਿ
ਤਿਹ ਮਿਲੰਤ ਜਮ ਤ੍ਰਾਸ ਮਿਟਾਈ ॥

ਗੁਰੂ ਦੀ ਸੰਗਤ ਇਕ ਉਤਮ ਰਸਤਾ ਸੁਣਿਆਂ ਹੈ ਤਿਸਨੂੰ ਮਿਲਕੇ ਅਸਾਂ ਜਮ ਦੀ ਤ੍ਰਾਸ ਮਿਟਾ ਦਿਤੀ ਹੈ ਭਾਵ ਡਰ ਨਹੀਂ ਰਹਿਆ ਹੈ ॥

ਇਕ ਅਰਦਾਸਿ ਭਾਟ ਕੀਰਤਿ ਕੀ
ਗੁਰ ਰਾਮਦਾਸ ਰਾਖਹੁ ਸਰਣਾਈ॥ ੪ ॥ ੫੮ ॥

ਕੀਰਤ ਭਟ ਦੀ ਇਕ ਬੇਨਤੀ ਹੈ ਕਿ ਗੁਰੂ ਜੀ ਮੈਨੂੰ ਆਪਣੀ ਸ਼ਰਣ ਵਿਚ ਰਖੋ ॥ ੪ ॥ ੫੮ ॥

ਮੋਹੁ ਮਲਿ ਬਿਵਸਿ ਕੀਅਉ ਕਾਮੁ ਗਹਿ ਕੇਸ ਪਛਾੜ੍ਹਉ ॥

ਆਪਨੇ ਵਿਸ਼ੇਸ਼ ਕਰਕੇ ਮੋਹ ਰੂਪ ਮਾਲੀ ਨੂੰ ਵਸ ਕਰ ਲਿਆ ਹੈ ਅਤੇ ਕਾਮ ਨੂੰ ਕੇਸਾਂ ਤੋਂ ਫੜਕੇ ਧਰਤੀ ਉਤੇ ਪਟਕਾ ਮਾਰਿਆ ਹੈ ॥

ਕ੍ਰੋਧਿ ਖੰਡਿ ਪਰਚੰਡਿ ਲੋਭੁ ਅਪਮਾਨ ਸਿਉ ਝਾੜ੍ਹਉ ॥

ਤਿਖੇ ਗੁਸੇ ਨੂੰ ਟੁਕੜੇ ੨ ਕਰ ਦਿਤਾ ਅਤੇ ਲੋਭ ਨੂੰ ਨਿਰਾਦਰ ਨਾਲ ਝਾੜੂ ਪਾਇਆ ਹੈ ।

ਜਨਮੁ ਕਾਲੁ ਕਰ ਜੋੜ ਹੁਕਮੁ ਜੋ ਹੋਇ ਸੁ ਮੰਨੈ ॥

ਜਨਮ ਮਰਨ ਹੱਥ ਜੋੜਕੇ ਆਪਦੇ ਅਗੇ ਖੜੇ ਹਨ ਜੋ ਆਪਦਾ ਹੁਕਮ ਹੁੰਦਾ ਹੈ ਓਹੋ ਹੀ ਮੰਨਦੇ ਹਨ ॥

ਭਵ ਸਾਗਰੁ ਬੰਧਿਅਉ ਸਿਖ ਤਾਰੇ ਸੁ ਪ੍ਰਸੰਨੈ ॥

ਸੰਸਾਰ ਸਮੁੰਦਰ ਤੋਂ ਤਰਨ ਵਾਸਤੇ ਆਪ ਨੇ ਨਾਮ ਦਾ ਪੁਲ ਬੰਨ੍ਹਿਆਂ ਹੈ

ਉਸ ਉਤੇ ਪਰਸੰਨ ਹੋਕੇ ਆਪ ਨੇ ਸਿੱਖਾਂ ਨੂੰ ਤਾਰਿਆ ਹੈ ॥

**ਸਿਰਿ ਆਤਪਤੁ ਸਚੌ ਤਖਤੁ ਜੋਗ ਭੋਗ ਸੰਜੁਤੁ ਬਲਿ ॥**

ਆਤਪਤ = ਛੱਤਰ ॥

ਆਪਦੇ ਸਿਰ ਉਤੇ ਜਸ ਰੂਪ ਛੱਤਰ ਝੁਲ ਰਿਹਾ ਹੈ ਅਤੇ ਗੁਰਿਆਈ ਦੇ ਸੱਚੇ ਤਖਤ ਉਤੇ ਜੋਗ ਭੋਗ ਬਲ ਦੇ ਨਾਲ ਬਿਰਾਜਮਾਨ ਹੋ ॥

**ਗੁਰ ਰਾਮਦਾਸ ਸਚੁ ਸਲ੍ਯ ਭਣਿ**

**ਤੂ ਅਟਲੁ ਰਾਜਿ ਅਭਗੁ ਦਲਿ ॥ ੧ ॥**

ਕੱਲ ਭਟ ਕਹਿੰਦਾ ਹੈ ਹੇ ਗੁਰੂ ਜੀ ਤੁਸੀਂ ਅਟਲ ਰਾਜ ਵਾਲੇ ਹੋ ਅਤੇ ਆਪਦਾ ਦਲ ਜੋ ਦੈਵੀ ਸੰਪਤਾ ਹੈ ਭੱਜਣ ਤੋਂ ਰਹਿਤ ਹੈ ਭਾਵ ਆਪਦੇ ਗੁਣਾਂ ਨੂੰ ਔਗੁਣ ਆਕੇ ਦਬਾ ਨਹੀ ਸਕਦੇ ॥ ੧ ॥

**ਤੂ ਸਤਿਗੁਰੁ ਚਹੁ ਜੁਗੀ ਆਪਿ ਆਪੇ ਪਰਮੇਸਰੁ ॥**

ਹੇ ਗੁਰੂ ਜੀ ਚਹੁੰਆਂ ਜੁਗਾਂ ਵਿਚ ਤੁਸੀਂ ਆਪੇ ਆਪ ਹੀ ਪ੍ਰਮੇਸ਼ਰ ਦਾ ਰੂਪ ਹੋ।

**ਸੁਰਿ ਨਰ ਸਾਧਿਕ ਸਿਧ ਸਿਖ ਸੇਵੰਤ ਧੁਰਹ ਧੁਰੁ ॥**

ਦੇਵਤੇ, ਆਦਮੀ, ਸਾਧਨਾ ਵਾਲੇ, ਸਿਧ, ਸਿਖ ਏਹ ਸਭ ਆਦ ਤੋਂ ਲੈਕੇ ਆਪਦੀ ਸੇਵਾ ਕਰਦੇ ਆਏ ਹਨ ॥

**ਆਦਿ ਜੁਗਾਦਿ ਅਨਾਦਿ ਕਲਾਧਾਰੀ ਤ੍ਰਿਹੁ ਲੋਅਹ ॥**

ਪਹਿਲੇ ਜੁਗਾਂ ਦੇ ਵਿਚ ਆਪਨੇ ਅਨਾਦੀ ਰੂਪ ਕਲਾ ਧਾਰੀ ਸੀ ਇਹ ਤਿੰਨੇ ਲੋਕ ਉਸੇ ਕਰਕੇ ਹੋਏ ਹੋਏ ਹਨ ਜਾਂ ਹੇ ਅਨਾਦੀ ਤਿੰਨਾਂ ਲੋਕਾਂ ਦੀ ਪਹਿਲੇ ਆਪ ਨੇ ਹੀ ਕਲਾ ਧਾਰੀ ਸੀ ਆਦ ਜੁਗਾਦ ਆਪ ਹੀ ਇਹ ਕੰਮ ਕਰਦੇ ਹੋ ॥

**ਅਗਮ ਨਿਗਮ ਉਧਰਣ ਜਰਾ ਜੰਮਿਹਿ ਆਰੋਅਹ ॥**

ਅਗੰਮ ਵਰਾਹ ਰੂਪ ਧਾਰਕੇ ਤੁਸਾਂ ਸੰਖਾਸੁਰ ਨੂੰ ਮਾਰਕੇ ਵੇਦਾਂ ਨੂੰ ਬਚਾ-ਇਆ ਅਤੇ ਬੁਢੇਪਾ, ਜੰਮਣਾ, ਇਹੋ ਜਹੇ ਵਿਕਾਰਾਂ ਉਤੇ ਆਪ ਅਸਵਾਰ ਹੋਏ ਹੋ ਭਾਵ ਵੱਸ ਕੀਤਾ ਹੈ ॥

**ਗੁਰ ਅਮਰਦਾਸਿ ਥਿਰੁ ਥਪਿਅਉ ਪਰਗਾਮੀ ਤਾਰਣ ਤਰਣ ॥**

ਗੁਰੂ ਅਮਰਦਾਸ ਜੀ ਨੇ ਆਪਨੂੰ ਇਸਥਿਤ ਪਦ ਉਤੇ ਅਸਥਾਪਨ ਕੀਤਾ ਹੈ, ਆਪ ਸੰਸਾਰ ਤੋਂ ਪਰੇ ਹੋਕੇ ਚਲਣ ਵਾਲੇ ਹੋ ਭਾਵ ਪ੍ਰਮਾਤਮਾਂ ਨੂੰ ਮਿਲੇ ਹੋ ਤੇ ਦਾਸਾਂ ਨੂੰ ਸੰਸਾਰ ਤੋਂ ਤਾਰਨ ਲਈ ਜਹਾਜ ਹੋ ॥

**ਅਘ ਅੰਤਕ ਬਦੈਨ ਸਲ੍ਯ ਕਵਿ**

**ਗੁਰ ਰਾਮਦਾਸ ਤੇਰੀ ਸਰਣ ॥ ੨ ॥ ੬੦ ॥**

ਅਘ = ਪਾਪ ॥ ਅੰਤਕ = ਅੰਤ ਕਰਨਾ ਜਾਂ ਜਮ ਦਾ ਨਾਮ ਵੀ ਹੈ ॥

ਬਦੈਨ = ਕਹੀਦੇ ਹੋ ॥ ਜਾਂ ਕਬ ਦੈਨ = ਕਵਿਤਾ ਦੇਣ ਵਾਲੇ ਹੋ।

ਸਲ ਕਵੀ ਕਹਿੰਦਾ ਹੈ ਆਪ ਪਾਪਾਂ ਦਾ ਨਾਸ ਕਰਨ ਵਾਲੇ ਕਹੀਦੇ ਹੋ ਹੇ ਗੁਰੂ ਜੀ ਮੈਂ ਆਪਦੀ ਸ਼ਰਨ ਹਾਂ ॥ ੨ ॥ ੬੦ ॥

## ਸਵਈਏ ਮਹਲੇ ਪੰਜਵੇ ਕੇ ੫

ੴ ਸਤਿਗੁਰਪ੍ਰਸਾਦਿ ॥

**ਸਿਮਰੰ ਸੋਈ ਪੁਰਖੁ ਅਚਲੁ ਅਬਿਨਾਸੀ ॥**

ਜੋ ਨਾ ਮਰਨ, ਇਸਥਿਤ ਰਹਿਣ ਵਾਲਾ ਅਕਾਲ ਪੁਰਖ ਹੈ ਉਸਨੂੰ ਮੈਂ ਸਿਮਰਦਾ ਹਾਂ ॥

**ਜਿਸੁ ਸਿਮਰਤ ਦੁਰਮਤਿ ਮਲੁ ਨਾਸੀ ॥**

ਜਿਸਦੇ ਸਿਮਰਨ ਨਾਲ ਖੋਟੀ ਸਿਖਿਆ ਮੈਲ ਨਾਸ ਹੋ ਜਾਂਦੀ ਹੈ ॥

**ਸਤਿਗੁਰ ਚਰਣ ਕਵਲ ਰਿਦਿ ਧਾਰੰ ॥**

ਗੁਰੂ ਦੇ ਚਰਨ ਕਵਲ ਦਿਲ ਵਿੱਚ ਧਾਰਕੇ ॥

**ਗੁਰ ਅਰਜੁਨ ਗੁਣ ਸਹਿਜ ਬਿਚਾਰੰ ॥**

ਗੁਰੂ ਅਰਜਨ ਜੀ ਦੇ ਸ਼ਾਂਤੀਆਦਿਕ ਵੱਡਿਆਂਗੁਣਾਂ ਦਾ ਵਿਚਾਰਕਰਦਾਹਾਂ।

**ਗੁਰ ਰਾਮਦਾਸ ਘਰਿ ਕੀਅਉ ਪ੍ਰਗਾਸਾ ॥**

ਆਪ ਗੁਰੂ ਰਾਮਦਾਸ ਜੀਦੇ ਘਰ ਪਰਗਟ ਹੋਏ ਹੋ ॥

**ਸਗਲ ਮਨੋਰਥ ਪੂਰੀ ਆਸਾ ॥**

ਆਪਦੇ ਮਨੋਰਥਾਂ ਦੀ ਸਾਰੀ ਆਸਾ ਪੂਰੀ ਹੋਈ ਹੈ ॥

**ਤੈ ਜਨਮਤ ਗੁਰਮਤਿ ਬ੍ਰਹਮੁ ਪਛਾਣਿਓ ॥**

ਆਪਨੇ ਜੰਮਦਿਆਂਹੀ ਗੁਰਾਂਦੀ ਸਿਖਿਆ ਲੈਕੇ ਪ੍ਰਮਾਤਮਾਂ ਨੂੰਪਛਾਣਿਆਹੈ।

**ਕਲ੍ਯ ਜੋੜਿ ਕਰ ਸੁਜਸੁ ਵਖਾਣਿਓ ॥**

ਕੱਲ ਕਵੀ ਕਹਿੰਦਾ ਹੈ ਮੈਂ ਹੱਥ ਜੋੜਕੇ ਆਪਦਾ ਜੱਸ ਕਥਨ ਕਰਦਾ ਹਾਂ

**ਭਗਤਿ ਜੋਗ ਕੌ ਜੈਤਵਾਰੁ ਹਰਿ ਜਨਕੁ ਉਪਾਯਉ ॥**

ਜਨਕ = ਗਿਆਨ ॥

ਭਗਤੀ ਤੇ ਜੋਗ ਨੂੰ ਆਪ ਜਿੱਤਨ ਭਾਵ ਧਾਰਨ ਵਾਲੇ ਹੋ ਹਰੀ ਨੇ ਆਪ ਨੂੰ ਗਿਆਨ ਰੂਪ ਪ੍ਰਗਟ ਕੀਤਾ ਹੈ ॥

**ਸਬਦੁ ਗੁਰੂ ਪਰਕਾਸਿਓ ਹਰਿ ਰਸਨ ਬਸਾਯਉ ॥**

ਜਦੋਂ ਗੁਰੂ ਰਾਮਦਾਸ ਜੀਨੇ ਆਪਨੂੰ ਸ਼ਬਦ ਦਾ ਚਾਨਣ ਕੀਤਾ ਓਦੋਂ ਹੀ ਆਪਨੇ ਪ੍ਰਮਾਤਮਾਂ ਨੂੰ ਰਸਨਾ ਉਤੇ ਵਸਾ ਲਿਆ ॥

**ਗੁਰ ਨਾਨਕ ਅੰਗਦ ਅਮਰ ਲਾਗਿ ਉਤਮ ਪਦੁ ਪਾਯਉ ॥**

ਗੁਰੂ ਨਾਨਕ ਜੀਦੇ ਚਰਣੀ ਲੱਗਕੇ ਗੁਰੂ ਅੰਗਦ ਜੀ ਤੇ ਗੁਰੂ ਅੰਗਦ ਜੀ ਦੇ ਚਰਨੀ ਲਗਕੇ ਗੁਰੂ ਅਮਰਦਾਸ ਜੀ ਨੇ ਉਤਮ ਪਦ ਨੂੰ ਪਾਇਆ ਹੈ ॥

**ਗੁਰੁ ਅਰਜੁਨੁ ਘਰਿ ਗੁਰ ਰਾਮਦਾਸ**
**ਭਗਤ ਉਤਰਿ ਆਯਉ ॥ ੧ ॥**

ਇੱਕਰ ਹੀ ਗੁਰੂ ਰਾਮਦਾਸ ਜੀ ਦੇ ਘਰ ਗੁਰੂ ਅਰਜਨ ਜੀ ਭਗਤੀ ਦਾ ਰੂਪ ਅਵਤਾਰ ਆਏ ਹਨ ॥ ੧ ॥

**ਬਡਭਾਗੀ ਉਨ ਮਾਨਿਅਉ ਰਿਦਿ ਸਬਦੁ ਬਸਾਯਉ॥**

ਵਡਿਆਂ ਭਾਗਾਂ ਵਾਲਿਆਂ ਨੇ ਆਪ ਨੂੰ ਭਗਤੀ ਦਾ ਅਵਤਾਰ ਮੰਨਿਆ ਹੈ ਅਤੇ ਦਿਲ ਵਿੱਚ ਆਪਦਾ ਉਪਦੇਸ਼ ਵਸਾਇਆ ਹੈ ॥

**ਮਨੁ ਮਾਣਕੁ ਸੰਤੋਖਿਅਉ ਗੁਰਿ ਨਾਮੁ ਦ੍ਰਿੜ੍ਹਾਅਉ ॥**

ਜਿਨਾਂ ਨੂੰ ਆਪ ਨੇ ਨਾਮ ਦਾ ਅਭਜਾਸ ਪੱਕਾ ਕਰਾਇਆ ਹੈ ਓਨਾਂ ਦਾ ਮਨ ਮਾਣਕ ਵਾਂਗੂੰ ਸੁਧ ਹੋ ਗਿਆ ਹੈ ਤੇ ਸੰਤੋਖ ਆ ਗਿਆ ਹੈ ॥

**ਅਗਮੁ ਅਗੋਚਰੁ ਪਾਰਬ੍ਰਹਮੁ ਸਤਿਗੁਰਿ ਦਰਸਾਯਉ ॥**

ਤੁਸਾਂ ਆਪਣੇ ਸਿੱਖਾਂ ਨੂੰ ਅਪੁਜ ਨ ਦਿਸਣ ਵਾਲਾ ਤੇ ਪਰੇ ਰਹਿਣ ਵਾਲਾ ਪ੍ਰਮਾਤਮਾਂ ਦਿਖਾ ਦਿਤਾ ਹੈ ॥

**ਗੁਰੁ ਅਰਜੁਨੁ ਘਰਿ ਗੁਰ ਰਾਮਦਾਸ**
**ਅਨਭਉ ਠਹਰਾਯਉ ॥ ੨ ॥**

ਹੇ ਗੁਰੂ ਜੀ ਅਸਾਂ ਤੁਹਾਨੂੰ ਗੁਰੂ ਰਾਮਦਾਸ ਜੀ ਦੇ ਘਰ ਨਾਂ ਡਰਨ ਵਾਲੇ ਪ੍ਰਮਾਤਮਾਂ ਦਾ ਰੂਪ ਹੀ ਠਹਿਰਾਇਆ ਭਾਵ ਸਮਝਿਆ ਹੈ ॥ ੨ ॥

**ਜਨਕ ਰਾਜੁ ਬਰਤਾਇਆ ਸਤਜੁਗੁ ਆਲੀਣਾ ॥**

ਆਲੀਣਾ = ਆ ਮਿਲਿਆ ਹੈ ॥

ਆਪਨੇ ਜਗਤ ਵਿਚ ਗਿਆਨ ਦਾ ਰਾਜ ਵਰਤਾ ਦਿਤਾ ਹੈ, ਕਿਉਂ, ਜੋ

ਕਲਜੁਗ ਦਾ ਸਤਜੁਗ ਕਰ ਦਿਤਾ ਹੈ ॥

**ਗੁਰ ਸਬਦੇ ਮਨੁ ਮਾਨਿਆ ਅਪਤੀਜੁ ਪਤੀਣਾ ॥**

ਜਿਨ੍ਹਾਂ ਦਾ ਮਨ ਗੁਰੂ ਦੇ ਉਪਦੇਸ਼ ਵਿਚ ਮੰਨ ਗਿਆ ਹੈ ਓਹ ਭਾਵੇਂ ਕੋਈ ਗੱਲ ਨਹੀਂ ਵੀ ਮੰਨਦਾ ਸੀ ਤਦ ਵੀ ਹੁਣ ਓਹ ਮੰਨਣ ਲਗ ਪਿਆ ਹੈ ॥

**ਗੁਰ ਨਾਨਕੁ ਸਚੁ ਨੀਵ ਸਾਜਿ ਸਤਿਗੁਰ ਸੰਗਿ ਲੀਣਾ ॥**

ਗੁਰੂ ਨਾਨਕ ਜੀ ਨੇ ਸੱਚ ਦੀ ਨੀਂਹ ਸਾਜਕੇ ਭਾਵ ਭਗਤੀ ਦਾ ਰਸਤਾ ਪ੍ਰਗਟ ਕਰਕੇ ਸੱਚੇ ਗੁਰੂ ਭਾਵ ਅਕਾਲ ਪੁਰਖਨਾਲ ਆਪਣੇ ਮਨਨੂੰ ਲੀਣਕੀਤਾਹੈ

**ਗੁਰੁ ਅਰਜੁਨੁ ਘਰਿ ਗੁਰ ਰਾਮਦਾਸ ਅਪਰੰਪਰੁ ਬੀਣਾ ॥ ੩ ॥**

ਇੱਕੁਰ ਹੀ ਹੋਰ ਗੁਰੂ ਤੇ ਗੁਰੂ ਰਾਮਦਾਸ ਜੀ ਦੇ ਘਰ ਗੁਰੂ ਅਰਜਨ ਜੀ ਸੰਸਾਰ ਦਾ ਪਰਾ ਰੂਪ ਪ੍ਰਮਾਤਮਾਂ ਦਾ ਰੂਪ ਹੀ ਬੀਣਾ = ਦੇਖੀਦਾ ਹੈ ॥ ੩ ॥

**ਖੇਲੁ ਗੂੜਉ ਕੀਅਉ ਹਰਿ ਰਾਇ ਸੰਤੋਖਿ ਸਮਾਚਰ੍ਯਿਓ**
**ਬਿਮਲ ਬੁਧਿ ਸਤਿਗੁਰਿ ਸਮਾਣਉ ॥**

ਹੇ ਹਰੀ ਪ੍ਰਕਾਸ਼ਕ ਰੂਪ ਗੁਰੂ ਜੀ ਇਹ ਜਗਤ ਆਪ ਨੇ ਗੂਹੜਾ ਖੇਲ ਕੀਤਾ ਹੈ ਕਿਉਂ ਜੋ ਸੰਤੋਖ ਆਦਿਕ ਸਾਰਿਆਂ ਗੁਣਾਂ ਨੂੰ ਆਪ ਨੇ ਚੰਗੀ ਤਰਾਂ ਕੱਠਿਆਂ ਕੀਤਾ ਹੈ ਅਤੇ ਆਪ ਨਿਰਮਲ ਬੁਧੀ ਕਰਕੇ ਸਤਿਗੁਰੂ ਜੀ ਦੇ ਵਿਚ ਸਮਾਏ ਹੋ ॥

**ਆਜੋਨੀ ਸੰਭਵਿਅਉ ਸੁ ਜਸੁ**
**ਕਲ੍ਯ ਕਵੀਅਣਿ ਬਖਾਣਿਅਉ ॥**

ਕੱਲ ਕਵੀ ਕਹਿੰਦਾ ਹੈ ਨ ਜਨਮ ਵਿਚ ਆਉਣ ਵਾਲੇ ਦਾ ਰੂਪ ਆਪ ਪ੍ਰਗਟ ਹੋਏ ਹੋ ਏਸੇ ਲਈ ਬਿਆਸ ਆਦਿਕ ਬਹੁਤਿਆਂ ਕਵੀਆਂ ਨੇ ਆਪਦਾ ਜਸ ਕਥਨ ਕੀਤਾ ਹੈ ॥

**ਗੁਰਿ ਨਾਨਕਿ ਅੰਗਦੁ ਵਰ੍ਯਉ ਗੁਰਿ ਅੰਗਦਿ ਅਮਰ ਨਿਧਾਨੁ॥**

ਵਰਿਅਉ = ਵਰ ਦਿਤਾ ਜਾਂ ਨਾਮ ਦੀ ਵਰਖਾ ਕੀਤੀ ॥ ਨਿਧਾਨ = ਖਜਾਨਾ ॥

ਗੁਰੂ ਨਾਨਕ ਜੀ ਗੁਰੂ ਅੰਗਦ ਜੀ ਨੂੰ ਵਰ ਦਿਤਾ ਗੁਰੂ ਅੰਗਦ ਜੀ ਗੁਰੂ ਅਮਰਦਾਸ ਜੀ ਨੂੰ ਨਾਮ ਦਾ ਖਜ਼ਾਨਾ ਦਿਤਾ॥

**ਗੁਰਿ ਰਾਮਦਾਸ ਅਰਜੁਨੁ ਵਰ੍ਯਉ ਪਾਰਸੁ ਪਰਸੁ ਪ੍ਰਮਾਣੁ ॥੪॥**

ਹੇ ਗੁਰੂ ਜੀ ਇੱਕੁਰ ਹੀ ਗੁਰੂ ਰਾਮਦਾਸ ਜੀ ਨੇ ਆਪਨੂੰ ਵਰ ਦਿਤਾ ਗੁਰੂ ਪਾਰਸ ਨੂੰ ਛੁਹਕੇ ਆਪ ਓਹੋ ਹੀ ਰੂਪ ਪਰਮਾਣ ਹੋ ਗਏ ਹੋ ॥ ੪ ॥

**ਸਦ ਜੀਵਣੁ ਅਰਜੁਨੁ ਅਮੋਲੁ ਆਜੋਨੀ ਸੰਭਉ ॥**

ਸੰਭੁਉ = ਸੁਤੇ ਪ੍ਰਕਾਸ਼ ਹੈ ॥

ਜੋ ਸਦਾ ਜੀਉਂਦਾ ਰਹਿਣ ਵਾਲਾ ਅਮੋਲਕ ਨਾਂ ਜਨਮ ਵਿਚ ਆਉਣਵਾਲਾ ਪ੍ਰਮਾਤਮਾ ਹੈ ਓਹੋ ਹੀ ਰੂਪ ਆਪ ਹੋ ॥

**ਭਯ ਭੰਜਨੁ ਪਰ ਦੁਖ ਨਿਵਾਰੁ ਅਪਾਰੁ ਅਨੰਭਉ ॥**

ਸਾਰਾ ਡਰ ਨਾਸ ਕਰਨ ਵਾਲੇ ਪਰਾਇਆਂ ਦਾ ਦੁਖ ਦੂਰ ਕਰਨ ਵਾਲੇ ਅਪਾਰ ਅਨਭਵ ਰੂਪ ਹੋ ॥

**ਅਗਹ ਗਹਣੁ ਭ੍ਰਮੁ ਭ੍ਰਾਂਤਿ ਦਹਣੁ ਸੀਤਲੁ ਸੁਖ ਦਾਤਉ ॥**

ਜੋ ਨਹੀਂ ਫੜਿਆ ਜਾਂਦਾ ਉਸ ਪ੍ਰਮੇਸਰ ਨੂੰ ਆਪ ਫੜਨ ਵਾਲੇ ਹੋ ਭਰਮ ਅਤੇ ਭ੍ਰਾਂਤੀ ਨੂੰ ਆਪ ਸਾੜਨ ਵਾਲੇ ਹੋ ਸੀਤਲ ਸੁਖਾਂ ਦੇ ਦੇਣ ਵਾਲੇ ਹੋ ॥

**ਆਸੰਭਉ ਉਦਵਿਅਉ ਪੁਰਖੁ ਪੂਰਨ ਬਿਧਾਤਉ ॥**

ਆਸੰਭਉ = ਜਨਮ ਤੇ ਰਹਿਤ ॥ ਉਦਵਿਅਉ = ਪ੍ਰਗਟ ਹੋਯਾ ॥

ਜੋ ਜਨਮ ਤੋਂ ਰਹਿਤ ਪੂਰਨ ਪੁਰਖ ਹਰ ਇਕ ਫਲ ਦੇਣ ਵਾਲਾ ਹੈ ਓਹੋ ਰੂਪ ਆਪ ਪਰਗਟ ਹੋਏ ਹੋ ॥

**ਨਾਨਕ ਆਦਿ ਅੰਗਦ ਅਮਰ ਸਤਿਗੁਰ ਸਬਦਿ ਸਮਾਇਅਉ ॥**

ਗੁਰੂ ਨਾਨਕ ਜੀ ਤੋਂ ਲੈਕੇ ਗੁਰੂ ਅੰਗਦ ਗੁਰੂ ਅਮਰਦਾਸ ਜੀ ਗੁਰੂ ਰਾਮਦਾਸ ਜੀ ਸਾਰੇ ਗੁਰੂ ਗੁਰੂ ਉਪਦੇਸ਼ ਦੁਆਰਾ ਪ੍ਰਮਾਤਮਾਂ ਵਿਚ ਸਮਾਏ ਹੋਏ ਹੋ ।

**ਧਨੁ ਧੰਨੁ ਗੁਰੂ ਰਾਮਦਾਸ ਗੁਰੂ**
**ਜਿਨਿ ਪਾਰਸੁ ਪਰਸਿ ਮਿਲਾਇਅਉ ॥ ੫ ॥**

ਗੁਰੂ ਰਾਮਦਾਸ ਜੀ ਧੰਨ ਹੋ ਕਿਉਂ ਜੋ ਪਾਰਸ ਰੂਪ ਆਪਨੂੰ ਪਰਸਕੇ ਗੁਰੂ ਅਰਜਨ ਜੀ ਨੇ ਆਪਣੇ ਆਪਨੂੰ ਪ੍ਰਮਾਤਮਾਂ ਨਾਲ ਮਿਲਾਇਆ ਹੈ ॥ ੫ ॥

**ਜੈਜੈ ਕਾਰੁ ਜਾਸੁ ਜਗ ਅੰਦਰਿ**
**ਮੰਦਰਿ ਭਾਗੁ ਜੁਗਤਿ ਸਿਵ ਰਹਤਾ ॥**

ਜਿਸ ਆਪਦਾ ਜਗਤ ਵਿਚ ਜੈਜੈ ਕਾਰ ਹੁੰਦਾ ਹੈ ਭਾਗਾਂ ਦੇ ਮੰਦਰ ਹੋ ਭਾਵ ਬਹੁਤ ਪੁੰਨ ਕਰਦੇ ਹੋ ਆਪਦਾ ਮਨ ਹਮੇਸ਼ਾਂ ਕਲਯਾਨ ਰੂਪ ਪ੍ਰਮਾਤਮਾਂ ਨਾਲ ਜੁੜਿਆ ਰਹਿੰਦਾ ਹੈ ॥

**ਗੁਰੁ ਪੂਰਾ ਪਾਯਉ ਬਡਭਾਗੀ ਲਿਵਲਾਗੀ ਮੇਦਨਿਭਰੁਸਹਤਾ॥**

ਮੇਦਨਿ = ਧਰਤੀ ॥

ਆਪਨੇ ਪੂਰਾ ਗੁਰੂ ਵੱਡੇ ਭਾਗਾਂ ਕਰਕੇ ਪਾਇਆ ਹੈ ਜਿਸਦੇ ਨਾਮ ਵਿਚ ਧਰਤੀ ਦਾ ਭਾਰ ਚੁਕਣ ਵਾਲੇ ਸ਼ੇਸ਼ ਨਾਗ ਦੀ ਬ੍ਰਿਤੀ ਲੱਗੀ ਰਹਿੰਦੀ ਹੈ ॥

**ਭਯਭੰਜਨੁ ਪਰਪੀਰਨਿਵਾਰਨੁ ਕਲ੍ਯ੍ਯ ਸਹਾਰੁ ਤੋਹਿ ਜਸੁ ਬਕਤਾ॥**

ਸਾਰਿਆਂ ਡਰਾਂ ਦੇ ਨਾਸ ਕਰਨ ਵਾਲੇ ਪ੍ਰਾਇਆਂ ਦੀ ਪੀੜਾ ਨਾਸ ਕਰਨ ਵਾਲੇ, ਕਲਸਹਾਰ ਕਹਿੰਦਾ ਹੈ ਹੇ ਗੁਰੂ ਜੀ ਮੈਂ ਦਾਸ ਆਪਦਾ ਜਸ ਉਚਾਰਨ ਕਰਦਾ ਹਾਂ।

**ਕੁਲਿ ਸੋਢੀ ਗੁਰ ਰਾਮਦਾਸ ਤਨੁ**

**ਧਰਮ ਧੁਜਾ ਅਰਜੁਨੁ ਹਰਿ ਭਗਤਾ ॥ ੬ ॥**

ਸੋਢੀਆਂ ਦੀ ਕੁਲ ਵਿਚ ਸ੍ਰੀ ਗੁਰੂ ਰਾਮਦਾਸ ਜੀ ਦੇ ਤਨ = ਪੁਤ੍ਰ ਆਪ ਧਰਮ ਦੀ ਧੁਜਾ ਅਤੇ ਹਰੀ ਦੇ ਭਗਤ ਅਵਤਾਰ ਪ੍ਰਗਟ ਹੋਏ ਹੋ ॥ ੬ ॥

**ਧ੍ਰੰਮ ਧੀਰੁ ਗੁਰਮਤਿ ਗਭੀਰੁ ਪਰ ਦੁਖ ਬਿਸਾਰਣੁ ॥**

ਧਰਮ ਨੂੰ ਧੀਰਜ ਦੇਣ ਵਾਲੇ, ਗੰਭੀਰ ਅਕਲ ਵਾਲੇ ਪਰਾਇਆਂ ਦਾ ਦੁਖ ਦੂਰ ਕਰਨ ਵਾਲੇ ਹੋ ॥

**ਸਬਦ ਸਾਰੁ ਹਰਿ ਸਮ ਉਦਾਰੁ ਅਹੰਮੇਵ ਨਿਵਾਰਣੁ ॥**

ਆਪਦਾ ਉਪਦੇਸ਼ ਚੰਗਾ ਹੈ ਹਰੀ ਦੇ ਬਰਾਬਰ ਸਾਰਿਆਂ ਨੂੰ ਦਾਤ ਕਰਨ ਵਿਚ ਸਖੀ ਹੋ ਅਤੇ ਦਾਸਾਂ ਦੀ ਹੰਗਤਾ ਮਮਤਾ ਦੂਰ ਕਰਨ ਵਾਲੇ ਹੋ ॥

**ਮਹਾ ਦਾਨਿ ਸਤਿਗੁਰ ਗਿਆਨਿ ਮਨਿ ਚਉ ਨ ਹੁਟੈ ॥**

ਹੇ ਗੁਰੂ ਜੀ ਗਿਆਨ ਰੂਪ ਮਹਾਂ ਦਾਨ ਦੇ ਦੇਣ ਵਾਲੇ ਹੋ ਆਪਦੇ ਮਨ ਦਾ ਉਤਸ਼ਾਹ ਥੱਕਦਾ ਨਹੀਂ ਹੈ।

**ਸਤਿਵੰਤੁ ਹਰਿਨਾਮੁ ਮੰਤ੍ਰੁ ਨਵਨਿਧਿ ਨ ਨਿਖੁਟੈ ॥**

ਸਚ ਬੋਲਣ ਵਾਲੇ ਹੋ ਤੇ ਨੌਂ ਨਿਧੀਆਂ ਰੂਪ ਸਤ ਨਾਮ ਮੰਤ੍ਰ ਆਪਦੇ ਪਾਸ ਹੈ ਜੋ ਆਪ ਦੇਂਦੇ ਹੋ ਤੇ ਓਹ ਮੁਕਦਾ ਨਹੀਂ ਹੈ ॥

**ਗੁਰ ਰਾਮਦਾਸ ਤਨੁ ਸਰਬ ਮੈ ਸਹਜਿ ਚੰਦੋਆ ਤਾਣਿਅਉ ॥**

ਗੁਰੂ ਰਾਮਦਾਸ ਜੀ ਦੇ ਪੁਤ੍ਰ ਆਪ ਸਾਰਿਆਂ ਦਾ ਰੂਪ ਹੋ। ਸਾਰੇ ਜਗਤ ਦੇ ਵਿਚ ਆਪ ਨੇ ਪ੍ਰਮਾਤਮਾਂ ਦੇ ਜਸ ਦਾ ਚੰਦੋਆ ਤਾਣਿਆਂ ਹੈ ॥

**ਗੁਰ ਅਰਜੁਨ ਕਲ੍ਯ੍ਯੁਚਰੈ ਤੈ ਰਾਜ ਜੋਗ ਰਸੁ ਜਾਣਿਅਉ ॥੭॥**

ਭੱਟ ਕਲ ਉਚਾਰੰਨ ਕਰਦਾ ਹੈ ਹੇ ਗੁਰੂ ਜੀ ਆਪ ਨੇ ਰਾਜ ਜੋਗ ਦੇ ਸੁਆਦ ਨੂੰ ਜਾਣਿਆ ਹੈ ॥ ੭ ॥

**ਭੈ ਨਿਰਭਉ ਮਾਣਿਅਉ ਲਾਖ ਮਹਿ ਅਲਖੁ ਲਖਾਯਉ ॥**

ਡਰ ਤੋਂ ਨਿਡਰ ਹੋਕੇ ਗਿਆਨ ਜੋਗ ਦੇ ਰਸ ਨੂੰ ਆਪ ਨੇ ਮਾਣਿਆਂ ਭਾਵ ਲਿਆ ਹੈ ਅਤੇ ਲੱਖਾਂ ਜੀਵਾਂ ਭਾਵ ਸਾਰੇ ਜਗਤ ਵਿਚ ਆਪ ਨੇ ਨਾ ਨਜਰ ਆਉਣ

ਵਾਲੇ ਨੂੰ ਵਿਖਾ ਦਿਤਾ ਹੈ ॥

**ਅਗਮੁ ਅਗੋਚਰ ਗਤਿ ਗਭੀਰੁ ਸਤਿਗੁਰਿ ਪਰਚਾਯਉ ॥**

ਹੇ ਗੁਰੂ ਜੀ—ਅਪੁਜ ਨਾ ਵਿਸਨ ਵਾਲੇ ਗੰਭੀਰ ਗਤੀ ਵਾਲੇ ਵਿਚ ਆਪਦਾ ਪਰਚਾ ਗੁਰੂ ਜੀ ਨੇ ਪਰਚਾ ਦਿਤਾ ਭਾਵ ਮਨ ਲਾ ਦਿਤਾ ਹੈ ॥

**ਗੁਰ ਪਰਚੈ ਪਰਵਾਨੁ ਰਾਜ ਮਹਿ ਜੋਗੁ ਕਮਾਯਉ ॥**

ਗੁਰੂ ਦੇ ਉਪਦੇਸ਼ ਕਰਕੇ ਆਪ ਪਰਵਾਣ ਹੋ ਗਏ ਹੋ ਅਤੇ ਰਾਜ ਵਿਚ ਜੋਗ ਕਮਾਇਆ ਹੈ ॥

**ਧੰਨਿ ਧੰਨਿ ਗੁਰੁ ਧੰਨਿ ਅਭਰ ਸਰ ਸੁਭਰ ਭਰਾਯਉ ॥**

ਆਪ ਮਨ ਬਾਣੀ ਸਰੀਰ ਕਰਕੇ ਧੰਨ ਹੋ ਕਿਉਂ ਜੋ ਆਪ ਨੇ ਖਾਲੀ ਤਲਾਵਾਂ ਵਤ ਜੋ ਰਿਦੇ ਸੀ, ਸਭ ਨੂੰ ਭਗਤੀ ਨਾਲ ਲਬਾਲਬ ਭਰ ਦਿੱਤਾ ਹੈ ॥

**ਗੁਰਗਮ ਪ੍ਰਮਾਣਿ ਅਜਰੁ ਜਰਿਓ ਸਰਿ ਸੰਤੋਖ ਸਮਾਯਉ ॥**

ਗੰਮਤਾ ਵਾਲੇ ਗੁਰੂ ਦੇ ਉਪਦੇਸ਼ ਵਿਚ ਆਪ ਨੇ ਪਰਮਾਣ = ਨਿਸਚਾ ਕੀਤਾ ਇਸੇ ਲਈ ਨ ਜਰੇ ਜਾਣ ਵਾਲੇ ਪਦ ਨੂੰ ਜਰਿਆ ਹੈ ਕਾਮ ਆਦਿਕ ਅਜਰਾਂ ਨੂੰ ਰੋਕਿਆ ਹੈ ਅਤੇ ਆਪਦੇ ਰਿਦੇ ਵਿਚ ਸੰਤੋਖ ਆਦਿਕ ਗੁਣਾਂ ਦਾ ਅਕੱਠ ਆਕੇ ਅਕੱਠ ਹੋਯਾ ਹੈ ॥

**ਗੁਰ ਅਰਜੁਨ ਕਲੁਚਰੈ ਤੈ ਸਹਜਿ ਜੋਗੁ ਨਿਜੁ ਪਾਇਯਉ ॥੮॥**

ਕੱਲ ਭੱਟ ਉਚਾਰੰਨ ਕਰਦਾ ਹੈ ਹੇ ਗੁਰੂ ਜੀ ਤੁਸਾਂ ਆਪਨਾ ਗਿਆਨ ਜੋਗ ਪਾ ਲਿਆ ਹੈ ॥ ੮ ॥

**ਅਮਿਉ ਰਸਨਾ ਬਦਨਿ ਬਰਦਾਤਿ ਅਲਖ ਅਪਾਰ ਗੁਰ**
**ਸੂਰ ਸਬਦਿ ਹਉਮੈ ਨਿਵਾਰ੍ਉ ॥**

ਮੂੰਹ ਕਰਕੇ ਰਸਨਾ ਦੁਆਰਾ ਅੰਮ੍ਰਿਤ ਬਚਨ ਉਚਾਰਕੇ ਵਰ ਦੇਂਦੇ ਹੋ ਹੇ ਅਲੱਖ ਅਪਾਰ ਗੁਰੂ ਜੀ ਓਸੇ ਅੰਮ੍ਰਤ ਉਪਦੇਸ਼ ਰੂਪ ਸੂਰਜ ਕਰਕੇ ਦਾਸਾਂ ਦੇ ਰਿਦਿਆਂ ਦਾ ਹੰਗਤਾ ਹਨੇਰਾ ਦੂਰ ਕਰ ਦਿੱਤਾ ਹੈ ॥

**ਪੰਚਾਹਰੁਨਿ ਦਲਿਅਉ ਸੁੰਨ ਸਹਿਜ ਨਿਜ ਘਰਿ ਸਹਰ੍ਉ ॥**

ਪੰਚਾਹਰੁਨਿ = ਪੰਜਾਂ ਵਿਸ਼ਿਆਂ ਹਰਨਾਂ ਨੂੰ ਜਾਂ ਪੰਚਾਨਨ = ਸ਼ੇਰ
ਵਿਸ਼ਿਆਂ ਨੂੰ ਦਲਿਅਉ = ਦਲਿਆ ॥

ਪੰਜਾਂ ਵਿਸ਼ਿਆਂ ਨੂੰ ਦਲਿਆ ਹੈ ਅਤੇ ਅਫੁਰ ਪਰਮਾਤਮਾਂ ਨੂੰ ਸਹਿਜੇ ਹੀ ਆਪ ਨੇ ਆਪਣੇ ਰਿਦੇ ਵਿਚ ਸਹਾਰਿਆ ਭਾਵ ਧਾਰਿਆ ਹੈ ॥

**ਹਰਿਨਾਮਿ ਲਾਗਿ ਜਗ ਉਧਰ੍ਉ ਸਤਿਗੁਰੁ ਰਿਦੈ ਬਸਾਇਅਉ ॥**

ਜਿਸ ਪ੍ਰਮਾਤਮਾਂ ਦੇ ਨਾਮ ਨੂੰ ਆਪ ਨੇ ਰਿਦੇ ਵਿਚ ਵਸਾਇਆ ਹੈ ਹੇ ਗੁਰੂ ਜੀ ਓਸੇ ਹੀ ਨਾਮ ਦੇ ਉਪਦੇਸ਼ ਵਿਚ ਲਗਾਕੇ ਆਪਨੇ ਜਗਤ ਦਾ ਉਧਾਰ ਕੀਤਾ ਹੈ।

**ਗੁਰ ਅਰਜੁਨ ਕਲੁਚਰੈ**

**ਤੈ ਜਨਕਹ ਕਲਸੁ ਦੀਪਾਇਅਉ ॥ ੯ ॥**

ਜਨਕਹਿ = ਦਾਸਾਂ ਨੂੰ ॥ ਕਲਸੁ = ਸੋਨੇ ਦਾ ਘੜਾ ਭਾਵ ਸਿਰੋਮਣੀ।

ਕਲ ਭੱਟ ਆਖਦਾ ਹੈ ਹੇ ਗੁਰੂ ਜੀ ਆਪ ਨੇ ਆਪਣੇ ਦਾਸਾਂ ਨੂੰ ਸਿਰੋਮਣੀ ਪ੍ਰਮਾਤਮਾਂ ਦਾ ਪ੍ਰਕਾਸ਼ ਕਰਾ ਦਿਤਾ ॥ ੯ ॥

**ਸੋਰਠੇ ॥ ਗੁਰ ਅਰਜੁਨੁ ਪੁਰਖੁ ਪ੍ਰਮਾਣੁ ਪਾਰਥਉ ਚਾਲੈ ਨਹੀ॥**

ਗੁਰੂ ਅਰਜਨ ਜੀ ਪ੍ਰਮਾਤਮਾਂ ਰੂਪ ਨਿਸਚੇ ਜਾਂ ਭੈੜਿਆਂ ਗੁਣਾਂ ਦੇ ਨਾਸ ਕਰਨ ਵਾਲੇ ਅਰਜਨ ਵਾਂਗੂੰ ਸੂਰਮੇ ਹਨ ਕਿਧਰੇ ਦੌੜ ਨਹੀਂ ਸੱਕਦੇ ॥

**ਨੇਜਾ ਨਾਮ ਨੀਸਾਣੁ ਸਤਿਗੁਰ ਸਬਦਿ ਸਵਾਰਿਅਉ ॥ ੧ ॥**

ਹੇ ਗੁਰੂ ਜੀ ਆਪ ਦੇ ਪਾਸ ਪ੍ਰਗਟ ਹੀ ਨਾਮ ਰੂਪ ਨੇਜਾ ਹੈ ਗੁਰੂ ਕੇ ਸ਼ਬਦ ਕਰਕੇ ਸਵਾਰਿਆ ਹੋਇਆ ਹੈ ॥ ੧ ॥

**ਭਵਜਲੁ ਸਾਇਰੁ ਸੇਤੁ ਨਾਮੁ ਹਰੀ ਕਾ ਬੋਹਿਥਾ ॥**

ਡਰ ਰੂਪ ਪਾਣੀ ਨਾਲ ਭਰਿਆ ਹੋਇਆ ਜੋ ਸੰਸਾਰ ਸਮੁੰਦ੍ਰ ਹੈ ਇਸ ਉਤੋਤਰਨ ਲਈ ਪ੍ਰਮਾਤਮਾਂ ਦਾ ਨਾਮ ਪੁਲ ਬੰਨਿਆਂ ਹੋਇਆ ਜਹਾਜ਼ ਵਾਂਗੂੰ ਆਪਦੇ ਪਾਸ ਹੈ ॥

**ਤੁਅ ਸਤਿਗੁਰ ਸੰਹੇਤੁ ਨਾਮਿ ਲਾਗਿ ਜਗੁ ਉਧਰੵਉ ॥ ੨ ॥**

ਆਪਦਾ ਗੁਰੂ ਨਾਲ ਬੜਾ ਪ੍ਰੇਮ ਹੈ ਇਸੇ ਕਰਕੇ ਆਪ ਨੇ ਨਾਮ ਦੇ ਨਾਲ ਲਗਾਕੇ ਸਾਰੇ ਜਗਤ ਨੂੰ ਤਾਰਿਆ ਹੈ ॥ ੨ ॥

**ਜਗਤ ਉਧਾਰਨੁ ਨਾਮੁ ਸਤਿਗੁਰ ਤੁਠੈ ਪਾਇਅਉ ॥**

ਸਤਿਗੁਰਾਂ ਦੀ ਖੁਸ਼ੀ ਹੋਣ ਕਰਕੇ ਜਗਤ ਦੇ ਉਧਾਰ ਕਰਨ ਵਾਲਾ ਨਾਮ ਆਪ ਨੇ ਪਾਇਆ ਹੈ ॥

**ਅਬ ਨਾਹਿ ਅਵਰ ਸਰਿ ਕਾਮੁ ਬਾਰੰਤਰਿ ਪੂਰੀਪੜੀ॥੩॥੧੨॥**

ਹੁਣ ਸਾਡਾ ਕੰਮ ਸੌਰ ਗਿਆ ਹੈ ਹੋਰ ਕੋਈ ਸਾਨੂੰ ਕੰਮ ਨਹੀਂ ਹੈ ਆਪਦੇ ਬਾਰੰਤਰ = ਦਰਵਾਜ਼ੇ ਆਉਣ ਕਰਕੇ ਸਾਡੀ ਸਾਰੀ ਮਨਸਾ ਪੂਰੀ ਹੋਈਹੈ।੩॥੧੨।

**ਜੋਤਿ ਰੂਪ ਹਰਿ ਆਪਿ ਗੁਰੂ ਨਾਨਕੁ ਕਹਾਯਉ ॥**

ਜੋਤਿ ਰੂਪ ਪਰਮਾਤਮਾਂ ਨੇ ਹੀ ਆਪਣਾ ਰੂਪ ਗੁਰੂ ਨਾਨਕ ਜੀ ਕਹਾਇਆ ਹੈ ॥

**ਤਾਤੇ ਅੰਗਦੁ ਭਯਉ ਤਤ ਸਿਉ ਤਤ ਮਿਲਾਯਉ ॥**

ਗੁਰੂ ਨਾਨਕ ਜੀ ਤੋਂ ਗੁਰੂ ਅੰਗਦ ਜੀ ਹੋਏ ਹਨ ਜਿਨਾਂ ਨੂੰ ਤਤ ਸਰੂਪ ਪਰਮਾਤਮਾਂ ਵਿਚ ਛੇਤੀ ਨਾਲ ਹੀ ਗੁਰੂ ਨਾਨਕ ਜੀ ਨੇ ਮਿਲਾਇਆ ਹੈ ॥

**ਅੰਗਦਿ ਕਿਰਪਾ ਧਾਰਿ ਅਮਰੁ ਸਤਿਗੁਰੁ ਥਿਰੁ ਕੀਅਉ ॥**

ਗੁਰੂ ਅੰਗਦ ਜੀ ਨੇ ਕਿਰਪਾ ਕਰਕੇ ਗੁਰੂ ਅਮਰਦਾਸ ਜੀ ਨੂੰ ਗੁਰਿਆਈ ਦੇ ਤਖਤ ਉਤੇ ਇਸਥਤ ਕੀਤਾ ਹੈ ॥

**ਅਮਰਦਾਸਿ ਅਮਰਤੁ ਛਤ੍ਰੁ ਗੁਰ ਰਾਮਹਿ ਦੀਅਉ ॥**

ਗੁਰੂ ਅਮਰਦਾਸ ਜੀ ਨੇ ਅਮਰ ਹੋਣ ਵਾਲਾ ਗੁਰਿਆਈ ਦਾ ਛਤ੍ਰ ਗੁਰੂ ਰਾਮਦਾਸ ਜੀ ਨੂੰ ਦਿੱਤਾ ਹੈ ॥

**ਗੁਰ ਰਾਮਦਾਸ ਦਰਸਨੁ ਪਰਸਿ ਕਹਿ ਮਥੁਰਾ ਅੰਮ੍ਰਿਤ ਬਯਣ॥**
**ਮੂਰਤਿ ਪੰਚ ਪ੍ਰਮਾਣ ਪੁਰਖੁ ਗੁਰੁ ਅਰਜੁਨੁ ਪਿਖਹੁ ਨਯਨ॥੧॥**

ਮਥਰਾ ਭੱਟ ਕਹਿੰਦਾ ਹੈ ਹੇ ਗੁਰੂ ਜੀ ਆਪਦਾ ਦਰਸ਼ਨ ਕਰਕੇ ਪਰਮਾਣ ਪੁਰਖ ਪੰਚਮ ਗੁਰੂ ਅਰਜਨ ਜੀ ਹੋਏ ਹਨ ਜਿਨਾਂ ਦੇ ਬਚਨ ਅੰਮ੍ਰਿਤ ਦੇ ਬਰਾਬਰ ਹਨ ਹੇ ਲੋਕੋ ਇੱਕੁਰ ਦੀ ਗੁਰੂ ਦੀ ਮੂਰਤੀ ਦਾ ਦਰਸ਼ਨ ਨੇਤ੍ਰਾਂ ਨਾਲ ਦੇਖੋ ॥ ੧ ।

**ਸਤਿਰੂਪੁ ਸਤਿ ਨਾਮੁ ਸਤੁ ਸੰਤੋਖੁ ਧਰਿਓ ਉਰਿ ॥**

ਗੁਰੂ ਅਰਜਨ ਜੀ ਨੇ ਸਤ ਰੂਪ ਦਾ ਧਿਆਨ ਅਤੇ ਸਤਨਾਮ ਸਤ ਸੰਤੋਖ ਨੂੰ ਦਿਲ ਵਿਚ ਧਾਰਿਆ ਹੈ ॥

**ਆਦਿ ਪੁਰਖਿ ਪਰਤਖਿ ਲਿਖ੍ਯਉ ਅਛਰੁ ਮਸਤਕਿ ਧੁਰਿ ॥**

ਪ੍ਰਗਟ ਹੀ ਆਦਿ ਪੁਰਖ ਪਰਮਾਤਮਾਂ ਨੇ ਗੁਰੂ ਜੀ ਦੇ ਮੱਥੇ ਉਤੇ ਧੁਰੋਂ ਹੀ ਗੁਰਿਆਈ ਦਾ ਅਖਰ ਲਿਖਿਆ ਹੋਇਆ ਸੀ ॥

**ਪ੍ਰਗਟ ਜੋਤਿ ਜਗ ਮਗੈ ਤੇਜੁ ਭੂਅ ਮੰਡਲਿ ਛਾਯਉ ॥**

ਜਿਸ ਗੁਰੂ ਜੀ ਦੀ ਜੋਤਿ ਜਗ ਮਗ ਪਰਗਟ ਹੀ ਪਰਕਾਸ਼ ਰਹੀ ਹੈ ਅਤੇ ਜਿੰਨਾਂ ਦਾ ਤੇਜ ਧਰਤੀ ਮੰਡਲ ਉਤੇ ਛਾਇਆ ਹੋਇਆ ਹੈ ॥

**ਪਾਰਸੁ ਪਰਸਿ ਪਰਸੁ ਪਰਸਿ ਗੁਰਿ ਗੁਰੂ ਕਹਾਯਉ ॥**

ਗੁਰੂ ਨਾਨਕ ਜੀ ਪਾਰਸ ਨੂੰ ਛੁਹਕੇ ਗੁਰੂ ਅੰਗਦ ਜੀ ਪਾਰਸ ਹੋਏ ਇਸੇ ਤਰਾਂ ਅਗੇ ਗੁਰੂ ਜੀ ਸਮਝਣੇ ਤੇ ਗੁਰੂ ਰਾਮਦਾਸ ਪਾਰਸ ਨੂੰ ਛੁਹਕੇ ਗੁਰ ਅਰਜਨ ਜੀ ਗੁਰੂ ਕਹਾਏ ਹਨ ॥

**ਭਨਿ ਮਥੁਰਾ ਮੂਰਤਿ ਸਦਾ ਥਿਰੁ ਲਾਇ ਚਿਤੁ ਸਨਮੁਖ ਰਹਹੁ ॥**

ਮਥਰਾ ਭਟ ਆਖਦਾ ਹੈ ਮੇਰੀ ਇਹ ਇਛਾ ਹੈ ਕਿ ਮੈਂ ਪੰਜਵੀਂ ਮੂਰਤੀ ਵਿਚ ਚਿਤ ਲਾਕੇ ਹਮੇਸ਼ਾਂ ਅਗੇ ਹੀ ਖੜਾ ਰਹਾਂ ॥

**ਕਲਜੁਗਿ ਜਹਾਜੁ ਅਰਜੁਨੁ ਗੁਰੂ**
**ਸਗਲ ਸ੍ਰਿਸ੍ਟਿ ਲਗਿ ਬਿਤਰਹੁ ॥੨॥**

ਬਿਤਰਹੁ = ਵਿਸ਼ੇਸ਼ ਕਰਕੇ ਤਰਦੀ ਹੈ ॥

ਕਲਜੁਗ ਵਿੱਚ ਜੀਵਾਂ ਨੂੰ ਸੰਸਾਰ ਸਮੁੰਦ੍ਰ ਤੋਂ ਤਾਰਨ ਵਾਸਤੇ ਗੁਰੂ ਅਰਜਨ ਜੀ ਜਹਾਜ ਹਨ ॥

**ਤਿਹ ਜਨ ਜਾਚਹੁ ਜਗਤ੍ਰ ਪਰ ਜਾਨੀਅਤੁ**
**ਬਾਸੁਰ ਰਯਨਿ ਬਾਸੁ ਜਾਕੋ ਹਿਤੁ ਨਾਮ ਸਿਉ॥**

ਜਾਚਹੁ = ਮੰਗੋ ॥ ਬਾਸੁਰ = ਦਿਨ ॥

ਜਿੰਨਾਂ ਦਾ ਜਗਤ ਤੋਂ ਪਰੇ ਵਾਸਾ ਜਾਣੀਦਾ ਹੈ ਅਤੇ ਦਿਨੇ ਰਾਤ ਜਿੰਨਾਂ ਦਾ ਪਿਆਰ ਪ੍ਰਮਾਤਮਾਂ ਦੇ ਨਾਮ ਨਾਲ ਹੈ ਹੇ ਪਿਆਰਿਓ ਤਿਸ ਗੁਰੂ ਜੀ ਪਾਸੋਂ ਜੋ ਚਾਹੋ ਸੋ ਮੰਗੋ ॥

**ਪਰਮ ਅਤੀਤੁ ਪਰਮੇਸੁਰ ਕੈ ਰੰਗਿ ਰੰਗੵੋ**
**ਬਾਸਨਾ ਤੇ ਬਾਹਰਿ ਪੈ ਦੇਖੀਅਤੁ ਧਾਮ ਸਿਉ ॥**

ਸੰਸਾਰ ਤੋਂ ਬਹੁਤ ਹੀ ਵੱਡੇ ਤਿਆਗੀ ਹਨ ਪ੍ਰਮੇਸ਼ਰ ਦੇ ਪ੍ਰੇਮ ਵਿਚ ਰਤੇ ਰਹਿੰਦੇ ਹਨ ਅਤੇ ਸੰਸਾਰਕ ਵਾਸ਼ਨਾ ਤੋਂ ਬਾਹਿਰ ਹਨ ਤੇ ਘਰ ਦੇ ਕਾਰ ਵਿਹਾਰ ਵਿਚ ਵੀ ਲੱਗੇ ਹੋਏ ਦੇਖੀਦੇ ਹਨ ॥

**ਅਪਰ ਪਰੰਪਰ ਪੁਰਖ ਸਿਉ ਪ੍ਰੇਮੁ ਲਾਗੵੋ**
**ਬਿਨੁ ਭਗਵੰਤ ਰਸੁ ਨਾਹੀ ਅਉਰੈ ਕਾਮ ਸਿਉ ॥**

ਸਾਰਿਆਂ ਜੀਵਾਂ ਤੇ ਸੰਸਾਰ ਤੇ ਪਰੇ ਜੋ ਪ੍ਰਮੇਸ਼ਰ ਹੈ ਤਿਸਦੇ ਨਾਲ ਓਨਾਂ ਦਾ ਪ੍ਰੇਮ ਲਗਾ ਹੋਇਆ ਹੈ ਤੇ ਪ੍ਰਮਾਤਮਾਂ ਤੋਂ ਬਿਨਾ ਹੋਰ ਕਿਸੇ ਕੰਮ ਨਾਲ ਜਿੰਨਾਂ ਦਾ ਪ੍ਰੇਮ ਹੀ ਨਹੀਂ ਹੈ ॥

**ਮਥੁਰਾ ਕੋ ਪ੍ਰਭੁ ਸ੍ਰਬ ਮਯ ਅਰਜੁਨ ਗੁਰੁ**
**ਭਗਤਿ ਕੈ ਹੇਤਿ ਪਾਇ ਰਹਿਓ ਮਿਲਿ ਰਾਮ ਸਿਉ ॥ ੩ ॥**

ਮਥਰਾ ਭੱਟ ਆਖਦਾ ਹੈ ਮੈਂ ਦਾਸ ਦਾ ਮਾਲਕ ਜੋ ਗੁਰੂ ਹੈ ਪ੍ਰਮੇਸ਼ਰ ਰੂਪ ਓਸੇ ਦੀ ਭਗਤੀ ਦਾ ਪੇਮ ਪਾਕੇ ਓਸੇ ਦਾ ਰੂਪ ਹੀ ਹੋ ਰਹਿਆ ਹੈ ॥ ੩ ॥

**†ਅੰਤੁ ਨ ਪਾਵਤ ਦੇਵ ਸਬੈ ਮੁਨਿ ਇੰਦ੍ਰ ਮਹਾਸਿਵ ਜੋਗ ਕਰੀ।**

ਜਿਸ ਵਾਹਿਗੁਰੂ ਦਾ ਅੰਤ ਸਾਰੇ ਦੇਵਤੇ ਵੀ ਨਹੀਂ ਪਾ ਸਕਦੇ ਮੁਨੀਆਂ ਦੇ

---

†ਇਹੀ ਪਿੰਗਲ ਅਨੁਸਾਰ ਗਨਕ ਸਵੱਯਾ ਹੈ ਇਸ ਵਿਚ ਭਗਨ ਗਣ ਹਨ।

ਵਡੇ ਜੋ ਮਹਾਂ ਮੁਨੀ ਹਨ ਅਤੇ ਵਡੇ ਜੋਗੀ ਜੋ ਜੋਗ ਕਰਨ ਵਾਲੇ ਸ਼ਿਵ ਜੀ ਜਿਨਾਂ ਨੇ ਜੋਗ ਦੀ ਰੀਤੀ ਕੀਤੀ ਹੈ ਓਹ ਵੀ ਅੰਤ ਨਹੀ ਪਾ ਸਕਦੇ ਹਨ ॥

### ਫੁਨਿ ਬੇਦ ਬਿਰੰਚਿ ਬਿਚਾਰਿ ਰਹਿਓ
### ਹਰਿ ਜਾਪੁ ਨ ਛਡ੍ਹਉ ਏਕ ਘਰੀ ॥

ਜਿਸਦੇ ਮਿਲਨ ਵਾਸਤੇ ਬ੍ਰਹਮਾਂ ਵੇਦਾਂ ਦਾ ਵਿਚਾਰ ਕਰ ਰਿਹਾ ਹੈ ਅਤੇ ਪ੍ਰਮਾਤਮਾਂ ਦੇ ਜਾਪ ਨੂੰ ਜਿਸਨੇ ਇਕ ਘੜੀ ਵੀ ਨਹੀ ਛਡਿਆ ਹੈ ॥

### ਮਥੁਰਾ ਜਨ ਕੋ ਪ੍ਰਭੁ ਦੀਨ ਦਯਾਲੁ ਹੈ
### ਸੰਗਤਿ ਸ੍ਰਿਸ੍ਟਿ ਨਿਹਾਲੁ ਕਰੀ ॥

ਮਥਰਾ ਭੱਟ ਆਖਦਾ ਹੈ ਮੈਂ ਦਾਸ ਦਾ ਮਾਲਕ ਗਰੀਬਾਂ ਉਤੇ ਕਿਰਪਾ ਕਰਨ ਵਾਲਾ ਹੈ ਓਸ ਪ੍ਰਮਾਤਮਾਂ ਨੇ ਗੁਰੂ ਰੂਪ ਹੋਕੇ ਦੁਨੀਆਂ ਉਤੇ ਆਕੇ ਆਪਣੀ ਸੰਗਤ ਨਿਹਾਲ ਕੀਤੀ ਹੈ ॥

### ਰਾਮਦਾਸਿ ਗੁਰੂ ਜਗ ਤਾਰਨ ਕਉ
### ਗੁਰ ਜੋਤਿ ਅਰਜੁਨ ਮਾਹਿ ਧਰੀ ॥ ੪ ॥

ਓਸ ਗੁਰੂ ਰਾਮਦਾਸ ਜੀ ਨੇ ਅਗੇ ਜੀਵਾਂ ਨੂੰ ਤਾਰਨ ਵਾਸਤੇ ਗੁਰੂ ਅਰਜਨ ਜੀ ਦੇ ਵਿਚ ਆਪਣੀ ਜੋਤਿ ਰੱਖੀ ਹੈ ॥ ੪ ॥

### ਜਗ ਅਉਰ ਨ ਯਾਹਿ ਮਹਾਤਮ ਮੈ
### ਅਵਤਾਰੁ ਉਜਾਗਰੁ ਆਨਿ ਕੀਅਉ॥

ਜਦੋਂ ਇਸ ਜਗਤ ਵਿਚ ਧਰਮ ਦੀ ਰਖਿਆ ਕਰਨ ਵਾਲਾ ਹੋਰ ਕੋਈ ਮਹਾਤਮਾਂ ਨਾ ਰਿਹਾ ਤਾਂ ਪ੍ਰਮਾਤਮਾਂ ਨੇ ਜਗਤ ਵਿਚ ਗੁਰੂ ਨਾਨਕ ਦਾ ਅਵਤਾਰ ਆਕੇ ਪ੍ਰਗਟ ਕੀਤਾ ਹੈ ॥

### ਤਿਨਕੇ ਦੁਖ ਕੋਟਿਕ ਦੂਰਿ ਗਏ
### ਮਥੁਰਾ ਜਿਨ ਅੰਮ੍ਰਿਤ ਨਾਮੁ ਪੀਅਉ ॥

ਮਥਰਾ ਭੱਟ ਆਖਦਾ ਹੈ ਓਹਨਾਂ ਦਾਸਾਂ ਦੇ ਕ੍ਰੋੜ ੨ ਦੁਖ ਦੂਰ ਚਲੇ ਗਏ ਜਿਨਾਂ ਨੇ ਗੁਰੂ ਪਾਸ ਆਕੇ ਅੰਮ੍ਰਿਤ ਨਾਮ ਨੂੰ ਪੀਤਾ ਹੈ ॥

### ਇਹ ਪਧਤਿ ਤੇ ਮਤ ਚੂਕਹਿਰੇ
### ਮਨ ਭੇਦੁ ਬਿਭੇਦੁ ਨ ਜਾਨ ਬੀਅਉ ॥

ਇਸ ਲਈ ਹੇ ਮਨ ਇਸ ਗੁਰੂ ਪਧਤੀ ਤੋਂ ਤੂੰ ਨਾਂ ਭੁਲ ਭਾਵ ਗੁਰੂ ਦਾ ਰਸਤਾ ਨ ਛੱਡਕੇ ਜੋ ਗੁਰੂ ਤੇ ਪ੍ਰਮੇਸ਼ਰ ਵਿਚ ਕੁਛ ਭੇਦ = ਫਰਕ ਜਾਨਣਾਂ ਹੈ ਇਸ

ਬੁਧਾ ਦੀ ਬਿਅਕਲੀ ਨੂੰ ਬਿਭੇਦ = ਕੱਟ ਦੇਹ ਅਤੇ ਗੁਰੂ ਤੋਂ ਬਿਨਾਂ ਹੋਰ ਕੋਈ ਦੂਸਰਾ ਪ੍ਰਮੇਸ਼ਰ ਨ ਜਾਣ ॥

**ਪਰਤਛਿ ਰਿਦੈ ਗੁਰ ਅਰਜੁਨ ਕੈ**
**ਹਰਿ ਪੂਰਨ ਬ੍ਰਹਮਿ ਨਿਵਾਸੁ ਲੀਅਉ ॥**

ਪ੍ਰਗਟ ਹੀ ਗੁਰੂ ਅਰਜਨ ਜੀਦੇ ਰਿਦੇ ਵਿਚ ਹਰੀ ਪੂਰਨ ਬ੍ਰਹਮ ਨੇ ਆਕੇ ਨਿਵਾਸ ਕੀਤਾ ਹੈ ॥ ੫ ॥

**ਜਬ ਲਉ ਨਹੀ ਭਾਗ ਲਿਲਾਰ ਉਦੈ**
**ਤਬ ਲਉ ਭ੍ਰਮਤੇ ਫਿਰਤੇ ਬਹੁ ਧਾਯਉ ॥**

ਲਲਾਰ = ਮੱਥਾ ॥ ਉਦੈ = ਪ੍ਰਗਟ ॥

ਜਿੰਨਾਂ ਚਿਰ ਸਾਡੇ ਮੱਥੇ ਦੇ ਭਾਗ ਜਾਗੇ ਨਹੀ ਸੀ ਓਨਾਂ ਚਿਰ ਅਸੀਂ ਭਟਕਦੇ ਫਿਰਦੇ ਹੋਏ ਬਹੁਤ ਹੀ ਫਿਰਦੇ ਦੌੜਦੇ ਰਹੇ ॥

**ਕਲਿ ਘੋਰ ਸਮੁੰਦ੍ਰ ਮੈ ਬੂਡਤ ਥੇ**
**ਕਬਹੂ ਮਿਟਿ ਹੈ ਨਹੀ ਰੇ ਪਛੁਤਾਯਉ ॥**

ਇਸ ਕਲਜੁਗ ਭਿਆਨਕ ਸੰਸਾਰ ਸਮੁੰਦ੍ਰ ਵਿਚ ਡੁਬਦੇ ਜਾਂਦੇ ਸੀ ਜੇ ਗੁਰੂ ਜੀ ਨ ਮਿਲਦੇ ਤਾਂ ਸਾਡਾ ਅਫਸੋਸ ਨਹੀ ਮਿਟਣਾ ਸੀ ॥

**ਤਤੁ ਬਿਚਾਰੁ ਯਹੈ ਮਥੁਰਾ ਜਗਤਾਰਨਕਉਅਵਤਾਰੁਬਨਾਯਉ ॥**

ਇਸ ਲਈ ਮੱਥਰਾ ਭੱਟ ਆਖਦਾ ਹੈ ਸਾਰਿਆਂ ਵਿਚਾਰਾਂ ਦਾ ਵਿਚਾਰ ਇਹ ਚੰਗਾ ਵਿਚਾਰ ਹੈ ਜੋ ਆਪ ਹੀ ਪਰਮੇਸ਼ਰ ਜਗਤ ਦੇ ਜੀਵਾਂ ਨੂੰ ਤਾਰਨ ਵਾਸਤੇ ਗੁਰੂ ਅਵਤਾਰ ਹੋਕੇ ਆਇਆ ਹੈ ॥

**ਜਪ੍ਯਉ ਜਿਨ ਅਰਜੁਨੁ ਦੇਵ ਗੁਰੂ**
**ਫਿਰਿ ਸੰਕਟ ਜੋਨਿ ਗਰਭ ਨ ਆਯਉ॥ ੬ ॥**

ਜਿੰਨਾਂ ਨੇ ਅਰਜਨ ਦੇਵ ਗੁਰੂ ਜੀ ਨੂੰ ਜਪਿਆ ਹੈ ਓਹ ਆਦਮੀ ਜੂਨੀਅ ਦੇ ਗਰਭ ਦੇ ਦੁਖਾਂ ਵਿਚ ਨਹੀਂ ਆਇਆ ਹੈ ॥ ੬ ॥

**ਕਲਿ ਸਮੁਦ੍ਰ ਭਏ ਰੂਪ ਪ੍ਰਗਟਿ ਹਰਿਨਾਮੁ ਉਧਾਰਨੁ ॥**

ਇਸ ਕਲਜੁਗ ਸਮੁੰਦਰ ਵਿਚ ਗੁਰੂ ਹਰੀ ਰੂਪ ਪ੍ਰਗਟ ਹੋਏ ਹਨ ਜੀਵਾਂ ਨੂੰ ਨਾਮ ਉਪਦੇਸ਼ ਦੇਕੇ ਸਮੁੰਦਰ ਤੋਂ ਤਾਰਨ ਵਾਸਤੇ ॥

**ਬਸਹਿ ਸੰਤ ਜਿਸੁ ਰਿਦੈ ਦੁਖ ਦਾਰਿਦ੍ਰ ਨਿਵਾਰਨੁ ॥**

ਜਿਸਦੇ ਦਿਲ ਵਿਚ ਵੱਸਦੇ ਹਨ ਓਸਦੇ ਦੁਖਦਰਿਦ੍ਰਸਭਦੂਰਕਰਦੇਂਦੇ ਹਨ।

**ਨਿਰਮਲ ਭੇਖ ਅਪਾਰ ਤਾਸੁ ਬਿਨੁ ਅਵਰੁ ਨ ਕੋਈ ॥**

ਜੋ ਪ੍ਰਮਾਤਮਾਂ ਅਪਾਰ ਨਿਰਮਲ ਰੂਪ ਹੈ ਤਿਸਦਾ ਸਰੂਪ ਗੁਰੂ ਦਾ ਭੇਖ ਹੈ ਇਸ ਤੋਂ ਬਿਨਾਂ ਹੋਰ ਕਿਸੇ ਮਨੁਖ ਦਾ ਕੋਈ ਰੂਪ ਨਹੀ ਹੈ ॥

**ਮਨ ਬਚ ਜਿਨਿ ਜਾਣਿਉ ਭਯਉ ਤਿਹ ਸਮਸਰਿ ਸੋਈ ॥**

ਜਿਸਨੇ ਮਨ ਬਾਣੀ ਸਰੀਰ ਕਰਕੇ ਪ੍ਰਮਾਤਮਾਂ ਨੂੰ ਜਾਣਿਆ ਹੈ ਓਹ ਉਸ ਪ੍ਰਮਾਤਮਾਂ ਦੇ ਬਰਾਬਰ ਹੋ ਗਿਆ ਹੈ ॥

**ਧਰਨਿ ਗਗਨ ਨਵ ਖੰਡ ਮਹਿ ਜੋਤਿ ਸ੍ਵਰੂਪੀ ਰਹਿਓ ਭਰਿ ॥**

ਧਰਤੀ ਅਤੇ ਅਕਾਸ਼ ਆਦਿ ਨਵਾਂ ਖੰਡਾਂ ਵਿਚ ਜੇਹੜਾ ਜੋਤੀ ਸਰੂਪ ਪ੍ਰਮਾਤਮਾਂ ਪਰੀ ਪੂਰਨ ਹੋਇਆ ੨ ਹੈ ॥

**ਭਨਿ ਮਥੁਰਾ ਕਛੁ ਭੇਦੁ ਨਹੀ**
**ਗੁਰੁ ਅਰਜੁਨੁ ਪਰਤਖ੍ਹ ਹਰਿ ॥ ੭ ॥ ੧੯ ॥**

ਮਥਰਾ ਭੱਟ ਆਖਦਾ ਹੈ ਇਸ ਵਿਚ ਕੋਈ ਭੇਦ ਨਹੀ ਹੈ ਜੋ ਗੁਰੂ ਅਰਜਨ ਜੀ ਪ੍ਰਗਟ ਹੀ ਹਰੀ ਦਾ ਰੂਪ ਹਨ ॥ ੭ ॥ ੧੯ ॥

**ਅਜੈ ਗੰਗ ਜਲੁ ਅਟਲੁ ਸਿਖ ਸੰਗਤਿ ਸਭ ਨਾਵੈ ॥**

ਅਜੈ = ਜਿਤਿਆ ਨਹੀ ਜਾਂਦਾ ॥

ਹੇ ਗੁਰੂ ਜੀ, ਆਪਦਾ ਜਸ ਰੂਪ ਗੰਗਾਜਲ ਕਿਸੇ ਪਾਜੋਂ ਜਿਤਿਆ ਨਹੀ ਜਾਂਦਾ ਜੋ ਆਪ ਦੀ ਸਭਾ ਵਿਚ ਇਸਥਿਤ ਹੈ ਜਿਸ ਵਿਚ ਸਿਖ ਸੰਗਤ ਸਾਰੀ ਇਸ਼ਨਾਨ ਕਰਦੀ ਹੈ ॥

**ਨਿਤ ਪੁਰਾਨ ਬਾਚੀਅਹਿ ਬੇਦ ਬ੍ਰਹਮਾ ਮੁਖਿ ਗਾਵੈ ॥**

ਆਪ ਦੀ ਸਭਾ ਵਿਚ ਹਰ ਰੋਜ ਹੀ ਪੁਰਾਣਾਂ ਦਾ ਪਾਠ ਹੁੰਦਾ ਹੈ ਅਤੇ ਆਪ ਦੇ ਜਸ ਨੂੰ ਵੇਦਾਂ ਕਰਕੇ ਬ੍ਰਹਮਾ ਮੁਖੋਂ ਗਾਉਂਦਾ ਹੈ ॥

**ਅਜੈ ਚਵਰੁ ਸਿਰਿ ਢੁਲੈ ਨਾਮੁ ਅੰਮ੍ਰਿਤੁ ਮੁਖਿ ਲੀਅਉ ॥**

ਵਾਹਿਗੁਰੂ ਦੇ ਜਸ ਦਾ ਨ ਜਿਤਿਆ ਜਾਣ ਵਾਲਾ ਚੌਰ ਆਪਦੇ ਸਿਰ ਉਤੇ ਝੂਲਰਿਹਾਹੈ ਤੇ ਨਾਮਅੰਮ੍ਰਿਤਨੂੰ ਆਪਣੇ ਮੁਖਦੁਆਰਾ ਲੀਅਉ = ਜਪਿਆ ਹੈ।

**ਗੁਰ ਅਰਜੁਨ ਸਿਰਿ ਛਤ੍ਰੁ ਆਪਿ ਪਰਮੇਸਰਿ ਦੀਅਉ ॥**

ਹੇ ਗੁਰੂ ਜੀ ਆਪ ਪ੍ਰਮੇਸਰ ਰੂਪੋ ਹੋ ਆਪਦੇ ਸਿਰ ਉਤੇ ਗੁਰਿਆਈ ਦਾ ਛੱਤ੍ਰ ਆਪ ਪ੍ਰਮੇਸ਼ਰ ਨੇ ਦਿਤਾ ਹੈ ॥

**ਮਿਲਿ ਨਾਨਕ ਅੰਗਦ ਅਮਰ ਗੁਰ**

## ਗੁਰੁ ਰਾਮਦਾਸੁ ਹਰਿ ਪਹਿ ਗਯਉ ॥

ਗੁਰੂ ਨਾਨਕ ਜੀ ਨਾਲ ਗੁਰੂ ਅੰਗਦ ਜੀ, ਗੁਰੂ ਅੰਗਦ ਜੀ ਨਾਲ ਗੁਰੂ ਅਮਰਦਾਸ ਜੀ, ਗੁਰੂ ਅਮਰਦਾਸ ਜੀ ਨਾਲ ਗੁਰੂ ਰਾਮਦਾਸ ਜੀ ਪ੍ਰਮਾਤਮਾਂ ਦੇ ਪਾਸ ਗਏ ਹਨ ਭਾਵ ਨਾਲ ਮਿਲ ਗਏ ਹਨ ॥

## ਹਰਿਬੰਸ ਜਗਤਿ ਜਸੁ ਸੰਚਰ੍ਯਉ

## ਸੁ ਕਵਣੁ ਕਹੈ ਸ੍ਰੀ ਗੁਰੁ ਮੁਯਉ ॥ ੧ ॥

ਹਰਬੰਸ ਕਹਿੰਦਾ ਹੈ ਜਿਸ ਗੁਰੂ ਜੀ ਦਾ ਜਸ ਸਾਰੇ ਜਗਤ ਵਿਚ ਸੰਚਰਉ = ਪ੍ਰਵੇਸ਼ ਜਾਂ ਫੈਲਿਆ ਹੋਇਆ ਹੈ ਸੋ ਦਸੋ ਖਾਂ ਓਹ ਕੇਹੜਾ ਆਦਮੀ ਹੈ ਜੇਹੜਾ ਇਹ ਕਹਿੰਦਾ ਹੈ ਕਿ ਗੁਰੂ ਜੀ ਸਮਾ ਗਏ ਹਨ ? ਗੁਰੂ ਜਨਮ ਮਰਨ ਤੋਂ ਰਹਿਤ ਹਨ ॥

## ਦੇਵ ਪੁਰੀ ਮਹਿ ਗਯਉ ਆਪਿ ਪਰਮੇਸ੍ਵਰ ਭਾਯਉ ॥

ਦੇਵਤਿਆਂ ਦੀ ਪੁਰੀ ਵਿਚ ਗੁਰੂ ਜੀ ਗਿਆ ਹੈ ਜੋ ਆਪ ਪ੍ਰਮੇਸ਼੍ਵਰ ਜੀ ਨੂੰ ਚੰਗਾ ਲੱਗਾ ਹੈ।

## ਹਰਿ ਸਿੰਘਾਸਣੁ ਦੀਅਉ ਸਿਰੀ ਗੁਰੁ ਤਹ ਬੈਠਾਯਉ ॥

ਇੰਦ੍ਰ ਨੇ ਗੁਰੂ ਜੀ ਨੂੰ ਆਪਣਾ ਸਿੰਘਾਸਨ ਦਿਤਾ ਅਤੇ ਸ੍ਰੀ ਗੁਰੂ ਜੀ ਨੂੰ ਉਤੇ ਬਹਾਇਆ ਭਾਵ ਗੁਰੂ ਜੀ ਅਕਾਲ ਪੁਰਖ ਵਿਚ ਮਿਲ ਗਏ ॥

## ਰਹਸੁ ਕੀਅਉ ਸੁਰ ਦੇਵ ਤੋਹਿ ਜਸੁ ਜਯ ਜਯ ਜੰਪਹਿ ॥

ਰਹਸ = ਅਨੰਦ, ਉਤਸ਼ਾਹ। ਸੁਰਦੇਵ = ਇੰਦ੍ਰ ਆਦਿਕ ਸਾਰੇ
ਨਿੱਕੇ ਵੱਡੇ ਦੇਵਤੇ ॥ ਜੰਪਹਿ = ਉਚਾਰਦੇ ॥

ਸਾਰਿਆਂ ਦੇਵਤਿਆਂ ਨੇ ਬੜਾ ਉਤਸ਼ਾਹ ਕੀਤਾ ਅਤੇ ਜੈ ਜੈ ਕਾਰ ਕਰਕੇ ਗੁਰੂ ਜੀ ਦੇ ਜਸ ਨੂੰ ਉਚਾਰਨ ਲਗੇ ॥

## ਅਸੁਰ ਗਏ ਤੇ ਭਾਗਿ ਪਾਪ ਤਿਨ ਭੀਤਰਿ ਕੰਪਹਿ ॥

ਜੋ ਆਪਦੇ ਜਸ ਨੂੰ ਉਚਾਰਨ ਕਰਦੇ ਹਨ ਓਨਾਂ ਦੇ ਕਾਮ ਆਦਿਕ ਦੈਂਤ ਸਭ ਦੌੜ ਜਾਂਦੇ ਹਨ ਅਤੇ ਜੋ ਪਾਪ ਓਨਾਂ ਦੇ ਵਿੱਚ ਹੁੰਦੇ ਹਨ ਓਹ ਵੀ ਬਹੁਤ ਸਾਰੇ ਕੰਬਦੇ ਹਨ ॥

## ਕਾਟੇਸੁ ਪਾਪ ਤਿਨ ਨਰਹੁ ਕੇ ਗੁਰੁ ਰਾਮਦਾਸੁ ਜਿਨ ਪਾਇਯਉ॥

ਜਿਨਾਂ ਨੇ ਆਪਦੇ ਚਰਨਾਂ ਕਮਲਾਂ ਦਾ ਧਿਆਨ ਪਾਇਆ ਭਾਵ ਕੀਤਾ ਹੈ ਆਪ ਨੇ ਓਨਾਂ ਦੇ ਸਾਰੇ ਪਾਪ ਕੱਟ ਦਿਤੇ ਹਨ ॥

ਛਤ੍ਰੁ ਸਿੰਘਾਸਨੁ ਪਿਰਥਮੀ
ਗੁਰ ਅਰਜੁਨ ਕਉ ਦੇ ਆਇਅਉ ॥੨॥ ੨੧॥ ੯॥
੧੧॥ ੧੦॥ ੧੦॥ ੨੨॥ ੬੦॥ ੧੨੨॥

(ਇੰਦ੍ਰ ਆਦਿਕ ਦੇਵਤੇ ਆਖਦੇ ਹਨ):-

ਹੇ ਗੁਰੂ ਰਾਮਦਾਸ ਜੀ ਗੁਰ ਪੁਰੀ ਨੂੰ ਔਣ ਲੱਗੇ ਉਸ ਧਰਤੀ ਉਤੇ ਛਤ੍ਰ ਸਿੰਘਾਸਣ ਤੁਸੀ ਗੁਰੂ ਅਰਜਨ ਜੀ ਨੂੰ ਦੇ ਆਏ ਹੋ ॥੨॥੨੧॥

ਇਤਿ ਸ੍ਰੀ ਭਗਤ ਬਾਣੀ, ਸਲੋਕ ਸਹਸਕ੍ਰਿਤ, ਗਾਥਾ ਮਃ ੫
ਫੁਨਹੇ, ਚਉਬੋਲੇ, ਸਵੱਯੇ ਪੰਜਵੀਂ ਪਾਤਸ਼ਾਹੀ ਤਥਾ
੧-੨-੩-੪-੫ ਪਾਤਸ਼ਾਹੀਆਂ ਦੇ ਅਰਥਾਤ
ਭੱਟਾਂ ਦੇ, ਸਟੀਕ ਕ੍ਰਿਤ ਭਾਈ
ਬਿਸ਼ਨ ਸਿੰਘ ਗਜਾਨੀ
॥ ਸਮਾਪਤੰ ॥

ਟੀਕਾਕਾਰ-
ਬਿਸ਼ਨ ਸਿੰਘ ਗਜਾਨੀ
ਪਿੰਡ ਲਖੂਵਾਲ ਤਸੀਲ ਅਜਨਾਲਾ
ਸ੍ਰੀ ਅਮ੍ਰਿਤਸਰ ਜੀ

ਪਾਠਕ ਜੀ-ਇਸ ਭਗਤ ਬਾਣੀ ਸਟੀਕ ਦਾ ਤਤਕਰਾ ੪੦ ਸਫੇ ਤਕ ਦੋ ਦੋ ਅੰਗ ਵਾਧੂ ਲਗ ਗਏ ਹਨ। ਸੋ ਜੇਹੜਾ ਸ਼ਬਦ ਤੁਸਾਂ ੪੦ ਸਫੇ ਤੋਂ ਲੱਭਣਾ ਹੈ ਉਸਨੂੰ ੩੮ ਸਫੇ ਤੋਂ ਲਭੋ ਇਕੱਰ ਹੀ ਬਾਕੀ ਸਮਝੋ। ਬਾਕੀ ਸਫ਼ੇ ਤੋਂ ਅਗੇ ਅੰਕ ਠੀਕ ਹਨ। ਟੀਕਾਕਰ-

# ਸ੍ਰੀ ਗੁਰੂ ਗਰੰਥ ਸਾਹਿਬ ਜੀ ਸਟੀਕ

## ਅੱਠਾਂ ਜਿਲਦਾਂ ਵਿਚ ਮੋਖ ੩੨) ਡਾਕ ਖਰਚ ੮) ਵੱਖ !

ਭਾਵਾਰਥ ਸਹਿਤ ਦੋ ਤਤਕਰਿਆਂ ਵਾਲਾ ਪੰਜਾਬੀ ਟੀਕਾ

## ਚਾਰ ਜਿਲਦਾਂ ਛਪ ਗਈਆਂ ਹਨ !

ਪਹਿਲੀ ਜਪ ਤੋਂ ਮਾਝ ਤਕ ੭੨੪ ਪੰਨੇ ਭੂਮਕਾ ਤਤਕਰਾ ਵੱਖ।
ਦੂਸਰੀ ਸੰਪੂਰਣ ਗੌੜੀ ਰਾਗ ੮੨੩ ਪੰਨੇ ,, ,, ,,
ਤੀਸਰੀ ਆਸਾ ਗੂਜਰੀ ਦੇਵਗੰਧਾਰੀਰਾਗ ੮੦੬ ਪੰਨੇ ,, ,, ,,
ਅੱਠਵੀਂ ਕਾਨੜਾ ਤੋਂ ਰਾਗ ਮਾਲਾ ਤਕ ੫੮੩ ਪੰਨੇ ,, ,, ,,

ਇਸ ਟੀਕੇ ਦੀ ਪ੍ਰਸੰਸਾ ਬੜੇ ਬੜੇ ਵਿਦਵਾਨਾਂ ਸਰਦਾਰ ਕਾਹਨ ਸਿੰਘ ਜੀ, ਪ੍ਰੋਫ਼ੈਸਰ ਤੇਜਾ ਸਿੰਘ ਜੀ ਖਾਲਸਾ ਕਾਲਜ ਵਰਗਿਆਂ ਨੇ ਕੀਤੀ ਹੈ ਕਿ ਇਹ ਟੀਕਾ ਹਰ ਇਕ ਸਿਖ ਪਾਸ ਹੋਣਾ ਚਾਹੀਦਾ ਹੈ, ਕੋਈ ਸਿਖ ਘਰ ਇਸਤੋਂ ਖਾਲੀ ਨਹੀਂ ਰਹਿਣਾ ਚਾਹੀਦਾ। ਧਰਮਸਾਲਾ, ਲਾਇਬਰੇਰੀਆਂ, ਸਿਖ ਸਕੂਲਾਂ ਕਾਲਜਾਂ ਵਿਚ ਇਸਦਾ ਹੋਣਾ ਅਤੀ ਜ਼ਰੂਰੀ ਹੈ। ਜੇਹੜੇ ਸਜਣ ੪੦) ਚਾਲੀ ਰੁਪਏ ਘੱਲ ਦੇਣਗੇ ਓਹਨਾਂ ਨੂੰ ਸਾਰਾ ਟੀਕਾ ਇਸ ਮੋਖ ਤੇ ਮਿਲ ਜਾਵੇਗਾ। ਸੋ ਜਿਤਨੀ ਛੇਤੀ ਹੋ ਸਕਦਾ ਹੈ ਟੀਕੇ ਦੇ ਪਕੇ ਗਾਹਕਾਂ ਵਿਚ ਨਾਮ ਲਿਖਾਓ ਤੇ ਜੋ ਸੈਂਚੀਆਂ ਤਿਆਰ ਹਨ ਮੰਗਵਾ ਲਵੋ, ਬਾਕੀ ਵੀ ਛੇਤੀ ਨਾਲ ਪੁਜ ਜਾਣਗੀਆਂ। ਪੁਛ ਗਿਛ ਵਾਸਤੇ ਜਵਾਬੀ ਖਤ ਲਿਖਣਾ।

ਨੋਟ—ਗੌੜੀ, ਆਸਾ, ਗੂਜਰੀ, ਦੇਵਗੰਧਾਰੀ ਰਾਗ ਦੀ ਜਿਲਦ ਬਹੁਤ ਭਾਰੀ ਹੋ ਗਈ ਹੈ, ਇਸ ਲਈ ਡਾਕ ਖਰਚ ।।।=) ਤੇ =) ਪੈਕਿੰਗ ਦਾ ਖਰਚ ਹੋ ਗਿਆ ਹੈ, ਪ੍ਰੇਮੀ ਕੋਈ ਸੰਸਾ ਨਾ ਕਰਨ।

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਸਟੀਕ ਦੇ ਮਿਲਨ ਦਾ ਪਤਾ:—

## ਬਿਸ਼ਨ ਸਿੰਘ ਗਿਆਨੀ

ਖਾਲਸਾ ਕਾਲਜ (ਡਾਕਖਾਨਾ), ਅੰਮ੍ਰਿਤਸਰ (ਪੰਜਾਬ)

ਟੀਕੇ ਵਾਲੀਆਂ ਬੀੜਾਂ ਮਿਲਨ ਦਾ ਦੂਸਰਾ ਪਤਾ:—ਭਾਈ ਪ੍ਰਤਾਪ ਸਿੰਘ ਸੁੰਦਰ ਸਿੰਘ ਪੁਸਤਕਾਂ ਵਾਲੇ ਬਜ਼ਾਰ ਮਾਈ ਸੇਵਾਂ, ਅੰਮ੍ਰਿਤਸਰ

# ਪੁਸਤਕਾਂ ਦੀ ਪ੍ਰਸਿਧ

ਤੇ


# ਪੁਰਾਨੀ ਦੁਕਾਨ

ਸ੍ਰੀ ਅੰਮ੍ਰਿਤਸਰ ਜੀ ਵਿਚ ਸਾਡੀ ਦੁਕਾਨ ੨੫ ਸਾਲਾਂ ਤੋਂ ਬੜੀ ਸਚਾਈ ਨਾਲ ਕੰਮ ਕਰ ਰਹੀ ਹੈ। ਵਾਹਿਗੁਰੂ ਦੀ ਕ੍ਰਿਪਾਲਤਾ ਨਾਲ ਕੁਲ ਟਾਪੂਆਂ ਬ੍ਰਹਮਾ, ਚੀਨ, ਆਸਾਮ, ਮਲਾਇਆ ਸਟੇਟਸ ਕੁਆਲਾ ਪੁਰ ਲੰਪਰ, ਸਿੰਘਾਪੁਰ, ਪੀਨਾਂਗ, ਬਗਦਾਦ, ਬਸਰਾ, ਅਮਰੀਕਾ, ਲੰਕਾ, ਅਫਰੀਕਾ, ਲੰਡਨ ਫਰਾਂਸ ਆਦਿਕ, ਹਿੰਦੁਸਤਾਨ ਤੇ ਪੰਜਾਬ ਦੇ ਕੁਲ ਸ਼ਹਿਰਾਂ ਪਿੰਡਾਂ ਵਿਚ ਸਾਥੋਂ ਸਜਣ ਪੁਰਸ਼ ਪਾਰਸਲ ਮੰਗਵਾਉਂਦੇ ਹਨ, ਜੇਕਰ ਤੁਸੀ ਵੀ ਦੂਰ ਦੇਸ਼ਾਂਤਰਾਂ ਵਿਚ ਸਚੇ ਵਿਵਹਾਰੀ ਦੀ ਤਲਾਸ਼ ਕਰਦੇ ਕਰਦੇ ਅਨੇਕਾਂ ਨੁਕਸਾਨ ਉਠਾ ਚੁਕੇ ਹੋ, ਤਾਂ ਆਓ ਤੇ ਸਾਡੇ ਵਿਹਾਰ ਤੇ ਸਚਾਈ ਦੇ ਅਸੂਲਾਂ ਤੋਂ ਲਾਭ ਉਠਾਓ ਅਤੇ ਹੋਰ ਪਰੇਮੀਆਂ ਨੂੰ ਵੀ ਖਬਰ ਕਰ ਦਿਓ ਜਦ ਕਦੀ ਆਪਨੂੰ ਕਿਸੇ ਪੁਸਤਕ, ਧਾਰਮਕ ਗ੍ਰੰਥ, ਗੁਰਬਾਣੀ ਦੇ ਗੁਟਕੇ, ਕੰਘੇ, ਕੜੇ, ਕ੍ਰਿਪਾਨਾਂ, ਚੱਕ੍ਰ, ਮਾਲਾ, ਮੁਨਿਆਰੀ, ਸਟੇਸ਼ਨਰੀ, ਨਾਲੇ ਰੇਸ਼ਮੀ ਸੂਤੀ, ਸਾਬਨ ਦੇਸੀ ਅੰਗਰੇਜ਼ੀ, ਬਰਤਨ, ਪਾਪੜ ਵੜੀਆਂ, ਗੁਛੀਆਂ, ਕਪੜਾ ਰੇਸ਼ਮੀ ਸੂਤੀ, ਜੁਰਾਬਾਂ, ਕੈਮਰੇ, ਬੈਟਰੀਆਂ, ਐਨਕਾਂ, ਗੁਲੂ ਬੰਦ, ਕਾਰੀਗਰੀ ਦੇ ਸੰਦ, ਪਸਾਰੀ ਦੀਆਂ ਚੀਜ਼ਾਂ, ਹਾਥੀ ਦੰਦ ਦੇ ਖਡੌਣੇ ਤੇ ਸਾਮਾਨ ਕ੍ਰਿਪਾਨਾਂ ਗਾਤਰੇ, ਘੜੀਆਂ ਕਲਾਕ, ਹਾਰਮੋਨੀਅਮ ਵਾਜੇ, ਗਰਾਮੋਫੋਨ ਵਾਜੇ ਲੋਈਆਂ ਧੁਸੇ, **ਨਰੂਲਾ ਦਵਾ ਘਰ** ਦੀਆਂ ਸਭ ਦਵਾਈਆਂ ਆਦਿ ਮੂਲ ਕੀ ਹਰ ਇਕ ਚੀਜ਼ ਗਾਹਕ ਦੀ ਮਰਜ਼ੀ ਅਨੁਸਾਰ ਭੇਜ ਸਕਦੇ ਹਾਂ, ਆਪ ਚਿਠੀ ਭੇਜਕੇ ਵੀ. ਪੀ. ਦੀ ਰਾਹੀਂ ਯਾ ਪੇਸ਼ਗੀ ਭੇਜਕੇ ਮੰਗਵਾ ਸਕਦੇ ਹੋ ਇਕ ਵਾਰ ਜ਼ਰੂਰ ਅਜ਼ਮਾਓ। 'ਮੋਤੀਆਂ ਦਾ ਖਜ਼ਾਨਾ' ਇਕ ਆਨੇ ਦੀ ਟਿਕਟ ਭੇਜਕੇ ਮੁਫਤ ਮੰਗਾਓ।

ਮੰਗਾਉਣ ਦਾ ਪਤਾ:-

## ਭਾਈ ਪ੍ਰਤਾਪ ਸਿੰਘ ਸੁੰਦਰ ਸਿੰਘ

ਮਾਲਕ ਗੁਰਮਤ ਨੇਸ਼ਨਲ ਏਜੰਸੀ ਬਜ਼ਾਰ ਮਾਈ ਸੇਵਾਂ ਅੰਮ੍ਰਿਤਸਰ




ਕੇ: ਟੈ: ਹਰੀ ਪ੍ਰੈਸ ਅਮ੍ਰਿਤਸਰ ਵਿਚ ਪ੍ਰੋਪ੍ਰਾਈਟਰ ਸ੍ਰ: ਹਰਨਾਮ ਸਿੰਘ
ਮੈਨੇਜਰ ਤੇ ਪ੍ਰਿੰਟਰ ਦੇ ਯਤਨ ਨਾਲ ਛਪੀ ॥

# ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚੋਂ

# ਨਾਮ [illegible] ਨਾਮ ਜਪਣ [illegible]

ਸਿਖ ਧਰਮ ਨਾਮ ਜਪਣ ਵਾਸਤੇ ਹੀ ਸਾਜਿਆ ਗਿਆ ਸੀ ਤੇ ਜਦ ਤਕ ਸਿਖਾਂ ਵਿਚ ਨਾਮ ਜਪਣ ਦਾ ਚਾਉ ਰਿਹਾ ਤਦ ਤਕ ਇਹ ਧਰਮ ਕੌੜੀ ਵੇਲ ਵਾਂਗ ਵਧਦਾ ਹੀ ਗਿਆ। ਪਰ ਹੁਣ ਨਾਮ ਦੇ ਰਸੀਏ ਹੌਲੀ ੨ ਅਲੋਪ ਹੋ ਰਹੇ ਹਨ ਤੇ ਸਿਖ ਸੰਗਤਾਂ ਨੂੰ ਵੀ ਐਸੇ ਗੁਰ-ਮੁਖ ਪਿਆਰੇ ਗੁਰਭਾਈ ਮਿਲਨੇ ਕਠਨ ਹੋ ਰਹੇ ਹਨ ਜੋ ਉਨ੍ਹਾਂ ਨੂੰ "ਗੁਰਮੁਖ ਗਾਡੀ ਰਾਹ ਚਲਾਇ" ਕਥਨ ਅਨੁਸਾਰ ਨਾਮ ਰੰਗ ਵਿਚ ਰੰਗ ਕੇ ਜੀਵਨ ਮੁਕਤ ਕਰ ਸਕਣ। ਇਸ ਘਾਟੇ ਕਰਕੇ ਹਜ਼ਾਰਾਂ ਦੀ ਗਿਣਤੀ ਵਿਚ ਉਹ ਸੱਜਨ ਜਿਨ੍ਹਾਂ ਨੂੰ ਨਾਮ ਦਾ ਰਸ ਚੱਖਣ ਦੀ ਖਾਹਸ਼ ਤਾਂ ਹੈ ਪਰ ਅੰਜਾਣ ਹੋਣ ਕਰਕੇ ਆਪਣੇ ਆਪ ਕੋਈ ਰਸਤਾ ਨਹੀਂ ਲੱਭ ਸਕਦੇ, ਅਭੋਲ ਹੀ 'ਰਾਧਾ ਸੁਆਮੀ ਮਤ' ਆਦਿਕ ਧਰਮਾਂ ਵਿਚ ਜਾ ਫਸਦੇ ਹਨ ਤੇ ਇੰਜ ਲਾਭ ਖੱਟਨ ਦੀ ਥਾਂ ਸਗੋਂ ਨੁਕਸਾਨ ਕਰ ਬੈਂਹਦੇ ਹਨ। ਇਸ ਨੁਕਸਾਨ ਨੂੰ ਅਨਭਵ ਕਰਕੇ ਅਸਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚੋਂ ਸੰਗਲੀ ਵਾਰ ਸਿਰਫ ਗੁਰਬਾਣੀ ਦੀਆਂ ਤੁਕਾਂ ਦੇ ਪ੍ਰਮਾਣਾ ਨਾਲ ਸਿਧ ਕੀਤਾ ਹੈ ਕੇ ਨਾਮ ਕੀ ਵਸਤੂ ਹੈ, ਗੁਰੂ ਕੀ ਹੈ, ਗੁਰੂ ਮੂਰਤ ਅਤੇ ਸ਼ਬਦ ਵਿਚ ਕੀ ਭੇਦ ਹੈ, ਨਾਮ ਕਿਸਤਰਾਂ ਪ੍ਰਾਪਤ ਹੁੰਦਾ ਹੈ ਅਤੇ ਇਸਦੇ ਜਪਨ ਦੇ ਤ੍ਰੀਕੇ ਕੀ ਹਨ। ਇਸ ਪੁਸਤਕ ਨੂੰ ਪੜ੍ਹਕੇ ਕਈ ਮਸ਼ਹੂਰ ੨ ਸੱਜਨਾਂ ਨੇ ਬੜੀ ਸ਼ਲਾਘਾ ਕੀਤੀ ਹੈ। ਇਹ ਪੁਸਤਕ ਅੱਵਲ ਤਾਂ ਹਰ ਇਕ ਗੁਰਮੁਖੀ ਪੜ੍ਹੇ ਲਿਖੇ ਸੱਜਨ ਕੋਲ ਹੋਣੀ ਜ਼ਰੂਰੀ ਹ ਪਰ ਹਰ ਇਕ ਸਿੱਖ ਦਾ ਤਾਂ ਜ਼ਰੂਰੀ ਫਰਜ਼ ਹੈ ਕਿ ਇਹ ਪੁਸਤਕ ਪੜ੍ਹਕੇ ਵੇਖੇ, ਕੇ ਗੁਰਸਿਖੀ ਵਿਚ ਕੀ ਕੀ ਖਜਾਨੇ ਭਰੇ ਪਏ ਹਨ ਜਿਨ੍ਹਾਂ ਨੂੰ ਅਸੀਂ ਅਨਭੋਲ ਹੀ ਗਵਾ ਰਹੇ ਹਾਂ। ਭੇਟਾ ਸਿਰਫ ।।।)

ਇਸ ਪੁਸਤਕ ਦੇ ਕਰਤਾ ਦੀ ਦੂਜੀ ਰਚਨਾ "ਸਿਖ ਇਤਹਾਸ ਕਿੰਵੇ ਨਸ਼ਟ ਹੋਇਆ, ਵੇਖਣਯੋਗ ਹੈ ਉਸਦੀ ਭੇਟਾ ।=) ਛੀ ਆਨੇ ਹੈ

ਭਾਈ ਪ੍ਰਤਾਪ ਸਿੰਘ ਸੁੰਦਰ ਸਿੰਘ ਪੁਸਤਕਾਂ [illegible]